ਪੰਜ-ਨਾਵੇਂ ਨਿਰਾਲੀ

(ਕੁਝ ਕਿਆਸ)

ਪ੍ਰੀਤ ਕਿਰਨ ਭੁੱਟੀ

ਪੁਲ
www.PunjabiLibrary.com

ਕਿਸਮਤ ਅਦੁੱਤੀ ਐਸੀ ਇੱਕ ਸ਼ੈਅ ਮੀਆਂ,

ਰੱਬ ਬਾਜੋਂ ਇਸਦਾ ਹੱਲ ਨਹੀਂ ਕੋਈ,

ਮਿਹਨਤ, ਸਬਰ ਤੇ ਬਿਨਾਂ ਸਿਦਕ ਦੇ,

ਜ਼ਿੰਦਗੀ ਬਦਲਣ ਦਾ ਵੱਲ ਨਹੀਂ ਕੋਈ,

ਸਭ ਕਿੱਸੇ ਕਹਾਣੀਆਂ ਆਪੇ ਬਣ ਜਾਵਣ,

ਚਾਹ ਕੇ ਬਣਾਉਣਾ, ਛੱਲ ਨਹੀਂ ਕੋਈ,

ਸਿੱਧੀ ਟੇਕ ਇੱਕ ਰਾਹ ਤੁਰੀ ਚੱਲੇ,

ਬੇ-ਮੋੜ ਜ਼ਿੰਦਗੀ ਦਾ ਕੱਲ ਨਹੀਂ ਕੋਈ...

ਤਤਕਰਾ

ਕੁਝ ਸ਼ਬਦ 05

ਕਿਤਾਬ ਬਾਰੇ 09

ਕਹਾਣੀਆਂ:-

1. ਇੱਕ ਤਰਫ਼ਾ ਪਿਆਰ 12
2. ਖ਼ੂਨੀ ਕਮੀਜ਼
   - ਭਾਗ ਪਹਿਲਾ 33
   - ਭਾਗ ਦੂਜਾ 49
   - ਭਾਗ ਤੀਜਾ 75
3. ਨੀਲਮ (ਇੱਕ ਅਣਮੁੱਲਾ ਹੀਰਾ) 103
4. ਮੁੱਲ 12 ਹਜਾਰ
   - ਭਾਗ ਪਹਿਲਾ 124
   - ਭਾਗ ਦੂਜਾ 172
   - ਭਾਗ ਤੀਜਾ 227
5. ਕਾਲਾ ਗੁਲਾਬ 288
6. ਉੱਲੂ 321

7. ਰੂਹੀ ਪੀੜਾ

ਭਾਗ ਪਹਿਲਾ 332

ਭਾਗ ਦੂਜਾ 350

8. ਬਲਬ

ਭਾਗ ਪਹਿਲਾ 376

ਭਾਗ ਦੂਜਾ 396

ਭਾਗ ਤੀਜਾ 405

9. ਅੰਤਿਮ ਸ੍ਰੇਣੀ 428

10. ਚੰਦਨ ਕਾ ਬਿਰਵਾ 449

11. ਪ੍ਰੇਮ ਵਿਆਹ 489

12. ਸਾਂਵਲੀ ਕੁੜੀ 513

13. ਰੱਖੜੀ 522

14. ਦੂਧੀਆ ਸਰੀਰ ਕਾਲੀਆਂ ਝਰੀਟਾਂ 535

15. ਜਨਮਦਿਨ 572

16. ਮੁਖਤਿਆਰ ਕੌਰ 590

17. ਲੰਗੂਰ ਹੱਥ ਅੰਗੂਰ 613

18. ਲਿਖ ਤੁਮ ਗੁਰਿੰਦਰ ਸਿੰਘ 648

ਸੰਪਰਕ 685

ਕੁਝ ਸ਼ਬਦ

ਜਦ ਵੀ ਕਦੇ ਇਨਸਾਨੀਅਤ ਭਾਵ ਦੀ ਗੱਲ ਹੋਵੇ ਤਾਂ ਹਰ ਮਨੁੱਖ ਆਪਣੇ ਆਪ ਨੂੰ ਇਨਸਾਨ ਸਾਬਿਤ ਕਰਨ ਦੇ ਦਾਅਵੇ ਕਰਦਾ ਹੈ। ਜਿਵੇਂ ਅੱਜ ਦੇ ਦੌਰ ਵਿੱਚ ਅਸੀਂ ਆਮ ਹੀ ਦੇਖਦੇ ਹਾਂ ਕਿ ਅਗਰ ਕਿਸੇ ਗਰੀਬ ਦਾ ਬੱਚਾ ਸੜਕ ਦੇ ਕਿਨਾਰੇ ਜਾਂ ਫਿਰ ਕਿਸੇ ਐਸੀ ਜਗ੍ਹਾ ਸੁੱਤਾ ਪਿਆ ਹੈ ਜਿੱਥੇ ਅਰਾਮ ਕਰਨ ਦੀ ਕੋਈ ਸੁੱਖ ਸੁਵਿਧਾ ਮੌਜੂਦ ਨਹੀਂ। ਇਨਸਾਨੀਅਤ ਦੇ ਭਾਵ ਦਾ ਦਿਖਾਵਾ ਕਰਨ ਵਾਲੇ ਉਸ ਬੱਚੇ ਦੀਆਂ ਫੋਟੋਵਾਂ ਖਿੱਚ, ਉਸ ਦੀ ਹਾਲਤ ਦੇ ਆਪਣੇ ਅਨਮੋਲ ਤੇ ਬੇ-ਤੁਕੇ ਵਿਚਾਰ ਲਿਖ ਲੋਕਾਂ ਨਾਲ ਸਾਂਝਾ ਜਰੂਰ ਕਰਦੇ ਹਨ ਪਰ ਕੋਈ ਉਸ ਬੱਚੇ ਨੂੰ ਉਸ ਜਗ੍ਹਾ ਤੋਂ ਉਠਾ ਕਿਸੇ ਆਰਾਮਦਾਇਕ ਜਗ੍ਹਾ ਸਵਾਉਣ ਦੀ ਖੇਚਲ ਨਹੀਂ ਕਰਦਾ। ਇਹੋ ਜਿਹੀਆਂ ਅਣਗਿਣਤ ਉਦਾਹਰਣਾਂ ਮਿਲ ਜਾਣਗੀਆਂ ਜਿਸ ਵਿੱਚ ਤਰਸ ਦੇ ਸਿਵਾਏ ਕੁਝ ਦਿਖਾਈ ਨਹੀਂ ਦੇਵੇਗਾ। ਕਿੰਨੀ ਸ਼ਰਮ ਦੀ ਗੱਲ ਹੈ ਕਿ ਸਾਡੇ ਅੰਦਰ ਇਨਸਾਨੀ ਭਾਵ ਆਉਣ ਤੋਂ ਪਹਿਲਾਂ ਆਪਣੇ ਇਨਸਾਨੀ ਭਾਵ ਦੇ ਦਿਖਾਵੇ ਨੂੰ ਮਸ਼ਹੂਰ ਕਰਨ ਦੀ ਸੋਚ ਪਹਿਲਾਂ ਉਭਰ ਆਉਂਦੀ ਹੈ। ਕੀ ਇਨਸਾਨੀ ਭਾਵ ਦਾ ਦਿਖਾਵਾ ਕਰਨਾ ਹੀ ਇਨਸਾਨੀਅਤ ਹੈ? ਸਾਨੂੰ ਇਸ ਬਾਰੇ ਸੋਚਣ ਦੀ ਲੋੜ ਹੈ!

ਮੈਂ ਆਮ ਹੀ ਦੇਖਿਆ ਹੈ ਕਿ ਮਨੁੱਖ ਦਾ ਸੁਭਾਅ ਹੈ, ਖੁਦ ਕਿਸੇ ਚੀਜ਼ ਤੇ ਅਮਲ ਕੀਤੇ ਬਗੈਰ ਉਸ ਬਾਰੇ ਦੂਸਰਿਆਂ ਨੂੰ ਗਿਆਨ ਦੇਣਾ ਯੋਗ ਸਮਝਦਾ ਹੈ। ਕਿਸੇ ਨੂੰ ਸਮਝਾਉਣਾ ਆਸਾਨ ਹੈ ਪਰ ਖੁਦ ਉਹਨਾਂ ਵਿਚਾਰਾਂ ਨੂੰ ਆਪਣੇ ਆਪ ਤੇ ਲਾਗੂ ਕਰਨਾ ਬੇਹੱਦ ਕਠਿਨ। ਜਿਵੇਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੇ ਪ੍ਰਵਚਨ ਦੇਣ ਵਾਲੇ ਹੀ ਕਾਫੀ ਹੱਦ ਤੱਕ ਉਸਦਾ ਸ਼ਿਕਾਰ ਹੁੰਦੇ ਹਨ ਜਾਂ ਫਿਰ ਸ਼ਿਕਾਰ ਰਹਿ ਚੁੱਕੇ ਹੋਣਗੇ। ਉਦਾਹਰਣ ਦੇ ਤੌਰ ਆਪਣੇ ਆਪ ਨੂੰ ਕੁਦਰਤ ਦਾ ਪ੍ਰੇਮੀ ਕਹਿਣ ਵਾਲਾ ਮਾਸ ਖਾਣ ਦਾ ਸ਼ੌਕੀਨ ਹੋਵੇਗਾ ਜਾਂ ਫਿਰ ਉਸਨੂੰ ਸ਼ਿਕਾਰ ਕਰਨਾ ਬੇਹੱਦ ਪਸੰਦ ਹੋਵੇਗਾ। ਅਗਰ ਸਚਮੁੱਚ ਹੀ ਕੁਦਰਤ ਨਾਲ ਪਿਆਰ ਹੈ ਤਾਂ ਫਿਰ ਜੀਵ ਹੱਤਿਆ ਕਿਉਂ? ਕੀ ਇਸ ਬਾਰੇ ਸੋਚਣ ਦੀ ਲੋੜ ਨਹੀਂ! ਕੀ ਹੋਰਾਂ ਨੂੰ ਇਨਸਾਨੀਅਤ ਦਾ ਭਾਵ ਸਿਖਾਉਣ ਤੋਂ ਪਹਿਲਾਂ ਖੁਦ ਇਨਸਾਨ ਹੋਣਾ ਲਾਜ਼ਮੀ ਨਹੀਂ!

ਅਸਲ ਵਿੱਚ ਇਨਸਾਨ ਇਨਸਾਨੀਅਤ ਦੀ ਭਾਵਨਾ ਤਾਂ ਰੱਖਣਾ ਚਾਹੁੰਦਾ ਹੈ ਪਰ ਖੁਦ ਉਸਦਾ ਹਿੱਸਾ ਹੋਣ ਦਾ ਕਸ਼ਟ ਨਹੀਂ

ਕਰਦਾ। ਕਿਉਂ? ਸਵਾਲ ਗੰਭੀਰ ਹੈ। ਇਹ ਸਵਾਲ ਆਪਣੇ ਆਪ ਤੋਂ ਪੁੱਛਣ ਦੀ ਲੋੜ ਹੈ ਨਾ ਕਿ ਹੋਰਾਂ ਤੋਂ। ਕਿਉਂਕਿ ਅਸੀਂ ਖੁਦ ਨੂੰ ਪੁੱਛਣਾ ਹੈ ਕਿ ਅਗਰ ਕਿਸੇ ਇਨਸਾਨ ਨਾਲ ਕੋਈ ਹਾਦਸਾ ਜਾਂ ਦੁਰਘਟਨਾ ਹੋਈ ਹੈ ਤਾਂ ਅਸੀਂ ਪਹਿਲਾਂ ਉਸ ਦੀ ਵੀਡੀਓ ਬਣਾਉਣ ਜਾਂ ਫੋਟਵਾਂ ਖਿੱਚਣ ਬਾਰੇ ਸੋਚਾਂਗੇ ਜਾਂ ਫਿਰ ਉਸ ਨੂੰ ਮੁੱਢਲੀ ਸਹਾਇਤਾ ਦੇਣ ਬਾਰੇ! ਜਦੋਂ ਅਸੀਂ ਇਸ ਸਵਾਲ ਦੇ ਠੀਕ ਜੁਆਬ ਆਪਣੇ ਤੋਂ ਹਾਸਿਲ ਕਰ ਲਵਾਂਗੇ ਤਾਂ ਅਸੀਂ ਖੁਦ ਬਾਰੇ ਜਾਣ ਪਾਵਾਂਗੇ ਕਿ ਅਸੀਂ ਇਨਸਾਨੀਅਤ ਦੀ ਭਾਵਨਾ ਰੱਖਦੇ ਹਾਂ ਜਾਂ ਨਹੀਂ। ਅਗਰ ਹਾਂ ਤਾਂ ਕੀ ਤੁਸੀਂ ਉਸਦਾ ਹਿੱਸਾ ਹੋਣ ਲਈ ਵੀ ਤਿਆਰ ਹੋ ਜਾਂ ਸਿਰਫ ਭਾਵਨਾ ਰੱਖਣ ਤੱਕ ਹੀ ਸੀਮਤ ਹੋ? ਖੁਦ ਨੂੰ ਸਵਾਲ ਕਰੋਗੇ ਤਾਂ ਜੁਆਬ ਮਿਲ ਜਾਣਗੇ।

ਅੱਜ-ਕੱਲ ਸਿਰਫ ਦਿਖਾਵੇ ਦਾ ਦੌਰ ਹੈ। ਸਿਰਫ ਪ੍ਰਦਸ਼ਨੀ ਕਰਨਾ। ਕੀ ਇਸਦੀ ਲੋੜ ਹੈ? ਅਗਰ ਅਸੀਂ ਮੰਤਰੀ ਹਾਂ ਜਾਂ ਕੋਈ ਮਸ਼ਹੂਰ ਕਲਾਕਾਰ ਜਾਂ ਖਬਰਾਂ ਸੁਣਾਉਣ ਵਾਲੇ ਕਿਸੇ ਚੈਨਲ ਦੇ ਪੱਤਰਕਾਰ ਜਾਂ ਕਿਸੇ ਵੱਡੀ ਕੰਪਨੀ ਦੇ ਸੰਪਾਦਕ ਤਾਂ ਅਸੀਂ ਦਿਖਾਵਾ ਕਰ ਸਕਦੇ ਹਾਂ। ਕਿਉਂਕਿ ਮੇਰੇ ਅਨੁਸਾਰ ਸਿਰਫ ਇਹੀ ਹਨ ਜੋ

ਦਿਖਾਵੇ ਕਰ ਆਪਣੀ ਰੋਜ਼ੀ ਰੋਟੀ ਚਲਾਉਂਦੇ ਹਨ। ਹੋ ਸਕਦਾ ਹੋਰ ਵੀ ਇਹੋ ਜਿਹੇ ਹੋਣ ਜਿੰਨਾਂ ਦਾ ਜ਼ਿਕਰ ਮੈਂ ਨਾ ਕੀਤਾ ਹੋਵੇ ਪਰ ਇੱਕ ਆਮ ਇਨਸਾਨ ਨੂੰ ਇਨਸਾਨੀਅਤ ਦੀ ਭਾਵਨਾ ਦਾ ਦਿਖਾਵਾ ਕਰਨ ਦੀ ਲੋੜ ਨਹੀਂ ਜਾਪਦੀ। ਇਹਨਾਂ ਨੂੰ ਮਸ਼ਹੂਰੀ ਦੀ ਕੁਝ ਜਿਆਦਾ ਹੀ ਲੋੜ ਹੁੰਦੀ ਹੈ। ਪਰ ਇਨਸਾਨੀਅਤ ਦੀ ਭਾਵਨਾ ਕਿਸ ਹੱਦ ਤੱਕ ਹੈ ਇਸ ਬਾਰੇ ਕੋਈ ਖਾਸ ਟਿੱਪਣੀ ਨਹੀਂ ਕੀਤੀ ਜਾ ਸਕਦੀ। ਇਨਸਾਨੀਅਤ ਦੀ ਭਾਵਨਾ ਰੱਖਣ ਵਾਲੇ ਦਿਖਾਵੇ ਨਹੀਂ ਕਰਦੇ। ਉਹਨਾਂ ਨੂੰ ਮਸ਼ਹੂਰੀਆਂ ਦੀ ਲੋੜ ਨਹੀਂ ਹੁੰਦੀ। ਕੀ ਅਸੀਂ ਵੀ ਸਿਰਫ ਆਪਣੀਆਂ ਮਸ਼ਹੂਰੀਆਂ 'ਚ ਵਾਧਾ ਕਰ ਰਹੇ ਹਾਂ ਜਾਂ ਇਨਸਾਨੀਅਤ ਦੇ ਭਾਵ ਵੱਲ ਕਦਮ ਵਧਾ ਰਹੇ ਹਾਂ! ਖੁਦ ਤੋਂ ਸਵਾਲ ਕਰਨ ਦੀ ਲੋੜ ਹੈ।

ਮਾਲਕ ਨੇ ਸਾਡੇ ਅੰਦਰ ਵਿਵੇਕ ਦੀ ਤਾਕਤ ਭਰੀ ਹੋਈ ਹੈ ਤਾਂ ਜੋ ਅਸੀਂ ਚੀਜਾਂ ਨੂੰ ਸਮਝ ਸਕੀਏ। ਜਾਨਵਰਾਂ ਅੰਦਰ ਵਿਵੇਕ ਦੀ ਤਾਕਤ ਨਹੀਂ ਹੁੰਦੀ ਏਸੇ ਕਰਕੇ ਉਹ ਜਾਨਵਰ ਹਨ। ਸਾਡੇ ਅੰਦਰ ਹੈ ਏਸੇ ਕਰਕੇ ਅਸੀਂ ਇਨਸਾਨ ਹਾਂ। ਅਸੀਂ ਇਨਸਾਨ ਹਾਂ ਤਾਂ ਸਾਡੇ ਅੰਦਰ ਇਨਸਾਨੀਅਤ ਹੋਣਾ ਵੀ ਲਾਜ਼ਮੀ ਹੈ। ਪਰ ਅਸੀਂ ਉਸ ਨੂੰ

ਦਿਖਾਵਿਆਂ ਦੇ ਘੁੰਡ ਥੱਲੇ ਲੁਕੋਏ ਬੈਠੇ ਹਾਂ। ਲੋੜ ਹੈ ਘੁੰਡ ਚੁੱਕਣ ਦੀ। ਜਦ ਇਹ ਘੁੰਡ ਚੁੱਕਿਆ ਗਿਆ ਤਾਂ ਅਸੀਂ ਅਸਲ ਵਿੱਚ ਇਨਸਾਨ ਬਣ ਜਾਵਾਂਗੇ। ਫਿਰ ਕਿਸੇ ਤੋਂ ਨਾ ਪ੍ਰਵਚਨ ਸੁਣਨ ਦੀ ਲੋੜ ਜਾਪੇਗੀ ਤੇ ਨਾ ਹੀ ਕਿਸੇ ਨੂੰ ਸੁਣਾਉਣ ਦੀ। ਸਵਾਲ ਹੈ ਘੁੰਡ ਚੁੱਕਾਂਗੇ ਕਦੋਂ? ਧੰਨਵਾਦ।

ਪ੍ਰੀਤ ਸਿੰਘ ਭੈਣੀ

ਕਿਤਾਬ ਬਾਰੇ

ਜੋ ਆਪਣੇ ਆਸ ਪਾਸ ਹੁੰਦਾ ਹੈ, ਉਹ ਇੱਕ ਤਸਵੀਰ ਜਾਂ ਫਿਲਮ ਦੀ ਤਰ੍ਹਾਂ ਸਾਡੇ ਮਨ ਤੇ ਛੱਪ ਜਾਂਦਾ ਹੈ। ਅਸੀਂ ਉਸ ਨੂੰ ਭੁੱਲਣ ਦੀ ਕੋਸ਼ਿਸ਼ ਵੀ ਕਰੀਏ ਤਾਂ ਉਹ ਭੁਲਾਇਆ ਨਹੀਂ ਜਾਂਦਾ। ਕਿਉਂ? ਕਿਉਂਕਿ ਉਹ ਕਿਸੇ ਨਾ ਕਿਸੇ ਰੂਪ ਵਿੱਚ ਸਾਨੂੰ ਆਪਣਾ ਬੀਤ ਚੁੱਕਾ ਸਮਾਂ, ਚੱਲ ਰਿਹਾ ਜਾਂ ਫਿਰ ਭਵਿੱਖ ਪ੍ਰਤੀਤ ਹੁੰਦਾ ਹੈ। ਅਸੀਂ ਉਸ ਦਾ ਜਰੂਰ ਹਿੱਸਾ ਰਹਿ ਚੁੱਕੇ ਹੁੰਦੇ ਹਾਂ। ਜਾਂ ਫਿਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਕਥਨ ਅਨੁਸਾਰ ਕਹਿ ਲਵੋ

"ਮੈਂ ਇੱਕ ਇਨਸਾਨ ਹਾਂ ਤੇ ਜੋ ਚੀਜ਼ ਇਨਸਾਨੀਅਤ ਨੂੰ ਪ੍ਰਭਾਵਿਤ ਕਰੇ, ਮੈਨੂੰ ਉਸ ਨਾਲ ਫਰਕ ਪੈਂਦਾ ਹੈ"। ਇਸ ਲਈ ਜੋ ਇਨਸਾਨ ਹੈ ਭਾਵ ਇਨਸਾਨੀਅਤ ਦੀ ਭਾਵਨਾ ਰੱਖਦਾ ਹੈ ਉਸ ਨੂੰ ਹਰ ਚੰਗੇ ਮਾੜੇ ਦ੍ਰਿਸ਼ ਜਾਂ ਘਟਨਾ ਨਾਲ ਫਰਕ ਪੈਂਦਾ ਹੈ। ਮੈਂ ਕੁਝ ਅਜਿਹੇ ਹੀ ਦ੍ਰਿਸ਼ਾਂ ਨੂੰ ਸਾਹਮਣੇ ਰੱਖ ਕੁਝ ਘਟਨਾਵਾਂ ਤੇ ਕਲਪਨਾਵਾਂ ਨੂੰ ਸ਼ਬਦਾਂ ਵਿੱਚ ਲਿਖ ਕਹਾਣੀਆਂ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ।

ਇਹ ਕਿਤਾਬ ਕੁਝ ਐਸੀਆਂ ਹੀ ਕਹਾਣੀਆਂ ਦੇ ਸੁਮੇਲ ਤੋਂ ਹੀ ਬਣੀ ਹੈ। ਇਹਨਾਂ ਕਹਾਣੀਆਂ ਦਾ ਮੁੱਖ ਮਕਸਦ ਇਨਸਾਨ ਦੇ ਜਮੀਰ ਨੂੰ ਸਵਾਲ ਕਰਨਾ ਹੈ। ਇਸ ਵਿਚਲੀਆਂ ਕੁਝ ਕਹਾਣੀਆਂ ਅਸਲ ਘਟਨਾਵਾਂ ਤੇ ਅਧਾਰਿਤ ਹਨ ਤੇ ਕੁਝ ਕਾਲਪਨਿਕ। ਕਾਲਪਨਿਕ ਕਹਿ ਜਰੂਰ ਸਕਦੇ ਹਾਂ ਪਰ ਉਹ ਵੀ ਕਿਸੇ ਨਾ ਕਿਸੇ ਹੱਦ ਤੱਕ ਅਸਲ ਦਾ ਰੂਪ ਹਨ। ਕਿਉਂਕਿ ਇਨਸਾਨ ਦੀ ਕਲਪਨਾ ਵਿੱਚ ਓਹੀ ਆਉਂਦਾ ਹੈ ਜੋ ਕਿਸੇ ਨਾਲ ਹੋ ਚੁੱਕਾ ਹੁੰਦਾ ਹੈ ਜਾਂ ਫਿਰ ਹੋ ਸਕਦਾ ਹੈ। ਇਹ ਸਭ ਕਹਾਣੀਆਂ ਕਿਸੇ ਨਾ ਕਿਸੇ ਰੂਪ ਵਿੱਚ ਅਸਲ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ।

ਇਸ ਵਿਚਲੀਆਂ ਕਹਾਣੀਆਂ ਪਹਿਲਾਂ ਵਧੇਰੇ ਪਾਠਕਾਂ ਨੇ ਪੜੀਆਂ ਹਨ ਜਿੰਨਾਂ ਦੀ ਕਾਫੀ ਪ੍ਰਸ਼ੰਸਾਂ ਹੋਈ। ਪਰ ਸਭ ਕਹਾਣੀਆਂ

ਨੂੰ ਇੱਕੋ ਕਿਤਾਬ ਵਿੱਚੋਂ ਇਕੱਠਿਆਂ ਪੜਨਾ ਤੇ ਉਸ ਤੇ ਗੌਰ ਕਰਨਾ ਸ਼ਾਇਦ ਠੀਕ ਕਦਮ ਹੋਵੇਗਾ। ਏਸੇ ਕਰਕੇ ਮੈਂ ਆਪਣੀਆਂ ਅੱਜ ਤੱਕ ਦੀਆਂ ਸਾਰੀਆਂ ਕਹਾਣੀਆਂ ਨੂੰ ਇੱਕ ਕਿਤਾਬ ਦਾ ਰੂਪ ਦੇਣ ਬਾਰੇ ਸੋਚਿਆ। ਇਹ ਕਹਾਣੀਆਂ ਕੁਝ ਹੱਦ ਤੱਕ ਅਨੰਦਮਈ ਤੇ ਮਨੋਰੰਜਕ ਹੋਣ ਦੇ ਨਾਲ-ਨਾਲ ਸਿੱਖਿਆਵਾਂ ਭਰਪੂਰ ਵੀ ਹਨ। ਹੁਣ ਪਾਠਕ ਇਹਨਾਂ ਨੂੰ ਪੜ ਕੀ ਸੋਚ ਅਪਣਾਉਂਦੇ ਹਨ ਇਹ ਪਾਠਕ ਦੀ ਸੋਚ ਤੇ ਨਿਕਭਰ ਕਰਦਾ ਹੈ। ਉਮੀਦ ਕਰਦਾ ਹਾਂ ਕਿਤਾਬ ਸਭ ਨੂੰ ਪਸੰਦ ਆਵੇਗੀ। ਜਿੰਨਾਂ ਪਹਿਲਾਂ ਕਹਾਣੀਆਂ ਪੜੀਆਂ ਉਹਨਾਂ ਨੂੰ ਵੀ ਤੇ ਜਿੰਨਾਂ ਨੇ ਨਹੀਂ ਪੜੀਆਂ ਉਹਨਾਂ ਨੂੰ ਵੀ।

ਧੰਨਵਾਦ।

ਇੱਕ ਔਰਤ ਦਾ ਸਮਾਰਥ

ਪੂਰਨ ਸਿੰਘ ਹੁੰਦਲ

ਇੱਕ ਤਰਫ਼ਾ ਪਿਆਰ

ਮਲਕੀਤ - ਬੀਬੀ ਚੱਲ ਅੱਜ ਮੈਂ ਤੈਨੂੰ ਸ਼ਹਿਰ ਦੀ ਸੈਰ ਕਰਵਾ ਕੇ ਲਿਆਉਂਦਾ ਹਾਂ।

ਬੀਬੀ(ਬਚਨ ਕੌਰ) - ਸਦਕੇ ਜਾਵਾਂ ਮੇਰੇ ਪੁੱਤ ਦੇ, ਪਰ ਅੱਜ ਕਿਧਰੋਂ ਸੂਰਜ ਚੜ ਆਇਆ?

ਮਲਕੀਤ - ਆਪੇ ਤਾਂ ਬੀਬੀ ਤੂੰ ਕਹਿੰਦੀ ਰਹਿੰਦੀ ਆ ਕਿ, ਤੈਨੂੰ ਸ਼ਹਿਰ ਘੁਮਾਉਣ ਨਹੀਂ ਲੈ ਕੇ ਜਾਂਦਾ ਕੋਈ। ਜੇ ਅੱਜ ਮੈਂ ਲੈ ਕੇ ਚੱਲਿਆ ਏ ਤਾਂ ਤੂੰ ਅੱਗਿਓਂ ਹੋਰ ਗੱਲਾਂ ਕਰਦੀ ਆ।

ਬੀਬੀ - ਚੱਲ ਪੁੱਤ ਤੂੰ ਤਾਂ ਗੁੱਸਾ ਹੀ ਕਰ ਗਿਆ ਲੱਗਦਾ ਏ, ਰੁੱਕ ਮੈਂ ਹੁਣੇ ਲੀੜੇ ਬਦਲ ਕੇ ਆਉਂਦੀ ਆ।

ਮਲਕੀਤ - ਲੈ ਦੱਸ, ਹਾ ਲੀੜਿਆ ਨੂੰ ਕੀ ਹੋਇਆ ਆ? ਚੰਗੇ ਭਲੇ ਤਾਂ ਹੈਗੇ ਆ।

ਬੀਬੀ - ਹੈ ਤੇ ਚੰਗੇ ਨੇ ਪੁੱਤ, ਪਰ ਬਾਹਰ ਸੌ ਜਾਣੇ ਟੱਕਰਦੇ ਆ। ਕੀ ਕਹਿਣਗੇ ਉਹ?

ਮਲਕੀਤ - ਚੱਲ ਛੇਤੀ ਕਰ ਫਿਰ ਮੈਨੂੰ ਹੋਰ ਵੀ ਕੰਮ ਆ। ਟਿਕਟਾਂ ਵੀ ਕਰਵਾਉਣ ਜਾਣਾ ਵਾ।

ਬੀਬੀ - ਪੁੱਤ ਬੱਸ ਮੈਂ ਹੁਣੇ ਆਈ।

ਐਨਾ ਕਹਿਣ ਉਪਰੰਤ ਮਲਕੀਤ ਦੀ ਬੀਬੀ ਇੱਕ ਕਮਰੇ ਅੰਦਰ ਵੜ ਗਈ। ਤੇ ਮਲਕੀਤ ਘਰ ਦੇ ਹਾਲ ਵਿਚ ਹੀ ਅਖਬਾਰ ਲੈ ਕੇ ਬੈਠ ਗਿਆ। ਦੂਸਰੇ ਪਾਸੇ ਉਸ ਦੀ ਘਰਵਾਲੀ ਮਾਂ ਪੁੱਤ ਦੀਆਂ ਗੱਲਾਂ ਸੁਣ ਰਹੀ ਸੀ ਤੇ ਵੰਨ-ਸਵੰਨੇ ਮੂੰਹ ਬਣਾ ਕੇ ਮਲਕੀਤ ਵੱਲ ਕ੍ਰੋਧ ਭਰੀ ਨਿਗ੍ਹਾ ਨਾਲ ਵੇਖ ਰਹੀ ਸੀ। ਜਿਵੇਂ ਪਤਾ ਨਹੀਂ ਮਲਕੀਤ ਨੇ ਉਸ ਦੇ ਕਿ ਮਾਹ ਮਾਰੇ ਹੋਣ। ਪਰ ਮਲਕੀਤ ਉਸ ਨੂੰ ਅਣ-ਦੇਖਿਆ ਕਰ ਕੇ ਅਖਬਾਰ ਪੜਨ ਵਿਚ ਲੱਗਾ ਰਿਹਾ।

ਐਨੇ ਨੂੰ ਮਲਕੀਤ ਦੀ ਬੀਬੀ ਲੀੜੇ ਬਦਲ ਕੇ ਆ ਗਈ। ਬਚਨ ਕੌਰ ਮਦਰਾਸ ਦੀ ਇੱਕ ਬਹੁਤ ਖੂਬਸੂਰਤ ਔਰਤ ਸੀ। ਜਿਸ ਨੂੰ ਮਲਕੀਤ ਦਾ ਬਾਪੂ ਮਦਰਾਸ ਤੋਂ ਵਿਆਹ ਕੇ ਲਿਆਇਆ ਸੀ। ਪੰਜਾਬ ਵਿੱਚ ਰਹਿੰਦੇ ਉਹਨਾਂ ਨੂੰ ਕਰੀਬ ਤੀਹ ਸਾਲ ਹੋ ਗਏ ਸਨ। ਬਚਨ ਕੌਰ ਦਾ ਨਾਮ ਵੀ ਮਲਕੀਤ ਦੇ ਬਾਪੂ ਨੇ ਆਪਣੀ ਮਾਂ ਦੇ ਨਾਮ ਤੋਂ ਹੀ ਰੱਖਿਆ ਸੀ। ਹੁਣ ਕਰੀਬ-ਕਰੀਬ ਬਚਨ ਕੌਰ ਚੰਗੀ ਤਰ੍ਹਾਂ ਪੰਜਾਬੀ ਪੜਦੀ ਵੀ ਤੇ ਬੋਲਦੀ ਵੀ। ਪਰ ਉਸ ਦਾ ਪਹਿਰਾਵਾ ਅੱਜ ਵੀ ਮਦਰਾਸ ਵਾਲਾ ਰਿਹਾ। ਹਾਂ ਕਦੇ-ਕਦੇ ਉਹ ਜ਼ਰੂਰ ਪੰਜਾਬੀ ਸੂਟ ਪਾ ਲੈਂਦੀ ਸੀ। ਉਹ ਬਹੁਤੀ ਸੋਹਣੀ ਤਾਂ ਨਹੀਂ ਸੀ, ਨੈਣ ਨਕਸ਼ ਬਹੁਤ ਸੋਹਣੇ ਸਨ। ਜਿਵੇਂ ਰੱਬ ਨੇ ਇਕੱਲਾ

ਇਕੱਲਾ ਨੈਣ ਨਕਸ਼ ਬੜੀ ਰੀਝ ਨਾਲ ਤਿਆਰ ਕੀਤਾ ਹੋਵੇ। ਜਦੋਂ ਬਚਨ ਕੌਰ ਲੀੜੇ ਬਦਲ ਕੇ ਆਈ ਤਾਂ ਉਸ ਨੇ ਮਦਰਾਸਨਾ ਵਾਂਗੂੰ ਸਾੜੀ ਬੰਨੀ ਹੋਈ ਸੀ। ਹਲਕੇ ਜਿਹੇ ਰੰਗ ਦੀ ਸੀ ਜਿਸ ਤੇ ਲਕੀਰਾਂ ਖਿੱਚੀਆਂ ਹੋਈਆਂ ਸਨ। ਪੈਰੀ ਉਸ ਨੇ ਸੈਂਡਲਾ ਦੇ ਵਰਗੀ ਇੱਕ ਜੁੱਤੀ ਪਾਈ ਸੀ ਜੋ ਬਿਲਕੁਲ ਵੀ ਉੱਚੀ ਨਹੀਂ ਸੀ। ਬਾਹਰ ਹਲਕੀ ਜਿਹੀ ਠੰਡ ਹੋਣ ਕਰਕੇ ਸਾੜੀ ਦੇ ਉਪਰ ਦੀ ਹੀ ਉਸ ਨੇ ਇੱਕ ਸ਼ੌਲ ਲਿਆ ਸੀ। ਉਸ ਨੇ ਬਾਹਰ ਨਿਕਲਦੇ ਆਉਂਦੇ ਹੀ ਮਲਕੀਤ ਨੂੰ ਕਿਹਾ...

ਬਚਨ ਕੌਰ - ਚੱਲ ਪੁੱਤ ਮੈਂ ਤਿਆਰ ਹਾਂ।

ਮਲਕੀਤ ਨੇ ਅਖਬਾਰ ਰੱਖਦੇ ਹੋਏ ਆਪਣੀ ਬੀਬੀ ਵੱਲ ਦੇਖਿਆ ਤੇ ਕਿਹਾ..

ਮਲਕੀਤ - ਚੱਲ ਆ ਜਾ ਬੀਬੀ।

ਮਲਕੀਤ ਅੱਗੇ ਹੋ ਤੁਰਿਆ ਤੇ ਬਚਨ ਕੌਰ ਉਸ ਦੇ ਮਗਰੇ ਤੁਰ ਪਈ। ਬਾਹਰ ਨਿਕਲਦੇ ਹੀ ਮਲਕੀਤ ਨੇ ਇੱਕ ਆਟੋ ਰਿਕਸ਼ੇ ਵਾਲੇ ਨੂੰ ਹੱਥ ਦਿੱਤਾ। ਮਲਕੀਤ ਤੇ ਬਚਨ ਕੌਰ ਆਟੋ ਵਿੱਚ ਬੈਠ ਗਏ। ਮਲਕੀਤ ਨੇ ਬੀਬੀ ਨੂੰ ਕਿਹਾ....

ਮਲਕੀਤ - ਬੀਬੀ ਕਿੱਥੇ ਚੱਲੀਏ ਪਹਿਲਾਂ?

ਬਚਨ ਕੌਰ - ਜਿਥੇ ਤੇਰਾ ਦਿੱਲ ਕਰਦਾ ਪੁੱਤ ਓਥੇ ਹੀ ਲੈ ਚੱਲ। ਮੈਂ ਕਿਹੜਾ ਬਹੁਤ ਘੁੰਮਦੀ ਰਹਿੰਦੀ ਹਾਂ। ਤੇਰੇ ਬਾਪੂ ਨਾਲ ਜ਼ਰੂਰ ਕਦੇ-ਕਦੇ ਬਾਜ਼ਾਰ ਆ ਜਾਂਦੀ ਸੀ। ਪਰ ਜਿਉਂ ਤੇਰਾ ਬਾਪੂ ਗੁਜਰਿਆ ਮੁੜ ਨਹੀਂ ਕਦੇ ਘੁੰਮਣ ਨੂੰ ਦਿਲ ਕੀਤਾ। ਚੱਲ ਏਦਾਂ ਕਰ ਪਹਿਲਾਂ ਗੁਰੂ ਘਰ ਚੱਲਦੇ ਆ।

ਮਲਕੀਤ - ਨਹੀਂ ਬੀਬੀ ਗੁਰੂ ਘਰ ਆਉਂਦੇ ਹੋਏ ਚੱਲਾਂਗੇ ਪਹਿਲਾਂ ਕਿਤੇ ਹੋਰ ਘੁੰਮਦੇ ਹਾਂ।

ਬਚਨ ਕੌਰ - ਚੱਲ ਜਿਵੇਂ ਤੇਰਾ ਮਨ ਓਦਾਂ ਕਰ ਲੈ।

ਮਲਕੀਤ - ਵੀਰੇ ਮੇਨ ਬਾਜ਼ਾਰ ਲੈ ਚੱਲ।

ਆਟੋ ਵਾਲਾ - ਠੀਕ ਆ ਭਾਜੀ।

ਕੁਝ ਕੁ ਦੇਰ ਬਾਅਦ ਆਟੋ ਮੇਨ ਬਾਜ਼ਾਰ ਵਿੱਚ ਚਲਾ ਗਿਆ। ਮਲਕੀਤ ਨੇ ਆਟੋ ਵਾਲੇ ਨੂੰ ਇੱਕ ਹੋਟਲ ਸਾਹਮਣੇ ਰੁਕਣ ਲਈ ਕਿਹਾ ਤੇ ਫਿਰ ਉਸਦਾ ਬਣਦਾ ਕਿਰਾਇਆ ਦਿੱਤਾ। ਮਲਕੀਤ ਆਪਣੀ ਬੀਬੀ ਨੂੰ ਨਾਲ ਲੈ ਕੇ ਹੋਟਲ ਦੇ ਮੂਹਰਲੇ ਬੂਹੇ ਤੱਕ ਜਾ ਪੁੱਜਾ। ਹੋਟਲ ਦੇ ਬਾਹਰ ਖੜੇ ਇੱਕ ਕਰਮਚਾਰੀ ਨੇ ਦਰਵਾਜਾ ਖੋਲਿਆ ਤੇ ਮਲਕੀਤ ਨੂੰ ਸਤਿ ਸ੍ਰੀ ਅਕਾਲ ਬੁਲਾਈ। ਇਹ ਕਰਮਚਾਰੀ ਖ਼ਾਸ ਕਰ ਕੇ ਲੋਕਾਂ ਦੇ ਸਵਾਗਤ ਲਈ ਹੀ ਹੁੰਦੇ

ਨੇ। ਅੱਗਿਓਂ ਮਲਕੀਤ ਨੇ ਉਸ ਦੀ ਸਤਿ ਸ੍ਰੀ ਅਕਾਲ ਦਾ ਕੋਈ ਜੁਆਬ ਨਾ ਦਿੱਤਾ ਤੇ ਚੁੱਪ-ਚਾਪ ਅੰਦਰ ਲੰਘ ਗਿਆ। ਮਗਰੇ ਹੀ ਉਸਦੀ ਬੀਬੀ ਵੀ ਲੰਘ ਗਈ। ਦੋਨੋਂ ਇੱਕ ਲੱਗੇ ਟੇਬਲ ਤੇ ਬੈਠ ਗਏ। ਮਲਕੀਤ ਨੇ ਓਸੇ ਟੇਬਲ ਤੇ ਪਿਆ ਭੋਜਨ ਵਾਲਾ ਪੱਤਰਾ ਫੜਿਆ ਤੇ ਉਸ ਤੇ ਲਿਖੇ ਵੱਖ-ਵੱਖ ਪ੍ਰਕਾਰ ਦੇ ਭੋਜਨ ਬਾਰੇ ਪੜਨ ਲੱਗਾ ਤੇ ਆਪਣੀ ਬੀਬੀ ਨੂੰ ਪੁੱਛਿਆ..

ਮਲਕੀਤ - ਬੀਬੀ ਕੀ ਖਾਵੇਗੀ।

ਬਚਨ ਕੌਰ - ਕੁਝ ਨੀ ਪੁੱਤ ਮੈਂ ਤਾਂ ਗੁਰੂ ਘਰ ਦਾ ਲੰਗਰ ਖਾਣਾ ਵਾ।

ਮਲਕੀਤ - ਕੋਈ ਨਾ ਬੀਬੀ ਉਹ ਵੀ ਖਾ ਲਵੀਂ। ਪਰ ਹੁਣ ਤਾਂ ਕੁਝ ਖਾਣਾ ਈ ਪੈਣਾ ਵਾ। ਫਿਰ ਕਹੇਗੀ ਮੈਨੂੰ ਕੁਝ ਖਵਾਇਆ ਨਹੀਂ।

ਬਚਨ ਕੌਰ - ਨਹੀਂ ਪੁੱਤ ਮੈਂ ਨੀ ਕਹਿੰਦੀ ਕੁਝ। ਜੇ ਹਾਅ ਗੱਲ ਵਾ ਤਾਂ ਤੇਰਾ ਜੋ ਦਿੱਲ ਕਰਦਾ ਮੰਗਵਾ ਲੈ ਮੈਂ ਖਾ ਲਵਾਂਗੀ।

ਮਲਕੀਤ ਨੇ ਇੱਕ ਹੋਟਲ ਦੇ ਕਰਮਚਾਰੀ ਨੂੰ ਆਵਾਜ਼ ਮਾਰੀ। ਜੋ ਕਿ ਹਰ ਟੇਬਲ ਦੇ ਕੋਲ ਜਾ ਕੇ ਲੋਕ ਨੂੰ ਖਾਣ ਬਾਰੇ ਪੁੱਛਦਾ ਸੀ ਤੇ ਲੋਕਾਂ ਦੇ ਕਹਿਣ ਮੁਤਾਬਿਕ ਹੀ ਭੋਜਨ ਬਾਰੇ

ਲਿਖਦਾ ਤੇ ਤਿਆਰ ਹੋਣ ਤੋਂ ਬਾਅਦ ਭੇਜ ਦਿੰਦਾ। ਅਸਲ ਵਿੱਚ ਉਸ ਦਾ ਇਹੀ ਕੰਮ ਸੀ। ਬੱਸ ਲੋਕਾਂ ਕੋਲੋਂ ਭੋਜਨ ਬਾਰੇ ਪੁੱਛਣਾ। ਮਲਕੀਤ ਦੇ ਆਵਾਜ਼ ਮਾਰਦੇ ਸਾਰ ਹੀ ਉਹ ਟੇਬਲ ਦੇ ਕੋਲ ਆ ਗਿਆ। ਮਲਕੀਤ ਨੇ ਉਸ ਨੂੰ ਕੁਝ ਆਪਣੀ ਪਸੰਦ ਦੇ ਭੋਜਨ ਲਿਖਵਾਏ ਤੇ ਜਲਦੀ ਨਾਲ ਲੈ ਕੇ ਆਉਣ ਲਈ ਕਿਹਾ। ਉਹ ਕਰਮਚਾਰੀ ਓਥੋਂ ਚਲਾ ਗਿਆ। ਮਲਕੀਤ ਤੇ ਬਚਨ ਕੌਰ ਆਪਸ ਵਿੱਚ ਕੋਈ ਗੱਲ ਬਾਤ ਨਹੀਂ ਸਨ ਕਰ ਰਹੇ। ਬਚਨ ਕੌਰ ਆਪਣੀ ਕੁਰਸੀ ਤੇ ਬੈਠੇ ਹੀ ਆਪਣੇ ਆਸ ਪਾਸ ਦੇਖ ਰਹੀ ਸੀ। ਕਦੇ ਉਹ ਮੁੜ ਕੇ ਪਿੱਛੇ ਵੱਲ ਦੇਖਦੀ ਤੇ ਕਦੇ ਏਧਰ-ਓਧਰ। ਆਸ ਪਾਸ ਰੌਣਕ ਬਹੁਤ ਸੀ ਪਰ ਸ਼ੋਰ ਬਿਲਕੁਲ ਨਹੀਂ ਸੀ ਆ ਰਿਹਾ। ਸਾਰੇ ਪਾਸੇ ਚੁੱਪ ਜਿਹੀ ਛਾਈ ਹੋਈ ਸੀ। ਬਚਨ ਕੌਰ ਇਸ ਗੱਲ ਲਈ ਹੈਰਾਨ ਸੀ ਪਰ ਕੁਝ ਬੋਲੀ ਨਹੀਂ। ਦਰਅਸਲ ਉਸ ਨੂੰ ਬਹੁਤੀ ਸ਼ਾਂਤੀ ਵਾਲਾ ਮਾਹੌਲ ਬਿਲਕੁਲ ਵੀ ਪਸੰਦ ਨਹੀਂ ਸੀ। ਪਰ ਉਹ ਚੁੱਪ ਹੀ ਬੈਠੀ ਰਹੀ। ਐਨੇ ਨੂੰ ਦੋ ਕਰਮਚਾਰੀ ਮਲਕੀਤ ਦੇ ਦੱਸੇ ਹੋਏ ਭੋਜਨ ਲੈ ਕੇ ਹਾਜ਼ਿਰ ਹੋ ਗਏ। ਉਹਨਾਂ ਭੋਜਨ ਲਿਆ ਕੇ ਟੇਬਲ ਤੇ ਰੱਖ ਦਿੱਤਾ। ਮਲਕੀਤ ਨੇ ਆਪਣੀ ਪਲੇਟ ਫੜੀ ਤੇ ਆਪ ਪਾ ਕੇ ਖਾਣਾ ਸ਼ੁਰੂ ਕਰ ਦਿੱਤਾ। ਉਸ ਦੀ ਮਾਂ ਦੇਖ ਕੇ ਬਹੁਤ ਹੈਰਾਨ ਹੋਈ ਕੇ ਉਸ ਨੂੰ ਪੁੱਛੇ ਬਗੈਰ ਹੀ ਉਸ ਨੇ ਖਾਣਾ ਸ਼ੁਰੂ ਕਰ

ਦਿੱਤਾ। ਉਸ ਨੂੰ ਬਹੁਤ ਠੇਸ ਲੱਗੀ ਪਰ ਫਿਰ ਵੀ ਸ਼ਾਂਤ ਰਹੀ। ਬਚਨ ਕੌਰ ਨੇ ਆਪੇ ਆਪਣੀ ਪਲੇਟ ਫੜੀ ਤੇ ਥੋੜ੍ਹਾ ਜਿਹਾ ਭੋਜਨ ਪਾ ਕੇ ਖਾਣਾ ਸ਼ੁਰੂ ਕਰ ਦਿੱਤਾ। ਪਰ ਉਸ ਨੇ ਮਸਾਂ ਹੀ ਦੋ ਕੁ ਬੁਰਕੀਆਂ ਖਾਧੀਆਂ ਹੋਣੀਆਂ ਵਾ। ਉਹ ਵੀ ਬਹੁਤ ਹੀ ਮੁਸ਼ਕਿਲ ਨਾਲ। ਉਸ ਨੂੰ ਭੁੱਖ ਤਾਂ ਲੱਗੀ ਸੀ ਪਰ ਆਪਣੇ ਪੁੱਤ ਦੀ ਹਰਕਤ ਦੇ ਕਾਰਨ ਕੋਈ ਬੁਰਕੀ ਚੱਜ ਨਾਲ ਗਲੇ ਤੋਂ ਹੇਠਾਂ ਨਹੀਂ ਸੀ ਉੱਤਰ ਰਹੀ। ਉਹ ਭਰੀ-ਪੀਤੀ ਚੁੱਪ ਰਹੀ। ਫਿਰ ਬਚਨ ਕੌਰ ਨੇ ਪੀਣ ਦੇ ਲਈ ਪਾਣੀ ਦੇ ਗਿਲਾਸ ਨੂੰ ਹੱਥ ਪਾਇਆ ਤਾਂ ਅਚਾਨਕ ਉਸਦਾ ਹੱਥ ਪਾਣੀ ਵਾਲੇ ਜੱਗ ਨੂੰ ਵੱਜ ਗਿਆ ਜਿਸ ਕਾਰਨ ਪਾਣੀ ਵਾਲਾ ਜੱਗ ਮੇਜ ਉੱਪਰ ਹੀ ਡਿੱਗ ਪਿਆ ਤੇ ਪਾਣੀ ਰੁੜ ਗਿਆ। ਮਲਕੀਤ ਹਲਕਿਆਂ ਹੋਇਆ ਉੱਠਿਆ ਤੇ ਆਪਣੀ ਬੀਬੀ ਦੇ ਗਲ ਪੈ ਗਿਆ।

ਮਲਕੀਤ - ਬੀਬੀ ਕੀ ਹੋਇਆ ਤੈਨੂੰ ਖਾਣਾ ਨਹੀਂ ਆਉਂਦਾ? ਜੇ ਹੁਣੇ ਪਾਣੀ ਮੇਰੇ ਤੇ ਰੁੜ ਜਾਂਦਾ ਫਿਰ?

ਬਚਨ ਕੌਰ - ਪੁੱਤ ਮੈਂ ਤਾਂ ਪਾਣੀ ਪੀਣ ਲੱਗੀ ਸੀ ਪਤਾ ਨਹੀਂ ਕਿ ਹੋਇਆ ਹੱਥ ਜੱਗ ਨੂੰ ਵੱਜ ਗਿਆ।

ਮਲਕੀਤ - ਮੈਂ ਤਦੇ ਤੈਨੂੰ ਕਿਤੇ ਲੈ ਕੇ ਨਹੀਂ ਜਾਂਦਾ। ਪਤਾ ਵਾ ਕਿ ਤੈਨੂੰ ਖਾਣ ਪੀਣ ਦਾ ਚੱਜ ਨਹੀਂ।

ਬਚਨ ਕੌਰ ਕੁਝ ਨਾ ਬੋਲੀ ਤੇ ਚੁੱਪ ਚਾਪ ਬੈਠੀ ਰਹੀ। ਮਲਕੀਤ ਵੀ ਆਪਣੀ ਕੁਰਸੀ ਉੱਪਰ ਬੈਠ ਗਿਆ ਪਰ ਉਸ ਨੇ ਆਪਣੀ ਬੀਬੀ ਨੂੰ ਝਿੜਕਣਾ ਬੰਦ ਨਹੀਂ ਕੀਤਾ। ਕੁਝ ਨਾ ਕੁਝ ਬੋਲਦਾ ਹੀ ਰਿਹਾ। ਮਲਕੀਤ ਨੇ ਜਲਦੀ-ਜਲਦੀ ਨਾਲ ਆਪਣਾ ਭੋਜਨ ਖਤਮ ਕੀਤਾ ਤੇ ਕਰਮਚਾਰੀ ਨੂੰ ਖਾਧੇ ਹੋਏ ਭੋਜਨ ਦਾ ਬਿੱਲ ਲੈ ਕੇ ਆਉਣ ਲਈ ਕਿਹਾ। ਕਰਮਚਾਰੀ ਬਿੱਲ ਲੈ ਕੇ ਆਇਆ। ਮਲਕੀਤ ਨੇ ਬਣਦੇ ਪੈਸੇ ਦਿੱਤੇ ਤੇ ਉੱਠ ਕੇ ਤੁਰ ਪਿਆ।ਮਗਰੇ ਹੀ ਬਚਨ ਕੌਰ ਵੀ ਉੱਠ ਕੇ ਤੁਰ ਪਈ। ਉਹ ਜਲਦੀ ਨਾਲ ਹੋਟਲ ਚੋਂ ਬਾਹਰ ਨਿਕਲਿਆ ਤੇ ਬਚਨ ਕੌਰ ਵੀ ਉਸਦੇ ਮਗਰੇ ਹੀ ਤੁਰਦੀ ਗਈ। ਮਲਕੀਤ ਨੇ ਕ੍ਰੋਧ ਦੇ ਕਾਰਨ ਕਰੀਬ ਦਸ ਮਿੰਟ ਤੱਕ ਆਪਣੀ ਬੀਬੀ ਨਾਲ ਕੋਈ ਗੱਲ-ਬਾਤ ਨਾ ਕੀਤੀ ਤੇ ਬੱਸ ਪੈਦਲ ਹੀ ਚਲਦਾ ਰਿਹਾ। ਫਿਰ ਉਹ ਇੱਕ ਬਣੀ ਹੋਈ ਪਾਰਕ ਵਿਚ ਜਾ ਕੇ ਰੁੱਕ ਗਿਆ ਤੇ ਇੱਕ ਕੰਕਰੀਟ ਦੇ ਬਣੇ ਹੋਏ ਬੈਂਚ ਤੇ ਜਾ ਕੇ ਬੈਠ ਗਿਆ। ਬਚਨ ਕੌਰ ਵੀ ਉਸਦੇ ਮਗਰ ਹੀ ਚਲਦੀ ਉਸਦੇ ਕੋਲ ਆ ਕੇ ਬੈਠ ਗਈ। ਦੋਨੋਂ ਕੁਝ ਦੇਰ ਤੱਕ ਚੁੱਪ ਬੈਠੇ ਰਹੇ। ਅੱਜ ਛੁੱਟੀ ਦਾ ਦਿਨ ਸੀ ਐਤਵਾਰ। ਪਾਰਕ ਵਿਚ ਇੱਕ ਪਾਸੇ ਪੰਗੂੜੇ ਲੱਗੇ ਹੋਏ ਸਨ ਜਿਸ ਤੇ ਬੱਚੇ ਬੜੀ ਮਸਤੀ ਕਰ

ਰਹੇ ਸਨ। ਬਚਨ ਕੌਰ ਦਾ ਧਿਆਨ ਉਹਨਾਂ ਵੱਲ ਗਿਆ ਤੇ ਦੇਖ ਕੇ ਖੁਸ਼ ਹੋਣ ਲੱਗ ਪਈ। ਫਿਰ ਉਸ ਨੇ ਮਲਕੀਤ ਨੂੰ ਕਿਹਾ..

ਬਚਨ ਕੌਰ - ਮਲਕੀਤ ਤੂੰ ਗੁੱਸਾ ਬੜੀ ਜਲਦੀ ਹੋ ਜਾਂਦਾ ਵਾ। ਐਨਾ ਗੁੱਸਾ ਨਾ ਹੋਇਆ ਕਰ।

ਮਲਕੀਤ ਫਿਰ ਆਪਣੀ ਬੀਬੀ ਨੂੰ ਟੁੱਟ ਕੇ ਪਿਆ..

ਮਲਕੀਤ - ਗੁੱਸਾ ਨਾ ਕਰਾ ਤੇ ਹੋਰ ਕੀ ਕਰਾ ਭਲਾ। ਏਦਾਂ ਵੀ ਕੋਈ ਕਰਦਾ ਜਿੱਦਾਂ ਤੂੰ ਕੀਤੀ ਅੱਜ। ਬੇਇਜ਼ਤੀ ਕਰਵਾ ਕੇ ਰੱਖ ਦਿੱਤੀ।

ਬਚਨ ਕੌਰ - ਲੈ ਪੁੱਤ ਮੈਂ ਕਿਹੜਾ ਜਾਣ-ਬੁੱਝ ਕੇ ਏਦਾਂ ਕੀਤਾ। ਬੱਸ ਮੇਰਾ ਹੱਥ ਵੱਜ ਗਿਆ ਤੇ ਪਾਣੀ ਰੁੜ ਗਿਆ। ਚੱਲ ਹੁਣ ਗੁੱਸਾ ਨਾ ਕਰ ਬਹੁਤਾ। ਇਹ ਦਸ ਤੇਰੀ ਬਦਲੀ ਕਿੱਥੇ ਹੋਈ ਆ? ਤੇ ਕਦੋਂ ਜਾਣਾ ਆਪਾ?

ਮਲਕੀਤ - ਸੱਚ ਮੈਂ ਤੇ ਅਜੇ ਟਿਕਟਾਂ ਵੀ ਕਰਵਾਉਣ ਜਾਣਾ ਵਾ ਸਟੇਸ਼ਨ ਤੇ।

ਬਚਨ ਕੌਰ - ਕੋਈ ਗੱਲ ਨੀ ਪੁੱਤ ਅਜੇ ਬਹੁਤ ਸਮਾਂ ਵਾ, ਮੈਨੂੰ ਗੁਰੂ ਘਰ ਛੱਡ ਕੇ ਤੂੰ ਟਿਕਟਾਂ ਕਰਨ ਚਲਾ ਜਾਵੀਂ ਤੇ ਵਾਪਿਸ

ਆਉਂਦਾ ਨਾਲ ਘਰੇ ਲੈ ਜਾਵੀਂ। ਤੂੰ ਦੱਸਿਆ ਨਹੀਂ ਤੇਰੀ ਬਦਲੀ ਕਿੱਥੇ ਹੋਈ ਆ।

ਮਲਕੀਤ - ਪਟਿਆਲੇ।

ਬਚਨ ਕੌਰ - ਠੀਕ ਆ। ਵਧੀਆ ਸ਼ਹਿਰ ਵਾ ਉਹ ਵੀ। ਪੁੱਤ ਮੇਰੀ ਇੱਕ ਗੱਲ ਮੰਨ ਤੂੰ ਬਹੂ ਨਾਲ ਲੜਿਆ ਨਾ ਕਰ। ਘਰ ਵਿੱਚ ਬਹੁਤਾ ਕਲੇਸ਼ ਚੰਗੀ ਗੱਲ ਨੀ ਆ। ਫਿਰ ਕੀ ਹੋਇਆ ਉਹ ਮੈਨੂੰ ਮਾੜਾ ਚੰਗਾ ਕਹਿੰਦੀ ਆ ਤਾਂ ਕਹੀ ਜਾਣਦੇ।

ਮਲਕੀਤ - ਬੀਬੀ ਜੇ ਉਹ ਤੈਨੂੰ ਕੁਝ ਕਹਿੰਦੀ ਆ ਤਾ ਤੂੰ ਹੀ ਚੁੱਪ ਕਰ ਜਾਇਆ ਕਰ। ਤੂੰ ਵੀ ਬੱਸ ਬੋਲਦੀ ਹੀ ਰਹਿੰਦੀ ਆ।

ਬਚਨ ਕੌਰ - ਲੈ ਦੱਸ ਪੁੱਤ ਜਦੋਂ ਕੋਈ ਗੱਲ ਗਲਤ ਕਹੇ ਤਾਂ ਉਸ ਨੂੰ ਮੈਂ ਨਹੀਂ ਦੱਸਾਂਗੀ ਤਾਂ ਫਿਰ ਕੌਣ ਦੱਸੇਗਾ।

ਮਲਕੀਤ - ਬੱਸ ਕਰ ਬੀਬੀ ਢੱਕੀ ਰਹਿਣ ਦੇ ਗੱਲ। ਤੇਰਾ ਘਰ ਵੀ ਇਹੀ ਹਾਲ ਤੇ ਬਾਹਰ ਵੀ। ਹੁਣ ਨਾ ਗੱਲ ਕਰ ਇਸ ਬਾਰੇ।

ਬਚਨ ਕੌਰ - ਪੁੱਤ ਮੈਂ ਤਾਂ ਓਦਾਂ ਗੱਲ ਕਰ ਰਹੀ ਆ। ਨਾਲੇ ਮੈਂ ਤਾਂ ਉਦੋਂ ਹੀ ਬੋਲਦੀ ਹਾਂ ਜਦੋਂ ਉਹ ਤੈਨੂੰ ਮਾੜਾ ਚੰਗਾ ਬੋਲਦੀ ਆ। ਬਸ ਮੇਰੇ ਤੋਂ ਜਰ ਨਹੀਂ ਹੁੰਦਾ।

ਮਲਕੀਤ - ਤੇ ਬੋਲੀ ਜਾਣ ਦਿਆ ਕਰ। ਜਦੋਂ ਉਹ ਤੈਨੂੰ ਮਾੜਾ ਬੋਲਦੀ ਆ ਤਾਂ ਮੈਂ ਵੀ ਤਾਂ ਜਰਦਾ ਹੀ ਆ ਤੂੰ ਜਰ ਲਿਆ ਕਰ।

ਬਚਨ ਕੌਰ - ਪੁੱਤ ਮੈਂ ਮਾਂ ਵਾ ਤੇਰੀ ਏਦਾਂ ਕਿੱਦਾਂ ਜਰ ਲਿਆ ਕਰ। ਜੇ ਤੂੰ ਨੀ ਉਸ ਨੂੰ ਮੇਰੇ ਨਾਲ ਏਦਾਂ ਬੋਲਣ ਤੋਂ ਡੱਕਦਾ ਤਾਂ ਮੈਂ ਵੀ ਨਾ ਡੱਕਾ ਤੇ ਸਿਰ ਦੇ ਵਾਲਾ ਨੂੰ ਪਵੇਗੀ ਨਾਲੇ ਤੇਰੇ ਨਾਲੇ ਮੇਰੇ।

ਮਲਕੀਤ - ਤੇ ਪਈ ਜਾਣ ਦੇ। ਮੈਨੂੰ ਨੀ ਕੁਝ ਫਰਕ ਪੈਂਦਾ। ਹੁਣ ਬਸ ਚੁੱਪ ਕਰ ਜਾ, ਹੁਣ ਨਾ ਬੋਲੀ ਕੁਝ।

ਬਚਨ ਕੌਰ - ਚੱਲ ਠੀਕ ਆ, ਨਹੀਂ ਬੋਲਦੀ।

ਇਹਨਾਂ ਗੱਲਾਂ ਤੋਂ ਕੁਝ ਦੇਰ ਤੱਕ ਉਹ ਸ਼ਾਂਤ ਬੈਠੇ ਰਹੇ। ਮਲਕੀਤ ਸੜਿਆ ਹੋਇਆ ਬੈਠਾ ਰਿਹਾ ਤੇ ਉਸਦੀ ਬੀਬੀ ਕਦੇ ਉਸਦੇ ਮੂੰਹ ਵੱਲ ਤੱਕਦੀ ਤੇ ਕਦੇ ਖੇਡਦੇ ਹੋਏ ਬੱਚਿਆਂ ਵੱਲ। ਬਚਨ ਕੌਰ ਨੂੰ ਬੱਚਿਆਂ ਵੱਲ ਦੇਖ ਕੇ ਮਲਕੀਤ ਦੀਆਂ ਬਚਪਨ

ਦੀਆਂ ਗੱਲਾਂ ਤੇ ਸ਼ਰਾਰਤਾਂ ਯਾਦ ਆ ਰਹੀਆਂ ਸਨ। ਫਿਰ ਉਸ ਨੇ ਇੱਕ ਗੱਲ ਯਾਦ ਕਰਦੇ ਹੋਏ ਕਿਹਾ।

ਬਚਨ ਕੌਰ - ਮਲਕੀਤ ਤੈਨੂੰ ਯਾਦ ਵਾ? ਇੱਕ ਵਾਰ ਮੈਂ ਤੇ ਤੇਰਾ ਬਾਪੂ ਤੈਨੂੰ ਨੰਗੇ ਨੂੰ ਸਤਾ ਰਹੇ ਸੀ ਤਾਂ ਤੂੰ ਇੱਕ ਰੋੜਾ ਮੇਰੇ ਮਾਰ ਦਿਤਾ ਸੀ ਜਿਸ ਨਾਲ ਕਿੰਨਾ ਲਹੂ ਨਿਕਲਿਆ। ਫਿਰ ਪੱਟੀ ਕਰਵਾਉਣੀ ਪਈ ਤੇ ਦੋ ਟਾਂਕੇ ਵੀ ਲੱਗੇ ਸੀ। ਉਦੋਂ ਤੂੰ ਛੇ ਕੁ ਸਾਲ ਦਾ ਹੋਣਾ ਵਾ।

ਮਲਕੀਤ - ਜਦੋਂ ਨਿਆਣੇ ਨਾਲ ਸ਼ੈਤਾਨੀਆਂ ਕਰਨੀਆਂ ਨੇ ਤਾਂ ਰੋੜੇ ਹੀ ਖਾਵੋਂਗੇ ਹੋਰ ਫੁੱਲ ਵੱਜਣੇ ਆ।

ਮਲਕੀਤ ਨੇ ਭਰੇ ਹੋਏ ਸ਼ਬਦਾਂ ਵਿੱਚ ਕਿਹਾ ਜਿਵੇਂ ਉਸ ਦੇ ਅੰਦਰ ਪਤਾ ਨਹੀਂ ਕਿਹੜੀ ਅੱਗ ਬਲ ਰਹੀ ਹੋਵੇ। ਬਚਨ ਕੌਰ ਮਲਕੀਤ ਦਾ ਜੁਆਬ ਸੁਣ ਕੇ ਇੱਕ ਵਾਰ ਫਿਰ ਦੁਖੀ ਹੋ ਗਈ। ਫਿਰ ਉਸ ਨੇ ਕਿਹਾ…

ਬਚਨ ਕੌਰ - ਤੈਨੂੰ ਪਤਾ ਨਹੀਂ ਕੀ ਹੋਇਆ ਵਾ ਅੱਜ। ਸਿੱਧੇ ਮੂੰਹ ਗੱਲ ਹੀ ਨਹੀਂ ਕਰ ਰਿਹਾ। ਤੂੰ ਏਦਾਂ ਕਰ ਮੈਨੂੰ ਗੁਰੂ ਘਰ ਛੱਡ ਦੇ ਤੇ ਆਪਣਾ ਕੰਮ ਕਰ ਕੇ ਆ ਜਾਵੀਂ।

ਮਲਕੀਤ ਬਿਨਾਂ ਕੁਝ ਬੋਲੇ ਹੀ ਉੱਠ ਕੇ ਅੱਗੇ ਹੋ ਤੁਰਿਆ। ਤੇ ਬਚਨ ਕੌਰ ਵੀ ਉਸਦੇ ਮਗਰੇ ਹੀ ਤੁਰ ਪਈ। ਉਹ ਇੱਕ ਰਕਸ਼ੇ ਤੇ ਬੈਠੇ ਤੇ ਗੁਰੂ ਘਰ ਪੁੱਜ ਗਏ। ਮਲਕੀਤ ਨੇ ਆਪਣੀ ਬੀਬੀ ਨੂੰ ਓਥੇ ਹੀ ਲਾਹ ਦਿੱਤਾ ਤੇ ਕਿਹਾ ਉਹ ਸਟੇਸ਼ਨ ਤੋਂ ਹੋ ਕੇ ਵਾਪਿਸ ਆਉਂਦਾ ਵਾ ਤੱਦ ਤੱਕ ਉਹ ਐਥੇ ਹੀ ਰਹੇ। ਤੇ ਆਪ ਮਲਕੀਤ ਓਸੇ ਰਕਸ਼ੇ ਨੂੰ ਲੈ ਕੇ ਸਟੇਸ਼ਨ ਵੱਲ ਨੂੰ ਤੁਰ ਪਿਆ।

ਬਚਨ ਕੌਰ ਗੁਰੂ ਘਰ ਦੇ ਅੰਦਰ ਗਈ ਉਸ ਨੇ ਸਭ ਤੋਂ ਪਹਿਲਾਂ ਆਪਣੀ ਜੁੱਤੀ ਜੋੜੇ ਘਰ ਜਮਾ ਕਾਰਵਾਈ ਤੇ ਫਿਰ ਸਰੋਵਰ ਚੋ' ਹੱਥ ਮੂੰਹ ਧੋ ਕੇ ਮੱਥਾ ਟੇਕਿਆ। ਕੁਝ ਦੇਰ ਓਥੇ ਬੈਠੀ, ਕੀਰਤਨ ਸੁਣਿਆ ਤੇ ਫਿਰ ਲੰਗਰ ਹਾਲ ਵਿੱਚ ਜਾ ਕੇ ਸੇਵਾ ਕੀਤੀ। ਫਿਰ ਕੁਝ ਦੇਰ ਸੇਵਾ ਕਰਨ ਪਿੱਛੋਂ ਉਸ ਨੇ ਲੰਗਰ ਛਕਿਆ ਤੇ ਮਲਕੀਤ ਦੇ ਆਉਣ ਦੀ ਉਡੀਕ ਕਰਨ ਲੱਗ ਪਈ। ਬਹੁਤ ਵਖ਼ਤ ਬੀਤ ਗਿਆ ਪਰ ਮਲਕੀਤ ਮੁੜ ਨਾ ਆਇਆ। ਬਚਨ ਕੌਰ ਨੇ ਫਿਰ ਲੰਗਰ ਵਿੱਚ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਸੋਚਿਆ ਕੇ ਕੋਈ ਨਾ ਕਿਤੇ ਦੇਰੀ ਹੋ ਗਈ ਹੋਣੀ ਆ, ਆ ਜਾਵੇਗਾ। ਤੱਦ ਤੱਕ ਮੈਂ ਸੇਵਾ ਕਰਦੀ ਹਾਂ। ਪਰ ਉਸਦੀ ਉਡੀਕ ਖਤਮ ਹੋਣ ਤੇ ਨਾ ਆਈ ਬਾਹਰ ਹਨੇਰਾ ਹੋ ਗਿਆ। ਤੇ ਬਚਨ ਕੌਰ ਦੀ ਫਿਕਰ ਵੱਧਦੀ ਗਈ ਪਰ ਮਲਕੀਤ ਨਾ ਆਇਆ।

ਜਦੋਂ ਬਹੁਤ ਜਿਆਦਾ ਦੇਰ ਹੋ ਗਈ ਤਾਂ ਬਚਨ ਕੌਰ ਨੇ ਸੋਚਿਆ ਕਿ ਘਰ ਨਾ ਚਲਾ ਗਿਆ ਹੋਵੇ। ਤੇ ਉਹ ਵੀ ਘਰ ਵੱਲ ਨੂੰ ਚੱਲ ਪਈ। ਜਦੋਂ ਉਹ ਘਰ ਪੁੱਜੀ ਤਾਂ ਉਸ ਦੇ ਦੇਖਿਆ ਕਿ ਘਰੇ ਤਾਂ ਬੂਹਾ ਬੰਦ ਸੀ। ਬਾਹਰ ਤਾਲਾ ਲੱਗਿਆ ਹੋਇਆ ਸੀ। ਉਹ ਆਸ ਪਾਸ ਦੇਖਦੀ ਰਹੀ ਪਰ ਕੋਈ ਨਾ ਨਜ਼ਰ ਆਇਆ। ਸਿਆਲ ਦੇ ਦਿਨ ਹੋਣ ਕਰਕੇ ਹਨੇਰਾ ਵੀ ਜਲਦੀ ਹੀ ਹੋ ਜਾਂਦਾ ਸੀ। ਤੇ ਸਭ ਲੋਕ ਵੇਲੇ ਨਾਲ ਹੀ ਆਪੋ-ਆਪਣੇ ਘਰੀ ਵੜ ਜਾਂਦੇ ਸਨ। ਬਚਨ ਕੌਰ ਨੂੰ ਹੈਰਾਨੀ ਹੋ ਰਹੀ ਸੀ ਕਿ ਘਰੇ ਤਾਲਾ ਕਿਉਂ ਵੱਜਿਆ ਹੋਇਆ ਹੈ? ਉਸ ਨੇ ਸੋਚਿਆ ਕਿਤੇ ਬਾਹਰ ਘੁੰਮਣ ਨਾ ਗਏ ਹੋਣ। ਇਸ ਲਈ ਓਥੇ ਹੀ ਬੈਠ ਗਈ। ਥੋੜੀ ਦੇਰ ਬਾਅਦ ਉਸ ਨੇ ਨਜ਼ਰ ਘੁਮਾ ਕੇ ਦੇਖੀ ਤਾਂ ਇੱਕ ਪਾਸੇ ਇਕ ਛੋਟੀ ਜਿਹੀ ਪੰਡ ਬੰਨੀ ਹੋਈ ਨਜ਼ਰ ਆਈ। ਉਹ ਪੰਡ ਦੇ ਕੋਲ ਗਈ ਉਸ ਨੂੰ ਖੋਲ ਕੇ ਦੇਖਿਆ ਤਾਂ ਉਸ ਵਿੱਚ ਉਸਦੇ ਹੀ ਕੁਝ ਲੀੜੇ ਸਨ। ਲੀੜੇ ਦੇਖ ਕੇ ਉਸ ਨੂੰ ਪਹਿਲਾਂ ਕੁਝ ਸਮਝ ਨਾ ਲੱਗੀ। ਫਿਰ ਸੋਚਿਆ ਕਿ ਸ਼ਾਇਦ ਉਹ ਮੇਰੇ ਨਾਲ ਨਰਾਜ਼ ਹੋਣ ਕਰਕੇ ਸਟੇਸ਼ਨ ਤੇ ਨਾ ਚਲੇ ਗਏ ਹੋਣ? ਹੋ ਸਕਦਾ ਅੱਜ ਹੀ ਪਟਿਆਲੇ ਜਾਣਾ ਹੋਵੇ। ਫਿਰ ਉਹ ਜਲਦੀ ਨਾਲ ਆਪਣੇ ਲੀੜਿਆਂ ਵਾਲੀ ਪੰਡ ਚੁੱਕ ਕੇ ਓਥੋਂ ਸਟੇਸ਼ਨ ਵੱਲ ਨੂੰ ਤੁਰ ਪਈ।

ਸਟੇਸ਼ਨ ਤੇ ਪੁੱਜ ਕੇ ਉਸ ਨੇ ਰੇਲਵੇ ਅਧਿਕਾਰੀਆਂ ਨੂੰ ਪਟਿਆਲੇ ਦੀ ਰੇਲ ਬਾਰੇ ਪੁੱਛਿਆ। ਤੇ ਉਹਨਾਂ ਤੋਂ ਪਤਾ ਲੱਗਾ ਕਿ ਰੇਲ ਨੂੰ ਤੁਰਿਆ ਤਾਂ ਕਰੀਬ ਇੱਕ ਘੰਟੇ ਤੋਂ ਉੱਪਰ ਹੋ ਗਿਆ ਹੈ। ਫਿਰ ਉਸੇ ਨੇ ਅਗਲੀ ਰੇਲ ਬਾਰੇ ਪੁੱਛਿਆ ਤਾਂ ਉਹ ਸਵੇਰੇ ਚਾਰ ਵਜੇ ਤੁਰਨੀ ਸੀ। ਬਚਨ ਕੌਰ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਇਹ ਹੋ ਕੀ ਰਿਹਾ ਹੈ। ਫਿਰ ਉਸ ਦੇ ਅਚਾਨਕ ਗੱਲ ਦਿਮਾਗ ਵਿੱਚ ਆਈ ਕਿ ਉਸਦਾ ਪੁੱਤ ਤਾਂ ਉਸ ਨੂੰ ਐਥੇ ਹੀ ਛੱਡ ਗਿਆ ਇਕੱਲੀ ਨੂੰ। ਉਹ ਓਥੇ ਹੀ ਖੜੀ ਕਦੇ ਆਪਣੇ ਲੀੜਿਆਂ ਦੀ ਪੰਡ ਵੱਲ ਦੇਖਦੀ ਤੇ ਕਦੇ ਰੇਲ ਦੀਆਂ ਪਟਰੀਆਂ ਨੂੰ।

ਕੁਝ ਸਮਝ ਨਾ ਆਵੇ, ਰੂਹ ਟੁੱਟਦੀ ਜਾਵੇਂ,

ਮੈਂ ਲੱਭਦੀ ਮਰ ਗਈ ਤੈਨੂੰ ਦੇਖਣਾ ਚਾਹੇ,

ਇਹ ਨਜ਼ਰਾਂ ਮੇਰੀਆਂ ਜੋ, ਹੋ ਗਈਆਂ ਬਜ਼ੁਰਗ ਜਿਹੀਆਂ,

ਤਾਂ ਵੀ ਇਹ ਜੱਗ ਵਿਚੋਂ ਤੈਨੂੰ ਹੀ ਟੋਲੇ,

ਇੱਕ ਤਰਫ਼ਾ ਪਿਆਰ ਮੇਰਾ ਤੈਨੂੰ ਏ ਬੋਲੇ,

ਮੇਰੇ ਪਿਆਰ ਦੇ ਘੜਿਆ ਨੂੰ ਕਾਤੋਂ ਤੂੰ ਡੋਲ੍ਹੇ।

ਹੱਥ ਨਾਲ, ਹੱਥ ਦੀ ਉਂਗਲ ਨਾਲ ਚੱਲਣਾ ਤੂੰ ਸਿੱਖਿਆਂ,

ਤੈਨੂੰ ਸਤਿ ਸੁਮੰਦਰ ਵਰਗਾ ਨਾ ਇੱਕ ਤਰਫ਼ਾ ਦਿੱਸਿਆ,

ਕਿੰਝ ਲੰਘਣਾ ਪਾਰ ਕਿਨਾਰੇ ਏ ਸੱਤ ਸੁਮੰਦਰਾਂ ਦੇ,

ਤੇ ਰੇਤ ਦੇ ਵਿੱਚੋਂ ਵੇ ਪਾਣੀ ਨੂੰ ਫੋਲੇਂ,

ਇੱਕ ਤਰਫ਼ਾ ਪਿਆਰ ਮੇਰਾ ਤੈਨੂੰ ਏ ਬੋਲੇ,

ਮੇਰੇ ਪਿਆਰ ਦੇ ਘੜਿਆ ਨੂੰ ਕਾਤੋਂ ਤੂੰ ਡੋਲ੍ਹੇ।

ਚੋਰੀ ਚੋਰੀ ਤੂੰ ਛੱਡ ਗਿਆ, ਛੱਡ ਕੱਲਿਆਂ ਮੈਨੂੰ,

ਮੇਰੀ ਮਮਤਾ ਗਈ ਗਵਾਚ ਕਿਤੇ, ਹੁਣ ਤਰਸੇ ਤੈਨੂੰ,

ਖਿੰਡਿਆਂ ਏ ਰੋਮ-ਰੋਮ ਮੇਰਾ ਇੱਕ ਕੰਬਣੀ ਛਿੜ ਦੀ ਏ

ਕਿਸੇ ਚੀਜ ਬੇਗਾਨੀ ਵਾਂਗੂ ਕੰਡਿਆਂ ਵਿੱਚ ਤੋਲੇ,

ਇੱਕ ਤਰਫ਼ਾ ਪਿਆਰ ਮੇਰਾ ਤੈਨੂੰ ਏ ਬੋਲੇ,

ਮੇਰੇ ਪਿਆਰ ਦੇ ਘੜਿਆ ਨੂੰ ਕਾਤੋਂ ਤੂੰ ਡੋਲ੍ਹੇ।

ਮੈਂ ਮੁੱਕ ਜਾਣਾ ਏ ਲੱਗਦਾ ਨੈ ਮਹੀਨੇ ਕੁੱਖ ਵਿੱਚ ਰੱਖ ਕੇ,

ਮੇਰਾ ਸਬਰ ਭੁਲਾ ਦਿੱਤਾ ਕਿਸ ਨੂੰ ਤੂੰ ਰੱਖ ਕੇ,

ਮੈਂ ਰੋਂਵਾਂ ਤੇ ਕੁਰਲਾਵਾਂ, ਤੈਨੂੰ ਯਾਦ ਕਰੀ ਮੈਂ ਜਾਵਾਂ,

ਹੁਣ ਸੜ ਜਾਣੀ ਏ ਰੂਹ ਮੇਰੀ ਕਿਹੜੀ ਅੱਗ ਫਰੋਲੇਂ,

ਇੱਕ ਤਰਫ਼ਾ ਪਿਆਰ ਮੇਰਾ ਤੈਨੂੰ ਏ ਬੋਲੇ,

ਮੇਰੇ ਪਿਆਰ ਦੇ ਘੜਿਆ ਨੂੰ ਕਾਤੋਂ ਤੂੰ ਡੋਲ੍ਹੇ।

ਲੋਕੀ ਮੰਨਦੇ ਸੀ ਰੱਬ ਮੈਨੂੰ, ਹੁਣ ਰਹਿ ਗਈ ਮੈਂ ਬੋਝ ਬਣ ਕੇ,

ਕੋਈ ਦਿਲੋਂ ਕਰਦਾ, ਕੋਈ ਉੱਤੋਂ ਉੱਤੋਂ,

ਮੈਂ ਰਹਿ ਗਈ ਬੱਸ ਹੁਣ ਖੋਜ ਬਣ ਕੇ,

ਕੋਈ ਜਤਾ ਨਹੀਂ ਸਕਦਾ ਪਿਆਰ ਮੇਰਾ,

ਬੱਸ ਲਿਖਤਾਂ ਰਹਿੰਦੇ ਆ,

ਬੋਝ ਹੋ ਗਿਆ ਭਾਰੀ ਮੇਰਾ ਤਾਹੀ ਤਾਂ ਲੋਕੀ ਕਹਿੰਦੇ ਆ,

ਮੈਨੂੰ ਛੱਡ ਕੇ ਬਹੁਤੇ ਦੂਰ ਭੱਜਦੇ,

ਕਹਿੰਦੇ ਹੋ ਜਾਣਾ ਤਬ੍ਹਾ ਅਸੀਂ,

ਜੇ ਤੈਨੂੰ ਰੱਖੀਏ ਨਾਲ ਕਦੇ ਤੇ ਹੋ ਜਾਣਾ ਸਵਾਹ ਅਸੀਂ,

ਮੈਂ ਕੱਲੀ ਸੀ, ਕੱਲੀ ਨੇ ਰਹਿ ਜਾਣਾ,

ਸਭ ਦਿਲ ਦੇ ਰਿਸ਼ਤੇ ਜੋੜ ਕੇ ਮੈਂ,

ਤੈਨੂੰ ਜ਼ਿੰਦਗੀ ਆਪਣੀ ਦੇ ਜਾਣੀ,

ਖ਼ੁੱਦ ਨੂੰ ਖ਼ੁੱਦ ਨਾਲੋਂ ਤੋੜ ਕੇ ਮੈਂ।

(ਦੀਪ ਗਗਨ)

ਇਨਸਾਨ ਜਿਸ ਨੂੰ ਹੱਦ ਤੋਂ ਪਰੇ ਪਿਆਰ ਕਰਦਾ ਹੈ ਕਈ ਵਾਰ ਓਹੀ ਉਸ ਦੀ ਕਦਰ ਨਹੀਂ ਕਰਦਾ। ਕਦੇ ਇੱਕ ਕੁੜੀ ਮੁੰਡੇ ਨੂੰ ਪਿਆਰ ਕਰਦੀ ਹੈ ਪਰ ਮੁੰਡਾ ਨਹੀਂ ਕਰਦਾ, ਕਦੇ ਮੁੰਡਾ ਕੁੜੀ ਨੂੰ ਕਰਦਾ ਹੈ ਤੇ ਕੁੜੀ ਨਹੀਂ ਕਰਦੀ ਇਹ ਆਮ ਗੱਲ ਹੈ। ਹਰ ਕਿਸੇ ਦੀ ਜ਼ਿੰਦਗੀ ਵਿੱਚ ਇਹ ਵਖ਼ਤ ਜ਼ਰੂਰ ਆਉਂਦਾ ਹੈ। ਪਰ ਇੱਕ ਮਾਂ ਆਪਣੇ ਬੱਚੇ ਨੂੰ ਜਿੰਨਾ ਪਿਆਰ ਕਰਦੀ ਹੈ ਓਨਾ ਇੱਕ ਬੱਚਾ ਕਦੇ ਵੀ ਨਹੀਂ ਕਰ ਸਕਦਾ। ਕਹਿਣ ਦੇ ਮੁਤਾਬਿਕ ਤਾਂ ਸਭ ਕਹਿੰਦੇ ਨੇ ਕਿ ਅਸੀਂ ਆਪਣੀ ਮਾਂ ਨੂੰ ਬਹੁਤ ਪਿਆਰ ਕਰਦੇ ਹਾਂ।

ਪਰ ਇਹੋ ਜਿਹੇ ਪਿਆਰ ਦਾ ਕੀ ਫਾਇਦਾ ਅਗਰ ਉਹਨਾਂ ਦੇ ਕਹਿਣੇ ਵਿੱਚ ਹੀ ਨਹੀਂ ਆ। ਹੋ ਸਕਦਾ ਹੈ ਕਿਤੇ ਸਾਡੀ ਮਾਂ ਵੀ ਗ਼ਲਤ ਹੋਵੇ ਕਿਉਂ ਕਿ ਜਮਾਨਾ ਰੋਜ ਬਦਲ ਰਿਹਾ ਹੈ ਕਦੇ ਵੱਡੇ ਬੱਚਿਆਂ ਨੂੰ ਸਿਖਾਉਂਦੇ ਨੇ ਤੇ ਕਦੇ ਛੋਟਾ ਜਿਹਾ ਬੱਚਾ ਵੀ ਬਹੁਤ ਕੁਝ ਸਿੱਖਾਂ ਦੇਂਦਾ ਹੈ। ਜੇ ਅੱਜ ਆਪਾ ਆਪਣੇ ਮਾਂ ਪਿਓ ਨੂੰ ਜਮਾਨੇ ਦੇ ਨਾਲ ਲੈ ਕੇ ਨਹੀਂ ਚੱਲਾਂਗੇ ਤਾਂ ਕੱਲ ਨੂੰ ਸਾਡੇ ਬੱਚੇ ਵੀ ਸਾਨੂੰ ਪਿੱਛੇ ਹੀ ਸੁੱਟਣਗੇ। ਮਾਂ ਪਿਓ ਸਦਾ ਹੀ ਸਾਡੇ ਭਲੇ ਦੀ ਗੱਲ ਕਰਦੇ ਨੇ। ਕਦੇ ਬੁਰਾ ਨਹੀਂ ਸੋਚਦੇ। ਬੱਸ ਫਰਕ ਇਹ ਹੁੰਦਾ ਹੈ ਕੇ ਅਸੀਂ ਆਪਣੀ ਸੋਚ ਮੁਤਾਬਿਕ ਕੰਮ ਕਰਦੇ ਹਾਂ ਤੇ ਉਹ ਆਪਣੇ ਤਜੁਰਬੇ ਮੁਤਾਬਿਕ।

ਇੱਕ ਤਰਫ਼ਾ ਪਿਆਰ ਕਹਾਣੀ ਦਾ ਮਕਸਦ ਸਿਰਫ ਸਾਨੂੰ ਸਾਡੀ ਮਾਂ ਪਿਓ ਪ੍ਰਤੀ ਫ਼ਰਜ਼ਾਂ ਬਾਰੇ ਦੱਸਦੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਭ ਨੂੰਹਾਂ ਮਾੜੀਆਂ ਨੇ। ਮੈਂ ਬਹੁਤ ਸਾਰੇ ਐਸੀਆਂ ਵੀ ਨੂੰਹਾਂ ਦੇਖੀਆਂ ਨੇ ਜੋ ਆਪਣੇ ਸੱਸ-ਸਹੁਰੇ ਦਾ ਸਾਥ ਪਹਿਲਾਂ ਦੇਂਦੀਆਂ ਨੇ ਤੇ ਫਿਰ ਆਪਣੇ ਘਰਵਾਲੇ ਦਾ। ਪਰ ਕਈ ਐਸੇ ਪੁੱਤ ਵੀ ਹੈਗੇ ਨੇ ਜੋ ਆਪਣੀ ਘਰਵਾਲੀ ਦੇ ਆਖੇ ਵਿੱਚ ਜਿਆਦਾ ਨੇ ਤੇ ਮਾਂ ਪਿਓ ਨੂੰ ਪਾਣੀ ਤੱਕ ਨਹੀਂ ਪੁੱਛਦੇ। ਇਹ ਕਹਾਣੀ ਇੱਕ ਮਾਂ ਦੇ ਪਿਆਰ ਨੂੰ ਬਿਆਨ ਕਰਦੀ ਹੈ ਕਿ ਉਹ ਕਿਵੇਂ ਆਪਣੇ ਪੁੱਤ ਦੀਆਂ

ਗਲਤੀਆਂ ਨੂੰ ਹਰ ਵਖ਼ਤ ਮੁਆਫ ਕਰਦੀ ਹੈ ਪਰ ਪੁੱਤ ਨੂੰ ਉਸ ਦੀ ਕੋਈ ਕਦਰ ਨਹੀਂ। ਇਸ ਨੂੰ ਅਸੀਂ ਇੱਕ ਤਰਫ਼ਾ ਪਿਆਰ ਹੀ ਕਹਿ ਸਕਦੇ ਹਾਂ। ਮੈਨੂੰ ਨਹੀਂ ਲਗਦਾ ਕੇ ਇਸ ਲਫ਼ਜ਼ ਤੋਂ ਵੱਧ ਕੋਈ ਹੋਰ ਲਫ਼ਜ਼ ਬਚਨ ਕੌਰ ਦੇ ਪਿਆਰ ਨੂੰ ਬਿਆਨ ਕਰ ਸਕਦਾ ਹੈ।

ਚਮੀਨ ਸੁਹੀਰ

(ਭਾਗ ਪਹਿਲਾ)

ਪੀਤ ਸਿੰਘ ਭੱਟੀ

ਖ਼ੂਨੀ ਕਮੀਜ਼ (ਭਾਗ ਪਹਿਲਾ)

ਉਸ ਦੇ ਇੱਕ ਹੱਥ ਸ਼ਰਾਬ ਦੀ ਬੋਤਲ ਤੇ ਦੂਸਰਾ ਹੱਥ ਖਾਲੀ ਸੀ। ਸ਼ਰਾਬ ਦੀ ਬੋਤਲ ਅੱਧੇ ਨਾਲੋਂ ਜਿਆਦਾ ਭਰੀ ਸੀ। ਉਸ ਤੋਂ ਸਾਫ਼ ਜ਼ਾਹਿਰ ਹੁੰਦਾ ਸੀ ਕਿ ਉਸ ਨੇ ਮਸਾਂ ਦੋ ਕੁ ਹੀ ਪੈੱਗ ਲਾਏ ਹੋਣ। ਟੇਢਾ-ਮੇਢਾ ਤੁਰਦਾ ਮੂੰਹ ਵਿਚ ਕੁਝ ਗੁਣ- ਗੁਣਾਉਂਦਾ ਹੋਇਆ ਸੜਕ ਦੇ ਨਾਲ ਬਣੇ ਫੁੱਟਪਾਥ ਉੱਪਰ ਚੱਲ ਰਿਹਾ ਸੀ। ਇਹ ਉਸ ਦਾ ਨਿੱਤ ਦਾ ਵਿਹਾਰ ਸੀ। ਰੋਜ਼ ਸ਼ਰਾਬ ਦੀ ਪੂਰੀ ਬੋਤਲ ਖ਼ਰੀਦ ਦਾ ਪਰ ਪੂਰੀ ਕਦੇ ਨਹੀਂ ਸੀ ਪੀਂਦਾ।

ਰਾਤ ਦੇ ਕਰੀਬ ਸਾਢੇ ਬਾਰਾਂ ਦਾ ਵਕਤ ਸੀ। ਸ਼ਹਿਰ ਹੋਣ ਕਾਰਨ ਇਹ ਵਕਤ ਜਿਆਦਾ ਨਹੀਂ ਸੀ ਲਗਦਾ। ਪਰ ਸਾਰਾ ਰਸਤਾ ਸੁਨ-ਸਾਨ ਸੀ। ਕਿਤੇ ਕੋਈ ਚਿੜੀ ਫੁੜਕਦੀ ਨਜ਼ਰ ਨਹੀਂ ਸੀ ਆਉਂਦੀ। ਬਸ ਕੁਝ ਟਟਰ੍ਹੀਆਂ ਦੇ ਬੋਲਣ ਦੇ ਆਵਾਜ਼ ਆਉਂਦੀ ਸੀ। ਉਹ ਆਪਣੇ ਰੰਗ ਵਿਚ ਲੀਨ ਘਰ ਨੂੰ ਵਾਪਿਸ ਜਾ ਰਿਹਾ ਸੀ। ਕੁਝ ਕੁ ਚੱਲਣ ਪਿੱਛੋਂ ਉਸ ਨੂੰ ਕਿਸੇ ਦੇ ਚੀਕਾਂ ਮਾਰਨ ਦੀ ਆਵਾਜ਼ ਆਉਂਦੀ ਹੈ। ਆਵਾਜ਼ ਸੁਣਦੇ ਸਾਰ ਉਹ ਹੈਰਾਨ ਹੋ ਜਾਂਦਾ ਹੈ ਪਰ ਅਣਸੁਣੀ ਕਰ ਕੇ ਅੱਗੇ ਤੁਰ ਪੈਂਦਾ ਹੈ ਅਜੇ ਦੋ ਕੁ ਕਦਮ ਹੀ ਪੁੱਟਦਾ ਹੈ ਤਾਂ ਓਹੀ ਆਵਾਜ਼ ਫਿਰ ਉਸਦੇ ਕੰਨੀ ਪੈਂਦੀ ਹੈ। ਆਵਾਜ਼ ਸੁਣਦੇ ਹੀ ਉਹ ਇੱਕ ਵਾਰ ਫਿਰ ਤੋਂ ਰੁੱਕ ਜਾਂਦਾ ਹੈ ਤੇ

ਏਧਰ ਓਧਰ ਦੇਖਣ ਲਗਦਾ ਹੈ ਪਰ ਉਸ ਨੂੰ ਕਿਤੇ ਕੁਝ ਨਜ਼ਰ ਨਹੀਂ ਆਉਂਦਾ। ਪਰ ਚੀਕਾਂ ਮਾਰਨ ਤੇ ਰੋਣ ਦੀ ਆਵਾਜ਼ ਆਈ ਜਾ ਰਹੀ ਸੀ। ਉਹ ਕੁਝ ਕੁ ਕਦਮ ਪਿੱਛੇ ਵੱਲ ਭੱਜ ਕੇ ਗਿਆ, ਕੁਛ ਨਜ਼ਰ ਨਾ ਆਉਣ ਤੇ ਉਹ ਫਿਰ ਅੱਗੇ ਵੱਲ ਨੂੰ ਭੱਜ ਕੇ ਆਇਆ ਫਿਰ ਆਸੇ ਪਾਸੇ ਦੇਖਣ ਲਗ ਪਿਆ। ਥੋੜ੍ਹਾ ਵਕਤ ਲੱਭਣ ਮੰਗਰੋ ਉਸ ਨੇ ਦੇਖਿਆ ਕਿ ਸੜਕ ਦੇ ਕੰਡੇ ਲੱਗੇ ਰੁੱਖ ਹੇਠਾਂ ਪਏ ਇੱਕ ਕੂੜੇਦਾਨ ਕੋਲ ਇੱਕ ਔਰਤ ਲੰਮੇ ਪਈ ਸੀ। ਜੋ ਜ਼ੋਰ ਜ਼ੋਰ ਨਾਲ ਚੀਕਾਂ ਮਾਰ ਕੇ ਰੋ ਰਹੀ ਸੀ। ਉਹ ਭੱਜ ਕੇ ਉਸ ਦੇ ਕੋਲ ਗਿਆ। ਉਸ ਦੇ ਦੇਖਣ ਤੇ ਉਹ ਔਰਤ ਉਸ ਨੂੰ ਗਰਭਵਤੀ ਜਾਪਦੀ ਸੀ। ਜੋ ਕੇ ਪੀੜ ਦੇ ਕਾਰਨ ਤੜਪ ਰਹੀ ਸੀ।

ਆਪਣੀ ਸ਼ਰਾਬ ਵਾਲੀ ਬੋਤਲ ਇੱਕ ਪਾਸੇ ਰੱਖ ਦਿੱਤੀ ਤੇ ਜਾ ਕੇ ਔਰਤ ਕੋਲ ਬੈਠ ਗਿਆ। ਉਸ ਨੇ ਜਾ ਕੇ ਔਰਤ ਦਾ ਹੱਥ ਫੱੜ ਲਿਆ ਤੇ ਉਸ ਨੂੰ ਹੌਂਸਲਾ ਰੱਖਣ ਲਈ ਕਿਹਾ। ਉਸ ਨੇ ਕਿਹਾ ਘਬਰਾਓ ਨਾ ਮੈਂ ਹੁਣੇ ਕੋਈ ਮਦਦ ਲਈ ਕੇ ਆਉਂਦਾ ਹਾਂ। ਉਸ ਨੇ ਭੱਜ ਕੇ ਏਧਰ ਓਧਰ ਦੇਖਿਆ ਪਰ ਕਿਤੇ ਕੋਈ ਨਜ਼ਰੀ ਨਾ ਆਇਆ। ਉਸ ਨੇ ਸ਼ਰਾਬ ਤੇ ਪੀਤੀ ਹੋਈ ਸੀ ਪਰ ਉਸ ਦਾ ਸਾਰਾ ਨਸ਼ਾ ਉੱਤਰ ਗਿਆ ਪ੍ਰਤੀਤ ਹੁੰਦਾ ਸੀ। ਔਰਤ ਪੀੜ ਦੇ ਕਾਰਨ ਹੋਰ ਤੜਪ ਰਹੀ ਸੀ। ਉਸ ਨੂੰ ਕੋਈ ਰਾਹ ਨਹੀਂ ਸੀ ਲੱਭ ਰਿਹਾ

ਤੇ ਨਾ ਹੀ ਕੁਝ ਸੁੱਝ ਰਹਾ ਸੀ ਕੇ ਉਹ ਕਰੇ ਕੀ। ਓਧਰ ਔਰਤ ਦੀ ਹਾਲਤ ਹੋਰ ਖਰਾਬ ਹੋਈ ਜਾ ਰਹੀ ਸੀ। ਉਹ ਫਿਰ ਭੱਜ ਕੇ ਔਰਤ ਕੋਲ ਗਿਆ। ਔਰਤ ਦਾ ਚਹਿਰਾ ਅਥਰੂਆਂ ਨਾਲ ਭਰਿਆ ਹੋਇਆ ਸੀ। ਦਰਅਸਲ ਇਹ ਉਸ ਦਾ ਬਚੇ ਨੂੰ ਜਨਮ ਦੇਣ ਦਾ ਵੇਲਾ ਸੀ। ਜਦੋ ਕੀਤੋ ਕੁਝ ਹੱਲ ਨਾ ਨਜ਼ਰ ਆਇਆ ਤੇ ਉਸ ਨੇ ਔਰਤ ਨੂੰ ਕਿਹਾ

ਆਦਮੀ - ਘਬਰਾਓ ਨਾ ਮੈਂ ਇੱਕ ਡਾਕਟਰ ਹਾਂ।

ਔਰਤ ਹੀ ਹਾਲਾਤ ਤੋਂ ਸਾਫ਼ ਜ਼ਾਹਿਰ ਹੁੰਦਾ ਸੀ ਕਿ ਬਸ ਕੁਝ ਵਕਤ ਵਿੱਚ ਉਹ ਬਚੇ ਨੂੰ ਜਨਮ ਦੇਣ ਵਾਲੀ ਹੈ। ਔਰਤ ਨਹੀਂ ਸੀ ਜਾਣਦੀ ਕਿ ਉਹ ਸੱਚੀ ਇਕ ਡਾਕਟਰ ਹੈ ਜਾ ਫਿਰ ਉਸ ਨੇ ਔਰਤ ਦਾ ਦਿਲ ਰੱਖਣ ਲਈ ਆਪਣੇ ਆਪ ਨੂੰ ਡਾਕਟਰ ਆਖ ਕੇ ਸੰਬੋਧਨ ਕੀਤਾ ਸੀ। ਉਸ ਆਦਮੀ ਦੇ ਕਥਨ ਚ' ਕਿੰਨੀ ਸਚਾਈ ਹੈ ਇਹ ਉਸ ਵਕਤ ਔਰਤ ਦੇ ਸਮਝਣ ਤੋਂ ਬਾਹਰ ਸੀ। ਉਸ ਦਾ ਦਰਦ ਨਾਲ ਮੰਦਾ ਹਾਲ ਸੀ।

ਔਰਤ ਦੀਆ ਚੀਕਾਂ ਦੀ ਆਵਾਜ਼ ਹੋਰ ਉੱਚੀ ਹੋ ਗਈ, ਉਸ ਦਰਦ ਨੂੰ ਝੱਲਣਾ ਕਿਸੇ ਦੇ ਵੱਸ ਦੀ ਗੱਲ ਨਹੀਂ ਜੋ ਇੱਕ ਔਰਤ ਮਾਂ ਬਣਨ ਵੇਲੇ ਝੱਲਦੀ ਹੈ। ਐਨਾ ਦਰਦ ਜਿਵੇਂ ਇੱਕੋ ਵਕਤ ਪੰਜ

ਸੌ ਹੱਡੀਆਂ ਟੁੱਟ ਗਈਆਂ ਹੋਣ। ਉਹ ਆਦਮੀ ਜੋ ਇੱਕ ਸ਼ਰਾਬੀ ਸੀ ਤੇ ਆਪਣੇ ਆਪ ਨੂੰ ਡਾਕਟਰ ਦਸਦਾ ਸੀ ਉਸ ਨੇ ਆਪਣੇ ਸਿਰ ਉੱਪਰ ਬੰਨੀ ਪੱਗ ਲਾਹ ਕੇ ਉਸ ਔਰਤ ਉੱਪਰ ਦੇ ਦਿੱਤੀ। ਗਰਭਵਤੀ ਹੋਣ ਕਰਕੇ ਉਸ ਨੇ ਇੱਕ ਫਰਾਕ ਵਰਗਾ ਕੁੜਤਾ ਪਾਇਆ ਹੋਇਆ ਸੀ। ਉਹ ਇੱਕ ਡਾਕਟਰ ਦੇ ਕਿਰਦਾਰ ਅਨੁਸਾਰ ਉਸ ਔਰਤ ਦੀਆਂ ਲੱਤਾਂ ਸਾਹਮਣੇ ਆ ਬੈਠਾ....ਤੇ ਔਰਤ ਨੂੰ ਆਖਿਆ

ਡਾਕਟਰ - ਜਰਾ ਆਪਣੀਆਂ ਲੱਤਾਂ ਖੋਲੋ

ਔਰਤ ਜੋ ਕੇ ਦਰਦ ਨਾਲ ਤੜਪ ਰਹੀ ਸੀ ਉਸ ਨੇ ਉਸ ਆਦਮੀ ਦੀ ਗੱਲ ਮੰਨਣੀ ਸਹੀ ਸਮਝੀ ਜੋ ਕਿ ਆਪਣੇ ਆਪ ਨੂੰ ਡਾਕਟਰ ਦਸਦਾ ਸੀ। ਉਹ ਅਸਲ ਚ' ਡਾਕਟਰ ਸੀ ਜਾ ਨਹੀਂ ਇਹ ਰੱਬ ਨੂੰ ਜਾਣਦਾ ਸੀ।

ਡਾਕਟਰ ਨੇ ਪੱਗ ਚੁੱਕ ਕੇ ਅੰਦਰ ਦੇਖਿਆ ਤੇ ਅਜੇ ਬੱਚੇ ਦੇ ਬਾਹਰ ਆਉਣ ਦੇ ਕੋਈ ਆਸਾਰ ਨਹੀਂ ਸਨ ਨਜ਼ਰ ਆਉਂਦੇ, ਪਰ ਔਰਤ ਦਰਦ ਨਾਲ ਤੜਪ ਰਹੀ ਸੀ। ਡਾਕਟਰ ਪੱਗ ਚੋ ਬਾਹਰ ਆਇਆ ਤੇ ਉਸ ਨੇ ਔਰਤ ਆਖਿਆ.....

ਡਾਕਟਰ - ਕੋਈ ਨਾ ਘਬਰਾਵੋ ਨਾ ਤੁਸੀਂ ਜਲਦ ਹੀ ਇੱਕ ਬੱਚੇ ਨੂੰ ਜਨਮ ਦੇਵੋਗੇ, ਬੱਸ ਹੌਂਸਲਾ ਰੱਖੋ ਤੇ ਲੰਮੇ ਲੰਮੇ ਸਾਹ ਲਵੋ ।

ਔਰਤ ਲੰਮੇ ਲੰਮੇ ਸਾਹ ਲੈਣ ਲੱਗ ਪਈ।

ਡਾਕਟਰ - ਤੁਹਾਡਾ ਨਾਮ ਕੀ ਹੈ ?

ਡਾਕਟਰ ਦੇ ਨਾਮ ਪੁੱਛਣ ਤੇ ਔਰਤ ਬੋਲਣ ਲੱਗੀ ਪਰ ਦਰਦ ਕਰਕੇ ਉਸਦੀ ਹਾਲਤ ਮੰਦੀ ਸੀ, ਉਸ ਦੇ ਚੇਹਰੇ ਦੀ ਬਣਾਵਟ ਤੋਂ ਸਾਫ਼ ਪਤਾ ਲਗਦਾ ਸੀ ਕਿ ਉਸ ਨੂੰ ਕਿੰਨਾ ਕੁ ਦਰਦ ਹੋ ਰਹਾ ਹੋਵੇਗਾ, ਪਰ ਅਸਲ ਵਿੱਚ ਕੋਈ ਵੀ ਉਸ ਦਰਦ ਦਾ ਅੰਦਾਜਾ ਨਹੀਂ ਸੀ ਲਗਾ ਸਕਦਾ, ਇਹ ਬਸ ਇੱਕ ਮਾਂ ਹੀ ਇਸ ਦਰਦ ਨੂੰ ਸਮਝ ਸਕਦੀ ਹੈ।

ਉਸ ਔਰਤ ਨੇ ਦਰਦ ਝੱਲਦੇ ਹੋਏ ਵੀ ਆਪਣਾ ਨਾਮ ਦੱਸਿਆ..

ਔਰਤ - ਨੂਰਾ ...

ਬੱਸ ਉਸ ਦੇ ਮੂੰਹ ਚੋ' ਇਹੀ ਅਲਫਾਜ਼ ਨਿਕਲੇ ।

ਡਾਕਟਰ - ਨਾ ਨਾ ਹੁਣ ਹੋਰ ਨਾ ਬੋਲੋ, ਐਦਾ ਕਰੋ ਹੌਲੀ ਹੌਲੀ ਆਪਣੇ ਪੇਟ ਨੂੰ ਉਪਰੋਂ ਦਬਾਓ।

ਉਹ ਔਰਤ ਜਿਸ ਦਾ ਨਾਮ ਨੂਰਾ ਸੀ ਉਸ ਨੇ ਆਪਣੇ ਹੱਥ ਚੁੱਕੇ ਤੇ ਆਪਣੇ ਪੇਟ ਨੂੰ ਹੌਲੀ-ਹੌਲੀ ਲੱਤਾਂ ਵੱਲ ਨੂੰ ਧਕੇਲਣ ਲੱਗ ਪਈ। ਡਾਕਟਰ ਨੇ ਆਪਣੀ ਕਮੀਜ਼ ਲਾਹ ਲਈ, ਪੱਗ ਚੁੱਕੀ ਤੇ ਅੰਦਰ ਵੜ ਗਿਆ ਉਸ ਨੂੰ ਬੱਚਾ ਬਾਹਰ ਆ ਰਹਾ ਪ੍ਰਤੀਤ ਹੁੰਦਾ ਸੀ। ਉਸ ਨੇ ਨੂਰਾ ਨੂੰ ਹੋਰ ਦਬਾਉਣ ਲਈ ਆਖਿਆ, ਨੂਰਾ ਲਗਾਤਾਰ ਆਪਣੇ ਪੇਟ ਨੂੰ ਦਬਾ ਰਹੀ ਸੀ। ਇੱਕ ਤਾਂ ਨੂਰਾ ਦਰਦ ਨਾਲ ਤੜਪ ਰਹੀ ਸੀ ਤੇ ਨਾਲ ਹੀ ਉਹ ਆਪਣੇ ਪੇਟ ਨੂੰ ਦਬਾਉਣ ਦੀ ਕੋਸ਼ਿਸ਼ ਵੀ ਕਰ ਰਹੀ ਸੀ। ਬੱਚਾ ਬਾਹਰ ਆ ਰਹਾ ਸੀ, ਪਰ ਨੂਰਾ ਦਾ ਦਰਦ ਵੱਧਦਾ ਜਾ ਰਹਾ ਸੀ ਅੰਤ ਨੂਰਾ ਨੇ ਜ਼ੋਰ ਨਾਲ ਦਬਾਇਆ ਬੱਚਾ ਬਾਹਰ ਆ ਗਿਆ । ਨੂਰਾ ਨੇ ਦਬਾਉਣਾ ਬੰਦ ਕਰ ਦਿੱਤਾ ਤੇ ਉਸ ਦੀ ਇੱਕ ਉੱਚੀ ਚੀਖ ਨਿਕਲਣ ਪਿੱਛੋਂ ਚੀਕਾਂ ਵੀ ਬੰਦ ਹੋ ਗਈਆਂ। ਪਰ ਹੁਣ ਕਿਸੇ ਹੋਰ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਇਹ ਆਵਾਜ਼ ਉਸ ਨਵੀਂ ਜੰਮੀ ਬੱਚੀ ਦੀ ਸੀ।

ਡਾਕਟਰ ਨੇ ਪੱਗ ਚੋਂ' ਆਪਣਾ ਮੂੰਹ ਬਾਹਰ ਕੱਢਿਆ । ਉਸ ਦੇ ਹੱਥਾਂ ਵਿੱਚ ਇੱਕ ਬੱਚਾ ਸੀ ਜੋ ਕੇ ਡਾਕਟਰ ਨੇ ਆਪਣੀ ਲਾਹੀ ਹੋਈ ਕਮੀਜ਼ ਚ' ਲਪੇਟਿਆ ਹੋਇਆ ਸੀ। ਨੂਰਾ ਆਪਣੇ

ਬੱਚੇ ਨੂੰ ਦੇਖ ਰਹੀ ਸੀ ਉਸ ਦੀਆਂ ਅੱਖਾਂ ਵਿੱਚ ਅੱਥਰੂ ਸਨ। ਉਸ ਵਕਤ ਕੋਈ ਇਹ ਨਹੀਂ ਸੀ ਦਸ ਸਕਦਾ ਇਹ ਅੱਥਰੂ ਖੁਸ਼ੀ ਦੇ ਸੀ ਜਾ ਫਿਰ ਦਰਦ ਦੇ। ਇਸ ਸਵਾਲ ਦਾ ਜਵਾਬ ਸ਼ਾਇਦ ਕਿਸੇ ਕੋਲ ਵੀ ਨਾ ਹੋਵੇ। ਬੱਚਾ ਡਾਕਟਰ ਦੇ ਹੱਥਾਂ ਵਿੱਚ ਸੀ ਪਰ ਉਹ ਏਧਰ ਓਧਰ ਦੇਖ ਰਹਾ ਸੀ। ਦਰਅਸਲ ਉਹ ਬੱਚੇ ਦਾ ਨਾੜੂ ਕੱਟਣ ਲਈ ਕੁਝ ਲਾਭ ਰਹਾ ਸੀ। ਪਰ ਉਸ ਨੂੰ ਕਿਤੇ ਕੁਝ ਨਜ਼ਰ ਨਹੀਂ ਸੀ ਆ ਰਹਾ। ਅਚਾਨਕ ਉਸ ਦੀ ਨਜ਼ਰ ਸ਼ਰਾਬ ਦੀ ਬੋਤਲ ਉੱਤੇ ਪਈ, ਪਹਿਲਾ ਤਾਂ ਉਸ ਨੂੰ ਇਹ ਤਰੀਕਾ ਸਹੀ ਨਾ ਲੱਗਾ ਪਰ ਉਸ ਦੇ ਕੋਲ ਹੋਰ ਕੋਈ ਹੱਲ ਵੀ ਨਹੀਂ ਸੀ ਉਸ ਨੇ ਬੋਤਲ ਫੜੀ ਤੇ ਸ਼ਰਾਬ ਡੋਲ੍ਹ ਕੇ ਬੋਤਲ ਹੇਠਾਂ ਮਾਰ ਕੇ ਤੋੜ ਦਿੱਤੀ ਤੇ ਉਸ ਬੋਤਲ ਦੇ ਇੱਕ ਕੱਚ ਦੇ ਟੁਕੜੇ ਨਾਲ ਨਾੜੂ ਕੱਟ ਦਿੱਤਾ। ਉਹ ਆਪਣੀ ਜਗ੍ਹਾ ਤੋਂ ਉਠਿਆ ਤੇ ਨੂਰਾ ਤੇ ਸਿਰ ਵਾਲੇ ਪਾਸੇ ਆ ਕੇ ਗੋਡਿਆਂ ਭਾਰ ਬੈਠ ਗਿਆ। ਤੇ ਨੂਰਾ ਨੂੰ ਆਸਰਾ ਦੇ ਕੇ ਰੁੱਖ ਨਾਲ ਢੋ ਲਵਾ ਦਿੱਤੀ, ਤੇ ਨੂਰਾ ਨੂੰ ਆਖਿਆ ....

ਡਾਕਟਰ - ਮੁਬਾਰਕਾਂ ਹੋਣ ਤੁਸਾਂ ਇੱਕ ਬੱਚੀ ਨੂੰ ਜਨਮ ਦਿੱਤਾ ਹੈ ।

ਡਾਕਟਰ ਨੇ ਨਵੀਂ ਜੰਮੀ ਬੱਚੀ ਨੂਰਾ ਨੂੰ ਜੋ ਕਿ ਉਸ ਬੱਚੀ ਦੀ ਮਾਂ ਸੀ ਉਸ ਨੂੰ ਫੜਾ ਦਿੱਤੀ। ਨੂਰਾ ਦੀਆਂ ਅੱਖਾਂ ਅਥਰੂਆਂ

ਨਾਲ ਭਰੀਆਂ ਹੋਇਆਂ ਸਨ ਪਰ ਉਸ ਦੇ ਚੇਹਰੇ ਤੇ ਚਮਕ ਵੀ ਆ ਰਹੀ ਸੀ। ਬੱਚੀ ਬਹੁਤ ਹੀ ਪਿਆਰੀ ਸੀ, ਨੂਰਾ ਨੂੰ ਇਹ ਉਸਦੇ ਆਪਣੇ ਬਚਪਨ ਦੇ ਰੂਪ ਵਰਗੀ ਜਾਪੀ। ਨੂਰਾ ਨੇ ਉਸ ਨੂੰ ਚੁੰਮਣਾ ਸ਼ੁਰੂ ਕਰ ਦਿੱਤਾ ਪਰ ਉਹ ਰੋ ਵੀ ਰਹੀ ਸੀ। ਦੋਨੋ ਮਾਵਾਂ ਧੀਆਂ ਰੋ ਰਹੀਆਂ ਸਨ ਪਰ ਇਸ ਵਾਰ ਆਵਾਜ਼ ਸਿਰਫ ਨਵੀਂ ਜੰਮੀ ਬੱਚੀ ਦੀ ਆ ਰਹੀ ਸੀ। ਡਾਕਟਰ ਓਹਨਾ ਦੇ ਕੋਲ ਹੀ ਬੈਠਾ ਸੀ ਤੇ ਖੁਸ਼ ਵੀ ਸੀ। ਡਾਕਟਰ ਨੇ ਨੂਰਾ ਨੂੰ ਆਪਣੀ ਬੱਚੀ ਨੂੰ ਪਿਆਰ ਕਰਦਿਆਂ ਦੇਖ ਰਹਾ ਸੀ। ਉਸ ਨੇ ਨੂਰਾ ਨੂੰ ਪੁੱਛਿਆ...

ਡਾਕਟਰ - ਕੀ ਨਾਮ ਰੱਖੋਗੇ ਇਸ ਦਾ ?

ਨੂਰਾ ਨੇ ਡਾਕਟਰ ਵੱਲ ਦੇਖਿਆ। ਉਸ ਦੀਆਂ ਅੱਖਾਂ ਚ' ਸਾਫ਼ ਨਜ਼ਰ ਆ ਰਹਾ ਸੀ ਕਿ ਉਹ ਉਸ ਡਾਕਟਰ ਦੀ ਕਿੰਨੀ ਧੰਨਵਾਦੀ ਸੀ। ਪਰ ਨੂਰਾ ਦੇ ਕੋਲ ਲਫ਼ਜ਼ ਨਹੀਂ ਸਨ ਡਾਕਟਰ ਦਾ ਧੰਨਵਾਦ ਕਰਨ ਲਈ। ਉਸ ਨੇ ਡਾਕਟਰ ਨੂੰ ਕਿਹਾ...

ਨੂਰਾ - ਤੁਸੀਂ ਇਸ ਦੇ ਜਨਮ ਦਾਤਾ ਹੋ ਇਸਦਾ ਨਾਮ ਰੱਖਣ ਦਾ ਹੱਕ ਵੀ ਤੁਹਾਨੂੰ ਹੀ ਹੈ।

ਡਾਕਟਰ ਨੂਰਾ ਦੇ ਕੀਤੇ ਇਸ ਸਤਿਕਾਰ ਲਈ ਅਭਾਰੀ ਸੀ, ਡਾਕਟਰ ਨੇ ਕਿਹਾ ..

ਡਾਕਟਰ - ਅਗਰ ਮੇਰੀ ਧੀ ਹੁੰਦੀ ਤਾਂ ਮੈਂ ਉਸ ਦਾ ਨਾਮ ਸ਼ਹਿਨਾਜ਼ ਰੱਖਦਾ।

ਨੂਰਾ - ਅਸਲ ਵਿੱਚ ਇਹ ਆਪ ਦੀ ਹੀ ਧੀ ਹੈ, ਕਿਉਂਕਿ ਤੁਸੀਂ ਹੀ ਇਸਦੇ ਜਨਮ ਦਾਤਾ ਹੋ। ਮੈਂ ਇਸ ਦਾ ਨਾਮ ਸ਼ਹਿਨਾਜ਼ ਹੀ ਰੱਖੇਗੀ।

ਨੂਰਾ ਦਾ ਜਵਾਬ ਸੁਣ ਕੇ ਡਾਕਟਰ ਦੀਆਂ ਅੱਖਾਂ ਭਰ ਆਈਆਂ । ਅਚਾਨਕ ਉਸ ਨੂੰ ਇੱਕ ਗੱਡੀ ਆਉਂਦੀ ਨਜ਼ਰ ਆਈ। ਉਹ ਆਪਣੀ ਜਗ੍ਹਾ ਤੋਂ ਉਠਿਆ ਤੇ ਗੱਡੀ ਨੂੰ ਰੁੱਕਣ ਦੇ ਇਸ਼ਾਰੇ ਕਰਨ ਲੱਗ ਪਿਆ। ਗੱਡੀ ਉਸ ਦੇ ਕੋਲ ਆ ਖਲੋਈ। ਇਹ ਇੱਕ ਪੁਰਾਣੇ ਜ਼ਮਾਨੇ ਦੀ ਅੰਬੈਸਡਰ ਜਾਪਦੀ ਸੀ। ਡਾਕਟਰ ਭੱਜ ਕੇ ਡਰਾਇਵਰ ਦੇ ਕੋਲ ਗਿਆ। ਡਰਾਇਵਰ ਇੱਕ ਮੁਸਲਿਮ ਭਾਈ ਸੀ, ਜਿਸ ਦੇ ਸਿਰ ਉੱਪਰ ਇੱਕ ਨੋਕੀਲੀ ਟੋਪੀ ਤੇ ਉਸ ਨੇ ਦਾਹੜੀ ਰਾਖੀ ਹੋਈ ਸੀ। ਡਰਾਇਵਰ ਨੇ ਡਾਕਟਰ ਦੀ ਹਾਲਤ ਦੇਖੀ, ਦੇਖਣ ਤੇ ਹੀ ਪਤਾ ਲੱਗ ਗਿਆ ਸੀ ਕਿ ਉਹ ਇੱਕ ਸਰਦਾਰ ਹੈ। ਪਰ ਉਸ ਦੇ ਸਿਰ ਨੇ ਨਾ ਤਾਂ ਪੱਗ ਸੀ ਤੇ ਨਾ ਹੀ ਗਲ ਕੋਈ ਕਮੀਜ਼ ਸੀ ਬਸ ਉਸ ਨੇ ਕੇਸ਼ ਰੱਖੇ ਹੋਏ ਸਨ ਜਿਸ ਤੋਂ ਉਸ ਦੀ ਪਹਿਚਾਣ ਹੁੰਦੀ ਸੀ। ਪਰ ਡਾਕਟਰ ਦੇ ਮੂੰਹ ਚੋ ਸ਼ਰਾਬ ਦੀ

ਬਾਸ਼ਨਾ ਆ ਰਹੀ ਸੀ। ਮੁਸ਼ਲਿਮ ਭਾਈ ਨੇ ਸਰਦਾਰ ਦੀ ਹਾਲਤ ਦੇਖ ਕਿ ਕਿਹਾ ..

ਮੁਸਲਿਮ ਭਾਈ - ਓਹ... ਕਿ ਗੱਲ ਹੋ ਗਈ ਸਰਦਾਰ ਜੀ?

ਡਾਕਟਰ - ਭਾਈ ਜੀ ਥੋੜੀ ਜਿਹੀ ਮਦਦ ਕਰ ਦੇਵੋ, ਇੱਕ ਔਰਤ ਦੀ ਹਾਲਤ ਬਹੁਤ ਗੰਭੀਰ ਹੈ।

ਮੁਸਲਿਮ ਭਾਈ ਜਲਦੀ ਨਾਲ ਗੱਡੀ ਚੋ ਉੱਤਰਿਆ ਤੇ ਬੋਲਿਆ ...

ਮੁਸਲਿਮ ਭਾਈ - ਸਰਦਾਰ ਜੀ ਗੱਲ ਤਾਂ ਦੱਸੋ ਕੀ ਹੋਈ ?

ਡਾਕਟਰ ਨੇ ਸਾਰੀ ਗੱਲ ਮੁਸਲਿਮ ਭਾਈ ਨੂੰ ਦੱਸੀ । ਡਾਕਟਰ ਦੀ ਗੱਲ ਸੁਨਣ ਪਿੱਛੋਂ ਮੁਸ਼ਲਿਮ ਭਾਈ ਨੇ ਹੈਰਾਨੀ ਨਾਲ ਪੁੱਛਿਆ।

ਮੁਸਲਿਮ ਭਾਈ - ਕਿਥੇ ਹੈ ਉਹ ਔਰਤ ?

ਡਾਕਟਰ ਉਸ ਮੁਸ਼ਲਿਮ ਭਾਈ ਨੂੰ ਨੂਰਾ ਕੋਲ ਲੈ ਗਿਆ ।

ਉਹ ਜਲਦੀ ਨਾਲ ਨੂਰਾ ਕੋਲ ਪੁੱਜ ਗਏ । ਡਾਕਟਰ ਨੇ ਨੂਰਾ ਕੋਲੋਂ ਬੱਚੀ ਲੈ ਕੇ ਮੁਸਲਿਮ ਭਾਈ ਨੂੰ ਫੜਾ ਦਿੱਤੀ। ਤੇ ਆਪ ਨੂਰਾ ਨੂੰ ਆਪਣੀਆਂ ਬਾਹਾਂ ਵਿਚ ਚੁੱਕ ਲਿਆ। ਮੁਸਲਿਮ ਭਾਈ ਨੇ

ਜਲਦੀ ਨਾਲ ਜਾ ਕੇ ਗੱਡੀ ਦੀ ਪਿਛਲੀ ਬਾਰੀ ਖੋਲੀ। ਡਾਕਟਰ ਨੇ ਨੂਰਾ ਨੂੰ ਗੱਡੀ ਦੀ ਪਿਛਲੀ ਸ਼ੀਟ ਤੇ ਲਿਟਾ ਦਿੱਤਾ ਤੇ ਬਾਰੀ ਬੰਦ ਕਰ ਦਿੱਤੀ। ਮੁਸਲਿਮ ਭਾਈ ਨੇ ਨਵੀਂ ਜੰਮੀ ਬੱਚੀ ਨੂੰ ਡਾਕਟਰ ਨੂੰ ਫੜਾ ਦਿੱਤਾ ਤੇ ਆਪ ਜਲਦੀ ਨਾਲ ਡਰਾਇਵਰ ਵਾਲੀ ਸ਼ੀਟ ਤੇ ਬੈਠ ਗਿਆ। ਡਾਕਟਰ ਵੀ ਜਲਦੀ ਨਾਲ ਗੱਡੀ ਦੇ ਦੂਜੇ ਪਾਸੇ ਵਾਲੀ ਬਾਰੀ ਕੋਲ ਗਿਆ ਤੇ ਡਰਾਇਵਰ ਦੇ ਨਾਲ ਵਾਲੀ ਸ਼ੀਟ ਦੀ ਬਾਰੀ ਖੋਲ ਕੇ ਅੰਦਰ ਬੈਠ ਗਿਆ ਤੇ ਬਾਰੀ ਬੰਦ ਕਰ ਦਿੱਤੀ। ਉਸ ਨੇ ਬੱਚੀ ਨੂੰ ਗੋਦ ਵਿੱਚ ਚੁੱਕਿਆ ਹੋਇਆ ਸੀ ਜਿਸ ਨੂੰ ਉਸ ਨੇ ਆਪਣੀ ਕਮੀਜ਼ ਵਿੱਚ ਲਪੇਟਿਆ ਹੋਇਆ ਸੀ। ਮੁਸਲਿਮ ਭਾਈ ਨੇ ਗੱਡੀ ਚਾਲੂ ਕੀਤੀ ਤੇ ਜਲਦੀ ਨਾਲ ਓਥੋਂ ਚੱਲ ਪਏ।

ਕੁਝ ਕੁ ਵਕਤ ਪਿੱਛੋਂ ਉਹਨਾਂ ਗੱਡੀ ਇੱਕ ਹਸਪਤਾਲ ਦੇ ਐਮਰਜੰਸੀ ਦੇ ਗੇਟ ਸਾਹਮਣੇ ਖੜੀ ਕਰ ਦਿੱਤੀ। ਉਹ ਜਲਦੀ ਨਾਲ ਗੱਡੀ ਵਿੱਚੋ ਉੱਤਰੇ। ਗੱਡੀ ਨੂੰ ਦੇਖ ਕੇ ਐਮਰਜੰਸੀ ਦੇ ਗੇਟ ਬਾਹਰ ਲੱਗੇ ਕਰਮਚਾਰੀ ਜਲਦੀ ਨਾਲ ਰਿੜਨ ਵਾਲਾ ਬੈਡ ਜਿਸ ਨੂੰ ਅੰਗਰੇਜ਼ੀ ਚ' ਸਟ੍ਰੇਟਚਰ ਆਖਦੇ ਨੇ ਲੈ ਕੇ ਗੱਡੀ ਕੋਲ ਆ ਗਏ। ਮੁਸਲਿਮ ਭਾਈ ਨੇ ਜਲਦੀ ਨਾਲ ਗੱਡੀ ਦੀ ਪਿਛਲੀ ਬਾਰੀ ਖੋਲ੍ਹੀ ਤੇ ਕਰਮਚਾਰੀਆਂ ਦੀ ਮਦਦ ਨਾਲ ਨੂਰਾ ਨੂੰ ਬੈਡ ਉੱਪਰ

ਲਿਟਾ ਦਿੱਤਾ। ਉਹ ਜਲਦੀ ਨਾਲ ਨੂਰਾ ਨੂੰ ਲੈ ਕੇ ਅੰਦਰ ਵੱਲ ਨੂੰ ਵੱਧ ਗਏ। ਡਾਕਟਰ ਵੀ ਨਵੀਂ ਜੰਮੀ ਬੱਚੀ ਨੂੰ ਚੁੱਕ ਕੇ ਨਾਲ ਲੈ ਗਿਆ ।

ਜਲਦੀ ਹੀ ਉਹ ਓਪਰੇਸ਼ਨ ਵਾਲੇ ਕਮਰੇ ਕੋਲ ਜਾ ਪੁੱਜੇ ਇੱਕ ਡਾਕਟਰ ਆਈ ਤੇ ਉਹ ਨੂਰਾ ਨੂੰ ਜਲਦੀ ਨਾਲ ਓਪਰੇਸ਼ਨ ਵਾਲੇ ਕਮਰੇ ਵਿੱਚ ਲੈ ਗਏ, ਉਸ ਨਾਲ ਤਿੰਨ ਸਹਾਇਕ ਵੀ ਗਏ। ਇੱਕ ਨਰਸ ਜਿਸ ਦੇ ਹੱਥ ਵਿੱਚ ਇੱਕ ਤੌਲੀਆ ਸੀ, ਉਹ ਡਾਕਟਰ ਕੋਲ ਆਈ ਜੋ ਕੇ ਉਹ ਸਰਦਾਰ ਸੀ ਤੇ ਉਸ ਨਰਸ ਨੇ ਡਾਕਟਰ ਕੋਲੋਂ ਬੱਚੀ ਨੂੰ ਲੈ ਕੇ ਉਸ ਤੌਲੀਆ ਚ' ਲਪੇਟ ਦਿੱਤਾ ਤੇ ਖ਼ੂਨ ਨਾਲ ਭਰੀ ਉਹ ਕਮੀਜ਼ ਡਾਕਟਰ ਨੂੰ ਵਾਪਿਸ ਦੇ ਦਿੱਤੀ। ਨਰਸ ਬੱਚੀ ਨੂੰ ਨਾਲ ਲੈ ਕੇ ਬੱਚਿਆਂ ਵਾਲੀ ਵਾਰਡ ਵਿੱਚ ਚਲੀ ਗਈ । ਡਾਕਟਰ ਓਥੇ ਹੀ ਖੜਾ ਰਹਾ। ਐਨੂ ਨੂੰ ਮੁਸਲਿਮ ਭਾਈ ਸਰਦਾਰ ਜੀ ਕੋਲ ਆ ਗਿਆ । ਤੇ ਆ ਕੇ ਪੁੱਛਣ ਲੱਗ ਪਿਆ ...

ਮੁਸਲਿਮ ਭਾਈ - ਸਰਦਾਰ ਜੀ ਕੀ ਆਖਦੇ ਨੇ ਡਾਕਟਰ?

ਸਰਦਾਰ ਜੀ (ਡਾਕਟਰ) - ਅਜੇ ਤਾਂ ਭਾਈ ਜੀ ਕੋਈ ਬਾਹਰ ਨਹੀਂ ਆਇਆ।

ਐਨੇ ਨੂੰ ਇੱਕ ਨਰਸ ਬਾਹਰ ਆਉਂਦੀ ਹੈ। ਦਰਅਸਲ ਉਸ ਦੇ ਹੱਥ ਵਿੱਚ ਇੱਕ ਪਰਚੀ ਸੀ ਜਿਸ ਉੱਪਰ ਕੁਝ ਦਵਾਈਆਂ ਲਿਖੀਆਂ ਹੋਈਆਂ ਸਨ। ਨਰਸ ਉਹ ਦਵਾਈਆਂ ਲੈਣ ਲਈ ਬਾਹਰ ਆ ਰਹੀ ਸੀ। ਨਰਸ ਨੂੰ ਆਉਂਦੀ ਦੇਖ ਕੇ ਡਾਕਟਰ ਭੱਜ ਕੇ ਨਰਸ ਕੋਲ ਗਿਆ।

ਡਾਕਟਰ - ਸਿਸਟਰ ਕੀ ਹਾਲ ਹੈ ਨੂਰਾ ਦਾ?

ਨਰਸ - ਘਬਰਾਉਣ ਦੀ ਗੱਲ ਨਹੀਂ ਡਾਕਟਰ ਸਾਹਿਬ ਉਹ ਬਿਲਕੁਲ ਠੀਕ ਠਾਕ ਨੇ।

ਐਨਾ ਕਹਿ ਕੇ ਨਰਸ ਦਵਾਈਆਂ ਲੈਣ ਚਲੀ ਗਈ। ਮੁਸਲਿਮ ਭਾਈ ਡਾਕਟਰ ਦੇ ਕੋਲ ਆਇਆ ਤੇ ਉਸ ਨੇ ਕਿਹਾ ....

ਮੁਸਲਿਮ ਭਾਈ - ਚੰਗਾ ਸਰਦਾਰ ਜੀ ਮੈਂ ਚਲਦਾ ਹਾਂ, ਘਰਦੇ ਫਿਕਰ ਕਰਦੇ ਹੋਣਗੇ।ਮੈਂ ਫਿਰ ਆਵਾਂਗਾ ਬੀਬੀ ਜੀ ਦਾ ਪਤਾ ਲੈਣ। ਅੱਲ੍ਹਾ ਮੇਹਰਬਾਨ ਹੋਣਗੇ।

ਡਾਕਟਰ ਨੇ ਮੁਸਲਿਮ ਭਾਈ ਦਾ ਹੱਥ ਜੋੜ ਕੇ ਧੰਨਵਾਦ ਕੀਤਾ। ਡਾਕਟਰ ਮੁਸਲਿਮ ਭਾਈ ਦੀ ਇਸ ਕੀਤੀ ਮਦਦ ਲਈ ਦਿਲੋਂ ਧੰਨਵਾਦੀ ਸੀ। ਮੁਸਲਿਮ ਭਾਈ ਅੱਲ੍ਹਾ ਹਾਫਿਜ਼ ਬੁਲਾ ਕੇ

ਓਥੋਂ ਚਲਾ ਗਿਆ। ਕੁਝ ਸਮੇਂ ਪਿੱਛੋਂ ਡਾਕਟਰ ਵੀ ਓਥੋ ਤੁਰ ਪਿਆ ਕਿਉਂਕਿ ਉਹ ਨੂਰਾ ਦੇ ਚੱਕਰ ਚ' ਆਪਣੇ ਘਰ ਬਾਰੇ ਭੁੱਲ ਹੀ ਗਿਆ ਸੀ। ਅੰਤ ਉਹ ਵੀ ਹੱਥ ਚ' ਫੜੀ ਖ਼ੂਨ ਨਾਲ ਭਰੀ ਕਮੀਜ਼ ਲੈ ਕੇ ਘਰ ਨੂੰ ਤੁਰ ਪਿਆ।

ਕੁਝ ਵਕਤ ਪਿੱਛੋਂ ਇੱਕ ਨਰਸ ਫਿਰ ਬਾਹਰ ਆਈ ਤਾਂ ਉਸ ਨੇ ਦੇਖਿਆ ਕਿ ਬਾਹਰ ਕੋਈ ਨਹੀਂ ਸੀ। ਉਹ ਡਾਕਟਰ ਨੂੰ ਅੰਦਰ ਲੈ ਜਾਣ ਵਾਸਤੇ ਬੁਲਾਉਣ ਆਈ ਸੀ। ਕਿਉਂਕਿ ਨੂਰਾ ਉਸ ਡਾਕਟਰ ਦਾ ਧੰਨਵਾਦ ਕਰਨਾ ਚਾਹੁੰਦੀ ਸੀ। ਪਰ ਡਾਕਟਰ ਓਥੋ ਜਾ ਚੁਕਾ ਸੀ।

ਨੂਰਾ ਕੌਣ ਸੀ? ਉਹ ਏਨੀ ਨਾਜ਼ੁਕ ਹਾਲਤ ਵਿਚ ਐਨੀ ਰਾਤ ਨੂੰ ਘਰ ਤੋਂ ਬਾਹਰ ਕੀ ਕਰ ਰਹੀ ਸੀ ਤੇ ਕੌਣ ਸੀ ਉਸ ਦੀ ਇਸ ਹਾਲਤ ਦਾ ਜ਼ੁੰਮੇਵਾਰ? ਕੀ ਉਹ ਸ਼ਰਾਬੀ ਸੱਚਮੁੱਚ ਹੀ ਇੱਕ ਡਾਕਟਰ ਸੀ ਜਾ ਫਿਰ ਉਸ ਨੇ ਬੱਸ ਨੂਰਾ ਨੂੰ ਹੌਂਸਲਾ ਦੇਣ ਲਈ ਆਪਣੇ ਆਪ ਨੂੰ ਡਾਕਟਰ ਕਿਹਾ ਸੀ ? ਅਗਰ ਉਹ ਡਾਕਟਰ ਨਹੀਂ ਸੀ ਤਾਂ ਫਿਰ ਹਸਪਤਾਲ ਦੀ ਨਰਸ ਨੇ ਉਸ ਨੂੰ ਡਾਕਟਰ ਸਾਹਿਬ ਕਹਿ ਕੇ ਕਿਉਂ ਸੰਬੋਧਨ ਕੀਤਾ ਸੀ? ਬਹੁਤ ਸਾਰੇ ਸਵਾਲ ਨੇ ਜਿਨ੍ਹਾਂ ਦੇ ਜਵਾਬ ਅਗਲੇ ਭਾਗ ਵਿਚ ਨੇ ।

ਦਰਅਸਲ ਇਹ ਕਹਾਣੀ ਇਨਸਾਨੀਅਤ ਦੇ ਭਾਵ ਨੂੰ ਤੇ ਇੱਕ ਔਰਤ ਤੇ ਹੁੰਦੇ ਜ਼ੁਲਮ ਤੇ ਧਾਰਮਿਕ ਭਾਈਚਾਰੇ ਦੇ ਸੁਮੇਲ ਨੂੰ ਬਿਆਨ ਕਰਦੀ ਹੈ। ਕਿਸੇ ਨੂੰ ਇਹ ਕਹਾਣੀ ਅਸ਼ਲੀਲ ਵੀ ਲੱਗ ਸਕਦੀ ਹੈ ਪਰ ਕਿਸੇ ਨੂੰ ਇਹ ਔਰਤ ਦੇ ਦਰਦ ਨੂੰ ਬਿਆਨ ਕਰਨ ਵਾਲੀ ਕੋਸ਼ਿਸ਼ ਵੀ ਲੱਗ ਸਕਦੀ ਹੈ। ਹਰ ਪੜਨ ਵਾਲੇ ਦਾ ਆਪਣਾ ਨਜ਼ਰੀਆ ਹੁੰਦਾ ਹੈ। ਅਤਿਆਚਾਰ ਐਨਾ ਵੱਧ ਗਿਆ ਜਿਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਦੁਨੀਆਂ ਨੂੰ ਸਭ ਕੁਝ ਨਜ਼ਰ ਆਉਂਦੇ ਹੋਏ ਵੀ ਓਹਨਾ ਆਪਣੀਆਂ ਅੱਖਾਂ ਇੱਕ ਘੁੱਗੀ ਵਾਂਗ ਬੰਦ ਕੀਤੀਆਂ ਹੋਈਆਂ ਨੇ। ਪਰ ਉਹ ਇਸ ਗੱਲ ਨੂੰ ਜਾਣਦੇ ਹੋਏ ਵੀ ਕਿ ਘੁੱਗੀ ਦਾ ਸ਼ਿਕਾਰ ਵੀ ਇੱਕ ਦਿਨ ਜ਼ਰੂਰ ਹੁੰਦਾ ਹੈ ਤਦ ਵੀ ਅਣਜਾਣ ਬਣਨ ਦਾ ਦਿਖਾਵਾ ਕਰਦੇ ਨੇ।

ਹਰ ਇਨਸਾਨ ਵਿਚ ਇਨਸਾਨੀਅਤ ਹੁੰਦੀ ਹੈ ਬਸ ਜਿਆਦਾਤਰ ਲੋਕ ਇਸ ਨੂੰ ਅੰਦਰ ਦੱਬ ਕੇ ਰੱਖਦੇ ਨੇ। ਇਨਸਾਨ ਇਸੇ ਕਰਕੇ ਇਨਸਾਨ ਹੈ ਕਿਉਂਕਿ ਉਸ ਦੇ ਅੰਦਰ ਇਨਸਾਨੀਅਤ ਹੈ, ਜਿਸ ਦੇ ਅੰਦਰ ਇਨਸਾਨੀਅਤ ਨਹੀਂ ਉਹ ਇਨਸਾਨ ਵੀ ਨਹੀਂ ਹੋ ਸਕਦਾ। ਉਹ ਜਾਨਵਰ ਤੋਂ ਭੈੜਾ ਹੈ। ਬਸ ਉਸ ਲਈ ਸ਼ੈਤਾਨ ਸਬਦ ਵਰਤਣਾ ਹੀ ਸਹੀ ਹੋਵੇਗਾ।

ਚਹੀਰ

[ਭਾਗ ਦੂਜਾ]

ਪੀਤ ਸਿੰਘ ਭੱਟੀ

ਖ਼ੂਨੀ ਕਮੀਜ਼(ਭਾਗ ਦੂਜਾ)

"ਹੱਕ ਸਭ ਦੇ ਬਰਾਬਰ ਦੇ ਨੇ, ਨਾ ਕਿਸੇ ਦੇ ਘੱਟ ਤੇ ਨਾ ਕਿਸੇ ਦੇ ਵੱਧ ਨੇ। ਜੇ ਸੂਰਜ ਆਪਣੀ ਰੋਸ਼ਨੀ ਦੇਣ ਵਿਚ ਵਿਤਕਰਾ ਨਹੀਂ ਕਰਦਾ, ਹਵਾ ਕੋਈ ਵਿਤਕਰਾ ਨਹੀਂ ਕਰਦੀ, ਪਾਣੀ ਕੋਈ ਵਿਤਕਰਾ ਨਹੀਂ ਕਰਦਾ ਤਾਂ ਫਿਰ ਸਾਡੀ ਮਨੁੱਖਾਂ ਦੀ ਔਕਾਤ ਹੀ ਕੀ ਹੈ ਕਿ ਅਸੀਂ ਆਪੋ-ਆਪਣੇ ਹੱਕਾਂ ਦੇ ਦਾਅਵੇ ਕਰਦੇ ਫਿਰਦੇ ਹਾਂ। ਜਾਨਵਰ ਕੋਈ ਭੇਦ ਭਾਵ ਨਹੀਂ ਕਰਦੇ ਕਿਉਂਕਿ ਉਹਨਾਂ ਵਿੱਚ ਵੈਰ ਦੀ ਭਾਵਨਾ ਨਹੀਂ ਹੁੰਦੀ ਉਹ ਖ਼ੁਦਾ ਦੇ ਨਿਯਮ ਅਨੁਸਾਰ ਆਪਣੀ ਜ਼ਿੰਦਗੀ ਬਾਖ਼ੂਬੀ ਢੰਗ ਨਾਲ ਜੀ ਰਹੇ ਨੇ। ਹਿੰਦੂ ਆਖਦਾ ਮੈਂ ਦੁਨੀਆ ਤੇ ਪਹਿਲਾਂ ਆਇਆਂ, ਮੁਸਲਿਮ ਆਖਦਾ ਮੈਂ ਪਹਿਲਾਂ ਆਇਆਂ ਹਰ ਧਰਮ ਦਾ ਬੰਦਾ ਬਸ ਏਸੇ ਉਲਝਣ ਵਿੱਚ ਫਸਿਆ ਹੈ। ਇਹ ਮਾਇਨੇ ਨਹੀਂ ਰੱਖਦਾ ਕਿ ਕੌਣ ਜੱਗ ਤੇ ਪਹਿਲਾਂ ਆਇਆ, ਕਿਉਂਕਿ ਕੋਈ ਇਸਦਾ ਜੁਆਬ ਨਹੀਂ ਲੱਭ ਸਕਦਾ ਤੇ ਨਾ ਹੀ ਇਸ ਜੱਗ ਤੇ ਇਸ ਲਈ ਜਗ੍ਹਾ ਹੈ। ਅਸਲ ਵਿੱਚ ਪ੍ਰਮਾਤਮਾ ਸਿਰਫ ਇਨਸਾਨ ਬਣਾਉਂਦਾ ਹੈ ਤੇ ਇਨਸਾਨ ਨੇ ਧਰਮ ਬਣਾ ਦਿੱਤੇ, ਜਾਤਾਂ ਬਣਾ ਦਿੱਤੀਆਂ ਪਰ ਕਿਸੇ ਨੇ ਵੀ ਇਨਸਾਨੀਅਤ ਦੇ ਭੇਦ ਨੂੰ ਨਾ ਸਮਝਿਆ। ਬਸ ਵਿਰਲੇ ਹੀ ਇਸ ਤੱਥ ਨੂੰ ਸਮਝ ਸਕੇ ਨੇ। ਅਗਰ ਮੇਰੇ ਅੰਮੀ-ਅੱਬੂ ਮੁਸਲਿਮ ਨੇ ਤਾਂ ਮੇਰਾ ਧਰਮ

ਮੁਸਲਿਮ ਹੋ ਗਿਆ, ਮੇਰਾ ਧਰਮ ਹਿੰਦੂ, ਸਿੱਖ ਜਾਂ ਫਿਰ ਕੋਈ ਹੋਰ ਕਿਉਂ ਨਹੀਂ ਹੋ ਸਕਦਾ। ਕਿਉਂ ਮੈਨੂੰ ਦੂਸਰੇ ਧਰਮ ਵਿੱਚ ਆਉਣ ਲਈ ਉਸ ਦੇ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਨਾ ਪਵੇਗਾ ਕੀ ਮੇਰੀ ਜ਼ਿੰਦਗੀ ਨਾਲੋਂ ਮੇਰਾ ਧਰਮ ਮਾਇਨੇ ਰੱਖਦਾ ਹੈ? ਐਦਾਂ ਦੇ ਬਹੁਤ ਸਾਰੇ ਸਵਾਲ ਨੇ ਜੋ ਕਿਸੇ ਦੇ ਪੁੱਛੇ ਜਾਣ ਤੇ ਉਸ ਨੂੰ ਆਪਣੇ ਧਰਮ ਪ੍ਰਤੀ ਗੱਦਾਰ ਕਰਾਰ ਦਿੱਤਾ ਜਾਵੇਗਾ। ਪਰ ਮੈਂ ਨਹੀਂ ਸਮਝਦੀ ਕਿ ਇਨਸਾਨੀਅਤ ਤੋਂ ਇਲਾਵਾ ਵੀ ਕੋਈ ਹੋਰ ਵੱਡਾ ਧਰਮ ਹੋ ਸਕਦਾ ਹੈ। ਧਰਮ ਇਨਸਾਨੀਅਤ ਨੂੰ ਜੋੜਣ ਲਈ ਨੇ, ਨਾ ਕਿ ਤੋੜਨ ਲਈ".....।

ਅਜੇ ਉਹ ਰੁਕੀ ਹੀ ਸੀ ਤਾਂ ਸਭ ਨੇ ਆਪਣੀ ਜਗ੍ਹਾ ਤੋਂ ਖੜੇ ਹੋ ਕੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਨੂਰਾ ਸਭ ਵੱਲੋਂ ਦਿੱਤੇ ਇਸ ਸਤਿਕਾਰ ਲਈ ਅਭਾਰੀ ਸੀ। ਉਹ ਸਭ ਦਾ ਦਿਲੋਂ ਸ਼ੁਕਰੀਆ ਕਰਦੀ ਸਟੇਜ ਤੋਂ ਹੇਠਾਂ ਉੱਤਰ ਗਈ। ਉਸਦੇ ਸਟੇਜ ਤੋਂ ਹੇਠਾਂ ਉੱਤਰਨ ਤੱਕ ਵੀ ਤਾੜੀਆਂ ਬੰਦ ਨਹੀਂ ਸਨ ਹੋਈਆਂ। ਪਰ ਨੂਰਾ ਵੱਜਦੀਆਂ ਤਾੜੀਆਂ ਵਿੱਚ ਹੀ ਹਾਲ ਚੋ' ਬਾਹਰ ਆ ਗਈ।

ਨੂਰਾ ਬਹੁਤ ਹੀ ਪਿਆਰੀ ਕੁੜੀ ਸੀ ਉਸ ਦੇ ਘੁੰਗਰਾਲੇ ਵਾਲ ਸੀ, ਚੇਹਰਾ ਚੰਨ ਦੀ ਤਰ੍ਹਾਂ ਗੋਲ ਤੇ ਅੱਖਾਂ ਭੂਰੀਆਂ ਸੀ। ਨੱਕ ਬਹੁਤਾ ਉਚਾ ਨਹੀਂ ਸੀ ਪਰ ਉਸਦੇ ਮੂੰਹ ਤੇ ਸ਼ੋਬਦਾ ਸੀ। ਮੁਖੜੇ ਤੇ ਰੱਬ ਵਰਗਾ ਨੂਰ, ਤੇ ਗੱਲਾਂ ਵਿੱਚ ਟੋਏ ਪੈਂਦੇ ਸਨ। ਕੱਦ ਦੀ ਜਿਆਦਾ ਨਾ ਹੋਣ ਦੇ ਬਾਵਜੂਦ ਵੀ ਉਹ ਬਹੁਤ ਸੋਹਣੀ ਲਗਦੀ ਸੀ। ਉਸਦਾ ਕੱਦ ਮਸਾਂ ਹੀ ਸਾਢੇ ਕੁ ਪੰਜ ਫੁੱਟ ਹੋਵੇਗਾ। ਉਸਦਾ ਨਾਮ ਜਿਵੇਂ ਬਸ ਓਸੇ ਲਈ ਹੀ ਸੋਚ ਕੇ ਰੱਖਿਆ ਹੋਵੇ, ਬਿਲਕੁਲ ਉਹ ਉਸ ਲਈ ਢੁੱਕਵਾਂ ਸੀ। ਉਹ ਸੂਰਤ ਤੋਂ ਸੋਹਣੀ ਹੀ ਸੀ, ਪਰ ਉਹ ਸੀਰਤ ਪੱਖੋਂ ਜਿਆਦਾ ਸੋਹਣੀ ਸੀ। ਉਹ ਜਮ੍ਹਾਂ ਹੀ ਆਪਣੀ ਅੰਮੀ ਵਰਗੀ ਲਗਦੀ ਸੀ। ਨੂਰਾ ਰੱਬ ਵੱਲੋਂ ਆਪਣੇ ਹੱਥਾਂ ਨਾਲ ਤਿਰਾਸ਼ੀ ਹੋਈ ਮੂਰਤ ਸੀ।

ਅਗਲੀ ਸਵੇਰ ਨੂਰਾ ਆਪਣੇ ਬੈੱਡ ਤੋਂ ਉੱਠੀ, ਨਹਾ-ਧੋ ਕੇ ਨਮਾਜ਼ ਪੜ੍ਹੀ ਤੇ ਫਿਰ ਕਾਲਜ ਨੂੰ ਚੱਲ ਪਈ।

ਉਸਦੀ ਅੰਮੀ ਉਸ ਨੂੰ ਪਿੱਛੋਂ ਅਵਾਜ਼ਾਂ ਹੀ ਮਾਰਦੀ ਰਹੀ ਕਿ ਕੁੱਛ ਖਾ ਤੇ ਜਾ.....ਨੂਰਾ ਘਰੋਂ ਜਲਦੀ-ਜਲਦੀ ਬਾਹਰ ਨਿਕਲਦੀ ਬੋਲੀ...

ਨੂਰਾ - ਕਾਲਜ ਤੋਂ ਹੀ ਖਾ ਲਵਾਂਗੀ ਅੰਮੀ .....

ਨੂਰਾ ਜਲਦੀ ਨਾਲ ਆਪਣੀ ਸਹੇਲੀ ਨਾਲ ਕਾਲਜ ਨੂੰ ਚੱਲ ਪਈ। ਕਾਲਜ ਪੁੱਜਦੇ ਹੀ ਸਭ ਨੇ ਨੂਰਾ ਦੇ ਕੱਲ ਵਾਲੇ ਭਾਸ਼ਣ ਬਾਰੇ ਬਹੁਤ ਪ੍ਰਸੰਸਾ ਕੀਤੀ। ਨੂਰਾ ਤੇ ਉਸਦੀ ਸਹੇਲੀ ਕਲਾਸ ਵੱਲ ਨੂੰ ਜਾ ਰਹੇ ਸੀ ਤਾਂ ਪਿੱਛਿਓਂ ਕਿਸੇ ਨੇ ਆਵਾਜ਼ ਮਾਰੀ ..... ਨੂਰਾ....ਆ ...

ਨੂਰਾ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਇਹ ਉਸਦਾ ਜਮਾਤੀ ਵਿਨੋਦ ਸੀ। ਨੂਰਾ ਵਿਨੋਦ ਨੂੰ ਦੇਖ ਕੇ ਖੁਸ਼ ਹੋ ਗਈ। ਵਿਨੋਦ ਉਹਨਾਂ ਦੇ ਕੋਲ ਆ ਗਿਆ ਤੇ ਉਸ ਨੇ ਨੂਰਾ ਦੇ ਭਾਸ਼ਣ ਦੀ ਸਲਾਹਣਾ ਕੀਤੀ। ਨੂਰਾ ਨੇ ਸ਼ੁਕਰੀਆ ਕਹਿ ਕੇ ਵਿਨੋਦ ਨੂੰ ਸਤਿਕਾਰ ਦਿੱਤਾ। ਵਿਨੋਦ ਨੇ ਕੋਈ ਦੇਰੀ ਨਾ ਕੀਤੀ ਤੇ ਫੱਟ ਦੇਣੀ ਹੀ ਨੂਰਾ ਨੂੰ ਆਖਿਆ ....

ਵਿਨੋਦ - ਨੂਰਾ ਤੂੰ ਮੇਰੇ ਨਾਲ ਵਿਆਹ ਕਰਾ ਲੈ।

ਨੂਰਾ ਵਿਨੋਦ ਦੇ ਮੂੰਹੋ ਇਹ ਗੱਲ ਸੁਣ ਕੇ ਬਹੁਤ ਹੀ ਖੁਸ਼ ਹੋਈ ਤੇ ਉਸ ਨੇ ਬਿਨਾ ਕੋਈ ਦੇਰੀ ਕੀਤਿਆਂ ਓਸੇ ਵੇਲੇ ਹੀ ਹਾਂ ਕਰ ਦਿੱਤੀ। ਕਿਉਂਕਿ ਨੂਰਾ ਵਿਨੋਦ ਨੂੰ ਬਹੁਤ ਪਸੰਦ ਕਰਦੀ ਸੀ। ਵਿਨੋਦ ਬਹੁਤ ਹੀ ਸੋਹਣਾ ਤੇ ਸਾਊ ਮੁੰਡਾ ਸੀ।

ਇਸ ਉਪ੍ਰੰਤ ਨੂਰਾ ਨੇ ਆਪਣੇ ਘਰਦਿਆਂ ਤੇ ਵਿਨੋਦ ਨੇ ਆਪਣੇ ਘਰਦਿਆਂ ਤੋਂ ਮਨਜ਼ੂਰੀ ਲੈ ਲਈ। ਪਹਿਲਾਂ ਤਾਂ ਨੂਰਾ ਦੇ ਅੰਮੀ-ਅੱਬੂ ਨੇ ਦੂਸਰੇ ਧਰਮ ਵਿੱਚ ਵਿਆਹ ਕਰਨਾ ਸਹੀ ਨਾ ਲੱਗਾ ਪਰ ਉਹਨਾਂ ਨੂੰ ਬੱਚਿਆਂ ਦੀ ਖੁਸ਼ੀ ਸਾਹਮਣੇ ਕੁਝ ਨਜ਼ਰ ਨਾ ਆਇਆ। ਪਰ ਵਿਨੋਦ ਦੇ ਘਰਵਾਲੇ ਇਸ ਵਿਆਹ ਲਈ ਪੂਰੀ ਤਰ੍ਹਾਂ ਸਹਿਮਤ ਨਹੀਂ ਸਨ ਕਿਉਂਕਿ ਵਿਨੋਦ ਦਾ ਪਿਤਾ ਇੱਕ ਬ੍ਰਾਹਮਣ ਹੋਣ ਕਰਕੇ ਆਪਣੇ ਆਪ ਨੂੰ ਸਭ ਤੋਂ ਉੱਚੀ ਸ਼੍ਰੇਣੀ ਦਾ ਸਮਝਦਾ ਸੀ ਤੇ ਮੁਸਲਿਮ ਧਰਮ ਵਿੱਚ ਵਿਆਹ ਕਰਨਾ ਆਪਣੇ ਧਰਮ ਦਾ ਅਪਮਾਨ ਮੰਨਦਾ ਸੀ। ਪਰ ਵਿਨੋਦ ਦੇ ਜ਼ੋਰ ਦੇਣ ਤੇ ਉਹ ਵੀ ਵਿਆਹ ਲਈ ਰਾਜੀ ਹੋ ਗਏ। ਉਹਨਾਂ ਨਾ ਤਾਂ ਹਿੰਦੂ ਧਰਮ ਅਨੁਸਾਰ ਵਿਆਹ ਕੀਤਾ ਤੇ ਨਾ ਹੀ ਮੁਸਲਿਮ ਧਰਮ ਅਨੁਸਾਰ, ਉਹਨਾਂ ਕੋਰਟ ਵਿੱਚ ਲਿਖਤੀ ਵਿਆਹ ਕਰ ਲਿਆ।

ਵਿਆਹ ਤੋਂ ਪਿੱਛੋਂ ਨੂਰਾ ਆਪਣੇ ਰੋਜ਼ ਦੇ ਸੁਭਾ ਅਨੁਸਾਰ ਤੜਕੇ ਉੱਠ ਕੇ ਨਮਾਜ਼ ਪੜਦੀ। ਪਰ ਵਿਨੋਦ ਦਾ ਪਿਤਾ(ਪ੍ਰਕਾਸ਼ ਗੋਤਮ) ਤੇ ਉਸਦੀ ਮਾਂ(ਵਿੱਦਿਆ ਗੋਤਮ) ਨੂਰਾ ਦੇ ਉਹਨਾਂ ਘਰ ਨਮਾਜ਼ ਪੜਨਾ ਅਪਰਾਧ ਲਗਦਾ ਸੀ। ਐਥੋਂ ਤੱਕ ਕਿ ਵਿਨੋਦ ਦੇ ਵੱਡੇ ਭਰਾ(ਸੁਨੀਲ) ਤੇ ਭਰਜਾਈ(ਰੁਪਾਲੀ) ਨੇ ਨੂਰਾ ਨੂੰ ਕਈ ਵਾਰ ਉਹਨਾਂ ਘਰ ਨਮਾਜ਼ ਨਾ ਕਰਨ ਲਈ ਕਹਿ ਦਿੱਤਾ ਸੀ। ਪਰ

ਨੂਰਾ ਨੇ ਉਹਨਾਂ ਨੂੰ ਅਨਸੁਣਾ ਕਰ ਕੇ ਆਪਣੀ ਪਿਛਲੀ ਮਰਿਆਦਾ ਅਨੁਸਾਰ ਨਮਾਜ਼ ਕਰਦੀ ਰਹੀ।

ਨੂਰਾ ਜਾਣਦੀ ਸੀ ਉਸਦੀ ਜ਼ਿੰਦਗੀ ਵਿੱਚ ਇਹੋ ਜਿਹੇ ਹਾਲਾਤ ਤਾਂ ਜ਼ਰੂਰ ਆਉਣੇ ਸੀ ਪਰ ਉਸ ਨੇ ਇਹਨਾਂ ਦਾ ਡੱਟ ਕੇ ਮੁਕਾਬਲਾ ਕਰਨਾ ਹੈ। ਪਰ ਵਿਨੋਦ ਦੇ ਪਰਿਵਾਰ ਵਾਲਿਆਂ ਨੇ ਉਸ ਨੂੰ ਤੰਗ ਕਰਨਾ ਹੋਰ ਵਧਾ ਦਿੱਤਾ। ਉਹਨਾਂ ਵਿਨੋਦ ਨੂੰ ਵੀ ਕਿਹਾ ਕਿ ਉਹ ਆਪਣੀ ਘਰਵਾਲੀ ਨੂੰ ਧਰਮ ਬਦਲਣ ਲਈ ਕਹੇ ਪਰ ਵਿਨੋਦ ਨੇ ਨੂਰਾ ਨੂੰ ਨਾ ਕਿਹਾ, ਉਸ ਨੇ ਕੋਸ਼ਿਸ਼ ਵੀ ਕੀਤੀ ਨੂਰਾ ਨੂੰ ਧਰਮ ਬਦਲਣ ਲਈ ਕਹਿਣ ਬਾਰੇ ਪਰ ਉਸਦਾ ਕਦੇ ਹੌਸਲਾ ਨਾ ਪਿਆ। ਜਦੋ ਘਰਦਿਆਂ ਨੇ ਲੋੜ ਤੋਂ ਵੱਧ ਕਹਿਣਾ ਸ਼ੁਰੂ ਕਰ ਦਿੱਤਾ ਤਾਂ ਵਿਨੋਦ ਨੇ ਨੂਰਾ ਨੂੰ ਕਹਿ ਦਿੱਤਾ ਕਿ ਉਹ ਘਰਦਿਆਂ ਦੀ ਗੱਲ ਮੰਨ ਲਵੇ ਤੇ ਆਪਣੀ ਜ਼ਿੱਦ ਤੋਂ ਹੱਟ ਕੇ ਹਿੰਦੂ ਧਰਮ ਧਾਰ ਲਵੇ। ਪਹਿਲਾ ਤਾਂ ਨੂਰਾ ਨੇ ਸਾਫ਼ ਮਨ੍ਹਾ ਕਰ ਦਿੱਤਾ ਪਰ ਫਿਰ ਸੋਚ ਵਿਚਾਰ ਕਰਨ ਤੋਂ ਪਿੱਛੋਂ ਉਸ ਨੇ ਵਿਨੋਦ ਦੀ ਗੱਲ ਮੰਨ ਲਈ। ਨੂਰਾ ਨੇ ਸੋਚਿਆ, ਕੀ ਫਰਕ ਪਵੇਗਾ ਧਰਮ ਬਦਲਣ ਨਾਲ, ਧਰਮ ਤਾਂ ਸਾਰੇ ਇੱਕੋ ਜਿਹੇ ਹੀ ਨੇ। ਪਰ ਉਸ ਨੂੰ ਇਸ ਗੱਲ ਦਾ ਦੁੱਖ ਵੀ ਸੀ ਕਿ ਜਿਨ੍ਹਾਂ ਵਿਚਾਰਾਂ ਲਈ ਉਹ ਐਨੀ ਸਪਸ਼ਟ ਹੁੰਦੀ ਸੀ ਅੱਜ ਉਹ ਬਦਲ ਰਹੇ ਨੇ ਪਰ ਉਸਦੀ ਸੋਚ

ਮੁਤਾਬਿਕ ਜ਼ਿੰਦਗੀ ਤੇ ਘਰਦਿਆਂ ਦੀ ਖੁਸ਼ੀ ਤੋਂ ਵੱਧ ਕੁੱਛ ਵੀ ਨਹੀਂ ਸੀ।

ਨੂਰਾ ਦਾ ਧਰਮ ਵੀ ਬਦਲ ਗਿਆ ਤੇ ਪਹਿਰਾਵਾ ਵੀ। ਉਹ ਘਰ ਦਾ ਹਰ ਕੰਮ ਕਰਦੀ ਪਰ ਫਿਰ ਵੀ ਘਰਦਿਆਂ ਦੇ ਨੱਕ ਤੇ ਨਾ ਚੜ੍ਹਦੀ। ਵਕਤ ਲੰਘਦਾ ਗਿਆ ਤੇ ਨੂਰਾ ਦਾ ਜੀਣਾ ਮੁਸ਼ਕਿਲ ਹੁੰਦਾ ਗਿਆ। ਪਰ ਉਹ ਹਾਰ ਨਾ ਮੰਨਦੀ ਤੇ ਸਭ ਨੂੰ ਖੁਸ਼ ਰੱਖਣ ਦਾ ਜਤਨ ਕਰਦੀ ਰਹਿੰਦੀ। ਇੱਕ ਦਿਨ ਨੂਰਾ ਨੇ ਰਾਤ ਆਪਣੇ ਘਰਵਾਲੇ ਨੂੰ ਦੱਸਿਆ ਕਿ ਉਹ ਮਾਂ ਬਣਨ ਵਾਲੀ ਹੈ ਤਕਰੀਬਨ ਦੋ ਕੁ ਮਹੀਨੇ ਹੋ ਗਏ ਨੇ ਉਸ ਨੂੰ ਗਾਰਬਵਤੀ ਹੋਏ। ਵਿਨੋਦ ਇਹ ਸੁਣ ਕੇ ਬਹੁਤ ਖੁਸ਼ ਹੋਇਆ ਤੇ ਉਸ ਨੇ ਨੂਰਾ ਨੂੰ ਘਰਦਿਆਂ ਨੂੰ ਅਜੇ ਨਾ ਦੱਸਣ ਬਾਰੇ ਕਿਹਾ। ਪਰ ਨੂਰਾ ਨੂੰ ਇਹ ਸਹੀ ਨਾ ਲੱਗਾ ਤੇ ਉਸ ਨੇ ਆਪਣੀ ਜੇਠਾਣੀ ਨੂੰ ਦੱਸ ਦਿੱਤਾ, ਤੇ ਜੇਠਾਣੀ ਨੇ ਬਾਕੀ ਸਾਰੇ ਘਰਦਿਆਂ ਨੂੰ ਵੀ।

ਜਦੋਂ ਨੂਰਾ ਨੂੰ ਗਰਭਵਤੀ ਹੋਇਆਂ ਸਾਢੇ ਕੁ ਤਿੰਨ ਮਹੀਨੇ ਹੋ ਗਏ ਤਾਂ ਵਿਨੋਦ ਨੂੰ ਆਪਣੇ ਕੰਮ ਵਜੋਂ ਪੰਦਰਾਂ ਕੁ ਦਿਨ ਲਈ ਕਿਸੇ ਦੂਜੇ ਮੁਲਖ ਜਾਣਾ ਪਿਆ। ਵਿਨੋਦ ਦੇ ਜਾਣ ਪਿੱਛੋਂ ਦੀ ਗੱਲ

ਹੈ ਕਿ ਨੂਰਾ ਕੰਮ ਕਾਰ ਕਰਨ ਮੰਗਰੋ ਆਪਣੇ ਕਮਰੇ ਵਿੱਚ ਆਰਾਮ ਕਰਨ ਲਈ ਲੰਮੇ ਪਈ ਸੀ ਪਰ ਉਸ ਨੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਛੱਡ ਦਿੱਤਾ, ਕੁਝ ਕੁ ਦੇਰ ਪਿੱਛੋਂ ਵਿਨੋਦ ਦਾ ਵੱਡਾ ਭਰਾ ਸੁਨੀਲ ਕਿਸੇ ਕੰਮ ਲਈ ਨੂਰਾ ਕੋਲ ਆ ਰਹਾ ਸੀ। ਉਹ ਬਿਨਾਂ ਦਰਵਾਜਾ ਖੜਕਾਏ ਅੰਦਰ ਆ ਗਿਆ। ਉਸ ਨੇ ਦੇਖਿਆ ਕਿ ਨੂਰਾ ਆਪਣੇ ਬੈੱਡ ਉੱਪਰ ਲੰਮੇ ਪਈ ਹੋਈ ਸੀ। ਪਰ ਉਸਨੇ ਕਿਸੇ ਵੀ ਚਾਦਰ ਜਾਂ ਕੱਪੜੇ ਨਾਲ ਖੁੱਦ ਨੂੰ ਢੱਕਿਆ ਨਹੀਂ ਸੀ ਤੇ ਨਾ ਹੀ ਉਸ ਨੇ ਦੁਪੱਟਾ ਲਿਆ ਹੋਇਆ ਸੀ ਕਿਉਂਕਿ ਉਸ ਨੂੰ ਕੀ ਪਤਾ ਸੀ ਕਿ ਕੋਈ ਬਿਨਾਂ ਉਸ ਨੂੰ ਸੁਚੇਤ ਕੀਤਿਆਂ ਹੀ ਉਸਦੇ ਕਮਰੇ ਵਿੱਚ ਆ ਜਾਵੇਗਾ। ਉਹ ਆਪਣੇ ਧਿਆਨ ਲੰਮੇ ਪਈ ਸੀ, ਲੰਮੇ ਪਈ ਨੂੰ ਗੂਹੜੀ ਨੀਂਦ ਆ ਗਈ ਜਿਸ ਕਰਕੇ ਉਸਦਾ ਕਮੀਜ਼ ਢਿੱਡ ਤੋਂ ਥੋੜਾ ਜਿਹਾ ਚੁੱਕਿਆ ਹੋਇਆ ਸੀ। ਨੂਰਾ ਨੂੰ ਇਸ ਤਰ੍ਹਾਂ ਲੰਮੇ ਪਿਆ ਦੇਖ ਕੇ ਸੁਨੀਲ ਦੀ ਨੀਤ ਵਿੱਚ ਖੋਟ ਆ ਗਈ ਤੇ ਉਹ ਚੁੱਪ-ਚਾਪ ਅੰਦਰ ਵੜ ਆਇਆ ਤੇ ਨੂਰਾ ਦੇ ਕੋਲ ਆ ਕੇ ਉਸ ਨਾਲ ਛੇੜਖਾਨੀ ਕਰਨ ਲੱਗ ਪਿਆ। ਉਸ ਨੇ ਨਾ ਤਾਂ ਉਸ ਨੂੰ ਆਪਣੀ ਧੀ ਸਮਝਿਆ ਤੇ ਨਾ ਹੀ ਭਰਜਾਈ, ਛੋਟੀ ਹੋਣ ਕਾਰਨ ਨੂਰਾ ਉਸ ਦੀਆਂ ਧੀਆਂ ਸਮਾਨ ਸੀ ਪਰ ਉਸਦੇ ਲਾਲਚੀ

ਮਨ ਸਾਹਮਣੇ ਉਸਨੂੰ ਕੁੱਛ ਹੋਰ ਨਜ਼ਰ ਨਹੀਂ ਸੀ ਆ ਰਿਹਾ। ਉਸ ਨੇ ਤਾਂ ਇਹ ਵੀ ਖਿਆਲ ਨਾ ਕੀਤਾ ਕਿ ਨੂਰਾ ਗਰਭਵਤੀ ਹੈ।

ਗੂਹੜੀ ਨੀਂਦ ਵਿੱਚ ਹੋਣ ਕਰਕੇ ਨੂਰਾ ਨੂੰ ਪਹਿਲਾਂ ਦੋ ਕੁ ਪਲ ਤਾਂ ਕੁਝ ਪਤਾ ਨਾ ਲੱਗਾ ਤੇ ਜਦੋ ਉਸਨੂੰ ਆਪਣੇ ਨਾਲ ਕੋਈ ਛੇੜਖਾਨੀ ਕਰਦਾ ਮਹਿਸੂਸ ਹੋਇਆਂ ਉਹ ਅਚਨਚੇਤ ਹੋ ਕੇ ਉੱਠੀ। ਜਦੋਂ ਉਸ ਨੇ ਦੇਖਿਆ ਤਾਂ ਉਸ ਨੇ ਕਿਹਾ....

ਨੂਰਾ - ਭਾਜੀ ਤੁਸੀਂ ਕੀ ਕਰਨ ਆਏ ਤੇ ਮੇਰੇ ਨਾਲ ਕੀ ਕਰ ਰਹੇ ਸੀ?

ਉਸ ਨੇ ਇਹ ਬੜੀ ਹੈਰਾਨੀ ਨਾਲ ਪੁੱਛਿਆ। ਦਰਅਸਲ ਉਸਨੂੰ ਆਪਣੇ ਜੇਠ ਦੇ ਇਰਾਦਿਆਂ ਦਾ ਬਿਲਕੁਲ ਵੀ ਅਨੁਭਵ ਨਹੀਂ ਸੀ। ਨੂਰਾ ਦੀ ਗੱਲ ਸੁਣ ਕੇ ਪਹਿਲਾਂ ਤਾਂ ਸੁਨੀਲ ਘਬਰਾ ਜਿਹਾ ਗਿਆ ਪਰ ਫਿਰ ਉਸਨੇ ਕਿਹਾ ....

ਸੁਨੀਲ - ਓਹੀ ਜੋ ਤੇਰਾ ਘਰਵਾਲਾ ਕਰਨ ਆਉਂਦਾ ਹੈ।

ਇਹ ਕਹਿ ਉਸ ਨੇ ਜਲਦੀ ਨਾਲ ਦਰਵਾਜੇ ਨੂੰ ਬੰਦ ਕਰ ਕੇ ਕੁੰਡੀ ਲਾ ਕੇ ਨੂਰਾ ਨਾਲ ਜ਼ਬਰਦਸਤੀ ਕਰਨ ਲੱਗ ਪਿਆ। ਨੂਰਾ

ਨੂੰ ਸੁਨੀਲ ਦੇ ਇਰਾਦੇ ਸਾਫ਼ ਦਿਖਾਈ ਦੇ ਰਹੇ ਸਨ ਤੇ ਉਹ ਆਪਣੇ ਆਪ ਨੂੰ ਉਸ ਕੋਲੋਂ ਛਡਾਉਣ ਦੀ ਕੋਸ਼ਿਸ਼ ਕਰਨ ਲੱਗ ਪਈ। ਪਰ ਗਰਭਵਤੀ ਹੋਣ ਕਾਰਨ ਨੂਰਾ ਦਾ ਬਿਲਕੁਲ ਵੱਸ ਨਹੀਂ ਸੀ ਚੱਲ ਰਹਾ। ਸੁਨੀਲ ਕਦੇ ਉਸ ਦੀ ਛਾਤੀ ਤੇ ਹੱਥ ਮਾਰਦਾ, ਤੇ ਕਦੇ ਪਿੱਠ ਤੇ, ਤੇ ਕਦੇ ਕਿਤੇ, ਜਿਵੇਂ ਇੱਕ ਭੁੱਖਾ ਸ਼ੇਰ ਸ਼ਿਕਾਰ ਲਈ ਤੜਫ ਰਿਹਾ ਹੋਵੇ। ਇੱਕ ਬੇਬਸ ਔਰਤ ਹੋਰ ਕਰ ਵੀ ਕੀ ਸਕਦੀ ਸੀ ਪਰ ਫਿਰ ਉਸਨੇ ਬੜੇ ਜ਼ੋਰ ਨਾਲ ਸੁਨੀਲ ਨੂੰ ਧੱਕਾ ਮਾਰਿਆ ਤੇ ਭੱਜ ਕੇ ਦਰਵਾਜੇ ਵੱਲ ਨੂੰ ਗਈ। ਬਾਹਰ ਵੱਲ ਨੂੰ ਜਾਂਦੀ ਦੇਖ ਸੁਨੀਲ ਨੇ ਉਸ ਨੂੰ ਰੋਕਣ ਲਈ ਪਿੱਛੋਂ ਦੀ ਹੱਥ ਪਾਇਆ ਤੇ ਨੂਰਾ ਦਾ ਕਮੀਜ਼ ਹੱਥ ਵਿੱਚ ਆ ਗਿਆ, ਨੂਰਾ ਦੇ ਅੱਗੇ ਨੂੰ ਵਧਣ ਕਰਕੇ ਕਮੀਜ਼ ਪਾੜ ਗਿਆ। ਨੂਰਾ ਨੂੰ ਬਿਲਕੁਲ ਨਹੀਂ ਸੀ ਸੁੱਝ ਰਿਹਾ ਕਿ ਉਹ ਕੀ ਕਰੇ। ਸੁਨੀਲ ਨੇ ਜਲਦੀ ਨਾਲ ਨੂਰਾ ਨੂੰ ਪਿੱਛੋਂ ਦੀ ਫੜ ਲਿਆ। ਨੂਰਾ ਨੇ ਆਪਣੇ ਬਚਾਅ ਲਈ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਪਰ ਕੋਈ ਉਸਦੀ ਆਵਾਜ਼ ਸੁਣ ਕੇ ਨਾ ਆਇਆ।

ਸੁਨੀਲ ਨੇ ਉਸ ਨੂੰ ਪਿੱਛੋਂ ਫੜ ਕੇ ਬਾਹਾਂ ਵਿੱਚ ਚੁੱਕ ਕੇ ਬੈੱਡ ਉੱਪਰ ਜਾ ਸੁੱਟਿਆ ਤੇ ਨੂਰਾ ਦੇ ਉਪਰ ਚੜ੍ਹਨ ਲੱਗ ਪਿਆ। ਨੂਰਾ ਨੇ ਆਪਣੇ ਬਚਾਅ ਵਿੱਚ ਅਚਾਨਕ ਲੱਤ ਮਾਰੀ ਤੇ ਲੱਤ ਸੁਨੀਲ

ਦੇ ਜ਼ੋਰ ਨਾਲ ਵੱਜੀ ਜਿਸ ਕਾਰਨ ਉਹ ਆਪਣੇ ਆਪ ਨੂੰ ਸੰਭਾਲ਼ਦਾ ਹੋਇਆ ਵੀ ਡਿੱਗਣ ਲੱਗ ਪਿਆ। ਉਸਦੇ ਡਿੱਗਣ ਦੌਰਾਨ ਉਸਦਾ ਹੱਥ ਕੱਚ ਦੇ ਜੱਗ ਤੇ ਜਾਂ ਵੱਜਾ ਜਿਸ ਵਿੱਚ ਪਾਣੀ ਭਰਿਆ ਹੋਇਆ ਸੀ ਤੇ ਉਹ ਸੁਨੀਲ ਦੇ ਹੇਠਾਂ ਡਿੱਗਣ ਤੋਂ ਪਹਿਲਾਂ ਡਿੱਗ ਪਿਆ ਤੇ ਟੁੱਟ ਗਿਆ। ਜੱਗ ਡਿੱਗਣ ਕਰਕੇ ਸਾਰਾ ਪਾਣੀ ਰੁੜ ਗਿਆ ਤੇ ਡਿਗਦੇ ਹੋਏ ਸੁਨੀਲ ਦਾ ਪੈਰ ਪਾਣੀ ਨਾਲ ਤਿਲਕਣ ਕਰਕੇ ਉਹ ਆਪਣੇ ਆਪ ਨੂੰ ਡਿੱਗਣ ਤੋਂ ਨਾ ਬਚਾਅ ਸਕਿਆ ਤੇ ਹੇਠਾਂ ਡਿੱਗ ਗਿਆ। ਉਸਦੇ ਡਿੱਗਦੇ ਸਾਰ ਹੀ ਹੇਠਾਂ ਖਿੱਲਰਿਆ ਟੁੱਟੇ ਜੱਗ ਦਾ ਕੱਚ ਸੁਨੀਲ ਦੇ ਲੱਕ ਵਿੱਚ ਜਾ ਵੱਜਾ। ਕੱਚ ਸੁਨੀਲ ਦੇ ਲੱਕ ਵਿੱਚ ਖੁੱਬ ਗਿਆ ਤੇ ਉਸਦੀ ਕਮੀਜ਼ ਖ਼ੂਨ ਨਾਲ ਭਰ ਗਈ। ਕੱਚ ਵੱਜਣ ਕਰਕੇ ਸੁਨੀਲ ਦੀ ਚੀਕ ਨਿਕਲ ਗਈ। ਨੂਰਾ ਇਸ ਮੌਕੇ ਦਾ ਫਾਇਦਾ ਚੁੱਕ ਕੇ ਜਲਦੀ ਨਾਲ ਬੈੱਡ ਤੋਂ ਹੇਠਾਂ ਉੱਤਰ ਕੇ ਬੂਹੇ ਵੱਲ ਭੱਜੀ ਤੇ ਬੂਹਾ ਖੋਲ ਕੇ ਬਾਹਰ ਨਿਕਲ ਗਈ। ਅਜੇ ਉਹ ਬਾਹਰ ਨਿਕਲੀ ਹੀ ਸੀ ਕਿ ਨੂਰਾ ਦੀ ਸੱਸ ਤੇ ਜੇਠਾਣੀ ਸੁਨੀਲ ਦੀ ਚੀਕ ਦੀ ਆਵਾਜ਼ ਸੁਣ ਕੇ ਉੱਪਰ ਆ ਗਈਆਂ। ਉਹਨਾਂ ਨੂਰਾ ਦੀ ਹਾਲਤ ਵੱਲ ਧਿਆਨ ਨਾ ਦਿੱਤਾ ਤੇ ਸੁਨੀਲ ਨੂੰ ਹੇਠਾਂ ਡਿੱਗਾ ਦੇਖ ਕੇ ਭੱਜ ਕੇ ਸੁਨੀਲ ਕੋਲ ਗਈਆਂ। ਉਹਨਾਂ ਜਲਦੀ ਨਾਲ ਸੁਨੀਲ ਨੂੰ ਆਸਰਾ ਦਿੱਤਾ ਤੇ ਦੋਨੋ ਜਾਣੀਆ ਕਮਰੇ ਤੋਂ ਬਾਹਰ ਲੈ

ਆਈਆਂ ਤੇ ਡ੍ਰਾਈਵਰ ਨੂੰ ਗੱਡੀ ਕੱਢਣ ਲਈ ਕਿਹਾ। ਐਨੇ ਨੂੰ ਸੁਨੀਲ ਦੀ ਘਰਵਾਲੀ ਰੁਪਾਲੀ ਨੇ ਸੁਨੀਲ ਦੀ ਖ਼ੂਨ ਨਾਲ ਭਰੀ ਕਮੀਜ਼ ਲਾਹ ਕੇ ਓਥੇ ਹੀ ਸੁੱਟ ਦਿੱਤੀ। ਡ੍ਰਾਈਵਰ ਗੱਡੀ ਲੈ ਕੇ ਆਇਆ ਤੇ ਉਹ ਸੁਨੀਲ ਨੂੰ ਗੱਡੀ ਵਿੱਚ ਬਿਠਾ ਕੇ ਓਥੋਂ ਨਿਕਲ ਗਈਆਂ।

ਨੂਰਾ ਇਹ ਸਭ ਦੇਖ ਕੇ ਬਹੁਤ ਹੈਰਾਨ ਹੋਈ ਕਿਉਂਕਿ ਉਹਨਾਂ ਦੋਨਾਂ ਵਿੱਚੋ ਕਿਸੇ ਨੇ ਵੀ ਨੂਰਾ ਵੱਲ ਅੱਖ ਪੁੱਟ ਕੇ ਵੀ ਨਹੀਂ ਸੀ ਦੇਖਿਆ, ਜਿਵੇਂ ਉਹਨਾਂ ਨੂੰ ਸੁਨੀਲ ਤੋਂ ਸਿਵਾ ਕੁਝ ਨਜ਼ਰ ਵੀ ਨਾ ਆ ਰਿਹਾ ਹੋਵੇ। ਹਾਲਾਤ ਉਸਦੇ ਲਈ ਬਿਲਕੁਲ ਨਾ ਸਮਝਣ ਬਰਾਬਰ ਹੋ ਗਏ ਸੀ ਤੇ ਉਹ ਓਥੇ ਪਈ ਖ਼ੂਨ ਨਾਲ ਭਰੀ ਕਮੀਜ਼ ਨੂੰ ਦੇਖ ਰਹੀ ਸੀ ਜੋ ਉਹ ਲਾਹ ਕੇ ਸੁੱਟ ਗਏ ਸਨ। ਨੂਰਾ ਕੁਝ ਕੁ ਵਕਤ ਤਾਂ ਓਥੇ ਖੜੀ ਸੋਚਦੀ ਰਹੀ ਤੇ ਭੱਜ ਕੇ ਆਪਣੇ ਕਮਰੇ ਵੱਲ ਗਈ। ਉਸਨੇ ਜਲਦੀ ਨਾਲ ਆਪਣੇ ਕੱਪੜੇ ਬਦਲੇ ਤੇ ਅਲਮਾਰੀ ਵਿੱਚੋ ਕੁਝ ਸੂਟ ਕੱਢ ਕਰ ਛੋਟੇ ਜਿਹੇ ਬੈਗ ਵਿੱਚ ਪਾ ਕੇ ਆਪਣੇ ਪੇਕਿਆਂ ਦੇ ਘਰ ਨੂੰ ਤੁਰ ਪਈ। ਜਦੋਂ ਨੂਰਾ ਘਰ ਪੁੱਜੀ ਤਾਂ ਉਸਦੇ ਅੰਮੀ-ਅੱਬੂ ਨੂਰਾ ਨੂੰ ਇੰਝ ਇਕੱਲੀ ਆਈ ਨੂੰ ਦੇਖ ਕੇ ਹੈਰਾਨ ਹੋ ਗਏ। ਨੂਰਾ ਆਪਣੀ ਅੰਮੀ ਦੇ ਗਲ ਲੱਗ ਕੇ ਰੋਣ ਲੱਗ

ਪਈ। ਫਿਰ ਕੁਝ ਚਿਰ ਪਿੱਛੋਂ ਉਸਨੇ ਸਾਰੀ ਗੱਲ ਆਪਣੇ ਅੰਮੀ-ਅੱਬੂ ਨੂੰ ਦੱਸੀ। ਉਹਨਾਂ ਉਸੇ ਦਿਨ ਹੀ ਥਾਣੇ ਵਿੱਚ ਜਾਂ ਕੇ ਸਕਾਇਤ ਦਰਜ਼ ਕਰਾ ਦਿੱਤੀ ਤੇ ਨਿਸਚਾ ਕਰ ਲਿਆ ਕੇ ਉਹਨਾਂ ਹੁਣ ਨੂਰਾ ਨੂੰ ਓਥੇ ਨਹੀਂ ਭੇਜਣਾ।

ਉਸ ਤੋਂ ਅੱਗਲੇ ਦਿਨ ਨੂਰਾ ਦੇ ਘਰ ਦਾ ਬੂਹਾ ਖੜਕਿਆ। ਨੂਰਾ ਨੇ ਬੂਹਾ ਖੋਲਿਆ ਤਾਂ ਸਾਹਮਣੇ ਵਿਨੋਦ ਖੜਾ ਸੀ। ਨੂਰਾ ਜਲਦੀ ਨਾਲ ਉਸ ਨੂੰ ਗਲ ਲੱਗ ਕੇ ਮਿਲੀ ਤੇ ਰੋਣਾ ਸ਼ੁਰੂ ਕਰ ਦਿੱਤਾ ਵਿਨੋਦ ਨੇ ਉਸ ਨੂੰ ਬੁੱਕਲ ਵਿੱਚ ਲਿਆ ਤੇ ਚੁੱਪ ਕਰਾਉਣ ਲੱਗ ਪਿਆ। ਫਿਰ ਉਹ ਨੂਰਾ ਨੂੰ ਨਾਲ ਲੈ ਕੇ ਘਰ ਦੇ ਅੰਦਰ ਆ ਗਿਆ। ਨੂਰਾ ਨੇ ਵਿਨੋਦ ਨੂੰ ਸਾਰੀ ਹੱਡ ਬੀਤੀ ਦੱਸੀ। ਵਿਨੋਦ ਨੂੰ ਕਿਸੇ ਤਰ੍ਹਾਂ ਦਾ ਹਿਰਖ ਨਹੀਂ ਸੀ ਤੇ ਨਾ ਹੀ ਉਹ ਆਪਣੇ ਭਰਾ ਦੀ ਇਸ ਕਰਤੂਤ ਲਈ ਹੈਰਾਨ ਸੀ। ਕੁਝ ਵਕਤ ਰੁਕਣ ਪਿੱਛੋਂ ਵਿਨੋਦ ਨੇ ਨੂਰਾ ਸਮਝਾਉਣਾ ਸ਼ੁਰੂ ਕਰ ਦਿੱਤਾ ਤੇ ਕਿਹਾ ...

ਵਿਨੋਦ - ਨੂਰਾ ਮੈਂ ਆਪਣੇ ਭਰਾ ਦੀ ਇਸ ਗ਼ਲਤੀ ਲਈ ਸ਼ਰਮਿੰਦਾ ਹਾਂ ਤੇ ਮੈਂ ਉਸ ਨੂੰ ਮੁਆਫ ਕਰ ਦਿੱਤਾ ਹੈ ਤੇ ਹੁਣ ਤੂੰ ਵੀ ਉਸ ਨੂੰ ਮੁਆਫ ਕਰ ਕੇ ਸ਼ਿਕਾਇਤ ਵਾਪਿਸ ਲੈ ਲਵੇ।

ਨੂਰਾ ਵਿਨੋਦ ਦੇ ਮੂੰਹੋ ਇਹ ਸ਼ਬਦ ਸੁਣ ਕੇ ਹੈਰਾਨ ਹੋ ਗਈ ਤੇ ਕਿਹਾ ....

ਨੂਰਾ - ਮੁਆਫ ਕਰ ਦਵਾ ... ਕਿਵੇਂ ਮੈਂ ਉਸ ਨੂੰ ਮੁਆਫ ਕਰਾ ਜਿਸ ਨੇ ਮੇਰੇ ਤੇ ਜਰਾ ਵੀ ਤਰਸ਼ ਨਾ ਕੀਤਾ, ਉਸਨੇ ਤਾਂ ਇਹ ਵੀ ਨਹੀਂ ਦੇਖਿਆ ਕਿ ਮੈਂ ਮਾਂ ਬਣਨ ਵਾਲੀ ਹਾਂ। ਮੈਂ ਉਸ ਨੂੰ ਬਿਲਕੁਲ ਮੁਆਫ ਨਹੀਂ ਕਰਾਂਗੀ।

ਨੂਰਾ ਆਪਣੀ ਜਗ੍ਹਾ ਤੋਂ ਉੱਠ ਗਈ ਤੇ ਕਿਹਾ ,,,

ਨੂਰਾ - ਅੱਬੂ ਕਹਿ ਦੇਵੋ ਇਹਨਾਂ ਨੂੰ ਮੈਂ ਉਸਨੂੰ ਕਦੇ ਮੁਆਫ ਨਹੀਂ ਕਰਾਂਗੀ ਤੇ ਨਾ ਹੀ ਸ਼ਿਕਾਇਤ ਵਾਪਿਸ ਲਵਾਂਗੀ।

ਨੂਰਾ ਦੀ ਗੱਲ ਸੁਣ ਕੇ ਉਸਦੇ ਅੱਬੂ ਨੇ ਕੋਈ ਜੁਆਬ ਨਾ ਦਿੱਤਾ। ਕਿਉਂਕਿ ਉਹ ਵਿਨੋਦ ਦੀ ਗੱਲ ਨਾਲ ਸਹਿਮਤ ਸੀ। ਉਹ ਸੋਚ ਰਹਾ ਸੀ ਕਿ ਅਗਰ ਨੂਰਾ ਆਪਣੀ ਗੱਲ ਤੇ ਅੜੀ ਰਹੀ ਤਾਂ ਉਸਦਾ ਘਰ ਬਰਬਾਦ ਹੋ ਜਾਵੇਗਾ। ਆਪਣੇ ਅੱਬੂ ਦਾ ਕੋਈ ਜੁਆਬ ਨਾ ਸੁਣ ਕੇ ਨੂਰਾ ਇੱਕ ਕਮਰੇ ਵੱਲ ਨੂੰ ਚਲੀ ਗਈ ਤੇ ਉਸਦੀ ਅੰਮੀ ਵੀ ਉਸਦੇ ਪਿੱਛੇ ਹੀ ਚਲੀ ਗਈ ਤੇ ਨੂਰਾ ਨੂੰ

ਸਮਝਾਉਣ ਲੱਗ ਗਈ। ਕਿਸੇ ਤਰ੍ਹਾਂ ਵੀ ਉਹਨਾਂ ਸਮਝਾ ਕੇ ਨੂਰਾ ਨੂੰ ਫਿਰ ਵਿਨੋਦ ਦੇ ਨਾਲ ਘੱਲ ਦਿੱਤਾ।

ਨੂਰਾ ਦੇ ਘਰ ਆਉਣ ਤੋਂ ਕੁਝ ਦਿਨ ਬਾਅਦ ਨੂਰਾ ਦੇ ਅਚਾਨਕ ਪੇਟ ਵਿੱਚ ਦਰਦ ਹੋਣ ਲੱਗ ਪਈ, ਵਿਨੋਦ ਜਲਦੀ ਨਾਲ ਨੂਰਾ ਨੂੰ ਹਸਪਤਾਲ ਲੈ ਗਿਆ ਤੇ ਨਾਲ ਉਸਦੀ ਮਾਂ ਵੀ ਗਈ। ਜਦੋਂ ਡਾਕਟਰ ਦੇ ਮਾਇਨਾ ਕੀਤਾ ਤਾਂ ਦਰਦ ਦੀ ਕੋਈ ਖਾਸ ਵਜ੍ਹਾ ਨਾ ਨਿਕਲੀ ਬਸ ਇਹ ਗਰਭਵਤੀ ਹੋਣ ਕਰਕੇ ਆਮ ਜਿਹਾ ਦਰਦ ਸੀ। ਵਿਨੋਦ ਦੀ ਮਾਂ ਨੇ ਵਿਨੋਦ ਨੂੰ ਕਿਹਾ ਕਿ ਕਿਉਂ ਨਾ ਅੱਜ ਇਹ ਮਾਇਨਾ ਲਵਾ ਲਈਏ ਕਿ ਉਹ ਕੁੜੀ ਨੂੰ ਜਨਮ ਦੇਵਗੀ ਜਾਂ ਮੁੰਡੇ ਨੂੰ। ਵਿਨੋਦ ਨੂੰ ਆਪਣੀ ਮਾਂ ਦੀ ਗੱਲ ਸਹੀ ਲੱਗੀ, ਉਸ ਨੇ ਡਾਕਟਰ ਨੂੰ ਕੁਝ ਪੈਸੇ ਦੇ ਕੇ ਇਸ ਬਾਰੇ ਪਤਾ ਕਰਨ ਲਈ ਕਿਹਾ। ਫਿਰ ਕੁਝ ਸਮੇਂ ਪਿੱਛੋਂ ਡਾਕਟਰ ਨੇ ਦੱਸਿਆ ਕਿ ਉਹ ਇੱਕ ਕੁੜੀ ਨੂੰ ਜਨਮ ਦੇਵੇਗੀ। ਵਿਨੋਦ ਨੂਰਾ ਕੋਲ ਗਿਆ ਤੇ ਉਸ ਨੇ ਆਪਣੀ ਮਾਂ ਦੇ ਕਹੇ ਅਨੁਸਾਰ ਨੂਰਾ ਨੂੰ ਕੁੜੀ ਨੂੰ ਗਰਬ ਅੰਦਰ ਹੀ ਮਾਰਨ ਲਈ ਕਿਹਾ। ਪਰ ਨੂਰਾ ਨੇ ਉਹਨਾਂ ਨੂੰ ਕਾਨੂੰਨ ਦੀ ਧੱਮਕੀ ਦੇ ਕੇ ਇਹ ਕੰਮ ਕਰਨ ਤੋਂ ਸਾਫ਼ ਮਨਾ ਕਰ ਦਿੱਤਾ।

ਇਸ ਤੋਂ ਚਾਰ ਕੁ ਮਹੀਨਿਆਂ ਬਾਅਦ ਨੂਰਾ ਦੇ ਸਾਰੇ ਸੋਹਰੇ ਪਰਿਵਾਰ ਨੂੰ ਕਿਸੇ ਵਿਆਹ ਲਈ ਬਾਹਰ ਜਾਣਾ ਪਿਆ। ਘਰ

ਵਿੱਚ ਸਿਰਫ ਨੂਰਾ ਤੇ ਦੋ ਕੁ ਨੌਕਰ ਸਨ। ਇਹ ਦਿਨ ਨੂਰਾ ਦੇ ਗਰਬ ਦੇ ਆਖਰੀ ਦਿਨ ਚੱਲ ਰਹੇ ਸੀ, ਬਸ ਇਕ-ਅੱਧੇ ਦਿਨ ਵਿੱਚ ਹੀ ਨੂਰਾਂ ਨੇ ਬੱਚੇ ਨੂੰ ਜਨਮ ਦੇਣਾ ਸੀ। ਸਾਰੇ ਪਰਿਵਾਰ ਦੇ ਵਿਆਹ ਜਾਣ ਪਿੱਛੋਂ ਨੂਰਾਂ ਨੇ ਆਪਣੀ ਸਹੇਲੀ ਨੂੰ ਬਲਾਉਣ ਲਈ ਇੱਕ ਨੌਕਰ ਨੂੰ ਭੇਜਿਆ। ਉਸਦੀ ਸਹੇਲੀ ਦਾ ਘਰ ਉਸ ਤੋਂ ਕੁਝ ਹੀ ਦੂਰ ਸੀ। ਨੂਰਾ ਅਕਸਰ ਹੀ ਉਸ ਨੂੰ ਮਿਲਣ ਜਾਂਦੀ ਸੀ। ਨੂਰਾ ਦੇ ਬਲਾਉਣ ਤੇ ਉਸਦੀ ਸਹੇਲੀ ਨਾ ਆਈ ਪਰ ਉਸਦੀ ਸਹੇਲੀ ਦਾ ਭਰਾ(ਰਾਹੁਲ) ਆ ਗਿਆ। ਉਸਨੇ ਦੱਸਿਆ ਕਿ…..

ਰਾਹੁਲ - ਦੀਦੀ ਤਾਂ ਕੰਮ ਵਜੋਂ ਕਿਤੇ ਬਾਹਰ ਗਈ ਹੈ ਇਸ ਲਈ ਮੈਂ ਆ ਗਿਆ।ਸੋਚਿਆ ਕਿ ਕੋਈ ਜ਼ਰੂਰੀ ਕੰਮ ਨਾ ਹੋਵੇ।

ਨੂਰਾ ਹਾਲ ਵਿੱਚ ਬੈਠੇ ਸੇਬ ਕੱਟ ਕੇ ਖਾ ਰਹੀ ਸੀ ਤੇ ਸੋਫੇ ਤੇ ਬੈਠੀ ਹੋਈ ਸੀ। ਉਸਨੇ ਰਾਹੁਲ ਨੂੰ ਵੀ ਬੈਠਣ ਲਈ ਕਿਹਾ ਤੇ ਆਖਿਆ....

ਨੂਰਾ - ਨਹੀਂ ਕੰਮ ਤਾਂ ਕੋਈ ਨਹੀਂ ਸੀ, ਮੈਂ ਘਰੇ ਇਕੱਲੀ ਸੀ ਇਸ ਲਈ ਸੋਚਿਆ ਕਿ ਸ਼ੀਤਲ(ਨੂਰਾ ਦੀ ਸਹੇਲੀ) ਨੂੰ ਕੋਲ ਬੁਲਾ ਲਵਾ। ਉਪਰੋਂ ਮੇਰੇ ਗਰਬ ਦੇ ਵੀ ਆਖਰੀ ਦਿਨ ਚੱਲ ਰਹੇ ਨੇ।

ਰਾਹੁਲ ਨੂਰਾ ਨੂੰ ਵੀ ਸ਼ੀਤਲ ਦੀ ਤਰ੍ਹਾਂ ਆਪਣੀ ਵੱਡੀ ਭੈਣ ਮੰਨਦਾ ਸੀ ਇਸ ਲਈ ਉਸ ਨੇ ਕਿਹਾ ...

ਰਾਹੁਲ - ਕੋਈ ਗੱਲ ਨੀ ਦੀਦੀ ਮੈਂ ਜੋ ਹਾਂ, ਮੈਂ ਤੁਹਾਡੇ ਕੋਲ ਰਹਾਂਗਾ। ਵੈਸੇ ਬਾਕੀ ਪਰਿਵਾਰ ਕਿੱਥੇ ਹੈ?

ਨੂਰਾ - ਉਹ ਸਭ ਵਿਆਹ ਤੇ ਗਏ ਨੇ, ਪਤਾ ਨਹੀਂ ਕਦੋ ਆਉਣ।

ਨੂਰਾ ਦੀ ਗੱਲ ਸੁਣਨ ਤੋਂ ਬਾਅਦ ਰਾਹੁਲ ਨੇ ਅੱਛਾ ਕਹਿ ਕੇ ਰੁੱਕ ਗਿਆ। ਤੇ ਸਾਰਾ ਦਿਨ ਨੂਰਾ ਦੇ ਕੋਲ ਹੀ ਰਿਹਾ। ਸ਼ਾਮ ਪੈ ਗਈ ਨੂਰਾ ਆਪਣੇ ਕਮਰੇ ਵਿੱਚ ਲੰਮੇ ਪਈ ਸੀ ਤੇ ਰਾਹੁਲ ਵੀ ਨੂਰਾ ਦੇ ਕਮਰੇ ਵਿੱਚ ਕੋਈ ਕਿਤਾਬ ਪੜ੍ਹ ਰਿਹਾ ਸੀ। ਗਰਭਵਤੀ ਹੋਣ ਕਰਕੇ ਨੂਰਾ ਦੀਆਂ ਲੱਤਾਂ ਦਰਦ ਕਰ ਰਹੀਆਂ ਸਨ ਉਸ ਨੇ ਰਾਹੁਲ ਨੂੰ ਲੱਤਾਂ ਦਬਾਉਣ ਲਈ ਕਿਹਾ ਤੇ ਰਾਹੁਲ ਆਪਣੀ ਜਗ੍ਹਾ ਤੋਂ ਉੱਠ ਕੇ ਨੂਰਾ ਦੇ ਪੈਰ ਦਬਾਉਣ ਲੱਗ ਪਿਆ। ਫਿਰ ਸਾਰਾ ਪਰਿਵਾਰ ਵਿਆਹ ਤੋਂ ਆ ਗਏ। ਤੇ ਅਚਾਨਕ ਨੂਰਾ ਦੀ ਜਠਾਣੀ ਨੂਰਾ ਦੇ ਕਮਰੇ ਵਿੱਚ ਆ ਗਈ ਤੇ ਉਸ ਨੇ ਰਾਹੁਲ ਨੂੰ ਪੈਰ ਦਬਾਉਂਦੇ ਦੇਖ ਲਿਆ ਤੇ ਦੇਖਦੇ ਹੀ ਰੌਲਾ ਪਾ ਦਿੱਤਾ। ਨੂਰਾ ਅਚਨਚੇਤ ਹੋ ਕੇ ਉੱਠੀ ਉਸ ਦੇ ਮਨ ਵਿੱਚ ਕਿਸੇ ਤਰ੍ਹਾਂ ਦਾ ਕੋਈ

ਵੀ ਗ਼ਲਤ ਵਿਚਾਰ ਨਹੀਂ ਸੀ ਤੇ ਨਾ ਹੀ ਰਾਹੁਲ ਦੇ ਮਨ ਵਿੱਚ ਕੋਈ ਗ਼ਲਤ ਭਾਵਨਾ ਸੀ। ਨੂਰਾ ਰਾਹੁਲ ਨੂੰ ਆਪਣੇ ਛੋਟੇ ਵੀਰ ਵਾਂਗ ਸਮਝਦੀ ਸੀ ਤੇ ਰਾਹੁਲ ਵੀ ਉਸ ਨੂੰ ਸ਼ੀਤਲ ਦੀ ਤਰ੍ਹਾਂ ਹੀ ਵੱਡੀ ਭੈਣ ਮੰਨਦਾ ਸੀ। ਪਰ ਰੁਪਾਲੀ(ਨੂਰਾ ਦੀ ਜਠਾਣੀ) ਨੇ ਪਤਾ ਨਹੀਂ ਕੀ ਸਮਝ ਕੇ ਰੌਲਾ ਪਾ ਦਿੱਤਾ ਤੇ ਸਾਰਾ ਪਰਿਵਾਰ ਨੂਰਾ ਦੇ ਕਮਰੇ ਵਿੱਚ ਆ ਗਿਆ। ਰਾਹੁਲ ਨੂੰ ਨੂਰਾ ਦੇ ਕਮਰੇ ਵਿੱਚ ਦੇਖ ਕੇ ਸਾਰੇ ਪਰਿਵਾਰ ਨੇ ਆਪਣੇ ਆਪ ਹੀ ਨੂਰਾ ਦੇ ਰਾਹੁਲ ਨਾਲ ਗ਼ਲਤ ਸਬੰਧ ਹੋਣ ਬਾਰੇ ਸੋਚ ਲਿਆ। ਵਿਨੋਦ ਨੂੰ ਬਹੁਤ ਗੁੱਸਾ ਆਇਆ ਤੇ ਉਸ ਨੇ ਰਾਹੁਲ ਨੂੰ ਗਲੇ ਤੋਂ ਫੜ ਕੇ ਥੱਪੜ ਮਾਰਨੇ ਸ਼ੁਰੂ ਕਰ ਦਿੱਤੇ।

ਨੂਰਾ ਨੇ ਵਿਨੋਦ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਵਿਨੋਦ ਨਾ ਰੁਕਿਆ ਤੇ ਰਾਹੁਲ ਨੂੰ ਧੂ ਕੇ ਘਰੋਂ ਬਾਹਰ ਲੈ ਗਿਆ। ਰਾਹੁਲ ਅਜੇ ਬੱਚਿਆਂ ਵਾਂਗ ਹੀ ਸੀ ਉਸ ਦੀ ਉਮਰ ਮਸਾਂ ਸੋਲਾਂ ਕੁ ਸਾਲ ਹੋਈ ਆ। ਨਾਦਾਨ ਹੋਣ ਕਰਕੇ ਉਹ ਵਿਨੋਦ ਤੋਂ ਆਪਣਾ ਖਹਿਰਾ ਛੁਡਾ ਕੇ ਆਪਣੇ ਘਰ ਵੱਲ ਨੂੰ ਭੱਜ ਗਿਆ। ਇਸ ਬਾਅਦ ਸਾਰਾ ਪਰਿਵਾਰ ਨੂਰਾ ਦੁਆਲੇ ਹੋ ਗਿਆ ਤੇ ਵਿਨੋਦ ਨੇ ਨੂਰਾ ਕੋਲ ਆ ਕੇ ਬਹੁਤ ਜ਼ੋਰ ਨਾਲ ਉਸ ਦੇ ਥੱਪੜ ਮਾਰਿਆ। ਵਿਨੋਦ ਦੇ

ਇਹ ਥੱਪੜ ਨੇ ਨੂਰਾ ਦੇ ਜ਼ਮੀਰ ਨੂੰ ਹਲੂਣ ਕੇ ਰੱਖ ਦਿੱਤਾ, ਨੂਰਾ ਫਿਰ ਵੀ ਆਪਣੀ ਸ਼ੁੱਧਤਾ ਨੂੰ ਸਾਬਿਤ ਕਰਨ ਦੀ ਕੋਸ਼ਿਸ਼ ਕਰਦੀ ਰਹੀ ਪਰ ਕਿਸੇ ਨੇ ਨੂਰਾ ਦੀ ਇੱਕ ਨਾ ਸੁਣੀ। ਵਿਨੋਦ ਦੇ ਪਿਤਾ ਨੇ ਨੂਰਾ ਨੂੰ ਬਾਹੋ ਫੜ ਕੇ ਘਰ ਤੋਂ ਬਾਹਰ ਕੱਢ ਦਿੱਤਾ ਤੇ ਬੂਹਾ ਬੰਦ ਕਰ ਦਿਤਾ। ਨੂਰਾ ਬਹੁਤ ਸਮੇਂ ਤੱਕ ਬਾਹਰ ਹਾਕਾਂ ਮਾਰਦੀ ਰਹੀ ਪਰ ਕਿਸੇ ਦੀ ਸੇਹਤ ਤੇ ਕੋਈ ਅਸਰ ਨਾ ਹੋਇਆ। ਨਾ ਤਾਂ ਵਿਨੋਦ ਨੇ ਬੂਹਾ ਖੋਲਿਆ ਤੇ ਨਾ ਹੀ ਪਰਿਵਾਰ ਦੇ ਕਿਸੇ ਹੋਰ ਬੰਦੇ ਨੇ, ਕਿਸੇ ਨੂੰ ਇਹ ਵੀ ਖਿਆਲ ਨਾ ਰਿਹਾ ਕਿ ਨੂਰਾ ਗਰਭਵਤੀ ਹੈ ਤੇ ਪਤਾ ਨਹੀਂ ਸੀ ਕਦੋਂ ਉਸ ਦੇ ਬੱਚੇ ਨੂੰ ਜਨਮ ਦੇਣ ਦਾ ਵੇਲਾ ਹੋ ਜਾਣਾ ਸੀ।

ਥੱਕ ਹਾਰ ਕੇ ਨੂਰਾ ਘਰੋਂ ਬਾਹਰ ਵੱਲ ਨੂੰ ਤੁੱਰ ਪਈ। ਉਹ ਵਿਚਾਰੀ ਰੋਈ ਜਾ ਰਹੀ ਸੀ ਉਸ ਦੇ ਅੱਥਰੂਆਂ ਦਾ ਕੋਈ ਹਿਸਾਬ ਨਹੀਂ ਸੀ। ਉਸ ਨੂੰ ਪਰਿਵਾਰ ਦੇ ਉਸ ਉੱਪਰ ਇਲਜ਼ਾਮ ਲਾਉਣ ਦਾ ਬਿਲਕੁਲ ਦੁੱਖ ਨਹੀਂ ਸੀ ਪਰ ਉਸ ਨੂੰ ਦੁੱਖ ਇਸ ਗੱਲ ਦਾ ਸੀ ਕਿ ਵਿਨੋਦ ਨੇ ਵੀ ਉਸ ਦਾ ਸਾਥ ਨਾ ਦਿੱਤਾ ਤੇ ਸਗੋਂ ਉਸਦੇ ਗਰਭਵਤੀ ਹੁੰਦੇ ਹੋਏ ਵੀ ਉਸ ਉੱਪਰ ਹੱਥ ਚੁੱਕਿਆ। ਪਰ ਨੂਰਾ ਨੇ ਦਿਲ ਤੇ ਪੱਥਰ ਰੱਖ ਲਿਆ ਕਿ ਹੁਣ ਕਿਸੇ ਤੇ ਵੀ ਦੋਸ਼ ਲਾਉਣ ਦਾ ਕੋਈ ਫਾਇਦਾ ਨਹੀਂ। ਨੂਰਾ ਪੈਰਾਂ ਤੋਂ ਨੰਗੀ ਸੀ ਤੇ ਨਾ ਉਸ ਦੇ

ਸਿਰ ਉੱਪਰ ਕੋਈ ਚੁੰਨੀ ਸੀ। ਉਸ ਨੇ ਗਰਭਵਤੀ ਹੋਣ ਕਰਕੇ ਗਲ ਇੱਕ ਫਰਾਕ ਵਰਗਾ ਖੁੱਲ੍ਹਾ ਜਿਹਾ ਕਮੀਜ਼ ਪਾਇਆ ਹੋਇਆ ਸੀ, ਤੇ ਉਹ ਬਸ ਚਲਦੀ ਜਾ ਰਹੀ ਸੀ ਉਸ ਨੂੰ ਨਹੀਂ ਸੀ ਪਤਾ ਕਿ ਉਹ ਕਿੱਧਰ ਜਾ ਰਹੀ ਹੈ। ਬਾਹਰ ਕਾਫੀ ਹਨੇਰਾ ਹੋ ਗਿਆ ਤੇ ਰਾਤ ਦੇ ਤਕਰੀਬਨ ਗਿਆਰਾਂ ਕੁ ਵਜੇ ਚਲਦੇ-ਚਲਦੇ ਉਸ ਦੇ ਪੇਟ ਵਿੱਚ ਦਰਦ ਹੋਣ ਲੱਗ ਪਈ। ਦਰਦ ਨੂਰਾ ਦੇ ਵੱਸ ਤੋਂ ਬਾਹਰ ਹੋ ਗਿਆ, ਉਹ ਇੱਕ ਰੁੱਖ ਦਾ ਆਸਰਾ ਲੈ ਕੇ ਓਥੇ ਹੀ ਬੈਠ ਗਈ। ਉਸਦੇ ਕੋਲ ਹੀ ਇੱਕ ਕੂੜੇਦਾਨ ਵੀ ਪਿਆ ਹੋਇਆ ਸੀ। ਵੱਧ ਰਹੇ ਦਰਦ ਕਾਰਨ ਨੂਰਾ ਨੇ ਓਥੇ ਹੀ ਲਿਟਣਾ ਸ਼ੁਰੂ ਕਰ ਦਿੱਤਾ ਤੇ ਚੀਕਾਂ ਮਾਰਨ ਲੱਗ ਪਈ ਪਰ ਕੋਈ ਉਸਦੀ ਚੀਕ ਸੁਣ ਕੇ ਮਦਦ ਲਈ ਨਹੀਂ ਆਇਆ।

ਇਹ ਸਭ ਗੱਲਾਂ ਨੂਰਾ ਆਪਣੇ ਕੋਲ ਬੈਠੇ ਓਸੇ ਸਰਦਾਰ ਡਾਕਟਰ ਨੂੰ ਦੱਸ ਰਹੀ ਸੀ ਜਿਸ ਨੇ ਪਿਛਲੀ ਰਾਤ ਨੂਰਾ ਦੀ ਮਦਦ ਕੀਤੀ ਸੀ। ਨੂਰਾ ਦੀ ਇਹ ਕਹਾਣੀ ਸੁਣ ਕੇ ਡਾਕਟਰ(ਸਰਦਾਰ ਜੀ) ਦੀਆਂ ਅੱਖਾਂ ਭਰ ਆਈਆਂ ਤੇ ਉਸ ਕੋਲ ਬੈਠੀ ਪਿਛਲੀ ਰਾਤ ਵਾਲੀ ਡਾਕਟਰ ਦੀਆਂ ਵੀ ਜਿਸ ਨੇ ਡਾਕਟਰ(ਸਰਦਾਰ ਜੀ) ਤੋਂ ਬਾਅਦ ਨੂਰਾ ਦਾ ਇਲਾਜ਼ ਕੀਤਾ

ਸੀ। ਨੂਰਾ ਵੀ ਆਪਣੀ ਕਹਾਣੀ ਸਣਾਉਂਦੇ ਹੋਏ ਰੋ ਰਹੀ ਸੀ ਤੇ ਉਸ ਨੇ ਡਾਕਟਰ ਦਾ ਸ਼ੁਕਰੀਆ ਕੀਤਾ ਕਿ ਉਸ ਨੇ ਇੱਕ ਅਣਜਾਣ ਹੁੰਦੇ ਹੋਏ ਵੀ ਨੂਰਾ ਦੀ ਮੱਦਦ ਕੀਤੀ ਸੀ। ਜਿਥੇ ਨੂਰਾ ਦੇ ਸਾਰੇ ਪਰਿਵਾਰ ਨੇ ਨੂਰਾ ਤੋਂ ਮੁੱਖ ਲਿਆ ਤਾਂ ਡਾਕਟਰ ਨੇ ਇੱਕ ਰੱਬ ਦਾ ਰੂਪ ਬਣ ਕੇ ਨੂਰਾ ਦੀ ਮੱਦਦ ਕੀਤੀ।

ਨੂਰਾ ਇਸ ਗੱਲ ਲਈ ਹੈਰਾਨ ਸੀ ਕਿ ਜਿਸ ਅਣਜਾਣ ਬੰਦੇ ਨੇ ਉਸਦੀ ਮੱਦਦ ਕੀਤੀ ਸੀ ਉਹ ਉਸ ਦੇ ਕੋਲ ਇੱਕ ਚਿੱਟੇ ਰੰਗ ਦਾ ਕੋਟ ਪਾ ਕੇ ਬੈਠਾ ਹੋਇਆ ਸੀ ਤੇ ਉਸ ਨੇ ਬਹੁਤ ਸੋਹਣੀ ਦਸਤਾਰ ਸਜਾਈ ਹੋਈ ਸੀ। ਜੋ ਰਾਤ ਆਪਣੇ ਆਪ ਨੂੰ ਡਾਕਟਰ ਕਹਿ ਕੇ ਸੰਬੋਧਨ ਕਰਦਾ ਸੀ ਉਹ ਅਸਲ ਵਿੱਚ ਸੱਚੀ ਡਾਕਟਰ ਸੀ। ਉਸ ਨੂੰ ਡਾਕਟਰ ਦਾ ਪਹਿਰਾਵਾ ਦੇਖ ਕੇ ਸਭ ਸਮਝ ਆ ਗਿਆ ਸੀ। ਪਰ ਉਸ ਨੂੰ ਡਾਕਟਰ ਦੇ ਅੱਧੀ ਰਾਤ ਨੂੰ ਏਦਾਂ ਫਿਰਦਿਆਂ ਜਾਂ ਸ਼ਰਾਬ ਪੀਂਦਿਆਂ ਵਾਲਾ ਕਿੱਸਾ ਨਹੀਂ ਸੀ ਸਮਝ ਆ ਰਿਹਾ। ਫਿਰ ਵੀ ਉਸ ਨੇ ਡਾਕਟਰ ਨੂੰ ਪੁੱਛਿਆ...

ਨੂਰਾ - ਕੀ ਆਪ ਸੱਚੀ ਇੱਕ ਡਾਕਟਰ ਹੋ ? ਜਾਂ ਫਿਰ ਰਾਤ ਵਾਂਗ ਮੈਨੂੰ ਹੌਂਸਲਾ ਦੇਣ ਲਈ ਹੀ ਇਹ ਡਾਕਟਰ ਵਾਲਾ ਕੋਟ ਪਾ ਲਿਆ ਹੈ ?

ਡਾਕਟਰ ਥੋੜਾ ਜਿਹਾ ਮੁਸਕਰਾਉਂਦੇ ਹੋਏ ਬੋਲਿਆ..

ਡਾਕਟਰ - ਮੇਰਾ ਨਾਮ ਗੁਰਜੀਵਨ ਸਿੰਘ ਹੈ ਤੇ ਮੈਂ ਇੱਕ ਡਾਕਟਰ ਹੀ ਹਾਂ ਤੇ ਇਹ ਗੁਰਜੀਵਨ ਹਸਪਤਾਲ ਵੀ ਸਾਡਾ ਹੀ ਹੈ। ਤੇ ਇਹ ਮੇਰੀ ਛੋਟੀ ਭੈਣ ਡਾਕਟਰ ਨਵਨੀਤ ਕੌਰ ਹੈ।

ਨੂਰਾ ਡਾਕਟਰ ਦੀ ਗੱਲ ਸੁਣ ਕੇ ਖੁਸ਼ ਹੋਈ। ਪਰ ਉਹ ਡਾਕਟਰ ਦੀ ਰਾਤ ਵਾਲੀ ਹਾਲਤ ਲਈ ਹੈਰਾਨ ਸੀ। ਫਿਰ ਉਸਨੇ ਡਾਕਟਰ ਨੂੰ ਟੋਕਦੇ ਹੋਏ ਬੋਲੀ .....

ਨੂਰਾ - ਫਿਰ ਆਪ ਐਨੀ ਰਾਤ ਨਸ਼ੇ ਦੀ ਹਾਲਤ ਵਿੱਚ ਕੀ ਕਰ ਰਹੇ ਸੀ? ਮੈਂ ਕਿਸੇ ਡਾਕਟਰ ਨੂੰ ਤਾਂ ਐਦਾਂ ਕਰਦੇ ਨਹੀਂ ਦੇਖਿਆ।

ਡਾਕਟਰ ਦੀ ਭੈਣ ਤੇ ਡਾਕਟਰ ਨੂਰਾ ਦੇ ਚੇਹਰੇ ਵੱਲ ਦੇਖ ਰਹੇ ਸਨ ਪਰ ਉਹਨਾਂ ਕੋਲ ਨੂਰਾ ਦੇ ਇਸ ਸਵਾਲ ਦਾ ਜੁਆਬ ਨਹੀਂ ਸੀ। ਡਾਕਟਰ(ਗੁਰਜੀਵਨ) ਨੇ ਨੂਰਾ ਦੀ ਗੱਲ ਨੂੰ ਅਣਸੁਣੀ ਕਰ ਕੇ ਕਿਹਾ...

ਡਾਕਟਰ - ਨੂਰਾ ਆਪ ਹੁਣ ਆਰਾਮ ਕਰੋ ਬਾਕੀ ਗੱਲਾਂ ਆਪਾ ਫਿਰ ਕਰਦੇ ਹਾਂ, ਕੁਝ ਦੇਰ ਬਾਅਦ ਥਾਣੇਦਾਰ ਆਵੇਗਾ ਆਪ ਉਸ ਨੂੰ ਆਪਣਾ ਬਿਆਨ ਦੇ ਦਿਉ, ਤੱਦ ਤੱਕ ਤੁਸੀਂ ਆਰਾਮ ਕਰੋ।

ਐਨੀ ਗੱਲ ਕਹਿ ਕੇ ਡਾਕਟਰ ਤੇ ਉਸਦੀ ਭੈਣ ਨੂਰਾ ਕੋਲੋਂ ਉੱਠ ਕੇ ਬਾਹਰ ਚਲੇ ਗਏ, ਪਰ ਨੂਰਾ ਨੂੰ ਉਸਦੇ ਸਵਾਲ ਦਾ ਜੁਆਬ ਨਹੀਂ ਸੀ ਮਿਲਿਆ।

ਕੀ ਸੀ ਨੂਰਾ ਦੇ ਇਸ ਸਵਾਲ ਦਾ ਜੁਆਬ? ਡਾਕਟਰ ਤੇ ਉਸਦੀ ਭੈਣ ਨੇ ਕਿਉਂ ਉਸ ਸਵਾਲ ਦਾ ਜੁਆਬ ਨਾ ਦਿੱਤਾ? ਤੇ ਕਿਉਂ ਇੱਕ ਡਾਕਟਰ ਹੋਣ ਦੇ ਬਾਵਜੂਦ ਵੀ ਉਹ ਐਨੀ ਰਾਤ ਨੂੰ ਘਰ ਤੋਂ ਬਾਹਰ ਸ਼ਰਾਬ ਪੀ ਰਿਹਾ ਸੀ? ਕੀ ਨੂਰਾ ਨੂੰ ਬਸ ਉਸਦੇ ਵੱਖਰੇ ਧਰਮ ਹੋਣ ਦੇ ਕਾਰਨ ਹੀ ਐਨਾ ਜ਼ਲੀਲ ਕੀਤਾ ਜਾਂਦਾ ਸੀ? ਕੀ ਨੂਰਾ ਦੀ ਇਸ ਹਾਲਤ ਲਈ ਬੱਸ ਉਸਦਾ ਸਹੁਰਾ ਪਰਿਵਾਰ ਹੀ ਜਿੰਮੇਵਾਰ ਸੀ? ਕੀ ਵਿਨੋਦ ਨੂੰ ਨੂਰਾ ਦਾ ਸਾਥ ਨਹੀਂ ਸੀ ਦੇਣਾ ਚਾਹੀਦਾ? ਕੀ ਨੂਰਾ ਨੂੰ ਉਸ ਨਾਲ ਹੋਈ ਬੇ-ਇਨਸਾਫ਼ੀ ਲਈ ਇਨਸਾਫ਼ ਮਿਲੇਗਾ ਜਾਂ ਨੂਰਾ ਨਾਲ ਇਸ ਤੋਂ ਬੁਰਾ ਹੋ ਸਕਦਾ

ਸੀ ਜਾਂ ਹੋਵੇਗਾ ? ਸਵਾਲ ਉਲਝਦੇ ਜਾਂਦੇ ਨੇ ਪਰ ਜੁਵਾਬ ਓਨੇ ਹੀ ਔਖੇ ਹੁੰਦੇ ਜਾ ਰਹੇ ਨੇ।

ਅਸ਼ਲੀਲਤਾ ਕਦੇ ਵੀ ਕਿਸੇ ਧਰਮ ਵਿੱਚ ਨਹੀਂ ਹੁੰਦੀ ਤੇ ਨਾ ਹੀ ਇਹ ਕੱਪੜਿਆਂ ਜਾਂ ਸ਼ਬਦਾਂ ਵਿੱਚ ਹੁੰਦੀ ਹੈ। ਦਰਅਸਲ ਇਹ ਬੰਦੇ ਦੀ ਸੋਚ ਅੰਦਰ ਹੁੰਦੀ ਹੈ। ਇਸ ਕਹਾਣੀ ਦਾ ਮਕਸਦ ਕਿਸੇ ਵੀ ਧਰਮ ਨੂੰ ਉਚਾ ਜਾ ਨੀਵਾਂ ਦਿਖਾਉਣਾ ਨਹੀਂ ਹੈ ਤੇ ਨਾ ਹੀ ਕੋਈ ਗ਼ਲਤ ਭਾਵਨਾ ਉਜਾਗਰ ਕਰਨਾ ਹੈ। ਇਸ ਦਾ ਮਕਸਦ ਬਸ ਇੱਕ ਔਰਤ ਤੇ ਹੁੰਦੇ ਜ਼ੁਲਮ ਨੂੰ ਪੇਸ਼ ਕਰਨਾ ਹੈ। ਜਿਵੇਂ ਦੇ ਹਾਲਾਤ ਨੂਰਾ ਲਈ ਬਣੇ ਉਹ ਕਿਸੇ ਵੀ ਔਰਤ ਨੂੰ ਤੋੜ ਸਕਦੇ ਨੇ ਤੇ ਸ਼ਾਇਦ ਕੋਈ ਹੋਰ ਔਰਤ ਅਗਰ ਨੂਰਾ ਦੀ ਜਗ੍ਹਾ ਹੁੰਦੀ ਤਾਂ ਹੁਣ ਤੱਕ ਦੱਮ ਤੋੜ ਜਾਂਦੀ ਪਰ ਨੂਰਾ ਨੇ ਹੌਂਸਲਾ ਨਹੀਂ ਛੱਡਿਆ ਤੇ ਹਰ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਦੀ ਰਹੀ। ਔਰਤ ਦੀ ਸ਼ਖਸ਼ੀਅਤ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਕੋਈ ਵੀ ਅਲਫਾਜ਼ ਇੱਕ ਔਰਤ ਦੀ ਸ਼ਖਸ਼ੀਅਤ ਨੂੰ ਬਿਆਨ ਕਰਨ ਦਾ ਦੱਮ ਨਹੀਂ ਰੱਖਦਾ। ਜ਼ੁਲਮ ਹੁੰਦੇ ਆਏ ਨੇ ਤੇ ਹੁੰਦੇ ਹੀ ਰਹਿਣਗੇ। ਇਹਨਾਂ ਦਾ ਤੋੜ ਲੱਭਣਾ ਕੋਈ ਸੌਖਾ ਨਹੀਂ। ਇਨਸਾਨੀਅਤ ਸ਼ਬਦ ਓਨਾ ਹੀ ਗੁੰਝਲਦਾਰ ਹੈ ਜਿੰਨਾ ਉਸ ਨੂੰ

ਆਪਣੀ ਜ਼ਿੰਦਗੀ ਵਿੱਚ ਧਾਰਨ ਕਰਨਾ ਹੈ। ਅਗਰ ਇਸ ਦੁਨੀਆ ਉੱਪਰ ਡਾਕਟਰ ਵਰਗੇ ਲੋਕ ਨਾ ਹੋਣ ਤਾਂ ਇਹ ਕਦੇ ਦੀ ਉਜਾੜ ਬਣ ਗਈ ਹੋਣੀ ਸੀ। ਇਹੋ ਜਿਹੇ ਇਨਸਾਨਾਂ ਦੇ ਹੋਣ ਕਰਕੇ ਹੀ ਅੱਜ ਤੱਕ ਇਨਸਾਨੀਅਤ ਜੀਵਤ ਹੈ।

ਚਮੀਨ ਸੁਹੀਰ

[ਭਾਗ ਤੀਜਾ]

ਪਲ ਪ੍ਰੀਤ ਸਿੰਘ ਭੱਟੀ

ਖ਼ੂਨੀ ਕਮੀਜ਼ (ਭਾਗ ਤੀਜਾ)

ਪਾਣੀ ਵਾਰ ਬੰਨੇ ਦੀਏ ਮਾਏਂ,

ਬੰਨਾ ਤੇਰਾ ਬਾਹਰ ਖੜਾ,

ਪਾਣੀ ਵਾਰ ਬੰਨੇ ਦੀਏ ਮਾਏਂ,

ਬੰਨਾ ਤੇਰਾ ਬਾਹਰ ਖੜਾ,

ਸੁੱਖਾਂ ਸੁੱਖਦੀ ਨੂੰ ਆਹ ਦਿਨ ਆਇਆ,

ਬੰਨਾ ਤੇਰਾ ਬਾਹਰ ਖੜਾ,

ਪਾਣੀ ਵਾਰ ਬੰਨੇ ਦੀਏ ਮਾਏਂ,

ਬੰਨਾ ਤੇਰਾ ਬਾਹਰ ਖੜਾ.....ਆ .....

ਕੋਲ ਖੜੀਆਂ ਸਭ ਔਰਤਾਂ ਬੜੇ ਹੀ ਚਾਅ ਨਾਲ ਵਿਆਹ ਦੇ ਗੀਤ ਗਾ ਰਹੀਆਂ ਸਨ। ਤੇ ਮਾਂ ਆਪਣੇ ਨਵੇਂ ਵਿਆਹੇ ਨੂੰਹ-ਪੁੱਤ ਤੋਂ ਪਾਣੀ ਵਾਰ ਕੇ ਪੀ ਰਹੀ ਸੀ। ਮਾਂ ਪਾਣੀ ਵਾਰਦੀ ਤੇ ਜਦੋਂ ਮੂੰਹ ਲਾਉਣ ਲੱਗਦੀ ਤਾਂ ਪੁੱਤ ਉਸ ਛੰਨੇ ਨੂੰ ਹੱਥ ਰੱਖ ਕੇ ਮਾਂ ਨੂੰ ਪਾਣੀ ਪੀਣ ਤੋਂ ਰੋਕਦਾ। ਛੰਨਾ ਜੋ ਕਿ ਕੱਚੀ ਲੱਸੀ ਜਿਸ ਨੂੰ ਪਾਣੀ ਵਿੱਚ ਦੁੱਧ ਰਲਾ ਕੇ ਤਿਆਰ ਕੀਤਾ ਜਾਂਦਾ ਹੈ, ਉਸ ਨਾਲ ਭਰਿਆ ਹੋਇਆ ਸੀ। ਜਿਸ ਵਿੱਚ ਥੋੜੇ ਜਿਹੇ ਚੌਲ ਤੇ ਖੰਡ ਵੀ ਰਲਾਈ

ਜਾਂਦੀ ਹੈ। ਮਾਂ ਇਸ ਤਰ੍ਹਾਂ ਕਰੀਬ ਸੱਤ ਵਾਰ ਪਾਣੀ ਵਾਰ ਕੇ ਮੂੰਹ ਨੂੰ ਲਾਉਂਦੀ ਹੈ ਤੇ ਪੁੱਤ ਛੇ ਵਾਰ ਮਾਂ ਨੂੰ ਸਾਰਾ ਪਾਣੀ ਪੀਣ ਤੋਂ ਰੋਕਦਾ ਹੈ ਤੇ ਸੱਤਵੀਂ ਵਾਰ ਮਾਂ ਛੰਨੇ ਦਾ ਸਾਰਾ ਪਾਣੀ ਪੀ ਜਾਂਦੀ ਹੈ।

ਆਸ ਪਾਸ ਖੜ੍ਹੇ ਸਾਰੇ ਹੀ ਪ੍ਰੋਹਣੇ ਨੂੰਹ ਦੇ ਹੁਸਨ ਦੀ ਤਰੀਫ ਕਰ ਰਹੇ ਸਨ ਤੇ ਹਾਸਾ ਮਜਾਕ ਕਰ ਰਹੇ ਸਨ। ਜਦੋਂ ਇਹ ਰਸਮ ਹੋ ਰਹੀ ਸੀ ਤਾਂ ਇੱਕ ਔਰਤ ਬੋਲੀ...

ਔਰਤ - ਬਲਬੀਰ ਕੌਰੇ ਨੂੰਹ ਤਾਂ ਤੇਰੀ ਬਹੁਤ ਹੀ ਸੋਹਣੀ ਆ। ਗੁਰਜੀਵਨ ਤਾਂ ਨੰਬਰ ਲੈ ਗਿਆ।

ਐਨੇ ਨੂੰ ਦੂਸਰੀ ਔਰਤ ਪਹਿਲੀ ਔਰਤ ਨੂੰ ਟੋਕਦੇ ਹੋਏ ਬੋਲੀ ....

ਦੂਸਰੀ ਔਰਤ - ਨੀ ਭੈਣਾਂ ਜੇ ਨੂੰਹ ਰਾਣੀ ਐਨੀ ਸੋਹਣੀ ਆ ਤਾਂ ਗੁਰਜੀਵਨ ਕਿਹੜਾ ਘੱਟ ਵਾ। ਨੂੰਹ ਨਾਲੋਂ ਦੋ ਰੱਤੀਆਂ ਵੱਧ ਹੀ ਹੋਵੇਗਾ।

ਐਨਾ ਕਹਿ ਕੇ ਸਭ ਖਿੜ-ਖਿੜ ਕੇ ਹੱਸਣ ਲੱਗ ਪਏ। ਜਿਵੇਂ ਕਿਸੇ ਨੇ ਪਤਾ ਨਹੀਂ ਕਿੰਨਾ ਕੁ ਵੱਡਾ ਫੁਰਨਾ ਫੋਰ ਦਿੱਤਾ ਹੋਵੇ। ਪਰ ਇਹੋ ਜਿਹੀਆਂ ਰਸਮਾਂ ਵੇਲੇ ਇਹੋ ਜਿਹੇ ਹਾਸੇ-ਮਜਾਕ ਹੋਣੇ ਆਮ

ਗੱਲ ਹੈ। ਉਸ ਤੋਂ ਬਾਅਦ ਅਗਲੇ ਕਈ ਦਿਨ ਤੱਕ ਹੋਰ ਵੀ ਰਸਮਾਂ ਹੋਈਆਂ। ਜਿਵੇਂ ਮੂੰਹ ਵਿੱਚ ਬੁਰਕੀਆਂ ਪਉਣੀਆਂ, ਗਾਨੇ ਖੇਡਣੇ, ਚੌਂਕੇ ਚੜ੍ਹਾਉਣਾ ਤੇ ਹੋਰ ਵੀ ਕਈ।

ਗੁਰਜੀਵਨ ਇਹਨਾਂ ਰੀਤੀ ਰਿਵਾਜਾਂ ਵਿੱਚ ਵਿਸ਼ਵਾਸ਼ ਨਹੀਂ ਸੀ ਰੱਖਦਾ ਤੇ ਸਾਦਾ ਵਿਆਹ ਕਰਵਾਉਣਾ ਚਾਉਂਦਾ ਸੀ ਪਰ ਉਸਦੀ ਮਾਂ ਹਰ ਇੱਕ ਰਸਮ ਮੁਤਾਬਿਕ ਹੀ ਵਿਆਹ ਕਰਨ ਵਿੱਚ ਰਾਜੀ ਸੀ। ਫਿਰ ਗੁਰਜੀਵਨ ਨੂੰ ਆਪਣੀ ਮਾਂ ਦੀ ਗੱਲ ਮੰਨਣੀ ਹੀ ਪਈ।

ਹੱਸਦਿਆਂ ਖੇਡਦਿਆਂ ਦਿਨ ਲੰਘਦੇ ਗਏ। ਗੁਰਜੀਵਨ ਆਪਣੀ ਜ਼ਿੰਦਗੀ ਤੋਂ ਬਹੁਤ ਖੁਸ਼ ਸੀ। ਗੁਰਜੀਵਨ ਦੀ ਘਰਵਾਲੀ ਇੱਕ ਪ੍ਰੋਫੈਸਰ ਸੀ। ਜੋ ਸਰਕਾਰੀ ਕਾਲਜ ਵਿੱਚ ਅੰਗਰੇਜ਼ੀ ਦਾ ਵਿਸ਼ਾ ਪੜ੍ਹਾਉਂਦੀ ਸੀ। ਉਸਦਾ ਨਾਮ ਮਹਿਕਪ੍ਰੀਤ ਕੌਰ ਸੀ। ਜੋ ਆਪਣੇ ਨਾਮ ਦੀ ਤਰ੍ਹਾਂ ਹੀ ਆਪਣੇ ਗੁਣਾ ਨਾਲ ਸਭ ਵਿੱਚ ਮਹਿਕ ਖਲਾਰਦੀ ਸੀ। ਕਦੇ-ਕਦੇ ਉਹ ਗੁਰਜੀਵਨ ਤੇ ਨਵਨੀਤ(ਗੁਰਜੀਵਨ ਦੀ ਭੈਣ) ਨਾਲ ਹਸਪਤਾਲ ਵੀ ਜਾ ਕੇ ਮਰੀਜਾਂ ਦੀ ਦੇਖ ਭਾਲ ਕਰਦੀ। ਉਸ ਦੀ ਇਸ ਸੇਵਾ ਭਾਵਨਾ ਤੇ ਸੁਭਾਅ ਲਈ ਸਾਰੇ ਹੀ ਉਸਦੇ ਮੁਰੀਦ ਸਨ। ਗੁਰਜੀਵਨ, ਮਹਿਕ

ਨਾਲ ਬਹੁਤ ਹੀ ਖੁਸ਼ ਸੀ। ਜਿਵੇਂ ਉਸ ਨੂੰ ਕਿਸੇ ਚੀਜ ਦੀ ਲੋੜ ਨਾ ਹੋਵੇ ਤੇ ਵਾਹਿਗੁਰੂ ਨੇ ਉਸ ਦੀ ਹਰ ਖੁਸ਼ੀ ਪੂਰੀ ਕਰ ਦਿੱਤੀ ਹੋਵੇ।

ਗੁਰਜੀਵਨ ਦੇ ਪਿਤਾ ਹਰਜੀਤ ਸਿੰਘ ਆਰਮੀ ਦੇ ਇੱਕ ਰਿਟਾਇਰ ਅਫਸਰ ਸਨ। ਉਹ ਮਹਿਕ ਨੂੰ ਆਪਣੀ ਨੂੰਹ ਘੱਟ ਤੇ ਧੀ ਜਿਆਦਾ ਸਮਝਦੇ ਸਨ। ਅਸਲ ਵਿੱਚ ਮਹਿਕ ਇਸ ਕਾਬਿਲ ਹੀ ਸੀ ਕਿ ਹਰ ਕੋਈ ਉਸ ਦਾ ਚਹੇਤਾ ਸੀ। ਗੁਰਜੀਵਨ ਦਾ ਮਹਿਕ ਨਾਲ ਪ੍ਰੇਮ ਵਿਆਹ ਭਾਵੇਂ ਨਹੀਂ ਸੀ ਹੋਇਆ ਪਰ ਉਹਨਾਂ ਦਾ ਪਿਆਰ ਨਾਪਣ ਵਿੱਚ ਨਹੀਂ ਸੀ ਆਉਂਦਾ। ਸਮਾਂ ਬੀਤਦਾ ਗਿਆ ਤੇ ਵਿਆਹ ਨੂੰ ਕਰੀਬ ਇੱਕ ਸਾਲ ਤੋਂ ਉੱਪਰ ਹੋ ਗਿਆ। ਇਸ ਦੌਰਾਨ ਗੁਰਜੀਵਨ ਹਸਪਤਾਲ ਦੇ ਕਾਰਨ ਮਹਿਕ ਨੂੰ ਕਿਤੇ ਵੀ ਦੂਰ ਘੁੰਮਣ ਨਹੀਂ ਸੀ ਲੈ ਕੇ ਗਿਆ। ਫਿਰ ਇੱਕ ਰਾਤ ਸਾਰਾ ਪਰਿਵਾਰ ਇਕੱਠੇ ਬੈਠ ਕੇ ਭੋਜਨ ਖਾ ਰਹੇ ਸਨ ਤੇ ਨਵਨੀਤ ਨੇ ਕਿਹਾ...

ਨਵਨੀਤ - ਪਾਪਾ ਕਿਉਂ ਨਾ ਆਪਾ ਕੱਲ ਕਿਤੇ ਘੁੰਮਣ ਚੱਲੀਏ। ਕੱਲ ਨੂੰ ਸ਼ਨੀਵਾਰ ਹੈ ਤੇ ਫਿਰ ਸੋਮਵਾਰ ਤੇ ਮੰਗਲਵਾਰ ਵੀ ਭਾਬੀ ਨੂੰ ਛੁੱਟੀਆਂ ਨੇ।

ਨਵਨੀਤ ਨੂੰ ਟੋਕਦੇ ਹੋਏ ਉਸਦੀ ਮਾਂ ਬੋਲੀ..

ਬਲਬੀਰ ਕੌਰ - ਤੇ ਹਸਪਤਾਲ ਦਾ ਕੰਮ ਕੌਣ ਦੇਖੂ, ਤੇਰਾ ਪਿਉ।

ਹਰਜੀਤ ਸਿੰਘ - ਕਿਉਂ ਭਾਈ, ਪਿਉ ਕਿਉਂ ਦੇਖੂ, ਪਿਉ ਤਾਂ ਨਾਲ ਜਾਊ। ਨਾਲੇ ਹਸਪਤਾਲ ਵਿੱਚ ਹੋਰ ਡਾਕਟਰ ਕੀ ਕਰਨ ਨੂੰ ਨੇ?

ਨਵਨੀਤ - ਚਲੋ ਠੀਕ ਆ ਫਿਰ ਮੈਂ ਤੇ ਭਾਬੀ ਤਿਆਰੀ ਕਰਦੇ ਹਾਂ।

ਗੁਰਜੀਵਨ - ਤਿਆਰੀ ਤਾਂ ਹੋਜੂ ਪਰ ਜਾਣਾ ਕਿੱਥੇ ਆ?

ਹਰਜੀਤ ਸਿੰਘ - ਇਹ ਤਾਂ ਹੁਣ ਮਹਿਕ ਹੀ ਦੱਸੂ। ਹਾਂ ਦੱਸੋ ਬੇਟਾ ਜੀ ਕਿੱਥੇ ਚੱਲੀਏ ਫਿਰ?

ਮਹਿਕ - ਮਨੀਕਰਨ ਸਾਹਿਬ ਚੱਲਦੇ ਹਾਂ ਫਿਰ ਓਥੋਂ ਹੀ ਮਨਾਲੀ ਘੁੰਮ ਆਵਾਂਗੇ।

ਨਵਨੀਤ - ਹਾਂ ਠੀਕ ਆ।

ਗੁਰਜੀਵਨ - ਚਲੋ ਠੀਕ ਆ ਮੈਂ ਹੁਣ ਹਸਪਤਾਲ ਜਾ ਕੇ ਕੁਝ ਕੰਮ ਨਿਪਟਾ ਆਉਂਦਾ ਹਾਂ ਫਿਰ ਤੜਕੇ ਹੀ ਨਿਕਲ ਜਾਵਾਂਗੇ।

ਮਹਿਕ - ਮੈਂ ਨਾਲ ਚੱਲਾ?

ਗੁਰਜੀਵਨ - ਨਹੀਂ ਤੁਸੀਂ ਨਵਨੀਤ ਨਾਲ ਜਾਣ ਦੀ ਤਿਆਰੀ ਕਰੋ ਮੈਂ ਬਸ ਹੁਣੇ ਗਿਆ ਤੇ ਹੁਣੇ ਆਇਆ।

ਐਨਾ ਕਹਿਣ ਤੋਂ ਬਾਅਦ ਗੁਰਜੀਵਨ ਰੋਟੀ ਖਾ ਕੇ ਹਸਪਤਾਲ ਨੂੰ ਨਿਕਲ ਗਿਆ ਤੇ ਨਵਨੀਤ ਆਪਣੀ ਭਾਬੀ ਨਾਲ ਕੱਲ ਨੂੰ ਜਾਣ ਦੀ ਤਿਆਰੀ ਵਿੱਚ ਲੱਗ ਗਈ।

ਅਗਲੇ ਦਿਨ ਸਾਰਾ ਪਰਿਵਾਰ ਸਵੇਰ ਦੇ ਪੰਜ ਵਜੇ ਨਾਲ ਹੀ ਮਨੀਕਰਨ ਸਾਹਿਬ ਨੂੰ ਨਿਕਲ ਗਏ। ਸਭ ਤੋਂ ਪਹਿਲਾਂ ਉਹ ਮੰਡੀ ਸਾਹਿਬ ਪੁੱਜੇ ਜਿੱਥੇ ਉਹਨਾਂ ਦੱਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਣੇ ਗੁਰੂਦੁਆਰਾ ਸਾਹਿਬ ਦੇ ਦਰਸ਼ਨ ਕੀਤੇ। ਫਿਰ ਓਸੇ ਦਿਨ ਉਹ ਰਾਤ ਦੇ ਕਰੀਬ ਨੌ ਕੁ ਵਜੇ ਮਨੀਕਰਨ ਸਾਹਿਬ ਪੁੱਜੇ। ਓਥੇ ਉਹ ਸ਼ਨੀਵਾਰ ਦੀ ਰਾਤ ਤੇ ਐਤਵਾਰ ਦੀ ਰਾਤ ਰਹੇ ਤੇ ਦਰਸ਼ਨ ਕੀਤੇ ਤੇ ਸੇਵਾ ਵੀ ਕੀਤੀ। ਫਿਰ ਸੋਮਵਾਰ ਤੜਕੇ ਹੀ ਉਹ ਮਨਾਲੀ ਨੂੰ ਚੱਲ ਪਏ। ਰਸਤੇ ਵਿੱਚ ਉਹਨਾਂ ਖੂਬ ਮਸਤੀ ਕੀਤੀ। ਮਨਾਲੀ ਤੋਂ ਰੋਹਤਾਂਗ ਗਏ ਤੇ ਇੱਕ ਰਾਤ ਓਥੇ ਰਹਿ ਕੇ ਮੰਗਲਵਾਰ ਨੂੰ ਦਿਨ ਚੜਦੇ ਹੀ ਵਾਪਿਸ ਘਰ ਨੂੰ ਨਿਕਲ ਤੁਰੇ। ਇਸ ਦੌਰਾਨ ਉਹਨਾਂ ਬਹੁਤ ਸਾਰੀਆਂ ਮਿੱਠੀਆਂ ਯਾਦਾਂ ਇਕੱਠੀਆਂ ਕਰ ਲਈਆਂ। ਉਹਨਾਂ ਬਹੁਤ

ਸਾਰੀਆਂ ਫੋਟੋਵਾਂ ਵੀ ਖਿੱਚੀਆਂ। ਰਾਤ ਕਰੀਬ ਬਾਰਾਂ ਵਜੇ ਉਹ ਘਰ ਪੁੱਜੇ। ਅਗਲੀ ਸਵੇਰ ਸਾਰੇ ਆਪੋ ਆਪਣੇ ਕੰਮ ਤੇ ਚਲੇ ਗਏ।

ਉਸ ਤੋਂ ਤਿੰਨ ਕੁ ਮਹੀਨੇ ਬਾਅਦ ਗੁਰਜੀਵਨ ਨੂੰ ਮਹਿਕ ਦੇ ਗਰਭਵਤੀ ਹੋਣ ਬਾਰੇ ਪਤਾ ਲੱਗਾ। ਗੁਰਜੀਵਨ ਨੇ ਇਹ ਗੱਲ ਆਪਣੀ ਮਾਂ ਨੂੰ ਦੱਸੀ। ਸਭ ਨੇ ਬਹੁਤ ਖੁਸ਼ੀ ਜਤਾਈ ਤੇ ਮਹਿਕ ਦਾ ਅੱਗੇ ਨਾਲੋਂ ਵੱਧ ਧਿਆਨ ਰੱਖਣਾ ਸ਼ੁਰੂ ਕਰ ਦਿੱਤਾ। ਮਹਿਕ ਤੇ ਗੁਰਜੀਵਨ ਹੁਣ ਅਕਸਰ ਹੀ ਗੱਲਾਂ ਵਿੱਚ ਇੱਕ ਦੂਜੇ ਨੂੰ ਆਪਣੀ ਖੁਸ਼ੀ ਜ਼ਾਹਿਰ ਕਰਦੇ । ਮਹਿਕ ਆਖਦੀ ਕਿ ਉਸਨੂੰ ਇੱਕ ਬੇਟਾ ਚਾਹੀਦਾ ਹੈ ਤੇ ਗੁਰਜੀਵਨ ਕਹਿੰਦਾ ਉਸ ਨੂੰ ਬੇਟੀ। ਮਹਿਕ ਕਹਿੰਦੀ ਕਿ ਉਹ ਆਪਣੇ ਬੇਟੇ ਦਾ ਨਾਮ ਅੰਗਦ ਰੱਖੇਗੀ ਤੇ ਗੁਰਜੀਵਨ ਕਹਿੰਦਾ ਕਿ ਉਹ ਆਪਣੀ ਬੇਟੀ ਦਾ ਨਾਮ ਸ਼ਹਿਨਾਜ਼ ਰੱਖੇਗਾ। ਦੋਵੇਂ ਅਕਸਰ ਹੀ ਇਸ ਗੱਲ ਤੇ ਇੱਕ ਦੂਜੇ ਨਾਲ ਨਰਾਜ ਵੀ ਹੋ ਜਾਂਦੇ ਪਰ ਅਗਲੇ ਹੀ ਪਲ ਫਿਰ ਬੋਲ ਪੈਂਦੇ। ਡਾਕਟਰ ਹੁੰਦੇ ਹੋਏ ਵੀ ਗੁਰਜੀਵਨ ਨੇ ਕਦੇ ਵੀ ਇਹ ਜਾਂਚ ਕਰਨ ਬਾਰੇ ਨਹੀਂ ਸੀ ਸੋਚਿਆ ਕਿ ਮਹਿਕ ਬੇਟੇ ਨੂੰ ਜਨਮ ਦੇਵੇਗੀ ਜਾਂ ਫਿਰ ਬੇਟੀ ਨੂੰ। ਸਮਾਂ ਬਹੁਤ ਸੋਹਣਾ ਲੰਘਦਾ ਗਿਆ।

ਆਖਿਰ ਉਹ ਦਿਨ ਆ ਹੀ ਗਿਆ ਜਦੋਂ ਮਹਿਕ ਇੱਕ ਬੱਚੇ ਨੂੰ ਜਨਮ ਦੇਣ ਵਾਲੀ ਸੀ। ਮਹਿਕ ਆਪਣੇ ਕਮਰੇ ਵਿੱਚ ਸੀ ਤੇ

ਉਸਦੀ ਸੱਸ ਸੇਬ ਕੱਟ ਕੇ ਉਸਨੂੰ ਖਵਾ ਰਹੀ ਸੀ। ਅਚਾਨਕ ਹੀ ਮਹਿਕ ਦੇ ਪੇਟ ਵਿੱਚ ਦਰਦ ਹੋਣਾ ਸ਼ੁਰੂ ਹੋ ਗਿਆ। ਮਹਿਕ ਦੀ ਸੱਸ ਨੇ ਜਲਦੀ ਨਾਲ ਆਪਣੇ ਘਰਵਾਲੇ ਨੂੰ ਆਵਾਜ਼ ਮਾਰੀ ਤੇ ਉਹ ਦੋਵੇਂ ਮਹਿਕ ਨੂੰ ਗੱਡੀ ਵਿੱਚ ਆਪਣੇ ਬੇਟੇ ਦੇ ਹਸਪਤਾਲ ਲੈ ਗਏ। ਗੁਰਜੀਵਨ ਤੇ ਉਸਦੀ ਭੈਣ ਨਵਨੀਤ ਹਸਪਤਾਲ ਵਿੱਚ ਹੀ ਸਨ। ਹਸਪਤਾਲ ਪੁੱਜਦੇ ਹੀ ਨਵਨੀਤ ਮਹਿਕ ਨੂੰ ਉਪ੍ਰੇਸ਼ਨ ਕਰਨ ਵਾਲੇ ਕਮਰੇ ਵਿੱਚ ਲੈ ਗਈ ਤੇ ਨਾਲ ਕੁਝ ਸਹਾਇਕ ਵੀ ਗਏ। ਨਵਨੀਤ ਨੇ ਮਹਿਕ ਨੂੰ ਟੀਕੇ ਵਗੈਰਾ ਲਾਏ ਤੇ ਫਿਰ ਉਪ੍ਰੇਸ਼ਨ ਦੀ ਤਿਆਰੀ ਕਰਨ ਲੱਗ ਗਈ। ਐਨੇ ਨੂੰ ਗੁਰਜੀਵਨ ਰੂਮ ਵਿੱਚ ਆ ਗਿਆ ਉਸ ਨੇ ਨਵਨੀਤ ਨੂੰ ਮਹਿਕ ਦੀ ਹਾਲਤ ਬਾਰੇ ਪੁੱਛਿਆ...

ਗੁਰਜੀਵਨ - ਕੀ ਹਾਲਾਤ ਨੇ?

ਨਵਨੀਤ - ਅਜੇ ਤੱਕ ਤਾਂ ਸਭ ਠੀਕ ਹੈ ਵੀਰ ਜੀ। ਪਰ ਮੈਨੂੰ ਲਗਦਾ ਸਾਧਾਰਨ ਤੋਰ ਤੇ ਬੱਚਾ ਬਾਹਰ ਨਹੀਂ ਆਵੇਗਾ। ਵੱਡਾ ਉਪ੍ਰੇਸ਼ਨ ਕਰਨਾ ਪਵੇਗਾ।

ਗੁਰਜੀਵਨ - ਰਿਪੋਰਟ ਦਿਖਾ ਜਰਾ। ਹਾਂ.. ਵੱਡਾ ਉਪ੍ਰੇਸ਼ਨ ਹੀ ਹੋਵੇਗਾ। ਬੱਚੇ ਦਾ ਨਾੜੂ ਉਸ ਦੇ ਆਸੇ ਪਾਸੇ ਲਪੇਟਿਆ ਹੋਇਆ ਹੈ ਜੋ ਸਾਧਾਰਨ ਉਪ੍ਰੇਸ਼ਨ ਨਾਲ ਠੀਕ ਨਹੀਂ ਹੋਵੇਗਾ।

ਨਵਨੀਤ - ਉਪ੍ਰੇਸ਼ਨ ਤੁਸੀਂ ਕਰੋਗੇ ਜਾਂ ਫਿਰ ਮੈਂ ਕਰਾ।

ਗੁਰਜੀਵਨ - ਮੈਂ ਕਰਦਾ ਹਾਂ ਤੂੰ ਨਾਲ ਮੱਦਦ ਕਰਾਵੀਂ।

ਨਵਨੀਤ - ਪਰ ਮੈਨੂੰ ਲੱਗਦਾ ਉਪ੍ਰੇਸ਼ਨ ਮੈਨੂੰ ਕਰਨਾ ਚਾਹੀਦਾ ਹੈ।

ਗੁਰਜੀਵਨ - ਕਿਉਂ ਤੈਨੂੰ ਕਿਉਂ ਇੰਝ ਲੱਗਦਾ। ਕੀ ਮੈਂ ਮਾੜਾ ਡਾਕਟਰ ਹਾਂ?

ਨਵਨੀਤ - ਹੋ ਤਾਂ ਤੁਸੀਂ ਸਭ ਨਾਲੋਂ ਬਹਿਤਰ ਪਰ ਫਿਰ ਵੀ ਮੈਂ ਕਰਦੀ ਆ। ਬਾਕੀ ਤੁਹਾਡੀ ਮਰਜ਼ੀ।

ਗੁਰਜੀਵਨ - ਨਹੀਂ ਮੈਂ ਹੀ ਕਰਾਂਗਾ। ਤੁਸੀਂ ਮੇਰੀ ਮੱਦਦ ਕਰਨਾ। ਚਲੋ ਹੁਣ ਗੱਲਾਂ ਨਾ ਕਰੋ ਜਲਦੀ ਤਿਆਰੀ ਕਰੋ ਉਪ੍ਰੇਸ਼ਨ ਦੀ।

ਇਸ ਤੋਂ ਬਾਅਦ ਨਵਨੀਤ ਉਪ੍ਰੇਸ਼ਨ ਦੀ ਤਿਆਰੀ ਵਿੱਚ ਲੱਗ ਗਈ। ਫਿਰ ਉਪ੍ਰੇਸ਼ਨ ਹੋਣਾ ਸ਼ੁਰੂ ਹੋ ਗਿਆ। ਗੁਰਜੀਵਨ ਤੇ ਨਵਨੀਤ ਸਮੇਤ ਤਿੰਨ ਸਹਾਇਕ ਵੀ ਨਾਲ ਸਨ।ਗੁਰਜੀਵਨ ਨੇ ਇੱਕ ਡਾਕਟਰ ਦੀ ਤਰ੍ਹਾਂ ਇੱਕ ਬਲੇਡ ਨਾਲ ਮਹਿਕ ਦੇ ਢਿੱਡ ਨੂੰ ਕੱਟਿਆ। ਇਸ ਦੌਰਾਨ ਮਹਿਕ ਬੇਹੋਸ਼ ਪਈ ਸੀ। ਉਪ੍ਰੇਸ਼ਨ ਹੁੰਦੇ

ਵਕਤ ਅਚਾਨਕ ਗੁਰਜੀਵਨ ਤੋਂ ਕਿਸੇ ਗ਼ਲਤ ਜਗ੍ਹਾ ਕੱਟ ਲੱਗ ਗਿਆ। ਜਿੱਥੇ ਬੱਚੇ ਦੇ ਆਸੇ ਪਾਸੇ ਇੱਕ ਤਰ੍ਹਾਂ ਦਾ ਤਰਲ ਪਦਾਰਥ ਹੁੰਦਾ ਹੈ ਜਿਸ ਨੂੰ ਜੇਰ ਵੀ ਕਿਹਾ ਜਾ ਸਕਦਾ ਹੈ। ਓਥੇ ਕੱਟ ਲੱਗਣ ਕਰਕੇ ਉਹ ਤਰਲ ਪਦਾਰਥ ਮਹਿਕ ਦੇ ਸਰੀਰ ਵਿੱਚ ਰਲ ਗਿਆ ਜਿਸ ਦੇ ਕਰਕੇ ਮਹਿਕ ਤੇ ਜਨਮ ਤੋਂ ਪਹਿਲਾਂ ਹੀ ਬੱਚੇ ਦੀ ਮੌਤ ਹੋ ਗਈ। ਗੁਰਜੀਵਨ ਨੇ ਲੱਖ ਕੋਸ਼ਿਸ਼ ਕੀਤੀ ਪਰ ਵੇਲਾ ਹੱਥੋਂ ਲੰਘ ਚੁਕਾ ਸੀ।

ਇਸ ਸਭ ਦਾ ਗੁਰਜੀਵਨ ਖੁੱਦ ਨੂੰ ਹੀ ਜਿੰਮੇਵਾਰ ਮੰਨਦਾ ਸੀ ਤੇ ਸ਼ਾਇਦ ਮਹਿਕ ਤੇ ਉਸ ਮਾਸੂਮ ਜ਼ਿੰਦਗੀ ਦੀ ਮੌਤ ਦੀ ਵਜ੍ਹਾ ਵੀ ਉਹ ਹੀ ਸੀ। ਇਸ ਤੋਂ ਬਾਅਦ ਗੁਰਜੀਵਨ ਨੇ ਆਪਣੀ ਜ਼ਿੰਦਗੀ ਵੀ ਖਰਾਬ ਕਰਨੀ ਸ਼ੁਰੂ ਕਰ ਦਿੱਤੀ ਤੇ ਹਸਪਤਾਲ ਜਾਣਾ ਵੀ ਬੰਦ ਕਰ ਦਿੱਤਾ ਤੇ ਨਿੱਤ ਸ਼ਰਾਬ ਪੀਣ ਲੱਗ ਪਿਆ। ਨੂਰਾ ਦੇ ਹਾਲਾਤ ਨੂੰ ਦੇਖ ਕੇ ਉਸ ਨੂੰ ਆਪਣੀ ਜ਼ਿੰਦਗੀ ਨੂੰ ਸੁਧਾਰਨ ਦਾ ਮੌਕਾ ਮਿਲ ਗਿਆ ਸੀ।

ਇਹ ਸਭ ਸੋਚਦੇ ਹੋਏ ਗੁਰਜੀਵਨ ਉੱਚੀ-ਉੱਚੀ ਰੋ ਰਿਹਾ ਸੀ। ਗੁਰਜੀਵਨ ਦੀ ਰੋਂਦੇ ਦੀ ਆਵਾਜ਼ ਸੁਣ ਕੇ ਉਸਦੀ ਮਾਂ ਤੇ ਪਿਉ ਜਲਦੀ ਨਾਲ ਗੁਰਜੀਵਨ ਦੇ ਕਮਰੇ ਵਿੱਚ ਆਏ। ਉਹ ਸਮਝ ਗਏ ਕਿ ਗੁਰਜੀਵਨ ਕਿਉਂ ਰੋ ਰਿਹਾ ਸੀ। ਗੁਰਜੀਵਨ ਦੀ

ਮਾਂ ਨੇ ਉਸ ਨੂੰ ਆਪਣੀ ਬੁੱਕਲ ਵਿੱਚ ਲਿਆ ਲਾਡ ਲਡਾਉਂਦੇ ਹੋਏ ਚੁੱਪ ਕਰਾਇਆ। ਉਸਦਾ ਪਿਉ ਵੀ ਗੁਰਜੀਵਨ ਦੇ ਕੋਲ ਬੈਠ ਗਿਆ ਤੇ ਕਿਹਾ...

ਹਰਜੀਤ ਸਿੰਘ - ਪੁੱਤ ਹੌਸਲਾ ਨਹੀਂ ਛੱਡੀਦਾ। ਦੁਨੀਆਂ ਤੇ ਆਵਜਾਵੀ ਤਾਂ ਲੱਗੀ ਰਹਿੰਦੀ ਆ। ਇਹ ਤਾਂ ਰੱਬ ਦਾ ਭਾਣਾ ਵਾ।

ਗੁਰਜੀਵਨ ਅਜੇ ਵੀ ਰੋ ਰਿਹਾ ਸੀ। ਕਿਉਂਕਿ ਉਹ ਸੋਚਦਾ ਸੀ ਕਿ ਮਹਿਕ ਤੋਂ ਚੰਗੀ ਜੀਵਨ ਸਾਥੀ ਉਸ ਨੂੰ ਨਹੀਂ ਮਿਲ ਸਕਦੀ। ਤੇ ਕਾਫੀ ਹੱਦ ਤੱਕ ਇਹ ਗੱਲ ਦੱਮ ਵੀ ਰੱਖਦੀ ਸੀ। ਫਿਰ ਗੁਰਜੀਵਨ ਨੇ ਆਪਣੇ ਅੱਥਰੂ ਪੂੰਝੇ ਤੇ ਆਪਣੀ ਜਗ੍ਹਾ ਤੋਂ ਉੱਠ ਖਲੋਤਾ। ਤੇ ਕਿਹਾ ...

ਗੁਰਜੀਵਨ - ਮੈਂ ਹਸਪਤਾਲ ਚੱਲਦਾ ਹਾਂ।

ਹਰਜੀਤ ਸਿੰਘ - ਮੈਂ ਨਾਲ ਚੱਲਾ ਬੇਟਾ?

ਗੁਰਜੀਵਨ - ਨਹੀਂ ਪਾਪਾ ਮੈਂ ਚਲਾ ਜਾਵਾਂਗਾ। ਐਨਾ ਕਹਿ ਕੇ ਗੁਰਜੀਵਨ ਹਸਪਤਾਲ ਨੂੰ ਨਿਕਲ ਗਿਆ।

ਹਸਪਤਾਲ ਪੁੱਜਦੇ ਹੀ ਉਹ ਸਭ ਤੋਂ ਪਹਿਲਾਂ ਨੂਰਾ ਦੇ ਕਮਰੇ ਵਿੱਚ ਗਿਆ। ਉਸ ਨੇ ਦੇਖਿਆ ਕਿ ਨੂਰਾ ਦੇ ਕੋਲ ਇੱਕ ਨੂਰਾ ਦੀ

ਹਮ-ਉਮਰ ਕੁੜੀ ਤੇ ਉਸ ਰਾਤ ਵਾਲਾ ਮੁਸ਼ਲਿਮ ਭਾਈ ਬੈਠਾ ਹੋਇਆ ਸੀ। ਉਹਨਾਂ ਆਉਂਦੇ ਹੀ ਗੁਰਜੀਵਨ ਨੂੰ ਸਤਿ ਸ੍ਰੀ ਅਕਾਲ ਬੁਲਾਈ। ਅੱਗੋਂ ਗੁਰਜੀਵਨ ਨੇ ਵੀ ਉਹਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ।

ਗੁਰਜੀਵਨ - ਸਤਿ ਸ੍ਰੀ ਅਕਾਲ? ਕੀ ਹਾਲ ਹੈ ਭਾਈ ਸਾਹਿਬ?

ਮੁਸਲਿਮ ਭਾਈ - ਠੀਕ ਹੈ ਸਰਦਾਰ ਜੀ। ਆਪ ਦੱਸੋ ਕਿਵੇਂ ਹੋ?

ਗੁਰਜੀਵਨ - ਵਧੀਆ ਭਾਈ ਜੀ।

ਫਿਰ ਨੂਰਾ ਨੇ ਵੀ ਗੁਰਜੀਵਨ ਨੂੰ ਸਤਿ ਸ੍ਰੀ ਅਕਾਲ ਬੁਲਾਈ।

ਗੁਰਜੀਵਨ - ਸਤਿ ਸ੍ਰੀ ਅਕਾਲ। ਹਾਂਜੀ ਨੂਰਾ ਠੀਕ ਹੋ ਹੁਣ?

ਨੂਰਾ - ਜੀ ਡਾਕਟਰ।

ਫਿਰ ਗੁਰਜੀਵਨ ਨੇ ਨੂਰਾ ਨੂੰ ਕੋਲ ਬੈਠੀ ਕੁੜੀ ਬਾਰੇ ਪੁੱਛਿਆ। ਨੂਰਾ ਨੇ ਦੱਸਿਆ ਕਿ ਉਹ ਉਸਦੀ ਸਹੇਲੀ ਸ਼ੀਤਲ ਹੈ। ਫਿਰ ਨੂਰਾ ਨੇ ਸ਼ੀਤਲ ਨੂੰ ਡਾਕਟਰ ਬਾਰੇ ਦੱਸਿਆ ਕੇ ਇਹ ਓਹੀ

ਨੇ ਜਿਨ੍ਹਾਂ ਦੀ ਵਜ੍ਹਾ ਨਾਲ ਉਹ ਅੱਜ ਜੀਵਤ ਹੈ। ਸ਼ੀਤਲ ਨੇ ਗੁਰਜੀਵਨ ਦਾ ਧੰਨਵਾਦ ਕੀਤਾ। ਫਿਰ ਗੁਰਜੀਵਨ ਨੇ ਨੂਰਾ ਨੂੰ ਪੁੱਛਿਆ..

ਗੁਰਜੀਵਨ - ਨੂਰਾ ਤੂੰ ਆਪਣੇ ਘਰ ਤੋਂ ਨਹੀਂ ਕਿਸੇ ਨੂੰ ਬੁਲਾਇਆ?

ਨੂਰਾ - ਨਹੀਂ ਡਾਕਟਰ ਮੈਂ ਨਹੀਂ ਕਿਸੇ ਨੂੰ ਬੁਲਾਉਣਾ।

ਨੂਰਾ ਦੇ ਇਸ ਜੁਆਬ ਤੋਂ ਬਾਅਦ ਡਾਕਟਰ ਨੇ ਕੋਈ ਸਵਾਲ ਨਾ ਕੀਤਾ। ਕਿਉਂਕਿ ਉਹ ਨੂਰਾ ਨੂੰ ਸਮਝਦਾ ਸੀ ਕਿ ਨੂਰਾ ਆਪਣੇ ਘਰਵਾਲਿਆਂ ਦਾ ਵੀ ਓਨਾ ਹੀ ਕਸੂਰ ਮੰਨਦੀ ਹੈ ਜਿੰਨਾ ਉਸਦੇ ਸੋਹਰੇ ਪਰਿਵਾਰ ਦਾ ਹੈ। ਫਿਰ ਗੁਰਜੀਵਨ ਨੇ ਪੁੱਛਿਆ...

ਗੁਰਜੀਵਨ - ਨੂਰਾ ਤੂੰ ਥਾਣੇਦਾਰ ਨੂੰ ਆਪਣਾ ਬਿਆਨ ਦੇ ਦਿੱਤਾ ਹੈ?

ਨੂਰਾ - ਹਾਂਜੀ ਡਾਕਟਰ। ਉਹਨਾਂ ਕਿਹਾ ਹੈ ਕਿ ਉਹ ਅੱਜ ਹੀ ਕਾਰਵਾਹੀ ਕਰਨਗੇ। ਉਹਨਾਂ ਕਿਹਾ ਕਿ ਅਗਰ ਮੈਂ ਚਾਹਾਂ ਤਾਂ ਆਪਣੀ ਮਰਜ਼ੀ ਨਾਲ ਕੋਈ ਚੰਗਾ ਵਕੀਲ ਕਰ ਸਕਦੀ ਹਾਂ।

ਗੁਰਜੀਵਨ - ਹਾਂ ਠੀਕ ਆ ਕੋਈ ਗੱਲ ਨੀ, ਮੇਰੀ ਨਜ਼ਰ ਵਿੱਚ ਹੈ ਕੁਝ ਚੰਗੇ ਵਕੀਲ। ਮੈਂ ਅੱਜ ਹੀ ਗੱਲ ਕਰਦਾ ਹਾਂ।

ਉਹਨਾਂ ਨੂੰ ਟੋਕਦੇ ਹੋਏ ਮੁਸਲਿਮ ਭਾਈ ਬੋਲਿਆ...

ਮੁਸਲਿਮ ਭਾਈ - ਸਰਦਾਰ ਜੀ ਮੈਂ ਜੋ ਬੈਠਾ ਹਾਂ, ਮੇਰੇ ਹੁੰਦਿਆਂ ਤੁਸੀਂ ਕਿਸੇ ਵਕੀਲ ਕੋਲ ਜਾਵੋਗੇ। ਨਾਲੇ ਨੂਰਾ ਮੇਰੀ ਛੋਟੀ ਭੈਣ ਜਿਹੀ ਆ ਮੈਂ ਖੁੱਦ ਇਸਦਾ ਕੇਸ ਲੜਾਂਗਾ।

ਗੁਰਜੀਵਨ - ਕੀ ਆਪ ਵਕੀਲ ਹੋ?

ਮੁਸਲਿਮ ਭਾਈ - ਹਾਂਜੀ, ਆਹ ਦੇਖੋ ਮੇਰਾ ਕਾਰਡ। ਫ਼ੈਜ਼ ਅਕਰਮ ਐੱਲ.ਐੱਲ.ਬੀ, ਐੱਮ.ਏ।

ਗੁਰਜੀਵਨ - ਫਿਰ ਤਾਂ ਬਹੁਤ ਵਧੀਆ ਹੈ। ਮੇਹਰਬਾਨੀ ਆਪ ਜੀ ਦੀ ਬਹੁਤ-ਬਹੁਤ।

ਫ਼ੈਜ਼ ਅਕਰਮ - ਕੋਈ ਗੱਲ ਨੀ ਸਰਦਾਰ ਜੀ, ਇਹ ਤਾਂ ਮੇਰਾ ਫਰਜ਼ ਹੈ। ਮੈਂ ਵੀ ਅੱਲ੍ਹਾ ਦੇ ਪਾਕ ਕੰਮ ਵਿੱਚ ਹਿੱਸਾ ਪਾ ਰਿਹਾ ਹਾਂ।

ਗੁਰਜੀਵਨ - ਨੂਰਾ ਆਪ ਭਾਈ ਸਾਹਿਬ ਨੂੰ ਸਾਰੀ ਗੱਲ ਸਮਝਾ ਦਿਓ ਤਾਂ ਜੋ ਕੇਸ ਵਿੱਚ ਕੋਈ ਕਮੀ ਨਾ ਰਹੇ।

ਨੂਰਾ - ਠੀਕ ਹੈ ਡਾਕਟਰ।

ਗੁਰਜੀਵਨ - ਚੰਗਾ ਜੀ ਮੈਂ ਆਪਣੇ ਦਫ਼ਤਰ ਚਲਦਾ ਹਾਂ।

ਐਨਾ ਕਹਿਣ ਬਾਅਦ ਗੁਰਜੀਵਨ ਰੂਮ ਵਿੱਚੋਂ ਬਾਹਰ ਚਲਾ ਗਿਆ। ਤੇ ਨੂਰਾ ਨੇ ਮੁਸਲਿਮ ਭਾਈ ਫ਼ੈਜ਼ ਅਕਰਮ ਜੋ ਕਿ ਇੱਕ ਵਕੀਲ ਸੀ ਦੱਸਣਾ ਸ਼ੁਰੂ ਕਰ ਦਿੱਤਾ।

ਉਸ ਤੋਂ ਕਰੀਬ ਇੱਕ ਹਫ਼ਤੇ ਬਾਅਦ ਗੁਰਜੀਵਨ ਨੂਰਾ ਨੂੰ ਆਪਣੇ ਘਰ ਲੈ ਗਿਆ। ਨੂਰਾ ਜਾਣਾ ਨਹੀਂ ਸੀ ਚਾਹੁੰਦੀ ਕਿਉਂਕਿ ਉਹ ਕਿਸੇ ਤੇ ਵੀ ਬੋਜ਼ ਨਹੀਂ ਸੀ ਬਣਨਾ ਚਾਹੁੰਦੀ। ਉਸਨੇ ਤਾਂ ਆਪਣੀ ਸੇਹਲੀ ਨੂੰ ਵੀ ਉਸਦੇ ਨਾਲ ਜਾਣ ਬਾਰੇ ਮਨ੍ਹਾ ਕਰ ਦਿੱਤਾ ਸੀ। ਪਰ ਗੁਰਜੀਵਨ ਤੇ ਨਵਨੀਤ ਉਸਨੂੰ ਕਿਸੇ ਤਰ੍ਹਾਂ ਮਨਾ ਕੇ ਘਰੇ ਲੈ ਹੀ ਗਏ। ਕਿਉਂਕਿ ਨੂਰਾ ਦੇ ਕਾਰਨ ਹੀ ਗੁਰਜੀਵਨ ਨੇ ਫਿਰ ਤੋਂ ਜਿਉਣਾ ਸ਼ੁਰੂ ਕਰ ਦਿੱਤਾ ਸੀ। ਉਸਦੀ ਇਸ ਹਾਲਤ ਕਰਕੇ ਹੀ ਗੁਰਜੀਵਨ ਨੂੰ ਆਪਣੇ ਫਰਜ਼ ਦਾ ਅਹਿਸਾਸ ਹੋਇਆ ਸੀ। ਤੇ ਉਹ ਨੂਰਾ ਦਾ ਹਰ ਹਾਲਤ ਵਿੱਚ ਸਾਥ ਦੇਣਾ ਚਾਹੁੰਦੇ ਸਨ। ਗੁਰਜੀਵਨ ਦੀ ਮਾਂ ਨੇ ਨੂਰਾ ਦਾ ਆਪਣੀ ਧੀਆਂ ਵਾਂਗੂੰ ਖਿਆਲ ਰੱਖਣਾ ਸ਼ੁਰੂ ਕਰ ਦਿੱਤਾ। ਉਹ ਨੂਰਾ ਨੂੰ ਕਿਸੇ ਵੀ ਤਰ੍ਹਾਂ ਦੀ ਕਮੀ ਨਾ ਹੋਣ ਦੇਂਦੇ। ਤੇ ਸ਼ਹਿਨਾਜ਼ ਨੂੰ ਤਾਂ ਹੱਦ ਤੋਂ ਜਿਆਦਾ

ਹੀ ਪਿਆਰ ਕਰਦੇ। ਉਸ ਦੇ ਝੂਲਣ ਲਈ ਪੰਗੂੜਾ ਲਿਆ ਕੇ ਦਿੱਤਾ। ਵੰਨ-ਸਵੰਨੇ ਨਵੇਂ-ਨਵੇਂ ਕੱਪੜੇ ਲਿਆ ਕੇ ਦਿੱਤੇ। ਜਿੰਨੇ ਦੁੱਖ ਨੂਰਾ ਨੇ ਆਪਣੇ ਸੋਹਰੇ ਘਰ ਝੱਲੇ ਸੀ ਉਸ ਤੋਂ ਕਿਤੇ ਜਿਆਦਾ ਸੁੱਖ ਉਹ ਗੁਰਜੀਵਨ ਦੇ ਘਰ ਮਾਣ ਰਹੀ ਸੀ। ਕਦੇ ਕਦੇ ਤਾਂ ਨੂਰਾ ਉਹਨਾਂ ਦੇ ਇਸ ਪਿਆਰ ਨੂੰ ਦੇਖਦੇ ਹੋਏ ਰੋਣਾ ਹੀ ਸ਼ੁਰੂ ਕਰ ਦੇਂਦੀ।

ਇਸ ਦੌਰਾਨ ਨੂਰਾ ਦੇ ਘਰਵਾਲਿਆਂ ਤੇ ਵੀ ਕੇਸ ਹੋ ਗਿਆ। ਪੁਲਿਸ ਨੇ ਵਿਨੋਦੇ ਤੇ ਉਸਦੇ ਭਰਾ ਸੁਨੀਲ ਨੂੰ ਗਿਰਫ਼ਤਾਰ ਕਰ ਲਿਆ ਤੇ ਕਾਰਵਾਹੀ ਸ਼ੁਰੂ ਕਰ ਦਿੱਤੀ। ਵਿਨੋਦ ਦੇ ਪਿਉ ਨੇ ਪੈਸੇ ਖਰਚ ਕੇ ਸ਼ਹਿਰ ਦੇ ਸਭ ਵੱਢੇ ਵਕੀਲ ਨੂੰ ਕੇਸ ਲੜਨ ਲਈ ਰਾਜੀ ਕਰ ਲਿਆ। ਤੇ ਉਹਨਾਂ ਕੁਝ ਦਿਨਾਂ ਵਿੱਚ ਹੀ ਦੋਨਾਂ ਭਰਾਵਾਂ ਦੀ ਜਮਾਨਤ ਵੀ ਕਰਵਾ ਲਈ। ਕੇਸ ਚੱਲਣ ਲੱਗ ਪਿਆ ਤੇ ਤਰੀਕਾਂ ਪੈਣ ਲੱਗੀਆਂ। ਵਿਨੋਦ ਦਾ ਵਕੀਲ ਕਿਸੇ ਵੀ ਤਰ੍ਹਾਂ ਕੇਸ ਨੂੰ ਕਮਜ਼ੋਰ ਕਰਨ ਲਈ ਨਵੀਂ ਤਰੀਕ ਲੈ ਲੈਂਦਾ। ਇੰਝ ਹੀ ਤਿੰਨ ਤੋਂ ਚਾਰ ਮਹੀਨੇ ਨਿਕਲ ਗਏ। ਪਰ ਬੱਕਰੇ ਦੀ ਮਾਂ ਕੱਦ ਤੱਕ ਖੈਰ ਮਨਾਵੇਗੀ। ਇੱਕ ਦਿਨ ਤਾਂ ਬਲੀ ਦੇਣੀ ਹੀ ਪੈਣੀ ਆ। ਤੇ ਹੋਇਆ ਵੀ ਉਂਝ ਹੀ।

ਆਖਿਰ ਇੱਕ ਦਿਨ ਕੇਸ ਸ਼ੁਰੂ ਹੋ ਹੀ ਗਿਆ। ਦੋਵਾਂ ਪਾਸਿਆਂ ਦੇ ਵਕੀਲਾਂ ਨੇ ਆਪਣੇ ਬਿਆਨ ਜੱਜ ਸਾਹਮਣੇ ਪੇਸ਼ ਕੀਤੇ। ਦੋਵਾਂ ਪਾਸਿਆਂ ਤੋਂ ਦਲੀਲਾਂ ਹੋਈਆਂ। ਵਿਨੋਦ ਦੇ ਸਾਰੇ ਪਰਿਵਾਰ ਨੇ ਨੂਰਾ ਦੇ ਖਿਲਾਫ਼ ਬਿਆਨ ਦਿੱਤੇ। ਵਿਨੋਦ ਨੇ ਵੀ ਨੂਰਾ ਦਾ ਸਾਥ ਨਾ ਦਿੱਤਾ ਤੇ ਨੂਰਾ ਨੂੰ ਬਹੁਤ ਜ਼ਲੀਲ ਕੀਤਾ। ਨੂਰਾ ਕੋਲ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਸੀ।

ਨੂਰਾ ਦੇ ਵਕੀਲ ਨੇ ਵਿਨੋਦ ਦੇ ਭਰਾ ਸੁਨੀਲ ਨੂੰ ਕਟਹਿਰੇ ਵਿੱਚ ਬੁਲਾਇਆ ਤੇ ਸਵਾਲ ਜੁਆਬ ਕਰਨੇ ਸ਼ੁਰੂ ਕੀਤੇ..

ਫ਼ੈਜ਼ ਅਕਰਮ - ਸੁਨੀਲ ਕੀ ਤੁਸੀਂ ਆਪਣੀ ਕਮੀਜ਼ ਉਤਾਰ ਕੇ ਦਿਖਾਉਂਗੇ ਜੋ ਤੁਹਾਡੀ ਪਿੱਠ ਤੇ ਨਿਸ਼ਾਨ ਹੈ?

ਸੁਨੀਲ - ਮੈਂ ਸਭ ਦੇ ਸਾਹਮਣੇ ਨਹੀਂ ਉਤਾਰ ਸਕਦਾ।

ਫ਼ੈਜ਼ ਅਕਰਮ - ਕਿਉਂ ਜੀ ਕੀ ਤੁਸੀਂ ਔਰਤ ਹੋ, ਜੋ ਤੁਹਾਨੂੰ ਸ਼ਰਮ ਆ ਰਹੀ ਹੈ।

ਸੁਨੀਲ ਸ਼ਰਮਿੰਦਾ ਹੋ ਗਿਆ। ਸੁਨੀਲ ਦੇ ਵਕੀਲ ਨੇ ਫ਼ੈਜ਼ ਅਕਰਮ ਨੂੰ ਟੋਕਿਆ ਤੇ ਜੱਜ ਨੂੰ ਦਲੀਲ ਕੀਤੀ ਕਿ ਇਹ ਕਰਨ ਤੋਂ ਫ਼ੈਜ਼ ਅਕਰਮ ਨੂੰ ਰੋਕਿਆ ਜਾਵੇ। ਪਰ ਜੱਜ ਨੇ ਸੁਨੀਲ ਦੇ ਵਕੀਲ ਨੂੰ ਹੀ ਟੋਕ ਦਿੱਤਾ ਤੇ ਫ਼ੈਜ਼ ਅਕਰਮ ਨੂੰ ਆਪਣੀ

ਕਾਰਵਾਹੀ ਜਾਰੀ ਰੱਖਣ ਲਈ ਕਿਹਾ। ਫਿਰ ਫ਼ੈਜ਼ ਅਕਰਮ ਤੇ ਜੱਜ ਦੇ ਕਹਿਣ ਤੇ ਸੁਨੀਲ ਨੇ ਆਪਣੀ ਕਮੀਜ਼ ਲਾਹ ਕੇ ਪਿੱਠ ਦਿਖਾਈ ਤੇ ਉਸਦੀ ਪਿੱਠ ਤੇ ਕੱਟੇ ਜਾਣ ਜਾਂ ਕੁਝ ਵੱਜਣ ਦਾ ਨਿਸ਼ਾਨ ਸੀ। ਫ਼ੈਜ਼ ਅਕਰਮ ਨੇ ਪੁੱਛਿਆ..

ਫ਼ੈਜ਼ ਅਕਰਮ - ਕੀ ਤੁਸੀਂ ਦੱਸ ਸਕਦੇ ਹੋ ਇਹ ਚੋਟ ਕਿਵੇਂ ਲੱਗੀ?

ਕੁਝ ਸੋਚਣ ਪਿੱਛੋਂ ਸੁਨੀਲ ਨੇ ਕਿਹਾ ਕਿ ਇਹ ਚੋਟ ਉਸ ਨੂੰ ਉਦੋਂ ਲੱਗੀ ਜਦੋਂ ਨੂਰਾ ਨੇ ਸੁਨੀਲ ਦੇ ਮਨ੍ਹਾ ਕਰਨ ਤੇ ਉਸ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਸੀ।

ਫ਼ੈਜ਼ ਅਕਰਮ - ਅੱਛਾ.. ਕੀ ਤੁਹਾਡੇ ਕੋਲ ਇਸਦਾ ਸਬੂਤ ਹੈ?

ਸੁਨੀਲ - ਹਾਂ.. ਉਸ ਵਕਤ ਮੇਰੀ ਘਰਵਾਲੀ ਤੇ ਮੇਰੀ ਮਾਂ ਮੈਨੂੰ ਹਸਪਤਾਲ ਲੈ ਕੇ ਆਏ ਸੀ ਤੇ ਅਸੀਂ ਇਸ ਦੀ ਰਿਪੋਰਟ ਵੀ ਨੇੜਲੇ ਥਾਣੇ ਵਿੱਚ ਕਰਵਾਈ ਸੀ।

ਫ਼ੈਜ਼ ਅਕਰਮ - ਕਿੱਥੇ ਹੈ ਉਹ ਰਿਪੋਰਟ?

ਸੁਨੀਲ ਦੇ ਵਕੀਲ ਨੇ ਓਸੇ ਵੇਲੇ ਹੀ ਰਿਪੋਰਟ ਕੱਢ ਕੇ ਫ਼ੈਜ਼ ਅਕਰਮ ਨੂੰ ਦੇ ਦਿੱਤੀ। ਜੋ ਕਿ ਓਸੇ ਤਰੀਕ ਮੁਤਾਬਿਕ ਸੀ। ਹੁਣ ਇੰਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਫ਼ੈਜ਼ ਅਕਰਮ ਦੀ ਦਲੀਲ ਓਸੇ ਤੇ ਭਾਰੀ ਪੈ ਗਈ ਹੋਵੇ। ਫ਼ੈਜ਼ ਅਕਰਮ ਕੋਲ ਉਸ ਦਾ ਕੋਈ ਵੀ ਤੋੜ ਨਹੀਂ ਸੀ। ਤੇ ਉਸਨੇ ਸੁਨੀਲ ਨੂੰ ਓਥੋਂ ਜਾਣ ਲਈ ਕਿਹਾ। ਫਿਰ ਫ਼ੈਜ਼ ਅਕਰਮ ਨੇ ਵਿਨੋਦ ਨੇ ਕਟਹਿਰੇ ਵਿੱਚ ਬੁਲਾਇਆ ਤੇ ਸਵਾਲ ਜੁਆਬ ਸ਼ੁਰੂ ਕਰ ਦਿੱਤੇ।

ਫ਼ੈਜ਼ ਅਕਰਮ - ਵਿਨੋਦ ਤੁਸੀਂ ਨੂਰਾ ਨਾਲ ਪ੍ਰੇਮ ਵਿਆਹ ਕਰਾਇਆ ਹੈ?

ਵਿਨੋਦ - ਹਾਂਜੀ।

ਫ਼ੈਜ਼ ਅਕਰਮ - ਕਿਹੋ ਜਿਹੇ ਨੇ ਨੂਰਾ? ਤੁਹਾਡੀ ਪਤਨੀ?

ਵਿਨੋਦ ਨੇ ਕੋਈ ਜੁਆਬ ਨਾ ਦਿੱਤਾ। ਫ਼ੈਜ਼ ਅਕਰਮ ਨੇ ਫਿਰ ਕਿਹਾ..

ਫ਼ੈਜ਼ ਅਕਰਮ - ਵਿਨੋਦ ਕਿਹੋ ਜਿਹੇ ਨੇ ਨੂਰਾ?

ਵਿਨੋਦ - ਪਹਿਲਾਂ ਠੀਕ ਸੀ ਹੁਣ ਉਸ ਬਾਰੇ ਸਭ ਜਾਣਦੇ ਨੇ?

ਫ਼ੈਜ਼ ਅਕਰਮ - ਹੁਣ ਕੀ ਹੋਇਆ ਉਹਨਾਂ ਨੂੰ। ਮੈਨੂੰ ਤਾਂ ਨਹੀਂ ਲੱਗਦਾ ਕਿ ਉਹਨਾਂ ਵਿੱਚ ਕੋਈ ਬਦਲਾਵ ਆਇਆ ਹੈ।

ਵਿਨੋਦ - ਮੈਂ ਜਾਣਦਾ ਹਾਂ ਉਸ ਨੂੰ ਚੰਗੀ ਤਰ੍ਹਾਂ। ਉਸਨੇ ਤਾਂ ਮੇਰੇ ਭਰਾ ਨੂੰ ਵੀ ਨਹੀਂ ਛੱਡਿਆ। ਤੇ ਫਿਰ ਉਹ ਰਾਹੁਲ ਨਾਲ ਵੀ ਆਪਣੇ ਦਿਲ ਦੇ ਚਾਅ ਪੂਰੇ ਕਰਦੀ ਰਹੀ। ਅਗਰ ਮੈਨੂੰ ਪਹਿਲਾਂ ਪਤਾ ਹੁੰਦਾ ਤਾਂ ਮੈਂ ਉਸ ਨਾਲ ਵਿਆਹ ਹੀ ਨਹੀਂ ਕਰਵਾਉਂਦਾ। ਮੈਂ ਤਾਂ ਗਲਤੀ ਕਰ ਲਈ।

ਫ਼ੈਜ਼ ਅਕਰਮ - ਸੁਨੀਲ ਜੀ ਮੈਨੂੰ ਲੱਗਦਾ ਗ਼ਲਤੀ ਆਪ ਨੇ ਨਹੀਂ ਨੂਰਾ ਨੇ ਕੀਤੀ ਹੈ ਆਪ ਨਾਲ ਵਿਆਹ ਕਰਵਾ ਕੇ। ਜੋ ਅੱਜ ਉਸ ਨੂੰ ਇਹੋ ਜਿਹੇ ਹਾਲਾਤ ਦੇਖਣੇ ਪੈ ਰਹੇ ਨੇ। ਜ਼ਬਰਦਸਤੀ ਆਪ ਦੇ ਭਰਾ ਨੇ ਕੀਤੀ ਸੀ ਨਾ ਕਿ ਨੂਰਾ ਨੇ। ਤੇ ਰਾਹੁਲ ਤਾਂ ਉਸਦੇ ਛੋਟੇ ਭਰਾਵਾਂ ਦੀ ਤਰ੍ਹਾਂ ਹੈ।

ਵਿਨੋਦ - ਜਾਣਦਾ ਹਾਂ ਮੈਂ ਜਿਹੜਾ ਭਰਾ ਵਾ ਇਸਦਾ। ਇਸਦੇ ਤਾਂ ਕਾਲਜ ਵੀ ਏਹੀ ਲੱਛਣ ਸੀ। ਮੈਨੂੰ ਸਾਰੇ ਕਹਿੰਦੇ ਸੀ ਪਰ ਫਿਰ ਵੀ ਮੈਂ ਇਸ ਨਾਲ ਵਿਆਹ ਕਰਵਾ ਲਿਆ। ਓਦਾਂ ਕਿਸਨੇ ਕਰਵਾਉਣਾ ਸੀ ਇਸ ਨਾਲ ਵਿਆਹ। ਬਾਜ਼ਾਰੂ ਔਰਤ..

ਫ਼ੈਜ਼ ਅਕਰਮ - ਆਪਣੇ ਸ਼ਬਦਾਂ ਤੇ ਰੋਕ ਲਾ ਕੇ ਰੱਖੋ। ਐਦਾਂ ਦੀ ਗਲਤ ਸ਼ਬਦਾਵਲੀ ਮੁਆਫ ਨਹੀਂ ਕੀਤੀ ਜਾਵੇਗੀ।

ਵਿਨੋਦ - ਹੁਣ ਵੀ ਵੇਲਾ ਹੈ ਨੂਰਾ ਨੂੰ ਕਹੋ ਮੇਰੇ ਨਾਲ ਚੱਲੇ ਤੇ ਮੈਂ ਸਭ ਮੁਆਫ ਕਰ ਦੇਵਾਂਗਾ।

ਜੱਜ ਨੇ ਨੂਰਾ ਨੂੰ ਕਟਹਿਰੇ ਵਿੱਚ ਬੁਲਾਇਆ...

ਜੱਜ - ਨੂਰਾ ਕੀ ਤੁਸੀਂ ਵਿਨੋਦ ਨਾਲ ਘਰ ਜਾਣਾ ਚਾਹੋਗੇ।

ਨੂਰਾ - ਨਹੀਂ ਸਰ ਮੈਂ ਨਹੀਂ ਇਹੋ ਜਿਹੇ ਪਾਪੀਆਂ ਦੇ ਘਰੇ ਮੁੜ ਜਾਣਾ।

ਵਿਨੋਦ - ਨਹੀਂ ਜਾਣਾ ਤਾਂ ਤੇਰੀ ਮਰਜ਼ੀ। ਭੁਗਤਦੀ ਰਹੀ ਸਾਰੀ ਜ਼ਿੰਦਗੀ ਇਕੱਲੀ। ਤੇ ਨਾ ਹੀ ਤੇਰਾ ਮੁੜ ਵਿਆਹ ਹੋਣਾ। ਮੈਨੂੰ ਤਾਂ ਹਜ਼ਾਰਾਂ ਮਿੱਲ ਜਾਣਗੀਆਂ।

ਨੂਰਾ - ਮੈਨੂੰ ਦੁਬਾਰਾ ਵਿਆਹ ਕਰਵਾਉਣ ਦੀ ਲੋੜ ਵੀ ਨਹੀਂ। ਅਗਰ ਕਰਵਾਉਣਾ ਵੀ ਹੋਵੇਗਾ ਤਾਂ ਅੱਲ੍ਹਾ ਤੇਰੇ ਨਾਲੋਂ ਬਹਿਤਰ ਹੀ ਭੇਜੇਗਾ।

ਵਿਨੋਦ - ਮੈਂ ਵੀ ਦੇਖਾਂਗਾ ਕੌਣ ਕਰਵਾਉਂਦਾ ਤੇਰੇ ਨਾਲ ਵਿਆਹ!

ਅਦਾਲਤ ਵਿੱਚ ਦੋਵਾਂ ਦੇ ਝਗੜੇ ਨਾਲ ਵੱਖਰਾ ਮਾਹੌਲ ਬਣ ਗਿਆ। ਜੱਜ ਨੇ ਦੋਵਾਂ ਨੂੰ ਰੋਕਿਆ। ਨੂਰਾ ਦਾ ਪਾਸਾ ਕਾਫੀ ਹੌਲਾ ਪੈ ਗਿਆ ਸੀ। ਵਿਨੋਦ ਦੇ ਵਕੀਲ ਦੀਆਂ ਦਲੀਲਾਂ ਤੇ ਗਵਾਹੀਆਂ ਸਦਕਾ ਨੂਰਾ ਹਾਰਦੀ ਬਤੀਤ ਹੁੰਦੀ ਸੀ। ਜੱਜ ਨੇ ਇਹ ਦੇਖਦੇ ਅਗਲੀ ਤਰੀਕ ਦੇ ਦਿੱਤੀ ਤੇ ਫ਼ੈਜ਼ ਅਕਰਮ ਨੂੰ ਸਖ਼ਤ ਸਬੂਤ ਪੇਸ਼ ਕਰਨ ਲਈ ਕਿਹਾ। ਅਦਾਲਤ ਦੀ ਕਾਰਵਾਹੀ ਖ਼ਤਮ ਹੋਣ ਤੋਂ ਬਾਅਦ ਸਾਰੇ ਚਲੇ ਗਏ। ਤੇ ਅਗਲੀ ਤਰੀਕ ਦਾ ਇੰਤਜਾਰ ਕਰਨ ਲੱਗ ਪਏ।

ਘਰ ਵਾਪਿਸ ਆਉਣ ਤੋਂ ਬਾਅਦ ਨੂਰਾ ਵਿਨੋਦ ਦੇ ਉਸ ਨੂੰ ਇਸ ਤਰ੍ਹਾਂ ਜ਼ਲੀਲ ਕਰਨ ਕਾਰਨ ਬਹੁਤ ਦੁਖੀ ਹੋਈ ਤੇ ਬਹੁਤ ਰੋਈ। ਗੁਰਜੀਵਨ ਦੇ ਸਾਰੇ ਪਰਿਵਾਰ ਨੇ ਉਸ ਨੂੰ ਹੌਂਸਲਾ ਦਿੱਤਾ। ਤੇ ਸਮਝਾਇਆ ਕੇ ਜ਼ਿੰਦਗੀ ਖ਼ਤਮ ਨਹੀਂ ਹੋਈ ਉਹ ਨਵੇਂ ਤੋਰ ਤੇ ਮੁੜ ਤੋਂ ਜ਼ਿੰਦਗੀ ਸ਼ੁਰੂ ਕਰ ਸਕਦੀ ਹੈ। ਉਸ ਤੋਂ ਬਾਅਦ ਕਿੰਨੀ ਹੀ ਦੇਰ ਤੱਕ ਸਾਰਾ ਪਰਿਵਾਰ ਨੂਰਾ ਦੇ ਕੋਲ ਬੈਠੇ ਰਹੇ। ਫਿਰ ਗੁਰਜੀਵਨ ਦੀ ਮਾਂ ਉਸ ਰਾਤ ਨੂਰਾ ਦੇ ਕੋਲ ਹੀ ਸੌਂ ਗਈ। ਇਸ ਤੋਂ ਬਾਅਦ ਫ਼ੈਜ਼ ਅਕਰਮ ਤੇ ਗੁਰਜੀਵਨ ਕਿੰਨੇ ਹੀ ਸਬੂਤ ਲੱਭਦੇ ਰਹੇ ਪਰ ਕਿਸੇ ਵੀ ਤਰ੍ਹਾਂ ਦਾ ਸਬੂਤ ਉਹਨਾਂ ਦੇ ਹੱਥ ਨਾ ਲੱਗਾ। ਨੂਰਾ ਨੇ ਉਹਨਾਂ ਨੂੰ ਉਸ ਥਾਣੇ ਭੇਜਿਆ ਜਿੱਥੇ ਉਸਨੇ ਸੁਨੀਲ ਦੇ

ਖਿਲਾਫ਼ ਰਿਪੋਰਟ ਦਰਜ਼ ਕਰਵਾਈ ਸੀ। ਪਰ ਅਫ਼ਸੋਸ ਓਥੋਂ ਵੀ ਰਿਪੋਰਟ ਨਾ ਮਿਲੀ ਉਹ ਵੀ ਕਿਸੇ ਨੇ ਓਥੋਂ ਮਿਟਾ ਦਿੱਤੀ। ਹਾਲਾਤ ਵੱਸ ਤੋਂ ਬਾਹਰ ਹੋ ਗਏ। ਤੇ ਤਰੀਕ ਵਾਲਾ ਦਿਨ ਨਜ਼ਦੀਕ ਆ ਗਿਆ।

ਅੱਜ ਇਸ ਕੇਸ ਦੀ ਸ਼ਾਇਦ ਆਖਰੀ ਤਰੀਕ ਸੀ ਜਾਂ ਤਾਂ ਫ਼ੈਜ਼ ਅਕਰਮ ਨੇ ਕੋਈ ਸਬੂਤ ਪੇਸ਼ ਕਰਨਾ ਸੀ ਜਾਂ ਫਿਰ ਕੇਸ ਖਾਰਿਜ਼ ਹੋ ਜਾਣਾ ਸੀ। ਫ਼ੈਜ਼ ਅਕਰਮ ਕੋਲ ਕੋਈ ਵੀ ਸਬੂਤ ਨਹੀਂ ਸੀ। ਜੱਜ ਨੇ ਆਪਣਾ ਫੈਂਸਲਾ ਸੁਣਾਉਣਾ ਸ਼ੁਰੂ ਹੀ ਕੀਤਾ ਕਿ ਗੁਰਜੀਵਨ ਕਿਸੇ ਨੂੰ ਨਾਲ ਲੈ ਕੇ ਅਦਾਲਤ ਵਿੱਚ ਹਾਜ਼ਿਰ ਹੋ ਗਿਆ। ਦਰਅਸਲ ਇਹ ਨੂਰਾ ਦੇ ਸੋਹਰੇ ਪਰਿਵਾਰ ਤੋਂ ਨੌਕਰ ਸੀ ਜੋ ਨੂਰਾ ਦੇ ਉੱਪਰ ਹੁੰਦੇ ਹਰ ਜ਼ੁਲਮ ਦਾ ਗਵਾਹ ਸੀ। ਉਸ ਨੌਕਰ ਨੇ ਅਦਾਲਤ ਦੇ ਵਿੱਚ ਆਪਣੇ ਬਿਆਨ ਪੇਸ਼ ਕੀਤੇ ਤੇ ਨੂਰਾ ਤੇ ਹੁੰਦੇ ਹਰ ਜ਼ੁਲਮ ਬਾਰੇ ਦੱਸਿਆ। ਜੱਜ ਨੂੰ ਇਹ ਸਭ ਜਾਣ ਕੇ ਬਹੁਤ ਦੁੱਖ ਹੋਇਆ। ਫ਼ੈਜ਼ ਅਕਰਮ ਤੇ ਨੂਰਾ ਨੇ ਗੁਰਜੀਵਨ ਦਾ ਪਾਣੀ ਨਾਲ ਭਰੀਆਂ ਅੱਖਾਂ ਨਾਲ ਧੰਨਵਾਦ ਕੀਤਾ। ਜੱਜ ਨੇ ਨੌਕਰ ਦੀ ਗਵਾਹੀ ਸੁਣੀ ਤੇ ਫਿਰ ਆਪਣਾ ਫੈਂਸਲਾ ਸੁਣਾਇਆ। ਜੱਜ ਨੇ ਸੁਨੀਲ ਤੇ ਵਿਨੋਦ ਨੂੰ ਉਹਨਾਂ ਦੇ ਜ਼ੁਲਮ ਅਨੁਸਾਰ ਬਣਦੀ ਸਜ਼ਾ ਸੁਣਾਈ ਤੇ ਉਸਦੇ ਪਰਿਵਾਰ ਨੂੰ ਵੀ ਜਿੰਮੇਵਾਰ ਮੰਨਦੇ ਹੋਏ

ਜੁਰਮਾਨਾ ਲਾਇਆ। ਨੂਰਾ ਜੱਜ ਦੇ ਇਸ ਫੈਂਸਲੇ ਤੋਂ ਬਹੁਤ ਖੁਸ਼ ਹੋਈ ਤੇ ਪਰ ਰੋਈ ਵੀ। ਨਵਨੀਤ ਨੇ ਨੂਰਾ ਨੂੰ ਚੁੱਪ ਕਰਾਇਆ ਤੇ ਹੌਂਸਲਾ ਰੱਖਣ ਲਈ ਕਿਹਾ। ਉਸ ਤੋਂ ਬਾਅਦ ਸਾਰੇ ਘਰ ਨੂੰ ਤੂੰ ਪਏ।

ਘਰ ਪੁੱਜਦੇ ਹੀ ਨੂਰਾ ਆਪਣੇ ਕਮਰੇ ਵਿੱਚ ਚਲੀ ਗਈ ਤੇ ਕੁਝ ਦੇਰ ਪਿੱਛੋਂ ਓਥੋਂ ਜਾਣ ਦਾ ਨਿਸਚਾ ਕਰ ਲਿਆ। ਸਭ ਨੇ ਨੂਰਾ ਨੂੰ ਰੋਕਿਆ। ਪਰ ਨੂਰਾ ਨੇ ਕਿਸੇ ਦਾ ਕਹਿਣਾ ਨਾ ਮੰਨਿਆ। ਉਸ ਨੇ ਕਿਹਾ ਕਿ ਉਹ ਕਿਸੇ ਤੇ ਬੋਝ ਨਹੀਂ ਬਣਨਾ ਚਾਹੁੰਦੀ ਤੇ ਉਹ ਦਿਲੋਂ ਅਭਾਰੀ ਹੈ ਉਹਨਾਂ ਦੇ ਇਸ ਪਿਆਰ ਲਈ। ਐਨੇ ਨੂੰ ਗੁਰਜੀਵਨ ਆ ਗਿਆ ਤੇ ਉਸ ਨੇ ਨੂਰਾ ਨੂੰ ਰੋਕਿਆ। ਨੂਰਾ ਨੇ ਫਿਰ ਓਹੀ ਜੁਆਬ ਦਿੱਤਾ ਕਿ....

ਨੂਰਾ - ਮੈਂ ਬੋਝ ਬਣ ਰਹੀ ਹਾਂ ਤੁਹਾਡੇ ਤੇ।

ਗੁਰਜੀਵਨ - ਨਹੀਂ ਨੂਰਾ ਤੂੰ ਬੋਝ ਨਹੀਂ ਸਾਡੇ ਤੇ। ਤੇਰੇ ਕਰਕੇ ਤਾਂ ਇਸ ਘਰ ਵਿੱਚ ਫਿਰ ਤੋਂ ਰੌਣਕ ਆਈ ਹੈ।

ਨੂਰਾ - ਪਰ ਕਿੰਨੀ ਕੁ ਦੇਰ ਤੱਕ ਇੱਕ ਦਿਨ ਤਾਂ ਮੈਨੂੰ ਜਾਣਾ ਹੀ ਪਵੇਗਾ।

ਗੁਰਜੀਵਨ - ਜੇ ਤੈਨੂੰ ਐਥੋਂ ਕਦੇ ਨਾ ਜਾਣ ਦਿੱਤਾ ਜਾਵੇ ਤੇ ਸਦਾ ਲਈ ਐਥੇ ਰੱਖਣ ਦਾ ਇੰਤਜਾਮ ਕਰ ਲਈਏ।

ਨੂਰਾ - ਮੈਂ ਸਮਝੀ ਨਹੀਂ ਕੁਝ!

ਗੁਰਜੀਵਨ - ਮੈਨੂੰ ਇਸ ਵਕਤ ਇਹ ਪੁੱਛਣਾ ਤੇ ਨਹੀਂ ਚਾਹੀਦਾ ਪਰ ਜੇ ਅੱਜ ਨਾ ਪੁੱਛਿਆ ਤਾਂ ਕਦੇ ਨਹੀਂ ਪੁੱਛ ਹੋਣਾ।

ਨੂਰਾ - ਆਪ ਸਾਫ਼-ਸਾਫ਼ ਕਹੋ ਜੋ ਕਹਿਣਾ ਹੈ।

ਗੁਰਜੀਵਨ - ਨੂਰਾ ਮੈਂ ਤੇਰੇ ਬੇਟੀ ਨੂੰ ਆਪਣਾ ਨਾਮ ਦੇਣਾ ਚਾਹੁੰਦਾ ਹਾਂ।

ਨੂਰਾ ਖਾਮੋਸ਼ ਰਹੀ ਤੇ ਕੁਝ ਦੇਰ ਸੋਚਣ ਪਿੱਛੋਂ ਬੋਲੀ।

ਨੂਰਾ - ਨਹੀਂ ਗੁਰਜੀਵਨ ਜੀ ਮੈਂ ਇਹ ਨਹੀਂ ਕਰ ਸਕਦੀ, ਇਸ ਤਰ੍ਹਾਂ ਤਾਂ ਮੈਂ ਹੋਰ ਬੋਝ ਬਣ ਜਾਵੇਗੀ।

ਗੁਰਜੀਵਨ - ਨਹੀਂ ਨੂਰਾ ਤੂੰ ਬੋਝ ਨਹੀਂ ਆ ਮੇਰੇ ਉੱਪਰ ਤੇ ਨਾ ਹੀ ਮੇਰੇ ਪਰਿਵਾਰ ਉੱਪਰ। ਤੂੰ ਹੀ ਤਾਂ ਕਿਹਾ ਸੀ ਕੇ ਮੈਂ ਸ਼ਹਿਨਾਜ਼ ਦਾ ਜਨਮਦਾਤਾ ਹਾਂ। ਕੀ ਹੋਇਆ ਜੇ ਉਹ ਮੇਰਾ ਅੰਗ ਨਹੀਂ ਪਰ ਮੈਂ ਉਸ ਨੂੰ ਦਿਲ ਦਾ ਟੁਕੜਾ ਬਣਾ ਕੇ ਰੱਖਾਂਗਾ। ਤੇ ਹਾਂ

ਤੈਨੂੰ ਆਪਣਾ ਧਰਮ ਬਦਲਣ ਦੀ ਲੋੜ ਨਹੀਂ ਤੂੰ ਆਪਣੇ ਧਰਮ ਅਨੁਸਾਰ ਜੀਵਨ ਜੀ ਸਕਦੀ ਹੈਂ।

ਨੂਰਾ - ਪਰ.....

ਨਵਨੀਤ - ਕੁਝ ਪਰ-ਪੁਰ ਨਹੀਂ ਬਸ ਅੱਜ ਤੋਂ ਤੁਸੀਂ ਮੇਰੀ ਭਾਬੀ ਜੀ ਹੋ ਮੰਨੋ ਭਾਵੇਂ ਨਾ ਮੰਨੋ।

ਫਿਰ ਸਭ ਨੇ ਗੁਰਜੀਵਨ ਦੀ ਇਸ ਕਾਰਵਾਹੀ ਵਿੱਚ ਹਾਮੀ ਭਰੀ ਤੇ ਨੂਰਾ ਨੂੰ ਮਨਾ ਲਿਆ। ਤੇ ਨੂਰਾ ਨੇ ਵੀ ਖੁਸ਼ੀ ਖੁਸ਼ੀ ਗੁਰਜੀਵਨ ਨੂੰ ਜੀਵਨ ਸਾਥੀ ਸਵੀਕਾਰ ਕਰ ਲਿਆ।

ਵਿਨੋਦ ਤੇ ਉਸਦੇ ਭਰਾ ਸੁਨੀਲ ਨੂੰ ਉਸਦੇ ਕੀਤੇ ਜ਼ੁਲਮ ਦੀ ਸਜ਼ਾ ਮਿਲ ਗਈ ਤੇ ਗੁਰਜੀਵਨ ਨੂੰ ਆਪਣੀ ਤੇ ਨੂਰਾ ਦੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰਨ ਦਾ ਮੌਕਾ ਮਿੱਲ ਗਿਆ। ਕਿਸੇ ਨੇ ਕਿਹਾ ਹੈ ਕਿ ਪ੍ਰਮਾਤਮਾ ਜੋ ਵੀ ਕਰਦਾ ਸਭ ਸਹੀ ਕਰਦਾ ਹੈ। ਤੇ ਬਾਕੀ ਉਸਦੀ ਹੀ ਮਰਜੀ ਹੈ ਕਿ ਉਸਨੇ ਕਿਹੜੇ ਇਨਸਾਨ ਨੂੰ ਕਿੱਥੇ ਰੱਖਣਾ ਹੈ। ਗੁਰਜੀਵਨ ਦੀ ਇਨਸਾਨੀਅਤ ਦੀ ਭਾਵਨਾਂ ਕਰਕੇ ਹੀ ਨੂਰਾ ਅੱਜ ਜਿਉਂਦੀ ਸੀ। ਤੇ ਨੂਰਾ ਦੀ ਵਜ੍ਹਾ ਕਰਕੇ ਹੀ ਗੁਰਜੀਵਨ ਦੀ ਜ਼ਿੰਦਗੀ ਵਿੱਚ ਮੁੜ ਤੋਂ ਸੁਧਾਰ ਆਇਆ ਸੀ। ਇਹ ਦੋਵੇਂ ਹੀ ਇੱਕ ਦੂਜੇ ਲਈ ਬਰਾਬਰ ਦੇ ਮੱਦਦਗਾਰ ਸਨ। ਤੇ

ਮੁਸਲਿਮ ਭਾਈ ਫ਼ੈਜ਼ ਅਕਰਮ ਨੇ ਵੀ ਖ਼ੁਦਾ ਨੂੰ ਮੁੱਖ ਰੱਖਦੇ ਹੀ ਇਨਸਾਨੀਅਤ ਦਾ ਭਾਵ ਜਤਾਇਆ ਸੀ। ਝੂਠੀਆਂ ਦਲੀਲਾਂ ਤੇ ਗਵਾਹੀਆਂ ਜਿੰਨੀਆਂ ਮਰਜ਼ੀ ਹੋਣ ਪਰ ਸੱਚ ਦੀ ਇੱਕ ਆਵਾਜ਼ ਹੀ ਸਭ ਨੂੰ ਠੱਲ ਪਾਉਣ ਲਈ ਕਾਫੀ ਹੁੰਦੀ ਹੈ।

ਹੀਲਮ

ਇੱਕ ਅਨਮੁੱਲਾ ਹੀਰਾ

ਪ੍ਰੀਤ ਸਿੰਘ ਬੈਨੀ

ਨੀਲਮ

(ਇੱਕ ਅਣਮੁੱਲਾ ਹੀਰਾ)

ਮੈਂ ਜਦੋਂ ਉਸ ਦਾ ਮੂੰਹ ਦੇਖਿਆ ਤਾਂ ਪਛਾਣਿਆ ਨਾ, ਮੇਰੇ ਕੋਲੋਂ ਉਹ ਦੋ ਤਿੰਨ ਵਾਰ ਲੰਘਿਆ। ਫਿਰ ਜਦੋਂ ਮੈਂ ਧਿਆਨ ਦਿੱਤਾ ਤਾਂ ਮੈਨੂੰ ਅਹਿਸਾਸ ਹੋਇਆ ਕਿ ਇਹ ਮੇਰਾ ਮਿੱਤਰ ਮੋਹਨ ਲਾਲ ਹੈ, ਪਰ ਮੈਂ ਉਸ ਨੂੰ ਬੁਲਾਉਣ ਤੋਂ ਝਿਜਕ ਰਹਾ ਸੀ ਕਿਉਂਕਿ ਮੈਨੂੰ ਬਿਲਕੁਲ ਯਕੀਨ ਨਹੀਂ ਸੀ ਹੋ ਰਿਹਾ ਕਿ ਉਹੀ ਬੰਦਾ ਹੈ ਜਿਸ ਨੂੰ ਮੰਗਣਾ ਇੱਕ ਜੁਰਮ ਲੱਗਦਾ ਸੀ। ਸਾਡੇ ਦੋਨਾਂ ਚ' ਕਈ ਵਾਰ ਮੰਗਤਿਆਂ ਨੂੰ ਲੈ ਕੇ ਬਹਿਸ ਬਾਜੀ ਹੋਈ ਸੀ। ਉਹ ਕਦੀ ਵੀ ਮੰਗਤਿਆਂ ਨੂੰ ਦਾਨ ਪੁੰਨ ਕਰਨ ਦੇ ਹੱਕ ਵਿੱਚ ਨਹੀਂ ਸੀ ਹੁੰਦਾ ਤੇ ਨਾ ਹੀ ਉਹ ਗੁਰੂਘਰ ਚੜ੍ਹਾਵੇ ਚ' ਯਕੀਨ ਕਰਦਾ ਸੀ। ਉਸਦੀ ਸੋਚ ਸਭ ਤੋਂ ਅਲੱਗ ਹੁੰਦੀ ਸੀ। ਪਰ ਅੱਜ ਉਸਦੀ ਹਾਲਤ ਦੇਖ ਕੇ ਮੈ ਦੁਬਿਧਾ ਵਿੱਚ ਪੈ ਗਿਆ ਕੀ ਇਹ ਸੱਚ ਮੁੱਚ ਹੀ ਓਹੀ ਮੋਹਨ ਲਾਲ ਹੈ। ਮੈਂ ਉਸਦੇ ਵੱਲ ਦੇਖਦਾ ਰਹਾ, ਅਚਾਨਕ ਉਹ ਮੇਰੇ ਕੋਲ ਆਇਆ ਤੇ ਆਖਿਆ .....

ਮੋਹਨ ਲਾਲ – ਭਾਜੀ ਕੁਝ ਪੈਸੇ ਦੇਦੋ ਭੁੱਖ ਬਹੁਤ ਲੱਗੀ ਆ।

ਉਸ ਦੀ ਇਹ ਮੰਗ ਸੁਣ ਕੇ ਮੇਰੀਆਂ ਅੱਖਾਂ ਭਰ ਆਈਆਂ, ਮੈਂ ਬੜੇ ਜੋਰ ਨਾਲ ਆਪਣੇ ਅੱਥਰੂਆਂ ਨੂੰ ਰੋਕਿਆ। ਮੈਂ ਉਸ ਨੂੰ ਦੱਸਿਆ ਨਹੀਂ ਕਿ ਮੈਂ ਕੌਣ ਹਾਂ। ਬਸ ਮੈਂ ਆਖਿਆ ....

ਮੈਂ – ਭੁੱਖ ਲੱਗੀ ਤਾਂ ਕੁਝ ਖਵਾ ਦਵਾ।

ਉਸ ਨੇ ਇਕ ਨਿਮਾਣੇ ਵਾਂਗ ਹੱਥ ਜੋੜ ਲਏ ਤੇ ਤਰਲੇ ਵਜੋ ਆਖਣ ਲੱਗਾ .....

ਮੋਹਨ ਲਾਲ – ਭਾਜੀ ਬੜੀ ਮਿਹਰਬਾਨੀ ਹੋਵੇਗੀ।

ਮੈਂ ਇਸ ਗੱਲ ਲਈ ਵੀ ਹੈਰਾਨ ਸੀ ਕਿ ਉਸ ਨੇ ਵੀ ਮੈਨੂੰ ਪਛਾਣਿਆ ਨਹੀਂ ਸੀ। ਮੈਂ ਉਸ ਨੂੰ ਨਾਲ ਲੈ ਕੇ ਨਾਲ ਹੀ ਬਣੇ ਇੱਕ ਹੋਟਲ ਅੰਦਰ ਲੈ ਗਿਆ। ਤੇ ਹੋਟਲ ਵਾਲੇ ਨੂੰ ਦੋ ਸਮੋਸੇ ਤੇ ਇਕ ਚਾਹ ਲੈ ਆਉਣ ਲਈ ਕਿਹਾ। ਇਹ ਸਿਰਫ ਉਸ ਦੇ ਖਾਣ ਪੀਣ ਲਈ ਸੀ। ਫਿਰ ਅਸੀਂ ਦੋਵੇਂ ਅੰਦਰ ਜਾ ਕੇ ਇਕ ਲੱਗੇ ਟੇਬਲ ਤੇ ਬੈਠ ਗਏ। ਦਰਅਸਲ ਉਹ ਆਪਣੇ ਪਹਿਰਾਵੇ ਕਾਰਨ ਬੈਠਣ ਤੋਂ ਝਿਜਕ ਰਹਾ ਸੀ, ਕਿਉਂਕਿ ਹੋਟਲ ਵਿੱਚ ਕੰਮ ਕਰਨ ਵਾਲਿਆ ਸਮੇਤ ਬਾਕੀ ਬੈਠੇ ਲੋਕ ਵੀ ਉਸ ਵੱਲ ਹੈਰਾਨੀ ਭਰੀ ਨਜ਼ਰ ਨਾਲ ਦੇਖ ਰਹੇ ਸਨ। ਪਰ ਮੇਰੇ ਕਹਿਣ ਤੇ ਬੈਠ ਗਿਆ। ਉਸ ਨੇ ਗਲ ਇਕ ਪਜਾਮਾ ਕੁੜਤਾ ਪਾਇਆ ਹੋਇਆ ਸੀ, ਉਹ ਦੇਖਣ ਤੋ ਐਨਾ

ਪੁਰਾਣਾ ਨਹੀਂ ਸੀ ਲਗਦਾ ਪਰ ਮੈਲਾ ਕਾਫੀ ਸੀ ਜਿਸ ਤੋ ਸਾਫ ਜਾਹਿਰ ਹੁੰਦਾ ਸੀ ਕਿ ਉਸ ਨੇ ਇਹ ਕਾਫੀ ਦਿਨਾਂ ਤੋਂ ਪਾਇਆ ਹੋਵੇ। ਹੋਟਲ ਦੇ ਇਕ ਨੌਕਰ ਨੇ ਚਾਹ ਤੇ ਸਮੋਸੇ ਲਿਆ ਕੇ ਟੇਬਲ ਤੇ ਰੱਖ ਦਿੱਤੇ। ਉਸ ਨੇ ਜਲਦੀ ਨਾਲ ਸਮੋਸਾ ਚੁੱਕਿਆ ਤੇ ਖਾਣਾ ਸੁਰੂ ਕਰ ਦਿੱਤਾ। ਸਮੋਸਾ ਬਹੁਤ ਗਰਮ ਜਾਪਦਾ ਸੀ ਪਰ ਉਸ ਦੀ ਭੁੱਖ ਸਾਹਮਣੇ ਇਹ ਬਿਲਕੁਲ ਗਰਮ ਨਹੀਂ ਸੀ ਲਗ ਰਿਹਾ। ਉਸ ਦੇ ਇੱਕ ਹੱਥ ਸਮੋਸਾ ਸੀ ਤੇ ਦੂਸਰੇ ਹੱਥ ਚਾਹ ਦੀ ਗਿਲਾਸੀ। ਉਹ ਇਕ ਘੁੱਟ ਚਾਹ ਦਾ ਭਰਦਾ ਤੇ ਇਕ ਡੱਕੀ ਸਮੋਸੇ ਨੂੰ ਵੱਢਦਾ। ਜਲਦੀ ਹੀ ਦੋਵੇਂ ਸਮੋਸੇ ਖਾ ਗਿਆ। ਮੈਂ ਉਸ ਨੂੰ ਬਸ ਦੇਖੀ ਜਾ ਰਹਾ ਸੀ। ਮੈਂ ਉਸਨੂੰ ਪੁੱਛਿਆ.....

ਮੈਂ – ਹੋਰ ਖਾਵੇਗਾ?

ਉਸ ਨੇ ਹਾਂ ਵਿੱਚ ਸਿਰ ਹਿਲਾਇਆ। ਮੈਂ ਨੌਕਰ ਨੂੰ ਆਵਾਜ਼ ਮਾਰੀ ਤੇ ਦੋ ਸਮੋਸੇ ਹੋਰ ਲਿਆਉਣ ਨੂੰ ਕਿਹਾ। ਨੌਕਰ ਕੁਝ ਮਿੰਟਾਂ ਵਿੱਚ ਸਮੋਸੇ ਲੈ ਆਇਆ। ਉਸ ਨੇ ਪਹਿਲਾਂ ਵਾਂਗ ਜਲਦੀ ਨਾਲ ਸਮੋਸੇ ਨੂੰ ਫੜਿਆ ਤੇ ਖਾਣਾ ਸੁਰੂ ਕਰ ਦਿੱਤਾ। ਥੋੜ੍ਹਾ ਜਿਹਾ ਖਾਣ ਪਿੱਛੋਂ ਉਸ ਨੇ ਮੈਨੂੰ ਪੁੱਛਿਆ.....

ਮੋਹਨ ਲਾਲ – ਭਾਜੀ ਤੁਸੀਂ ਨਹੀਂ ਖਾਵੋਗੇ?

ਮੈਂ ਨਾਂਹ ਵਿੱਚ ਸਿਰ ਹਿਲਾਇਆ। ਮੇਰੀ ਨਾਂਹ ਸੁਣਦੇ ਹੀ ਉਸ ਨੇ ਫਿਰ ਖਾਣਾ ਸੁਰੂ ਕਰ ਦਿੱਤਾ। ਜਦੋਂ ਉਸ ਨੇ ਸਮੋਸੇ ਖਾ ਲਏ ਤਾਂ ਮੈਂ ਉਸ ਨੂੰ ਪੁੱਛਿਆ....

ਮੈਂ – ਲੱਗਦਾ ਮੈਨੂੰ ਪਛਾਣਿਆ ਨਹੀਂ ਤੂੰ?

ਉਸ ਨੇ ਮੇਰੇ ਵੱਲ ਦੇਖਿਆ ਤੇ ਸੋਚ ਕੇ ਕਿਹਾ ....

ਮੋਹਨ ਲਾਲ – ਨਹੀਂ ਭਾਜੀ, ਮੈਂ ਨਹੀਂ ਪਛਾਣਿਆ।

ਮੈਂ – ਮੈਂ ਜਗਤਾਰ ਸਿੰਘ ਹਾਂ, ਪਿੰਡ ਉਰਨਾ ਤੋਂ। ਮੋਹਨ ਲਾਲ ਨੇ ਗੌਰ ਨਾਲ ਮੇਰੇ ਵੱਲ ਦੇਖਿਆ ਤੇ ਕੁਝ ਚਿਰ ਸੋਚਣ ਪਿੱਛੋਂ ਆਪਣੀ ਜਗ੍ਹਾ ਤੋਂ ਉਠ ਕੇ ਮੇਰੇ ਵੱਲ ਨੂੰ ਵਧਿਆ। ਮੈਂ ਵੀ ਆਪਣੀ ਜਗ੍ਹਾ ਤੋਂ ਖੜ ਕੇ ਟੇਬਲ ਤੋਂ ਬਾਹਰ ਹੋ ਗਿਆ। ਉਸ ਨੇ ਮੈਨੂੰ ਮੇਰੇ ਦੋਵੇਂ ਮੋਢਿਆਂ ਤੋਂ ਫੜਿਆ ਤੇ ਆਖਿਆ .....

ਮੋਹਨ ਲਾਲ – ਓ ਜਗਤਾਰ ਸਿਆਂ ਕਿਥੇ ਰਹਾ ਐਨਾ ਚਿਰ?

ਐਨਾ ਕਹਿ ਕੇ ਉਹ ਫੁੱਟ ਫੁੱਟ ਕੇ ਰੋਣ ਲੱਗ ਪਿਆ। ਮੈਂ ਉਸਨੂੰ ਸੰਭਾਲਦੇ ਹੋਏ ਛੇਤੀ ਨਾਲ ਗਲ ਨੂੰ ਲਾ ਲਿਆ। ਪਰ ਉਸ ਦਾ ਰੋਣਾ ਬੰਦ ਨਾ ਹੋਇਆ ਸਗੋਂ ਹੋਰ ਉੱਚੀ ਹੋ ਗਿਆ। ਉਸਦੇ ਇਸ

ਵਰਤਾਰੇ ਵੱਲ ਸਭ ਲੋਕ ਦੇਖ ਰਹੇ ਸਨ ਤੇ ਮੈਂ ਉਸਨੂੰ ਚੁੱਪ ਕਰਾ ਰਹਾ ਸੀ। ਬੜੇ ਜੋਰ ਨਾਲ ਮੈਂ ਉਸ ਨੂੰ ਚੁੱਪ ਕਰਾਇਆ। ਫਿਰ ਮੈਂ ਹੋਟਲ ਵਾਲੇ ਨੂੰ ਉਸਦੇ ਬਣਦੇ ਪੈਸੇ ਦੇ ਕੇ ਮੋਹਨ ਲਾਲ ਨੂੰ ਲੈ ਕੇ ਬਾਹਰ ਆ ਗਿਆ ਤੇ ਜਲਦੀ ਨਾਲ ਆਪਣੇ ਡਰਾਈਵਰ ਨੂੰ ਆਵਾਜ਼ ਮਾਰੀ। ਉਹ ਜਲਦੀ ਨਾਲ ਗੱਡੀ ਲੈ ਕੇ ਆ ਗਿਆ। ਮੈਂ ਮੋਹਨ ਲਾਲ ਨੂੰ ਗੱਡੀ ਵਿਚ ਬਿਠਾਇਆ ਤੇ ਆਪ ਵੀ ਉਸਦੇ ਨਾਲ ਬੈਠ ਗਿਆ। ਡਰਾਈਵਰ ਨੇ ਗੱਡੀ ਚਾਲੂ ਕੀਤੀ ਤੇ ਅਸੀਂ ਘਰ ਵੱਲ ਨੂੰ ਤੁਰ ਪਏ। ਮੇਰਾ ਘਰ ਸ਼ਹਿਰ ਤੋਂ ਥੋੜ੍ਹਾ ਬਾਹਰ ਸੀ ਜਿੱਥੇ ਜਿਆਦਾ ਆਬਾਦੀ ਨਹੀਂ ਸੀ ਤੇ ਵਿਰਲੇ ਹੀ ਘਰ ਸਨ। ਘਰ ਸ਼ਹਿਰ ਤੋਂ ਬਾਹਰ ਹੋਣ ਕਾਰਨ ਸਾਨੂੰ ਪਹੁੰਚਣ ਵਿੱਚ ਵਕਤ ਲੱਗਣਾ ਸੀ, ਇਸ ਲਈ ਮੈਂ ਮੋਹਨ ਲਾਲ ਨੂੰ ਉਸ ਦੇ ਇਸ ਹਾਲ ਦਾ ਕਾਰਨ ਪੁੱਛਣ ਲੱਗ ਪਿਆ।

ਜਗਤਾਰ – ਕੀ ਗੱਲ ਹੋ ਗਈ ਮੋਹਨ ਭਰਾ, ਇਹ ਕਿਵੇਂ ਦਾ ਹਾਲ ਕਰ ਕੇ ਤੁਰਿਆ ਫਿਰਦਾ ਏ? ਉਹ ਆਪਣੇ ਅੱਥਰੂ ਪੂੰਝਦਾ ਹੋਇਆ ਬੋਲਣ ਲੱਗ ਪਿਆ ..

ਮੋਹਨ – ਜਗਤਾਰ ਸਿਆਂ ਕੀ ਦੱਸਾਂ ਤੈਨੂੰ ਹੁਣ ਮੈਂ, ਸਿਆਣੇ ਆਖਦੇ ਨੇ "ਝੱਗਾ ਚੁੱਕਿਆ ਢਿੱਡ ਆਪਣਾ ਹੀ ਨੰਗਾ ਹੁੰਦਾ ਏ" ਪਰ ਮੇਰੀਆਂ ਇਨ੍ਹਾਂ ਮਜਬੂਰੀਆਂ ਨੇ ਮੈਨੂੰ ਅਰਸ਼ ਤੋਂ ਫਰਸ਼ ਤੇ ਲੈ

ਆਂਦਾ ਈ ਓ। ਪਤਾ ਨਹੀਂ ਰੱਬ ਨੇ ਮੈਨੂੰ ਕਿਹੜੇ ਜੁਰਮ ਦੀ ਸਜਾ ਦਿੱਤੀ ਆ।

ਜਗਤਾਰ – ਮੋਹਨ ਵੀਰੇ ਮੈਨੂੰ ਖੁੱਲ ਕੇ ਗੱਲ ਦਸ ਤਾਂ ਜੋ ਮੈਂ ਤੇਰੀ ਮਦਦ ਕਰ ਸਕਾ(ਮੋਹਨ ਲਾਲ ਨੂੰ ਹੌਸਲਾ ਦਿੰਦੇ ਹੋਏ)।

ਮੋਹਨ - ਜਗਤਾਰ ਤੇਰੇ ਪਿੰਡ ਛੱਡਣ ਤੋਂ ਕੁਝ ਚਿਰ ਪਿੱਛੋਂ ਮੇਰਾ ਵਿਆਹ ਹੋ ਗਿਆ, ਰੱਬ ਦੀ ਕਿਰਪਾ ਨਾਲ ਘਰਵਾਲੀ ਚੰਗੀ ਮਿਲ ਗਈ ਉਸ ਨੇ ਮੇਰੇ ਮਾਂ-ਬਾਪੂ ਦੀ ਬਹੁਤ ਸੇਵਾ ਕੀਤੀ। ਘਰ ਨੂੰ ਭਾਗ ਵੀ ਲੱਗ ਗਏ ਦੋ ਮੁੰਡੇ ਤੇ ਇੱਕ ਬਹੁਤ ਹੀ ਪਿਆਰੀ ਧੀ ਹੋਈ, ਵੱਡੇ ਮੁੰਡੇ ਦਾ ਨਾਮ ਰਜਿੰਦਰ ਤੇ ਛੋਟੇ ਦਾ ਨਾਮ ਗੋਪਾਲ ਰੱਖਿਆ।ਵੈਸੇ ਤੇ ਤਿੰਨੇ ਬੱਚੇ ਬਹੁਤ ਪਿਆਰੇ ਸੀ ਪਰ ਸਾਰਿਆਂ ਨਾਲੋਂ ਸੋਹਣੀ ਤੇ ਮੇਰੇ ਜਿਗਰ ਦਾ ਟੁਕੜਾ ਮੇਰੀ ਧੀ ਨੀਲਮ ਸੀ। ਤੇ ਅੱਜ ਵੀ ਉਹ ਮੇਰੇ ਲਈ ਸਭ ਤੋਂ ਪਿਆਰੀ ਏ। ਮੈਂ ਆਪਣੇ ਕੰਮ ਕਾਰ ਵਿਚ ਵਿਅਸਤ ਰਿਹਾ ਸਮਾਂ ਲੰਗਦਾ ਗਿਆ ਬੱਚੇ ਪੜ ਲਿਖ ਕੇ ਜਵਾਨ ਹੋ ਗਏ।ਥੋੜੇ ਸਮੇਂ ਪਿੱਛੋਂ ਮਾਂ-ਬਾਪੂ ਵੀ ਚਲਾਣਾ ਕਰ ਗਏ। ਤੇ ਬੱਚੇ ਉਚੇਰੀ ਪੜਾਈ ਕਰਨ ਲਈ ਕਾਲਜ ਪੈ ਗਏ ਦੋਨੋ ਮੁੰਡੇ ਇਕੱਠੇ ਹੀ ਇੱਕੋ ਕਾਲਜ ਪੜਦੇ ਸਨ।ਨੀਲਮ ਦਸਵੀਂ ਕਰਨ ਪਿੱਛੋਂ ਆਪਣੇ ਨਾਨਕੇ ਚਲੀ ਗਈ। ਨਾਨਕੇ ਉਸਦੇ ਚੰਗੇ ਨੇ, ਰਾਣੀ (ਮੋਹਨ ਦੀ ਘਰਵਾਲੀ) ਦਾ ਭਰਾ ਪੁਲਿਸ ਵਿਚ ਥਾਣੇਦਾਰ ਹੈ।

ਸ਼ਹਿਰ ਵਿਚ ਰਹਿਣ ਕਾਰਨ ਉਹ ਬੜਾ ਹੀ ਸਮਝਦਾਰ ਤੇ ਪੜਿਆ ਲਿਖਿਆ ਪਰਿਵਾਰ ਹੈ।ਉਹ ਨੀਲਮ ਨਾਲ ਬਹੁਤ ਪਿਆਰ ਕਰਦੇ ਸਨ ਇਸ ਲਈ ਨੀਲਮ ਨੂੰ ਆਪਣੇ ਨਾਲ ਸ਼ਹਿਰ ਲੈ ਗਏ। ਮੁੰਡੇ ਦੋਵੇਂ ਹੀ ਕਾਲਜ ਵਿਚ ਹੀ ਹੋਸਟਲ ਵਿਚ ਰਹਿਣ ਲੱਗ ਪਏ, ਬਸ ਮੈਂ ਤੇ ਰਾਣੀ ਹੀ ਪਿੰਡ ਰਹਿੰਦੇ ਸਾਂ। ਜ਼ਿੰਦਗੀ ਬੜੀ ਸੋਹਣੀ ਸੀ।

ਇਹ ਸਭ ਗੱਲਾਂ ਜਗਤਾਰ ਧਿਆਨ ਨਾਲ ਸੁਣ ਰਿਹਾ ਸੀ, ਮੋਹਨ ਲਾਲ ਨੂੰ ਟੋਕਦੇ ਉਹ ਬੋਲਿਆ..

ਜਗਤਾਰ - ਮੋਹਨ ਯਾਰ ਤੂੰ ਤਾਂ ਲਿਖਦਾ ਬਹੁਤ ਸੋਹਣਾ ਸੀ, ਮੈਨੂੰ ਯਾਦ ਹੈ ਤੇਰੀਆਂ ਕਹਾਣੀਆਂ ਦੂਰ ਦੁਰਾਡੇ ਪਿੰਡ ਤੱਕ ਮਸ਼ਹੂਰ ਸਨ। ਤੇਰੀਆਂ ਕਹਾਣੀਆਂ ਪੜ ਪੜ ਕੇ ਤਾਂ ਅਸੀਂ ਜ਼ਿੰਦਗੀ ਨੂੰ ਜੀਣਾ ਸਿੱਖਿਆ ਏ।

ਮੋਹਨ ਲਾਲ ਜਗਤਾਰ ਦੇ ਬੋਲ ਸੁਣ ਕੇ ਥੋੜਾ ਜਿਹਾ ਹਿਣਕਦਾ ਹੋਇਆ ਹੱਸਦਾ ਬੋਲਿਆ। ਇਹ ਹਾਸਾ ਨਹੀਂ ਸੀ ਬਸ ਇਹ ਤਾਂ ਜਗਤਾਰ ਸਿੰਘ ਨੂੰ ਟੋਕਣ ਦਾ ਹੁੰਗਾਰਾ ਸੀ...

ਮੋਹਨ ਲਾਲ - ਕਾਹਦੀਆਂ ਕਹਾਣੀਆਂ ਬਾਈ ... ਲੋਕਾਂ ਨੂੰ ਸਮਝਾਉਣਾ ਤਾਂ ਸੌਖਾ ਆ, ਕਿਸੇ ਦੀਆਂ ਗੱਲਾਂ ਸੁਣ ਕੇ ਜਾ

ਜ਼ਿੰਦਗੀ ਨੂੰ ਦੇਖ ਕੇ ਬਿਆਨ ਦੇਣੇ ਸੋਖੇ ਨੇ ਤੇ ਓਨਾ ਹੀ ਸੌਖਾ ਵਾ ਓਹਨਾ ਲੋਕਾਂ ਦੀਆਂ ਕਹਾਣੀਆਂ ਲਿਖਣੀਆਂ। ਪਰ ਜਦੋਂ ਓਹੀ ਹਾਲਾਤ ਆਪਣੇ ਤੇ ਬਣ ਜਾਂਦੇ ਨੇ ਤੇ ਜੀਣਾ ਵੀ ਔਖਾ ਹੋ ਜਾਂਦਾ ਏ।

ਜਗਤਾਰ - ਗੱਲ ਤਾਂ ਤੇਰੀ ਸਹੀ ਵਾ ਮੋਹਨ ਵੀਰੇ ਪਰ ਕਿਸੇ ਦੇ ਦੁੱਖ-ਸੁੱਖ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਵੀ ਸੌਖਾ ਨਹੀਂ। ਤੇ ਤੇਰੇ ਨਾਲੋਂ ਵਧੀਆ ਉਹ ਕੋਈ ਨਹੀਂ ਸੀ ਕਰ ਸਕਦਾ। ਚੱਲ ਕੋਈ ਨਾ ਤੂੰ ਦਸ ਐਥੋਂ ਤੱਕ ਕਿਵੇਂ ਪੁੱਜਾ ?

ਜਗਤਾਰ ਸਿੰਘ ਦੀ ਇਹ ਗੱਲ ਸੁਣ ਕੇ ਮੋਹਨ ਲਾਲ ਫਿਰ ਤੋਂ ਆਪਣੀ ਗੱਲ ਸੁਣਾਉਣ ਲੱਗ ਪਿਆ।

ਮੋਹਨ ਲਾਲ - ਸਮਾਂ ਲੰਘਦਾ ਗਿਆ ਦੋਵੇਂ ਮੁੰਡੇ ਹਰ ਮਹੀਨੇ ਖ਼ਰਚਾ ਲੈਣ ਆਉਂਦੇ ਰਹਿੰਦੇ, ਮੈਂ ਸੋਚਦਾ ਰਿਹਾ ਕਿ ਸ਼ਹਿਰ ਦੀ ਪੜਾਈ ਦਾ ਖ਼ਰਚਾ ਜ਼ਰੂਰ ਵੱਧ ਹੋਵੇਗਾ । ਮੈਂ ਜਿੱਥੋਂ ਕਿਤੋਂ ਵੀ ਓਹਨਾ ਨੂੰ ਪੈਸੇ ਕਰ ਕੇ ਦੇ ਦੇਣੇ। ਆੜਤ ਤਾਂ ਬਸ ਨਾਂ ਦੀ ਹੀ ਰਹਿ ਗਈ। ਜਦੋਂ ਤੱਕ ਬਾਪੂ ਜਿਉਂਦਾ ਰਿਹਾ ਆੜਤ ਚੰਗੀ ਚਲਦੀ ਸੀ ਪਰ ਬਾਪੂ ਦੇ ਗੁਜਰਨ ਪਿੱਛੋਂ ਹਾਲ ਮੰਦਾ ਹੁੰਦਾ ਗਿਆ । ਕੋਈ ਵੀ ਲੋੜ ਵੰਦ ਆ ਕੇ ਲੋੜ ਅਨੁਸਾਰ ਪੈਸੇ ਲੈ ਜਾਂਦਾ ਸੀ ਪਰ ਮੈਂ

ਕਦੇ ਕਿਸੇ ਨਾਲ ਲਿਖ-ਲਿਖਾ ਨਹੀਂ ਸੀ ਕੀਤਾ, ਪਹਿਲਾ-ਪਹਿਲਾ ਤਾਂ ਲੋਕਾਂ ਨੇ ਪੈਸੇ ਮੋੜ ਦਿੱਤੇ ਪਰ ਫਿਰ ਕਿਸੇ ਨੇ ਮੋੜਨੇ ਸਹੀ ਨਾ ਸਮਝੇ।ਹੋਲੀ ਹੋਲੀ ਲੋਕਾਂ ਨੇ ਆੜਤ ਤੇ ਵੀ ਆਉਣਾ ਬੰਦ ਕਰ ਦਿੱਤਾ, ਲੋਕ ਬਹਾਨੇ ਨਾਲ ਪੈਸੇ ਲੈ ਤਾਂ ਜਾਂਦੇ ਪਰ ਮੋੜਦਾ ਕੋਈ ਵਿਰਲਾ ਹੀ ਸੀ। ਮੈਂ ਵੀ ਕਦੇ ਕਿਸੇ ਨੂੰ ਮਜ਼ਬੂਰ ਨਾ ਕੀਤਾ ਤੇ ਸੋਚਦਾ ਰਿਹਾ ਕਿ ਕੀ ਪਤਾ ਜੋ ਪੈਸੇ ਉਧਾਰ ਮੰਗਣ ਆਇਆ ਉਹ ਕਿੰਨਾ ਕੁ ਲੋੜ ਵੰਦ ਹੋਵੇਗਾ, ਇਸ ਲਈ ਲਿਖ਼ਤ ਪੜ੍ਹਤ ਕਰਨਾ ਵੀ ਮੈਂ ਜ਼ਰੂਰੀ ਨਾ ਸਮਝਿਆ। ਪਰ ਲੋਕਾਂ ਨੇ ਮੇਰੀ ਇਸ ਆਦਤ ਦਾ ਨਾਜਾਇਜ ਫਾਇਦਾ ਚੁਕਿਆ। ਇੱਕ ਪਾਸੇ ਆੜਤ ਵਿੱਚ ਘਾਟਾ ਤੇ ਦੂਜੇ ਪਾਸੇ ਬੱਚਿਆਂ ਦੀ ਪੜਾਈ ਦਾ ਖ਼ਰਚਾ ਮੈਂ ਦਾਨ ਕਰਦਾ ਕਰਦਾ ਮੰਗਣ ਤਕ ਆ ਗਿਆ। ਪਰ ਕਦੇ ਮੈਂ ਸੀ.. ਨਾ ਕੀਤੀ ਕਿ ਇੱਕ ਦਿਨ ਮੇਰੇ ਬੱਚੇ ਮੇਰੀ ਕੀਤੀ ਮੇਹਨਤ ਦਾ ਮੁੱਲ ਪਾਉਣਗੇ। ਪਰ ਹਾਲਾਤ ਵਸ ਤੋਂ ਬਾਹਰ ਉਦੋਂ ਹੋ ਗਏ ਜਦੋਂ ਮੇਰਾ ਵੱਡਾ ਮੁੰਡਾ ਰਜਿੰਦਰ ਆਪਣੇ ਕਾਲਜ ਤੋਂ ਇੱਕ ਨਾਲ ਪੜਦੀ ਕੁੜੀ ਨੂੰ ਵਿਆਹ ਕੇ ਘਰ ਲਈ ਆਇਆ। ਪਰ ਮੈਂ ਸੋਚਿਆ ਕੋਈ ਨਾ ਨਵਾਂ ਜ਼ਮਾਨਾ ਹੈ ਕੋਈ ਗੱਲ ਨੀ।

ਖਰਚ ਵੱਧਦੇ ਗਏ ਤੇ ਆਮਦਨੀ ਨਾ ਮਾਤਰ ਸੀ। ਅਜੇ ਵੱਡੇ ਦੇ ਵਿਆਹ ਨੂੰ ਦੋ ਮਹੀਨੇ ਵੀ ਨਹੀਂ ਸਨ ਹੋਏ ਕਿ ਨਿੱਕਾ ਵੀ ਵੱਡੀ

ਨੂੰਹ ਰਾਣੀ ਦੀ ਭੈਣ ਵਿਆਹ ਕੇ ਲੈ ਆਇਆ। ਦੋਵੇਂ ਮੁੰਡੇ ਤਾਂ ਕੋਈ ਕੰਮ ਕਰਦੇ ਨਹੀਂ ਸੀ ਤੇ ਉਪਰੋਂ ਮੇਰੇ ਸਿਰ ਦਾ ਬੋਜ ਹੋਰ ਵਧਾ ਦਿੱਤਾ। ਦੋਵੇਂ ਨੂੰਹਾਂ ਸ਼ਹਿਰੀ ਹੋਣ ਕਰਕੇ ਘਰ ਦੇ ਕੰਮ ਕਾਰ ਨੂੰ ਹੱਥ ਵੀ ਨਾ ਲਾਉਂਦੀਆਂ । ਘਰ ਦਾ ਸਾਰਾ ਕੰਮ ਬਸ ਵਿਚਾਰੀ ਰਾਣੀ ਹੀ ਕਰਦੀ। ਜਿਵੇਂ ਕਿਵੇਂ ਅਸੀਂ ਵਖਤ ਲੰਘਾ ਰਹੇ ਸਾਂ, ਮੇਰੇ ਦਿੱਲ ਵਿੱਚ ਹਜ਼ਾਰਾਂ ਦੁੱਖ ਹੋਣ ਦੇ ਬਾਵਜੂਦ ਵੀ ਮੈਂ ਕਦੇ ਮੱਥੇ ਤੇ ਤ੍ਰੇੜੀ ਨਹੀਂ ਸੀ ਲਿਆਂਦੀ ਕਿ ਕਦੇ ਤਾਂ ਰੱਬ ਚੰਗੇ ਦਿਨ ਲਿਆਵੇਗਾ। ਪਰ ਚੰਗੇ ਆਉਣ ਨਾਲੋਂ ਹਾਲਤ ਹੋਰ ਖਰਾਬ ਹੋ ਰਹੀ ਸੀ। ਕੁਝ ਕੁ ਸਮਾਂ ਲੰਘਣ ਤੇ ਇੱਕ ਦਿਨ ਰਾਣੀ ਨੂੰ ਧੁੱਪੇ ਕੰਮ ਕਰਦਿਆਂ ਦੌਰਾ ਪੈ ਗਿਆ। ਡਾਕਟਰ ਕੋਲ ਪੁੱਜਣ ਤੋਂ ਪਹਿਲਾਂ ਹੀ ਰਾਣੀ ਪੂਰੀ ਹੋ ਗਈ। ਮੈਨੂੰ ਕਿਤੇ ਵੀ ਥਾਂ ਨਹੀਂ ਸੀ ਮਿੱਲ ਰਹੀ। ਉਸਦੀ ਮੌਤ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਦਮਾ ਸੀ। ਪਰ ਮੇਰੇ ਕੋਲ ਦੁੱਖ ਫਰੋਲਣ ਲਈ ਕੋਈ ਹਾਣੀ ਨਹੀਂ ਸੀ।

ਮੈਂ ਦਿਲ ਤੋਂ ਕਮਜ਼ੋਰ ਹੁੰਦਾ ਗਿਆ, ਪਰ ਕਦੇ ਜ਼ਾਹਿਰ ਨਾ ਕਰ ਸਕਿਆ। ਇੱਕ ਦਿਨ ਰਾਣੀ ਦਾ ਭਰਾ ਆਇਆ ਤੇ ਉਸ ਨੇ ਦੱਸਿਆ ਕਿ ਮੇਰੀ ਧੀ ਨੀਲਮ ਦਾ ਵਿਆਹ ਹੋ ਗਿਆ ਹੈ। ਮੁੰਡਾ ਨੀਲਮ ਦੇ ਨਾਲ ਹੀ ਕਾਲਜ ਵਿੱਚ ਪੜਦਾ ਸੀ ਤੇ ਉਸ ਨੇ ਨੀਲਮ ਨੂੰ ਉਸ ਨਾਲ ਵਿਆਹ ਕਰਵਾਉਣ ਲਈ ਕਿਹਾ ਤੇ ਨੀਲਮ ਨੇ

ਸਾਫ ਮਨਾ ਕਰ ਦਿੱਤਾ, ਪਰ ਮੁੰਡਾ ਖੁੱਦ ਸਾਡੇ ਘਰ ਦਾ ਪਤਾ ਕਰ ਕੇ ਆਪਣੀ ਮਾਂ ਨੂੰ ਨਾਲ ਲੈ ਸਾਡੇ ਘਰ ਆ ਗਿਆ। ਮੁੰਡਾ ਚੰਗੇ ਪਰਿਵਾਰ ਤੋਂ ਸੀ ਮੈਂ ਦੇਰੀ ਕਰਨੀ ਸਹੀ ਨਾ ਸਮਝੀ ਤੇ ਇੱਕ ਚੰਗਾ ਰਿਸ਼ਤਾ ਸਮਝ ਕੇ ਜਲਦੀ ਹੀ ਚੁੰਨੀ ਚੜਾਵਾ ਕਰ ਦਿੱਤਾ। ਨੀਲਮ ਦੇ ਮਾਮੇ ਦੇ ਮੂੰਹੋ ਇਹ ਖਬਰ ਸੁਣ ਕੇ ਮੈਂ ਖੁਸ਼ ਤਾਂ ਬਹੁਤ ਹੋਇਆ ਪਰ ਮੈਨੂੰ ਦੁੱਖ ਵੀ ਸੀ ਜੋ ਮੈਂ ਆਪਣੀ ਧੀ ਦਾ ਆਪਣੇ ਹੱਥੀ ਵਿਆਹ ਨਾ ਕਰਾ ਸਕਿਆ। ਸਭ ਤੋਂ ਜਿਆਦਾ ਦੁੱਖ ਮੈਨੂੰ ਇਸ ਗੱਲ ਦਾ ਸੀ ਕਿ ਮੈਂ ਆਪਣੇ ਕਿਸੇ ਵੀ ਧੀ ਪੁੱਤਰ ਦਾ ਵਿਆਹ ਆਪਣੇ ਹੱਥੀ ਨਹੀਂ ਸੀ ਕੀਤਾ। ਸਭ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਵਿਆਹ ਦੇ ਸੌ ਸੁਪਨੇ ਹੁੰਦੇ ਨੇ, ਓਹਨਾ ਦੇ ਮਨ ਵਿੱਚ ਕਈ ਰੀਝਾਂ ਹੁੰਦਿਆਂ ਨੇ ਪਰ ਅਫਸੋਸ ਦੀ ਗੱਲ ਇਹ ਹੈ ਕਿ ਇਹ ਮੇਰੇ ਨਸੀਬ ਵਿੱਚ ਬਿਲਕੁਲ ਨਹੀਂ ਸੀ। ਕੁਝ ਸਮੇ ਪਿੱਛੋਂ ਰਾਣੀ ਦਾ ਭਰਾ ਚਲਾ ਗਿਆ। ਰਾਣੀ ਦੇ ਮਰਨ ਪਿੱਛੋਂ ਘਰ ਦਾ ਸਾਰਾ ਕੰਮ ਮੈਨੂੰ ਹੀ ਕਰਨਾ ਪੈਂਦਾ ਸੀ। ਮੇਰੇ ਪੁੱਤਰਾਂ ਜਾਂ ਨੂੰਹਾਂ ਚੋ ਕਿਸੇ ਨੇ ਤੀਲ੍ਹਾ ਨਹੀਂ ਸੀ ਭੰਨਿਆ। ਉੱਤੋਂ ਘਰੇ ਕੋਈ ਨਵੇਂ ਤੋਂ ਨਵਾਂ ਪ੍ਰਾਹੁਣਾ ਆਉਂਦਾ ਸੀ ਕਦੇ ਨੂੰਹਾਂ ਦੇ ਸਬੰਧੀਆਂ ਪਾਸੋ ਤੇ ਕਦੇ ਮੇਰੇ ਮੁੰਡਿਆਂ ਦੇ ਯਾਰ। ਮੈਂ ਆਪਣੇ ਘਰ ਵਿੱਚ ਇੱਕ ਨੌਕਰ ਜਿਆਦਾ ਤੇ ਮਾਲਕ ਘਟ ਅਨੁਭਵ ਕਰਦਾ ਸੀ। ਇੱਕ ਦਿਨ ਵੱਡਾ ਮੁੰਡਾ ਕਿਸੇ ਏਜੇਂਟ ਨੂੰ ਘਰ ਲੈ ਕੇ ਆਇਆ

ਉਸ ਨੇ ਪਤਾ ਨਹੀਂ ਕਿੰਨੇ ਪੈਸਿਆਂ ਵਿੱਚ ਉਸ ਨਾਲ ਦੂਜੇ ਮੁਲਖ ਜਾਣ ਬਾਰੇ ਗੱਲ ਕੀਤੀ। ਮੇਰੇ ਤਰਲੇ ਪਾ ਕੇ ਜਮਾ ਕੀਤੀ ਸਾਰੀ ਨਗਦੀ ਤੇ ਮੇਰੀ ਵਸੀਅਤ ਕਿਸੇ ਨੂੰ ਗਹਿਣੇ ਪਾ ਕੇ ਕੁਝ ਦਿਨਾਂ ਪਿੱਛੋਂ ਉਹ ਤੇ ਉਸਦੀ ਘਰਵਾਲੀ ਦੂਜੇ ਮੁਲਖ ਜਾ ਪੁੱਜੇ। ਉਸ ਤੋਂ ਦੋ ਕੁ ਮਹੀਨਿਆਂ ਬਾਦ ਓਹਨਾ ਨਿੱਕੇ ਮੁੰਡੇ ਤੇ ਉਸਦਾ ਘਰਵਾਲੀ ਨੂੰ ਵੀ ਓਥੇ ਬੁਲਾ ਲਿਆ। ਮੈਨੂੰ ਆਖ ਗਏ ਕਿ ਉਹ ਓਥੋਂ ਪੈਸੇ ਭੇਜਣਗੇ ਤੇ ਸਾਰਾ ਕਰਜਾ ਲਵਾਦੇਣਗੇ। ਮੈਨੂੰ ਪਤਾ ਸੀ ਕਿ ਇਹਨਾਂ ਪਿੱਛੇ ਮੁੜ ਕੇ ਨਹੀਂ ਦੇਖਣਾ ਪਰ ਇਹ ਜਾਣਦੇ ਹੋਏ ਵੀ ਮੈਂ ਦਿਲ ਤੇ ਪੱਥਰ ਰੱਖ ਲਿਆ। ਓਹਨਾ ਜਾਣ ਪਿੱਛੋਂ ਇੱਕ ਸਾਲ ਗੁਜਰਿਆ ਤੇ ਫਿਰ ਦੂਜਾ ਪਰ ਓਹਨਾ ਨਾ ਤਾਂ ਪੈਸੇ ਭੇਜੇ ਤੇ ਨਾ ਹੀ ਆਪ ਆਏ। ਪਰ ਬੈਂਕ ਵਾਲੇ ਜ਼ਰੂਰ ਆਏ ਓਹਨਾ ਮੈਨੂੰ ਘਰੋਂ ਬਾਹਰ ਕੱਢ ਦਿੱਤਾ ਤੇ ਘਰ ਤੇ ਕਬਜਾ ਕਰ ਲਿਆ। ਪਿੰਡ ਦੇ ਕਿਸੇ ਬੰਦੇ ਨੇ ਮੈਨੂੰ ਸਹਾਰਾ ਨਾ ਦਿੱਤਾ।

ਮੈਂ ਗੁਰੂਘਰ ਜਾਣਾ ਵੀ ਸਹੀ ਨਾ ਸਮਝਿਆ ਕਿਉਂਕਿ ਮੈਂ ਅਜੇ ਤਕ ਗੁਰੂਘਰ ਧੇਲਾ ਵੀ ਨਹੀਂ ਸੀ ਦਿੱਤਾ। ਪਰ ਮੇਰੇ ਕੋਲ ਹੋਰ ਕੋਈ ਰਾਹ ਵੀ ਨਹੀਂ ਸੀ ਰਿਹਾ। ਥੱਕ ਹਾਰ ਕੇ ਮੈਂ ਪ੍ਰਮਾਤਮਾ ਤੋਂ ਮੁਆਫੀ ਮੰਗੀ ਤੇ ਓਥੇ ਰਹਿ ਕੇ ਸੇਵਾ ਕਰਨ ਲੱਗ ਪਿਆ। ਤਕਰੀਬਨ ਦੋਵਾਂ ਕੁ ਮਹੀਨਿਆਂ ਬਾਅਦ ਕੋਈ ਕੁੜੀ ਇੱਕ ਗੱਡੀ

ਤੇ ਮੇਰਾ ਪਤਾ ਕਰਦੀ ਹੋਈ ਗੁਰੂਘਰ ਪੁੱਜੀ। ਮੈਂ ਉਸ ਨੂੰ ਬਿਲਕੁਲ ਨਾ ਪਛਾਣਿਆ। ਜਦੋਂ ਉਸ ਨੇ ਮੈਨੂੰ ਪਾਪਾ ਕਹਿ ਕੇ ਬੁਲਾਇਆ ਤੇ ਮੈਨੂੰ ਅਹਿਸਾਸ ਹੋਇਆ ਕਿ ਇਹ ਤਾਂ ਮੇਰੀ ਧੀ ਨੀਲਮ ਆ। ਮੇਰੀਆਂ ਅੱਖਾਂ ਚੋਂ ਅੱਥਰੂ ਵਹਿਣ ਲੱਗ ਪਏ ਉਸ ਨੇ ਮੈਨੂੰ ਘੁੱਟ ਕੇ ਗੱਲ ਨਾਲ ਲਾਇਆ ਤੇ ਇੰਝ ਪਿਆਰ ਕੀਤਾ ਜਿਵੇਂ ਇੱਕ ਮਾਂ ਆਪਣੇ ਬੱਚੇ ਨਾਲ ਕਰ ਰਹੀ ਹੋਵੇ। ਮੇਰੇ ਅੱਥਰੂਆਂ ਦਾ ਕੋਈ ਹਿਸਾਬ ਨਹੀਂ ਸੀ ਉਸ ਵਕਤ । ਇਹ ਅੱਥਰੂ ਸਨ ਮੇਰੇ ਮੁੰਡਿਆਂ ਦੇ ਮੇਰੇ ਨਾਲ ਕੀਤੇ ਗਏ ਧੋਖੇ ਦੇ, ਮੇਰੇ ਪਿਆਰ ਦਾ ਮੁੱਲ ਨਾ ਪਾਉਣ ਦੇ, ਇਹ ਅੱਥਰੂ ਸਨ ਰਾਣੀ ਦੀ ਮੌਤ ਦੇ, ਇਹ ਅੱਥਰੂ ਸਨ ਹਰ ਉਸ ਦਰਦ ਲਈ ਜੋ ਮੈਂ ਹੱਸਦੇ ਹੋਏ ਕਬੂਲ ਕੀਤੀ ਸੀ, ਇਹ ਅੱਥਰੂ ਸਨ ਇੱਕ ਬਾਪ ਦਾ ਆਪਣੀ ਧੀ ਨਾਲ ਵਿਯੋਗ ਦੇ ਤੇ ਮਿਲਾਪ ਦੇ। ਦਰਅਸਲ ਮੈਨੂੰ ਕੋਈ ਹਿਸਾਬ ਨਹੀਂ ਸੀ ਕਿ ਮੈਂ ਰੋ ਕਿਉਂ ਰਿਹਾ ਹਾਂ। ਮੇਰੇ ਨਾਲ ਮੇਰੀ ਧੀ ਵੀ ਰੋ ਰਹੀ ਸੀ। ਸਾਡੇ ਆਸੇ-ਪਾਸੇ ਇੱਕ ਅਲਗ ਤਰ੍ਹਾਂ ਦਾ ਮਾਹੌਲ ਬਣ ਗਿਆ ਸੀ। ਫਿਰ ਅਚਾਨਕ ਇੱਕ ਨੌਜਵਾਨ ਸਰਦਾਰ ਆਇਆ ਤੇ ਉਸ ਨੇ ਨੀਲਮ ਨੂੰ ਤੇ ਮੈਨੂੰ ਚੁੱਪ ਕਰਾਇਆ, ਤੇ ਨੀਲਮ ਨੂੰ ਮੈਨੂੰ ਨਾਲ ਲੈ ਕੇ ਗੱਡੀ ਵਿੱਚ ਬੈਠਣ ਨੂੰ ਕਿਹਾ। ਨੀਲਮ ਮੈਨੂੰ ਨਾਲ ਲੈ ਕੇ ਗੱਡੀ ਦੀ ਪਿਛਲੀ ਸ਼ੀਟ ਤੇ ਬੈਠ ਗਈ ਤੇ ਉਹ ਸਰਦਾਰ ਜਿਸਨੇ ਸਾਨੂੰ ਚੁੱਪ

ਕਰਾਇਆ ਸੀ ਉਹ ਗੱਡੀ ਚਲਾਉਣ ਲੱਗ ਪਿਆ। ਮੈਂ ਉਸ ਵੇਲੇ ਉਸ ਸਰਦਾਰ ਵੱਲ ਬਹੁਤ ਧਿਆਨ ਨਾ ਦਿੱਤਾ। ਸਾਰਾ ਰਸਤਾ ਮੈਂ ਆਪਣੀ ਧੀ ਦੀ ਗੋਦ ਵਿੱਚ ਸਿਰ ਰੱਖ ਕੇ ਰੋਂਦਾ ਆਇਆ ਤੇ ਉਹ ਮੈਨੂੰ ਆਪਣੇ ਇੱਕ ਬੱਚੇ ਵਾਰ ਪਿਆਰ ਕਰਦੀ ਆਈ। ਪਰ ਮੈਂ ਨਹੀਂ ਸੀ ਚਾਹੁੰਦਾ ਕਿ ਇਹ ਸਫ਼ਰ ਕਦੀ ਖ਼ਤਮ ਹੋਵੇ। ਮੈਨੂੰ ਨਹੀਂ ਸੀ ਖਬਰ ਕੇ ਅਸੀਂ ਕਿੱਥੇ ਜਾ ਰਹੇ ਹਾਂ ਤੇ ਨਾ ਹੀ ਮੈਨੂੰ ਰਾਹਾਂ ਬਾਰੇ ਪਤਾ ਲੱਗਾ ਪਰ ਕੁਝ ਦੇਰ ਪਿੱਛੋਂ ਅਸੀਂ ਇੱਕ ਘਰ ਪੁੱਜ ਗਏ। ਉਹ ਸਰਦਾਰ ਨੇ ਗੱਡੀ ਰੋਕੀ ਤੇ ਜਲਦੀ ਨਾਲ ਉੱਤਰ ਕੇ ਗੱਡੀ ਦੀ ਪਿਛਲੀ ਬਾਰੀ ਖੋਲੀ ਫਿਰ ਨੀਲਮ ਤੇ ਸਰਦਾਰ ਮੈਨੂੰ ਅੰਦਰ ਲੈ ਗਏ। ਸਰਦਾਰ ਨੇ ਇੱਕ ਨੌਕਰ ਨੂੰ ਆਵਾਜ਼ ਮਾਰੀ..

ਸਰਦਾਰ - ਰਾਮੇ ਪਾਣੀ ਲੈ ਕੇ ਆ।

ਫਿਰ ਜਲਦੀ ਨਾਲ ਇੱਕ ਨੌਕਰ ਤਿੰਨ ਗਿਲਾਸ ਪਾਣੀ ਲੈ ਕੇ ਆਇਆ। ਅਸੀਂ ਬਹੁਤ ਹੀ ਸੋਹਣੇ ਸੋਫਿਆਂ ਤੇ ਬੈਠ ਗਏ। ਮੈਨੂੰ ਖਾਸ ਮਾਲੂਮ ਹੁੰਦਾ ਸੀ ਕਿ ਇਹ ਕਿਸੇ ਚੰਗੇ ਸਾਹੂਕਾਰ ਦਾ ਘਰ ਹੈ। ਨੀਲਮ ਨੇ ਇੱਕ ਗਿਲਾਸ ਚੁੱਕਿਆ ਤੇ ਆਪਣੇ ਹੱਥਾਂ ਨਾਲ ਮੈਨੂੰ ਪਾਣੀ ਪਿਆਲਿਆਂ ਤੇ ਫਿਰ ਆਪ ਪਾਣੀ ਪੀਤਾ। ਐਨੇ ਨੂੰ ਇੱਕ ਅੱਧ ਖੜ ਉਮਰ ਦੀ ਜਨਾਨੀ ਇੱਕ ਬੱਚਾ ਚੁੱਕ ਕੇ ਲਿਆਈ ਤੇ ਆ ਕੇ ਨੀਲਮ ਨੂੰ ਫੜਾ ਦਿੱਤਾ। ਨੀਲਮ ਨੇ ਉਹ ਬੱਚਾ ਮੈਨੂੰ

ਫੜੋਉਂਦਿਆ ਕਿਹਾ ਇਹ ਤੁਹਾਡੀ ਦੋਹਤੀ ਕੰਚਨ ਹੈ। ਮੈਂ ਉਸ ਨੂੰ ਆਪਣੇ ਹੱਥਾਂ ਵਿੱਚ ਚੁੱਕਿਆ ਤੇ ਉਸ ਨਾਲ ਪਿਆਰ ਕਰਨ ਲੱਗ ਪਿਆ। ਫਿਰ ਨੀਲਮ ਨੇ ਮੈਨੂੰ ਦੱਸਿਆ ਕਿ ਇਹ ਸਰਦਾਰ ਉਸਦਾ ਘਰਵਾਲਾ ਹੈ ਜੋ ਕੇ ਇੱਕ ਬਹੁਤ ਵੱਡਾ ਵਕੀਲ ਹੈ। ਮੈਂ ਆਪਣੀ ਜਗ੍ਹਾ ਤੋਂ ਉਠਿਆ ਤੇ ਉਸ ਨੂੰ ਘੁੱਟ ਕੇ ਗੱਲ ਨਾਲ ਲਾ ਲਿਆ। ਉਸ ਨੇ ਵੀ ਮੈਨੂੰ ਇੱਕ ਪਿਤਾ ਵਜੋਂ ਸਤਿਕਾਰ ਕੀਤਾ ਤੇ ਬਹੁਤ ਘੁੱਟ ਕੇ ਜੱਫੀ ਪਾਈ। ਮੇਰੇ ਲਈ ਉਹ ਖੁਸ਼ੀਆਂ ਕਦੇ ਨਾ ਭੁੱਲਣ ਵਾਲੀਆਂ ਯਾਦਾਂ ਸੀ ਤੇ ਉਹ ਮੈਨੂੰ ਮਰਦੇ ਦੱਮ ਤੱਕ ਯਾਦ ਰਹਿਣਗੀਆਂ। ਐਵੇਂ ਹੀ ਬਹੁਤ ਵਕਤ ਲੰਘ ਗਿਆ। ਮੇਰੇ ਧੀ ਤੇ ਜਵਾਈ ਤੇ ਮੇਰੀ ਹੱਦ ਤੋਂ ਪਰੇ ਸੇਵਾ ਕੀਤੀ ਮੈਨੂੰ ਹਰ ਇੱਕ ਸੁੱਖ ਮਿਲਿਆ ਐਦਾਂ ਹੀ ਦੋ ਸਾਲ ਲੰਘ ਗਏ, ਮੇਰੀ ਛੋਟੀ ਜਿਹੀ ਦੋਹਤੀ ਮੈਨੂੰ ਨਾਨੂੰ-ਨਾਨੂੰ ਕਹਿ ਕੇ ਬੁਲਾਉਣ ਲੱਗ ਪਈ। ਉਸਦੀ ਤੋਤਲੀ ਆਵਾਜ਼ ਬਹੁਤ ਪਿਆਰੀ ਲਗਦੀ ਸੀ। ਰੱਬ ਨੇ ਮੈਨੂੰ ਉਹ ਸਭ ਖੁਸ਼ੀਆਂ ਦੇ ਦਿੱਤੀਆਂ ਸਨ ਜੋ ਉਸ ਨੇ ਮੇਰੇ ਕੋਲੋਂ ਖੋਹੀਆਂ ਸੀ। ਪਰ ਸਮਾਂ ਲੰਘਣ ਤੇ ਮੈਨੂੰ ਅਹਿਸਾਸ ਹੋਇਆ ਜਿਵੇਂ ਮੈਂ ਆਪਣੇ ਧੀ ਜਵਾਈ ਤੇ ਬੋਝ ਹੋਵਾਂ। ਉਹ ਭਾਂਵੇ ਮੈਨੂੰ ਹਰ ਸੁੱਖ ਦੇ ਰਹੇ ਸਨ ਪਰ ਮੈਨੂੰ ਕਿਸੇ ਤੇ ਬੋਝ ਬਣ ਕੇ ਜੀਣਾ ਸਹੀ ਨਾ ਲੱਗਾ ਤੇ ਮੈਂ ਮੌਕਾ ਦੇਖ ਕੇ ਓਥੋਂ ਨਿਕਲ ਗਿਆ। ਮੈਨੂੰ ਪਤਾ ਹੈ ਓਹਨਾ ਜ਼ਰੂਰ ਮੈਨੂੰ ਲੱਭਣ

ਦੀ ਪੂਰੀ ਕੋਸ਼ਿਸ਼ ਕੀਤੀ ਹੋਵੇਗੀ ਪਰ ਮੈਂ ਉਸ ਸ਼ਹਿਰ ਤੋਂ ਹੋਰ ਸ਼ਹਿਰ ਆ ਗਿਆ। ਐਥੇ ਆ ਕੇ ਮੈਂ ਕੰਮ ਕਰਨ ਲਈ ਬਹੁਤ ਲੱਭਿਆ ਪਰ ਕਿਸੇ ਨੇ ਮੇਰੀ ਬੁਜ਼ਰਗ ਵਾਲੀ ਹਾਲਤ ਦੇਖ ਕੇ ਕੰਮ ਦੇਣਾ ਸਹੀ ਨਾ ਸਮਝਿਆ। ਫਿਰ ਮੇਰੇ ਕੋਲੋਂ ਮੰਗਣ ਤੋਂ ਸਿਵਾ ਕੋਈ ਚਾਰਾ ਨਾ ਰਿਹਾ। ਪਰ ਐਨੇ ਦੁੱਖ ਝੱਲਦੇ ਹੋਏ ਵੀ ਮੈਂ ਕਦੇ ਖੁੱਦ ਖੁਸ਼ੀ ਕਰਨ ਬਾਰੇ ਨਹੀਂ ਸੀ ਸੋਚਿਆ।

ਮੋਹਨ ਲਾਲ ਦੀ ਹੱਡ ਬੀਤੀ ਸੁਣ ਕੇ ਜਗਤਾਰ ਸਿੰਘ ਦੀਆਂ ਅੱਖਾਂ ਭਰ ਆਇਆਂ। ਐਨੇ ਨੂੰ ਉਹ ਜਗਤਾਰ ਸਿੰਘ ਦੇ ਘਰ ਪੁੱਜ ਗਏ। ਜਗਤਾਰ ਸਿੰਘ ਆਪਣੇ ਪੁਰਾਣੇ ਯਾਰ ਮੋਹਨ ਲਾਲ ਨੂੰ ਲਈ ਕੇ ਗੱਡੀ ਵਿੱਚੋ ਉੱਤਰਿਆ। ਫਿਰ ਉਹ ਘਰ ਦੇ ਅੰਦਰ ਵੜ ਗਏ । ਅਜੇ ਓਹਨਾ ਅੰਦਰ ਕਦਮ ਹੀ ਰੱਖਿਆ ਕਿ ਇੱਕ ਚਾਰ ਕੁ ਸਾਰ ਦੀ ਬੱਚੀ ਭੱਜ ਕੇ ਜਗਤਾਰ ਸਿੰਘ ਵੱਲ ਆਈ ਤੇ ਉਸ ਨੇ ਆਵਾਜ਼ ਲਗਾਈ..

ਬੱਚੀ – “ਦਾਦੂ”

ਜਗਤਾਰ ਸਿੰਘ ਨੇ ਖੁਸ਼ ਹੋ ਕੇ ਬੱਚੀ ਨੂੰ ਹੱਥਾਂ ਵਿੱਚ ਚੁੱਕ ਲਿਆ ਤੇ ਪਿਆਰ ਕਰਨ ਲੱਗ ਪਿਆ ਤੇ ਬੱਚੀ ਨੂੰ ਆਖਿਆ ..

ਜਗਤਾਰ ਸਿੰਘ - ਕਦੋ ਆਇਆ ਮੇਰਾ ਪੁੱਤ?

ਬੱਚੀ ਨੇ ਬੜੀ ਪਿਆਰੀ ਆਵਾਜ਼ ਚ' ਕਿਹਾ ...

ਬੱਚੀ - ਦਾਦੂ ਪਤਾ ਹੈ ਆਪਕੋ ਹਮ ਕੱਬ ਕੇ ਆਏ ਹੈਂ ... ਕਹਾ ਥੇ ਆਪ?

ਜਗਤਾਰ - ਹਮ ਤੋਂ ਯਹੀ ਥੇ ਆਪ ਹੀ ਗੁੰਮ ਹੋ ਜਾਤੀ ਹੋ।

ਇਹ ਕਹਿਣ ਪਿੱਛੋਂ ਜਗਤਾਰ ਬੱਚੀ ਨੂੰ ਹੋਰ ਪਿਆਰ ਕਰਨ ਲੱਗ ਪਿਆ। ਇਹ ਸਭ ਮੋਹਨ ਲਾਲ ਦੇਖ ਰਿਹਾ ਸੀ ਦਰਅਸਲ ਉਸ ਨੇ ਬੱਚੀ ਨੂੰ ਪਛਾਣ ਲਿਆ ਸੀ। ਇਹ ਉਸਦੀ ਦੋਹਤੀ ਹੀ ਸੀ। ਜਦੋਂ ਉਸ ਨੇ ਥੋੜਾ ਅੱਗੇ ਵੱਧ ਕੇ ਦੇਖਿਆ ਤੇ ਸਾਹਮਣੇ ਉਸਦਾ ਧੀ ਤੇ ਜਵਾਈ ਬੈਠੇ ਹੋਏ ਸੀ। ਨੀਲਮ ਨੇ ਆਪਣੇ ਪਿਉ ਨੂੰ ਪਛਾਣ ਲਿਆ ਤੇ ਭੱਜ ਕੇ ਆ ਕੇ ਮੋਹਨ ਲਾਲ ਦੇ ਗੱਲ ਲੱਗ ਕੇ ਰੋਣ ਲੱਗ ਪਈ ਤੇ ਮੋਹਨ ਲਾਲ ਵੀ ਰੋਣ ਲੱਗ ਪਿਆ। ਜਗਤਾਰ ਨੂੰ ਇਹ ਦ੍ਰਿਸ਼ ਦੇਖ ਕੇ ਸਭ ਸਮਝ ਆ ਗਿਆ। ਮੋਹਨ ਲਾਲ ਕੁਝ ਕੁ ਦਿਨ ਓਥੇ ਰਿਹਾ।

ਇੱਕ ਦਿਨ ਮੋਹਨ ਲਾਲ ਘਰ ਦੀ ਛੱਤ ਉੱਪਰ ਆਪਣੇ ਖ਼ਿਆਲਾਂ ਵਿੱਚ ਗੁੰਮ ਬੈਠਾ ਸੀ ਤੇ ਜਗਤਾਰ ਉਸਦੇ ਕੋਲ ਆਇਆ । ਉਸ ਨੇ ਮੋਹਨ ਲਾਲ ਦਾ ਹਾਲ ਚਾਲ ਪੁੱਛਿਆ ਤੇ ਫਿਰ ਉਸ ਨੂੰ ਕਿਹਾ ...

ਜਗਤਾਰ ਸਿੰਘ - ਯਾਰ ਮੋਹਨ ਲਾਲ ਤੂੰ ਤਾਂ ਲਿਖਦਾ ਬਹੁਤ ਸੋਹਣਾ ਸੀ,ਮੈਂ ਸੋਚਦਾ ਹਾਂ ਤੈਨੂੰ ਆਪਣੀ ਹੱਡ ਬੀਤੀ ਵੀ ਜ਼ਰੂਰ ਲਿਖਣੀ ਚਾਹੀਦੀ ਹੈ।

ਪਹਿਲਾਂ ਤਾਂ ਮੋਹਨ ਲਾਲ ਨੇ ਜਗਤਾਰ ਦੀ ਗੱਲ ਵੱਲ ਧਿਆਨ ਨਾ ਦਿੱਤਾ ਤੇ ਫਿਰ ਸੋਚਣ ਲੱਗ ਪਿਆ ਉਸ ਨੂੰ ਜਗਤਾਰ ਦੀ ਸਲਾਹ ਸਹੀ ਲੱਗੀ। ਉਸ ਤੋਂ ਕੁਝ ਦਿਨਾਂ ਬਾਅਦ ਹੀ ਮੋਹਨ ਲਾਲ ਨੇ ਆਪਣੀ ਸਾਰੀ ਹੱਡ ਬੀਤੀ ਇੱਕ ਕਿਤਾਬ ਦੇ ਰੂਪ ਵਜੋਂ ਲਿਖ ਦਿੱਤੀ ਤੇ ਉਸ ਨੂੰ ਨੀਲਮ(ਇੱਕ ਅਣਮੁੱਲਾ ਹੀਰਾ) ਵਜੋਂ ਪਬਲਿਸ਼ ਕਰਵਾਇਆ। ਉਸ ਦੀ ਇਹ ਕਿਤਾਬ ਬਹੁਤ ਪ੍ਰਸਿੱਧ ਹੋਈ ਜਿਸ ਕਾਰਨ ਲੋਕਾਂ ਨੇ ਉਸ ਦੀ ਸਾਲਾਹਣਾ ਕੀਤੀ। ਕਿਤਾਬ ਨੇ ਬਹੁਤ ਮੋਟੀ ਕਮਾਈ ਕੀਤੀ ਇਹ ਸਾਰੀ ਕਮਾਈ ਮੋਹਨ ਲਾਲ ਨੇ ਆਪਣੀ ਧੀ ਦੇ ਨਾਮ ਲਗਵਾ ਦਿੱਤੀ।

ਜਦੋਂ ਕਿਸੇ ਨੇ ਵੀ ਮੋਹਨ ਲਾਲ ਦਾ ਸਾਥ ਨਾ ਦਿੱਤਾ ਤਾਂ ਉਸਦੀ ਧੀ ਨੇ ਇੱਕ ਮਾਂ ਬਣ ਕੇ ਆਪਣੇ ਪਿਤਾ ਦੀ ਦੇਖ ਭਾਲ ਕੀਤੀ। ਨੀਲਮ ਉਸਦੀ ਧੀ ਘੱਟ ਤੇ ਮਾਂ ਵਜੋਂ ਉਸਨੂੰ ਜਿਆਦਾ ਮਹਿਸੂਸ ਹੁੰਦੀ ਸੀ। ਨੀਲਮ ਉਸ ਲਈ ਉਹ ਹੀਰਾ ਸੀ ਜੋ ਸਭ

ਤੋਂ ਕੀਮਤੀ ਸੀ। ਜੋ ਉਹ ਚਾਉਂਦਾ ਸੀ ਕਿ ਹਰ ਇੱਕ ਮਾਂ ਬਾਪ ਕੋਲ ਹੋਵੇ। ਅੱਜ ਕੱਲ ਅਕਸਰ ਹੀ ਇਹੋ ਜਿਹੇ ਹਾਲਤ ਹੋ ਜਾਂਦੇ ਨੇ ਪੁੱਤਰ ਮਾਂ ਬਾਪ ਨੂੰ ਧੋਖਾ ਦੇ ਜਾਂਦੇ ਨੇ ਤੇ ਧੀਆਂ ਆਪਣੇ ਮਾਪਿਆਂ ਦਾ ਆਸਰਾ ਬਣਦੀਆਂ ਨੇ। ਸਾਰੇ ਹੀ ਇੱਕ ਸਮਾਨ ਨਹੀਂ ਹੁੰਦੇ ਇੱਕ ਪਾਸੇ ਜਗਤਾਰ ਸਿੰਘ ਦਾ ਪੁੱਤਰ ਸੀ ਜੋ ਆਪਣੇ ਸੋਹਰੇ ਨੂੰ ਵੀ ਪਿਤਾ ਦਾ ਦਰਜ਼ਾ ਦੇ ਰਿਹਾ ਤੇ ਇੱਕ ਪਾਸੇ ਮੋਹਨ ਲਾਲ ਦੇ ਪੁੱਤਰ ਸਨ ਜੋ ਬਾਪ ਨੂੰ ਵੀ ਬਾਪ ਸਮਝ ਕੇ ਰਾਜੀ ਨਹੀਂ ਸਨ। ਇਹ ਕਹਾਣੀ ਵੀ ਇੱਕ ਧੀ ਦਾ ਆਪਣੇ ਬਾਪ ਪ੍ਰਤੀ ਤੇ ਇੱਕ ਬਾਪ ਦਾ ਆਪਣੇ ਧੀ ਪ੍ਰਤੀ ਮੋਹ ਦਰਸਾਉਂਦੀ ਹੈਂ।

ਦਰਅਸਲ ਇਹ ਕਹਾਣੀ ਮੈਨੂੰ ਮੇਰੀ ਇੱਕ ਭੈਣ ਨੇ ਲਿਖਣ ਨੂੰ ਪ੍ਰੇਰਿਤ ਕੀਤਾ। ਉਸ ਦਾ ਨਾਮ ਵੀ ਨੀਲਮ ਹੈ, ਵੈਸੇ ਮੈਂ ਉਸ ਨੂੰ ਪ੍ਰਨੀਤ ਕਹਿ ਕੇ ਬੁਲਾਉਂਦਾ ਹਾਂ ਪਰ ਉਸਦਾ ਅਸਲੀ ਨਾਮ ਨੀਲਮ ਹੈ। ਇਸ ਲਈ ਮੈਂ ਨਹੀਂ ਸਮਝਦਾ ਕਿ ਉਸਦੇ ਨਾਮ ਤੋਂ ਇਲਾਵਾ ਕੋਈ ਹੋਰ ਨਾਮ ਇਹ ਕਹਾਣੀ ਲਈ ਢੁਕਵਾਂ ਹੁੰਦਾ। ਉਹ ਚਹੁੰਦੀ ਸੀ ਕਿ ਮੈਂ ਇੱਕ ਐਸੇ ਸਕਸ਼ ਦਾ ਕਿਰਦਾਰ ਪੇਸ਼ ਕਰਾ ਜੋ ਆਪਣੀ ਹਰ ਖੁਸ਼ੀ ਦੱਬ ਕੇ ਦੂਜਿਆਂ ਦੀਆਂ ਲੋੜਾਂ ਪੂਰੀਆਂ ਕਰਦਾ ਹੋਵੇ। ਮੈਂ ਉਸ ਦੀ ਇੱਛਾ ਨੂੰ ਮੁੱਖ ਰੱਖਦੇ ਹੋਏ ਇਹ ਕਹਾਣੀ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਲਿਖੇ ਸ਼ਬਦ ਤੇ ਕਿਰਦਾਰ ਭਾਂਵੇ

ਮੇਰੇ ਵੱਲੋ ਉਪਜੇ ਗਏ ਨੇ ਪਰ ਇਹ ਸੋਚ ਮੇਰੀ ਭੈਣ ਨੀਲਮ ਦੀ ਹੈ। ਮੈਂ ਉਸਦਾ ਧੰਨਵਾਦੀ ਹਾਂ ਜੋ ਉਸ ਨੇ ਇੱਕ ਬਾਪ ਦੇ ਝੱਲਦੇ ਆ ਰਹੇ ਦੁੱਖ ਨੂੰ ਬਿਆਨ ਕਰਨ ਦੀ ਸਲਾਹ ਦਿੱਤੀ।

ਹੱਸ

12 ਤਾਰੀਖ

[ਭਾਗ ਪਹਿਲਾ]

ਪ੍ਰੋ ਮਨਜੀਤ ਸਿੰਘ ਭੱਟੀ

ਮੁੱਲ 12 ਹਜਾਰ(ਭਾਗ ਪਹਿਲਾ)

ਮੈਨੂੰ ਯਾਦ ਨਹੀਂ ਕਿ ਉਸ ਦਿਨ ਕੀ ਵਾਰ ਸੀ, ਨਾ ਹੀ ਤਾਰੀਖ ਯਾਦ ਏ। ਹਾਂ ਸਮਾਂ ਜਰੂਰ ਦੱਸ ਸਕਦਾ ਕਿ ਕਿੰਨਾ ਕੁ ਚਿਰ ਪਹਿਲਾਂ ਦੀ ਗੱਲ ਏ। ਗੱਲ ਅੱਜ ਤੋਂ ਕਰੀਬ-ਕਰੀਬ ਚਾਰ ਸਾਢੇ ਕੁ ਚਾਰ ਸਾਲ ਪਹਿਲਾਂ ਦੀ ਹੋਈ ਏ। ਬਸ ਅੰਦਾਜ਼ੇ ਵਜੋਂ ਆਖ ਸਕਦਾ। ਮੈਂ ਕਦੇ ਸੋਚਿਆ ਨਹੀਂ ਸੀ ਜਿਹੜੇ ਕੰਮ ਕਰਨ ਨੂੰ ਮੈਂ ਜੁਰਮ ਆਖਦਾ ਸੀ ਜਾਂ ਸਮਝਦਾ ਸੀ। ਉਹ ਅਣਜਾਣੇ ਵਿੱਚ, ਨਾ-ਸਮਝੀ ਵਿੱਚ, ਆਪਣੇ-ਆਪ, ਵਕਤ ਦੀ ਚੋਟ ਕਾਰਨ ਜਾਂ ਫਿਰ ਜਾਣ ਬੁੱਝ ਕੇ ਮੇਰੇ ਦੁਆਰਾ ਹੀ ਹੋ ਗਿਆ। ਮੈਂ ਆਪਣੇ ਬਾਰੇ ਵੇਰਵਾ ਦੇਣਾ ਜਾਂ ਫਿਰ ਆਪਣੀ ਜਾਣ ਪਹਿਚਾਣ ਕਰਵਾਉਣਾ ਸਹੀ ਨਹੀਂ ਸਮਝਦਾ। ਕਿਉਂਕਿ ਹੋ ਸਕਦਾ ਇਸ ਕਾਰਨ ਗੁੱਝੇ ਹੋਏ ਭੇਦ ਖੁੱਲ ਜਾਣ ਜਾਂ ਫਿਰ ਮੇਰੀ ਅਣਗਹਿਲੀ ਕਾਰਨ ਕਿਸੇ ਦੀ ਜਿੰਦਗੀ ਦਾ ਭਰਵਾਂ ਨੁਕਸਾਨ ਹੋ ਜਾਵੇ। ਬਹੁਤਾ ਵਕਤ ਨਾ ਖਰਾਬ ਕਰਦੇ ਮੈਂ ਆਪਣੀ ਹੱਢ ਬੀਤੀ ਬਿਆਨ ਕਰਦਾ ਹਾਂ।

ਮੈਂ ਆਪਣੇ ਕੁਝ ਪੱਕੇ ਸਾਥੀਆਂ ਸਮੇਤ ਕੁਝ ਦਿਨਾਂ ਲਈ ਘੁੰਮਣ-ਫਿਰਨ ਲਈ ਗਿਆ ਸਾਂ। ਅਕਸਰ ਵਿਹਲੇ ਰਹਿਣ ਕਾਰਨ ਮੇਰੇ ਦਿਮਾਗ ਵਿੱਚ ਕਿਤੇ ਨਾ ਕਿਤੇ ਘੁੰਮਣ-ਫਿਰਨ ਦੀ ਤਾਂਘ ਉਭਰਦੀ ਰਹਿੰਦੀ ਏ। ਸੋ ਅਸੀਂ ਮਨੀਕਰਣ ਸਾਹਿਬ ਤੋਂ ਮਨਾਲੀ

www.PunjabiLibrary.com

ਜਾ ਪਹੁੰਚੇ। ਸਭ ਘੁੰਮਣ ਉਪਰਾਂਤ ਘਰ ਪਰਤਣ ਬਜ਼ਾਰ ਤੋਂ ਖਰੀਦਦਾਰੀ ਕਰਨ ਵਿੱਚ ਰੁੱਝ ਗਏ। ਮੈਨੂੰ ਬਹੁਤੀ ਖਰੀਦਦਾਰੀ ਪਸੰਦ ਨਹੀਂ। ਜਿਸ ਕਾਰਨ ਮੈਂ ਇੱਕ ਹੋਟਲ ਵਿੱਚ ਬੈਠ ਕੌਫੀ ਪੀਣ ਲੱਗਾ। ਉਸ ਦੌਰਾਨ ਮੇਰੀ ਨਜ਼ਰ ਇੱਕ ਦੁਕਾਨ ਉੱਪਰ ਪਈ। ਜਿੱਥੇ ਇੱਕ ਜੋੜਾ ਕੁਝ ਖਰੀਦਦਾਰੀ ਕਰ ਰਿਹਾ ਸੀ। ਪਤੀ ਖਰੀਦਦਾਰੀ ਵਿੱਚ ਵਿਅਸਤ ਸੀ ਤੇ ਪਤਨੀ ਆਪਣੇ ਬੱਚੇ ਨੂੰ ਖਿਡਾਉਣ ਵਿੱਚ। ਬੱਚਾ ਲਗਭਗ ਡੇਢ-ਦੋ ਸਾਲ ਦਾ ਹੋਵੇਗਾ। ਦੂਰ ਹੋਣ ਕਾਰਨ ਉਹਨਾਂ ਦੇ ਚਿਹਰੇ ਸਾਫ਼ ਨਜ਼ਰ ਨਹੀਂ ਸਨ ਆ ਰਹੇ। ਕੁਝ ਚਿਰ ਬਾਅਦ ਪਤਨੀ ਨੇ ਸ਼ਾਇਦ ਕਿਸੇ ਚੀਜ਼ ਦੀ ਮੰਗ ਕੀਤੀ, ਜਿਸ ਕਾਰਨ ਉਸਦਾ ਪਤੀ ਉਸ ਨਾਲ ਖਿਝਿਆ। ਪਤਨੀ ਸ਼ਾਂਤ ਹੋ ਬੱਚੇ ਨੂੰ ਖਿਡਾਉਣ ਲੱਗੀ। ਫਿਰ ਪਤੀ ਦੁਕਾਨਦਾਰ ਨਾਲ ਗੱਲਬਾਤ ਕਰਨ ਲੱਗਾ ਤੇ ਕੁਝ ਚਿਰ ਪਿੱਛੋਂ ਪਤੀ-ਪਤਨੀ ਦੁਕਾਨਦਾਰ ਨਾਲ ਦੁਕਾਨ ਦੀ ਉੱਪਰਲੀ ਮੰਜ਼ਿਲ ਵੱਲ ਚਲੇ ਗਏ। ਉਨ੍ਹਾਂ ਦੇ ਉੱਪਰ ਜਾਂਦਿਆ ਸਾਰ ਮੈਂ ਆਪਣੀ ਜਗ੍ਹਾ ਤੋਂ ਉੱਠਿਆਂ ਤੇ ਦੁਕਾਨ ਤੇ ਜਾ ਪੁੱਜਾ। ਪਹੁੰਚਦਿਆਂ ਸਾਰ ਮੇਰੀ ਨਜ਼ਰ ਉਸ ਚੀਜ਼ ਤੇ ਪਈ ਸ਼ਾਇਦ ਜਿਸ ਦੀ ਮੰਗ ਔਰਤ ਆਪਣੇ ਪਤੀ ਤੋਂ ਕਰ ਰਹੀ ਸੀ। ਇਹ ਇੱਕ ਘੜੀ ਸੀ। ਮੈਂ ਉਸ ਨੂੰ ਚੁੱਕਿਆ, ਇਹ ਹੱਦ ਤੋਂ ਪਰੇ ਖੂਬਸੂਰਤ ਸੀ। ਘੁੰਮਾ ਕੇ ਦੇਖਿਆ ਤਾਂ ਪਿਛਲੇ ਪਾਸੇ ਮੁੱਲ 12000

ਲਿਖਿਆ ਹੋਇਆ ਪੜ ਮੇਰੇ ਹੋਸ਼ ਉੱਡ ਗਏ। ਸ਼ਾਇਦ ਏਨੀ ਮਹਿੰਗੀ ਹੋਣ ਕਾਰਨ ਹੀ ਉਹ ਆਦਮੀ ਆਪਣੀ ਪਤਨੀ ਤੇ ਚਿਲਾਇਆ ਹੋਵੇਗਾ। ਪਰ ਮੇਰੇ ਦਿਮਾਗ ਵਿੱਚ ਆਇਆ ਕਿ ਇਹ ਘੜੀ ਉਸ ਆਦਮੀ ਨੂੰ ਆਪਣੀ ਪਤਨੀ ਨੂੰ ਜਰੂਰ ਲੈ ਕੇ ਦੇਣੀ ਚਾਹੀਦੀ ਸੀ। ਪਰ ਮੇਰੀ ਸੋਚ ਨਾਲ ਕੀ ਹੋਣ ਲੱਗਾ ਸੀ। ਤੇ ਮੇਰੀ ਏਨੀ ਔਕਾਤ ਨਹੀਂ ਕਿ ਮੈਂ ਖੁੱਦ ਇਹ ਕਿਸੇ ਨੂੰ ਲੈ ਕੇ ਦੇ ਸਕਾ। ਮੈਂ ਘੜੀ ਨੂੰ ਓਥੇ ਰੱਖਿਆ ਤੇ ਦੁਕਾਨ ਤੋਂ ਬਾਹਰ ਆ ਗਿਆ। ਬਾਹਰ ਆਉਂਦੇ ਮੈਂ ਸੋਚਿਆ ਕਿ ਕਿਉਂ ਨਾ ਘਰ ਵਾਲੇ ਖਾਤੇ ਚੋਂ ਇਹ ਘੜੀ ਉਸ ਔਰਤ ਨੂੰ ਲੈ ਦਿਆਂ। ਪਰ ਘਰਦਿਆਂ ਤੋਂ ਝਿੜਕਾਂ ਦਾ ਵੀ ਡਰ ਸੀ। ਕਦੇ ਨਾਂਹ ਕਦੇ ਹਾਂ, ਮੇਰੇ ਮਨ ਵਿੱਚ ਦੋ ਤਰ੍ਹਾਂ ਦੀਆਂ ਧਾਰਾਵਾਂ ਬਣ ਰਹੀਆਂ ਸਨ। ਅੰਤ ਮੈਂ ਮੁੜ ਦੁਕਾਨ ਤੇ ਗਿਆ ਤੇ ਉਸ ਘੜੀ ਦਾ ਮੁੱਲ ਦੇ ਉਸ ਨੂੰ ਤੋਹਫੇ ਵਜੋਂ ਉਸ ਔਰਤ ਨੂੰ ਦੇਣ ਲਈ ਕਿਹਾ। ਉਸ ਦੁਕਾਨਦਾਰ ਨੇ ਮੇਰੀ ਗੱਲ ਮੰਨ ਲਈ ਤੇ ਘੜੀ ਨੂੰ ਡੱਬੇ ਵਿੱਚ ਬੰਦ ਕਰ ਸਜਾਵਟ ਕਰਨ ਲੱਗਾ। ਫਿਰ ਮੈਂ ਉਸ ਨੂੰ ਰੋਕਿਆ ਤੇ ਆਪਣੀ ਜੇਬ ਵਿੱਚੋਂ ਡਾਇਰੀ ਕੱਢ ਲਿਖਣ ਲੱਗਾ।

ਆਪ ਇੱਕ ਨਜ਼ਰਾਨਾ ਰੱਬ ਦਾ,

ਇੱਕ ਨਜ਼ਰਾਨਾ ਦਾਸ ਦੀ ਭੇਟ ਏ,

ਇਸ ਛੋਟੇ ਨਜ਼ਰਾਨੇ ਨੂੰ ਇੱਕ ਭੇਟ ਕਹਿ ਚਾਖ ਲਉ,

ਮੁੱਲ ਤਾਂ ਇਸਦਾ ਕੁਝ ਖਾਸ ਨੀ,

ਸ਼ਾਇਦ ਅਣਮੁੱਲਾ ਵੀ ਹੋ ਸਕਦਾ,

ਬਲਦੇ ਹੋਏ ਸ਼ਿਵਿਆਂ ਦੀ ਉਂਝ ਬੋਲ ਭਾਵੇ ਰਾਖ ਲਉ,

ਸੋਚ ਨਾ ਵਿਚਾਰ ਤੂੰ ਕੌਣ ਹਾਂ ਮੈਂ,

ਕਿਉਂ ਨਜ਼ਰਾਨਾ ਮੈਂ ਪੇਸ਼ ਕਰ ਤਾਂ,

ਖਿਮਾਂ ਜਾਚਕ, ਹਾਂ ਨਾ ਚੀਜ਼ ਮੈਨੂੰ ਬੇਇਮਾਨ ਆਖ ਲਉ।

ਲਿਖਣ ਤੋਂ ਬਾਅਦ ਮੈਂ ਸੋਚਿਆ ਆਪਣਾ ਨਾਮ ਲਿੱਖ ਦੇਵਾ ਜਾਂ ਫੋਨ ਨੰਬਰ, ਪਰ ਫਿਰ ਨਾ ਲਿਖਿਆ। ਫਿਰ ਮੈਂ ਇਸ ਹੇਠਾਂ ਆਪਣੇ ਫੇਸਬੁੱਕ ਦਾ ਨਾਮ ਲਿੱਖ ਦਿੱਤਾ। ਕਿ ਸ਼ੁਕਰਿਆ ਕਰਨਾ ਹੋਵੂ ਤਾਂ ਕਰ ਦੇਵੂ। ਉਸ ਉਪਰਾਂਤ ਮੈਂ ਵਰਕਾ ਪਾੜ ਦੁਕਾਨਦਾਰ ਨੂੰ ਦਿੱਤਾ ਤੇ ਘੜੀ ਨਾਲ ਬੰਦ ਕਰਨ ਲਈ ਕਿਹਾ ਤੇ ਹਿਦਾਇਤ ਦਿੱਤੀ ਕਿ ਦੱਸਣਾ ਨਾ ਕਿ ਕਿਸ ਨੇ ਤੇ ਕੀ ਤੋਹਫਾ ਦਿੱਤਾ। ਆਖ ਦੇਣਾ ਕਿ ਦੁਕਾਨ ਵੱਲੋਂ ਤੋਹਫਾ ਏ। ਬਸ। ਇਹ ਆਖ ਮੈਂ ਦੁਕਾਨ ਤੋਂ ਬਾਹਰ ਹੋ ਗਿਆ ਤੇ ਉਸ ਔਰਤ ਨੂੰ ਤੋਹਫਾ ਲੈਂਦਾ ਦੇਖਣ ਲਈ ਇੰਤਜਾਰ ਕਰਨ ਲੱਗਾ। ਕੁਝ ਚਿਰ ਬਾਅਦ ਉਹ ਹੇਠਾਂ ਆਈ ਤੇ

ਬਾਹਰ ਆਉਣ ਲੱਗੀ। ਤਾਂ ਦੁਕਾਨਦਾਰ ਨੇ ਪਿੱਛੋਂ ਆਵਾਜ਼ ਮਾਰੀ ਤੇ ਤੋਹਫਾ ਔਰਤ ਨੂੰ ਭੇਟ ਕੀਤਾ, ਉਸਨੇ ਪਹਿਲਾਂ ਮਨਾ ਕੀਤਾ ਪਰ ਦੁਕਾਨਦਾਰ ਦੇ ਇੱਕ-ਦੋ ਵਾਰ ਕਹਿਣ ਤੇ ਲੈ ਲਿਆ। ਮੈਂ ਕੁਝ ਦੂਰ ਖੜਾ ਸਭ ਨਜ਼ਾਰਾ ਦੇਖ ਰਿਹਾ ਸੀ। ਉਹ ਦੁਕਾਨ ਤੋਂ ਬਾਹਰ ਆਏ ਕੁਝ ਚਿਰ ਪਿੱਛੋਂ ਮੇਰੀਆਂ ਅੱਖੀਆਂ ਤੋਂ ਓਹਲੇ ਹੋ ਗਏ। ਐਨੇ ਨੂੰ ਮੇਰੇ ਯਾਰ ਦਾ ਫੋਨ ਆਇਆ ਤੇ ਮੈਂ ਉਨ੍ਹਾਂ ਕੋਲ ਚਲਾ ਗਿਆ। ਉਸ ਰਾਤ ਉੱਥੇ ਠਹਿਰਨ ਪਿੱਛੋਂ ਅਗਲੇ ਦਿਨ ਅਸੀਂ ਵਾਪਸ ਪਿੰਡ ਨੂੰ ਪਰਤ ਆਏ।

ਮੈਂ ਘਰ ਦੇ ਕੰਮਾਂ ਕਾਰਾਂ ਵਿੱਚ ਰੁੱਝ ਗਿਆ। ਘਰਦਿਆਂ ਨੂੰ ਪਤਾ ਲੱਗਣ ਤੋਂ ਪਹਿਲਾਂ ਹੀ ਮੈਂ ਪੈਸੇ ਦਾ ਇੰਤਜ਼ਾਮ ਕਰ ਖਾਤੇ ਵਿੱਚ ਜਮ੍ਹਾਂ ਕਰਾ ਦਿੱਤੇ। ਕਈ ਦਿਨ ਬੀਤ ਗਏ। ਮੈਂ ਸੋਚਦਾ ਰਹਿੰਦਾ ਕਿ ਮੈਂ ਸਹੀ ਕੀਤਾ ਜਾਂ ਫਿਰ ਗਲਤ। ਕਿਉਂ ਇੱਕ ਅਣਜਾਣ ਔਰਤ ਲਈ ਮੈਂ ਇਹ ਲਾ-ਪਰਵਾਹੀ ਕੀਤੀ। ਖੈਰ ਜੋ ਹੋਣਾ ਸੀ ਉਹ ਤਾਂ ਹੋ ਗਿਆ ਤੇ ਧੰਨਵਾਦ ਦੀ ਤਾਂਘ ਰੱਖਣ ਲੱਗਾ ਪਰ ਉਸਦਾ ਕੋਈ ਧੰਨਵਾਦ ਨਾ ਆਇਆ। ਕਾਫੀ ਸਮਾਂ ਬੀਤ ਗਿਆ। ਮੈਂ ਤਕਰੀਬਨ-ਤਕਰੀਬਨ ਭੁੱਲ ਹੀ ਚੁੱਕਾ ਸੀ ਕਿ ਮੈਨੂੰ ਕਿਸੇ ਦੇ ਧੰਨਵਾਦ ਦੀ ਉਡੀਕ ਹੈ। ਫਿਰ ਲਗਭਗ ਸੱਤ-ਅੱਠ

ਮਹੀਨੇ ਪਿੱਛੋਂ ਮੈਨੂੰ ਫੇਸਬੁੱਕ ਤੇ ਸੰਦੇਸ਼ ਆਇਆ। ਮੈਂ ਸੰਦੇਸ਼ ਨੂੰ ਪੜਣ ਲੱਗਾ.....

ਵਕਤ ਦੀਆਂ ਇਹ ਜੋ ਜ਼ੰਜੀਰਾਂ ਨੇ ਸੱਜਣਾ,

ਮੇਰੇ ਪਿੰਡੇ ਤੇ ਕੁਝ ਚੁਭਦੀਆਂ ਨੇ,

ਕੁਝ ਠੰਡੀਆ ਲੱਗਣ ਕੁਝ ਤੱਤੀਆ,

ਕੁਝ ਸੂਲਾਂ ਵਾਂਗਰ ਖੁੱਭਦੀਆਂ ਨੇ,

ਬੇਸ਼ੱਕ ਮੇਰੇ ਕੋਲ ਘੜੀ ਹੈ ਇਸਨੂੰ ਦੇਖਣ ਲਈ,

ਪਰ ਕਿਉਂ ਮੈਂ ਗੁਜਰਿਆ ਵਕਤ,

ਇਸ ਨਾਲ ਬਦਲ ਨਹੀਂ ਸਕਦੀ।

ਮੈਂ ਸੰਦੇਸ਼ ਪੜਿਆ ਤੇ ਖਾਮੋਸ਼ ਹੋ ਗਿਆ। ਫਿਰ ਤੋਂ ਦੋ ਵਾਰ ਪੜਿਆ, ਪੜਦਿਆਂ ਸਾਰ ਹੀ ਮੈਨੂੰ ਪਤਾ ਲੱਗ ਗਿਆ ਸੀ ਕਿ ਸੰਦੇਸ਼ ਕਿਸਦਾ ਹੈ। ਮੈਂ ਹੈਰਾਨ ਸੀ ਕਿ ਏਨੀ ਦੇਰ ਪਿੱਛੋਂ ਸੰਦੇਸ਼। ਤੇ ਸੰਦੇਸ਼ ਵਿੱਚ ਧੰਨਵਾਦ ਦੀ ਬਿਜ਼ਾਏ ਨਿਰਾਸ਼ਾ ਝਲਕ ਰਹੀ ਸੀ। ਮੈਨੂੰ ਕੁਝ ਸਮਝ ਨਾ ਲੱਗਾ। ਮੈਂ ਮੁੜ ਤੋਂ ਸੰਦੇਸ਼ ਨੂੰ ਪੜਿਆ। ਫਿਰ ਫੇਸਬੁੱਕ ਨੂੰ ਬੰਦ ਕੀਤਾ ਤੇ ਇਸ ਬਾਰੇ ਸੋਚਦਾ ਰਿਹਾ ਕਿ ਇਸਦਾ ਕੀ ਜੁਆਬ ਦੇਵਾਂ। ਕਰੀਬ ਦੋ ਦਿਨ ਬੀਤ ਗਏ। ਮੈਂ ਮੁੜ ਤੋਂ

ਫੇਸਬੁੱਕ ਖੋਲ੍ਹੀ ਤੇ ਸੰਦੇਸ਼ ਨੂੰ ਪੜਨ ਲੱਗਾ। ਮੈਂ ਜੁਆਬ ਵਿੱਚ ਲਿਖਣਾ ਸ਼ੁਰੂ ਕੀਤਾ...

ਗੁਜਰ ਗਿਆ ਸੋ ਮੁੜ ਨਹੀਂ ਆਉਣਾ,

ਐਂਵੇ ਕਾਹਨੂੰ ਦੋਸ਼ ਦੇਣਾ ਘੜੀਆਂ ਨੂੰ,

ਚੰਗੀ ਮਾੜੀ ਸਭ ਲੰਘ ਜਾਣੀ ਏ,

ਜੀਅ ਲੈ ਹੁਣ ਦੀਆਂ ਖੜੀਆਂ ਨੂੰ,

ਰਾਤ ਪਿੱਛੋਂ ਹੈ ਦਿਨ ਚੜ ਜਾਂਦਾ,

ਬਸ ਰਾਹ ਨਾ ਛੱਡੀ ਉਡੀਕਾਂ ਦੀ,

ਮੈਨੂੰ ਹਮਦਰਦੀ ਜੇ ਆਖ ਦੇ ਸੱਜਣਾ,

ਰੋਸ ਮਿਟ ਜੂ ਲੰਘੀਆਂ ਤਰੀਕਾਂ ਦੀ।

ਲਿਖਦੇ ਹੀ ਸੰਦੇਸ਼ ਭੇਜ ਦਿੱਤਾ। ਤੇ ਉਡੀਕ ਕਰਨ ਲੱਗਾ। ਪਰ ਕੋਈ ਜੁਆਬ ਨਾ ਆਇਆ। ਫਿਰ ਰਾਤ ਸੋਣ ਵੇਲੇ ਕਰੀਬ ਦਸ ਵਜੇ ਫੋਨ ਕੰਬਿਆ। ਮੈਂ ਦੇਖਿਆ ਤਾਂ ਉਸਦਾ ਸੰਦੇਸ਼ ਸੀ। ਮੈਂ ਖੋਲ੍ਹਿਆ ਤੇ ਪੜਨ ਲੱਗਾ...

ਇੱਕ ਹਮਦਰਦੀ ਮੇਰੇ ਨਾਲ ਪਿਆ ਏ,

ਜੋ ਹਮ ਘੱਟ, ਵੱਧ ਦਰਦੀ ਆ,

ਤੂੰ ਕਿਹੋ ਜਿਹਾ ਹਮਦਰਦੀ ਬਣਨਾ,

ਰੂਹ ਦਾ ਜਾਂ ਜਿਸਮ ਦਾ ਗਰਦੀ ਆ,

ਵੇ ਸੱਜਣਾ ਮੇਰੇ ਪੱਲੇ ਕੁਝ ਨੀ,

ਨਿੱਤ ਤਿਲ-ਤਿਲ ਕਰਕੇ ਮਰਦੀ ਆ,

ਰੱਬ ਦੀ ਨਿਗ੍ਹਾ ਚ' ਕੋਈ ਵਜੂਦ ਨੀ ਮੇਰਾ,

ਬਸ ਹਿਜਰ ਦੀ ਅੱਗ ਵਿੱਚ ਸੜਦੀ ਆ,

ਮਾਂ ਤੇ ਪਤਨੀ ਇੱਕ ਅਕਸ਼ ਹੈ ਮੇਰਾ,

ਪਰ ਆਸਾਂ ਦੀ ਕਿਸ਼ਤੀ ਵਿੱਚ ਤਰਦੀ ਆ,

ਹਮਦਰਦੀ ਬਣ ਜੇ ਲੁੱਟ ਲਿਆ ਮੈਨੂੰ,

ਇਸ ਚੋਟ ਖਾਣ ਤੋਂ ਡਰਦੀ ਆ।

ਸੰਦੇਸ਼ ਪੜਦੇ ਮੈਂ ਲਿਖਣ ਲੱਗਾ..

ਖੁਦਾ ਹੁਣੇ ਹੀ ਮੈਨੂੰ ਸੰਦੇਸ਼ ਦਿੱਤਾ,

ਇੱਕ ਨਾਮਿੰਦਾ ਮੇਰਾ ਅੱਖੀਆ ਸਜਾਏ ਬੈਠਾ ਏ,

ਸ਼ਾਇਦ ਤੇਰੀ ਹੀ ਏ ਉਡੀਕ ਉਸਨੂੰ,

ਹਰ ਜਗ੍ਹਾ ਤੇ ਤੈਨੂੰ ਸਹਾਏ ਬੈਠਾ ਏ,

ਜਾ ਛੇਤੀ ਜਾ, ਕਿਤੇ ਡੋਲ ਨਾ ਜਾਵੇ,

ਰੂਹ ਤਨ ਨੂੰ ਇੱਕ ਥਾਂ ਅਕੜਾਏ ਬੈਠਾ ਏ,

ਮੈਂ ਹਾਜਰੀ ਭਰੀ ਤੇ ਹੁਕਮ ਹਜੂਰ ਆਖਿਆ,

ਇਹ ਤਾਂ ਮੇਰੇ ਤੇ ਨਿਗ੍ਹਾ ਟਿਕਾਏ ਬੈਠਾ ਏ।

ਸੰਦੇਸ ਭੇਜਦੇ ਹੀ ਉਸਦਾ ਜੁਆਬ ਆਇਆ....

ਹਾ ਹਾ ਹਾ ਹਾ ਹਾ ਹਾ.....

ਉਹ ਖੁਸ਼ ਹੋ ਗਈ। ਜੁਆਬ ਤੋਂ ਤਾਂ ਇਹੀ ਲੱਗਿਆ। ਮੈਂ ਸ਼ਾਂਤ ਰਿਹਾ, ਫਿਰ ਕੁਝ ਪਲ ਬਾਅਦ ਸੰਦੇਸ਼ ਆਇਆ...

ਪਿੱਛੋਂ ਦੋਸ਼ ਤਾਂ ਨਹੀਂ ਲਾਵੇਂਗਾ,

ਮੇਰੀ ਬੇ-ਲਿਹਾਜ਼ੀ ਤੇ,

ਦਰਦਾ ਦਾ ਹੜ ਆ ਜਾਊ,

ਮੇਰੀ ਆਗਾਜ਼ੀ ਤੇ।

ਮੈਂ ਜੁਆਬ ਦਿੱਤਾ....

ਗੁਰੂ ਸਾਹਿਬ ਦੀ ਬਾਣੀ ਆਖਦੀ ਹੈ..

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

ਜੁਆਬ ਆਇਆ..

ਮੈਨੂੰ ਬਾਣੀ ਬਾਰੇ ਬਹੁਤਾ ਗਿਆਨ ਨਹੀਂ। ਪੜ੍ਹਦੀ ਹਾਂ ਪਰ ਸਮਝਣਾ ਔਖਾ ਲੱਗਦਾ। ਸਮਝਾ ਦਿਉ ਤਾਂ ਬਹਿਤਰ ਹੋਵੇਗਾ।

ਮੈਂ ਜੁਆਬ ਦਿੱਤਾ...

ਗੁਰੂ ਸਾਹਿਬ ਆਖਦੇ ਨੇ ਕਿ.. ਕਿਸੇ ਹੋਰ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਦੋਸ਼ ਤਾਂ ਪਿਛਲੇ ਕੀਤੇ ਕਰਮਾ ਜਾਂ ਸੰਸਾਰਾਂ ਦਾ ਹੈ। ਜਿਹੋ ਜਿਹੇ ਕੰਮ ਮੈਂ ਕਰਦਾ ਹਾਂ, ਉਹੋ ਜਿਹਾ ਫਲ ਪਾ ਲੈਂਦਾ ਹਾਂ, ਦੂਜਿਆਂ ਨੂੰ ਦੋਸ਼ ਨਾ ਦੇਹ॥

ਜੁਆਬ ਆਇਆ..

ਕੀ ਮੇਰੇ ਲਈ ਆਪਦਾ ਜੁਆਬ ਵੀ ਇਹੀ ਹੈ?

ਮੈਂ ਜੁਆਬ ਦਿੱਤਾ..

ਮੈਂ ਗੁਰੂ ਤੋਂ ਬਾਹਰ ਕਿਵੇਂ ਹੋ ਸਕਦਾ। ਜੇ ਅੱਜ ਗੁਰੂ ਦੇ ਹੁਕਮ ਤੋਂ ਬਾਹਰ ਹੋਵਾਂਗਾ ਫਿਰ ਕੱਲ ਨੂੰ ਹੋਰ ਅਣਗਹਿਲੀਆਂ ਕਰਾਂਗਾ।

ਜੁਆਬ ਆਇਆ..

ਫਿਰ ਮੈਂ ਤਾਂ ਸੁਣਿਆ ਹੈ ਕਿ ਬਾਣੀ ਆਖਦੀ ਹੈ ਕਿ ਕਿਸੇ ਦੀ ਪਰਾਈ ਧੀ, ਭੈਣ, ਮਾਂ ਤੇ ਪਤਨੀ ਨੂੰ ਗਲਤ ਨਜ਼ਰ ਨਾਲ ਨਹੀਂ ਦੇਖਣਾ ਚਾਹੀਦਾ।

ਮੈਂ ਜੁਆਬ ਦਿੱਤਾ...

ਹਾਂਜੀ ਭਾਈ ਗੁਰਦਾਸ ਜੀ ਲਿਖਦੇ ਨੇ..

ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ॥

ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ॥

ਫਿਰ ਜੁਆਬ ਆਇਆ..

ਤੇ ਕੀ ਫਿਰ ਇਹ ਹੁਕਮ ਆਪ ਨਹੀਂ ਮੰਨਦੇ?

ਮੈਂ ਜੁਆਬ ਪੜ ਸ਼ਾਂਤ ਹੋ ਗਿਆ। ਕਿਉਂਕਿ ਮੇਰੇ ਕੋਲ ਉਸਦੇ ਸਵਾਲ ਦਾ ਕੋਈ ਢੁਕਵਾਂ ਜੁਆਬ ਨਹੀਂ ਸੀ। ਕਾਫੀ ਦੇਰ ਸੋਚਦਾ ਰਹਾ। ਉਸਦਾ ਵੀ ਕੋਈ ਜੁਆਬ ਨਾ ਆਇਆ। ਹਾਰ ਕੇ ਮੈਂ ਫੇਸਬੁੱਕ ਬੰਦ ਕਰ ਦਿੱਤੀ। ਸਮਾਂ ਕਰੀਬ ਸਵਾਂ ਬਾਰਾਂ ਦਾ ਹੋ

ਚੱਲਿਆ ਸੀ। ਫੇਸਬੁੱਕ ਬੰਦ ਕਰਕੇ ਮੈਂ ਉਸਦੇ ਸਵਾਲ ਬਾਰੇ ਸੋਚਦਾ ਰਿਹਾ ਤੇ ਸੋਚਦੇ-ਸੋਚਦੇ ਨੀਂਦ ਆ ਗਈ। ਸਵੇਰੇ ਜਾਗ ਆਈ ਤਾਂ ਉਸਦਾ ਸੰਦੇਸ਼ ਸੀ..

ਮੁਆਫ਼ ਕਰਨਾ ਅਗਰ ਨਿਰਾਸ਼ ਕੀਤਾ ਹੋਵੇ।

ਕੁਝ ਚਿਰ ਸੋਚਣ ਪਿੱਛੋਂ ਮੈਂ ਜੁਆਬ ਦਿੱਤਾ..

ਹਾਲ ਲਈ ਮੈਂ ਆਪ ਨੂੰ ਰੱਬ ਆਖ ਲਵਾਂ ਤਾਂ ਕੋਈ ਹਰਜ ਤਾਂ ਨਹੀਂ। ਅਗਰ ਆਪ ਮੇਰਾ ਰੱਬ ਬਣੋ ਤਾਂ ਜੋ ਹੁਕਮ ਹੋਵੇਗਾ ਸਿਰ ਮੱਥੇ।

ਸੰਦੇਸ਼ ਭੇਜ ਕੇ ਮੈਂ ਕੰਮ ਕਾਮ ਵਿੱਚ ਰੁੱਝ ਗਿਆ। ਉਸ ਤੋਂ ਬਾਅਦ ਕੋਈ ਜੁਆਬ ਨਹੀਂ ਆਇਆ। ਮੈਂ ਕਾਫੀ ਚਿਰ ਉਡੀਕਦਾ ਰਿਹਾ। ਇਸੇ ਤਰਾਂ ਕਰੀਬ ਚਾਰ ਦਿਨ ਬੀਤ ਗਏ। ਮੈਂ ਸੋਚਿਆ ਕਿ ਕਿਤੇ ਗਲਤ ਜੁਆਬ ਤਾਂ ਨਹੀਂ ਦੇ ਦਿੱਤਾ। ਅਖੀਰ ਚਾਰ ਦਿਨ ਬਾਅਦ ਰਾਤ ਨੂੰ ਸੰਦੇਸ਼ ਆਇਆ..

ਮੈਨੂੰ ਨਹੀਂ ਲੱਗਦਾ ਕਿ ਮੇਰੀ ਏਨੀ ਔਕਾਤ ਹੈ ਕਿ ਕਿਸੇ ਦਾ ਰੱਬ ਬਣ ਸਕਾ।

ਮੈਂ ਜੁਆਬ ਦਿੱਤਾ..

ਰੱਬ ਕੀ ਹੈ?

ਜੁਆਬ ਆਇਆ..

ਮੈਂ ਨਹੀਂ ਜਾਣਦੀ, ਆਪ ਦੱਸੋ।

ਮੈ ਜੁਆਬ ਦਿੱਤਾ..

ਆਪ ਮੇਰੇ ਲਈ ਰੱਬ ਹੋ, ਜੋ ਮੰਨ ਲਉ ਓਹੀ ਰੱਬ ਹੈ।

ਜੁਆਬ ਆਇਆ..

ਕੀ ਰੱਬ ਬਣਨਾ ਜਾਂ ਬਣਾਉਣਾ ਏਨਾ ਅਸਾਨ ਹੈ?

ਮੈਂ ਜੁਆਬ ਦਿੱਤਾ..

ਵਿਸ਼ਵਾਸ ਦੀ ਗੱਲ ਹੈ। ਬਣਾਈ ਰੱਖੋਗੇ ਤਾਂ ਅਸਾਨ ਨਹੀਂ ਤਾਂ ਗੁੰਝਲਦਾਰ।

ਜੁਆਬ ਆਇਆ..

ਆਪ ਕੋਣ ਹੋ?

ਮੈਂ ਮੁਸਕਰਾਇਆ ਤੇ ਜੁਆਬ ਦਿੱਤਾ..

ਦੱਸਣ ਦੀ ਲੋੜ ਹੈ?

ਜੁਆਬ ਆਇਆ..

ਹਾਂ ਵੀ ਤੇ ਨਹੀਂ ਵੀ। ਬਹਿਤਰ ਹੈ ਦੱਸਿਆ ਜਾਵੇ।

ਮੈਂ ਜੁਆਬ ਦਿੱਤਾ..

ਸੂਰਜ, ਚੰਨ ਤੇ ਤਾਰੇ ਗਿਣ ਲੈ,

ਤਿਨ ਤਿਨ ਕਰਕੇ ਸਾਰੇ ਗਿਣ ਲੈ,

ਪਿਆਰ ਹੀ ਸਭ ਨੂੰ ਜੋੜੇ ਬੈਠਾ,

ਬਿਨ ਇਸਦੇ ਤੂੰ ਖਿਲਾਰੇ ਗਿਣ ਲੈ।

ਬੁੱਝ ਲਵੋ ਇਸ ਚੋ' ਨਾਮ.....

ਜੁਆਬ ਆਇਆ..

ਲਵ ਜਾਂ ਪਿਆਰ?

ਮੈਂ ਜੁਆਬ ਦਿੱਤਾ..

ਇੱਕ ਹੀ ਹਾਂ, ਬਸ ਭਾਸ਼ਾ ਚ' ਵਿਖਰੇਵਾ ਦਿੱਸਦਾ। ਉਂਝ ਪ੍ਰੀਤ ਆਖ ਲੋ ਤਾਂ ਆਸਾਨ ਵੀ ਰਹੂ। ਵੈਸੇ ਨਾਮ ਫੇਸਬੁੱਕ ਵਿੱਚ ਲਿਖਿਆ ਤਾਂ ਹੈ।

ਜੁਆਬ ਆਇਆ..

ਅਕਸਰ ਲੋਕ ਨਾਮ ਬਦਲ ਲੈਂਦੇ ਨੇ, ਆਪਣੀ ਅਸਲ ਪਹਿਚਾਣ ਲੁਕਾਉਣ ਖਾਤਿਰ। ਜਿਵੇਂ ਮੈਂ ਕੀਤਾ। ਤਾਹੀ ਪੁੱਛਿਆ।

ਮੈਂ ਸਵਾਲ ਪੁੱਛਿਆ..

ਤੇ ਆਪ?

ਜੁਆਬ ਆਇਆ..

ਸਾਵਣ।

ਮੈਂ ਜੁਆਬ ਦਿੱਤਾ..

ਨਾਮ ਵਿੱਚ ਤਾਂ ਰੌਣਕ ਹੈ।

ਜੁਆਬ ਆਇਆ..

ਪਰ ਜਿੰਦਗੀ ਵਿਰਾਨ ਹੈ।

ਮੈਂ ਚੁੱਪ ਹੋ ਗਿਆ, ਤੇ ਕੁਝ ਦੇਰ ਬਾਅਦ ਸੁਆਲ ਪੁੱਛਿਆ..

ਐਨੇ ਚਿਰ ਪਿੱਛੋਂ ਕਿਵੇਂ ਯਾਦ ਕੀਤਾ? ਮੁਆਫ਼ ਕਰਨਾ ਮੈਂ ਸਮਝਦਾ ਹਾਂ ਤੇ ਸਭ ਸਾਫ਼ ਵੀ ਹੈ ਪਰ ਫਿਰ ਵੀ ਪੁੱਛਣ ਲਈ ਮਜਬੂਰ ਹਾਂ।

ਜੁਆਬ ਆਇਆ..

ਰੂਹ ਦੀ ਭੁੱਖ ਸੀ ਜਾਂ ਫਿਰ ਸ਼ਾਇਦ ਪਿਆਰ ਦੀ ਤੇ ਕਿਸੇ ਹੱਦ ਤੱਕ ਜਿਸਮ ਦੀ ਵੀ।

ਮੈਂ ਸ਼ਾਂਤ ਹੋ ਗਿਆ ਤੇ ਫਿਰ ਜੁਆਬ ਦਿੱਤਾ..

ਕਿੱਥੇ ਤੇ ਕਦ ਮਿਲੋਗੇ?

ਓਸੇ ਵਕਤ ਹੀ ਉਸਦਾ ਜੁਆਬ ਆਇਆ। ਜਿਸ ਵਿੱਚ ਉਸਨੇ ਆਪਣੇ ਸ਼ਹਿਰ ਵਿੱਚ ਇੱਕ ਜਗ੍ਹਾ ਦਾ ਪਤਾ ਤੇ ਫੋਨ ਨੰਬਰ ਭੇਜ ਦਿੱਤਾ। ਮੈਂ ਜੁਆਬ ਪੜਿਆ ਤੇ ਠੀਕ ਹੈ ਦਾ ਜੁਆਬ ਭੇਜ ਫੇਸਬੁੱਕ ਬੰਦ ਕਰ ਦਿੱਤੀ। ਮਿਲਣ ਦਾ ਸਮਾਂ ਨਿਸਚਿਤ ਹੋ ਗਿਆ। ਮੈਨੂੰ ਅੱਜ ਵੀ ਤਾਰੀਖ਼ ਯਾਦ ਹੈ। 6 ਅਕਤੂਬਰ। ਮੈਂ ਤਿਆਰੀ ਕੀਤੀ, ਕੁਝ ਪੈਸੇ ਆਪਣੇ ਦੋਸਤ ਕੋਲੋ ਉਧਾਰ ਫੜ ਘਰ ਬਹਾਨਾ ਲਾ ਘਰੋਂ ਚੱਲ ਪਿਆ। ਕਰੀਬ ਦੋ ਢਾਈ ਘੰਟੇ ਬਾਅਦ ਮੈਂ ਮਿੱਥੇ ਸਮੇਂ ਤੋਂ ਇੱਕ ਘੰਟਾ ਪਹਿਲਾਂ ਹੀ ਪੁੱਜ ਗਿਆ। ਜਿਸ ਦੇ ਆਸ ਪਾਸ ਕਾਫੀ ਸਾਂਤ ਮਾਹੌਲ ਸੀ। ਖੂਬਸੂਰਤ ਵਾਤਾਵਰਣ, ਪੰਛੀਆਂ ਦੇ ਚਹਿਕਣ ਦੀ ਅਵਾਜ਼, ਵੰਨ-ਸੁਵੰਨੇ ਫੁੱਲ ਬੂਟਿਆਂ ਨਾਲ ਰੰਗਤ ਬੱਝੀ ਹੋਈ ਸੀ।

ਇਸ ਖੂਬਸੂਰਤ ਮਾਹੌਲ ਕਾਰਨ ਦਿਲ ਦੀਆਂ ਭਾਵਨਾਵਾਂ ਹੋਰ ਮਹਿਕ ਰਹੀਆਂ ਸਨ। ਪਾਰਕ ਵਿੱਚ ਹੋਰ ਵੀ ਲੋਕ ਸਨ ਤੇ

ਮੈਂ ਇੰਤਜ਼ਾਰ ਕਰਦਾ ਰਿਹਾ। ਮਿੱਥਿਆ ਸਮਾਂ ਆ ਗਿਆ। ਪਰ ਉਡੀਕ ਖ਼ਤਮ ਨਾ ਹੋਈ। ਤਾਂਘ ਹੋਰ ਵੱਧਦੀ ਗਈ। ਮਿੱਥੇ ਸਮੇਂ ਤੋਂ 20-25 ਮਿੰਟ ਉੱਪਰ ਹੋ ਗਏ। ਮੈਂ ਬਾਰ-ਬਾਰ ਘੜੀ ਵੱਲ ਦੇਖਦਾ ਤੇ ਬੈਠਿਆਂ ਜੋੜਿਆਂ ਤੇ ਔਰਤਾਂ ਵੱਲ ਵੀ ਕਿ ਸ਼ਾਇਦ ਇਨ੍ਹਾਂ ਵਿੱਚੋਂ ਤਾਂ ਕੋਈ ਨੀ। ਕਿਉਂਕਿ ਮੈਂ ਉਸ ਨੂੰ ਸਾਫ਼ ਨਜ਼ਰ ਨਾਲ ਨਹੀਂ ਸੀ ਦੇਖਿਆ ਤੇ ਹੁਣ ਸਮਾਂ ਵੀ ਕਾਫੀ ਗੁਜਰ ਚੁਕਾ ਸੀ। ਤੇ ਨਾ ਹੀ ਮੈਂ ਉਸ ਤੋਂ ਕਿਸੇ ਤਸਵੀਰ ਦੀ ਮੰਗ ਕੀਤੀ ਸੀ। ਜਿਸ ਕਾਰਨ ਮੇਰੇ ਲਈ ਉਸ ਨੂੰ ਪਹਿਚਾਨਣਾ ਔਖਾ ਹੋ ਗਿਆ। ਫਿਰ ਅਚਾਨਕ ਇੱਕ ਔਰਤ ਉੱਠ ਕੇ ਮੇਰੇ ਵੱਲ ਆਈ। ਤੇ ਇੱਕ ਦਮ ਮੇਰੇ ਸਾਹਮਣੇ ਆ ਖਲ੍ਹੋ ਗਈ।

ਮੈਂ ਉਸਦੀ ਖ਼ੂਬਸੂਰਤੀ ਦੇਖ ਕੇ ਦੰਗ ਰਹਿ ਗਿਆ। ਉਸਨੇ ਚੂੜੀਦਾਰ ਅਨਾਰ ਕਲੀ ਸੂਟ ਪਾਇਆ ਹੋਇਆ ਸੀ। ਇਹ ਇੱਕ ਅਪਸਰਾ ਜਾਪਦੀ ਸੀ। ਜਿਸਦੀ ਤਾਰੀਫ਼ ਕਰਨਾ ਮੇਰੇ ਵੱਸ ਤੋਂ ਬਾਹਰ ਸੀ। ਹਵਾ ਚੱਲਣ ਕਾਰਨ ਉਸਦੇ ਵਾਲ ਬਾਰ-ਬਾਰ ਉੱਡ ਉਸਦੇ ਚਿਹਰੇ ਤੇ ਆ ਰਹੇ ਸਨ ਤੇ ਉਹ ਬਾਰ-ਬਾਰ ਆਪਣੇ ਹੱਥਾਂ ਦੀਆਂ ਉਂਗਲਾਂ ਨਾਲ ਵਾਲਾਂ ਨੂੰ ਕੰਨਾਂ ਦੇ ਪਿੱਛੇ ਕਰਦੀ। ਮੈਨੂੰ ਇਸ ਤਰ੍ਹਾਂ ਤੱਕਦਾ ਦੇਖ ਉਹ ਮੁਸਕਰਾਈ। ਮੈਂ ਉਸਦੀ ਮੁਸਕਰਾਹਟ ਕਾਰਨ ਮੰਤ੍ਰ ਮੁਕਤ ਹੋ ਗਿਆ। ਉਹ ਬੋਲੀ...

ਸਾਵਣ - ਲੱਗਦਾ ਘਰ ਜਾਣ ਦਾ ਵਕਤ ਹੋ ਗਿਆ।

ਮੈਂ - ਮੁਆਫ਼ ਕਰਨਾ। ਆਪ ਇਕੱਲੇ ਆਏ ਹੋ?

ਸਾਵਣ - ਕਿਉਂ ਕਿਸੇ ਨੂੰ ਨਾਲ ਲਿਆਓਣਾ ਚਾਹੀਦਾ ਸੀ?

ਮੈਂ - ਨਹੀਂ ਵੈਸੈ ਪੁੱਛ ਰਹਾਂ ਹਾਂ।

ਉਸਦੇ ਚਿਹਰੇ ਤੋਂ ਸਾਫ਼ ਝਲਕਦਾ ਸੀ ਕਿ ਉਹ ਅਜੇ ਵੀ ਮੁਸਕਰਾ ਰਹੀ ਸੀ। ਕੋਲ ਹੀ ਪਏ ਬੈਂਚ ਉੱਪਰ ਉਸਨੇ ਬੈਠਣ ਲਈ ਕਿਹਾ। ਅਸੀਂ ਦੋਨੋਂ ਬੈਠ ਗਏ। ਕਾਫੀ ਚਿਰ ਸ਼ਾਂਤ ਬੈਠੇ ਰਹੇ। ਮੈਂ ਪੁੱਛਿਆ..

ਮੈਂ - ਆਪ ਦਾ ਬੱਚਾ?

ਸਾਵਣ - ਆਪਣੀ ਦਾਦੀ ਕੋਲ ਹੈ, ਮਹਿਕ ਨਾਮ ਹੈ ਉਸਦਾ। ਬੇਟੀ ਹੈ।

ਮੈਂ - ਤੁਸੀਂ ਮੈਨੂੰ ਪਹਿਚਾਣਿਆ ਕਿਵੇਂ?

ਸਾਵਣ - ਮੈਂ ਕਾਫੀ ਦੇਰ ਦੀ ਬੈਠੀ ਹੋਈ ਹਾਂ। ਆਪ ਦੇ ਆਉਣ ਤੋਂ ਵੀ ਪਹਿਲਾਂ। ਜਦੋਂ ਆਪ ਆਏ ਤਾਂ ਲੱਗਾ ਕਿ ਆਪ ਹੀ ਹੋ। ਆਪਦੀ ਸਾਦਗੀ ਤੋਂ ਪਤਾ ਲੱਗਦਾ। ਫਿਰ ਬਸ ਦੂਰ ਤੋਂ ਹੀ ਆਪ ਨੂੰ ਇੰਤਜ਼ਾਰ ਕਰਦੇ ਦੇਖ ਰਹੀ ਸੀ। ਤੇ ਸਹੀ ਸਮੇਂ ਦਾ ਇੰਤਜ਼ਾਰ

ਕਰਨ ਲੱਗੀ। ਪਰ ਜਦੋਂ ਸਮਾਂ ਹੋਇਆ ਤਾਂ ਹੌਸਲਾ ਨਾ ਪਿਆ। ਕਾਫੀ ਸਮਾਂ ਅਜ਼ਾਈ ਲੰਘਾ ਲਿਆ।

ਮੈਂ ਹੈਰਾਨ ਸੀ ਕਿ ਉਹ ਮੇਰੇ ਤੋਂ ਵੀ ਪਹਿਲਾਂ ਆ ਕੇ ਮੇਰੀ ਉਡੀਕ ਕਰ ਰਹੀ ਸੀ ਤੇ ਮੈਂ ਆਪਣੇ ਲਈ ਖੁਸ਼ ਵੀ ਸੀ। ਪਰ ਮੇਰੇ ਦਿਲ ਵਿੱਚ ਇਹ ਵੀ ਜਰੂਰ ਸੀ ਕਿ ਇਹ ਵਿਆਹੀ ਹੋਈ ਹੈ ਤੇ ਇੱਕ ਬੱਚੇ ਦੀ ਮਾਂ ਵੀ ਹੈ। ਪਰ ਫਿਰ ਵੀ ਮੈਨੂੰ ਪਤਾ ਨਹੀਂ ਇਸ ਤਰਫ਼ ਕਿਹੜੀ ਚੀਜ਼ ਖਿੱਚ ਲੈ ਆਈ। ਜੋ ਮੈਂ ਆਪਣੇ ਹੋਸ਼ ਖੋ ਬੈਠਾ ਸਾਂ। ਉਸਨੇ ਪੁੱਛਿਆ..

ਸਾਵਣ - ਕੋਈ ਪ੍ਰੇਮਿਕਾ ਹੈ ਆਪਦੀ?

ਮੈਂ - ਸੀ ਪਰ ਹੁਣ ਨਹੀਂ। ਅਗਰ ਹੁੰਦੀ ਵੀ ਤਾਂ ਛੱਡ ਦੇਣੀ ਸੀ।

ਉਹ ਮੁਸਕਰਾਉਣ ਲੱਗੀ ਤੇ ਮੈਂ ਵੀ। ਫਿਰ ਬੋਲੀ...

ਸਾਵਣ - ਪ੍ਰੇਮਿਕਾ ਨੂੰ ਹੁਣ ਕੀ ਹੋਇਆ?

ਮੈਂ - ਵਿਆਹ ਹੋ ਗਿਆ, ਹੋਰ ਕੀ ਹੋਣਾ ਸੀ।

ਅਸੀਂ ਮੁੜ ਤੋਂ ਹੱਸ ਪਏ।

ਮੈਂ ਉਸਨੂੰ ਹੱਸਦੇ ਦੇਖ ਖੁੱਦ ਨੂੰ ਕੋਸ ਰਿਹਾ ਸੀ ਕਿ ਇਹ ਮੇਰੀ ਜੀਵਨ ਸਾਥੀ ਕਿਉਂ ਨਹੀਂ ਬਣੀ। ਉਸਦੀ ਮੁਸਕਾਨ ਮੈਨੂੰ ਉਸ ਤਰਫ਼ ਖਿੱਚਦੀ ਜਾ ਰਹੀ ਸੀ। ਮੈਂ ਮਦਹੋਸ਼ ਹੋਇਆ ਉਸਦਾ ਹੱਥ ਆਪਣੇ ਹੱਥਾਂ ਵਿੱਚ ਸਮੇਟ ਲਿਆ। ਉਹ ਹੱਸਦੀ ਇੱਕ ਦਮ ਚੁੱਪ ਹੋ ਗਈ ਤੇ ਹੈਰਾਨੀ ਭਰੀ ਨਜ਼ਰ ਨਾਲ ਮੇਰੇ ਵੱਲ ਦੇਖਿਆ ਪਰ ਕੁਝ ਵੀ ਨਾ ਬੋਲੀ। ਫਿਰ ਆਪਣਾ ਚਿਹਰਾ ਘੁੰਮਾਇਆ ਤੇ ਸਾਹਮਣੇ ਦੇਖਣ ਲੱਗੀ। ਮੈਂ ਅਜੇ ਵੀ ਉਸ ਵੱਲ ਦੇਖ ਰਹਾਂ ਸੀ। ਉਸਨੇ ਫਿਰ ਚਿਹਰੇ ਤੇ ਮੁਸਕਾਨ ਭਰੀ ਤੇ ਬੋਲੀ..

ਸਾਵਣ - ਮੈਂ ਕਦੇ-ਕਦੇ ਆਪਣੀ ਜਿੰਦਗੀ ਤੋਂ ਹੈਰਾਨ ਹੁੰਦੀ ਹਾਂ ਕਿ ਪਤਾ ਨਹੀਂ ਚੱਲਦਾ ਇਹ ਕਿਧਰ ਨੂੰ ਮੁੜ ਜਾਂਦੀ ਏ। ਸੁੱਖ ਦਾ ਪਤਾ ਨਹੀਂ ਚੱਲਦਾ ਤੇ ਨਾ ਹੀ ਦੁੱਖ ਦਾ।

ਮੈਂ - ਜੀਵਨ ਦਾ ਅਰਥ ਹੀ ਇਹੀ ਹੈ, ਸੁੱਖ ਅਤੇ ਦੁੱਖ।

ਉਸਨੇ ਮੁੜ ਨਜ਼ਰ ਭਰ ਮੇਰੇ ਵੱਲ ਤੱਕਿਆ। ਫਿਰ ਬੋਲੀ....

ਸਾਵਣ - ਮੈਂ ਆਪ ਲਈ ਵੀ ਹੈਰਾਨ ਹਾਂ ਕਿ ਆਪ ਲਈ ਕੀ ਖੁਆਇਸ਼ ਰੱਖਾਂ, ਦੁੱਖ ਦੀ ਜਾਂ ਫਿਰ ਸੁੱਖ ਦੀ?

ਮੈਂ - ਨਿਰਭਰ ਕਰਦਾ।

ਸਾਵਣ - ਕਿਸ ਚੀਜ਼ ਤੇ?

ਮੈਂ - ਹਾਲਾਤ ਤੇ ਜਾਂ ਫਿਰ ਸਮੇਂ ਤੇ।

ਮੈਂ ਉਸਦੇ ਹੱਥ ਨੂੰ ਸਹਿਲਾਉਂਦੇ ਹੋਏ ਆਖਿਆ।

ਮੈਂ - ਕੋਸਦਾ ਹਾਂ ਖੁੱਦ ਨੂੰ।

ਸਾਵਣ - ਕਿਉਂ?

ਮੈਂ - ਆਪ ਨੂੰ ਆਪਣਾ ਕਹਿਣ ਨੂੰ ਵੀ ਦਿੱਲ ਕਰਦਾ ਤੇ ਬੇਗਾਨਾ ਵੀ।

ਸਾਵਣ - ਮੇਰੇ ਕੋਲ ਇਸਦਾ ਜੁਆਬ ਨਹੀਂ ਹੈ।

ਮੈਂ - ਕਿਉਂ?

ਸਾਵਣ - ਅਕਸਰ ਮੇਰੇ ਕੋਲ ਬਹੁਤਿਆਂ ਸਵਾਲਾਂ ਦੇ ਜੁਆਬ ਨਹੀਂ ਹੁੰਦੇ। ਜਾਂ ਫਿਰ ਮੈਂ ਦੇਣਾ ਨਹੀਂ ਚਾਹੁੰਦੀ।

ਫਿਰ ਮੈਂ ਖਾਮੋਸ਼ ਹੋ ਗਿਆ। ਉਸਦਾ ਹੱਥ ਆਪਣੇ ਹੱਥਾਂ ਵਿੱਚ ਲਈ ਕਾਫੀ ਦੇਰ ਤੱਕ ਸ਼ਾਂਤ ਬੈਠਾ ਰਿਹਾਂ। ਨਾ ਉਹ ਕੁਝ ਬੋਲੀ ਤੇ ਨਾ ਹੀ ਮੈਂ। ਹੌਲੀ-ਹੌਲੀ ਚੱਲਦੀ ਹਵਾ ਉਸਦੇ ਵਾਲਾਂ ਨੂੰ ਬਾਰ-ਬਾਰ ਉਡਾ ਰਹੀ ਸੀ ਤੇ ਉਸਨੇ ਵਾਲਾਂ ਨੂੰ ਸਵਾਰਣਾ ਕਾਫੀ ਘੱਟ ਕਰ ਦਿੱਤਾ। ਤੇ ਸ਼ਾਂਤ ਬੈਠੀ ਰਹੀ। ਫਿਰ ਮੈਂ ਬੋਲਿਆਂ..

ਮੈਂ - ਸਵੇਰ ਦਾ ਘਰੋਂ ਨਿਕਲਿਆਂ ਹਾਂ, ਭੁੱਖ ਬਹੁਤ ਲੱਗੀ ਏ।

ਸਾਵਣ - ਮੁਆਫ਼ ਕਰਨਾ, ਮੈਂਨੂੰ ਭੁੱਲ ਗਿਆ। ਚਲੋ ਕੁਝ ਖਾਣ ਚੱਲਦੇ ਹਾਂ। ਕੋਲ ਹੀ ਵਧੀਆ ਹੋਟਲ ਹੈ।

ਉਸਨੇ ਆਪਣਾ ਹੱਥ ਮੇਰੇ ਹੱਥਾਂ ਚੋ' ਛੁਡਾ ਲਿਆ ਤੇ ਉੱਠ ਖੜੀ ਹੋਈ। ਮੈਂ ਵੀ ਉੱਠਿਆਂ ਤੇ ਕਿਹਾ..

ਮੈਂ - ਕੋਈ ਗੱਲ ਨੀ, ਵੈਸੇ ਮੈਂ ਘਰੋਂ ਦੋ-ਤਿੰਨ ਪਰੋਂਠੇ ਖਾ ਕੇ ਤੁਰਿਆ ਸਾਂ।

ਇਹ ਆਖ ਮੈਂ ਮੁਸਕਰਾਇਆਂ ਤੇ ਉਹ ਵੀ ਮੁਸਕਰਾਈ। ਫਿਰ ਬੋਲੀ..

ਸਾਵਣ - ਕੋਈ ਨਾ, ਮੈਨੂੰ ਵੀ ਭੁੱਖ ਲੱਗੀ ਏ, ਚਲੋ ਕੋਲ ਹੀ ਏ ਹੋਟਲ।

ਮੈਂ - ਚਲੋ।

ਅਸੀਂ ਦੋਵੇਂ ਨਾਲ-ਨਾਲ ਚੱਲਣ ਲੱਗ ਪਏ। ਉਸਦੀ ਖੂਬਸੂਰਤੀ ਅਜੇ ਵੀ ਮੇਰੇ ਤੇ ਕਹਿਰ ਢਾ ਰਹੀ ਸੀ। ਮੈ ਬਾਰ-ਬਾਰ ਉਸਦੇ ਚਿਹਰੇ ਵੱਲ ਤੱਕਦਾ। ਚੱਲਦੇ-ਚੱਲਦੇ ਮੇਰੇ ਮਨ ਵਿੱਚ ਵਿਚਾਰ ਆਇਆ ਤੇ ਉਸਨੇ ਕਿਹਾ..

ਸਾਵਣ - ਕੁਝ ਕਿਹਾ ਤੁਸੀਂ?

ਮੈਂ - ਤੁਹਾਨੂੰ ਕਿਵੇਂ ਪਤਾ?

ਸਾਵਣ - ਮੈਨੂੰ ਲੱਗਾ ਜਿਵੇਂ ਆਪ ਨੇ ਮੇਰੇ ਬਾਰੇ ਕੁਝ ਕਿਹਾ ਹੋਵੇ।

ਮੈਂ - ਹਾਂ ਸ਼ਾਇਦ।

ਸਾਵਣ - ਕੀ?

ਮੈਂ - ਕੁਝ ਖਾਸ ਨਹੀਂ, ਸ਼ਾਇਦ ਆਪ ਦੀ ਖੂਬਸੂਰਤੀ ਬਾਰੇ ਸੀ।

ਸਾਵਣ - ਦੱਸੋ ਫਿਰ।

ਮੈਂ - ਤੋਹੀਨ ਹੈ ਤੇਰੀ,

ਅਗਰ ਤੈਨੂੰ ਸ਼ਬਦਾਂ ਵਿੱਚ ਬਿਆਨ ਕਰਾਂ,

ਮੈਂ ਅਜੇ ਇਸ ਕਾਬਿਲ ਨਹੀਂ ਹੋਇਆ।

ਉਸਨੇ ਮੇਰੇ ਵੱਲ ਫਿਰ ਨਜ਼ਰ ਭਰ ਦੇਖਿਆ ਤੇ ਚੁੱਪ- ਚਾਪ ਚੱਲਦੀ ਰਹੀ। ਫਿਰ ਬੋਲੀ..

ਸਾਵਣ - ਸ਼ਾਇਰੀ ਆਪ ਦਾ ਸ਼ੌਂਕ ਹੈ ਜਾਂ ਫਿਰ ਪੇਸ਼ਾ?

ਮੈਂ - ਸ਼ੌਕ ਹੈ ਤੇ ਸ਼ਾਇਦ ਪੇਸ਼ਾ ਹੋ ਸਕਦਾ। ਉਂਝ ਮੈਂ ਕਵਿਤਾਵਾਂ ਲਿੱਖ ਲੈਂਦਾ ਹਾਂ।

ਸਾਵਣ - ਸੁਣਾਓ ਫਿਰ।

ਮੈਂ ਕੁਝ ਚਿਰ ਸੋਚਣ ਪਿੱਛੋਂ ਬੋਲਿਆਂ..

ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,

ਉਹ ਖ਼ੁਆਬ ਜਿਹੀ ਲੱਗਦੀ।

ਕਦੇ ਸਾਵਣ ਵਾਗੂੰ ਆ ਜਾਵੇ,

ਕਦੇ ਪੱਤਝੜ ਵਾਗੂੰ ਛਾ ਜਾਵੇ,

ਕਦੇ ਪੋਹ ਦੀ ਠੰਡੀ ਰਾਤ ਜਿਹੀ,

ਕਦੇ ਆਉਂਦੀ ਜਾਂਦੀ ਬਾਤ ਜਿਹੀ,

ਬਸ ਉਹ ਚਿਰਾਗ਼ ਜਿਹੀ ਲੱਗਦੀ,

ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,

ਉਹ ਖ਼ੁਆਬ ਜਿਹੀ ਲੱਗਦੀ।

ਮੈਂ ਚੁੱਪ ਹੋ ਗਿਆ..

ਸਾਵਣ - ਬਸ, ਐਨੀ ਹੀ?

ਮੈਂ - ਨਹੀਂ ਹੋਰ ਵੀ ਹੈ।

ਸਾਵਣ - ਸੁਣਾਓ ਫਿਰ।

ਮੈਂ ਉਸਦਾ ਹੱਥ ਫੜਿਆ ਤੇ ਬੋਲਿਆਂ, ਗਾ ਕੇ ਸੁਣਾਵਾਂ? ਅਸੀਂ ਰੁਕ ਗਏ। ਉਸਨੇ ਹਾਂ ਵਿੱਚ ਸਿਰ ਹਿਲਾਇਆ। ਮੈਂ ਧੀਮੀ-ਧੀਮੀ ਅਵਾਜ਼ ਵਿੱਚ ਗਾਉਣ ਲੱਗਾ...

ਉਸਦੇ ਪੋਲੇ ਪੋਲੇ ਹੱਥਾਂ ਜਿਉਂ,

ਰੇਸ਼ਮ ਦੀਆਂ ਡੋਰਾਂ ਕੱਤਾਂ ਜਿਉਂ,

ਕੋਇਲ ਦੀ ਮਧੁਰ ਅਵਾਜ਼ ਜਿਹੀ,

ਕੜਤ ਚੁੱਭਦੀ ਨੈਣਾ ਵਿੱਚ ਪਿਆਜ਼ ਜਿਹੀ,

ਬਸ ਦੁੱਧ ਨੂੰ ਲਾਈ ਜਾਗ ਜਿਹੀ ਲੱਗਦੀ,

ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,

ਉਹ ਖੁਆਬ ਜਿਹੀ ਲੱਗਦੀ।

ਜਿਉਂ ਝਰਨੇ ਦਾ ਪਾਣੀ ਠਹਿਰ ਜਾਵੇ,

ਸਾਗਰ ਦੀ ਰੋਕੀ ਲਹਿਰ ਜਾਵੇ,

ਜਿਉਂ ਅੰਬਰਾਂ ਦੇ ਤਾਰੇ ਚਮਕਦੇ ਨੇ,

ਨਵੀਂ ਵਹੁਟੀ ਦੇ ਕੰਗਣ ਖਣਕਦੇ ਨੇ,

ਬਸ ਉਹ ਸੂਹੀ ਰਾਗ ਜਿਹੀ ਲੱਗਦੀ।

ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,

ਉਹ ਖੁਆਬ ਜਿਹੀ ਲੱਗਦੀ।

ਮੈਥੋਂ ਰਿਸ਼ਤਾ ਜਾਹਿਰ ਨਹੀਂ ਹੋਣਾ,

ਉਹ ਖੁਆਬ ਜਿਹੀ ਲੱਗਦੀ।

ਕਵਿਤਾ ਆਖ ਮੈਂ ਚੁੱਪ ਹੋ ਗਿਆ। ਕਵਿਤਾ ਸੁਣਕੇ ਉਹ ਮੇਰੇ ਵੱਲ ਤੱਕਦੀ ਰਹੀ। ਕਵਿਤਾ ਖ਼ਤਮ ਹੋਣ ਉਪਰਾਂਤ ਅਸੀਂ ਚੱਲ ਪਏਂ। ਉਹ ਚੱਲਦੀ ਹੋਈ ਬੋਲੀ..

ਸਾਵਣ - ਇਸ ਵਿੱਚ ਮੇਰਾ ਜਿਕਰ ਹੈ ਜਾਂ ਫਿਰ ਕਿਸੇ ਹੋਰ ਦਾ?

ਮੈਂ - ਪਹਿਲਾਂ ਕਿਸੇ ਹੋਰ ਦਾ ਸੀ ਪਰ ਹੁਣ ਹੱਕ ਆਪਦਾ ਹੈ।

ਸਾਵਣ - ਕਵਿਤਾ ਸੋਹਣੀ ਏ।

ਮੈਂ - ਪਰ ਆਪ ਨਾਲੋ ਜਿਆਦਾ ਨਹੀਂ।

ਉਸਨੇ ਫਿਰ ਤੋਂ ਮੇਰੇ ਵੱਲ ਤੱਕਿਆ ਤੇ ਚਿਹਰੇ ਤੇ ਮੁਸਕਾਨ ਲਿਆਂਦੀ। ਐਨੇ ਨੂੰ ਅਸੀਂ ਹੋਟਲ ਪਹੁੰਚ ਗਏ, ਤੇ ਖਾਧਾ ਪੀਤਾ। ਕੁਝ ਉਸਦੀ ਜਿੰਦਗੀ ਦੇ ਵੇਰਵਿਆ ਤੇ ਮੇਰੀ ਜਿੰਦਗੀ ਦੀ ਗੱਲਬਾਤ ਕੀਤੀ। ਉਹ ਆਪਣੀ ਜਿੰਦਗੀ ਤੋਂ ਖੁਸ਼ ਨਹੀਂ ਸੀ। ਜਿਸ ਕਾਰਨ ਹੀ ਸ਼ਾਇਦ ਉਸਨੇ ਮੇਰੇ ਵੱਲ ਰੁੱਖ ਕੀਤਾ ਸੀ। ਘਰਵਾਲਾ ਕਾਫੀ ਕਮਾਈ ਵਾਲਾ ਹੋਣ ਦੇ ਬਾਵਯੂਦ ਵੀ ਉਸ ਤੋਂ ਖੁੱਸ਼ ਨਹੀਂ ਸੀ। ਇਸਦਾ ਕਾਰਨ ਉਸਦੀ ਬੇਟੀ ਦਾ ਜੰਮਣਾ ਸੀ। ਉਸਨੇ ਦੱਸਿਆ ਕਿ ਇਹ ਉਸਦੀ ਦੂਸਰੀ ਬੇਟੀ ਹੈ। ਪਹਿਲੀ ਦਾ ਗਰਬ ਅੰਦਰ ਹੀ ਤੀਸਰੇ ਮਹੀਨੇ ਦੌਰਾਨ ਕਤਲ ਕਰ ਦਿੱਤਾ ਗਿਆ। ਜੋ ਕਿ ਸਾਵਣ ਦੀ ਮਰਜ਼ੀ ਦੇ ਉਲਟ ਸੀ। ਤੇ ਦੂਸਰੀ ਧੀ ਦੇ ਜਨਮ ਤੋਂ ਪਹਿਲਾਂ ਹੀ ਉਹ ਆਪਣੇ ਪੇਕੇ ਘਰ ਚਲੀ ਗਈ ਤਾਂ ਜੋ ਪਹਿਲੀ ਘਟਨਾ ਦੁਬਾਰਾਂ ਨਾ ਹੋਵੇ। ਉਸਦੀ ਸੱਸ ਤੋਂ ਬਿਨਾਂ ਸਭ ਪਰਿਵਾਰ ਕੁੜੀ ਜੰਮਣ ਦੇ ਫੈਸਲੇ ਦੇ ਖਿਲਾਫ਼ ਸਨ। ਤੇ ਜਨਮ ਤੋਂ ਪਿੱਛੋਂ ਸਾਰੇ ਹੀ ਉਸ ਨਾਲ ਬਦਸਲੂਕੀ ਕਰਨ ਲੱਗੇ। ਖਾਸ ਕਰ ਉਸਦਾ

ਘਰਵਾਲਾ। ਉਹ ਅਕਸਰ ਸ਼ਰੇਆਮ ਬਾਹਰੀ ਔਰਤਾਂ ਨਾਲ ਸਬੰਧ ਬਣਾਉਂਦਾ ਬਿਨਾ ਕਿਸੇ ਡਰ ਤੋਂ। ਦੋ ਤਿੰਨ ਵਾਰ ਉਸਨੇ ਸਾਵਣ ਨਾਲ ਕੁੱਟਮਾਰ ਵੀ ਕੀਤੀ। ਉਸਨੇ ਦੱਸਿਆ ਕਿ ਇੱਕ ਵਾਰ ਉਸਦੇ ਘਰਵਾਲੇ ਨੇ ਮੇਰੇ ਦੁਆਰਾ ਦਿੱਤੀ ਘੜੀ ਨੂੰ ਦੇਖ ਲਿਆ ਤੇ ਪੁੱਛਿਆ ਕਿ ਐਨੀ ਮਹਿੰਗੀ ਘੜੀ ਉਸ ਕੋਲ ਕਿੱਥੋਂ ਆਈ? ਉਸਨੇ ਆਪਣੇ ਪਤੀ ਨੂੰ ਕਿਹਾ ਕਿ ਇਹ ਤਾਂ ਅਸਲੀ ਘੜੀ ਦੀ ਨਕਲ ਹੈ। ਸਿਰਫ ਦੋ ਢਾਈ ਕੁ ਸੋ ਰੁਪਏ ਦੀ ਹੋਵੇਗੀ। ਤੇ ਮੰਮੀ ਨੇ ਲੈ ਕਿ ਦਿੱਤੀ ਆ। ਫਿਰ ਉਸਨੇ ਬਹੁਤੇ ਸੁਆਲ ਜੁਆਬ ਨਹੀਂ ਕੀਤੇ। ਉਸਨੂੰ ਆਪਣੀ ਜਿੰਦਗੀ ਨਰਕ ਜਿਹੀ ਜਾਪਦੀ ਸੀ। ਪਰ ਮੈਂ ਹੈਰਾਨ ਸੀ ਕਿ ਐਨਾ ਦਰਦ ਹੋਣ ਦੇ ਬਾਵਜੂਦ ਵੀ ਉਸਦੇ ਚਿਹਰੇ ਤੇ ਮੁਸਕਾਨ ਉਭਰਦੀ ਸੀ। ਮੈਂ ਉਸ ਵੱਲ ਹੋਰ ਮੋਹਿਤ ਹੋ ਰਹਾਂ ਸੀ। ਉਸ ਉਪਰਾਂਤ ਉਸਨੇ ਮੇਰੇ ਤੋਂ ਇਜ਼ਾਜਤ ਮੰਗੀ ਤੇ ਆਉਣ ਲਈ ਧੰਨਵਾਦ ਕੀਤਾ। ਉਹ ਆਪਣੇ ਘਰ ਵੱਲ ਨੂੰ ਚੱਲ ਪਈ। ਮੈਂ ਖੜਾ ਦੇਖਦਾ ਰਹਾਂ ਜੱਦ ਤੱਕ ਉਹ ਨਜ਼ਰੀ ਆਉਣੋ ਬੰਦ ਨਾ ਹੋਈ। ਉਸਨੇ ਇੱਕ ਵਾਰ ਵੀ ਪਿੱਛੇ ਪਲਟ ਕੇ ਨਾ ਦੇਖਿਆ। ਮੈਂ ਵੀ ਘਰ ਵਾਪਿਸ ਆ ਗਿਆ। ਰਾਤ ਨੂੰ ਉਸਦਾ ਸੰਦੇਸ਼ ਆਇਆ।

ਸਾਵਣ - ਕਿਸੇ ਸ਼ਾਇਰ ਨੇ ਲਿਖਿਆ ਹੈ ਕਿ ਹੰਝੂਆਂ ਦਾ ਮੁੱਲ ਕਿਸੇ ਵਕਤ ਮੋਤੀਆ ਵਰਗਾ ਹੁੰਦਾ ਹੈ, ਤੇ ਕਦੇ ਇਹ ਤ੍ਰੇਲ ਦੀਆਂ

ਬੂੰਦਾਂ ਦੇ ਸਮਾਨ ਵੀ ਨਹੀਂ ਹੁੰਦੇ। ਹੁਣ ਸੋਚ ਰਹੀ ਹਾਂ ਕਿ ਮੁੱਲ ਮੋਤੀਆਂ ਵਿੱਚ ਪਵੇਗਾ ਜਾਂ ਫਿਰ ਤ੍ਰੇਲ ਦੀਆਂ ਬੂੰਦਾਂ ਵਿੱਚ।

ਮੈਂ - ਦੋਨੋਂ ਲਾਭਦਾਇਕ ਨੇ। ਨਿਰਭਰ ਕਰਦਾ ਕਿ ਕਿਸ ਵਕਤ ਕਿਸ ਨੇ ਘਾਟ ਪੂਰੀ ਕਰਨੀ ਹੈ।

ਸਾਵਣ - ਕਿੰਨੀ ਸਰਲਤਾਂ ਨਾਲ ਆਪ ਜੁਆਬ ਦੇਂਦੇ ਹੋ। ਅੰਦਰ ਕੀ-ਕੀ ਲੁਕੋਈ ਬੈਠੇ ਹੋ?

ਮੈਂ - ਹਾ ਹਾ ਹਾ ਹਾ ਹਾ ....., ਦਰਦ ਨੂੰ ਨਾ ਪੁੱਛੋ ਕੀ ਏ ਹਾਲ ਉਸਦਾ, ਬਸ ਇਹੀ ਕਹਾਂਗਾ. ਚਿਰਾਗ਼ ਕਦੇ ਬੁੱਝ ਜਾਂਦਾ ਏ ਕਦੇ ਜਗ ਪੈਂਦਾ ਏ।

ਸਾਵਣ - ਬਹੁਤਾ ਵਕਤ ਨੀ ਰਹਿਣਾ ਮੇਰਿਆ ਹਨੇਰਿਆਂ ਚ', ਛੇਤੀ ਰਲ ਜਾਊ ਤੇਰਿਆਂ ਸਵੇਰਿਆਂ ਚ'।

ਮੈਂ - ਲਿਖਦੇ ਹੋ ਆਪ?

ਸਾਵਣ - ਬਸ ਸ਼ੌਂਕੀਆਂ ਹੀ।

ਮੈਂ - ਕੋਈ ਕਵਿਤਾ?

ਸਾਵਣ - ਫਿਰ ਕਦੇ।

ਮੈਂ - ਜੁਆਬ ਜਚਿਆ ਨਹੀਂ।

ਸਾਵਣ - ਠੀਕ ਹੈ, ਸੁਣਾਓਂਦੀ ਹਾਂ, ਇੰਤਜਾਰ ਕਰੋ।

ਮੈਂ - ਠੀਕ ਹੈਂ।

ਮੈਂ ਕਰੀਬ ਦਸ ਕੁ ਮਿੰਟ ਉਡੀਕ ਕੀਤੀ ਤੇ ਉਸਦਾ ਸੰਦੇਸ਼ ਆਇਆ। ਮੈਂ ਪੜਨ ਲੱਗਾ...

ਹੰਝੂਆਂ ਦੀ ਬਰਾਤ

ਅੱਜ ਫਿਰ ਸੁਨੇਹਾ ਉਨ੍ਹਾਂ ਘੱਲਿਆ ਸੀ,

ਅਸੀਂ ਆਉਣ ਲੱਗੇ ਤੁਸੀਂ ਤਿਆਰ ਹੋਜੋ,

ਜਿਹੜੇ ਖਿੱਲਰੇ ਪਏ ਹੋ ਚਾਹੋ ਪਾਸੀ,

ਬਸ ਦੇਰ ਨਾ ਲਾਉ ਇੱਕ ਸਾਰ ਹੋਜੋ,

ਬਰਾਤ ਬੂਹੇ ਤੇ ਜਦੋਂ ਆਣ ਖੜੀ,

ਰੱਜ-ਰੱਜ ਪਾਏ ਉਨ੍ਹਾਂ ਭੰਗੜੇ ਸੀ,

ਕੋਈ ਗਾਉਣ ਗਾਏ ਕੋਈ ਹੇਕ ਲਾਵੇ,

ਓਵੀ ਕਰਨ ਜਸ਼ਨ ਜੋ ਲੰਗੜੇ ਸੀ,

ਏਧਰ ਗਮਾਂ ਵੀ ਕੀਤੀ ਆਓ ਭਗਤ ਪੂਰੀ,

ਰਿਵਾਜ਼ ਕੀਤਾ ਜੋ ਵੀ ਲੋੜਦਾ ਸੀ,

ਹਰ ਨਵਾਂ ਪੁਰਾਣਾ ਮਹਿਮਾਨ ਸ਼ਰੀਕ ਹੋਇਆ,

ਉਹ ਵੀ ਆਣ ਪਹੁੰਚੇ ਜੋ ਕੋੜਦਾ ਸੀ,

ਨਿਕਾਹ ਪੜਿਆ ਦੋਵੀਂ ਪਾਸੀ ਕਬੂਲ ਹੋਇਆ,

ਗਮ ਦੁਲਹਨ ਤੇ ਹੰਝੂ ਸੁਹਾਗ ਹੋਗੇ,

ਡੋਲੀ ਤੁਰਨ ਲੱਗੀ ਗਮਾਂ ਨਾਂਹ ਕਰਤੀ,

ਹੰਝੂ ਬੁੱਝ ਗਏ ਗਮ ਚਿਰਾਗ਼ ਹੋਗੇ।

ਮੈਂ - ਵਧੀਆ ਲਿਖਦੇ ਹੋ।

ਸਾਵਣ - ਬਸ ਵਕਤ ਗੁਜਾਰਣ ਲਈ। ਫਿਰ ਕਰਦੇ ਗੱਲ।

ਮੈਂ - ਠੀਕ ਆ ਜੀ।

ਇਹ ਆਖ ਮੈਂ ਫੇਸਬੁੱਕ ਬੰਦ ਕਰ ਦਿੱਤੀ। ਏਸੇ ਤਰ੍ਹਾਂ ਕਾਫੀ ਦਿਨ ਗੱਲਬਾਤ ਹੁੰਦੀ ਰਹੀ। ਗੱਲਬਾਤ ਵਧਣ ਲੱਗੀ। ਉਹ ਕਦੇ ਫੋਨ ਕਰਦੀ ਜਾਂ ਫਿਰ ਸੰਦੇਸ਼ ਭੇਜ ਦੇਂਦੀ। ਮੈਂ ਉਸ ਵੱਲ ਦਿਨੋਂ-

ਦਿਨ ਮੋਹਿਤ ਹੋ ਰਹਾਂ ਸੀ। ਕਰੀਬ ਪੰਜ ਕੁ ਮਹੀਨੇ ਬੀਤ ਗਏ। ਇੱਕ ਰਾਤ ਉਸਦਾ ਸੰਦੇਸ਼ ਆਇਆ..

ਸਾਵਣ - ਮੈਂ ਮਿਲਣਾ ਚਾਹੁੰਦੀ ਹਾਂ।

ਮੈਂ - ਕਿਵੇਂ?

ਸਾਵਣ - ਜਿਵੇਂ ਕਹੋ।

ਮੈਂ - ਲੱਗਦਾ ਰੂਹ ਅਤੇ ਪਿਆਰ ਦੀ ਤ੍ਰਿਸ਼ਨਾ ਦੇ ਨਾਲ-ਨਾਲ ਜਿਸਮ ਦੀ ਤ੍ਰਿਸ਼ਨਾ ਵੀ ਮਿਟਾਓਣੀ ਹੈ?

ਸਾਵਣ - ਮੇਰੇ ਕੋਲ ਇਸਦਾ ਜੁਆਬ ਹੈਨੀ।

ਮੈਂ - ਠੀਕ ਹੈ ਕੱਲ ਮਿਲਦੇ ਹਾਂ। ਪਰ ਕਿੱਥੇ?

ਸਾਵਣ - ਪਹਿਲਾਂ ਵਾਲੀ ਜਗ੍ਹਾ ਤੇ।

ਮੈਂ ਠੀਕ ਹੈ ਕਹਿ ਸੰਦੇਸ਼ ਭੇਜਣੇ ਬੰਦ ਕਰ ਸੋ ਗਿਆ। ਸਵੇਰ ਹੁੰਦੇ ਹੀ ਫਿਰ ਤੋਂ ਘਰ ਬਹਾਨਾਂ ਲਾ ਪੈਸੇ ਲਏ ਤੇ ਚੱਲ ਪਿਆ। ਮਿੱਥੇ ਸਮੇਂ ਤੇ ਪੁੱਜ ਗਿਆ। ਉਹ ਮੇਰਾ ਇੰਤਜਾਰ ਕਰ ਰਹੀ ਸੀ। ਇਸ ਵਾਰ ਉਸਨੇ ਪੰਜਾਬੀ ਸੂਟ ਪਾਇਆ ਹੋਇਆ ਸੀ। ਤੇ ਉਹ ਪਹਿਲਾਂ ਨਾਲੋਂ ਕਿਤੇ ਖੂਬਸੂਰਤ ਲੱਗ ਰਹੀ ਸੀ। ਕੋਈ ਆਖ ਨਹੀਂ ਸੀ ਸਕਦਾ ਕਿ ਇਹ ਵਿਆਹੀ ਹੋਈ ਏ। ਇੱਕ ਦਮ ਸਾਦਾ ਲਿਬਾਸ਼

ਤੇ ਸ਼ਿੰਗਾਰ। ਮੈਂ ਕੋਲ ਗਿਆ ਤੇ ਸਤਿ ਸ੍ਰੀ ਅਕਾਲ ਬੁਲਾਈ। ਉਸਨੇ ਵੀ ਜੁਆਬ ਦਿੱਤਾ। ਮੈਂ ਬੋਲਿਆਂ...

ਮੈਂ - ਇੱਥੇ ਬੈਠਣਾ ਜਾਂ ਫਿਰ ਕਿਤੇ ਹੋਰ ਜਾਣਾ?

ਸਾਵਣ - ਕੁਝ ਚਿਰ ਬੈਠਦੇ ਹਾਂ ਫਿਰ ਚੱਲਾਂਗੇ।

ਮੈਂ ਠੀਕ ਹੈ ਆਖਿਆ ਤੇ ਫਿਰ ਅਸੀਂ ਦੋਨੋਂ ਬੈਠ ਗਏ। ਮੌਸਮ ਠੀਕ ਸੀ। ਨਾ ਠੰਡ ਨਾ ਗਰਮੀ। ਸ਼ਾਇਦ ਮਾਰਚ ਦੇ ਅਖਰੀਲੇ ਦਿਨ ਚੱਲ ਰਹੇ ਸਨ। ਸਮਾਂ ਤਾਰੀਖ ਯਾਦ ਨਹੀਂ, 24-25 ਸੀ ਸ਼ਾਇਦ। ਮੈਂ ਉਸ ਨੂੰ ਪੁੱਛਿਆ....

ਮੈਂ - ਮਹਿਕ ਠੀਕ ਏ?

ਸਾਵਣ - ਹਾਂ ਠੀਕ ਆ। ਇੱਕ ਅਪ੍ਰੈਲ ਤੋਂ ਸਕੂਲ ਸੁਰੂ ਹੋ ਜਾਣਾ ਉਸਦਾ।

ਫਿਰ ਅਸੀਂ ਕਿੰਨੀ ਦੇਰ ਤੱਕ ਸ਼ਾਂਤ ਬੈਠੇ ਰਹੇ। ਮੈਂ ਬੋਲਿਆਂ....

ਮੈਂ - ਮੈਨੂੰ ਲੱਗਦਾ ਸਾਨੂੰ ਇੱਥੋਂ ਜਾਣਾ ਚਾਹੀਦਾ।

ਸਾਵਣ - ਬੈਠਦੇ ਹਾਂ ਕੁਝ ਚਿਰ। ਆਪ ਕੋਈ ਗੱਲ ਕਰੋ।

ਮੈਂ - ਗੱਲ ਮੈਨੂੰ ਤਾਂ ਕੋਈ ਆ ਨਹੀਂ ਰਹੀ ਤੇ ਆਪ ਵੀ ਖਾਮੋਸ਼ ਬੈਠੇ ਹੋ।

ਸਾਵਣ - ਕੋਈ ਕਵਿਤਾ ਸੁਣਾਓ।

ਮੈਂ - ਕਵਿਤਾ, ਅਜੇ ਮਨ ਨਹੀਂ ਹੈ।

ਸਾਵਣ - ਪਰ ਮੇਰਾ ਮਨ ਹੈ ਸੁਣਨ ਲਈ। ਸੁਣਾਓ ਹਾਂ।

ਮੈਂ - ਠੀਕ ਏ, ਸੁਣਾਉਂਦਾ ਹਾਂ।

ਮੈਂ ਕੁਝ ਪਲ ਸੋਚਿਆ ਤੇ ਫਿਰ ਬੋਲਿਆ..

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ,

ਜੇ ਧੋ ਲਵਾਂ ਤਾਂ ਲਹਿ ਜਾਵੇ,

ਜੇ ਨਾ ਧੋਵਾਂ ਤਾਂ ਰਹਿ ਜਾਵੇ,

ਮੇਰੀ ਜਿੰਦਗੀ ਨੂੰ, ਇਹ ਢੋਹ ਗਈ ਏ,

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ।

ਕਦੇ ਆਣ ਦਿਮਾਗੇ ਵੜਦੀ ਏ,

ਕਦੇ ਨਾਲ ਸਾਹਾਂ ਦੇ ਲੜਦੀ ਏ,

ਕਦੇ ਨੀਂਦਰ ਨੂੰ ਆਉਣੋ ਰੋਕ ਦੇਵੇ,

ਕਦੇ ਖ਼ੂਨ ਹਿਰਦੇ ਸੋਕ ਦੇਵੇ,

ਇਹ ਵਾਂਗ ਸ਼ਮਾਂ ਦੇ ਹੋ ਗਈ ਏ,

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ।

ਇਸ ਮੇਰੇ ਭੁਲਾ ਤੇ ਮੈਨੂੰ ਏ,

ਬਸ ਲੱਭਦੀ ਫਿਰਦੀ ਤੈਨੂੰ ਏ,

ਜਿਊਣਾ ਵੀ ਔਖਾ ਕਰ ਦਿੱਤਾ,

ਬਸ ਯੁਦਾ ਹੋਣ ਦਾ ਡਰ ਦਿੱਤਾ,

ਮੈਨੂੰ ਮੇਰੇ ਚੋਂ ਖੋਹ ਗਈ ਏ,

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ।

ਇਹ ਫੁੱਲਾਂ ਵਾਂਗਰ ਖਿੜਦੀ ਏ,

ਕੁਝ ਗੀਤਾਂ ਵਾਂਗਰ ਛਿੜਦੀ ਏ,

ਪਰਬਤ ਦੀ ਹੋਂਦ ਜਗ੍ਹਾ ਦੇਵੇ,

ਉਭਰਦੀ ਮਿਨਾਰ ਵੀ ਢਾ ਦੇਵੇ,

ਠੰਡ ਦੀ ਧੁੱਪ ਵੀ ਪੋਹ ਗਈ ਏ,

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ।

ਜੇ ਧੋ ਲਵਾਂ ਤਾਂ ਲਹਿ ਜਾਵੇ,

ਜੇ ਨਾ ਧੋਵਾਂ ਤਾਂ ਰਹਿ ਜਾਵੇ,

ਮੇਰੀ ਜਿੰਦਗੀ ਨੂੰ ਇਹ ਢੋਹ ਗਈ ਏ,

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ,

ਤੇਰੀ ਯਾਦ.....।

ਕਵਿਤਾ ਆਖ ਮੈਂ ਚੁੱਪ ਹੋ ਗਿਆ। ਤੇ ਉਹ ਬੋਲੀ..

ਸਾਵਣ - ਕੀ ਆਪ ਮੇਰੇ ਨਾਲ ਪਿਆਰ ਕਰਦੇ ਹੋ?

ਮੈਂ ਉਸਦੇ ਵੱਲ ਨਜ਼ਰ ਭਰ ਕੇ ਦੇਖਿਆ ਤੇ ਕਿਹਾ...

ਮੈਂ - ਕੀ ਕਹਿਣ ਦੀ ਲੋੜ ਏ? ਮੈਨੂੰ ਲੱਗਦਾ ਅਕਸਰ ਸ਼ਬਦਾਂ ਰਾਹੀ ਅਸੀਂ ਆਪਣੇ ਜ਼ਜਬਾਤਾਂ ਨੂੰ ਜਾਹਿਰ ਕਰਨ ਦੀ ਕੋਸ਼ਿਸ਼ ਕਰਦੇ ਹਾਂ ਪਰ ਇਹ ਤਾਂ ਇਉਂ ਹੁੰਦਾ ਹੈ ਜਿਵੇਂ ਸਾਗਰ ਨੂੰ ਕੁੱਜੇ ਵਿੱਚ ਬੰਦ ਕਰਨ ਦਾ ਯਤਨ ਕਰਨਾ।

ਸਾਵਣ - ਸਹੀ ਕਿਹਾ।

ਮੈਂ - ਉਂਝ ਵੀ ਪਿਆਰ ਅਨੁਭਵ ਕਰਨ ਵਾਲੀ ਚੀਜ਼ ਹੈ ਨਾ ਕਿ ਦੱਸਣ ਵਾਲੀ ਜਾਂ ਸਮਝਾਉਣ ਵਾਲੀ।

ਸਾਵਣ - ਹਾਂ। ਪਰ ਜਿੰਨੀ ਦੇਰ ਤੱਕ ਦੱਸਿਆ ਜਾਂ ਜਾਹਿਰ ਨਾ ਕੀਤਾ ਜਾਵੇ ਅਨੁਭਵ ਕਰਨਾ ਔਖਾ ਹੋ ਜਾਂਦਾ। ਕੁਝ ਰਿਸ਼ਤੇ ਅਜਿਹੇ ਜਰੂਰ ਨੇ ਜਿੰਨ੍ਹਾ ਵਿੱਚ ਦੱਸਣ ਦੀ ਲੋੜ ਨਹੀਂ ਪੈਂਦੀ ਪਰ

ਕੁਝ ਕੁ ਨੂੰ ਮਜਬੂਤ ਰੱਖਣ ਲਈ ਅਹਿਸਾਸ ਕਰਾਉਂਦੇ ਰਹਿਣਾ ਜਰੂਰੀ ਹੋ ਗਿਆ ਜਾਂ ਫਿਰ ਕਰ ਦਿੱਤਾ ਗਿਆ।

ਮੈਂ - ਪਿਆਰ ਦਾ ਮੁੱਦਾ ਇਹੋ ਜਿਹਾ ਹੈ ਜਿਸ ਤੇ ਜਿੰਨੀ ਵਾਰਤਾਲਾਪ ਕਰ ਲਉ ਕਦੇ ਮੁੱਕਦੀ ਨਹੀਂ। ਜਿਵੇਂ ਕਿ ਪ੍ਰਮਾਤਮਾ।

ਸਾਵਣ - ਪਿਆਰ ਪ੍ਰਮਾਤਮਾ ਹੀ ਤਾਂ ਹੈ।

ਮੈਂ - ਹਾਂਜੀ ਬਿਲਕੁਲ।

ਫਿਰ ਅਸੀਂ ਸ਼ਾਂਤ ਬੈਠ ਗਏ। ਕੁਝ ਚਿਰ ਪਿੱਛੋਂ ਮੈਂ ਉੱਠਿਆ ਤੇ ਟਹਿਲਣ ਲੱਗਾ ਤੇ ਇੱਕ ਪਾਸੇ ਖੜ ਗਿਆ। ਸਾਵਣ ਉੱਠੀ ਤੇ ਬੜੀ ਹੀ ਖਾਮੋਸ਼ੀ ਨਾਲ ਬਾਹਾਂ ਫੈਲਾ ਕੇ ਮੇਰੀ ਛਾਤੀ ਨਾਲ ਸਿਰ ਜੋੜ ਗਲ ਲਾ ਲਿਆ। ਮੈਂ ਬਿਨਾਂ ਉਸ ਨੂੰ ਕਲਾਵੇ ਵਿੱਚ ਲਏ ਓਸੇ ਤਰ੍ਹਾ ਖੜਾ ਰਹਾਂ। ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਮੈਂ ਵੀ। ਅਸੀਂ ਕਰੀਬ ਪੰਜ-ਸੱਤ ਮਿੰਟ ਇੰਝ ਹੀ ਖੜੇ ਰਹੇ। ਫਿਰ ਉਹ ਹੋਲੀ ਜਿਹੀ ਬੋਲੀ..

ਸਾਵਣ - ਚੱਲੀਏ?

ਮੈਂ - ਕਿੱਥੇ ਜਾਣਾ ਏ?

ਸਾਵਣ - ਜਿੱਥੇ ਕੋਈ ਨਾ ਦੇਖੇ।

ਮੈਂ - ਪਰ ਰੱਬ ਤਾਂ ਦੇਖੇਗਾ।

ਸਾਵਣ - ਰੱਬ ਆ ਕੇ ਕਿਹੜਾ ਢੰਡੋਰਾ ਪਿੱਟਣ ਲੱਗਾ ਏ।

ਇਹ ਆਖ ਉਹ ਮੇਰੇ ਨਾਲੋਂ ਅਲੱਗ ਹੋ ਗਈ। ਮੈਂ ਬੋਲਿਆਂ..

ਮੈਂ - ਮੈਨੂੰ ਦੇਹ ਦਾ ਵਪਾਰੀ ਤਾਂ ਨਹੀਂ ਆਖੇਗੀ?

ਸਾਵਣ - ਨਿਰਭਰ ਕਰਦਾ?

ਮੈਂ - ਕਿਸਤੇ?

ਸਾਵਣ - ਹਾਲਾਤਾਂ ਤੇ ਜਾਂ ਫਿਰ ਵਕਤ ਤੇ।

ਅਸੀਂ ਦੋਨੋਂ ਮੁਸਕਰਾਉਣ ਲੱਗੇ। ਉਹ ਮੇਰੀ ਬੋਲੀ ਬੋਲ ਰਹੀ ਸੀ। ਫਿਰ ਉਹ ਬੋਲੀ..

ਸਾਵਣ - ਅੱਜ ਮੇਰਾ ਵਕਤ ਆਪਦਾ ਹੈ, ਭਾਵੇਂ ਵਪਾਰ ਕਰ ਲਓ ਭਾਵੇਂ ਲੁਟਾ ਦਿਉ। ਮੈਂ ਉਫ਼ ਨਹੀਂ ਕਹਾਂਗੀ।

ਮੈਂ - ਸ਼ਬਦਾਂ ਦੇ ਤੀਰ ਆ ਇਹ, ਚੁਭਦੇ ਵੀ ਨੇ ਤੇ ਦਰਦ ਵੀ ਨਹੀਂ ਹੁੰਦਾ।

ਉਹ ਮੁਸਕਰਾਈ ਤੇ ਚੁੱਪ ਹੋ ਗਈ। ਮੈਂ ਉਸ ਨੂੰ ਬਾਂਹੋਂ ਫੜਿਆ ਤੇ ਇੱਕ ਹੋਟਲ ਦੇ ਕਮਰੇ ਵਿੱਚ ਲੈ ਗਿਆ। ਤੇ ਬੂਹਾ ਬੰਦ ਕਰ

ਤਾ। ਉਹ ਮੇਰੇ ਵੱਲ ਵਧੀ ਤੇ ਮੈਨੂੰ ਬਾਹਾਂ ਵਿੱਚ ਭਰ ਲਿਆ। ਮੈਂ ਵੀ ਇੰਜ ਹੀ ਕੀਤਾ। ਉਪਰਾਂਤ ਉਸ ਦੇ ਚੇਹਰੇ ਨੂੰ ਆਪਣੇ ਹੱਥ ਨਾਲ ਠੋਡੀ ਤੋਂ ਉੱਪਰ ਚੁੱਕਿਆ ਤੇ ਲਬਾਂ ਨਾਲ ਲਬਾਂ ਨੂੰ ਮਿਲਾਂ ਦਿੱਤਾ। ਉਸ ਤੋਂ ਬਾਅਦ ਪਤਾ ਹੀ ਨਾ ਲੱਗਾ ਕਿ ਕੱਦ ਦੋ ਜਿਸਮ ਇੱਕ ਹੋ ਗਏ। ਮੈਂ ਆਪਣੀ ਜਿੰਦਗੀ ਵਿੱਚ ਪਹਿਲੀ ਵਾਰ ਕਿਸੇ ਔਰਤ ਨਾਲ ਜਿਸਮਾਨੀ ਤੜਪ ਨਹੀਂ ਸੀ ਮਿਟਾ ਰਹਾਂ। ਫਰਕ ਇਹ ਸੀ ਕਿ ਬੀਤੇ ਜਿਸਮਾਨੀ ਰਿਸ਼ਤਿਆਂ ਵਿੱਚ ਮੇਰੀ ਖੁੱਦਗਰਜ਼ੀ ਤੇ ਵਾਸਨਾ ਸੀ। ਪਰ ਇਸ ਵਾਰ ਵਾਸਨਾ ਤੋਂ ਇਲਾਵਾ ਕਿਸੇ ਨੂੰ ਆਪਣਾ ਬਣਾਉਣ ਦਾ ਅਹਿਸਾਸ ਵੀ ਸੀ। ਕਾਫੀ ਸਮਾਂ ਗੁਜਰ ਗਿਆ। ਉਹ ਮੇਰੀ ਬਾਂਹ ਤੇ ਸਿਰ ਰੱਖ ਅਜੇ ਵੀ ਪਿਆਰ ਵਿੱਚ ਮਸਤ ਸੀ। ਮੈਂ ਸ਼ਾਂਤ ਸੀ। ਅਚਾਨਕ ਉਸਤਾਦ ਸ਼ਿਵ ਕੁਮਾਰ ਦੀ ਲਿਖੀ ਕਵਿਤਾ ਮੇਰੇ ਜਹਿਨ ਵਿੱਚ ਆ ਗਈ। ਜੋ ਕਿ ਲੂਣਾ ਦਾ ਇੱਕ ਹਿੱਸਾ ਸੀ..

ਕੱਲ੍ਹ ਦਾ ਦਿਹੁੰ ਵੀ

ਕੈਸਾ ਦਿਹੁੰ ਸੀ

ਕੈਸੀ ਸੀ

ਉਸਦੀ ਖੁਸ਼ਬੋਈ

ਆਪਣੀਆਂ ਆਪ ਗੋਲਾਈਆਂ ਚੁੰਮਦੀ

ਭਰ ਜੋਬਨ ਵਿੱਚ

ਨਾਰ ਜਿਉਂ ਕੋਈ,

ਪਰ ਅੱਜ ਦਾ ਦਿਹੁੰ

ਕੈਸਾ ਦਿਹੁੰ ਹੈ

ਕੈਸੀ ਹੈ

ਇਸ ਦੀ ਖ਼ੁਸ਼ਬੋਈ

ਰਾਤ ਉਨੀਂਦਾ ਭੋਗਣ ਪਿੱਛੋਂ

ਜਿਵੇਂ ਵੇਸਵਾ

ਸੁੱਤੀ ਕੋਈ।

ਪਤਾ ਹੀ ਨਾ ਲੱਗਾ ਕਿ ਇਹ ਕਿਵੇਂ ਮੇਰੀ ਸੋਚ ਵਿੱਚ ਆ ਗਈ। ਮੈਂ ਖੁੱਦ ਨੂੰ ਕੋਸਿਆ ਤੇ ਸੋਚਣ ਲੱਗਾ ਕਿ ਕਿਤੇ ਮੈਂ ਸਾਵਣ ਨਾਲ ਗ਼ਲਤ ਤਾਂ ਨਹੀਂ ਕੀਤਾ ਜਾਂ ਫਿਰ ਉਸਦੀਆਂ ਭਾਵਨਾਵਾਂ ਨੂੰ ਠੇਸ ਤਾਂ ਨਹੀਂ ਪਹੁੰਚਾਈ। ਮੈਂ ਸੋਚਿਆ ਕਿ ਲੋੜ ਤੋਂ ਵੱਧ ਪੜਨਾ ਵੀ ਨੁਕਸਾਨ ਦਾਇਕ ਹੋ ਸਕਦਾ ਏ। ਮੈਂ ਬਣਾਵਟੀ ਮੁਸਕਾਨ ਨਾਲ ਉਸ ਵੱਲ ਦੇਖ ਮੁਸਕਰਾਇਆ ਤੇ ਉਸਦੇ ਮੱਥੇ ਨੂੰ ਚੁੰਮਿਆ। ਉਸ ਤੋਂ ਕੁਝ ਦੇਰ ਬਾਅਦ ਅਸੀਂ ਆਪਣੇ ਘਰਾਂ ਨੂੰ ਵਾਪਸ ਜਾਣ ਲਈ

ਤਿਆਰ ਹੋ ਗਏ। ਕੁਝ ਚਿਰ ਬਾਅਦ ਅਸੀਂ ਬਾਹਰ ਆਏ ਤੇ ਇੱਕ ਦੂਜੇ ਨੂੰ ਗਲ ਨਾਲ ਲਾਇਆ। ਅਲਵਿਦਾ ਆਖ ਅਸੀਂ ਦੋਨੋਂ ਆਪੋ ਆਪਣੇ ਘਰਾਂ ਨੂੰ ਰਵਾਨਾਂ ਹੋ ਗਏ।

ਰਾਤ ਹੋਣ ਤੱਕ ਘਰ ਵਾਪਿਸ ਪਰਤ ਆਇਆਂ। ਰਾਤ ਬੀਤ ਗਈ। ਉਸ ਰਾਤ ਉਸਦਾ ਕੋਈ ਸੰਦੇਸ਼ ਨਹੀਂ ਆਇਆ ਤੇ ਨਾ ਹੀ ਮੈਂ ਕੀਤਾ। ਮੈਂ ਬਹੁਤ ਪਰੇਸ਼ਾਨ ਹੋਇਆ। ਦੋ ਦਿਨ ਬਾਅਦ ਉਸਨੇ ਸੰਦੇਸ਼ ਭੇਜਿਆ।

ਸਾਵਣ - ਲੱਗਦਾ ਦੂਰ ਰਹਿਣਾ ਬਹਿਤਰ ਸੀ, ਕੋਲ ਤਾਂ ਜਾਪਦੇ ਸੀ। ਕੋਲ ਗਈ ਤਾਂ ਦੂਰ ਹੋ ਗਏ।

ਮੈਂ - ਮੈਂ ਅੱਤ ਦਾ ਸ਼ਰਮਿੰਦਾ ਹਾਂ,

ਆਪਣੀਆ ਦਲੀਲਾਂ ਤੇ,

ਨਾ ਮੈਂ ਆਪਣਾ ਮਨ ਸਮਝਾ ਪਾਉਂਦਾ ਹਾਂ,

ਤੇ ਨਾ ਹੀ ਤੇਰਾ ਸੁਭਾਅ ਸਮਝ ਸਕਿਆ।

ਸਾਵਣ - ਅਜਿਹਾ ਕੀ ਵਲਵਲਾ ਹੈ ਮੇਰੇ ਸੁਭਾਅ ਚ'?

ਮੈਂ - ਵਲਵਲਾ ਸੁਭਾਅ ਵਿੱਚ ਨਹੀਂ ਸ਼ਾਇਦ ਮੇਰੀ ਸੋਚ ਵਿੱਚ ਹੈ।

ਸਾਵਣ - ਸੋਚ ਬਦਲਣ ਲੱਗੀ?

ਮੈਂ - ਸਮਝਣਾ ਔਖਾ ਹੈ।

ਸਾਵਣ - ਲੱਗਦਾ ਜਿਸਮ ਨੇ ਰੂਹ ਨੂੰ ਦੂਰ ਕਰ ਦਿੱਤਾ?

ਮੈਂ - ਹਾਂ ਸ਼ਾਇਦ।

ਸਾਵਣ - ਨਿਖ਼ਾਰ ਆਵੇਗੇ ਜਾਂ ਨਹੀਂ?

ਮੈਂ - ਨਿਰਭਰ ਕਰਦਾ।

ਸਾਵਣ - ਕਿਸਤੇ?

ਮੈਂ - ਹਾਲਾਤਾਂ ਤੇ ਜਾਂ ਫਿਰ ਵਕਤ ਤੇ।

ਸਾਵਣ - ਕੋਈ ਨਵੀਂ ਕਵਿਤਾ ਲਿਖੀ?

ਮੈਂ - ਹਾਂ।

ਸਾਵਣ - ਸੁਣਾਓ ਦਿਉ।

ਮੈਂ -

ਤਬੀਅਤ ਮੇਰੀ ਤਾਂ ਉਸ ਦਿਨ ਤੋਂ ਰੁਸਵਾ ਹੋ ਗਈ ਸੀ,

ਜਦੋਂ ਇਨ੍ਹਾਂ ਤਰਸਦੀਆਂ ਅੱਖੀਆਂ ਨੂੰ ਤੂੰ,

ਰਾਤ ਦੀ ਰਾਣੀ ਵੇਲ ਵਾਂਗ ਮਹਿਕਦੀ,

ਕੋਇਲ ਦੀ ਕੂਕ ਵਾਂਗ ਚਹਿਕਦੀ,

ਪੈਲ ਪਾਉਂਦੇ ਮੋਰ ਵਾਂਗ ਟਹਿਕਦੀ,

ਆਸ਼ਿਕ ਦੀ ਪੀੜ ਵਾਂਗ ਸਹਿਕਦੀ,

ਝਾਂਜਰ ਦੇ ਬੋਰ ਵਾਂਗ ਖਹਿਕਦੀ,

ਮਛਲੀ ਦੀ ਪੂਛ ਵਾਂਗ ਲਹਿਕਦੀ,

ਪ੍ਰੀਤ ਦੀਆਂ ਗੱਲਾਂ ਵਿੱਚ ਬਹਿਕਦੀ,

ਨਜ਼ਰੀ ਆਉਣੀ ਬੰਦ ਹੋ ਗਈ ਸੀ।

ਕਵਿਤਾ ਆਖ ਮੈਂ ਚੁੱਪ ਹੋ ਗਿਆ ਤੇ ਜੁਆਬ ਦੀ ਉਡੀਕ ਕਰਨ ਲੱਗਾ। ਪਰ ਉਸ ਤੋਂ ਬਾਅਦ ਕੋਈ ਜੁਆਬ ਨਾ ਆਇਆ। ਕਈ ਦਿਨ ਬੀਤ ਗਏ, ਕਈ ਮਹੀਨੇ ਤੇ ਫਿਰ ਸਾਲ, ਪਰ ਅੱਜ ਤੱਕ ਉਸਦਾ ਨਾ ਕੋਈ ਸੰਦੇਸ਼ ਆਇਆ ਨਾ ਫੋਨ। ਮੈਂ ਬਹੁਤ ਸੰਦੇਸ਼ ਭੇਜੇ ਤੇ ਫੋਨ ਮਿਲਾਇਆ। ਪਰ ਨਾ ਤਾਂ ਸੰਦੇਸ਼ ਦੇ ਜੁਆਬ ਆਇਆ ਤੇ ਨਾ ਹੀ ਫੋਨ ਮਿਲਿਆ। ਮੇਰੀ ਸਮਝ ਤੋਂ ਬਾਹਰ ਹੋ ਗਿਆ ਕਿ ਆਖਿਰ ਹੋਇਆ ਕੀ? ਮੈਥੋਂ ਕੀ ਗਲਤੀ ਹੋ ਗਈ ਜੋ ਮੈਨੂੰ ਉਸ ਤੋਂ

ਦੂਰ ਰਹਿਣ ਦੀ ਸਜ਼ਾ ਮਿਲੀ। ਜਾਂ ਫਿਰ ਉਸ ਨਾਲ ਕੋਈ ਅਣਚਾਹੀ ਘਟਨਾ ਤਾਂ ਨਹੀਂ ਹੋ ਗਈ। ਅੱਜ ਤੱਕ ਮੈਂ ਉਸਦੀ ਉਡੀਕ ਵਿੱਚ ਹਾਂ ਕਿ ਉਸਦਾ ਕੋਈ ਸੰਦੇਸ਼ ਆ ਜਾਵੇ।

ਫਿਰ ਸੋਚਦਾ ਹਾ ਸ਼ਾਇਦ ਇਹੀ ਮੇਰੀ ਕਿਸਮਤ ਵਿੱਚ ਸੀ। ਕਿਸੇ ਵਕਤ ਤਾਂ ਲੱਗਦਾ ਕਿ ਕਿਤੇ ਉਸਦੇ ਜਿਸਮ ਦਾ ਮੁੱਲ ਮੈਂ 12000 ਤਾਂ ਨਹੀਂ ਪਾ ਲਿਆ। ਹਰ ਦਿਨ ਨਵੀਂ ਸੋਚ ਤੇ ਫਿਰ ਉਲਝਣ। ਅੱਜ ਤੱਕ ਇਹੀ ਭੁਗਤ ਰਹਾਂ ਹਾਂ। ਫਿਰ ਥੱਕ ਹਾਰ ਸੋਚਦਾ ਹਾਂ।

ਮੇਰੀਆਂ ਗਲਤੀਆਂ ਹੀ ਮੇਰੀਆਂ ਸਜ਼ਾਵਾਂ ਨੇ,

ਕੁਝ ਕੁ ਐਸੀਆਂ ਜੋ ਸੁਧਾਰੀਆਂ ਨਹੀਂ ਜਾ ਸਕਦੀਆਂ,

ਤੇ ਕੁਝ ਕੁ ਐਸੀਆਂ ਜੋ ਮੈਂ ਸੁਧਾਰਨਾ ਨਹੀਂ ਚਾਹੁੰਦਾ,

ਬਸ ਗੁਨਹਾਗਾਰ ਰਹਿਣਾ ਹੀ ਖੁਸ਼ ਦਿਲੀ ਹੈ।

ਅਕਸਰ ਹਾਲਾਤ ਇਹੋ ਜਿਹੇ ਹੋ ਜਾਂਦੇ ਨੇ ਕਿ ਇਨਸਾਨ ਨਾ ਚਾਹੁੰਦੇ ਵੀ ਅਜਿਹੀਆਂ ਗਲਤੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਜਿਸਦੀ ਉਸਨੇ ਖੁੱਦ ਤੋਂ ਉਮੀਦ ਨਾ ਕੀਤੀ ਹੋਵੇ। ਪਿਆਰ ਕੋਈ ਗਲਤੀ ਤਾਂ ਨਹੀਂ ਪਰ ਹਾਲਾਤ, ਵਕਤ ਤੇ ਨਜ਼ਰੀਆ ਇਸਦੀ

ਪਰਿਭਾਸ਼ਾ ਬਦਲ ਦੇਂਦੇ ਨੇ। ਜਿਸਮਾਨੀ ਰਿਸ਼ਤਿਆ ਕਾਰਨ ਅਕਸਰ ਰਿਸ਼ਤੇ ਖਰਾਬ ਹੁੰਦੇ ਦੇਖੇ ਗਏ ਨੇ ਕਿਸੇ ਨੂੰ ਜਿਸਮ ਦੀ ਭੁੱਖ ਹੈ ਤੇ ਕਿਸੇ ਨੂੰ ਪਿਆਰ ਦੀ। ਤੇ ਇਸਨੂੰ ਮਿਟਾਉਣ ਲਈ ਖੋਜ ਵੀ ਚੱਲਦੀ ਰਹਿੰਦੀ ਏ। ਸ਼ਾਇਦ ਕਹਾਣੀ ਦਾ ਪਾਤਰ ਪ੍ਰੀਤ ਵੀ ਇਸੇ ਭੁੱਖ ਦਾ ਸ਼ਿਕਾਰ ਹੋਵੇ। ਕਹਾਣੀ ਦਾ ਪਾਤਰ ਮੈਂ ਨਹੀਂ ਬਲਕਿ ਮੇਰਾ ਇੱਕ ਸੱਜਣ ਪ੍ਰੇਮੀ ਹੈ। ਜੋ ਆਪਣੀ ਹੱਢ ਬੀਤੀ ਇਸ ਕਹਾਣੀ ਰਾਹੀਂ ਮੁੜ ਤੋਂ ਸਾਵਣ ਨੂੰ ਪਾਉਣ ਦੀ ਇੱਛਾ ਰੱਖਦਾ ਹੈ।

ਕੋਣ ਦੋਸ਼ੀ ਹੈ? ਕਿਸਦੀ ਗਲਤੀ ਹੈ? ਕੀ ਸਾਵਣ ਨੂੰ ਵਿਆਹੇ ਹੋਣ ਦੇ ਬਾਵਜੂਦ ਕਹਾਣੀ ਪਾਤਰ ਪ੍ਰੀਤ ਨਾਲ ਰਿਸ਼ਤਾ ਬਣਾਉਣ ਦੀ ਲੋੜ ਸੀ? ਜਾਂ ਫਿਰ ਕੀ ਕਹਾਣੀ ਪਾਤਰ ਪ੍ਰੀਤ ਨੂੰ ਸਾਵਣ ਦੀ ਅਸਲ ਸਚਾਈ ਤੋਂ ਜਾਣੂ ਹੁੰਦੇ ਹੋਏ ਵੀ ਉਸ ਨਾਲ ਪਿਆਰ ਅਤੇ ਜਿਸਮਾਨੀ ਤਾਲੂਕਾਤ ਬਣਾਉਣੇ ਜਾਇਜ ਸਨ? ਜਿਸਮਾਨੀ ਰਿਸ਼ਤੇ ਬਾਅਦ ਕਿਉਂ ਸਾਵਣ ਨੇ ਕਹਾਣੀ ਪਾਤਰ ਪ੍ਰੀਤ ਨਾਲ ਮੁੜ ਤੋਂ ਸੰਪਰਕ ਨਹੀਂ ਬਣਾਇਆ? ਕੀ ਸੱਚ ਮੁੱਚ ਤਾਂ ਉਸਨੇ ਸਾਵਣ ਦੇ ਜਿਸਮ ਦਾ ਮੁੱਲ ਘੜੀ ਦੀ ਭੇਟ ਵਜੋਂ 12000 ਤਾਂ ਨਹੀਂ ਪਾਇਆ? ਜਾਂ ਦੋਨੋਂ ਕਿਸੇ ਗਲਤ ਫਹਿਮੀ ਦੇ ਸ਼ਿਕਾਰ ਤਾਂ ਨਹੀਂ? ਇਹ ਤਾਂ ਇੱਕ ਲੁਕਿਆ ਭੇਦ ਹੈ। ਸਵਾਲ ਬਹੁਤ ਨੇ ਤੇ ਜੁਆਬ ਗੁੰਝਲਦਾਰ। ਜੋ ਅਸਾਨੀ ਨਾਲ ਸੋਚ ਵਿੱਚ ਆਉਣ ਵਾਲੇ ਨਹੀਂ।

ਇਹ ਤਾਂ ਨਿਰਭਰ ਕਰਦਾ.. ਸੋਚ ਤੇ, ਵਕਤ ਤੇ ਜਾਂ ਫਿਰ ਹਾਲਾਤਾਂ ਤੇ।

ਮੁੱਲ 12 ਹਜਾਰ

(ਭਾਗ ਦੂਜਾ)

ਪ੍ਰੀਤ ਸਿੰਘ ਬੈਲੀ

ਮੁੱਲ 12 ਹਜਾਰ(ਭਾਗ ਦੂਜਾ)

ਬੜਾ ਸੋਹਣਾ ਮੁੱਲ ਪਾਇਆ ਏ ਮੇਰਿਆਂ ਜਜ਼ਬਾਤਾਂ ਦਾ, ਕਹਾਣੀਆਂ ਬਣਾ-ਬਣਾ ਕੇ ਵੇਚ ਰਿਹਾ ਏ?

ਫੇਸਬੁੱਕ ਦੇ ਕਿਸੇ ਅਣਜਾਣ ਖਾਤੇ ਤੋਂ ਸੰਦੇਸ਼ ਆਇਆ.. ਮੈਂ ਸੰਦੇਸ਼ ਪੜਿਆ ਤੇ ਸੋਚੀਂ ਪੈ ਗਿਆ ਕਿ ਕਿਸਨੇ, ਏਵੇਂ ਦਾ ਸੰਦੇਸ਼ ਭੇਜਿਆ। ਫਿਰ ਮੇਰਾ ਧਿਆਨ ਸਾਵਣ ਦੀ ਤਰਫ ਗਿਆ। ਮੈਂ ਤੁਰੰਤ ਹੀ ਜੁਆਬ ਵਿੱਚ ਸਵਾਲ ਕੀਤਾ...

ਕੌਣ ਸਾਵਣ?

ਜੁਆਬ ਆਇਆ..

ਕਿਉਂ ਕਿਸੇ ਹੋਰ ਤੇ ਵੀ ਕਹਾਣੀਆਂ ਲਿਖਵਾਈਆਂ ਨੇ?

ਮੈਂ ਕਾਫੀ ਸੋਚਾਂ ਵਿੱਚ ਪੈ ਗਿਆਂ। ਫਿਰ ਦਿਮਾਗ ਵਿੱਚ ਗੱਲ ਆਈ ਕਿ ਸ਼ਾਇਦ ਇਸਨੇ ਪ੍ਰੀਤ ਦੀ ਲਿਖੀ ਕਹਾਣੀ ਮੁੱਲ ਬਾਰਾਂ ਹਜਾਰ ਪੜ ਲਈ ਏ। ਕਿੰਨੇ ਚਿਰ ਤੱਕ ਮੈਨੂੰ ਉਸਦੇ ਸਵਾਲ ਦਾ ਕੋਈ ਜੁਆਬ ਨਾ ਆਇਆ। ਫਿਰ ਮੈਂ ਸੋਚਿਆ ਕਿ ਇਹ ਤਾਂ ਲਿਖਵਾਈ ਹੀ ਏਸੇ ਕਰਕੇ ਸੀ ਕਿ ਸਾਵਣ ਤੱਕ ਪਹੁੰਚੇ ਤੇ ਮੁੜ ਉਸ ਨਾਲ ਰਿਸ਼ਤਾ ਜੁੜੇ। ਪਰ ਪਤਾ ਨਹੀਂ ਕਿਉਂ ਮੈਨੂੰ ਉਸਦੇ

ਸਵਾਲਾਂ ਦੇ ਜੁਆਬ ਦੇਣ ਵਿੱਚ ਖੁਸ਼ੀ ਮਹਿਸੂਸ ਨਹੀਂ ਸੀ ਹੋ ਰਹੀ। ਕਰੀਬ ਤਿੰਨ ਸਾਲ ਬਾਅਦ ਉਸ ਨਾਲ ਗੱਲ ਹੋ ਰਹੀ ਸੀ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਉਸਦੇ ਸ਼ਿਕਵਿਆਂ ਸਾਹਮਣੇ ਮੇਰੇ ਦਿਲ ਦੇ ਅਰਮਾਨਾਂ ਦੀਆਂ ਗੱਲਾਂ ਫਿੱਕੀਆਂ ਜਾਪ ਰਹੀਆਂ ਸਨ। ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਜੁਆਬ ਦੇਵਾਂ। ਇਹ ਪਹਿਲੀ ਵਾਰ ਹੋ ਰਿਹਾ ਸੀ ਕਿ ਕਿਸੇ ਦੇ ਸਵਾਲਾਂ ਦਾ ਜੁਆਬ ਦੇਣ ਬਾਰੇ ਮੈਂ ਐਨਾ ਸੋਚ ਰਿਹਾ ਹੋਵਾਂ। ਖੈਰ ਮੈਂ ਜੁਆਬ ਦਿੱਤਾ..

ਕੀ ਤੈਨੂੰ ਪੜਨ ਨੂੰ ਮਿਲੀਆਂ ਨੇ ਜੋ ਲੱਗਣ ਕਿ ਮੈਂ ਲਿਖਵਾਈਆਂ ਹੋਣ?

ਜੁਆਬ ਆਇਆ..

ਮੈਂ ਕਿਵੇਂ ਜਾਣ ਸਕਦੀ ਹਾਂ? ਇਹ ਤਾਂ ਤੁਸੀਂ ਜਾਣਦੇ ਹੋਵੋਗੇ ਜਾਂ ਫਿਰ ਉਹ ਜਿਸ ਤੇ ਕਹਾਣੀ ਲਿਖੀ ਹੋਵੇ। ਬਾਕੀ ਮੈਂ ਕਿਸੇ ਹੋਰ ਤੋਂ ਕੀ ਲੈਣਾ ਏ? ਮੁੱਦਾ ਤਾਂ ਮੇਰਾ ਏ? ਕਿ ਮੇਰੇ ਤੇ ਕਹਾਣੀ ਕਿਉਂ ਲਿਖਵਾਈ ਗਈ?

ਮੈਂ ਜੁਆਬ ਦਿੱਤਾ..

ਤਾਂ ਜੋ ਤੇਰੇ ਤੱਕ ਪੁੱਜ ਸਕੇ ਤੇ ਮੈਨੂੰ ਪਤਾ ਲੱਗੇ ਰਿਸ਼ਤਾ ਤੋੜਨ ਵਿੱਚ ਤੇਰੀ ਗਲਤੀ ਹੈ ਜਾਂ ਫਿਰ ਮੈਂ ਖੁੱਦ ਨੂੰ ਹੀ ਦੋਸ਼ੀ ਮੰਨਦਾ ਰਹਾਂ?

ਜੁਆਬ ਆਇਆ..

ਤੁਹਾਨੂੰ ਕੀ ਲੱਗਦਾ ਕਿਸਨੇ ਰਿਸ਼ਤੇ ਨੂੰ ਤੋੜਨ ਵਿੱਚ ਪਹਿਲ ਕੀਤੀ?

ਮੈਂ ਜੁਆਬ ਦਿੱਤਾ..

ਤੂੰ ਕਹਾਣੀ ਪੜੀ ਏ?

ਜੁਆਬ ਆਇਆ..

ਹਾਂ।

ਮੈਂ ਜੁਆਬ ਦਿੱਤਾ..

ਫਿਰ ਤੂੰ ਦੱਸ ਕਿਸਦੀ ਗਲਤੀ ਹੈ?

ਜੁਆਬ ਆਇਆ..

ਮੈਨੂੰ ਲੱਗਿਆ ਕਿ ਆਪ ਨੇ ਮੇਰੇ ਜਿਸਮ ਤੇ ਜਜ਼ਬਾਤਾਂ ਦਾ ਮੁੱਲ ਇੱਕ ਘੜੀ ਦੇ ਵਟਾਂਦਰੇ ਤੇ ਪਾ ਲਿਆ।

ਮੈਂ ਜੁਆਬ ਦਿੱਤਾ..

ਅੱਛਾ.. ਕੀ ਤੈਨੂੰ ਜਿਸਮ ਦੀ ਭੁੱਖ ਨਹੀਂ ਸੀ? ਕੀ ਸਿਰਫ ਮੈਂ ਹੀ ਤੇਰੇ ਨਾਲ ਜਿਸਮ ਲਈ ਰਿਸ਼ਤਾ ਜੋੜਿਆ ਸੀ? ਜ਼ਰਾ ਖੁੱਦ ਵੱਲ ਵੀ ਝਾਤੀ ਮਾਰ ਸੱਜਣਾ, ਕਿਤੇ ਇਹ ਨਾ ਹੋਵੇ ਸਾਰੇ ਦੋਸ਼ ਮੇਰੇ ਸਿਰ ਮੜ ਖੁੱਦ ਬਰਖਾਸਤ ਹੋ ਜਾਵੇਂ ਰਿਸ਼ਤੇ ਤੋਂ ਵੀ ਤੇ ਗਲਤੀਆਂ ਤੋਂ ਵੀ।

ਜੁਆਬ ਆਇਆ..

ਫਿਰ ਕਿਸ ਤੇ ਦੋਸ਼ ਲਾਵਾਂ? ਜੇ ਆਪਣੇ ਆਪ ਨੂੰ ਹੀ ਇਸਦਾ ਦੋਸ਼ੀ ਮੰਨੀ ਗਈ ਫਿਰ ਤਾਂ ਮੈਂ ਕੱਖਾਂ ਤੋਂ ਵੀ ਹੌਲੀ ਹੋ ਜਾਵਾਂਗੀ।

ਮੈਂ ਜੁਆਬ ਦਿੱਤਾ..

ਬੰਦਾ ਆਪਣੇ ਪਿਛੋਕੜ ਤੋਂ ਨਹੀਂ ਭੱਜ ਸਕਦਾ। ਭਾਵੇਂ ਉਹ ਸੋਹਣਾ ਹੋਵੇ ਜਾਂ ਭੱਦਾ।

ਜੁਆਬ ਆਇਆ..

ਦੱਸੋ ਫਿਰ ਕਿਸ ਨੂੰ ਦੋਸ਼ੀ ਮੰਨੀਏ?

ਮੈਂ ਜੁਆਬ ਦਿੱਤਾ..

ਤੂੰ ਖੁੱਦ ਨੂੰ ਮੰਨ ਲਾ। ਮੈਂ ਤਾਂ ਖੁੱਦ ਨੂੰ ਮੰਨਦਾ ਹੀ ਆ। ਬਾਕੀ ਤੂੰ ਵਿਚਾਰ ਕਰ ਲੈ।

ਜੁਆਬ ਆਇਆ..

ਚਲੋ ਠੀਕ ਹੈ ਮੈਂ ਮੰਨਦੀ ਹਾਂ ਕਿ ਮੇਰਾ ਵੀ ਦੋਸ਼ ਹੈ ਪਰ ਇਸਦਾ ਨਤੀਜ਼ਾ ਕੀ ਫਿਰ?

ਮੈਂ ਜੁਆਬ ਦਿੱਤਾ..

ਰਿਸ਼ਤਾ ਮੁੜ ਤੋਂ ਜੁੜ ਜਾਵੇਗਾ..

ਜੁਆਬ ਆਇਆ..

ਪਰ ਮੈਂ ਮੁੜ ਤੋਂ ਇਸ ਉਲਝਣ ਵਿੱਚ ਨਹੀਂ ਫਸਣਾ ਚਾਹੁੰਦੀ। ਮੈਂ ਨਹੀਂ ਚਾਹੁੰਦੀ ਕਿ ਮੇਰੀ ਬੇ ਵਫਾਈ ਤੇ ਆਪ ਕਵਿਤਾਵਾਂ ਜਾਂ ਕਹਾਣੀਆਂ ਲਿਖੋਂ ਤੇ ਖੁੱਦ ਨਾਲ ਮੈਨੂੰ ਵੀ ਮਸ਼ਹੂਰ ਕਰੋ।

ਮੈਂ ਜੁਆਬ ਦਿੱਤਾ..

ਕਾਰਨ ਕਹਾਣੀਆਂ ਜਾਂ ਕਵਿਤਾਵਾਂ ਤਾਂ ਨਹੀਂ ਲੱਗਦੀਆਂ?

ਜੁਆਬ ਆਇਆ..

ਮੈਂ ਦੋ ਰਿਸ਼ਤੇ ਨਹੀਂ ਨਿਭਾ ਸਕਦੀ। ਇੱਕ ਪਤਨੀ ਦਾ ਤੇ ਦੂਜਾ ਪ੍ਰੇਮਿਕਾ ਦਾ।

ਮੈਂ ਜੁਆਬ ਦਿੱਤਾ..

ਪਹਿਲਾਂ ਤਾਂ ਇਹੋ ਜਿਹੀ ਕੋਈ ਸਮੱਸਿਆ ਨਹੀਂ ਸੀ? ਇਹ ਆਪਣੇ ਦੌਰਾਨ ਬਣੇ ਜਿਸਮਾਨੀ ਰਿਸ਼ਤੇ ਬਾਅਦ ਖਿਆਲ ਆਇਆ ਜਾਂ ਫਿਰ ਪਹਿਲਾਂ?

ਜੁਆਬ ਆਇਆ..

ਬੇਸ਼ੱਕ ਬਾਅਦ ਵਿੱਚ।

ਮੈਂ ਜੁਆਬ ਦਿੱਤਾ..

ਮੈਂ ਅਕਸਰ ਦੇਖਿਆ ਹੈ। ਔਰਤਾਂ ਨੂੰ ਕਿਸੇ ਗੈਰ ਮਰਦ ਨਾਲ ਜਿਸਮਾਨੀ ਤਾਲੂਕਾਤ ਬਣਾਉਣ ਤੋਂ ਬਾਅਦ ਖੁੱਦ ਨੂੰ ਸਤੀ ਸਾਵਿਤਰੀ ਬਣਾਉਣ ਨੂੰ ਜਾਂ ਅਖਵਾਉਣ ਨੂੰ ਦਿਲ ਕਰਦਾ ਹੈ। ਪਰ ਨਮੋਸ਼ੀ ਦੀ ਗੱਲ ਹੈ ਕਿ ਇਹ ਸੰਭਵ ਨਹੀਂ।

ਜੁਆਬ ਆਇਆ..

ਆਪ ਮੈਨੂੰ ਲਾਹਨਤਾਂ ਪਾ ਰਹੇ ਹੋ। ਇਹ ਠੀਕ ਗੱਲ ਨਹੀਂ।

ਮੈਂ ਜੁਆਬ ਦਿੱਤਾ..

ਹਾ.ਹਾ.ਹਾ.ਹਾ.ਹਾ. ਸੱਚੀਆਂ ਗੱਲਾਂ ਲਾਹਨਤਾਂ ਹੀ ਜਾਪਦੀਆਂ ਨੇ।

ਜੁਆਬ ਆਇਆ..

ਮੈਨੂੰ ਨਹੀਂ ਲੋੜ ਇਹਨਾਂ ਲਾਹਨਤਾਂ ਦੀ। ਆਪਣੇ ਕੋਲ ਰੱਖੋਂ। ਮੈਂ ਨਹੀਂ ਰਿਸ਼ਤੇ ਨੂੰ ਅੱਗੇ ਤੋਰ ਸਕਦੀ। ਆਪਣਾ ਪਤਾ ਭੇਜ ਦਿਉ। ਆਪਦੀ ਘੜੀ ਵਾਪਿਸ ਭੇਜ ਦੇਵਾਂਗੀ।

ਮੈਂ ਜੁਆਬ ਦਿੱਤਾ..

ਮੈਂ ਦਿੱਤੀਆਂ ਹੋਈਆਂ ਚੀਜ਼ਾ ਵਾਪਿਸ ਨਹੀਂ ਲੈਦਾ।

ਜੁਆਬ ਆਇਆ..

ਫਿਰ ਇਸਦਾ ਮਤਲਬ ਆਪ ਨੇ ਸੱਚ-ਮੁੱਚ ਹੀ ਮੇਰੇ ਨਾਲ ਰਿਸ਼ਤੇ ਦਾ ਮੁੱਲ ਘੜੀ ਦੇ ਵਜੋਂ ਪਾਇਆ ਏ।

ਮੈਂ ਜੁਆਬ ਦਿੱਤਾ..

ਜੇ ਤੈਨੂੰ ਇੰਝ ਲੱਗਦਾ ਤਾਂ ਠੀਕ ਹੈ ਭੇਜ ਦੇ ਘੜੀ ਵਾਪਿਸ। ਤੇਰੇ ਦਿਲ ਦਾ ਭਾਰ ਹੌਲਾ ਹੋਜੂਗਾ।

ਜੁਆਬ ਆਇਆ..

ਠੀਕ ਹੈ ਭੇਜੋ ਪਤਾ।

ਮੈਂ ਆਪਣਾ ਪੂਰਾ ਪਤਾ ਭੇਜ ਦਿੱਤਾ। ਉਸਨੇ ਸੰਦੇਸ਼ ਪੜਿਆ ਪਰ ਉਸ ਤੋਂ ਬਾਅਦ ਕੋਈ ਜੁਆਬ ਨਾ ਦਿੱਤਾ। ਮੈਂ ਖੁੱਦ ਤੇ ਰੋਸ ਕੀਤਾ ਕਿ ਕਾਹਲੀ ਵਿੱਚ ਸਾਵਣ ਤੋਂ ਹੋਰ ਦੂਰੀ ਬਣਾ ਲਈ। ਇਹ ਤਾਂ ਭਰਵਾਂ ਨੁਕਸਾਨ ਹੋ ਗਿਆ। ਪਰ ਫੋਕੀ ਆਕੜ ਕਾਰਨ ਮੈਂ ਨਾ ਤਾਂ ਮੁਆਫੀ ਮੰਗੀ ਤੇ ਨਾ ਹੀ ਕੋਈ ਆਪਣੇ ਪਤੇ ਤੋਂ ਇਲਾਵਾ ਕੋਈ ਹੋਰ ਸੰਦੇਸ਼ ਭੇਜਿਆ। ਪਰ ਮਨ ਬਹੁਤ ਭਟਕਣ ਲੱਗਾ। ਫਿਰ ਕਾਫੀ ਦਿਨ ਗੁਜਰ ਗਏ। ਉਸਦਾ ਕੋਈ ਨਾ ਫੋਨ ਆਇਆ ਨਾ ਹੀ ਸੰਦੇਸ਼। ਫਿਰ ਇੱਕ ਦਿਨ ਡਾਕੀਆ ਆਇਆ ਤੇ ਕਾਗਜ਼ਾਂ ਨਾਲ ਲਵੇਟਿਆ ਇੱਕ ਡੱਬਾ ਫੜਾ ਗਿਆ। ਮੈਂ ਉਸਨੂੰ ਖੋਲਿਆ ਤਾਂ ਵਿੱਚ ਓਹੀ ਘੜੀ ਸੀ ਜੋ ਮੈਂ ਸਾਵਣ ਨੂੰ ਲੈ ਕੇ ਦਿੱਤੀ ਸੀ। ਮੈਨੂੰ ਬੜਾ ਝਟਕਾ ਲੱਗਾ ਕਿ ਇਹ ਕੀ ਹੋ ਗਿਆ। ਕਿਉਂਕਿ ਮੈਂ ਨਹੀਂ ਸੀ ਸੋਚਿਆ ਕਿ ਸਾਵਣ ਸੱਚ-ਮੁੱਚ ਹੀ ਘੜੀ ਨੂੰ ਵਾਪਿਸ ਭੇਜ ਦੇਵੇਗੀ। ਖੈਰ ਹੁਣ ਪਛਤਾਵੇ ਤੋਂ ਬਿਨਾ ਹੋਰ ਕੁਝ ਨਹੀਂ ਸੀ ਕਰ ਸਕਦਾ। ਮੈਂ ਵਿੱਚੋਂ ਘੜੀ ਕੱਢੀ ਤੇ ਦੇਖਿਆ ਕਿ ਘੜੀ ਰੁਕੀ ਹੋਈ ਸੀ ਨਾਲ ਹੀ ਇੱਕ ਚਿੱਠੀ ਸੀ। ਮੈਂ ਚਿੱਠੀ ਕੱਢੀ ਤੇ ਪੜਨ ਲੱਗਾ..

"ਮੈਂ ਸਾਵਣ। ਵੈਸੇ ਦੱਸਣ ਦੀ ਲੋੜ ਤਾਂ ਨਹੀਂ ਸੀ ਜਾਪਦੀ। ਘੜੀ ਦੇਖ ਆਪ ਸਮਝ ਹੀ ਗਏ ਹੋਵੋਗੇ। ਖੈਰ ਮੇਰੇ ਕੋਲ ਆਪਦੀ

ਅਮਾਨਤ ਸੀ। ਬੜੇ ਵਕਤ ਤੋਂ ਮੇਰੇ ਕੋਲ ਪਈ ਹੋਈ ਸੀ। ਮੈਂ ਕਾਫੀ ਚਿਰ ਤੋਂ ਇਸ ਨੂੰ ਵਕਤ ਵੇਖਣ ਲਈ ਇਸਤਿਮਾਲ ਕਰਨਾ ਬੰਦ ਕਰ ਦਿੱਤਾ ਸੀ। ਦਰਅਸਲ ਮੈਂ ਸਦਾ ਲਈ ਹੀ ਵਕਤ ਵੇਖਣਾ ਬੰਦ ਕਰ ਦਿੱਤਾ ਹੈ। ਕਿਉਂਕਿ ਮੇਰਾ ਵਕਤ ਜ਼ਿਆਦਾਤਰ ਖਰਾਬ ਹੀ ਰਿਹਾ ਹੈ। ਇਸ ਲਈ ਇਸਨੂੰ ਵੇਖਣਾ ਨਾ ਵੇਖਣਾ ਕੋਈ ਮਾਇਨੇ ਨਹੀਂ ਰੱਖਦਾ। ਤੇ ਮੇਰੇ ਕੋਲ ਕਿਸੇ ਤਰ੍ਹਾਂ ਦੀ ਘੜੀ ਦਾ ਹੋਣਾ ਵੀ ਫਜ਼ੂਲ ਹੀ ਹੈ। ਇਸ ਲਈ ਘੜੀ ਦੇਖ ਹੈਰਾਨ ਹੋਣ ਦੀ ਲੋੜ ਨਹੀਂ।

ਮੈਂ ਜਿਆਦਾ ਗੱਲਾਂ ਨਾ ਕਰ, ਬਸ ਕੁਝ ਗੱਲਾਂ ਸਾਫ ਕਰਨਾ ਚਾਹੁੰਦੀ ਹਾਂ। ਜੋ ਕਿ ਮੈਨੂੰ ਲੱਗਦਾ ਹੋਣੀਆਂ ਜਰੂਰੀ ਨੇ, ਨਹੀਂ ਤਾਂ ਗਲਤਫਹਿਮੀਆਂ ਕਾਰਨ ਦਿਲ ਵਿੱਚ ਉਬਾਲ ਭਰਿਆ ਰਹਿੰਦਾ ਹੈ। ਸਭ ਤੋਂ ਪਹਿਲਾਂ ਘੜੀ ਦੀ ਗੱਲ ਕਰਦੀ ਹਾਂ। ਮੈਂ ਇਸ ਨੂੰ ਵਾਪਸ ਕਰਨ ਲਈ ਮਜਬੂਰ ਹਾਂ। ਕਿਉਂਕਿ ਮੈਂ ਜੱਦ ਵੀ ਇਸਨੂੰ ਦੇਖਦੀ ਹਾਂ ਤਾਂ ਮੈਨੂੰ ਇੰਝ ਲੱਗਦਾ ਹੈ ਕਿ ਜਿਵੇਂ ਮੈਂ ਇੱਕ ਘੜੀ ਲੈ ਆਪਣਾ ਵਕਤ, ਪਿਆਰ ਤੇ ਜਿਸਮ ਵੇਚ ਦਿੱਤਾ ਹੋਵੇ। ਤੇ ਸੋਚਦੀ ਹਾਂ ਕਿ ਸ਼ਾਇਦ ਆਪ ਨੇ ਮੇਰੇ ਨਾਲ ਖਰੀਦਦਾਰੀ ਕੀਤੀ ਹੋਵੇ। ਇਹ ਗੱਲ ਕਿਸ ਹੱਦ ਤੱਕ ਸਹੀ ਹੈ ਇਹ ਆਪ ਤੇ ਨਿਰਭਰ ਕਰਦਾ ਹੈ।

ਮੈਂ ਨਹੀਂ ਜਾਣਦੀ ਕਿ ਆਪ ਨੇ ਮੇਰੇ ਨਾਲ ਰੂਹ ਤੋਂ ਰਿਸ਼ਤਾ ਜੋੜਿਆ ਸੀ ਜਾਂ ਬਸ ਜਿਸਮ ਤੋਂ। ਪਰ ਮੈਂ ਆਪ ਨਾਲ ਜਰੂਰ ਰੂਹ ਤੋਂ ਜੁੜ ਚੁਕੀ ਸਾਂ। ਤੇ ਸ਼ਾਇਦ ਅੱਜ ਤੱਕ ਵੀ ਜੁੜੀ ਹੋਈ ਹਾਂ। ਇਸ ਗੱਲ ਤੋਂ ਮੈਨੂੰ ਇਨਕਾਰ ਨਹੀਂ ਕਿ ਮੈਨੂੰ ਵੀ ਜਿਸਮ ਦੀ ਤਲਬ ਸੀ ਤੇ ਆਪਣੇ ਬੁਰੇ ਵਕਤ ਨੂੰ ਚੰਗਾ ਬਣਾਉਣ ਲਈ ਆਪ ਨਾਲ ਰਿਸ਼ਤਾ ਜੋੜਿਆ ਤੇ ਫਿਰ ਤੋੜਿਆ ਵੀ ਮੈਂ ਹੀ। ਆਪ ਮੈਨੂੰ ਬੇਵਫਾ ਆਖ ਲਵੋ ਜਾਂ ਜੋ ਦਿਲ ਕਰੇ, ਮੈਨੂੰ ਕੋਈ ਰੋਸ ਨਹੀਂ। ਹਾਂ ਗਲਤੀ ਮੇਰੀ ਹੈ। ਮੈਂ ਹੋਰ ਗੱਲਾਂ ਨਹੀਂ ਕਰਨਾ ਚਾਹੁੰਦੀ, ਅਗਰ ਕਰਨ ਲੱਗੀ ਤਾਂ ਇਸ ਘੜੀ ਨੂੰ ਵਾਪਿਸ ਨਹੀਂ ਭੇਜ ਸਕਾਂਗੀ। ਬਸ ਇਹੀ ਕਹਿਣਾ ਚਾਹੁੰਦੀ ਹਾਂ ਕਿ ਜੇ ਹੋ ਸਕੇ ਤਾਂ ਮੇਰੀਆਂ ਭੁੱਲਾਂ ਨੂੰ ਕਬੂਲ ਕਰ ਲਓ ਤੇ ਮੁਆਫ ਕਰਨ ਦਾ ਯਤਨ ਕਰਨਾ। ਤਾਂ ਜੋ ਮੇਰੇ ਤੇ ਆਪ ਦੇ ਦਿਲ ਦਾ ਭਾਰ ਹੌਲਾ ਹੋ ਸਕੇ। ਰਹੀ ਗੱਲ ਆਪ ਨਾਲ ਪਿਆਰ ਦੀ ਤਾਂ ਉਹ ਅੱਜ ਵੀ ਹੈ। ਬਸ ਸਾਂਝਾ ਕਰਨਾ ਵੱਸ ਵਿੱਚ ਨਹੀਂ। ਹੁਣ ਆਪ ਮੁਆਫ ਕਰੋ ਜਾਂ ਸ਼ਿਕਵੇ ਸਭ ਕਬੂਲ ਨੇ। ਬਸ ਇਹੀ ਕਹਾਂਗੀ, ਧੰਨਵਾਦ ਸੱਜਣਾ ਮੇਰੀ ਜਿੰਦਗੀ ਵਿੱਚ ਕੁਝ ਖੁਸ਼ੀਆਂ ਭਰਨ ਲਈ ਜਿੰਨ੍ਹਾਂ ਨਾਲ ਆਪਣੀ ਜਿੰਦਗੀ ਕੱਟ ਸਕਾਂਗੀ। ਹਾਂ ਸੱਚ ਇਹ ਘੜੀ ਬੰਦ ਹੈ ਤੇ ਇਸ ਨੂੰ ਵਕਤ ਵੇਖਣ ਲਈ ਨਾ ਵਰਤਣਾ ਕਿਉਂਕਿ ਮੈਂ ਨਹੀਂ ਚਾਹੁੰਦੀ ਕਿ ਇਸਦਾ ਰੁਕਿਆ

ਸਮਾਂ ਮੁੜ ਤੋਂ ਚੱਲੇ ਤੇ ਮੇਰੇ ਲਈ ਵਕਤ ਨਾਲ ਬਦਲਣਾ ਔਖਾ ਹੋ ਜਾਵੇ। ਬਾਕੀ ਆਪਦੀ ਜੋ ਇੱਛਾ ਸੋ ਕਰਨਾ ਤੇ ਇਸ ਬੇਵਫਾ ਨੂੰ ਮੁਆਫ ਕਰਨ ਦੀ ਕੋਸ਼ਿਸ ਕਰਨਾ। ਧੰਨਵਾਦ।

ਸਾਵਣ।"

ਮੈਂ ਚਿੱਠੀ ਪੜ ਬੜੇ ਚਿਰ ਤੱਕ ਸ਼ਾਂਤ ਬੈਠਾ ਰਿਹਾ। ਮਨ ਬਹੁਤ ਭਰ ਚੁੱਕਾ ਸੀ। ਬੜੇ ਜ਼ੋਰ ਨਾਲ ਹੰਝੂਆਂ ਨੂੰ ਰੋਕਣ ਦਾ ਯਤਨ ਕਰ ਰਿਹਾ ਸੀ। ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੋ ਰਿਹਾ ਸੀ ਕਿ ਸਾਵਣ ਨਾਲ ਮੁੜ ਤੋਂ ਮਿਲਣ ਦੀ ਆਸ ਟੁੱਟ ਚੁੱਕੀ ਜਾਪਦੀ ਸੀ।

ਮੈਂ ਘੜੀ ਨੂੰ ਸਭ ਦੀਆਂ ਨਜਰਾਂ ਤੋਂ ਦੂਰ ਸਾਂਭ ਕੇ ਰੱਖ ਦਿੱਤਾ ਤੇ ਘਰ ਦੇ ਕੰਮਾਂ ਕਾਰਾਂ ਵਿੱਚ ਵਿਅਸਤ ਹੋ ਗਿਆ। ਬੜੇ ਦਿਨ ਬੀਤ ਗਏ। ਮੈਂ ਕਦੇ ਵੀ ਸਾਵਣ ਨਾਲ ਮੁੜ ਰਿਸ਼ਤਾ ਜੋੜਨ ਦੀ ਕੋਸ਼ਿਸ ਨਹੀਂ ਕੀਤੀ। ਪਰ ਉਸ ਤਰਫ ਖਿੱਚ ਹਮੇਸ਼ਾ ਰਹਿੰਦੀ। ਸਾਵਣ ਦੇ ਦੂਰ ਹੋਣ ਦਾ ਪ੍ਰਭਾਵ ਮੇਰੇ ਤੇ ਪੈਣ ਲੱਗਾ। ਜਿਸ ਕਾਰਨ ਮੈਂ ਕਈ ਕਵਿਤਾਵਾਂ ਤੇ ਸ਼ਇਰੀ ਉਸ ਲਈ ਲਿਖਦਾ। ਕਈ ਵਾਰ ਉਸ ਨੂੰ ਬੇ ਵਫਾ ਲਿਖਦਾ ਤੇ ਕਈ ਵਾਰ ਖੁੱਦ ਨੂੰ। ਇਹ ਕਵਿਤਾ ਮੈਨੂੰ ਖਾਸੀ ਪਸੰਦ ਹੈ।..

ਮੈਂ ਓਹੀ ਮੁਸਾਫਰ ਹਾਂ,

ਜੋ ਤੇਰੇ ਕੱਲਿਆਂ ਤੇ ਸੰਜੋਗੀ ਸੀ,

ਦੁੱਖ ਵੰਡਣੇ ਤੇ ਭੋਗੀ ਸੀ,

ਚਿੰਤਾ ਹਰਣ ਦਾ ਯੋਗੀ ਸੀ,

ਮੈਂ ਓਹੀ ਮੁਸਾਫਿਰ ਹਾਂ..

ਮੈਂ ਓਹੀ ਮੁਸਾਫਿਰ ਹਾਂ..

ਵੇ ਸੱਜਣਾ ਹੁਣ ਤੈਨੂੰ ਯਾਦ ਨਹੀਂ,

ਕੋਣ ਹਾਂ ਮੈਂ ਤੇਰੇ ਲਈ,

ਵੇ ਸੱਜਣਾ ਤੂੰ ਭੁੱਲ ਗਿਆ ਏ,

ਕੀ ਰਿਸ਼ਤੇ ਤੋੜੇ ਮੇਰੇ ਲਈ,

ਕਿੰਨੇ ਵਾਦੇ ਕੀਤੇ ਕਸਮਾਂ ਖਾਧੀਆਂ,

ਕੀ ਕੀ ਪਾਪੜ ਵੇਲੇ ਸੀ,

ਪਲਾਂ ਵਿੱਚ ਹੀ ਭੁੱਲ ਗਿਆ ਏ,

ਕਦਰ ਕੀ ਪੈਣੀ ਧੇਲੇ ਸੀ,

ਯਾਦ ਰੱਖੀਂ ਕਿਤੇ ਭੁੱਲੀ ਨਾ,

ਮੈਂ ਓਹੀ ਕਾਫਿਰ ਹਾਂ,

ਮੈਂ ਓਹੀ ਮੁਸਾਫਿਰ ਹਾਂ..

ਮੈਂ ਓਹੀ ਮੁਸਾਫਿਰ ਹਾਂ..

ਵੇ ਸੱਜਣਾ ਤੇਰਾ ਬੁਝਿਆ ਦੀਵਾ ਵੀ,

ਉਹ ਰੋਸ਼ਨ ਮੈਂ ਕੀਤਾ,

ਵੇ ਸੱਜਣਾ ਤੇਰੇ ਡੂੰਘਿਆਂ ਫੱਟੜਾ ਨੂੰ,

ਹਲੀਮੀ ਨਾਲ ਮੈਂ ਸੀਤਾ,

ਰੂਹ ਤਨ ਦੀ ਪਿਆਸ ਤੇਰੀ ਮਿੱਟ ਜਾਵੇ,

ਮੈਂ ਮਨ ਰੋਗ ਦੇ ਹੰਢਾਏ ਨੇ,

ਤੂੰ ਮਹਿਕੇ ਰਾਤ ਦੀ ਰਾਣੀ ਬਣ,

ਦਿਨ ਦੇ ਦੁੱਖ ਵੰਡਾਏ ਨੇ,

ਤੇਰਾ ਹਮਰਾਹੀ ਬਣਨੇ ਤੇ,

ਮੈਂ ਤਦ ਵੀ ਜਾਫਰ ਹਾਂ,

ਮੈਂ ਓਹੀ ਮੁਸਾਫਿਰ ਹਾਂ..

ਮੈਂ ਓਹੀ ਮੁਸਾਫਿਰ ਹਾਂ..

ਵੇ ਸੱਜਣਾ ਹੁਣ ਮੁੜਿਆ ਵੇ,

ਬਿਨ ਤੇਰੇ ਚਿੱਤ ਲੱਗਦਾ ਨੀ,

ਵੇ ਸੱਜਣਾ ਮੈਂ ਦਰਿਆ ਬਣਾ,

ਤੂੰ ਪਾਣੀ ਬਣ ਕੇ ਵਗਦਾ ਨੀ,

ਜਿੰਦ ਨਾ ਮੁੱਕ ਜੇ ਇਹੀ ਸੋਚਾਂ,

ਮੁੜ ਮਿਲਣਾ ਪਤਾ ਨੀ ਹੋਵੇਗਾ,

ਜੇ ਮੁੜ ਮਿਲਜੇ ਤਾਂ ਜਿੰਦ ਤੇਰੇ ਲੇਖੇ,

ਰੱਬ ਉਡੀਕਾਂ ਕਰਦਾ ਰੋਵੇਗਾ,

ਤੇਰੀ ਨਿਗਾ ਚਾ ਸੱਜਣ ਤੇ,

ਮੈਂ ਉਸਦੀ ਨਿਗਾ ਚਾ ਕਾਫਿਰ ਹਾਂ,

ਮੈਂ ਓਹੀ ਮੁਸਾਫਿਰ ਹਾਂ,

ਮੈਂ ਓਹੀ ਮੁਸਾਫਿਰ ਹਾਂ,

ਜੋ ਤੇਰੇ ਕੱਲਿਆਂ ਤੇ ਸੰਜੋਗੀ ਸੀ,

ਦੁੱਖ ਵੰਡਣੇ ਤੇ ਭੋਗੀ ਸੀ,

ਚਿੰਤਾ ਹਰਣ ਦਾ ਯੋਗੀ ਸੀ,

ਮੈਂ ਓਹੀ ਮੁਸਾਫਿਰ ਹਾਂ..

ਮੈਂ ਓਹੀ ਮੁਸਾਫਿਰ ਹਾਂ..

ਕਵਿਤਾਂਵਾਂ ਲਿਖਣਾ ਮੇਰਾ ਪੇਸ਼ਾ ਬਣਦਾ ਗਿਆ। ਮੈਂ ਫੇਸਬੁੱਕ ਤੇ ਹੋਰ ਸਮਾਜਿਕ ਖੇਤਰਾਂ ਵਿੱਚ ਆਪਣੀ ਕਵਿਤਾਵਾਂ ਤੇ ਸ਼ਇਰੀ ਭੇਜਦਾ ਰਹਿੰਦਾ ਜਿਸ ਕਾਰਨ ਉਹ ਲੋਕਾਂ ਨੂੰ ਪਸੰਦ ਆਉਣ ਲੱਗੀਆਂ। ਮੇਰੀਆਂ ਕਈ ਕਵਿਤਾਵਾਂ ਅਖਬਾਰਾਂ ਵਿੱਚ ਵੀ ਛਪਦੀਆਂ। ਸਮਾਂ ਬੀਤਦਾ ਗਿਆ ਤੇ ਮੈਂ ਸਾਵਣ ਦੇ ਪਿਆਰ ਦੀ ਓਟ ਲੈ ਲਿਖਦਾ ਰਿਹਾ। ਫਿਰ ਇੱਕ ਦਿਨ ਮੈਂ ਸੋਚਿਆ ਕਿ ਕਿਉਂ ਨਾ ਸਾਵਣ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਜਾਵੇ। ਕੋਸ਼ਿਸ਼ ਕਰਨ

ਵਿੱਚ ਕੀ ਹਰਜ ਹੈ। ਜਿਆਦਾ ਤੋਂ ਜਿਆਦਾ ਮੁਆਫੀ ਮੰਗ ਲਵਾਂਗਾ। ਹੋਰ ਇਸ ਤੋਂ ਵੱਧ ਕੀ ਹੋ ਸਕਦਾ। ਮੈਂ ਉਸਦੇ ਓਹੀ ਫੇਸਬੁੱਕ ਖਾਤੇ ਤੇ ਸੰਦੇਸ਼ ਕੀਤਾ ਜਿਸ ਤੋਂ ਉਸਨੇ ਆਖਰੀ ਵਾਰ ਗੱਲਬਾਤ ਕੀਤੀ ਸੀ। ਮੈਂ ਕਾਫੀ ਸੋਚ ਵਿਚਾਰ ਕਰਨ ਤੋਂ ਬਾਅਦ ਸੰਦੇਸ਼ ਭੇਜਿਆ..

ਮੈਂ ਯਾਦ ਕਰਦਾ ਹਾਂ,

ਤੇਰੇ ਹੱਥ ਦੀਆਂ ਨਰਮਾਈਆਂ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਲਬਾਂ ਦੀਆਂ ਗਰਮਾਈਆਂ ਨੂੰ,

ਮੈ ਯਾਦ ਕਰਦਾ ਹਾਂ,

ਜੋ ਤੂੰ ਮਨ ਤਨ ਰੋਸ਼ਨ ਕੀਤਾ ਸੀ,

ਮੈਂ ਯਾਦ ਕਰਦਾ ਹਾਂ,

ਜੋ ਤੇਰੇ ਹੁਸਨ ਦਾ ਜਾਮ ਪੀਤਾ ਸੀ,

ਮੈਂ ਯਾਦ ਕਰਦਾ ਹਾਂ,

ਉਹ ਕਵਿਤਾਵਾਂ ਜੋ ਤੇਰੇ ਤੇ ਲਿਖੀਆਂ ਨੇ,

ਮੈਂ ਯਾਦ ਕਰਦਾ ਹਾਂ,

ਜੋ ਅੰਦਰ ਦੀਆਂ ਗੱਲਾਂ ਵਿਕੀਆਂ ਨੇ,

ਮੈਂ ਯਾਦ ਕਰਦਾ ਹਾਂ,

ਤੇਰੀ ਅਣਭੋਲੀ ਸੂਰਤ ਨੂੰ,

ਮੈਂ ਯਾਦ ਕਰਦਾ ਹਾਂ,

ਗਮਾਂ ਚੋ' ਉੱਭਰੀ ਮੂਰਤ ਨੂੰ,

ਮੈਂ ਯਾਦ ਕਰਦਾ ਹਾਂ,

ਅੱਖੀਆਂ ਦੀ ਰੋਣਕ ਠੰਢੀ ਨੂੰ,

ਮੈਂ ਯਾਦ ਕਰਦਾ ਹਾਂ,

ਵਾਲਾਂ ਵਿੱਚ ਪਾਈ ਵੰਡੀ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਤਨ ਦੇ ਉੱਭਰੇ ਹਿੱਸਿਆਂ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਨਾਲ ਹੰਢਾਏ ਕਿੱਸਿਆਂ ਨੂੰ,

ਮੈਂ ਯਾਦ ਕਰਦਾ ਹਾਂ,

ਦੋ ਜਿਸਮਾਂ ਦੀ ਮੁਲਾਕਾਤ ਨੂੰ,

ਮੈਂ ਯਾਦ ਕਰਦਾ ਹਾਂ,

ਮੇਰੀ ਝੋਲੀ ਪਈ ਖੈਰਾਤ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਤਨ ਦੀ ਜੋ ਖੁਸ਼ਬੋਈ ਸੀ,

ਮੈਂ ਯਾਦ ਕਰਦਾ ਹਾਂ,

ਇੱਕ ਵਾਰ ਜੋ ਮੇਰੀ ਹੋਈ ਸੀ,

ਮੈਂ ਯਾਦ ਕਰਦਾ ਹਾਂ,

ਮੇਰੇ ਦਿਲ ਤੇ ਛਪੀਆਂ ਲੀਕਾਂ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਲਈ ਕੀਤੀਆਂ ਉਡੀਕਾਂ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੀ ਛੁਪੇ ਗਮਾਂ ਤੇ ਆਈ ਮੁਸਕਾਨ ਨੂੰ,

ਮੈਂ ਯਾਦ ਕਰਦਾ ਹਾਂ,

ਮੇਰੇ ਹੋਏ ਇਸ ਨੁਕਸਾਨ ਨੂੰ,

ਮੈਂ ਯਾਦ ਕਰਦਾ ਹਾਂ,

ਹਰ ਉਹ ਘੜੀ ਜੋ ਬੀਤ ਗਈ,

ਮੈਂ ਯਾਦ ਕਰਦਾ ਹਾਂ,

ਮਨ ਮੇਰੇ ਨੂੰ ਜੋ ਸੀਤ ਗਈ,

ਮੈਂ ਯਾਦ ਕਰਦਾ ਹਾਂ..

ਬਸ ਮੈਂ ਯਾਦ ਕਰਦਾ ਹਾਂ..

ਇਹ ਲਿੱਖ ਮੈਂ ਸੰਦੇਸ਼ ਭੇਜ ਦਿੱਤਾ ਤੇ ਸਾਵਣ ਦੇ ਸੰਦੇਸ਼ ਦੀ ਉਡੀਕ ਕਰਨ ਲੱਗਾ। ਕਰੀਬ ਪੰਦਰਾਂ-ਵੀਹ ਮਿੰਟ ਤੱਕ ਕੋਈ ਸੰਦੇਸ਼ ਨਾ ਆਇਆ। ਮੈਂ ਫੋਨ ਹੱਥ ਵਿੱਚ ਫੜੀ ਬੈਠਾ ਬਾਰ-ਬਾਰ ਫੋਨ ਨੂੰ ਜਗਾ-ਜਗਾ ਦੇਖਦਾ ਪਰ ਕੋਈ ਸੰਦੇਸ਼ ਨਾ ਆਇਆ। ਮੈਂ ਫੋਨ ਇੱਕ ਪਾਸੇ ਰੱਖ ਘਰ ਦੇ ਕੰਮ ਕਾਰ ਕਰਨ ਲੱਗਾ ਪਰ ਧਿਆਨ ਫੋਨ ਵਿੱਚ ਹੀ ਰੱਖਿਆ ਕਿ ਜੁਆਬ ਆਵੇਗਾ। ਪਰ ਕਈ ਘੰਟੇ ਤੇ ਫਿਰ ਦਿਨ ਬੀਤ ਗਏ ਕੋਈ ਜੁਆਬ ਨਾ ਆਇਆ। ਇੱਥੋਂ ਤੱਕ ਕਿ ਉਸ ਨੇ ਸੰਦੇਸ਼ ਦੇਖਿਆ ਤੱਕ ਵੀ ਨਹੀਂ। ਮੈਂ ਬੜਾ ਦੁੱਖੀ

ਤੇ ਵਿਚਾਰਾ ਮਹਿਸੂਸ ਕੀਤਾ ਕਿ ਇਹ ਤਾਂ ਮੈਂ ਸੋਚਿਆਂ ਨਹੀਂ ਸੀ। ਸਮਝ ਨਹੀਂ ਸੀ ਆ ਰਹੀ ਕਿ ਕੀ ਕਰਾਂ। ਕੋਈ ਹੱਲ ਵੀ ਨਹੀਂ ਸੀ। ਨਿਰਾਸ਼ਾ ਕਾਰਨ ਮੈਂ ਦਿਮਾਗੀ ਸੰਤੁਲਨ ਗਵਾਉਣ ਲੱਗਾ। ਕਿਸੇ ਨੇ ਕੋਈ ਖੁਸ਼ੀ ਦੀ ਖਬਰ ਸੁਣਾਉਣੀ ਜਾਂ ਕਿਤੇ ਖੁਸ਼ੀ ਦੇ ਮੌਕੇ ਤੇ ਜਾਣਾ ਹੋਵੇ ਮੈਨੂੰ ਬਿਲਕੁਲ ਵੀ ਖੁਸ਼ੀ ਮਹਿਸੂਸ ਨਾ ਹੋਣੀ। ਦਿਖਾਵੇ ਵਜੋਂ ਚਿਹਰੇ ਤੇ ਮੁਸਕਾਨ ਰੱਖਣੀ ਪਰ ਅਫਸੋਸ ਮਨ ਬਿਲਕੁਲ ਅਸਾਂਤ ਰਹਿੰਦਾ। ਕਰੀਬ ਇੱਕ ਮਹੀਨਾ ਬੀਤ ਗਿਆ। ਮੈਂ ਫੇਸਬੁੱਕ ਖੋਲ ਕੇ ਦੇਖੀ ਤਾਂ ਸਾਵਣ ਨੇ ਸੰਦੇਸ਼ ਪੜ ਲਿਆ ਸੀ। ਮੈਨੂੰ ਪਤਾ ਲੱਗ ਗਿਆ। ਮੇਰੇ ਮਨ ਅੰਦਰ ਚਾਅ ਚੜ ਗਿਆ। ਬੜੀ ਖੁਸ਼ੀ ਮਹਿਸੂਸ ਹੋਈ। ਪਰ ਅਜੇ ਉਸਨੇ ਕੋਈ ਜੁਆਬ ਨਹੀਂ ਸੀ ਦਿੱਤਾ। ਮੈਂ ਫੋਨ ਹੱਥ ਵਿੱਚ ਫੜ, ਫੇਸਬੁੱਕ ਖੋਲ ਉਡੀਕ ਕਰਨ ਲੱਗਾ। ਅਚਾਨਕ ਉਸੇ ਖਾਤੇ ਤੋਂ ਲਿਖਣ ਦੇ ਨਿਸ਼ਾਨ ਆਉਣ ਲੱਗੇ। ਮੇਰੀ ਤਾਂਘ ਹੋਰ ਵਧਣ ਲੱਗੀ। ਕਰੀਬ ਦਸ ਮਿੰਟ ਤੋਂ ਬਾਅਦ ਸੰਦੇਸ਼ ਆਇਆ..

ਮੇਰਾ ਇੱਕ ਪੱਖ ਤੂੰ ਵੇਖ ਰਿਹਾ,

ਮੈਂ ਦੋ ਬੇੜੀਆਂ ਵਿੱਚ ਫਸੀ ਪਈ,

ਨਾ ਏਧਰ ਦੀ ਨਾ ਓਧਰ ਦੀ,

ਇੱਕ ਥਾਂ ਰਹਿਣ ਦੇ ਵਸੀ ਪਈ,

ਜੇ ਤੇਰੇ ਕੋਲ ਮੈਂ ਆਵਾਂ,

ਮੈਂ ਤਦ ਵੀ ਬੇ ਵਫਾ,

ਜੇ ਓਧਰ ਵੀ ਮੈਂ ਜਾਵਾਂ,

ਮੈਂ ਤੱਦ ਵੀ ਬੇ ਵਫਾ,

ਮੈਂ ਨੀ ਤੇਰੇ ਨਸੀਬ ਵਿੱਚ,

ਤੂੰ ਕੋਈ ਹੋਰ ਚਾਖ ਲੈ,

ਹੁਣ ਭਾਵੇਂ ਤੂੰ ਮੈਨੂੰ,

ਬੇਇਮਾਨ ਆਖ ਲੈ..

ਹੁਣ ਭਾਵੇਂ ਤੂੰ ਮੈਨੂੰ,

ਬੇਇਮਾਨ ਆਖ ਲੈ..

ਸੰਦੁਸ਼ ਪੜ ਮੈਂ ਮੁੜ ਤੋਂ ਨਿਰਾਸ਼ ਹੋ ਗਿਆ, ਪਰ ਮੈਨੂੰ ਇਸ ਗੱਲ ਦੀ ਖੁਸ਼ੀ ਵੀ ਸੀ ਕਿ ਸਾਵਣ ਦਾ ਸੰਦੇਸ਼ ਆਇਆ ਹੈ। ਭਾਵੇਂ ਇਨਕਾਰ ਭਰਿਆ ਹੀ ਸਹੀ। ਮੈਂ ਕੁਝ ਦੇਰ ਸੋਚਿਆ ਤੇ ਜੁਆਬ ਵਿੱਚ ਲਿਖਿਆ..

ਬੇਇਮਾਨ ਸ਼ਬਦ ਨਾ ਕਹਿ ਆਪ ਨੂੰ,

ਉਹ ਮੇਰੇ ਲਈ ਹੀ ਰਹਿਣ ਦੇ,

ਉਲਝ ਨਾ ਦੋ ਪਾਸੀ ਰਿਸ਼ਤਿਆਂ ਚ',

ਬਸ ਮੈਨੂੰ ਆਪਣਾ ਕਹਿਣ ਦੇ,

ਕਿਉਂ ਅਤਰੰਗੀ ਮਹਿਫਲ ਸਮਝੇ,

ਮੇਰੇ ਦਿਲ ਦੇ ਜ਼ਜਬਾਤਾਂ ਨੂੰ,

ਇੱਕ ਵਾਰ ਮੇਰੇ ਜੀਵਨ ਵਿੱਚ ਮੁੜ ਆ,

ਨਿਬੜਨ ਦੇ ਸਭ ਹਲਾਤਾਂ ਨੂੰ।

ਜੁਆਬ ਆਇਆ..

ਕਿਉਂ ਮੇਰੀ ਮਿੱਟੀ ਪਲੀਤ ਕਰਨੇ ਦਾ ਤੈਨੂੰ ਚਾਓ ਏ,

ਕੀ ਵੱਸਦੀ ਮੈਂ ਚੰਗੀ ਨੀ ਲੱਗਦੀ?

ਮੈਂ ਜੁਆਬ ਦਿੱਤਾ..

ਮੇਰੇ ਬਿਨਾਂ ਤੇਰਾ ਵੱਸਣਾ ਕਾਹਦਾ,

ਐਵੇਂ ਦੇਂਦੀ ਦਿਲ ਨੂੰ ਦਿਲਾਸੇ ਤੂੰ,

ਸ਼ਹਿਦ ਮਿੱਠਾ ਤੈਨੂੰ ਹਜਮ ਨੀ ਹੁੰਦਾ,

ਖਾਂਵੇ ਲੂਣ ਪਤਾਸੇ ਤੂੰ।

ਜੁਆਬ ਆਇਆ..

ਮੇਰੇ ਕਰਮਾਂ ਚ' ਲੂਣ ਦੇ ਪਤਾਸੇ ਹੀ ਲਿਖੇ ਨੇ।

ਮੈਂ ਜੁਆਬ ਦਿੱਤਾ..

ਇਨਸਾਨੀ ਸਰੀਰ ਕਰਮ ਤੇ ਭੋਗ ਜੂਨ ਹੈ, ਇਸ ਵਿੱਚ ਕਰਮ ਭੋਗਣ ਦੇ ਨਾਲ-ਨਾਲ ਬਣਾਉਣੇ ਵੀ ਪੈਂਦੇ ਨੇ। ਇਸ ਲਈ ਕਰਮਾਂ ਨੂੰ ਦੋਸ਼ ਦੇਣਾ ਕਾਇਰਤਾ ਹੈ।

ਜੁਆਬ ਆਇਆ..

ਤੁਸੀਂ ਚਾਹੁੰਦੇ ਕੀ ਹੋ ਮੇਰੇ ਤੋਂ?

ਮੈਂ ਜੁਆਬ ਦਿੱਤਾ..

ਤੈਨੂੰ ਚਾਹੁੰਦਾ ਹਾਂ ਮੈਂ। ਬਸ ਤੈਨੂੰ।

ਜੁਆਬ ਆਇਆ..

ਏਦਾਂ ਨਾ ਕਰੋ। ਮੈਨੂੰ ਜਿਉਣ ਜੋਗੀ ਰਹਿਣ ਦਿਉਂ। ਮੈਂ ਨਹੀਂ ਚਾਹੁੰਦੀ ਤੁਹਾਡੇ ਨਾਲ ਗੱਲ ਕਰਨੀ। ਮੈਂ ਖੁਸ਼ ਹਾਂ ਆਪਣੇ ਘਰ ਵਾਲੇ ਤੇ ਬੇਟੀ ਨਾਲ।

ਮੈਂ ਜੁਆਬ ਦਿੱਤਾ..

ਜੇ ਤੂੰ ਗੱਲ ਨਾ ਕਰਨੀ ਹੁੰਦੀ ਤਾਂ ਮੇਰਾ ਜੁਆਬ ਨਹੀਂ ਸੀ ਦੇਣਾ ਤੂੰ, ਇਹ ਤਾਂ ਬੱਸ ਹੁਣ ਤੂੰ ਨਖਰੇ ਕਰ ਰਹੀ ਏ। ਠੀਕ ਆ, ਤੂੰ ਰਹਿ ਖੁਸ਼। ਪਰ ਮੇਰੀ ਖੁਸ਼ੀ ਵੀ ਤਾਂ ਮੈਨੂੰ ਦੇਹ। ਕਿਉਂ ਦੂਰ ਭੱਜਦੀ ਏਂ?

ਜੁਆਬ ਆਇਆ..

ਪ੍ਰੀਤ ਸਮਝੋ ਯਾਰ ਮੇਰੀ ਮਜਬੂਰੀ। ਮੈਂ ਹੁਣ ਅੱਗੇ ਨਹੀਂ ਵਧ ਸਕਦੀ। ਮੈਨੂੰ ਭੁੱਲ ਜਾਵੋ।

ਮੈਂ ਜੁਆਬ ਦਿੱਤਾ..

ਠੀਕ ਹੈ ਮੈਂ ਭੁੱਲ ਜਾਵਾਂਗਾ ਪਰ ਮੈਂ ਇੱਕ ਵਾਰ ਤੈਨੂੰ ਮਿਲਣਾ ਹੈ। ਬਸ ਇੱਕ ਵਾਰ।

ਜੁਆਬ ਆਇਆ..

ਆ ਗਏ ਨਾ ਮੁੱਦੇ ਦੀ ਗੱਲ ਤੇ। ਮੇਰੇ ਨਾਲ ਪਿਆਰ ਨਹੀਂ ਆ ਤੁਹਾਨੂੰ ਬਸ ਮਿਲਣ ਦੀ ਖਵਾਇਸ਼ ਆ। ਜਿਸਮ ਦੀ ਅੱਗ ਨੂੰ ਮਿਟਾਉਣਾ ਏ ਬੱਸ। ਮੈਂ ਨਹੀਂ ਮਿਲਣਾ ਚਾਹੁੰਦੀ।

ਮੈਂ ਜੁਆਬ ਦਿੱਤਾ..

ਤੂੰ ਆਪਣੇ ਆਪ ਹੀ ਸਿਆਣੀ ਬਣ ਰਹੀ ਏ। ਮਿਲਣਾ ਸਿਰਫ ਇੱਕ ਤਰ੍ਹਾਂ ਦਾ ਹੀ ਨਹੀਂ ਹੁੰਦਾ। ਮੈਂ ਬਸ ਤੈਨੂੰ ਦੇਖਣਾ ਚਾਹੁੰਦਾ ਹਾਂ। ਜੇ ਮੈਨੂੰ ਤੂੰ ਖੁਸ਼ ਦਿਸੀ ਮੈਂ ਮੁੜ ਕਦੇ ਤੈਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕਰਾਂਗਾਂ। ਬਸ ਇੱਕ ਵਾਰ ਮਿਲ ਲੈ।

ਜੁਆਬ ਆਇਆ..

ਮੈਂ ਕਿਵੇ ਯਕੀਨ ਕਰਾਂ? ਕਿ ਗੱਲ ਅੱਗੇ ਨਹੀਂ ਵਧੇਗੀ।

ਮੈਂ ਜੁਆਬ ਦਿੱਤਾ..

ਹੁਣ ਤੈਨੂੰ ਕਿਵੇਂ ਯਕੀਨ ਕਰਾਵਾਂ ਖੁੱਦ ਤੇ। ਅਗਰ ਤੂੰ ਮੈਨੂੰ ਕਦੇ ਪਿਆਰ ਕੀਤਾ ਹੈ ਤਾਂ ਯਕੀਨ ਰੱਖ ਨਹੀਂ ਤਾਂ ਤੇਰੀ ਮਰਜੀ।

ਜੁਆਬ ਆਇਆ..

ਠੀਕ ਹੈ। ਮੈਂ ਮਿਲਾਂਗੀ। ਪਰ ਬਸ ਇਹ ਆਖਰੀ ਵਾਰ ਹੋਵੇਗਾ। ਇਸ ਤੋਂ ਬਾਅਦ ਨਾ ਤੁਸੀਂ ਮੈਨੂੰ ਮਿਲਣ ਦੀ ਕੋਸ਼ਿਸ਼ ਕਰੋਗੇ ਨਾ ਹੀ ਗੱਲ ਕਰਨ ਦੀ।

ਮੈਂ ਜੁਆਬ ਦਿੱਤਾ..

ਮੈਨੂੰ ਮੰਜ਼ੂਰ ਹੈ। ਦੱਸ ਕਿੱਥੇ ਮਿਲੇਗੀਂ?

ਜੁਆਬ ਆਇਆ..

ਤੁਸੀਂ ਜਾਣਦੇ ਹੋ।

ਮੈਂ ਜੁਆਬ ਦਿੱਤਾ..

ਕਦੋਂ?

ਜੁਆਬ ਆਇਆ।

ਕੱਲ ਹੀ। ਮੈਂ ਇਸ ਉਲਝਣ ਨੂੰ ਛੇਤੀ ਮੁਕਾਉਣਾ ਚਾਹੁੰਦੀ ਹਾਂ।

ਮੈਂ ਜੁਆਬ ਦਿੱਤਾ..

ਦੇਖੀਂ ਕਿਤੇ ਮੈਂ ਉਡੀਕਦਾ ਹੀ ਨਾ ਰਹਿ ਜਾਵਾਂ।

ਜੁਆਬ ਆਇਆ..

ਮੈਂ ਲਾਰੇ ਨਹੀਂ ਲਾਉਂਦੀ। ਜਾਣਦੇ ਹੋ ਆਪ। ਜੋ ਗੱਲ ਹੈ ਸਾਫ ਹੈ।

ਮੈਂ ਜੁਆਬ ਦਿੱਤਾ..

ਜਾਣਦਾ ਹਾਂ ਮੈਂ। ਮੈਨੂੰ ਤੂੰ, ਤੂੰ ਘੱਟ ਤੇ ਮੈਂ ਜਿਆਦਾ ਜਾਪਦੀ ਏ। ਮੈਂ ਤਾਂ ਤੇਰਾ ਨੰਬਰ ਵੀ ਅੱਜ ਤੱਕ "ਬਸ ਮੈਂ" ਨਾਂ ਤੇ ਰੱਖਿਅਤ

ਕੀਤਾ ਹੈ। ਤੇਰੇ ਨਾਮ ਦੀ ਯਾਦ ਵਿੱਚ ਇੱਕ ਨਿੱਕਾ ਜਿਆ ਸ਼ੇਅਰ ਵੀ ਲਿਖਿਆ ਸੀ। ਜੋ ਇਸ ਤਰ੍ਹਾਂ ਹੈ..

"ਬਸ ਮੈਂ,

ਮੇਰਾ ਹੀ ਇੱਕ ਪਰਛਾਵਾਂ ਮੈਂ,

ਜਿਉਂ ਖੁਦ ਨਾਲ ਗੱਲਾਂ ਕਰਦਾ ਹਾਂ,

ਆਪਣਾ ਆਪ ਸਮਝਾਵਾਂ ਮੈਂ,

ਕਿਸੇ ਭੁਲੇਖੇ ਸਾਵਣ ਦੇ,

ਦਿਲ ਦਾ ਹਾਲ ਸੁਣਾਵਾਂ ਮੈਂ,

ਸਾਵਣ ਬਣ ਜੇ ਵਰ ਜਾਵੇਂ,

ਮੈਂ ਚੋ ਮੈਂ ਭੁਲਾਵਾਂ ਮੈਂ।

ਜੁਆਬ ਆਇਆ..

ਠੀਕ ਆ। ਚੰਗਾ ਕੱਲ ਮਿਲਦੇ ਹਾਂ। ਸਮੇਂ ਸਿਰ ਆ ਜਾਇਓ।

ਮੈਂ ਠੀਕ ਹੈ ਦਾ ਜੁਆਬ ਦੇ ਫੇਸਬੁੱਕ ਬੰਦ ਕਰ ਦਿੱਤੀ। ਤੇ ਸਾਵਣ ਨੂੰ ਮਿਲਣ ਦੀ ਤਿਆਰੀ ਵਿੱਚ ਲੱਗ ਗਿਆ। ਸਭ ਤੋਂ ਪਹਿਲਾਂ ਮੈਂ ਸਾਵਣ ਵਾਲੀ ਘੜੀ ਕੱਢੀ ਤੇ ਉਸਦਾ ਸਮਾਂ ਠੀਕ ਕਰ

ਮੁੜ ਤੋਂ ਚਾਲੂ ਕਰ ਦਿੱਤੀ। ਉਹ ਬਿਲਕੁਲ ਠੀਕ ਚੱਲਣ ਲੱਗੀ। ਮੈਂ ਸੋਚਿਆ ਕਿ ਸਾਵਣ ਮੰਨੇ ਜਾਂ ਨਾ ਮੰਨੇ ਪਰ ਇਹ ਘੜੀ ਮੈਂ ਉਸਦੇ ਲਈ ਹੀ ਲਈ ਸੀ ਤੇ ਉਸਨੂੰ ਹੀ ਵਾਪਿਸ ਕਰਾਗਾਂ। ਉਸ ਰਾਤ ਮੈਂ ਅੱਧ-ਪਚੱਧੀ ਰੋਟੀ ਖਾਧੀ ਤੇ ਜਲਦੀ ਨਾਲ ਸੌਣ ਦੀ ਕੋਸ਼ਿਸ਼ ਕੀਤੀ। ਤਾਂ ਜੋ ਰਾਤ ਜਲਦੀ ਬੀਤ ਜਾਵੇ ਤੇ ਸਵੇਰ ਦਾ ਪਤਾ ਹੀ ਨਾ ਲੱਗੇ ਕਦੋਂ ਚੜ ਗਈ। ਪਰ ਜਲਦੀ ਨੀਂਦ ਨਾ ਆਈ। ਅਕਸਰ ਏਦਾਂ ਹੁੰਦਾ ਹੈ ਜਦੋਂ ਇਨਸਾਨ ਨੂੰ ਸੌਣ ਦੀ ਕਾਹਲੀ ਹੋਵੇ ਨੀਂਦ ਆਉਣ ਵਿੱਚ ਵਕਤ ਲੱਗਦਾ ਹੈ। ਖੈਰ ਮੈਨੂੰ ਗਿਆਰਾਂ ਵਜੇ ਕਰੀਬ ਨੀਂਦ ਆਈ। ਸਵੇਰੇ ਜਲਦੀ ਉੱਠਿਆ, ਨਹਾਂ ਧੋ, ਭੋਜਨ ਛੱਕ ਤਿਆਰ ਹੋਇਆ ਤੇ ਸਾਵਣ ਨੂੰ ਮਿਲਣ ਲਈ ਚੱਲ ਪਿਆ। ਕਰੀਬ ਨੌ ਵਜੇ ਮੈਂ ਓਹੀ ਥਾਂ ਤੇ ਅੱਪੜ ਗਿਆਂ ਜਿੱਥੇ ਪਹਿਲਾਂ ਵੀ ਮੈਂ ਸਾਵਣ ਨੂੰ ਮਿਲ ਚੁੱਕਾ ਸਾਂ। ਮੈਨੂੰ ਲੱਗਿਆ ਕਿ ਮੈਂ ਕੁਝ ਜਿਆਦਾ ਜਲਦੀ ਹੀ ਆ ਗਿਆ। ਖੈਰ ਮੇਰੇ ਕੋਲ ਉਡੀਕ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਮੈਂ ਉਡੀਕ ਕਰਨ ਲੱਗਾ। ਕਦੇ ਉੱਠਦਾ, ਕਦੇ ਬੈਠਦਾ, ਕਦੇ ਏਧਰ-ਓਧਰ ਦੇਖਦਾ ਪਰ ਸਾਵਣ ਨਜ਼ਰ ਨਾ ਆਉਂਦੀ। ਹੌਲੀ-ਹੌਲੀ ਉਹ ਥਾਂ ਭਰਨ ਲੱਗੀ। ਸਾਢੇ ਦੱਸ ਵਜੇ ਦੇ ਕਰੀਬ ਮੈਨੂੰ ਸਾਵਣ ਆਉਂਦੀ ਨਜ਼ਰ ਆਈ। ਉਸਨੂੰ ਦੇਖਦੇ ਹੀ ਮੈਂ ਖੜਾ ਹੋ ਗਿਆ। ਉਸਨੇ ਵੀ ਸ਼ਾਇਦ ਮੈਨੂੰ ਦੂਰ ਤੋਂ

ਹੀ ਤੱਕ ਲਿਆ। ਤੇ ਸਿੱਧੀ ਮੇਰੇ ਕੋਲ ਆ ਖੜੀ ਹੋਈ। ਉਹ ਪਹਿਲਾਂ ਨਾਲੋਂ ਬਦਲੀ ਲੱਗ ਰਹੀ ਸੀ। ਸਰੀਰ ਥੌੜਾ ਜਿਹਾ ਭਰਵਾਂ ਹੋ ਗਿਆ ਜਾਪਦਾ ਸੀ। ਪਰ ਖ਼ੂਬਸੂਰਤੀ ਦਾ ਅੱਜ ਵੀ ਕੋਈ ਤੋੜ ਨਹੀਂ ਸੀ। ਸਾਦਗੀ ਵੀ ਬਰਕਰਾਰ ਸੀ। ਗਲ ਪਟਿਆਲਾ ਸ਼ਾਹੀ ਸੂਟ, ਪੈਰੀ ਝਾਂਜਰ, ਵਾਲ ਬੰਨੇ ਹੋਏ ਸਨ। ਵਾਲ ਘੋੜੇ ਦੀ ਪੂਛ ਦੀ ਤਰ੍ਹਾਂ ਲੰਬੇ ਤੇ ਕੋਇਲ ਦੇ ਵਾਂਗ ਕਾਲੇ ਸਨ। ਕੁੱਲ ਮਿਲਾ ਕੇ ਉਹ ਬਹੁਤ ਹੀ ਖ਼ੂਬਸੂਰਤ ਲੱਗ ਰਹੀ ਸੀ। ਉਸਨੂੰ ਦੇਖਦੇ ਸਾਰ ਹੀ ਮੇਰਾ ਦਿੱਲ ਕੀਤਾ ਕਿ ਇਸ ਨੂੰ ਗਲ ਨਾਲ ਲਾ ਲਵਾਂ। ਪਰ ਮੈਨੂੰ ਆਪਣਿਆਂ ਜ਼ਜਬਾਤਾਂ ਤੇ ਕਾਬੂ ਰੱਖਣਾ ਪਿਆ।

ਉਸਨੇ ਵੀ ਮੇਰੇ ਵੱਲ ਨਜ਼ਰ ਭਰ ਕੇ ਦੇਖਿਆ। ਉਹ ਜਰੂਰ ਹੱਦ ਤੋਂ ਪਰੇ ਖ਼ੂਬਸੂਰਤ ਸੀ। ਪਰ ਮੇਰਾ ਪ੍ਰਭਾਵ ਵੀ ਉਸ ਤੇ ਖਾਸਾ ਪਿਆ ਜਾਪਦਾ ਸੀ। ਮੈਂ ਬੈੱਲ ਬਾਟਮ ਜ਼ੀਨ ਦੀ ਪੈਂਟ, ਗਲ ਫਿੱਕੀ ਜਿਹੀ ਲਕੀਰਾਂ ਵਾਲੀ ਕਮੀਜ਼, ਪੈਰੀ ਰੈੱਡ ਟੇਪ ਕੰਪਨੀ ਦੇ ਬੂਟ ਤੇ ਸਿਰ ਤੇ ਵੱਟਾਂ ਵਾਲੀ ਮੋਰ ਪੰਖੀਆਂ ਪੱਗ ਬੰਨੀ ਹੋਈ ਸੀ। ਭਾਵ ਦੇਖਣ ਵਿੱਚ ਠੀਕ-ਠਾਕ ਲੱਗ ਰਿਹਾ ਸਾਂ। ਉਹ ਮੇਰੇ ਕੋਲ ਪਹੁੰਚੀ ਤੇ ਨਜ਼ਰ ਭਰ ਤੱਕਦੀ ਹੋਈ ਨੇ ਸਤਿ ਸ੍ਰੀ ਅਕਾਲ ਬੁਲਾਈ। ਮੈਂ ਵੀ ਬੜੇ ਆਦਰ ਨਾਲ ਉਸਦਾ ਜੁਆਬ ਦਿੱਤਾ। ਕਰੀਬ ਸਾਢੇ ਤਿੰਨ ਸਾਲ ਬਾਅਦ ਮੈਂ ਸਾਵਣ ਨੂੰ ਦੇਖ ਰਿਹਾ ਸੀ। ਉਸਦੀ ਖ਼ੂਬਸੂਰਤੀ

ਅੱਜ ਵੀ ਕਹਿਰ ਢਾ ਰਹੀ ਸੀ। ਕੁਝ ਦੇਰ ਅਸੀਂ ਚੁੱਪ ਬੈਠੇ ਰਹੇ। ਕੋਈ ਵੀ ਨਾ ਬੋਲਿਆ। ਫਿਰ ਮੈਂ ਸਾਵਣ ਵੱਲ ਦੇਖਿਆ ਤਾਂ ਮੈਨੂੰ ਕੁਝ ਕਮੀ ਮਹਿਸੂਸ ਹੋਈ। ਮੈਂ ਸੋਚਿਆ ਕੁਝ ਬਦਲਿਆ ਲੱਗ ਰਿਹਾ ਹੈ। ਗੌਰ ਕਰਨ ਤੇ ਮੈਂ ਮਹਿਸੂਸ ਕੀਤਾ ਕਿ ਸਾਵਣ ਦੇ ਲਬਾਂ ਦੀ ਮੁਸਕਾਨ ਦਿਖਾਈ ਨਹੀਂ ਦੇ ਰਹੀ। ਫਿਰ ਸਾਡੀਆਂ ਗੱਲਾਂ ਦਾ ਸਿਲਸਲਾ ਸ਼ੁਰੂ ਹੋ ਗਿਆ..

ਸਾਵਣ - ਹੋਰ ਘਰੇ ਕਿਵੇਂ ਸਭ?

ਮੈਂ - ਸਭ ਠੀਕ ਹੈ। ਤੂੰ ਦਸ ਮਹਿਕ ਦਾ ਕੀ ਹਾਲ ਏ? ਕਿਹੜੀ ਜਮਾਤ ਵਿੱਚ ਪੜਦੀ ਹੁਣ?

ਸਾਵਣ - ਠੀਕ ਹੈ ਉਹ ਵੀ। ਪਹਿਲੀ ਜਮਾਤ ਵਿੱਚ ਹੈ ਹੁਣ।

ਮੈਂ - ਸ਼ੁਕਰੀਆ ਆਉਣ ਦੇ ਲਈ।

ਸਾਵਣ - ਕੋਈ ਨਾ ਮੈਂ ਸਮਝਦੀ ਹਾਂ। ਵਧੀਆ ਲੱਗ ਰਿਹਾ ਮੈਨੂੰ ਵੀ ਮਿਲ ਕੇ।

ਮੈਂ - ਜਾਣਦਾ ਹਾਂ ਮੈਂ।

ਸਾਵਣ - ਕੀ ਮਤਲਬ?

ਮੈਂ - ਕੁਝ ਨੀ।

ਸਾਵਣ - ਪ੍ਰੀਤ ਮੈਂ ਬੜੀ ਮਜਬੂਰ ਹਾਂ ਯਾਰ। ਬੜੀ ਤੰਗ ਆ ਚੁਕੀ ਹਾਂ। ਇਹਨਾਂ ਰਿਸ਼ਤਿਆਂ ਤੋਂ। ਜਿੰਦਗੀ ਬੱਤਰ ਹੋ ਚੁਕੀ ਆ।

ਮੈਂ - ਮੈਂ ਤੇਰੇ ਦੁੱਖ ਵੰਢਾਉਣ ਲਈ ਹੀ ਤਾਂ ਹਾਂ। ਪਰ ਤੂੰ ਤਾਂ ਮੈਨੂੰ ਖੁਦ ਤੋਂ ਦੂਰ ਕਰਨ ਵਿੱਚ ਲੱਗੀ ਹੋਈ ਏ।

ਸਾਵਣ - ਤੁਸੀਂ ਮੇਰੇ ਹਲਾਤ ਨਹੀਂ ਸਮਝ ਸਕਦੇ ਕਿ ਮੈਂ ਕੀ ਕੀ ਝੱਲ ਰਹੀ ਹਾਂ। ਮੇਰੀ ਥਾਂ ਹੋਵੋਂ ਤੇ ਤੁਹਾਨੂੰ ਪਤਾ ਲੱਗੇ ਕਿ ਰਿਸ਼ਤੇ ਨਿਭਾਉਣੇ ਕਿੰਨੇ ਔਖੇ ਨੇ।

ਮੈਂ - ਸਮਝਦਾ ਹਾਂ ਮੈਂ ਤੇਰੇ ਦਰਦ ਨੂੰ। ਪਰ ਮੈਨੂੰ ਤਾਂ ਨਾ ਖੁੱਦ ਤੋਂ ਦੂਰ ਕਰ। ਮੈਂ ਤੈਨੂੰ ਜਿਸਮਾਨੀ ਰਿਸ਼ਤੇ ਬਣਾਉਣ ਲਈ ਤਾਂ ਨੀ ਕਹਿ ਰਹਾਂ ਬਸ ਖੁਦ ਨਾਲ ਜੋੜ ਕੇ ਰੱਖਣ ਦੀ ਮੰਗ ਆ। ਮੈਂ ਕੁਝ ਹੋਰ ਤਾਂ ਨਹੀਂ ਮੰਗਦਾ। ਮੈਂ ਨਹੀਂ ਰਹਿ ਸਕਦਾ ਤੇਰੇ ਬਿਨਾਂ । ਕਿਉਂ ਮੈਨੂੰ ਵੀ ਤੰਗ ਕਰ ਰਹੀਂ ਹੈ ਤੇ ਖੁੱਦ ਵੀ ਤੰਗ ਹੋ ਰਹੀ ਏਂ।

ਸਾਵਣ - ਮੈਨੂੰ ਮਜਬੂਰ ਨਾ ਕਰੋ। ਤੇ ਨਾ ਹੀ ਹੁਣ ਇਸ ਦਾ ਮੇਰੇ ਲਈ ਕੁਝ ਮਤਲਬ ਹੈ। ਤੁਸੀਂ ਮੈਨੂੰ ਮਿਲਣਾ ਚਾਹੁੰਦੇ ਸੀ ਇਸ ਲਈ ਮੈਂ ਆ ਗਈ। ਪਿਛਲੀਆਂ ਗੱਲਾਂ ਨਾ ਕਰੋ ਤਾਂ ਬਹਿਤਰ ਰਹੂ। ਨਹੀਂ ਤਾਂ ਮੈਂ ਚਲੀ ਜਾਵਾਂਗੀ।

ਮੈਂ - ਇਹ ਤਾਂ ਕੋਈ ਗੱਲ ਨਾ ਹੋਈ ਯਾਰ।

ਸਾਵਣ - ਪ੍ਰੀਤ ਸਮਝਦੇ ਕਿਉਂ ਨਹੀਂ ਤੁਸੀਂ। ਨਾ ਮਜਬੂਰ ਕਰੋ ਮੈਨੂੰ ਇਹ ਨਾ ਹੋਵੇ ਮੈਂ ਕਿਸੇ ਪਾਸੇ ਦੀ ਨਾ ਰਹਾਂ।

ਫਿਰ ਕਿੰਨੇ ਚਿਰ ਤੱਕ ਨਾ ਮੈਂ ਕੁਝ ਬੋਲਿਆ। ਤੇ ਨਾ ਹੀ ਉਹ। ਅਸੀਂ ਇੱਕ ਦਮ ਸ਼ਾਂਤ ਹੋ ਗਏ। ਕਦੇ ਆਸ-ਪਾਸ ਦੇਖਦੇ ਤੇ ਕਦੇ ਇੱਕ ਦੂਜੇ ਵੱਲ। ਦੋ-ਤਿੰਨ ਵਾਰ ਸਾਡੀਆਂ ਨਜ਼ਰਾਂ ਆਪਸ ਵਿਚ ਮਿਲੀਆਂ ਪਰ ਅਸੀਂ ਫਿਰ ਵੀ ਨਾ ਬੋਲੇਂ। ਸ਼ਾਇਦ ਉਹ ਮੇਰੇ ਭਾਵਾਂ ਨੂੰ ਸਮਝ ਰਹੀ ਸੀ ਤੇ ਮੈਂ ਉਸਦੇ ਭਾਵਾਂ ਨੂੰ। ਫਿਰ ਉਹ ਬੋਲੀ..

ਸਾਵਣ - ਅੱਜ ਕੱਲ ਕਵਿਤਾਵਾਂ ਬਹੁਤ ਛਪ ਰਹੀਆਂ ਨੇ ਆਪਦੀਆਂ। ਸਾਰੀਆਂ ਮੇਰੀ ਬੇ ਵਫਾਈ ਤੇ ਨੇ ਜਾਂ ਫਿਰ ਕਿਸੇ ਹੋਰ ਲਈ ਵੀ ਕੋਈ ਲਿਖੀ ਆ?

ਮੈਂ - ਤੇਰੇ ਲਈ ਹੀ ਨੇ ਸਭ। ਮੈਨੂੰ ਹੋਰ ਕੋਈ ਬੇ ਵਫਾ ਨਹੀਂ ਲੱਗਾ ਅਜੇ ਤੱਕ। ਲੱਗੀ ਤਾਂ ਤੂੰ ਵੀ ਨਹੀਂ ਪਰ ਫਿਰ ਵੀ ਪਤਾ ਨਹੀਂ ਕਿਉਂ ਜਦੋਂ ਲਿਖਣ ਬੈਠਦਾ ਹਾਂ ਤਾਂ ਤੇਰਾ ਜ਼ਿਕਰ ਹੋ ਜਾਂਦਾ। ਇਸ ਵਿੱਚ ਮੈਂ ਕੀ ਕਰਾ।

ਸਾਵਣ - ਸੁਣਾਓ ਫਿਰ ਕੋਈ।

ਮੈਂ - ਤੂੰ ਪੜੀਆਂ ਨੇ। ਫਿਰ ਕਿਉਂ ਸੁਣਨੀ।

ਸਾਵਣ - ਸਭ ਨਹੀਂ ਪੜੀਆਂ। ਚਲੋਂ ਉਹ ਸੁਣਾ ਦਿਉਂ.. ਕੀ ਸੀ..? ਹਾਂ ਯਾਦ ਆਈ..” ਮਤਲਬੀ ਦਿਲਬਰਾ, ਕਿੱਥੇ ਢੋਈ ਲਾਵੇਗਾਂ” ..

ਮੈਂ - ਮੈਨੂੰ ਯਾਦ ਨਹੀਂ।

ਸਾਵਣ - ਯਾਦ ਤਾਂ ਜਰੂਰ ਹੋਵੇਗੀ। ਐਨੀਆ ਲਾਹਨਤਾਂ ਪਾਈਆਂ ਨੇ ਮੈਨੂੰ।

ਮੈਂ - ਪਤਾ ਤਾਂ ਹੈ ਤੈਨੂੰ ਕਿ ਲਾਹਨਤਾਂ ਨੇ ਫਿਰ ਵੀ ਮੇਰੇ ਮੂੰਹੋ ਸੁਣਨੀਆ ਨੇ।

ਸਾਵਣ - ਹਾਂ ਸੁਣਾਉ ਤੁਸੀਂ। ਸੁਣਾ ਦੋ, ਆਖਰੀ ਵਾਰ ਆਪਣੇ ਮੂੰਹੋ।

ਮੈਂ - ਲੈ ਸੁਣ ਫਿਰ..

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ,

ਸਾਥ ਨੀ ਮਿਲਣਾ ਕੋਈ,

ਇੱਕ ਦਿਨ ਤੂੰ ਪਛਤਾਵੇਗਾਂ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਮੈਨੂੰ ਆਪਣਾ ਆਖ,

ਠੱਗ ਕੇ ਲੈ ਗਿਆ,

ਮੁੜ ਨਾ ਪਿੱਛੇ ਮੁੜਿਆ ਤੂੰ,

ਜੋ ਜਿਸਮ ਖਜਾਨਾ,

ਤੂੰ ਵੰਡਦਾ ਫਿਰਦਾ,

ਕਿਸ ਕਿਸ ਦੇ ਨਾਲ ਜੁੜਿਆ ਤੂੰ,

ਤਨ ਵੀ ਲੁੱਟ ਲਿਆ,

ਮਨ ਵੀ ਲੁੱਟ ਲਿਆ,

ਹੋਰ ਕੀ ਕੀ ਧੰਨ ਕਮਾਵੇਗਾਂ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਮਹਿਕਣ ਦੇ ਵਿੱਚ,

ਕੋਈ ਤੋੜ ਨੀ ਤੇਰਾ,

ਬਦਬੂਦਿਆ ਨੂੰ ਮਹਿਕਾਦੇ ਤੂੰ,

ਪਰ ਨਜ਼ਰ ਭਰ,

ਜੇ ਤੱਕ ਲਵੇਂ ਸੱਜਣਾ,

ਹਰਿਆ ਤਾਈਂ ਜਲਾ ਦੇ ਤੂੰ,

ਦੋਸ਼ ਬੜੇ ਨੇ,

ਨਿਰਦੋਸ਼ ਵੀ ਲੱਗਦਾ,

ਪਰ ਰੂਹ ਦੀਆਂ ਚੋਟਾਂ ਖਾਵੇਂਗਾ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਜੇ ਨੁਕਸ ਕੱਢਾ ਮੈਂ,

ਤਾਂ ਗਿਣਨੇ ਔਖੇ,

ਕੀ ਕੀ ਖੋਲ ਬਿਆਨ ਕਰਾਂ,

ਤੂੰ ਉਸ ਜਾਤ ਦਾ,

ਜੋ ਮੁੱਕਰ ਜਾਵੇ,

ਇਹ ਗੱਲ ਮੈਂ ਪਰਵਾਨ ਕਰਾਂ,

ਤੈਨੂੰ ਲਾਹਨਤਾਂ ਪਾਵਾਂ,

ਫਿਟਕਾਂ ਦੇਵਾਂ,

ਤੂੰ ਤੱਦ ਵੀ ਇੱਜ਼ਤਾਂ ਚਾਵੇਗਾਂ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਪ੍ਰੀਤ ਵਿਚਾਰਾ,

ਫਿਰਦਾ ਮਾਰਾ,

ਤੂੰ ਖਾਲੀ ਕਰ ਗਿਆ ਪੱਲਾ ਵੇ,

ਹੁਣ ਨਾ ਇਸਦਾ,

ਕੋਈ ਹਮਰਾਹੀ ਬਣਦਾ,

ਜੱਗ ਤੇ ਰਹਿ ਗਿਆ ਕੱਲਾ ਵੇ,

ਰੱਬ ਨੂੰ ਧਿਆਏ,

ਜਾਂ ਮਰ ਮੁੱਕ ਜਾਏ,

ਕੀ ਇਸਦਾ ਮੁੱਲ ਕੋਈ ਪਾਵੇਗਾ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਕਵਿਤਾ ਆਖ ਮੈਂ ਚੁੱਪ ਹੋ ਗਿਆ। ਉਹ ਵੀ ਚੁੱਪ ਸੀ। ਫਿਰ ਕੁਝ ਚਿਰ ਪਿੱਛੋਂ ਬੋਲੀ।

ਸਾਵਣ - ਮੈਂ ਐਨੀਆਂ ਵੀ ਮਾੜੀਆਂ ਨਹੀਂ ਕੀਤੀਆਂ ਆਪ ਨਾਲ ਜੋ ਐਨੀ ਬੇ ਸਲੂਕੀ ਭਰੀਆਂ ਲਾਹਨਤਾਂ ਪਾ ਰਹੇ ਓ।

ਮੈਂ - ਕਿਸੇ ਵੀ ਔਰਤ ਜਾਂ ਮਰਦ ਦੇ ਆਪਸ ਵਿੱਚ ਦੂਰੀ ਆਉਣ ਤੇ ਮਨ ਨਵੀਆਂ-ਨਵੀਆਂ ਗੱਲਾਂ ਉਤਪੰਨ ਕਰਨ ਲੱਗ ਪੈਂਦਾ ਏ। ਭਾਵੇਂ ਉਹਨਾਂ ਦਾ ਕੋਈ ਵਜੂਦ ਹੋਵੇ ਜਾਂ ਨਾ ਹੋਵੇ। ਕੋਈ ਫਰਕ ਨਹੀਂ ਪੈਂਦਾ।

ਸਾਵਣ - ਪ੍ਰੀਤ...

ਮੈਂ - ਕੀ ਗੱਲ?

ਸਾਵਣ - ਵਕਤ ਬਦਲ ਨਹੀਂ ਸਕਦਾ?

ਮੈਂ - ਬੀਤਿਆ ਤਾਂ ਨਹੀਂ ਬਦਲ ਸਕਦਾ। ਹਾਂ ਆਉਣ ਵਾਲਾ ਆਪਣੇ ਵੱਸ ਵਿੱਚ ਹੈ। ਜਿਧਰ ਨੂੰ ਚਾਹੀਏ ਮੋੜ ਲਈਏ।

ਉਸਨੇ ਮੇਰੇ ਜੁਆਬ ਵਿੱਚ ਸਿਰ ਹਿਲਾਇਆ ਤੇ ਫਿਰ ਚੁੱਪ ਹੋ ਗਈ। ਮੈਂ ਵੀ ਚੁੱਪ ਬੈਠ ਗਿਆ। ਫਿਰ ਮੇਰਾ ਧਿਆਨ ਘੜੀ ਵੱਲ ਗਿਆ। ਮੈਂ ਘੜੀ ਨੂੰ ਜੇਬ ਵਿੱਚੋਂ ਕੱਢਿਆ ਤੇ ਸਾਵਣ ਦਾ ਹੱਥ ਫੜ ਉਸਦੇ ਹੱਥ ਤੇ ਰੱਖ ਦਿੱਤੀ। ਉਸਨੇ ਘੜੀ ਨੂੰ ਦੇਖਿਆ ਤੇ ਫਿਰ ਮੇਰੇ ਵੱਲ ਦੇਖ ਕੇ ਬੋਲੀ..

ਸਾਵਣ - ਮੈਂ ਇਹ ਵਾਪਿਸ ਨਹੀਂ ਲੈਣੀ। ਤੁਸੀਂ ਆਪਣੇ ਕੋਲ ਰੱਖੋ।

ਮੈਂ - ਇਹ ਤੇਰੇ ਵਾਸਤੇ ਲਈ ਸੀ। ਤੇ ਇਹ ਤੇਰੀ ਹੀ ਆ। ਮੈਨੂੰ ਇਸਦੀ ਲੋੜ ਨਹੀਂ ਆ। ਤੇ ਨਾ ਹੀ ਮੇਰਾ ਇਸਤੇ ਕੋਈ ਹੱਕ ਆ।

ਸਾਵਣ ਨੇ ਘੜੀ ਵਾਪਿਸ ਕਰਨ ਲਈ ਬਹੁਤ ਜ਼ੋਰ ਲਾਇਆ। ਪਰ ਮੈਂ ਘੜੀ ਉਸਦੇ ਹੱਥ ਵਿੱਚ ਦੇ ਹੱਥ ਘੁੱਟ ਕੇ ਰੱਖਿਆ। ਉਸਦਾ ਹੱਥ ਘੁੱਟਣ ਕਾਰਨ ਦਰਦ ਕਰਨ ਲੱਗਾ। ਇਹ ਦੇਖ ਮੈਂ ਹੱਥ ਛੱਡ ਦਿੱਤਾ। ਪਰ ਘੜੀ ਉਸਦੇ ਹੱਥ ਵਿੱਚ ਹੀ ਰਹੀ। ਫਿਰ ਉਸਨੇ ਘੜੀ ਦੇਖੀ ਤੇ ਬੋਲੀ..

ਸਾਵਣ - ਮੈਂ ਕਿਹਾ ਸੀ ਇਸਦਾ ਸਮਾਂ ਰੁਕਿਆ ਰਹਿਣ ਦਿਉ।

ਮੈਂ - ਹਾਂ ਪਰ ਤੂੰ ਇਹ ਵੀ ਲਿਖਿਆ ਸੀ ਕਿ ਆਪਣੀ ਮਰਜੀ ਕਰਨਾ। ਇਸ ਲਈ ਮੈਂ ਇਸ ਨੂੰ ਚਾਲੂ ਕਰ ਦਿੱਤਾ। ਬਾਕੀ ਮੈਂ ਨਹੀਂ ਚਾਹੁੰਦਾ ਕਿ ਮੇਰੇ ਕਾਰਨ ਤੇਰਾ ਸਮਾਂ ਰੁਕਿਆ ਰਹੇ। ਭਾਵੇਂ ਤੂੰ ਮੇਰੇ ਨਾਲ ਰਹੇਂ ਜਾਂ ਨਾ ਰਹੇਂ।

ਸਾਵਣ - ਇਹ ਵਾਪਿਸ ਕਰ ਤੁਸੀਂ ਮੁੜ ਤੋਂ ਮੈਨੂੰ ਬੰਧਨ ਵਿੱਚ ਬੰਨ ਰਹੇ ਹੋ।

ਮੈਂ - ਨਹੀਂ ਤੂੰ ਅਜ਼ਾਦ ਏ। ਮੇਰੇ ਵੱਲੋਂ ਤੈਨੂੰ ਕੋਈ ਬੰਦਸ਼ ਨਹੀਂ।

ਉਸਨੇ ਘੜੀ ਨੂੰ ਦੇਖਿਆ ਤੇ ਫਿਰ ਮੇਰੇ ਵੱਲ। ਫਿਰ ਘੜੀ ਨੂੰ ਫੜ ਓਦਾਂ ਹੀ ਬੈਠੀ ਰਹੀ। ਫਿਰ ਕੁਝ ਚਿੱਰ ਪਿੱਛੋਂ ਉੱਠੀ ਤੇ ਮੈਂ ਵੀ ਉੱਠ ਗਿਆ। ਉਹ ਬੋਲੀ।

ਸਾਵਣ - ਮੈਂ ਚੱਲਦੀ ਹਾਂ ਹੁਣ। ਮਹਿਕ ਦੇ ਸਕੂਲ ਤੋਂ ਆਉਣ ਦਾ ਸਮਾਂ ਹੋ ਜਾਣਾ।

ਮੈਂ - ਫਿਰ ਮਿਲੇਗੀਂ?

ਸਾਵਣ - ਨਹੀਂ ਪ੍ਰੀਤ ਮੈਂ ਪਹਿਲਾਂ ਵੀ ਕਿਹਾ ਸੀ। ਮੈਂ ਦੁਬਾਰਾ ਨਹੀਂ ਮਿਲਾਗੀਂ। ਮੈਨੂੰ ਮੁਆਫ ਕਰਨਾ। ਚੰਗਾ ਮੈਂ ਚੱਲਦੀ ਹਾਂ।

ਮੈਂ - ਚੱਲ ਕੁਝ ਪਲ ਹੋਰ ਰੁਕ ਜਾ।

ਸਾਵਣ - ਨਹੀਂ ਮੈਨੂੰ ਲੱਗਦਾ ਹੁਣ ਜਾਣਾ ਚਾਹੀਦਾ ਏ। ਇਸ ਤੋਂ ਪਹਿਲਾਂ ਗੱਲ ਵਧੇ। ਤੇ ਮੈਂ ਗੱਲ ਨਹੀਂ ਵਧਾਉਣਾ ਚਾਹੁੰਦੀ।

ਮੈਂ - ਠੀਕ ਆ ਜਿਵੇਂ ਤੇਰੀ ਮਰਜੀ।

ਸਾਵਣ - ਹਾਂ ਸੱਚ ਮੇਰੇ ਤੇ ਸ਼ਾਇਰੀ ਕਰਨੀ ਜ਼ਰਾ ਘਟਾ ਦਿਉ। ਬਸ ਬਹੁਤ ਹੈ ਜੋ ਕੁਝ ਵੀ ਲਿਖ ਦਿੱਤਾ ਏ।

ਮੈਂ - ਠੀਕ ਹੈਂ ਸੋਚਾਗਾਂ।

ਸਾਵਣ - ਚੰਗਾ ਚੱਲਦੀ ਹਾਂ ਮੈਂ।

ਇਹ ਆਖ ਉਹ ਆਪਣੇ ਘਰ ਨੂੰ ਚੱਲ ਪਈ। ਮੈਂ ਉਥੇ ਹੀ ਖੜਾ ਰਿਹਾ। ਇੱਕ ਦੋ ਵਾਰ ਮੇਰੇ ਮਨ ਵਿੱਚ ਖਿਆਲ ਆਇਆ ਕਿ ਸਾਵਣ ਦੇ ਪਿੱਛੇ ਜਾਵਾਂ ਤੇ ਦੇਖਾਂ ਇਸਦਾ ਘਰ ਕਿੱਥੇ ਹੈ? ਪਰ ਫਿਰ ਸੋਚਿਆ ਜੱਦ ਉਸਨੇ ਰਿਸ਼ਤਾ ਹੀ ਨਹੀਂ ਰੱਖਣਾ ਕਿਉਂ ਅੜੀਆਂ ਕਰਨੀਆ ਨੇ। ਮੈਂ ਉਸਨੂੰ ਤੱਦ ਤੱਕ ਦੇਖਦਾ ਰਿਹਾ। ਜੱਦ ਤੱਕ ਉਹ ਅੱਖੀਆਂ ਤੋਂ ਓਹਲੇ ਨਾ ਹੋ ਗਈ। ਮੈਂ ਵੀ ਘਰ ਨੂੰ ਵਾਪਿਸ ਚੱਲ ਪਿਆ।

ਘਰ ਪਹੁੰਚ ਮੈਂ ਮੁੜ ਤੋਂ ਘਰ ਦੇ ਕੰਮਾਂ ਵਿੱਚ ਵਿਅਸਤ ਹੋਣ ਲੱਗਾ। ਤੇ ਸਾਵਣ ਨੂੰ ਭੁੱਲਣ ਦਾ ਯਤਨ ਕਰਨ ਲੱਗਾ। ਪਰ ਕਰੀਬ ਦਸ ਦਿਨ ਬਾਅਦ ਫਿਰ ਤੋਂ ਫੇਸਬੁੱਕ ਦੇ ਓਹੀ ਖਾਤੇ ਤੋਂ ਸੰਦੇਸ਼ ਆਇਆ। ਮੈਂ ਸੰਦੇਸ਼ ਪੜਨ ਲੱਗਾ..

ਪ੍ਰੀਤ ਮੈਂ ਮਿਲਣਾ ਹੈ ਆਪ ਨੂੰ।

ਮੈਂ ਜੁਆਬ ਦਿੱਤਾ..

ਕੀ ਗੱਲ ਤੂੰ ਤਾਂ ਕਦੇ ਮਿਲਣਾ ਨਹੀਂ ਸੀ ਚਾਹੁੰਦੀ? ਹੁਣ ਕੀ ਹੋਇਆ?

ਜੁਆਬ ਆਇਆ..

ਤੁਸੀਂ ਦੱਸੋ ਮਿਲਣਾ ਹੈ ਜਾਂ ਨਹੀਂ? ਹਾਂ ਜਾਂ ਨਾਂਹ ਵਿੱਚ ਜੁਆਬ ਦਿਉ।

ਮੈਂ ਜੁਆਬ ਦਿੱਤਾ..

ਠੀਕ ਹੈ ਮੈਂ ਆ ਜਾਵਾਂਗਾਂ। ਓੱਥੇ ਹੀ ਆਵਾਂ?

ਜੁਆਬ ਆਇਆ..

ਤੁਸੀਂ ਜਾਣਦੇ ਤਾਂ ਹੋ। ਫਿਰ ਵੀ ਸਵਾਲ।

ਮੈਂ ਜੁਆਬ ਦਿੱਤਾ..

ਕਦੋਂ ਆਵਾਂ?

ਜੁਆਬ ਆਇਆ..

ਕੱਲ ਸ਼ਾਮ ਨੂੰ।

ਮੈਂ ਜੁਆਬ ਦਿੱਤਾ..

ਠੀਕ ਹੈ ਮੈਂ ਆ ਜਾਵਾਂਗਾਂ।

ਜੁਆਬ ਆਇਆ..

ਠੀਕ ਹੈ।

ਇਸ ਜੁਆਬ ਤੋਂ ਬਾਅਦ ਉਸਦਾ ਕੋਈ ਜੁਆਬ ਨਾ ਆਇਆ। ਮੈਨੂੰ ਸਮਝ ਨਹੀਂ ਲੱਗੀ ਕਿ ਅਚਾਨਕ ਸਾਵਣ ਨੇ ਮੈਨੂੰ ਕਿਉਂ ਬੁਲਾ ਲਿਆ। ਉਹ ਤਾਂ ਮੇਰੇ ਨਾਲ ਕਿਸੇ ਤਰ੍ਹਾਂ ਦਾ ਰਿਸ਼ਤਾ ਨਹੀਂ ਸੀ ਰੱਖਣਾ ਚਾਹੁੰਦੀ। ਪਹਿਲਾਂ ਤਾਂ ਮੈਂ ਸੋਚਿਆਂ ਕਿ ਇਹ ਕੋਈ ਗੱਲ ਥੌੜਾ ਹੋਈ ਕਿ ਉਹ ਕਹੇ ਤਾਂ ਮਿਲਾਂਗੇਂ, ਉਹ ਨਾਂਹ ਕਰੇ ਤੇ ਨਹੀਂ। ਮੈਂ ਨਹੀਂ ਜਾਵਾਂਗਾਂ। ਫਿਰ ਮੇਰਾ ਮਨ ਬਦਲ ਗਿਆ। ਕਿਉਂ ਕਿ ਮੇਰੀ ਖਿੱਚ ਅਜੇ ਵੀ ਸਾਵਣ ਵੱਲ ਸੀ। ਮੈਂ ਬਾਪੂ ਕੋਲੋਂ ਰਾਤ ਹੀ ਇੰਟਰਵਿਊ ਦੇਣ ਜਾਣ ਦਾ ਬਹਾਨਾ ਲਾ ਪੈਸੇ ਲੈ ਲਏ। ਤੇ ਸਵੇਰੇ ਸਮੇਂ ਸਿਰ ਹੀ ਘਰੋਂ ਨਿਕਲ ਗਿਆ। ਪਰ ਕਿਸੇ ਕਾਰਨ ਸੜਕਾਂ ਤੇ ਆਵਾਜਾਈ ਬਹੁਤ ਸੀ ਜਿਸ ਕਰਕੇ ਮੈਨੂੰ ਦੇਰੀ ਹੋ ਗਈ ਤੇ ਮੈਂ ਸ਼ਾਮ ਦੇ ਸਾਢੇ ਚਾਰ ਵਜੇ ਮਿੱਥੀ ਥਾਂ ਤੇ ਪਹੁੰਚ ਗਿਆ। ਮੈਂ ਦੇਖਿਆ ਸਾਵਣ ਮੇਰਾ ਇੰਤਜ਼ਾਰ ਕਰ ਰਹੀ ਸੀ। ਮੈਂ ਦੂਰ ਤੋਂ ਹੀ ਉਸਨੂੰ ਬੇਸਬਰੀ ਨਾਲ ਇੰਤਜ਼ਾਰ ਕਰਦੇ ਦੇਖ ਲਿਆ। ਉਸ ਵੱਲ ਤੱਕਦਾ ਹੋਇਆ ਮੈਂ ਉਸ ਵੱਲ ਵਧਿਆ। ਇਸ ਵਾਰ ਉਸਨੇ ਹਰੇ ਰੰਗ ਦਾ ਪਲਾਜੋ ਸੂਟ ਪਾਇਆ ਸੀ। ਤੇ ਖੂਬਸੂਰਤੀ ਬਾਰੇ ਬਿਆਨ ਕਰਨਾ ਮੇਰੇ ਵੱਸ ਦੀ ਗੱਲ ਨਹੀਂ ਸੀ। ਭਾਵੇਂ ਉਹ ਵਿਆਹੀ ਹੋਈ ਤੇ ਉਸਦੀ ਬੇਟੀ ਸੀ। ਪਰ ਉਸਦੀ ਸਾਦਗੀ ਕਾਰਨ ਉਹ ਮੈਨੂੰ ਸੁਪਨਾ ਜਾਂ ਮੇਰੇ ਮਨ ਦਾ ਭਰਮ ਹੀ ਜਾਪਦੇ ਸਨ। ਮੈਂ ਚਿੱਟੇ ਰੰਗ ਦਾ ਕੁੜਤਾ

ਪਜਾਮਾ, ਪੈਰੀ ਖੁੱਸਾ ਤੇ ਸਿੱਰ ਗੁਲਾਨਾਰੀ ਰੰਗ ਦੀ ਪੱਗ ਬੰਨੀ ਹੋਈ ਸੀ। ਮੈਂ ਉਸਦੇ ਕੋਲ ਪੁੱਜਾ। ਉਸਨੇ ਮੇਰੇ ਵੱਲ ਗੁੱਸੇ ਭਰੀ ਨਜ਼ਰ ਨਾਲ ਦੇਖਿਆ। ਮੈਨੂੰ ਪਤਾ ਲੱਗ ਗਿਆ ਕਿ ਉਹ ਕਾਫੀ ਸਮੇਂ ਤੋਂ ਮੇਰੀ ਉਡੀਕ ਕਰ ਰਹੀ ਹੋਵੇਗੀ। ਮੈਨੂੰ ਦੇਖਦੇ ਹੀ ਉਹ ਬੋਲੀ..

ਸਾਵਣ - ਐਨੀ ਦੇਰੀ। ਦੋ ਢਾਈ ਘੰਟੇ ਹੋ ਗਏ ਉਡੀਕ ਕਰਦੀ ਨੂੰ।

ਮੈਂ - ਯਾਰ ਨਿਕਲਿਆਂ ਤਾਂ ਘਰੋਂ ਵੇਲੇ ਨਾਲ ਹੀ ਸੀ ਪਰ ਰਾਹ ਵਿੱਚ ਵਕਤ ਖਰਾਬ ਹੋ ਗਿਆ।

ਸਾਵਣ - ਬਹਾਨੇ ਬਣਾਉਣ ਦੀ ਲੋੜ ਨਹੀਂ।

ਮੈਂ - ਲੈ ਦੱਸ।

ਸਾਵਣ - ਕੀ ਲੈ ਦੱਸ?

ਮੈਂ - ਕੋਈ ਗੱਲ ਵੀ ਕਰੇਗੀਂ ਜਾਂ ਬੱਸ ਗੁੱਸਾ ਹੀ ਕਰੀ ਜਾਣਾ।

ਉਸਨੇ ਕੋਈ ਗੱਲ ਨਾ ਕੀਤੀ। ਤੇ ਮੁੜ ਤੋਂ ਗੁੱਸੇ ਨਾਲ ਮੇਰੇ ਵੱਲ ਦੇਖਿਆ। ਮੈਂ ਉਸ ਨੂੰ ਪਹਿਲੀ ਵਾਰ ਗੁੱਸੇ ਵਿੱਚ ਦੇਖ ਰਿਹਾ ਸੀ। ਫਿਰ ਉਸਨੇ ਮੇਰੀ ਬਾਂਹ ਫੜੀ ਤੇ ਅੱਗੇ ਲੈ ਹੋ ਤੁਰੀ। ਅਸੀਂ

ਮੁੜ ਓਸੇ ਹੋਟਲ ਵਿੱਚ ਜਾ ਪਹੁੰਚੇ। ਮੈਂ ਸਮਝ ਗਿਆ ਕਿ ਸਾਵਣ ਦੁਖੀ ਮਨ ਨੂੰ ਸ਼ਾਂਤ ਕਰਨ ਦਾ ਜ਼ਰੀਆ ਜਿਸਮ ਸਮਝ ਰਹੀ ਹੈ। ਪਰ ਮੈਂ ਉਸ ਨੂੰ ਰੋਕਿਆ ਨਹੀਂ। ਕਿਉਂਕਿ ਮੈਂ ਵੀ ਇੱਕ ਮਰਦ ਹਾਂ। ਖੂਬਸੂਰਤ ਔਰਤ ਨੂੰ ਦੇਖ ਕਾਮਵਾਸਨਾ ਫੁੰਕਾਰੇ ਮਾਰਨ ਲੱਗ ਜਾਂਦੀ ਹੈ। ਸਗੋਂ ਇਹ ਤਾਂ ਖੁੱਦ ਮੇਰੀਆਂ ਭਾਵਨਾਵਾਂ ਨੂੰ ਸੁਰਖ ਕਰਨ ਦੀਆਂ ਯਾਤਨਾਵਾਂ ਕਰ ਰਹੀ ਹੈ। ਮੈਂ ਸਾਵਣ ਦੀਆਂ ਕਾਰਵਾਹੀਆਂ ਦਾ ਰੋੜਾ ਨਾ ਬਣ ਸਗੋਂ ਉਸ ਦਾ ਹਿੱਸਾ ਬਣਨ ਲੱਗਾ। ਅਸੀਂ ਹੋਟਲ ਦੇ ਕਮਰੇ ਵਿੱਚ ਗਏ ਤੇ ਸਾਵਣ ਨੇ ਜਾਂਦਿਆਂ ਹੀ ਮੈਨੂੰ ਬਾਹਾਂ ਵਿੱਚ ਭਰ ਲਿਆ। ਮੈਂ ਉਤਸੁਕ ਹੋ ਗਿਆ ਤੇ। ਮੁੜ ਤੋਂ ਸਾਵਣ ਨਾਲ ਜਿਸਮਾਨੀ ਪਿਆਸ ਮਿਟਾਉਣ ਵਿੱਚ ਮਸ਼ਰੂਫ ਹੋ ਗਿਆ। ਵਕਤ ਦਾ ਪਤਾ ਹੀ ਨਾ ਲੱਗਾ ਤੇ ਕਰੀਬ ਅੱਠ ਵੱਜ ਗਏ। ਸਾਵਣ ਮੇਰੀਆਂ ਬਾਹਾਂ ਵਿੱਚ ਲਵੇਟੀ ਪਈ ਸੀ। ਜਿਵੇਂ ਜਨਮਾਂ ਤੋਂ ਵਿਛੜੀ ਹੋਵੇ। ਵਕਤ ਦੇਖ ਮੈਂ ਸਾਵਣ ਨੂੰ ਕਿਹਾ..

ਮੈਂ - ਘਰ ਵਾਪਿਸ ਨਹੀਂ ਜਾਣਾ?

ਸਾਵਣ - ਕੀ ਗੱਲ ਮੇਰੇ ਨਾਲ ਰਾਤ ਗੁਜ਼ਾਰਨ ਤੋਂ ਗੁਰੇਜ਼ ਹੈ?

ਉਸ ਤੋਂ ਬਾਅਦ ਮੈਂ ਕੋਈ ਸਵਾਲ ਨਾ ਕੀਤਾ ਤੇ ਸਾਵਣ ਨੂੰ ਆਪਣੀਆਂ ਬਾਹਾਂ ਵਿੱਚ ਹੋਰ ਕੱਸਵਾਂ ਜਕੜ ਲਿਆ। ਅਸੀਂ ਸਾਰੀ ਰਾਤ ਇਕੱਲਿਆਂ ਗੁਜਾਰੀ। ਜਿਸਮਾਨੀ ਤਾਲੂਕਾਤ ਦੇ ਨਾਲ-ਨਾਲ ਉਸ ਨਾਲ ਮਨ ਤੇ ਤਾਲੂਕਾਤ ਵੀ ਵਧ ਗਏ। ਉਸਨੇ ਬਹੁਤ ਰੋਸ ਕੀਤਾ ਪਰ ਉਸ ਤੋਂ ਜਿਆਦਾ ਪਿਆਰ। ਉਸ ਰਾਤ ਉਹ ਕਰੀਬ ਤਿੰਨ ਵਾਰ ਰੋਈ ਤੇ ਮੇਰੇ ਨਾਲ ਲੜੀ ਵੀ। ਪਰ ਮੇਰੇ ਨਾਲ ਮੁੜ ਰਿਸ਼ਤਾ ਜੋੜ ਉਹ ਖੁਸ਼ ਸੀ। ਉਸਨੇ ਦੱਸਿਆ ਕਿ ਘੜੀ ਉਸ ਕੋਲ ਵਾਪਿਸ ਆਉਣ ਤੇ ਉਸ ਨੇ ਇੱਕ ਪਲ ਵੀ ਘੜੀ ਨੂੰ ਖੁੱਦ ਤੋਂ ਦੂਰ ਨਹੀਂ ਕੀਤਾ। ਜਿਸ ਕਾਰਨ ਹੀ ਉਸ ਦੀ ਮੇਰੇ ਵੱਲ ਖਿੱਚ ਵਧੀ। ਹੋਰ ਵੀ ਬਹੁਤ ਗੱਲਾਂ ਹੋਈਆਂ ਤੇ ਪਿਆਰ ਵੀ। ਅਸੀਂ ਇੱਕ ਪਲ ਵੀ ਸੁੱਤੇ ਨਹੀਂ। ਫਿਰ ਸਵੇਰੇ ਕਰੀਬ ਸੱਤ ਵਜੇ ਸਾਵਣ ਤਿਆਰ ਹੋ ਗਈ ਤੇ ਮੈਂ ਵੀ। ਨਾਸ਼ਤਾ ਕੀਤਾ ਤੇ ਉਸਨੇ ਮੈਨੂੰ ਉਸਦੀਆਂ ਸ਼ਹਿਰ ਦੀਆਂ ਸਭ ਤੋਂ ਪਸੰਦੀ ਦੀਆਂ ਥਾਵਾਂ ਤੇ ਘੁੰਮਾਇਆ। ਉਹ ਮੁੜ ਤੋਂ ਮੈਨੂੰ ਮਿਲ ਖੁਸ਼ ਸੀ। ਉਹ ਬਹੁਤ ਗੱਲਾਂ ਕਰਦੀ ਤੇ ਮੈਂ ਬਸ ਉਸਦੀ ਖੂਬਸੂਰਤੀ ਨੂੰ ਨਿਹਾਰਦਾ। ਮੈਂ ਉਸਦੇ ਆਪਣੀ ਜਿੰਦਗੀ ਵਿੱਚ ਮੁੜ ਆ ਜਾਣ ਤੇ ਖੁਸ਼ ਸੀ। ਫਿਰ ਸ਼ਾਮ ਨੂੰ ਮੈਂ ਘਰ ਵਾਪਿਸ ਆ ਗਿਆ ਤੇ ਉਹ ਆਪਣੇ ਘਰ ਵਾਪਿਸ ਚਲੀ ਗਈ। ਮੈਂ ਉਸਨੂੰ ਬਿਲਕੁਲ ਨਹੀਂ ਪੁੱਛਿਆਂ ਕਿ ਉਹ ਘਰੋਂ ਕਿਵੇਂ ਆਉਂਦੀ ਹੈ।

ਭਾਵ ਉਸਦੇ ਆਉਣ ਜਾਣ ਤੇ ਕੋਈ ਰੋਕ ਹੈ ਜਾਂ ਨਹੀਂ। ਕਿਉਂਕਿ ਮੈਨੂੰ ਇਹ ਗੱਲਾਂ ਬੇ ਲੋੜੀਆਂ ਮਹਿਸੂਸ ਹੋਈਆਂ ਇਸ ਲਈ ਪੁੱਛਣਾ ਜਰੂਰੀ ਨਹੀਂ ਸਮਝਿਆ। ਘਰ ਪਹੁੰਚਦੇ ਸਾਰ ਹੀ ਉਸਨੇ ਫੇਸਬੁੱਕ ਤੇ ਮੈਨੂੰ ਸੰਦੇਸ਼ ਭੇਜਿਆ। ਸੰਦੇਸ਼ ਸੀ..

ਆਪਣਾ ਫੋਨ ਨੰਬਰ ਭੇਜ ਦਿਉ।

ਮੈਂ ਜੁਆਬ ਦਿੱਤਾ..

ਤੇਰੇ ਕੋਲ ਹੈ ਤਾਂ।

ਜੁਆਬ ਆਇਆ..

ਨਹੀਂ ਮੇਰੇ ਕੋਲੋਂ ਗੁੰਮ ਹੋ ਗਿਆ।

ਮੈਂ ਜੁਆਬ ਦਿੱਤਾ..

9779324826

ਸੰਦੇਸ਼ ਪੜ ਉਸਨੇ ਤੁਰੰਤ ਹੀ ਵੱਟਸਐੱਪ ਤੇ ਸੰਦੇਸ਼ ਭੇਜਿਆ..

ਪ੍ਰੀਤ..??

ਮੈਂ ਜੁਆਬ ਦਿੱਤਾ।

ਹਾਂਜੀ।

ਜੁਆਬ ਆਇਆ..

ਮੇਰਾ ਨੰਬਰ ਰੱਖਿਅਤ ਕਰ ਲਵੋਂ ਉਮਰ ਭਰ ਲਈ।

ਮੈਂ ਜੁਆਬ ਦਿੱਤਾ..

ਠੀਕ ਹੈ ਜਨਾਬ। ਕੀ ਨਾਮ ਲਿਖਾਂ।

ਜੁਆਬ ਆਇਆ..

"ਤੂੰ" ਲਿਖ ਲੈ।

ਮੈਂ ਜੁਆਬ ਦਿੱਤਾ..

ਨਹੀਂ ਮੈ ਪਹਿਲਾਂ ਵਾਲਾ ਲਿਖਾਗਾਂ।

ਜੁਆਬ ਆਇਆ..

ਕੀ?

ਮੈਂ ਜੁਆਬ ਦਿੱਤਾ..

"ਬਸ ਮੈਂ", ਕਿਉਂਕਿ ਤੂੰ, ਤੂੰ ਨਹੀਂ ਮੈਂ ਹਾਂ।

ਜੁਆਬ ਆਇਆ..

ਠੀਕ ਹੈ ਸ਼ੁਕਰੀਆ।

ਉਸ ਤੋਂ ਪਿੱਛੋਂ ਹੋਰ ਕਈ ਗੱਲਾਂ ਹੋਈਆਂ। ਸਾਡੀਆਂ ਮੁਲਾਕਾਤਾਂ ਵਧਣ ਲੱਗੀਆਂ। ਸਾਨੂੰ ਆਪਣੇ ਜਿਸਮ ਦੋ ਦੀ ਬਿਜ਼ਾਏ ਇੱਕ ਜਾਪਣ ਲੱਗੇ। ਉਸਦਾ ਮੇਰਾ ਰਿਸ਼ਤਾ ਕਦੇ ਨਾ ਟੁੱਟਣ ਵਾਲਾ ਲੱਗਣ ਲੱਗਾ। ਮੈਂ ਉਸਦੀ ਬੇ ਵਫਾਈ ਲਈ ਜਿੰਨੀਆਂ ਵੀ ਕਵਿਤਾਵਾਂ ਤੇ ਸ਼ਾਇਰੀ ਲਿਖੀ। ਉਹ ਪੜਦਾ ਤੇ ਖੁਸ਼ ਹੁੰਦਾ। ਸਾਵਣ ਨਾਲ ਮੇਲ ਤੋਂ ਬਾਅਦ ਮੈਂ ਪਿਆਰ ਦੇ ਤਰਫੋਂ ਕਵਿਤਾਵਾਂ ਤੇ ਸ਼ਾਇਰੀ ਲਿਖਣ ਲੱਗਾ। ਇਹ ਮੇਰੀ ਪਸੰਦੀਦਾ ਹੈ..

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ,

ਮੈਨੂੰ ਰੱਬ ਵੀ ਅੱਜ ਖੁਸ਼ ਲੱਗਦਾ ਏ,

ਸਾਡੇ ਦਿਲ ਦੇ ਬਣੇ ਹਲਾਤਾਂ ਤੋਂ।

ਲੱਗੇ ਫਿਰ ਨਵਾਂ ਦਿਨ ਚੜ੍ਹਿਆ,

ਹੁਣ ਮੁੜ ਹੋਈਆਂ ਰੁਸ਼ਨਾਈਆਂ,

ਕੱਲੇ ਕੱਲੇ ਰਹਿਣ ਦੀਆਂ,

ਦੂਰ ਹੋਈਆਂ ਤਨਹਾਈਆਂ,

ਅੱਗ ਸੀਨੇ ਦੇ ਵਿੱਚ ਬਲਦੀ,

ਕਈ ਵਾਰ ਹੋਈਆਂ ਮੁਲਾਕਾਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਰੰਗ ਦੋਵਾਂ ਨੂੰ ਚੜਿਆ,

ਲੱਗੇ ਧਰਤੀ ਅੰਬਰ ਵਰਗੀ,

ਮੇਰੇ ਸੁਪਨਿਆਂ ਨੂੰ ਅੱਜ ਲੱਗਦਾ ਏ,

ਨੀਂਦ ਪੀਂਘ ਝੂਟ ਕੇ ਚੜ ਗਈ,

ਤਾਰਾ ਇੱਕ ਇੱਕ ਕਰ ਕੇ ਗਿਣਿਆਂ,

ਖੁਸ਼ ਹੋਵਾਂ ਖੁੱਦ ਦੀਆਂ ਬਾਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਸਭ ਬਦਲਿਆ ਬਦਲਿਆ ਲੱਗਦਾ ਏ,

ਲੱਗੇ ਨਵੀਆਂ ਸਦਰਾਂ ਉੱਗੀਆਂ,

ਮੈਂ ਖੁੱਦ ਨੂੰ ਲੱਭਿਆ ਹੁਣ ਹੀ,

ਲੱਗੇ ਰੀਝਾਂ ਸਾਰੀਆਂ ਪੁੱਗੀਆਂ,

ਇਹ ਚਾਨਣ ਦਾ ਪਰਛਾਵਾਂ,

ਲੱਗੇ ਨਿਕਲੇ ਅੱਗ ਦੀਆਂ ਲਾਟਾਂ ਚੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਲੱਗੇ ਮੰਜ਼ਿਲ ਮਿਲ ਗਈ ਮੈਨੂੰ,

ਮੁੱਕ ਗਈਆਂ ਨੇ ਲੰਮੀਆਂ ਪੈੜਾਂ,

ਦਿੱਲ ਛਾਲਾਂ ਮਾਰੇ ਅੰਦਰ,

ਜਿਵੇਂ ਸਾਗਰ ਦੀ ਇਹ ਲਹਿਰਾਂ,

ਜਿਵੇਂ ਸ਼ੰਖ ਵਜਾਵੇ ਨਾਦ ਕੋਈ,

ਰੱਬ ਮਿਲਿਆ ਏ ਸ਼ੁਰੂਆਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਮੈਂ ਤੇ ਤੂੰ ਦਾ ਫਰਕ ਹੀ ਮਿਟ ਗਿਆ,

ਲੱਗੇ ਬਸ ਮੈਂ ਹੀ ਮੈਂ ਦਾ ਹਾਣੀ ਆਂ,

ਤੂੰ ਮੇਰੇ ਦਿਲ ਦੀਆਂ ਰਮਜ਼ਾਂ ਬੁੱਝੇ,

ਮੈਂ ਤੇਰੇ ਦਿਲ ਦੀ ਜਾਣੀ ਆਂ,

ਇੱਕ ਮਿੱਕ ਹੋਗੇ, ਪਰਛਾਵਾਂ ਬਣ ਗਏ,

ਫਰਕ ਮਿਟ ਗਿਆ ਦਿਨ ਦਾ ਰਾਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ,

ਮੈਨੂੰ ਰੱਬ ਵੀ ਅੱਜ ਖੁਸ਼ ਲੱਗਦਾ ਏ,

ਸਾਡੇ ਦਿਲ ਦੇ ਬਣੇ ਹਲਾਤਾਂ ਤੋਂ।

ਅਕਸਰ ਉਹ ਚੀਜਾਂ ਹੋ ਜਾਂਦੀਆਂ ਨੇ ਜਿਨ੍ਹਾਂ ਦੀ ਇਨਸਾਨ ਨੇ ਕਦੇ ਉਮੀਦ ਨਾ ਕੀਤੀ ਹੋਵੇ। ਕਹਾਣੀ ਪਾਤਰ ਪ੍ਰੀਤ ਨੂੰ ਸਾਵਣ ਨਾਲ ਮੁੜ ਮਿਲਣ ਦੀ ਆਸ ਨਹੀਂ ਸੀ। ਸਗੋਂ ਉਸਨੂੰ ਭੁੱਲਣ ਦਾ ਯਤਨ ਕਰ ਰਿਹਾ ਸੀ। ਪਰ ਜਿੱਥੇ ਪਿਆਰ ਦੀ ਤਾਂਘ ਹੋਵੇ ਉੱਥੇ ਮੁੜ-ਮੁੜ ਮੇਲ ਹੋਣੇ ਲਾਜ਼ਮੀ ਨੇ ਕਿਸੇ ਨਾ ਕਿਸੇ ਕਾਰਨ। ਭਾਵੇਂ ਸਾਵਣ ਕਿਸੇ ਹੋਰ ਨਾਲ ਪਰਿਵਾਰਿਕ ਬੰਧਨ ਵਿੱਚ ਬੱਝੀ ਹੋਈ ਸੀ ਪਰ ਉਸਦੇ ਪਿਆਰ ਦੀ ਖਿੱਚ ਹਮੇਸ਼ਾ ਕਹਾਣੀ ਪਾਤਰ ਪ੍ਰੀਤ ਦੀ ਤਰਫ ਰਹੀ। ਇੱਕ ਬਾਰਾਂ ਹਜਾਰ ਦੀ ਘੜੀ ਸਿਰਫ ਇੱਕ ਜ਼ਰੀਆ ਸੀ ਦੋ ਰੂਹਾਂ ਤੇ ਜਿਸਮਾਂ ਨੂੰ ਵਾਪਸ ਵਿੱਚ ਮਿਲਾਉਣੇ ਦਾ। ਉਹਨਾਂ ਦੌਰਾਨ ਕੁਝ ਗ਼ਲਤਫਹਿਮੀਆਂ ਜਰੂਰ ਹੋਈਆ, ਪਰ ਉਹਨਾਂ ਇਹ ਸਭ ਭੁਲਾ ਅੱਗੇ ਵਧਨ ਦਾ ਯਤਨ ਕੀਤਾ ਤੇ ਸਫਲ ਰਹੇ।

ਪਰ ਇਹ ਰਿਸ਼ਤਾ ਕੱਦ ਤੱਕ ਬਣਿਆਂ ਰਹੇਗਾ। ਖੈਰ ਹੈ ਤਾਂ ਸਾਵਣ ਇੱਕ ਪਰਾਈ ਔਰਤ ਹੀ। ਤੇ ਪ੍ਰੀਤ ਨਾਲ ਚਾਹ ਕੇ ਵੀ ਉਹ ਵਿਆਹ ਨਹੀਂ ਕਰਾ ਸਕਦੀ। ਇਸ ਰਿਸ਼ਤੇ ਦੀ ਹੱਦ ਕਿਸ ਹੱਦ

ਤੱਕ ਹੈ ਕੋਈ ਨਹੀਂ ਜਾਣ ਸਕਦਾ। ਮੈਂ ਨਹੀਂ ਜਾਣਦਾ ਕਿ ਇਸ ਕਹਾਣੀ ਦਾ ਅਗਲਾ ਭਾਗ ਆਵੇਗਾ ਜਾਂ ਨਹੀਂ, ਕਿਉਂਕਿ ਜੱਦ ਤੱਕ ਰਿਸ਼ਤੇ ਵਿੱਚ ਉਤਾਅ-ਚੜ੍ਹਾਅ ਨਾ ਆਵੇ ਤੱਦ ਤੱਕ ਉਹ ਕਹਾਣੀ ਨਹੀਂ ਜਾਪਦੀ। ਜਿਵੇਂ ਦੁੱਖ-ਸੁੱਖ ਜਿੰਦਗੀ ਵਿੱਚ ਆਉਂਦੇ ਜਾਂਦੇ ਰਹਿਣ ਤਾਂ ਜਿੰਦਗੀ ਜਿਉਣ ਦਾ ਅਨੰਦ ਬਣਿਆ ਰਹਿੰਦਾ ਹੈ। ਇਵੇਂ ਹੀ ਕਹਾਣੀਆਂ ਨੇ। ਕਿਉਂਕਿ ਇਹ ਅਸਲ ਜੀਵਨ ਤੋਂ ਪ੍ਰਭਾਵਿਤ ਹੋ ਹੀ ਲਿਖੀਆਂ ਜਾਂਦੀਆਂ ਨੇ। ਤੇ ਅੱਗੇ ਕੀ ਹੋਵੇਗਾ ਇਹ ਨਿਰਭਰ ਕਰਦਾ ਹੈ, ਵਕਤ, ਸੋਚ ਤੇ ਹਲਾਤਾਂ ਉੱਪਰ। ਧੰਨਵਾਦ।

ਭੱਲ 12 ਜਮਾਤ

(ਭਾਗ ਤੀਜਾ)

ਪ੍ਰੀਤ ਸਿੰਘ ਭੈਣੀ

ਪਲ

ਮੁੱਲ 12 ਹਜਾਰ (ਭਾਗ ਤੀਜਾ)

ਸਿਲਸਿਲਾ ਜਾਰੀ ਸੀ। ਅਸੀਂ ਵਾਸ਼ਨਾਵਾਂ ਨੂੰ ਖੁੱਲਾ ਛੱਡਿਆ ਹੋਇਆ ਸੀ। ਜੱਦ ਉਹ ਬੁਲਾਉਂਦੀ ਤਾਂ ਮੈਂ ਜਾਂਦਾ, ਜੱਦ ਮੈਂ ਬੁਲਾਉਂਦਾ ਤਾਂ ਉਹ ਆ ਜਾਂਦੀ। ਪਰ ਜ਼ਿਆਦਾਤਰ ਮੈਂ ਹੀ ਜਾਂਦਾ ਸੀ। ਹਫਤੇ ਵਿੱਚ ਦੋ ਵਾਰ ਮੁਲਾਕਾਤ ਤਾਂ ਲਾਜ਼ਮੀ ਸੀ। ਕਈ ਵਾਰ ਤਿੰਨ ਵਾਰ ਵੀ। ਜਦੋਂ ਕਿਤੇ ਉਸਦਾ ਘਰਵਾਲਾ ਉਸ ਨਾਲ ਬੱਦਸਲੂਕੀ ਕਰਦਾ ਤਾਂ ਉਹ ਆਪਣੇ ਮਨ ਨੂੰ ਤਨ ਦੀ ਹਵਸ਼ ਨਾਲ ਠੰਡਾ ਕਰਨ ਦਾ ਜਤਨ ਕਰਦੀ। ਮੈਂ ਉਸ ਨੂੰ ਕਦੇ ਮਨ੍ਹਾ ਨਹੀਂ ਕਰਦਾ ਮਿਲਣ ਲਈ। ਮੈਨੂੰ ਹੋਰ ਚਾਹੀਦਾ ਵੀ ਕੀ ਸੀ। ਆਦਮੀ ਹਾਂ ਮੈਂ ਇੱਕ। ਇੱਕ ਖੂਬਸੂਰਤ ਔਰਤ ਨਾਲ ਜੱਦ ਦਿਲ ਚਾਹੇ ਮੁਲਾਕਾਤ ਉਹ ਵੀ ਬਿਨਾਂ ਕਿਸੇ ਡਰ ਅਤੇ ਬਖਸ਼ਿਸ਼ ਦੇ। ਜਿੰਦਗੀ ਖੁਸ਼ਹਾਲ ਲੱਗਦੀ ਸੀ। ਅਸੀਂ ਕਦੇ ਇੱਕ ਦੂਜੇ ਤੋਂ ਤੰਗ ਨਹੀਂ ਹੋਏ। ਉਂਝ ਮੈਂ ਪਹਿਲਾਂ ਜਿੰਨੀਆਂ ਵੀ ਔਰਤਾਂ ਨਾਲ ਸੰਬੰਧ ਬਣਾਏ ਸਨ। ਉਨ੍ਹਾਂ ਨਾਲ ਮੁਲਾਕਾਤ ਦਾ ਸਿਲਸਿਲਾ ਬਹੁਤੀ ਦੇਰ ਨਹੀਂ ਸੀ ਚੱਲਦਾ ਜਿੰਨਾ ਸਾਵਣ ਨਾਲ ਸੀ। ਖੈਰ ਇਸ ਬਾਰੇ ਬਾਰ-ਬਾਰ ਦੱਸਣਾ ਭਾਵ ਸਾਵਣ ਦੇ ਜਿਸਮ ਨੂੰ ਜੱਗ ਜ਼ਾਹਿਰ ਕਰਨਾ ਹੈ। ਕਾਫੀ ਲੰਬੇ ਸਮੇਂ ਤੱਕ ਇਵੇਂ ਚੱਲਦਾ ਰਿਹਾ।

ਮੈਂ ਕੋਈ ਕੰਮ ਕਾਰ ਨਹੀਂ ਸੀ ਕਰਦਾ। ਬੇਸ਼ੱਕ ਮੈਂ ਇੱਕ ਪੜਿਆ ਲਿਖਿਆ ਨੌਜਵਾਨ ਸੀ। ਪਰ ਘਰੇ ਵਿਹਲੇ ਰਹਿਣਾ ਠੀਕ ਨਹੀਂ ਸੀ। ਬਾਪੂ ਜੀ ਮੈਨੂੰ ਬਹੁਤਾ ਨਹੀਂ ਸੀ ਕਹਿੰਦੇ ਕੰਮ ਕਾਰ ਲਈ। ਪਰ ਮਾਂ ਫਿਕਰ ਕਰਦੀ ਸੀ। ਇਸ ਲਈ ਇੱਕ ਦਿਨ ਬਾਪੂ ਜੀ ਨੇ ਕਿਹਾ ਪ੍ਰੀਤ ਐੱਮ.ਏ ਕਰ ਲੈ। ਏਦਾ ਤੇਰੀ ਮਾਂ ਫਿਕਰ ਨਹੀਂ ਕਰੇਗੀ। ਮੈਨੂੰ ਇਹ ਠੀਕ ਲੱਗਾ। ਮੈਂ ਅਗਲੇ ਹੀ ਦਿਨ ਸ਼ਹਿਰ ਗਿਆ ਤੇ ਕਾਲਜ ਵਿੱਚ ਐੱਮ.ਏ ਬਾਰੇ ਪਤਾ ਕੀਤਾ। ਉਹਨਾਂ ਮੈਨੂੰ ਦਾਖਲੇ ਬਾਰੇ ਸਾਰੀ ਜਾਣਕਾਰੀ ਦਿੱਤੀ। ਮੈਂ ਉਹਨਾਂ ਨੂੰ ਆਪਣੀਆਂ ਲਿਖਤਾਂ ਬਾਰੇ ਦੱਸਿਆ। ਉਹਨਾਂ ਮੈਨੂੰ ਪੰਜਾਬੀ ਦੀ ਐੱਮ.ਏ ਕਰਨ ਲਈ ਪ੍ਰੇਰਿਆ। ਤਾਂ ਜੋ ਮੈਂ ਇੱਕ ਚੰਗਾ ਲੇਖਕ ਬਣ ਸਕਾਂ। ਮੈਨੂੰ ਉਹਨਾਂ ਦੀ ਰਾਇ ਠੀਕ ਲੱਗੀ ਤੇ ਮੈਂ ਤੁਰੰਤ ਹੀ ਦਾਖਲਾ ਲੈ ਲਿਆ। ਕਲਾਸਾਂ ਸ਼ੁਰੂ ਹੋਣ ਵਿੱਚ ਇੱਕ ਹੀ ਮਹੀਨਾ ਬੱਚਦਾ ਸੀ। ਮੈਂ ਕਾਲਜ ਲਈ ਪੂਰੀ ਤਿਆਰੀ ਕਰ ਲਈ। ਮੈਂ ਸਾਵਣ ਨੂੰ ਮਿਲਿਆ ਤੇ ਇਸ ਬਾਰੇ ਦੱਸਿਆ। ਉਹ ਮੇਰੇ ਲਈ ਖੁਸ਼ ਹੋਈ। ਕਾਲਜ ਸ਼ੁਰੂ ਹੋ ਗਿਆ। ਮੈਂ ਪੜਾਈ ਵੱਲ ਧਿਆਨ ਦੇਣ ਲੱਗਾ। ਮੇਰੀ ਜਮਾਤ ਵਿੱਚ ਹੋਰ ਵੀ ਮੁੰਡੇ ਕੁੜੀਆਂ ਸਨ। ਸਭ ਨਾਲ ਮੇਰਾ ਸੁਭਾਅ ਖੁੱਲ ਗਿਆ ਸੀ। ਅਸੀਂ ਚੰਗੇ ਦੋਸਤ ਬਣ ਗਏ। ਮੈਂ ਕਾਲਜ ਵਿੱਚ ਹੋਣ ਵਾਲੇ ਸਾਹਿਤਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲੱਗਾ। ਮੇਰੀਆਂ ਕਵਿਤਾਵਾਂ

ਕਾਲਜ ਦੀਆਂ ਮੈਗਜ਼ੀਨਾ ਵਿੱਚ ਛੱਪਦੀਆਂ। ਪ੍ਰਗਰਾਮਾਂ ਤੇ ਮੇਰੀਆਂ ਲਿਖੀਆਂ ਕਵਿਤਾਵਾਂ ਬੋਲੀਆਂ ਜਾਂਦੀਆ। ਮੇਰੀਆਂ ਕਹਾਣੀਆਂ ਤੇ ਨਾਟਕ ਖੇਡੇ ਜਾਂਦੇ। ਇਸ ਸਭ ਦੇ ਚੱਲਦੇ ਮੇਰਾ ਕਿਸੇ ਹੋਰ ਕੁੜੀ ਵੱਲ ਧਿਆਨ ਨਹੀਂ ਸੀ ਗਿਆ। ਮੈਨੂੰ ਸਾਵਣ ਤੋਂ ਹੀ ਫੁਰਸਤ ਨਹੀਂ ਸੀ।

ਵੈਸੇ ਹੈਰਾਨ ਕਰਨ ਵਾਲੀ ਗੱਲ ਸੀ ਮੇਰੇ ਲਈ ਕਿ ਇੱਕ ਸਾਲ ਬੀਤ ਚੱਲਿਆ ਸੀ ਮੈਨੂੰ ਐੱਮ.ਏ ਕਰਦੇ ਨੂੰ, ਪਰ ਨਾ ਕਿਸੇ ਕੁੜੀ ਨੇ ਮੇਰੇ ਨਾਲ ਨੇੜਤਾ ਵਧਾਈ ਤੇ ਨਾ ਹੀ ਮੈਂ। ਪੜਾਈ ਵਿੱਚ ਵੀ ਮੈਂ ਆਪਣਾ ਦੱਬ-ਦਬਾ ਬਣਾਈ ਰੱਖਿਆ ਸੀ। ਉਂਝ ਮੈਂ ਪੜਨ ਵਿੱਚ ਇੱਕ ਚੰਗਾ ਵਿਦਿਆਰਥੀ ਜਰੂਰ ਸੀ। ਇੱਕ ਸਾਲ ਦੀ ਪੜਾਈ ਪਿੱਛੋਂ ਮੇਰਾ ਚੰਗਾ ਨਾਮ ਹੋ ਗਿਆ। ਹਰੇਕ ਦੀ ਜੁਬਾਨ ਤੇ ਮੇਰਾ ਨਾਮ ਹੁੰਦਾ ਸੀ। ਲਗਭਗ ਕਾਲਜ ਵਿੱਚ ਸਭ ਮੈਨੂੰ ਜਾਣਦੇ ਸਨ। ਭਾਵੇਂ ਉਹ ਕਿਸੇ ਵੀ ਵਿਭਾਗ ਦਾ ਵਿਦਿਆਰਥੀ ਹੋਵੇ। ਖੈਰ ਕਾਲਜ ਵਿੱਚ ਵਿਅਸਤ ਹੋਣ ਦੇ ਬਾਵਯੂਦ ਮੈਂ ਸਾਵਣ ਨੂੰ ਮਿਲਦਾ ਸੀ। ਪਰ ਹਫਤੇ ਵਿੱਚ ਬੱਸ ਇੱਕ ਵਾਰ ਹੀ। ਉਸ ਨੇ ਕਦੇ ਬੁਰਾ ਨਹੀਂ ਸੀ ਮੰਨਿਆਂ। ਕਿਉਂਕਿ ਉਹ ਮੇਰੀ ਵਿਅਸਤ ਜਿੰਦਗੀ ਬਾਰੇ ਜਾਣਦੀ ਸੀ। ਤੇ ਕਾਫੀ ਹੱਦ ਤੱਕ ਸਮਝਣ ਵੀ ਲੱਗ ਪਈ ਸੀ।

ਕਾਲਜ ਦੇ ਨਵੇਂ ਦਿਨ ਸ਼ੁਰੂ ਹੋ ਗਏ। ਨਵੇਂ ਵਿਦਿਆਰਥੀ ਭਰਤੀ ਹੋਣ ਲੱਗੇ। ਰੋਜ ਨਵੇਂ-ਨਵੇਂ ਚਿਹਰੇ ਦੇਖਣ ਨੂੰ ਮਿਲਦੇ। ਮੈਂ ਹੋਸਟਲ ਵਿੱਚ ਹੀ ਰਹਿੰਦਾ ਸੀ। ਕੁੜੀਆਂ ਦੇ ਹੋਸਟਲ ਸਾਹਮਣੇ ਹੀ ਮੁੰਡਿਆਂ ਦਾ ਹੋਸਟਲ ਸੀ। ਵਿੱਚਕਾਰ ਇੱਕ ਬਹੁਤ ਸੋਹਣੀ ਪਾਰਕ ਬਣੀ ਹੋਈ ਸੀ। ਸਾਵਣ ਕਈ ਵਾਰ ਮੈਨੂੰ ਕਾਲਜ ਮਿਲਣ ਆ ਜਾਂਦੀ ਸੀ। ਜਿਵੇਂ ਮੈਂ ਪਹਿਲਾਂ ਵੀ ਦੱਸਿਆ ਸੀ ਕਿ ਉਸਦੀ ਸਾਦਗੀ ਕਾਰਨ ਇਹ ਲੱਗਦਾ ਹੀ ਨਹੀਂ ਸੀ ਕਿ ਉਹ ਵਿਆਹੀ ਹੋਈ ਹੈ ਤੇ ਇੱਕ ਬੱਚੇ ਦੀ ਮਾਂ ਵੀ ਹੈ। ਮੈਂ ਉਸਨੂੰ ਹੋਸਟਲ ਵਿੱਚ ਵੀ ਲੈ ਜਾਂਦਾ। ਕਾਲਜ ਚ' ਰੋਹਬ ਹੋਣ ਕਾਰਨ ਕਿਸੇ ਨੂੰ ਕੋਈ ਫਰਕ ਨਹੀਂ ਸੀ ਪੈਂਦਾ। ਸਭ ਚੌਕੀਦਾਰ ਵੀ ਭੇਤੀ ਸਨ। ਉਹਨਾਂ ਨੂੰ ਕਦੇ-ਕਦਾਈ ਚਾਹ ਪਾਣੀ ਪਿਆਲ ਦਈਦਾ ਸੀ। ਉਹ ਏਨੇ ਵਿੱਚ ਹੀ ਖੁਸ਼ ਸਨ। ਲਗਭਗ ਜਿੰਦਗੀ ਵਧੀਆ ਲੰਘ ਰਹੀ ਸੀ। ਜਦੋਂ ਤੱਕ ਨਵੇਂ ਸਾਲ ਦੀ ਪੜਾਈ ਦਾ ਇੱਕ-ਡੇਢ ਮਹੀਨਾ ਬੀਤ ਨਹੀਂ ਸੀ ਗਿਆ। ਮੇਰੀ ਜਿੰਦਗੀ ਵਿੱਚ ਮੋੜ ਆਉਣ ਵਾਲਾ ਸੀ। ਹਰ ਪਾਸੇ ਤੋਂ...

ਮੈਂ ਹੋਸਟਲ ਦੇ ਕਮਰੇ ਵਿੱਚੋਂ ਬਾਹਰ ਬਾਲਕੋਨੀ ਵਿੱਚ ਖੜਾ ਚਾਹ ਪੀ ਰਿਹਾ ਸੀ। ਸਿਰ ਢੱਕਣ ਲਈ ਛੋਟਾ ਪਰਨਾ ਬੰਨ੍ਹਿਆ ਹੋਇਆ ਸੀ ਤੇ ਗੱਲ ਇੱਕ ਬਨੈਣ ਤੇ ਤੇੜ ਨਿੱਕਰ ਸੀ। ਸਮਾਂ ਸ਼ਾਮ

ਦੇ ਪੰਜ ਕੁ ਵਜੇ ਦਾ ਹੋਵੇਗਾ। ਮੈਂ ਗੋਰ ਕੀਤਾ ਕਿ ਇੱਕ ਪਾਰਕ ਵਿੱਚ ਇੱਕ ਕੁੜੀ ਬੈਠੀ ਹੋਈ ਸੀ। ਬੜੀ ਹੀ ਦੇਰ ਦੀ। ਉਹ ਬਾਰ-ਬਾਰ ਆਪਣੇ ਫੋਨ ਵੱਲ ਦੇਖਦੀ ਤੇ ਹੱਥਾਂ ਨਾਲ ਅੱਖਾਂ ਨੂੰ ਸਾਫ ਕਰਦੀ। ਮੈਨੂੰ ਲੱਗਾ ਕਿ ਉਹ ਸ਼ਾਇਦ ਰੋ ਰਹੀ ਹੈ। ਮੈਂ ਹੋਰ ਥੋੜੀ ਦੇਰ ਰੁਕਿਆ। ਉਸਦਾ ਵਰਤਾਵ ਜਾਰੀ ਸੀ। ਮੈਂ ਨਾਲ-ਨਾਲ ਚਾਹ ਪੀ ਰਹਾ ਸੀ। ਜੋ ਹੁਣ ਲੱਗਭਗ ਮੁੱਕ ਗਈ ਸੀ। ਮੈਂ ਉਸਨੂੰ ਦੇਖਦਾ ਰਿਹਾ। ਫਿਰ ਮੈਂ ਕੁਝ ਸੋਚ-ਵਿਚਾਰ ਨਾ ਕੀਤੀ ਤੇ ਚਾਹ ਵਾਲਾ ਕੱਪ ਕਮਰੇ ਵਿੱਚ ਰੱਖ ਉਸ ਵੱਲ ਗਿਆ। ਉਹ ਆਪਣੇ ਧਿਆਨ ਬੈਠੀ ਸੀ। ਮੈਂ ਕੋਲ ਪਹੁੰਚਣ ਵਾਲਾ ਸੀ। ਉਸ ਨੇ ਮੈਨੂੰ ਦੇਖ ਲਿਆ। ਉਸ ਨੇ ਮੁੜ ਤੋਂ ਅੱਖਾਂ ਪੂੰਝੀਆਂ ਤੇ ਖੁੱਦ ਨੂੰ ਸਵਾਰਨ ਲੱਗੀ। ਮੈਂ ਕੋਲ ਗਿਆ ਤੇ ਬੋਲਿਆ...

ਮੈਂ - ਸਤਿ ਸ੍ਰੀ ਅਕਾਲ ਜੀ।

ਕੁੜੀ - ਸਤਿ ਸ੍ਰੀ ਅਕਾਲ (ਸਹਿਮੀ ਜਿਹੀ ਅਵਾਜ ਵਿੱਚ)।

ਮੈਂ - ਕੀ ਗੱਲ ਕੋਈ ਮੁਸ਼ਕਿਲ ਹੈ? ਮੈਂ ਬੜੇ ਚਿਰ ਤੋਂ ਦੇਖ ਰਿਹਾ ਮੈਨੂੰ ਲੱਗਦਾ ਆਪ ਰੋ ਰਹੇ ਹੋ। ਇਸ ਲਈ ਪੁੱਛਣ ਚਲਾ ਆਇਆ।

ਕੁੜੀ - ਨਹੀਂ-ਨਹੀਂ ਬਸ...

ਮੈਂ - ਕੋਈ ਮੁਸ਼ਕਿਲ ਹੈ ਤਾਂ ਦੱਸੋ, ਹੋ ਸਕਦਾ ਕੋਈ ਹੱਲ ਕਰ ਦਈਏ।

ਕੁੜੀ - ਨਹੀਂ ਜੀ ਮਿਹਰਬਾਨੀ। ਬਸ ਮੈਂ ਵੈਸੇ ਬੈਠੀ ਸੀ। ਬਸ ਚੰਗੇ ਮਾੜੇ ਬੀਤੇ ਪਲਾਂ ਦੀ ਯਾਦ ਵਿੱਚ ਅੱਥਰੂ ਵਹਿਣ ਲੱਗੇ।

ਮੈਂ - ਹਾਂ ਹੁੰਦਾ ਇਸ ਤਰਾਂ। ਬੀਤੀ ਜਿੰਦਗੀ ਵਿੱਚ ਇਹੋ ਜਿਹੇ ਬਥੇਰੇ ਮੋੜ ਹੁੰਦੇ ਨੇ ਜੋ ਚੰਗੇ ਹੋਣ ਤਾਂ ਮਾੜੇ ਸਮੇਂ ਵਿੱਚ ਰੁਲਾ ਦੇਂਦੇ ਨੇ ਤੇ ਮਾੜੇ ਹੋਣ ਤਾਂ ਚੰਗੇ ਸਮੇਂ ਵਿੱਚ।

ਕੁੜੀ - ਹਾਂਜੀ। ਸਹੀ ਕਿਹਾ ਤੁਸੀਂ।

ਮੈਂ - ਵੈਸੇ ਮੇਰਾ ਨਾਮ ਪ੍ਰੀਤ ਹੈ। ਐੱਮ.ਏ ਦੂਜੇ ਸਾਲ ਦਾ ਵਿਦਿਆਰਥੀ ਹਾਂ।

ਕੁੜੀ - ਮੈਂ ਸਿਮਰਨ। ਐੱਮ.ਏ ਪਹਿਲਾ ਸਾਲ।

ਮੈਂ - ਮੈਂ ਬੈਠ ਜਾਵਾਂ ਅਗਰ ਕੋਈ ਤੰਗੀ ਨਹੀਂ ਤਾਂ।

ਸਿਮਰਨ - ਨਹੀਂ ਨਹੀਂ ਤੰਗੀ ਕਿਸ ਗੱਲ ਦੀ। ਬੈਠੋ ਆਪ।

ਮੈਂ - ਸ਼ੁਕਰੀਆ ਜੀ।

ਮੈਂ ਸ਼ੁਕਰੀਆ ਆਖ ਬੈਠ ਗਿਆ। ਮੈਂ ਸਮਝ ਗਿਆ ਸੀ ਕਿ ਕੋਈ ਗੱਲ ਤਾਂ ਜਰੂਰ ਹੈ। ਪਰ ਉਸ ਨੇ ਕੁਝ ਦੱਸਿਆ ਨਹੀਂ ਹਾਲੇ।

ਵੈਸੇ ਕਿਸੇ ਅਣਜਾਣ ਨੂੰ ਦੱਸਣਾ ਸਹੀ ਵੀ ਨਹੀਂ। ਅਣਜਾਣ ਹੀ ਸੀ ਮੈਂ ਉਸਦੇ ਲਈ। ਪਰ ਮੇਰੀ ਆਦਤ ਹੈ ਜੱਦ ਤੱਕ ਗੱਲ ਦਾ ਨਿਚੋੜ ਨਾ ਮਿਲੇ ਜਾਇਜਾ ਲਈ ਜਾਣਾ। ਵੈਸੇ ਕੁੜੀ ਸੋਹਣੀ ਸੀ। ਪਹਿਲਾਂ ਮੈਂ ਇਸ ਗੱਲ ਵੱਲ ਧਿਆਨ ਨਾ ਦਿੱਤਾ। ਪਰ ਬਾਅਦ ਵਿੱਚ ਮੈਨੂੰ ਅਹਿਸਾਸ ਹੋਇਆ। ਉਸ ਵਕਤ ਮੈਨੂੰ ਉਸਦੀ ਖੂਬਸੂਰਤੀ ਨਾਲ ਕੁਝ ਫਰਕ ਵੀ ਨਹੀਂ ਸੀ ਪੈਂਦਾ। ਮੇਰੇ ਕੋਲ ਸਾਵਣ ਸੀ। ਮੈਨੂੰ ਨਹੀਂ ਲੱਗਦਾ ਉਸਦੇ ਜਿੰਨਾ ਸੋਹਣਾ ਵੀ ਕੋਈ ਜੱਗ ਤੇ ਹੋਵੇਗਾ। ਜਾਂ ਫਿਰ ਇਹ ਮੇਰਾ ਵਹਿਮ ਸੀ। ਖੈਰ ਇਸ ਗੱਲ ਦਾ ਫੈਸਲਾ ਮੈਂ ਅੱਜ ਤੱਕ ਨਹੀਂ ਕਰ ਸਕਿਆ। ਹਾਂ ਸਿਮਰਨ ਖੂਬਸੂਰਤ ਸੀ ਪਰ ਸਾਵਣ ਨਾਲ ਉਸਦਾ ਕੋਈ ਮੁਲਾਬਲਾ ਨਹੀਂ। ਹਰ ਕੁੜੀ ਵੱਲ ਦੇਖ ਮੈਨੂੰ ਇਹੀ ਲੱਗਦਾ ਸੀ। ਜਾਂ ਫਿਰ ਮੈਂ ਸੋਚਦਾ ਏਦਾਂ ਸੀ। ਮੈਂ ਬੈਠ ਗਿਆ ਤੇ ਬੋਲਿਆਂ..

ਮੈਂ - ਇਸੇ ਸਾਲ ਦਾਖਲਾ ਲਿਆ ਜਾਂ ਪਹਿਲਾਂ ਵੀ ਇੱਥੇ ਪੜੇ ਹੋ?

ਸਿਮਰਨ - ਨਹੀਂ ਮੈਂ ਬੀ.ਏ ਏਥੇ ਕੀਤੀ ਸੀ। ਫਿਰ ਬੀ.ਐੱਡ ਕਰਨ ਹੋਰ ਕਾਲਜ ਗਈ। ਹੁਣ ਐੱਮ.ਏ ਕਰਨ ਵਾਸਤੇ ਇਸ ਸਾਲ ਦਾਖਲਾ ਲਿਆ।

ਮੈਂ - ਕਿਥੋਂ ਹੋ ਆਪ।

ਸਿਮਰਨ - ਜਲੰਧਰ। ਆਪ?

ਮੈਂ - ਮੇਰਾ ਇਹੀ ਸ਼ਹਿਰ ਹੈ। ਉਂਝ ਪਿੰਡ ਹੈ ਨੇੜੇ ਪਰ ਮੈਂ ਹੋਸਟਲ ਚ' ਹੀ ਰਹਿੰਦਾ ਹਾਂ।

ਸਿਮਰਨ - ਕਿਹੜੇ ਵਿਸ਼ੇ ਦੀ ਐੱਮ.ਏ ਕਰ ਰਹੇ ਹੋ?

ਮੈਂ - ਪੰਜਾਬੀ। ਆਪ?

ਸਿਮਰਨ - ਮੈਂ ਵੀ ਪੰਜਾਬੀ ਹੀ।

ਮੈਂ - ਵਧੀਆ ਫਿਰ ਤਾਂ। ਦੱਸਣਾ ਅਗਰ ਕਿਸੇ ਤਰ੍ਹਾਂ ਦੀ ਲੋੜ ਹੋਈ।

ਸਿਮਰਨ - ਹਾਂਜੀ ਜਰੂਰ।

ਮੈਂ - ਵੈਸੇ ਆਪ ਦੱਸ ਸਕਦੇ ਹੋ ਮੈਨੂੰ ਕਿ ਕਿਉਂ ਰੋ ਰਹੇ ਸੀ। ਮੈਂ ਕਿਸੇ ਨੂੰ ਦੱਸਾਗਾਂ ਨਹੀਂ। ਹਾਂ ਹੋ ਸਕਦਾ ਕੁਝ ਹੱਲ ਕਰ ਸਕਾਂ।

ਸਿਮਰਨ - ਹੁਣ ਕਿਵੇਂ ਦੱਸਾਂ।

ਮੈਂ - ਆਪ ਨਾ ਦੱਸਣਾ ਚਾਹੋ ਤੱਦ ਵੀ ਕੋਈ ਗੱਲ ਨੀ। ਬਸ ਮੈਂ ਵੈਸੇ ਪੁੱਛ ਰਿਹਾ ਸੀ।

ਸਿਮਰਨ - ਨਹੀਂ ਮੈਨੂੰ ਦੱਸਣ ਵਿੱਚ ਕੋਈ ਮੁਸ਼ਕਿਲ ਨਹੀਂ। ਮੈਂ ਬਹੁਤੀ ਦੇਰ ਲੁਕਾ ਨਹੀਂ ਰੱਖ ਸਕਦੀ ਕਿਸੇ ਵੀ ਗੱਲ ਦਾ।

ਮੈਂ - ਦੱਸੋ ਫਿਰ ਕਿਉਂ ਰੋ ਰਹੇ ਸੀ?

ਸਿਮਰਨ - ਦਰਅਸਲ, ਮੈਂ ਕਿਸੇ ਮੁੰਡੇ ਨੂੰ ਪਸੰਦ ਕਰਦੀ ਸਾਂ। ਉਹ ਵੀ ਮੈਨੂੰ ਕਰਦਾ ਸੀ। ਅਸੀਂ ਇੱਕ ਦੂਜੇ ਨੂੰ ਕਾਫੀ ਸਮਝਦੇ ਸਾਂ। ਵਿਆਹ ਵੀ ਕਰਾਉਣ ਦਾ ਸੁਪਨਾ ਸੀ। ਮੇਰਾ ਤਾਂ ਸੀ ਉਸਦਾ ਮੈਂ ਕੁਝ ਕਹਿ ਨਹੀਂ ਸਕਦੀ। ਪਰ ਉਸਨੇ ਮੈਨੂੰ ਧੋਖੇ ਚ' ਰੱਖਿਆ। ਦਸ ਕੁ ਦਿਨ ਪਹਿਲਾਂ ਵਿਆਹ ਕਰਵਾ ਕੇ ਕਨੇਡਾ ਚਲਾ ਗਿਆ। ਮੈਨੂੰ ਦੱਸਿਆ ਵੀ ਨਹੀਂ। ਮੈਂ ਫੋਨ ਕਰਦੀ ਪਰ ਲੱਗਦਾ ਨਹੀਂ। ਮੈਨੂੰ ਦੋ ਦਿਨ ਬਾਅਦ ਪਤਾ ਲੱਗਾ ਕਿ ਉਸ ਨੇ ਏਦਾਂ ਕੀਤਾ। ਮੈਨੂੰ ਬੜਾ ਝਟਕਾ ਲੱਗਾ। ਉਦੋਂ ਤਾਂ ਮੈਨੂੰ ਬਹੁਤਾ ਫਰਕ ਨਹੀਂ ਲੱਗਾ। ਮੈਂ ਸੋਚਿਆ ਚੱਲ ਜਿਵੇਂ ਵਾਹਿਗੁਰੂ ਨੂੰ ਮੰਜ਼ੂਰ। ਪਰ ਹੁਣ ਪਤਾ ਨਹੀਂ ਉਸ ਨਾਲ ਆਪਣੀਆਂ ਫੋਟੋਵਾਂ ਵੇਖ, ਉਸ ਨੂੰ ਯਾਦ ਕਰ ਆਪਣੇ-ਆਪ ਅੱਥਰੂ ਨਿਲਕ ਆਉਂਦੇ ਨੇ। ਮੈਂ ਬਹੁਤ ਕੋਸ਼ਿਸ ਕਰਦੀ ਹਾਂ ਕਿ ਨਾ ਨਿਕਲਣ ਪਰ ਪਤਾ ਨਹੀਂ ਇਹ ਫਿਰ ਵੀ ਨਹੀਂ ਰੁਕਦੇ।

ਮੈਂ - ਹਾਂਜੀ। ਸਮਝਦਾ ਹਾਂ ਮੈਂ। ਦਿਲ ਟੁੱਟਣਾ ਕਿਵੇਂ ਦੁੱਖ ਦਿੰਦਾ।

ਸਿਮਰਨ - ਦਿਲ ਨਹੀਂ ਟੁੱਟਿਆ ਮੇਰਾ ਕੋਈ। ਬਸ ਪਤਾ ਨਹੀਂ ਕੀ ਹੋ ਜਾਂਦਾ ਐਵੇਂ।

ਮੈਂ - ਹਾ ਹਾ ਹਾ ਹਾ ਹਾ ਹਾ... ਇਸ ਨੂੰ ਦਿਲ ਟੁੱਟਣਾ ਹੀ ਕਹੀਦਾ ਜਨਾਬ।

ਸਿਮਰਨ - ਤੁਹਾਨੂੰ ਕਿੱਦਾਂ ਪਤਾ? ਤੁਹਾਡਾ ਦਿਲ ਟੁੱਟਿਆ ਕਦੇ?

ਮੈਂ - ਨਹੀਂ ਟੁੱਟਿਆ ਤਾਂ ਨਹੀਂ ਪਰ। ਜਦੋਂ ਕਿਸੇ ਦੀ ਯਾਦ ਚ' ਅੱਥਰੂ ਵਹਿਣ ਉਹ ਵੀ ਉਦੋਂ, ਜਦੋਂ ਉਹ ਛੱਡ ਗਿਆ ਹੋਵੇ। ਤੱਦ ਉਸ ਨੂੰ ਦਿੱਲ ਟੁੱਟਣਾ ਹੀ ਕਿਹਾ ਜਾਂਦਾ।

ਸਿਮਰਨ - ਕਹਿੰਦੇ ਹੋਣਗੇ। ਪਰ ਮੇਰਾ ਨਹੀਂ ਟੁੱਟਿਆ ਦਿਲ- ਦੁਲ।

ਮੈਂ - ਠੀਕ ਹੈ। ਨਾ ਮੰਨੋਂ ਮੈਂ ਮਨਾਂ ਕੇ ਕੀ ਲੈਣਾ।

ਸਿਮਰਨ - ਨਹੀਂ ਮੈਂ ਵੈਸੇ ਕਹਿ ਰਹੀ ਹਾਂ। ਹਰ ਇਨਸਾਨ ਨੂੰ ਆਪੋ-ਆਪਣੇ ਬਾਰੇ ਪਤਾ ਹੁੰਦਾ।

ਮੈਂ - ਪਤਾ ਹੁੰਦਾ ਹੈ, ਪਰ ਕਈ ਵਾਰ ਇਹੋ ਜਿਹੇ ਮੋੜ ਵੀ ਆ ਜਾਂਦੇ ਨੇ ਕਿ ਸਭ ਸਮਝ ਤੋਂ ਬਾਹਰ ਹੋ ਜਾਂਦਾ ਹੈ।

ਸਿਮਰਨ - ਹਾਂ ਹੋ ਸਕਦਾ ਏਦਾਂ। ਪਰ ਮੈਨੂੰ ਪਤਾ ਮੇਰਾ ਦਿਲ ਨਹੀਂ ਟੁੱਟਿਆ ਕੋਈ।

ਮੈਂ - ਹਾ ਹਾ ਹਾ ਹਾ ਹਾ ਹਾ ਹਾ ਹਾ ਹਾ ... ਠੀਕ ਆ ਮੰਨ ਲਿਆ ਮੈਂ।

ਸਿਮਰਨ - ਬੁਰਾ ਨਾ ਮੰਨਣਾ ਮੇਰਾ ਸੁਭਾਅ ਹੈ ਖੁੱਲ ਕੇ ਗੱਲ ਕਰਨ ਦਾ।

ਮੈਂ - ਵਧੀਆ ਗੱਲ ਹੈ, ਮੈਨੂੰ ਵੀ ਖੁੱਲ ਕੇ ਗੱਲ ਕਰਨਾ ਵਧੀਆ ਲੱਗਦਾ। ਚਲੋ ਚੰਗਾ ਚੱਲਦਾ ਹਾਂ ਹਨੇਰਾ ਹੋ ਰਿਹਾ ਏ। ਆਪ ਵੀ ਅਰਾਮ ਕਰੋ।

ਸਿਮਰਨ - ਹਾਂਜੀ। ਠੀਕ ਆ।

ਅਸੀਂ ਦੋਨੋਂ ਖੜੇ ਹੋ ਗਏ। ਜਦੋਂ ਉਹ ਖੜੀ ਹੋਈ ਤਾਂ ਉਸਦੇ ਸਰੀਰ ਦੀ ਬਨਾਵਟ ਕਾਰਨ ਮੇਰਾ ਧਿਆਨ ਉਸਦੀ ਖੂਬਸੂਰਤੀ ਵੱਲ ਪਿਆ। ਉਸਨੇ ਫਿੱਕੇ ਜਿਹੇ ਗੁਲਾਬੀ ਰੰਗ ਦਾ ਲੀਕਾਂ ਵਾਲਾ ਦਾ ਸੂਟ ਪਾਇਆ ਸੀ। ਉਸਦੇ ਵਾਲ ਬਹੁਤ ਕਾਲੇ ਤੇ ਲੰਮੇ ਸਨ। ਜਿਵੇਂ ਮੱਸਿਆ ਦੀ ਕਾਲੀ ਰਾਤ ਹੋਵੇ। ਕੱਦ ਮੇਰੇ ਤੋਂ ਥੋੜਾ ਨੀਵਾਂ ਸੀ। ਸ਼ਾਇਦ ਪੰਜ ਫੁੱਟ-ਚਾਰ, ਪੰਜ ਇੰਚ ਹੋਵੇਗਾ। ਉਂਝ ਹੈ ਬਾ-ਕਮਾਲ ਸੀ। ਅਸੀਂ ਖੜੇ ਹੋਏ ਤੇ ਉਸਨੇ ਖੜੇ ਹੁੰਦੇ ਹੀ ਕਿਹਾ।

ਸਿਮਰਨ - ਵੈਸੇ ਧੰਨਵਾਦ ਆਉਣ ਦੇ ਲਈ। ਉਂਝ ਮੈਨੂੰ ਬਹੁਤੇ ਮੁੰਡਿਆਂ ਨਾਲ ਗੱਲ ਕਰਨੀ ਪਸੰਦ ਨਹੀਂ। ਅਣਜਾਣ ਨਾਲ ਤਾਂ ਬਿਲਕੁਲ ਨਹੀਂ। ਪਰ ਮੈਨੂੰ ਵਧੀਆ ਲੱਗਾ ਕਿ ਆਪ ਨੇ ਮੇਰਾ ਧਿਆਨ ਬਦਲਿਆ ਤੇ ਮਨ ਹਲਕਾ ਕੀਤਾ। ਸ਼ੁਕਰੀਆ।

ਮੈਂ - ਨਹੀਂ ਕੋਈ ਗੱਲ ਨੀ। ਚੰਗਾ ਜੀ ਫਿਰ ਮਿਲਦੇ ਹਾਂ।

ਸਿਮਰਨ - ਠੀਕ ਆ ਜੀ।

ਮੈਂ ਆਪਣੇ ਹੋਸਟਲ ਵੱਲ ਨੂੰ ਚੱਲ ਪਿਆ ਤੇ ਉਹ ਆਪਣੇ। ਏਨੇ ਨੂੰ ਸਾਵਣ ਦਾ ਫੋਨ ਆ ਗਿਆ ਤੇ ਸਿਮਰਨ ਦਾ ਖਿਆਲ ਮੇਰੇ ਮਨ ਚੋਂ ਨਿਕਲ ਗਿਆ। ਕਾਫੀ ਲੰਬੀ ਗੱਲਬਾਤ ਕੀਤੀ। ਫਿਰ ਮੈਂ ਰੋਟੀ ਪਾਣੀ ਖਾਧਾ ਤੇ ਸੌਂ ਗਿਆ। ਕਿੰਨੇ ਦਿਨ ਗੁਜਰ ਗਏ। ਮੈਂ ਹਰ ਸ਼ਨੀਵਾਰ ਘਰੇ ਜਾਂਦਾ ਸੀ ਤੇ ਐਤਵਾਰ ਸਾਵਣ ਨੂੰ ਮਿਲਣ। ਪਰ ਇਸ ਵਾਰ ਸਾਵਣ ਦੇ ਸਹੁਰੇ ਪਰਿਵਾਰ ਵਿੱਚ ਕੋਈ ਵਿਆਹ ਸੀ ਜਿਸ ਕਾਰਨ ਉਹ ਨਹੀਂ ਸੀ ਆ ਸਕਦੀ। ਜਿਸ ਕਾਰਨ ਮੈਂ ਪਿੰਡ ਵੀ ਨਾ ਗਿਆ। ਐਤਵਾਰ ਦਾ ਦਿਨ ਸੀ। ਸਭ ਹੋਸਟਲ ਦੇ ਮੁੰਡੇ ਪਾਰਕ ਦੇ ਵਿੱਚ ਬਣੀ ਵਾਲੀਬਾਲ ਵਾਲੀ ਗਰਾਉਂਡ ਵਿੱਚ ਵਾਲੀਬਾਲ ਖੇਡ ਰਹੇ ਸਨ। ਜੋ ਪਾਰਕ ਦੇ ਇੱਕ ਪਾਸੇ ਬਣੀ ਹੋਈ ਸੀ। ਹੋਸਟਲ ਦੀਆਂ ਲੱਗਭਗ ਸਭ ਕੁੜੀਆਂ ਦੇਖ ਰਹੀਆਂ ਸਨ।

ਵਧੀਆ ਖੇਡ ਚੱਲ ਰਹੀ ਸੀ। ਪਰ ਮੈਨੂੰ ਵਾਲੀਬਾਲ ਪਸੰਦ ਨਹੀਂ ਸੀ ਇਸ ਲਈ ਮੈਂ ਪਾਰਕ ਦੇ ਇੱਕ ਪਾਸੇ ਹੋ ਰੁੱਖ ਦੀ ਛਾਂ ਹੇਠਾਂ ਆਪਣੀ ਡਾਇਰੀ ਲੈ ਕੇ ਬੈਠਾ ਸੀ। ਤੇ ਕੁਝ ਲਿਖਣ ਦੀ ਕੋਸ਼ਿਸ ਕਰ ਰਿਹਾ ਸੀ। ਦੋ ਕੁ ਸ਼ੇਅਰ ਲਿਖੇ ਤੇ ਕਵਿਤਾ ਅਜੇ ਸ਼ੁਰੂ ਹੀ ਕੀਤੀ ਸੀ ਕਿ ਦੋ ਕੁੜੀਆਂ ਕੋਲ ਆਈਆਂ। ਇੱਕ ਨੇ ਕਿਹਾ..

ਸਿਮਰਨ - ਹਾਂਜੀ ਕਿਵੇਂ ਹੋ?

ਮੈਂ - ਹਾਂਜੀ ਵਧੀਆ। ਆਪ ਦੱਸੋ?

ਮੈਨੂੰ ਯਾਦ ਆ ਗਿਆ ਇਹ ਤਾਂ ਓਦਨ ਵਾਲੀ ਕੁੜੀ ਹੈ। ਸਿਮਰਨ। ਜੋ ਅੱਜ ਖੁਸ਼ ਲੱਗ ਰਹੀ ਸੀ। ਦੂਜੀ ਕੁੜੀ ਨੇ ਵੀ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ। ਫਿਰ ਉਹ ਮੇਰੇ ਕੋਲ ਹੀ ਬੈਠ ਗਈਆਂ। ਫਿਰ ਸਿਮਰਨ ਬੋਲੀ...

ਸਿਮਰਨ - ਐਤਵਾਰ ਵੀ ਪੜਦਾ ਕੋਈ? ਵਾਹ।

ਮੈਂ - ਹਾ ਹਾ ਹਾ.. ਨਹੀਂ ਬਸ ਕੁਝ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਸਿਮਰਨ - ਆਪ ਲਿਖਦੇ ਹੋ?

ਮੈਂ – ਥੋੜਾ ਬਹੁਤ।

ਫਿਰ ਦੂਜੀ ਕੁੜੀ ਬੋਲੀ।

ਦੂਜੀ ਕੁੜੀ – ਸੁਣਾਓ ਫਿਰ ਕੁਝ।

ਮੈਂ - ਆਪ ਦਾ ਨਾਮ?

ਉਸਨੇ ਮੇਰੇ ਵੱਲ ਹੱਥ ਵਧਾਇਆ ਤੇ ਕਿਹਾ..

ਮੇਰਾ ਨਾਮ ਪੂਜਾ..

ਮੈਂ - ਸੋਹਣਾ ਨਾਮ।

ਪੂਜਾ - ਸੁਣਾਓ ਕੁਝ। ਐਤਵਾਰ ਵਧੀਆ ਕਰ ਦਿਉ।

ਮੈਂ - ਦੇਖਿਓ ਕਿਤੇ ਖਰਾਬ ਨਾ ਹੋਜੇ।

ਸਿਮਰਨ - ਨਹੀਂ ਸੁਣਾਓ ਆਪ ਕੀ ਲਿੱਖ ਰਹੇ ਹੋ।

ਮੈਂ - ਕੋਈ ਨਾ ਸੁਣਾ ਦੇਂਦੇ ਹਾਂ ਆਪ ਦੱਸੋ। ਫਿਰ ਤਾਂ ਨੀ ਰੋਏ।

ਉਸਨੇ ਮੇਰੇ ਵੱਲ ਘੂਰ ਭਰੀ ਨਜ਼ਰ ਨਾਲ ਦੇਖਿਆ। ਮੈਂ ਸਮਝ ਗਿਆ ਕਿ ਉਸ ਨੇ ਨਾਲ ਆਈ ਕੁੜੀ ਤੋਂ ਓਹਲਾ ਰੱਖਣ ਬਾਰੇ ਕਿਹਾ ਹੈ। ਮੈਂ ਚੁੱਪ ਕਰ ਗਿਆ। ਉਹ ਫਿਰ ਬੋਲੀ..

ਸਿਮਰਨ - ਸੁਣਾ ਵੀ ਦਿਉ ਹੁਣ..

ਮੈਂ - ਠੀਕ ਆ.. ਇੱਕ ਮਿੰਟ.. ਨਵਾਂ ਸੁਣੋਗੇ ਜਾਂ ਪੁਰਾਣਾ?

ਸਿਮਰਨ - ਪੁਰਾਣੇ ਤਾਂ ਹੋਰਾਂ ਨੇ ਵੀ ਸੁਣੇ ਹੋਣਗੇ। ਆਪ ਨਵਾਂ ਸੁਣਾਉ।

ਮੈਂ - ਠੀਕ ਹੈ.. ਗੋਰ ਕਰਨਾ..

ਮੈਂ ਬੜੇ ਹੀ ਵਕਤ ਹੰਡਾਏ ਨੇ,

ਕੁਝ ਹਾਸੇ ਸੀ ਕੁਝ ਗਮੀਆਂ ਨੇ,

ਰੰਗ ਢਲਦੇ ਝੜਦੇ ਵੇਖੇ ਨੇ,

ਕੁਝ ਵਖਰੇਵੇਂ ਤੇ ਕੁਝ ਕਮੀਆਂ ਨੇ,

ਮੈਂ ਅੱਜ ਵੀ ਖੁੱਦ ਨੂੰ ਪੁੱਛਦਾ ਹਾਂ,

ਇਹ ਗ਼ਮ ਜੋ ਕਿਹੜੇ ਪਾਸੇ ਨੇ,

ਉਹ ਸੱਚੀ ਮੈਨੂੰ ਪੁੱਛਦੇ ਆ,

ਜਾਂ ਦੇਂਦੇ ਸਿਰਫ ਦਿਲਾਸੇ ਨੇ,

ਉਹ ਸੱਚੀ ਮੈਨੂੰ ਪੁੱਛਦੇ ਆ,

ਜਾਂ ਦੇਂਦੇ ਸਿਰਫ ਦਿਲਾਸੇ ਨੇ।

ਪੂਜਾ - ਵਾਹ ਜੀ ਕਮਾਲ ਹੈ। ਦਮ ਹੈ ਆਪ ਦੀ ਕਲਮ ਚ'।

ਸਿਮਰਨ - ਹਾਂ ਵਧੀਆ ਲਿਖਿਆ।

ਏਨੇ ਨੂੰ ਪੂਜਾ ਨੂੰ ਕਿਸੇ ਹੋਰ ਕੁੜੀ ਨੇ ਅਵਾਜ਼ ਲਗਾ ਦਿੱਤੀ ਤੇ ਉਹ ਸਾਨੂੰ ਫਿਰ ਮਿਲਣ ਦਾ ਕਹਿ ਚਲੀ ਗਈ। ਸਿਮਰਨ ਬੋਲੀ..

ਸਿਮਰਨ - ਲੱਗਦਾ ਆਪ ਦਾ ਦਿਲ ਜਰੂਰ ਟੁੱਟਿਆ ਹੈ। ਜੋ ਏਨਾ ਦਰਦ ਲਿੱਖ ਰਹੇ ਹੋ।

ਮੈਂ - ਨਹੀਂ ਦਿੱਲ ਨਹੀਂ ਟੁੱਟਿਆ, ਬਸ ਮੈਥੋਂ ਜੋ ਮਰਜੀ ਲਿਖਵਾ ਲਵੋ। ਥੋੜਾ ਬਹੁਤ ਤਜ਼ੁਰਬਾ ਕਹਿ ਸਕਦੇ ਹੋ।

ਸਿਮਰਨ - ਹਾਂ ਹੋ ਸਕਦਾ ਹੋਵੇ। ਪਰ ਬਿਨਾਂ ਸੱਟ ਤੋਂ ਏਦਾਂ ਦਾ ਲਿੱਖਦਾ ਨੀ ਕੋਈ।

ਮੈਂ - ਪਰ ਮੈਂ ਲਿੱਖਦਾ ਹਾਂ।

ਸਿਮਰਨ - ਚਲੋ ਮੰਨ ਲੈਂਦੇ ਹਾਂ। ਵੈਸੈ ਆਪ ਦੀ ਜਿੰਦਗੀ ਚ' ਹੈ ਕੋਈ ਜਾਂ ਨਹੀਂ।

ਮੈਂ - ਹੈ ਵੀ ਤੇ ਨਹੀਂ ਵੀ।

ਸਿਮਰਨ - ਇਹ ਕਿਵੇਂ ਦਾ ਜੁਆਬ ਹੋਇਆ? ਸਾਫ-ਸਾਫ ਦੱਸੋ ਹਾਂ।

ਮੈਂ - ਹਾਂ ਹੈ।

ਸਿਮਰਨ - ਕੀ ਨਾਮ ਉਸਦਾ।

ਮੈਂ - ਆਪ ਨੇ ਕੀ ਲੈਣਾ ਪੁੱਛ ਕੇ?

ਸਿਮਰਨ - ਬਸ ਵੈਸੇ ਪੁੱਛ ਰਹੀ ਹਾਂ। ਮੈਂ ਵੀ ਆਪਣੀ ਕਹਾਣੀ ਦੱਸੀ ਸੀ।

ਮੈਂ - ਹਾਂ ਠੀਕ ਹੈ ਪਰ ਮੈਂ ਨਾਮ ਨਹੀਂ ਦੱਸਣਾ।

ਸਿਮਰਨ - ਅੱਛਾ ਠੀਕ ਹੈ ਕੋਈ ਨਾ, ਨਾ ਦੱਸੋ ਨਾਮ। ਚੱਲ ਇਹ ਦੱਸੋ ਵਿਆਹ ਕਰਾਉਣਾ ਉਸ ਨਾਲ ਕਿ ਮੇਰੇ ਵਾਲੇ ਵਰਗੇ ਹੋ ਆਪ?

ਮੈਂ - ਨਹੀਂ ਮੈਂ ਆਪ ਦੇ ਵਾਲੇ ਵਰਗਾ ਨਹੀਂ ਹਾਂ ਬਿਲਕੁਲ ਵੀ। ਬਾਕੀ ਮੈਂ ਚਾਹ ਕੇ ਵੀ ਉਸ ਨਾਲ ਵਿਆਹ ਨਹੀਂ ਕਰਵਾ ਸਕਦਾ। ਤੇ ਨਾ ਹੀ ਉਹ ਕਰਵਾ ਸਕਦੀ ਹੈ।

ਸਿਮਰਨ - ਲੈ ਦੱਸ ਇਹੋ ਜਿਹੀ ਕੀ ਗੱਲ ਆ.. ਘਰਦੇ ਨਹੀਂ ਮੰਨਦੇ ਉਸਦੇ ਜਾਂ ਤੁਹਾਡੇ?

ਮੈਂ - ਨਹੀਂ ਏਦਾਂ ਦਾ ਵੀ ਕੁਝ ਨੀ।

ਸਿਮਰਨ - ਫਿਰ ਕੀ ਇਹੋ ਜਿਹੀ ਗੱਲ.. ਉਸ ਨੂੰ ਕੋਈ ਬਿਮਾਰੀ ਤਾਂ ਨਹੀਂ ਜਾਂ ਆਪ ਨੂੰ.. ਕੋਈ ਗੁਪਤ ਬਿਮਾਰੀ..?

ਉਸਨੇ ਮੇਰੇ ਵੱਲ ਦੇਖਿਆ ਤੇ ਮੁਸਕਰਾ ਕੇ ਆਪਣੇ ਦੋਨੋਂ ਭਰਵੱਟੇ ਉੱਪਰ ਨੂੰ ਚੁੱਕ ਸ਼ੈਤਾਨੀ ਭਰੇ ਇਸ਼ਾਰੇ ਨਾਲ ਪੁੱਛਿਆ। ਉਸਦੇ ਚਿਹਰੇ ਵੱਲ ਦੇਖ ਮੇਰਾ ਵੀ ਹਾਸਾ ਨਿਕਲ ਆਇਆ.. ਮੈਂ ਜੁਆਬ ਦਿੱਤਾ...

ਮੈਂ - ਪਾਗਲ ਹੋ ਆਪ।

ਸਿਮਰਨ - ਦੱਸੋ ਹਾਂ ਯਾਰ। ਮੈਂ ਨਹੀਂ ਦੱਸਦੀ ਕਿਸੇ ਨੂੰ। ਕਿਤੇ ਉਹ ਵਿਆਹੀ ਤਾਂ ਨਹੀਂ?

ਮੈਂ ਚੁੱਪ ਰਿਹਾ ਤੇ ਉਸਦੀ ਗੱਲ ਨੂੰ ਅਣਸੁਣਾ ਕਰ ਜਾਣਿਆ। ਪਰ ਉਸਦਾ ਸੁਭਾਅ ਕੁਝ ਖਾਸਾ ਹੀ ਖੁੱਲਾ ਸੀ। ਉਸਨੇ ਫਿਰ ਤੋਂ ਮੇਰੇ ਵੱਲ ਤੱਕ ਕਿਹਾ।

ਸਿਮਰਨ - ਉਹ ਵਿਆਹੀ ਹੋਈ ਆ ਨਾ। ਮੈਨੂੰ ਲੱਗ ਗਿਆ ਪਤਾ। ਕੋਈ ਨਾ ਘਬਰਾਉ ਨਾ ਮੈਂ ਕਿਸੇ ਨੂੰ ਨਹੀਂ ਦੱਸਦੀ। ਚੱਲ ਨਾਮ ਦੱਸੋ ਉਹਨਾਂ ਦਾ।

ਮੈਂ - ਨਹੀਂ ਦੱਸਣਾ ਮੈਂ ਨਾਮ। ਨਾਲੇ ਦੱਸ ਦੇ ਜਿਨੂੰ ਦੱਸਣਾ। ਮੈਨੂੰ ਕੋਈ ਪਰਵਾਹ ਨਹੀਂ। ਸਾਰੇ ਜਾਣਦੇ ਨੇ ਉਸ ਨੂੰ।

ਸਿਮਰਨ - ਹੈਂਅ.. ਸੱਚੀ। ਬਸ ਮੈਨੂੰ ਹੀ ਨਹੀਂ ਸੀ ਪਤਾ। ਚਲੋ ਦੱਸੋ.. ਕਿੰਨੀ ਵਾਰ ਮਿਲੇ ਹੋ ਉਸ ਨੂੰ।

ਮੈਂ ਮੁਸਕਰਾਇਆ ਤੇ ਪਾਸਾ ਵੱਟਦਾ ਬੋਲਿਆ...

ਮੈਂ - ਸੱਚੀ ਪਾਗਲ ਏ ਤੂੰ। ਉਂਝ ਕਹਿੰਦੀ ਮੈਂ ਮੁੰਡਿਆਂ ਨਾਲ ਗੱਲ ਨਹੀਂ ਕਰਦੀ। ਤੇ ਹੁਣ?

ਸਿਮਰਨ - ਲੈ ਦੱਸ ਯਾਰ.. ਆਪਾ ਦੋਸਤ ਹਾਂ।

ਮੈਂ - ਤੈਨੂੰ ਕਿੰਨੇ ਕਿਹਾ।

ਸਿਮਰਨ - ਤੁਸੀਂ ਦੋਸਤ ਨੀ ਮੰਨਦੇ ਮੈਨੂੰ ਆਪਣਾ।

ਮੈਂ - ਨਹੀਂ ਏਦਾਂ ਦੀ ਕੋਈ ਗੱਲ ਨੀ।

ਸਿਮਰਨ - ਇਸਦਾ ਮਤਲਬ ਆਪਾ ਦੋਸਤ ਹਾਂ। ਚੱਲ ਦੱਸੋ ਫਿਰ ਕਿੰਨੀ ਵਾਰ ਮਿਲੇ ਉਸ ਨੂੰ। ਮਿਲੇ ਵੀ ਹੋ ਜਾਂ ਨਹੀਂ।

ਮੈਂ - ਮੈਂ ਤੈਨੂੰ ਕਿਉਂ ਦੱਸਾ ਆਪਣੇ ਰਾਜ।

ਸਿਮਰਨ - ਦੋਸਤਾਂ ਕੋਲੋਂ ਰਾਜ ਨੀ ਰੱਖੀਦੇ। ਪਾਪ ਲੱਗਦਾ।

ਮੈਂ - ਹਾ ਹਾ ਹਾ.. ਕੋਈ ਨਾ ਲੱਗ ਲੈਣ ਦੇ ਮੈਨੂੰ ਪਾਪ।

ਸਿਮਰਨ - ਚੱਲ ਨਾ ਦੱਸੋ ਕੁਝ ਉਸ ਬਾਰੇ। ਫੋਟੋ ਤਾਂ ਦਿਖਾ ਹੀ ਸਕਦੇ ਹੋ।

ਮੈਂ - ਨਹੀਂ। ਕੁਝ ਵੀ ਨਹੀਂ।

ਸਿਮਰਨ - ਬੜੇ ਗਲਤ ਬੰਦੇ ਹੋ ਆਪ ਮੇਰੇ ਕੋਲੋਂ ਸਾਰੀ ਰਾਮ ਕਹਾਣੀ ਸੁਣ ਲਈ, ਆਪ ਕੁਝ ਵੀ ਨਹੀਂ ਦੱਸ ਰਹੇ।

ਮੈਂ - ਮੈਂ ਉਸ ਬਾਰੇ ਕਿਸੇ ਨਾਲ ਜਿਕਰ ਨਹੀਂ ਕਰਦਾ। ਭਾਵੇਂ ਮੇਰਾ ਕਿੰਨਾ ਵੀ ਖਾਸ ਹੋਵੇ।

ਸਿਮਰਨ - ਠੀਕ ਹੈ ਆਪ ਦੀ ਮਰਜੀ। ਚਲੋਂ ਕੋਈ ਨਵੀਂ ਲਿਖਤ ਸੁਣਾਉ ਆਪਣੀ।

ਮੈਂ - ਅਜੇ ਪੂਰੀ ਨੀ ਹੋਈ, ਲਿੱਖ ਕੇ ਸੁਣਾਵਾਗਾਂ।

ਸਿਮਰਨ - ਕੋਈ ਨਾ ਜਿੰਨੀ ਲਿਖੀ ਓਨੀ ਸੁਣਾ ਦਿਉ।

ਮੈਂ - ਰੁਕ ਸੁਣਾਉਂਦਾ ਹਾਂ..

ਦਿਲਾਂ ਕੋਲੋਂ ਦਿਲਾਂ ਦੀਆਂ ਪੜੀਆਂ ਨਾ ਜਾਣ ਕਿਉਂ,

ਅੱਖਾਂ ਵਿੱਚ ਛੁਪੇ ਕੁਝ ਲਾਰੇ ਵੀ ਨਾ ਦਿਸਦੇ,

ਪਲਾਂ ਨੂੰ ਜੋ ਪਲਾਂ ਨਾਲ ਜੋੜਦਾ ਸਮਾਂ ਏ,

ਕੁਝ ਪਲ ਆਪਣੇ ਪਿਆਰੇ ਵੀ ਨਾ ਦਿਸਦੇ,

ਬਣ ਕੇ ਨਸੂਰ ਕੁਝ ਤੋੜਦਾ ਏ ਅੰਦਰੋਂ,

ਬਾਹਰੋਂ ਜਿਹੜੇ ਚੁੱਪ ਬਸ ਉਹਨਾਂ ਦਾ ਹੀ ਕੰਮ ਏ,

ਦੱਸਣ ਦੀ ਲੋੜ ਨਾ ਹਕੀਕਤ ਜੋ ਚਿਹਰੇ ਦੀ,

ਜਿੰਦਗੀ ਬਿਆਨ ਕਰ ਦੇਣ ਕੁਝ ਲਮਹੇ।

ਹਾਸਿਆਂ ਚਾ ਲਿਪਟੇ ਜੋ ਗਮ ਨਹੀਂ ਦਿਸਦੇ,

ਪੁੱਛਦਾ ਨਾ ਕੋਈ ਕੀ ਮਨ ਚਾ ਲੁਕੋਇਆ ਏ,

ਬੱਦਲਾਂ ਨੇ ਜਿਵੇਂ ਕਿਤੇ ਚੰਨ ਨੂੰ ਲੁਕਾ ਲਿਆ,

ਵੇਖ ਬੇ-ਬਸੀ ਉਹਦੀ ਤਾਰਾ ਵੀ ਤਾਂ ਰੋਇਆ ਏ,

ਸੂਰਜ ਨੂੰ ਵੇਖ ਇਹ ਰਾਤ ਵੀ ਤਾਂ ਰੋਂਦੀ ਏ,

ਉਹਦਾ ਕੋਈ ਦਿਨ ਚੜੇ, ਉਹਦਾ ਵੀ ਤਾਂ ਮਨ ਏ,

ਦੱਸਣ ਦੀ ਲੋੜ ਨਾ ਹਕੀਕਤ ਜੋ ਚਿਹਰੇ ਦੀ,

ਜਿੰਦਗੀ ਬਿਆਨ ਕਰ ਦੇਣ ਕੁਝ ਲਮਹੇ।

ਸਿਮਰਨ - ਬੱਸ ਐਨੀ ਲਿਖੀ ਅਜੇ।

ਮੈਂ - ਹਾਂ।

ਸਿਮਰਨ - ਵਧੀਆ ਲਿਖੀ ਵੈਸੇ। ਕਰ ਲਉ ਪੂਰੀ। ਫਿਰ ਬਾਕੀ ਵੀ ਸੁਣਾ ਦਿਉ।

ਮੈਂ - ਕੋਈ ਨਾ।

ਸਿਮਰਨ - ਮੈਨੂੰ ਵੀ ਬੜਾ ਸ਼ੌਕ ਹੈ ਲਿਖਣ ਦਾ। ਪਰ ਪਤਾ ਨਹੀਂ ਲੱਗਦਾ ਸ਼ੁਰੂ ਕਿਵੇਂ ਕਰਾ। ਵੈਸੇ ਮੈਂ ਗਾਣੇ ਲਿਖਣਾ ਚਾਹੁੰਦੀ ਹਾਂ। ਤੁਸੀਂ ਸਿਖਾ ਦਿਉ।

ਮੈਂ - ਪਰ ਮੈਂ ਤਾਂ ਗਾਣੇ ਲਿਖਦਾ ਨਹੀਂ। ਬਸ ਸ਼ਾਇਰੀ, ਕਹਾਣੀਆਂ ਤੇ ਕਵਿਤਾਵਾਂ ਲਿੱਖਦਾ ਹਾਂ। ਚਲੋਂ ਕੋਈ ਨਾ ਫਿਰ ਵੀ ਮੈਂ ਕੋਸ਼ਿਸ਼ ਕਰਾਂਗਾਂ ਕਿ ਆਪ ਨੂੰ ਕੁਝ ਦੱਸ ਸਕਾਂ।

ਸਿਮਰਨ - ਹਾਂ ਠੀਕ। ਕੋਈ ਨਾਂ ਮੈਂ ਪਹਿਲਾਂ ਸ਼ਾਇਰੀ ਤੇ ਕਵਿਤਾਵਾਂ ਲਿਖਣੀਆਂ ਸਿੱਖ ਲੈਂਦੀ ਹਾਂ। ਬਾਕੀ ਫਿਰ ਦੇਖੀ ਜਾਊ।

ਮੈਂ - ਹਾਂਜੀ ਠੀਕ ਆ।

ਸਿਮਰਨ - ਕਦੋਂ ਤੋਂ ਸਿੱਖਣ ਆਵਾਂ।

ਮੈਂ - ਭਾਵੇਂ ਅੱਜ ਸ਼ਾਮ ਤੋਂ ਆ ਜਾਇਓ।

ਸਿਮਰਨ - ਠੀਕ ਆ। ਸ਼ੁਕਰੀਆ। ਪਰ ਪਾਰਕ ਵਿੱਚ ਹੀ ਸਿਖਾਉਣੀ ਪੈਣੀ।

ਮੈਂ - ਕੋਈ ਗੱਲ ਨੀ।

ਸਿਮਰਨ - ਅਗਰ ਮੈਂ ਆਪ ਦੇ ਹੋਸਟਲ ਆਈ ਜਾਂ ਕਾਲਜ ਚ' ਆਪ ਦਾ ਵਕਤ ਲਿਆ ਤਾਂ ਗੱਲਾਂ ਬਣਨ ਲੱਗਣੀਆ।

ਮੈਂ - ਹਾ ਹਾ ਹਾ ਹਾ ਹਾ ਹਾ ਹਾ ਹਾ.. ਨਹੀਂ ਬਣਦੀਆਂ ਗੱਲਾਂ। ਮੈਨੂੰ ਹੋਰ ਵੀ ਕਾਲਜ ਦੀਆਂ ਬਹੁਤ ਕੁੜੀਆਂ ਮਿਲਦੀਆਂ ਨੇ। ਫਿਕਰ ਨਾ ਕਰੋ। ਬਾਕੀ ਕੋਈ ਨਾ ਮੈਂ ਰੋਜ ਸ਼ਾਮ ਨੂੰ ਪਾਰਕ ਚ' ਟਹਿਲਦਾ ਹਾਂ। ਆਪ ਵੀ ਆ ਜਾਇਆ ਕਰੋ ਕਾਪੀ ਪੈੱਨ ਲੈ ਕੇ।

ਸਿਮਰਨ - ਹਾਂ ਠੀਕ ਆ। ਮੈਂ ਫਿਲਹਾਲ ਪਾਰਕ ਚ' ਹੀ ਸਿੱਖਾਂਗੀ। ਬਾਕੀ ਫਿਰ ਦੇਖੀ ਜਾਵੂ।

ਮੈਂ - ਠੀਕ ਆ ਕੋਈ ਨੀ।

ਸਿਮਰਨ - ਚੰਗਾ ਮੈਂ ਚੱਲਦੀ ਹਾਂ ਹੁਣ। ਸ਼ਾਮ ਨੂੰ ਮਿਲਦੇ ਹਾਂ। ਆਪ ਕਰੋ ਆਪਣੀ ਕਵਿਤਾ ਪੂਰੀ।

ਮੈਂ - ਚੰਗਾ ਜਨਾਬ।

ਉਹ ਚਲੀ ਗਈ। ਮੈਂ ਫਿਰ ਤੋਂ ਕਵਿਤਾਂ ਲਿਖਣ ਵਿੱਚ ਮਸ਼ਰੂਫ ਹੋ ਗਿਆ। ਪਰ ਕਵਿਤਾ ਪੂਰੀ ਨਾ ਹੋਈ। ਫਿਰ ਕੁਝ ਦੇਰ ਪਿੱਛੋਂ ਮੈਂ ਆਪਣੇ ਹੋਸਟਲ ਗਿਆ। ਨਹਾਂ-ਧੋ ਕੇ ਰੋਟੀ ਪਾਣੀ ਖਾਧਾ ਤੇ ਫਿਰ ਸੌਂ ਗਿਆ। ਫਿਰ ਸ਼ਾਮ ਨੂੰ ਛੇ ਕੁ ਵਜੇ ਜਾਗ ਆਈ। ਮੈਂ ਮੂੰਹ ਹੱਥ ਧੋਤਾ ਤੇ ਬਾਹਰ ਝਾਤੀ ਮਾਰੀ। ਦੇਖਿਆ ਸਿਮਰਨ ਪਾਰਕ ਵਿੱਚ ਟਹਿਲ ਰਹਿ ਸੀ। ਮੈਨੂੰ ਯਾਦ ਆਇਆ ਕਿ ਇਸਨੇ ਕਵਿਤਾ ਲਿਖਣੀ ਸਿੱਖਣੀ ਸੀ। ਮੈਂ ਜਲਦੀ ਨਾਲ ਕੱਪੜੇ ਪਾਏ ਤੇ ਉਸ ਕੋਲ ਚਲਾ ਗਿਆ। ਗੱਲ ਬਾਤ ਕਰਨ ਤੇ ਪਤਾ ਲੱਗਾ ਉਹ ਅਜੇ ਦਸ ਕੁ ਮਿੰਟ ਪਹਿਲਾਂ ਹੀ ਆਈ ਸੀ।

ਫਿਰ ਮੈਂ ਉਸ ਨੂੰ ਆਪਣੀਆਂ ਪਹਿਲੀਆਂ ਲਿਖੀਆਂ ਕਵਿਤਾਵਾਂ ਸੁਣਾਈਆਂ ਤੇ ਲਿਖਣ ਦੇ ਢੰਗ ਬਾਰੇ ਸਮਝਾਇਆ। ਉਹ ਝੱਟ ਪੱਟ ਹੀ ਸਮਝ ਗਈ। ਮੈਂ ਉਸ ਨੂੰ ਹੋਰ ਕਵੀਆਂ ਦੀਆਂ ਰਚਨਾਵਾਂ ਬਾਰੇ ਦੱਸਿਆ ਤੇ ਪੜ੍ਹਣ ਨੂੰ ਕਿਹਾ। ਏਸੇ ਤਰ੍ਹਾਂ ਕਈ ਦਿਨ ਚੱਲਦਾ ਰਿਹਾ। ਕਰੀਬ ਦਸ ਦਿਨ ਬੀਤ ਗਏ। ਉਸ ਨੇ ਮੈਨੂੰ

ਕਈ ਸ਼ੇਅਰ ਲਿਖ ਕੇ ਸੁਣਾਏ। ਉਹਨਾਂ ਵਿੱਚ ਗ਼ਲਤੀਆਂ ਜਰੂਰ ਸਨ ਪਰ ਉਹ ਦਿਨੋਂ ਦਿਨ ਬਹਿਤਰ ਹੁੰਦੀ ਗਈ। ਮੇਰਾ ਧਿਆਨ ਉਸ ਵੱਲ ਵੱਧਦਾ ਗਿਆ। ਪਰ ਸਾਵਣ ਨੂੰ ਮਿਲਣਾ ਲਗਾਤਾਰ ਹੁੰਦਾ ਰਿਹਾ। ਗੱਲਬਾਤ ਘੱਟ ਹੁੰਦੀ ਸੀ ਪਰ। ਹਫਤੇ ਚ' ਇੱਕ ਮੁਲਾਕਾਤ ਜਰੂਰ ਹੁੰਦੀ ਸੀ। ਸਿਮਰਨ ਨੂੰ ਸਿੱਖਦੇ ਕਰੀਬ ਵੀਹ ਦਿਨ ਹੋ ਗਏ। ਉਸਨੇ ਮੈਨੂੰ ਚਾਰ-ਪੰਜ ਬੜੀਆਂ ਸੋਹਣੀਆਂ ਸੋਹਣੀਆਂ ਕਵਿਤਾਵਾਂ ਲਿੱਖ ਕੇ ਸੁਣਾਈਆਂ। ਜਿੰਨਾਂ ਚੋਂ ਇਹ ਮੈਨੂੰ ਸਭ ਤੋ ਵਧੀਆ ਲੱਗੀ...

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

ਟੌਂਟਾਂ ਮਾਰਨ ਕੰਧਾ ਮੈਨੂੰ,

ਘਰ ਦੀਆਂ ਦਹਿਲੀਜ਼ਾ ਤੇ,

ਮੇਹਣੇ ਪੈਂਦੇ ਇਸ਼ਕੇ ਵਾਲੇ,

ਬੀਜੇ ਤੇਰੇ ਬੀਜਾਂ ਤੇ,

ਦੂਰ ਹੋ ਗਏ ਦਿਲ ਮੇਰੇ ਤੋਂ,

ਜੋ ਸੀ ਮੇਰੇ ਕਰੀਬ,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

ਤੂੰ ਤਾਂ ਨੋਚ ਕੇ ਖਾਹ ਲਈ ਕੱਲੀ,

ਹੱਢ ਤੇ ਮਾਸ ਨਾ ਛੱਡਿਆ ਏ,

ਹੋਰ ਬਣਾ ਕੇ ਦਰਦੀ ਆਪਣੀ,

ਮੈਨੂੰ ਰਾਹ ਚੋ ਕੱਢਿਆ ਏ,

ਆਪ ਖਾਵੇਂ ਰੂਹ ਦੀਆਂ ਕੱਢੀਆਂ,

ਲੈ ਕੇ ਜਿਸਮ ਲਜ਼ੀਜ਼,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

ਹੰਢੀ ਵਰਤੀ ਪੈਸੇ ਵਾਗੂੰ,

ਮੁੱਲ ਪਾਇਆ ਅੱਖ ਲੜੀਆਂ ਦਾ,

ਖੁੱਦ ਨੂੰ ਆਸ਼ਿਕ ਕੱਲਾ ਦੱਸਕੇ,

ਆਸ਼ਿਕ ਬਣਿਆ ਬੜੀਆਂ ਦਾ,

ਤੂੰ ਤੇ ਭੈੜਾ ਦੁਸ਼ਮਨ ਨਿਕਲਿਆ,

ਸਭ ਲੁੱਟਿਆ ਬਣ ਹਬੀਬ,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

ਚਾਰ ਚੁਫੇਰੇ ਰਾਤ ਹਨ੍ਹੇਰਾ,

ਖੁੱਦ ਤੇ ਦਾਗ ਜਿਹਾ ਲੱਗਦਾ ਏ,

ਦਿਨ ਚੜ੍ਹਦੇ ਹੀ ਖੁੱਦ ਨੂੰ ਕੋਸਾਂ,

ਕੋਈ ਮੰਦਾ ਰਾਗ ਜਿਹਾ ਲੱਗਦਾ ਏ,

ਤੂੰ ਗੀਤਕਾਰ ਮੈਂ ਗਜਲ ਭੈੜੀ,

ਮੈਂ ਸੀ ਤੇਰੀ ਮੁਰੀਦ,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

ਉਹ ਵਧੀਆ ਲਿਖਣ ਲੱਗ ਪਈ ਸੀ। ਮੇਰੇ ਵੱਲ ਉਸਦਾ ਰੁਝਾਂਨ ਵੀ ਵੱਧ ਰਿਹਾ ਸੀ, ਦਿਨੋਂ ਦਿਨ। ਉਹ ਮੇਰੇ ਤੋਂ ਸਿੱਖਦੀ, ਹਾਸਾ ਮਜਾਕ ਕਰਦੀ ਤੇ ਸਾਵਣ ਬਾਰੇ ਛੇੜਦੀ ਵੀ। ਭਾਵੇਂ ਉਸਨੂੰ ਸਾਵਣ ਬਾਰੇ ਕੁਝ ਨਹੀਂ ਸੀ ਪਤਾ, ਪਰ ਫਿਰ ਵੀ ਉਹ ਮਜਾਕ ਕਰਦੀ। ਉਸ ਨੇ ਮੇਰਾ ਫੋਨ ਨੰਬਰ ਲੈ ਲਿਆ। ਸਿੱਖਣ ਤੋਂ ਬਾਅਦ ਵੀ ਰਾਤ ਨੂੰ ਵੱਟਸਐੱਪ ਤੇ ਸੰਦੇਸ਼ ਭੇਜਦੀ। ਪਰ ਮੈਂ ਇਸ ਤਰਾਂ ਉਸ ਨਾਲ ਬਹੁਤੀ ਗੱਲ ਨਾ ਕਰਦਾ। ਸਾਵਣ ਨਾਲ ਗੱਲ ਕਰਨਾ ਮੈਨੂੰ ਸਭ ਤੋਂ ਜਰੂਰੀ ਲੱਗਦਾ ਸੀ। ਕਿੰਨਾ ਵੀ ਜਰੂਰੀ ਕੰਮ ਕਿਉਂ ਨਾ ਹੋਵੇ, ਸਭ ਛੱਡ ਕੇ ਮੈਂ ਉਸ ਨਾਲ ਗੱਲ ਕਰਦਾ ਤੇ ਜਦੋਂ ਮਿਲਣ ਨੂੰ ਕਹਿੰਦੀ ਮਿਲਦਾ। ਹਾਂ ਪਰ, ਇਹ ਜਰੂਰ ਸੀ। ਅਸੀਂ ਜਿੰਨੀ

ਵਾਰ ਵੀ ਮਿਲਦੇ ਜਿਸ਼ਮਾਨੀ ਤਾਲੂਕਾਤ ਬਣਾਉਣ ਲਈ ਮਿਲਦੇ। ਉਂਝ ਮੁਲਾਕਾਤ ਕਦੇ ਨਹੀਂ ਸੀ ਹੁੰਦੀ। ਮੈਂ ਰਾਜੀ ਵੀ ਸੀ। ਉਹ ਮੈਨੂੰ ਨਿੱਤ ਨਵੀਂ ਲੱਗਦੀ ਸੀ। ਇੰਝ ਲੱਗਦਾ ਸੀ ਜਿਵੇਂ ਇਹ ਦੁਨੀਆਂ ਦੀ ਸਭ ਤੋਂ ਆਖਰੀ ਤੇ ਖ਼ੂਬਸੂਰਤ ਔਰਤ ਹੋਵੇ। ਜੋ ਬਹੁਤ ਹੱਦ ਤੱਕ ਸੱਚ ਵੀ ਸੀ। ਖੈਰ ਸਿਮਰਨ ਨੂੰ ਸ਼ਾਇਦ ਮੇਰਾ ਸਾਵਣ ਨਾਲ ਮਿਲਣਾ ਪਸੰਦ ਨਹੀਂ ਸੀ। ਮੈਂ ਉਸਦੇ ਹਾਵ-ਭਾਵਾਂ ਤੋਂ ਅੰਦਾਜ਼ਾ ਲਗਾ ਸਕਦਾ ਸੀ। ਪਰ ਉਹ ਫਿਰ ਵੀ ਮੈਨੂੰ ਛੇੜਦੀ, ਪਰ ਉਸ ਦੇ ਖਿਲਾਫ ਕੋਈ ਗੱਲ ਨਾ ਕਰਦੀ।

ਇੱਕ ਦਿਨ ਮੈਨੂੰ ਸਾਵਣ ਨੇ ਕਾਲਜ ਵਕਤ ਫੋਨ ਕੀਤਾ ਤੇ ਮਿਲਣ ਨੂੰ ਕਿਹਾ। ਮੈਂ ਓਸੇ ਵਕਤ ਜਮਾਤ ਚੋਂ ਉੱਠ, ਹੋਸਟਲ ਗਿਆ ਤੇ ਸਾਵਣ ਨੂੰ ਮਿਲਣ ਲਈ ਚੱਲ ਪਿਆ। ਇਸ ਵਾਰ ਉਸ ਨੇ ਮੈਨੂੰ ਕਿਸੇ ਹੋਰ ਜਗ੍ਹਾ ਬੁਲਾਇਆ ਸੀ। ਇਹ ਇੱਕ ਝੀਲ ਦਾ ਕਿਨਾਰਾ ਸੀ। ਬਹੁਤ ਖ਼ੂਬਸੂਰਤ ਦ੍ਰਿਸ਼ ਸੀ। ਮੈਂ ਉਸ ਨੂੰ ਆਉਂਦੇ ਦੂਰੋਂ ਤੱਕ ਲਿਆ। ਜਿਵੇਂ ਦਾ ਉੱਥੇ ਮਾਹੋਲ ਬਣਿਆ ਹੋਇਆ ਸੀ। ਹਵਾ ਚੱਲ ਰਹੀ ਸੀ। ਪੰਛੀ ਚਹਿਕ ਰਹੇ ਸਨ। ਆਸ ਪਾਸ ਹੋਰ ਵੀ ਕਈ ਜੋੜੇ ਘੁੰਮ ਰਹੇ ਸਨ। ਇਹ ਸਭ ਖ਼ੂਬਸੂਰਤੀ ਨੂੰ ਉਸ ਨੇ ਪਲਾਂ ਵਿੱਚ ਹੀ ਫਿੱਕਾ ਪਾ ਦਿੱਤਾ।

ਗੂੜੇ ਹਰੇ ਰੰਗ ਦਾ ਕਮੀਜ਼ ਤੇ ਸਰੋਂ ਦੇ ਫੁੱਲਾਂ ਵਰਗੇ ਰੰਗ ਦਾ ਪਲਾਜੋ ਤੇ ਏਸੇ ਰੰਗ ਦੀ ਸਿਰ ਤੇ ਚੁੰਨੀ। ਮੈਨੂੰ ਉਸ ਦਾ ਆਸ਼ਿਕ ਬਣਨ ਨੂੰ ਖਿੱਚ ਪਾ ਰਹੀ ਸੀ। ਇੱਕ ਵਿਆਹੀ ਔਰਤ ਨਾਲ ਸੰਬੰਧ ਜਾਇਜ਼ ਨਹੀਂ ਸਨ ਪਰ ਉਸਦੀ ਖੂਬਸੂਰਤੀ ਅੱਗੇ ਜਾਇਜ਼ ਨਜਾਇਜ਼ ਵਿੱਚ ਫਰਕ ਨਹੀਂ ਸੀ ਲੱਗ ਰਿਹਾ। ਮੈਂ ਪਹਿਲਾਂ ਵੀ ਉਸ ਨੂੰ ਹਰੇ ਸੂਟ ਵਿੱਚ ਦੇਖਿਆ ਸੀ। ਪਰ ਅੱਜ ਕੋਈ ਖਾਸ ਗੱਲ ਜਾਪਦੀ ਸੀ। ਮੈਂ ਬਿਨਾਂ ਦੇਰੀ ਕੀਤੇ ਉਸ ਦੇ ਕੋਲ ਗਿਆ ਤੇ ਭੱਜ ਕੇ ਗਲ ਲਾ ਲਈ। ਉਸਨੇ ਵੀ ਮੈਨੂੰ ਕਲਾਵੇਂ ਵਿੱਚ ਲਿਆ। ਹਾਂ ਪਰ ਉਹ ਅੱਗੇ ਨਾਲੋ ਥੋੜੀ ਜਿਹੀ ਮੋਟੀ ਹੋ ਗਈ ਸੀ। ਪਰ ਖੂਬਸੂਰਤੀ ਦਾ ਦੁਨੀਆਂ ਵਿੱਚ ਕੋਈ ਤੋੜ ਨਹੀਂ ਸੀ। ਅਸੀਂ ਬਾਹਰਵਾਰ ਬਣੀ ਕੰਧ ਤੇ ਬੈਠ ਗਏ। ਜੋ ਝੀਲ ਤੋਂ ਥੋੜੀ ਉੱਪਰ ਤੇ ਪੱਥਰਾਂ ਦੇ ਤਾਲ ਮੇਲ ਨਾਲ ਬਣਾਈ ਜਾਪਦੀ। ਅਸੀਂ ਬੈਠੇ ਮੈਂ ਉਸਦਾ ਹੱਥ ਫੜਿਆ ਹੋਇਆ ਸੀ। ਮੈਂ ਬੋਲਿਆ..

ਮੈਂ - ਐਨੀ ਕਾਹਲੀ ਚ' ਕਿਉਂ ਬੁਲਾਇਆ? ਮੈਂ ਤਾਂ ਡਰ ਗਿਆ ਸੀ।

ਸਾਵਣ - ਨਹੀਂ ਵੈਸੇ ਮੇਰਾ ਦਿਲ ਕਰ ਰਿਹਾ ਸੀ ਮਿਲਣ ਨੂੰ।

ਮੈਂ - ਵੈਸੇ ਇੱਕ ਗੱਲ ਕਹਾਂ।

ਸਾਵਣ - ਹਾਂਜੀ..

ਮੈਂ - ਜੋ ਵੀ ਆਪਣੇ ਕੋਲੋਂ ਲੰਘਦਾ ਤੈਨੂੰ ਜਰੂਰ ਦੇਖਦਾ। ਭਾਵੇਂ ਮੁੰਡਾ ਏ ਜਾਂ ਕੁੜੀ। ਅੱਜ ਤੇ ਹੱਦ ਹੀ ਕਰ ਤੀ ਤੂੰ।

ਸਾਵਣ - ਅੱਛਾ ਜੀ.. ਪਤਾ ਵੈਸੇ ਮੈਨੂੰ।

ਮੈਂ - ਪਰ ਅੱਜ ਐਨੀ ਖੂਬਸੂਰਤੀ ਦਾ ਕਾਰਨ। ਚਿਹਰੇ ਤੇ ਰੌਣਕ ਦਾ ਵੀ ਕੋਈ ਤੋਲ ਨੀ ਅੱਜ ਤਾਂ।

ਸਾਵਣ - ਕੁਝ ਨਹੀਂ ਬੱਸ। ਤੁਸੀਂ ਦੱਸੋ ਕੀ ਲਿੱਖਿਆ ਮੇਰੇ ਲਈ ਨਵਾਂ?

ਮੈਂ - ਬਹੁਤ ਕੁਝ।

ਸਾਵਣ - ਸੁਣਾਉ ਫਿਰ।

ਮੈਂ - ਹਰਜ਼ਾਨਾ ਲੱਗੂ।

ਸਾਵਣ - ਮੈਨੂੰ ਪਤਾ ਕੀ ਹਰਜ਼ਾਨਾ ਚਾਹੁੰਦੇ ਤੁਸੀਂ। ਪਰ ਅੱਜ ਮੇਰਾ ਦਿਲ ਨਹੀਂ।

ਮੈਂ - ਠੀਕ ਹੈ, ਚੱਲ ਕੋਈ ਨਾ ਫਿਰ ਲੈ ਲਵਾਂਗੇ ਹਰਜ਼ਾਨਾ।

ਸਾਵਣ - ਤੁਸੀਂ ਕਵਿਤਾ ਸੁਣਾਉ। ਮੇਰਾ ਦਿਲ ਕਰਦਾ ਅੱਜ ਕਵਿਤਾ ਸੁਣਨ ਨੂੰ।

ਮੈਂ - ਰੁਕ ਸੁਣਾਉਂਦਾ, ਯਾਦ ਕਰ ਲੈਣਦੇ।

ਸਾਵਣ - ਪਰ ਗਾ ਕੇ ਸੁਣਾਉਣੀ ਪੈਣੀ।

ਮੈਂ - ਨਹੀਂ, ਬਹੁਤ ਲੋਕ ਨੇ ਆਸ ਪਾਸ। ਇਕੱਠੇ ਹੋ ਜਾਣਗੇ।

ਸਾਵਣ - ਸੁਣਾਉਣੀ ਤਾਂ ਗਾ ਕੇ ਨਹੀਂ ਤਾਂ ਨਹੀਂ।

ਮੈਂ - ਇਹ ਕੀ ਜਿੱਦ ਹੋਈ ਭਲਾ।

ਸਾਵਣ - ਅੱਜ ਮੈਂ ਆਪਣੀ ਜਿੱਦ ਪੂਰੀ ਕਰਾਉਣੀ।

ਮੈਂ - ਹਾ ਹਾ ਹਾ.. ਪਾਗਲ ਹੀ ਆ ਤੂੰ.. ਰੁਕ ਸੁਣਾਉਦਾਂ ਹਾਂ।

ਮੈਂ ਸੁਣਾਉਣ ਲੱਗਾ..

ਡੂੰਘਾ ਚੱਲਦਾ ਗੂੜ੍ਹਾ ਚੜ੍ਹਦਾ,

ਮਹੁਬਤ ਦਾ ਨਾ ਰਾਗ ਕੋਈ,

ਬੋਲੇ ਵੀ ਇਹ ਸੁਣ ਲੈਂਦੇ,

ਇਸ਼ਕੇ ਦਾ ਨਾ ਸਾਜ ਕੋਈ,

ਅੰਨ੍ਹਿਆਂ ਨੂੰ ਵੀ ਚਾਨਣ ਦਿਸਦਾ,

ਕਹਿੰਦਾ ਕਾਹਤੋ ਡਰਨਾ ਏ,

ਮਕਬਰੇ ਚੋ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏਂ।

ਦੇਖ ਪਰਿੰਦੇ ਗਾਉਂਦੇ ਲੱਗਦੇ,

ਗੀਤ ਬਣਾ ਅਸਮਾਨਾਂ ਚੋਂ,

ਪੱਤੇ ਵੀ ਨੀ ਹਿੱਲਣ ਅੱਜ ਤਾਂ,

ਭਾਰੇ ਚੱਲਣ ਤੂਫ਼ਾਨਾ ਚੋਂ,

ਕੋਲ਼ੇ ਆਖਣ ਬਲਦੀ ਅੱਗ ਨੂੰ,

ਅਸਾਂ ਤੇਰੇ ਵਿੱਚ ਸੜਨਾ ਏ,

ਮਕਬਰੇ ਚੋ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏਂ।

ਨਹਿਰਾਂ ਵਿੱਚੋਂ ਪਾਣੀ ਬੋਲੇ,

ਸੋਕੇ ਮਿਟ ਗਏ ਹਿਜਰੇ ਦੇ,

ਰੰਗਾਂ ਨੇ ਰੰਗ ਹੋਰ ਪਕੜ ਲਏ,

ਸਦਕੇ ਜਾਵਾਂ ਜਿਗਰੇ ਦੇ,

ਪੈੜਾਂ ਲੰਮੀਆਂ, ਰਸਤੇ ਲੰਮੇ,

ਰਾਹ ਤੇ ਹੱਥ ਕਿਸ ਫੜਨਾ ਏ,

ਮਕਬਰੇ ਚੋ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏਂ।

ਮੁਰਦੇ ਪੜਦੇ ਇਸ਼ਕ ਜਮਾਤਾਂ,

ਕੈਸਾ ਇਸ਼ਕ ਬਣਾਇਆਂ ਏ,

ਆਸ਼ਕ ਮੁੱਕ ਗਏ ਇਹ ਨਾ ਮੰਨਿਆ,

ਕੋਣ ਇਹਦਾ ਹਮ ਸਾਇਆ ਏ,

ਹੋ ਜਾਵੇ ਤਾਂ ਲੈ ਕੇ ਬਹਿ ਜੇ,

ਵੇਖ ਨਸ਼ੇ ਵਾਂਗ ਚੜ੍ਹਨਾ ਏ,

ਮਕਬਰੇ ਚੋ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏਂ।

ਜੇ ਮੰਨਿਆਂ ਤਾਂ ਰੱਬ ਤੋਂ ਉੱਚਾ,

ਨਾ ਮੰਨਿਆਂ ਤਾਂ ਕੱਖ ਦਾ ਏ,

ਦਰਦ ਦਰਦ ਏ ਰੋਂਦਾ ਇਸਦਾ,

ਦਰਦ ਦਰਦ ਹੀ ਹੱਸਦਾ ਏ,

ਕਰਮਾਂ ਵਾਲਾ ਹੋ ਜੇ ਜਿਸਨੂੰ,

ਇਹਦੇ ਵਿੱਚ ਜੋ ਮਰਨਾ ਏ,

ਮਕਬਰੇ ਚੋ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏਂ।

ਕਵਿਤਾ ਖਤਮ ਹੋ ਗਈ। ਆਸ ਪਾਸ ਬਹੁਤ ਲੋਕ ਇਕੱਠੇ ਹੋ ਗਏ। ਸਭ ਨੇ ਤਾੜੀਆਂ ਮਾਰੀਆਂ। ਸਾਵਣ ਬਹੁਤ ਖੁਸ਼ ਹੋਈ। ਮੈਂ ਮਰ ਰਿਹਾ ਸੀ ਉਸਦੀ ਮੁਸਕਾਨ ਤੇ ਚਿਹਰੇ ਦੀ ਰੌਣਕ ਦੇਖ। ਸਭ ਰੌਲਾ ਪਾਉਣ ਲੱਗੇ ਕਿ ਮੁੜ ਸੁਣਾਉ। ਪਰ ਮੈਂ ਮਨ੍ਹਾਂ ਕਰ ਦਿੱਤਾ। ਸਭ ਜਾਣ ਲੱਗੇ ਫਿਰ ਸਾਵਣ ਨੇ ਕਿਹਾ..

ਸਾਵਣ - ਚੱਲ ਸੁਣਾ ਦਿਉ ਇੱਕ ਹੋਰ।

ਮੈਂ - ਨਹੀਂ ਬਸ, ਇੱਕ ਹੀ ਬਹੁਤ ਆ। ਫਿਰ ਸੁਣਾਵਾਂਗਾਂ।

ਸਾਵਣ - ਅੱਜ ਮੇਰਾ ਜਨਮਦਿਨ ਹੈ।

ਮੈਂ - ਹੈਂ ਸੱਚੀ ਤੂੰ ਦੱਸਿਆ ਨੀ ਪਾਗਲ ਪਹਿਲਾਂ ਕਦੇ। ਅੱਜ ਹੀ ਦੱਸ ਦੇਂਦੀ ਮੈਂ ਤੋਹਫਾ ਲੈ ਆਉਂਦਾ।

ਸਾਵਣ - ਤਦੇ ਤਾਂ ਮੈਂ ਦੱਸਿਆ ਨਹੀਂ। ਚਲੋਂ ਇੱਕ ਹੋਰ ਖੂਬਸੂਰਤ ਜਿਹੀ ਕਵਿਤਾ ਸੁਣਾਓ। ਇਹੀ ਮੇਰੇ ਜਨਮਦਿਨ ਦਾ ਤੋਹਫਾ ਹੋਵੂ।

ਮੈਂ - ਲੈ ਸੁਣ ਫਿਰ..

ਮੈਂ ਸੁਣਾਉਣ ਲੱਗਾ..

ਕੀ ਬਿਆਨ ਕਰਾਂ ਮੈਂ ਰੰਗਾਂ ਨੂੰ,

ਇਹ ਰੰਗ ਵੀ ਤੇਰੇ ਲੱਗਦੇ ਨੇ,

ਇਹ ਫੁੱਲ ਮਹਿਕਦੇ ਕਲੀਆਂ ਤੋਂ,

ਜੋ ਸੰਗ ਵੀ ਤੇਰੇ ਲੱਗਦੇ ਨੇ,

ਕੁਝ ਕਮੀਆਂ ਦੀ ਮੁਆਫੀ ਮੰਗਦਾ,

ਰੱਬ ਵੀ ਹੋਈਆਂ ਭੁੱਲਾਂ ਦਾ,

ਮੈਂ ਦਿਵਾਨਾਂ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

ਨਿੱਤ ਹੀ ਸੂਰਜ ਸੱਜਰਾ ਚੜ੍ਹਦਾ,

ਤਾਰੀਫ ਤੇਰੀ ਇਹ ਦਿਨ ਕਰਦਾ,

ਵਾਂਗ ਦੁਪਿਹਰ ਮੱਥਾ ਚਮਕੇ,

ਤੈਨੂੰ ਵੇਖ ਇਹ ਦਿਨ ਢੱਲਦਾ,

ਤਾਰੇ ਬੱਦਲ ਚੰਨ ਸੰਗਦਾਂ,

ਮਿਲੀ ਅਸਮਾਨੀਂ ਖੁੱਲਾਂ ਦਾ,

ਮੈਂ ਦਿਵਾਨਾਂ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

ਯੋਗੀ ਹੁੰਦਾ ਕਾਸ਼ ਮੈਂ ਸੱਜਣਾ,

ਵਿੱਚ ਪਟਾਰੀ ਪਾ ਲੈਂਦਾ,

ਤੇਰੀ ਸੋਹਣੀ ਸੂਰਤ ਨੂੰ,

ਦੁਨੀਆਂ ਤੋਂ ਲੁਕਾਂ ਲੈਂਦਾਂ,

ਤੂੰ ਪਾਕ ਪਵਿੱਤਰ ਅਣਮੋਲ ਜਿਹਾ ਲੱਗਦਾ,

ਇਹ ਬਾਕੀ ਸਭ ਤਾਂ ਮੁੱਲਾਂ ਦਾ,

ਮੈਂ ਦਿਵਾਨਾਂ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

ਮੋਰਾਂ ਤੈਨੂੰ ਗੀਤ ਸੁਣਾਉਣੇ,

ਰੁੱਤ ਆਈ ਜੋ ਸਾਵਣ ਦੀ,

ਤੇਰੇ ਲਈ ਹੀ ਨੱਚਦੇ ਲੱਗਦਾ,

ਤੈਨੂੰ ਇਹ ਹਸਾਵਣ ਲਈ,

ਤੇਰੀ ਖੁਸ਼ਬੂ ਦਾ ਮੈਂ ਆਸ਼ਿਕ,

ਜਿਉਂ ਭਵਰਾ ਆਸ਼ਿਕ ਫੁੱਲਾਂ ਦਾ,

ਮੈਂ ਦਿਵਾਨਾਂ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

ਇਹ ਸਮਾਂ ਹਸੀਨ ਜਿਹਾ ਲੱਗਦਾ,

ਤੂੰ ਬਣਦਾ ਜੱਦ ਖਿਆਲ ਮੇਰਾ,

ਕੀ ਤੇਰਾ ਮੇਰਾ ਰਿਸ਼ਤਾ ਬਣਿਆ,

ਤੰਗ ਕਰਦਾ ਏ ਸਵਾਲ ਮੇਰਾ,

ਭਾਵੇਂ ਤੇਰਾ ਪਾਸਾ ਭਾਰੀ ਲੱਗਦਾ,

ਪਰ ਇਸ਼ਕ ਮੇਰਾ ਇਹ ਕੁੱਲਾਂ ਦਾ,

ਮੈਂ ਦਿਵਾਨਾਂ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

ਜਿੰਨੇ ਵੀ ਪਿਛਾਂਹ ਹੋਏ ਸੀ ਉਹ ਫਿਰ ਤੋਂ ਕਵਿਤਾ ਸੁਣ ਤਾੜੀਆਂ ਮਾਰਨ ਲੱਗੇ। ਸਾਵਣ ਪਹਿਲਾਂ ਨਾਲੋਂ ਵਧੇਰੇ ਖੁਸ਼ ਹੋਈ। ਖੁਸ਼ੀ ਵਿੱਚ ਉਸਨੇ ਬੈਠਿਆਂ ਹੀ ਮੈਨੂੰ ਹੋਰ ਘੁੱਟ ਲਿਆ। ਫਿਰ ਮੈਂ ਸਭ ਦਾ ਧੰਨਵਾਦ ਕੀਤਾ। ਸਭ ਖਿੱਲਰ ਗਏ। ਅਸੀਂ ਬੜੀ ਦੇਰ ਤੱਕ ਬੈਠੇ ਰਹੇ। ਗੱਲਾਂ ਕੀਤੀਆਂ। ਖਾਧਾ ਪੀਤਾ। ਫਿਰ ਸਾਵਣ ਬੋਲੀ..

ਸਾਵਣ - ਪ੍ਰੀਤ ਆਪਾ ਕਿੰਨੀ ਦੇਰ ਤੱਕ ਏਦਾਂ ਮਿਲਾਂਗੇ? ਮੈਨੂੰ ਡਰ ਲੱਗਦਾ ਕਈ ਵਾਰ।

ਮੈਂ - ਕੋਈ ਨਾ ਡਰਿਆ ਨਾ ਕਰ। ਜੱਦ ਤੱਕ ਰੱਬ ਨੇ ਚਾਹਿਆ ਆਪਾ ਮਿਲਾਂਗੇ। ਬਾਕੀ ਜੋ ਹੋਵੂ ਦੇਖੀ ਜਾਵੂ।

ਸਾਵਣ - ਮੈਨੂੰ ਮਹਿਕ ਦੀ ਫਿਕਰ ਹੁੰਦੀ ਏ। ਉਸਨੇ ਕੱਲ ਨੂੰ ਜਵਾਨ ਹੋਣਾ ਏ। ਆਪਣੇ ਬਾਰੇ ਪਤਾ ਲੱਗੂ ਤਾਂ ਮੈਂ ਕਿਵੇ ਸਮਝਾਊ ਉਸ ਨੂੰ।

ਮੈਂ - ਤੂੰ ਐਵੇਂ ਫਿਕਰ ਕਰਦੀ ਏ। ਅਜੇ ਬਹੁਤ ਵਕਤ ਉਸਦੇ ਜਵਾਨ ਹੋਣ ਚ'। ਤੂੰ ਘਬਰਾ ਨਾ।

ਉਸਨੇ ਮੈਨੂੰ ਫਿਰ ਤੋਂ ਗੱਲ ਨਾਲ ਲਾਇਆ। ਇਸ ਤਰ੍ਹਾਂ ਬਾਰ-ਬਾਰ ਕਰਨਾ ਉਸਦੀਆਂ ਮਨ ਦੀਆਂ ਭਾਵਨਾਵਾਂ ਨੂੰ ਉਜ਼ਾਗਰ ਕਰਦਾ ਸੀ। ਫਿਰ ਅਸੀਂ ਹੋਰ ਵੀ ਗੱਲਾਂ ਕੀਤੀਆਂ ਤੇ ਸ਼ਾਮ ਦੇ ਪੰਜ ਕੁ ਵਜੇ ਉਹ ਘਰ ਨੂੰ ਤੁਰ ਪਈ। ਮੈਂ ਸਿੱਧਾ ਹੋਸਟਲ ਹੀ ਗਿਆਂ। ਮੈਨੂੰ ਕਾਫੀ ਦੇਰ ਹੋ ਗਈ ਸੀ। ਕਰੀਬ ਸਾਢੇ ਅੱਠ ਦਾ ਸਮਾਂ ਹੋਵੇਗਾ। ਮੈਂ ਲੀੜੇ ਲਾਹੇ ਤੇ ਸੌਂ ਗਿਆ। ਫਿਰ ਅਗਲੇ ਦਿਨ ਕਾਲਜ ਗਿਆ ਤੇ ਦੁਪਹਿਰ ਤੋਂ ਬਾਅਦ ਮੀਂਹ ਪੈਣ ਲੱਗਾ। ਸਭ ਆਪੋ-ਆਪਣਿਆਂ ਕਮਰਿਆਂ ਵਿੱਚ ਵੜ ਗਏ। ਮੀਂਹ ਬਹੁਤ ਤੇਜ ਸੀ। ਸ਼ਾਮ ਹੋ ਗਈ ਪਰ ਮੀਂਹ ਨਾ ਹਟਿਆ। ਏਨੇ ਨੂੰ ਮੇਰੇ ਕਮਰੇ ਦਾ ਬੂਹਾ ਖੜਕਿਆ। ਮੈਂ ਕਮਰੇ ਵਿੱਚ ਇਕੱਲਾਂ ਰਹਿੰਦਾ ਸੀ। ਮੈਂ ਬੂਹਾ ਖੋਲਿਆ ਤਾਂ ਛੱਤੜੀ ਫੜੀ ਸਿਮਰਨ ਖੜੀ ਸੀ। ਉਹ ਬਿਨਾਂ ਪੁੱਛੇ ਅੰਦਰ ਆ ਵੜੀ। ਉਸਨੇ ਪਹਿਲਾਂ ਕਦੇ ਏਦਾਂ ਨਹੀਂ ਸੀ ਕੀਤਾ। ਪਰ ਮੈਂ ਉਸ ਨੂੰ ਕੁਝ ਨਾ ਆਖ ਸਕਿਆਂ। ਮੈਂ ਬਾਹਰ ਝਾਤੀ ਮਾਰੀ ਤੇ ਬੂਹਾ ਬੰਦ ਕਰ ਦਿੱਤਾ। ਉਹ ਲੀੜੇ ਝਾੜ ਰਹੀ ਸੀ। ਗਲ ਕਾਲੇ ਰੰਗ ਦਾ ਸੂਟ ਸੀ.. ਮੈਂ ਦੇਖਦੇ ਹੀ ਬੋਲਿਆਂ..

ਮੈਂ - ਤੂੰ ਲੱਗਦਾ ਬਿਜਲੀ ਪਵਾਉਣੀ ਏ। ਕਿਵੇਂ ਕਾਲੇ ਰੰਗ ਦਾ ਸੂਟ ਪਾਈ ਮੀਂਹ ਵਿੱਚ ਭੱਜੀ ਫਿਰਦੀ ਏ।

ਸਿਮਰਨ - ਪੈ ਜੇ ਬਿਜਲੀ, ਓਦਾਂ ਵੀ ਦੁਨੀਆਂ ਤੋਂ ਮਨ ਅੱਕਿਆ ਪਿਆ ਵਾ।

ਮੈਂ - ਕਿਉਂ ਤੇਰਾ ਕਿਉਂ ਮਨ ਅੱਕਿਆ ਦੁਨੀਆਂ ਤੋਂ?

ਸਿਮਰਨ - ਇੱਥੇ ਬੰਦੇ ਦੀ ਕਦਰ ਨੀ ਕੋਈ ਯਾਰ।

ਮੈਂ - ਹੋਇਆ ਕੀ ਆ?

ਸਿਮਰਨ - ਤੁਹਾਡੀ ਗੱਲ ਕਰ ਰਹੀਂ ਹਾਂ।

ਮੈਂ - ਹਾ ਹਾ ਹਾ .. ਲੈ ਮੈਂ ਦੱਸ ਤੇਰੇ ਕੀ ਮਾਂਹ ਮਾਰੇ।

ਸਿਮਰਨ - ਤੁਸੀਂ ਜਦੋਂ ਚਾਹੋ ਮੇਰੀ ਛੁੱਟੀ ਕਰਵਾਂ ਦੇਂਦੇ ਹੋ। ਕੱਲ ਵੀ ਪਤਾ ਨੀ ਕਿੱਥੇ ਸੀ। ਅੱਜ ਵੀ ਛੁੱਟੀ ਹੋ ਜਾਣੀ ਸੀ। ਇਸ ਮੀਂਹ ਕਰਕੇ।

ਮੈਂ - ਬੰਦੇ ਨੂੰ ਕੰਮ ਵੀ ਹੁੰਦੇ ਆ। ਨਾਲੇ ਹੁਣ ਤੂੰ ਬਹੁਤ ਕੁਝ ਸਿੱਖ ਗਈ ਏ। ਹੁਣ ਤੈਨੂੰ ਸਮਝਾਉਣ ਦੀ ਲੋੜ ਨਹੀਂ।

ਸਿਮਰਨ - ਅੱਛਾ।

ਮੈਂ - ਤੂੰ ਚਾਹ ਪੀਣੀ ਤਾਂ ਦੱਸ। ਬਣਾਵਾਂ।

ਸਿਮਰਨ - ਬਣਾ ਲੋ ਠੰਡ ਲੱਗ ਰਹੀ ਏ ਮੈਨੂੰ।

ਮੈਂ ਚਾਹ ਬਣਾਉਣ ਲੱਗਾ ਤੇ ਉਹ ਕਮਰੇ ਚ' ਏਧਰ ਓਧਰ ਘੁੰਮਣ ਲੱਗੀ। ਫਿਰ ਉਸ ਦੇ ਹੱਥ ਮੇਰੀ ਡਾਇਰੀ ਲੱਗ ਗਈ। ਉਹ ਖੋਲ ਪੜਨ ਲੱਗੀ..

ਮੈਂ ਕੁਕਨੂਸ ਤੇ ਤੂੰ ਦੀਪਕ ਰਾਗ ਹੋਜੇ,

ਤੈਨੂੰ ਗਾਣ ਕਰਦੇ ਹਸਤੀ ਮਿਟਾ ਦੇਵਾਂ,

ਫਿਰ ਪੈਦਾ ਹੋਜਾ ਤੈਨੂੰ ਗਾਣ ਕਰਦਾ,

ਇਹ ਜਿੰਦ ਵੀ ਤੇਰੇ ਤੋਂ ਲੁਟਾ.....

ਮੈਂ ਜਲਦੀ ਨਾਲ ਉਸ ਵੱਲ ਭੱਜਾ ਤੇ ਉਸ ਹੱਥੋਂ ਡਾਇਰੀ ਖੋਹ ਲਈ। ਉਹ ਬੋਲੀ ਸ਼ੈਤਾਨੀ ਵਿੱਚ..

ਸਿਮਰਨ - ਪੂਰਾ ਤੇ ਪੜ ਲੈਣਦੋ।

ਮੈਂ ਗੁੱਸੇ ਵਿੱਚ ਬੋਲਿਆਂ..

ਮੈਂ - ਮੇਰੀਆਂ ਚੀਜ਼ਾਂ ਨੂੰ ਨਾ ਛੇੜ।

ਸਿਮਰਨ - ਐਨਾ ਗੁੱਸਾ। ਚੱਲ ਆਪ ਹੀ ਸੁਣਾ ਦਿਉ।

ਮੈਂ - ਬਸ ਖਤਮ ਸੀ।

ਸਿਮਰਨ - ਅਜੇ ਬਾਕੀ ਸੀ ਯਾਰ।

ਮੈਂ - "ਇਹ ਜਿੰਦ ਵੀ ਤੇਰੇ ਤੋਂ ਲੁਟਾ ਜਾਵਾਂ"। ਬਸ ਆਹੀ ਸੀ।

ਸਿਮਰਨ - ਹੋਰ ਕਿੰਨਾ ਕੁ ਕੁਝ ਲੁਕੋਇਆ ਜੇ?

ਮੈਂ - ਤੂੰ ਕੁਝ ਲਿਖਿਆ ਨਵਾਂ?

ਸਿਮਰਨ - ਹਾਂ, ਬਹੁਤ ਕੁਝ।

ਮੈਂ - ਸੁਣਾ ਫਿਰ।

ਸਿਮਰਨ - ਠੀਕ ਆ.. ਸੁਣੋ..

ਮੈਨੂੰ ਤੂੰ ਕਬੂਲ ਅੱਲ੍ਹਾ,

ਤੇਰਾ ਨਾਂ ਕਬੂਲ ਅੱਲ੍ਹਾ,

ਮੇਰੇ ਦਿਲ ਜੋ ਤੂੰ ਸਾਂਭੀ,

ਉਹ ਥਾਂ ਕਬੂਲ ਅੱਲ੍ਹਾ,

ਹਰ ਦੁੱਖ ਕਬੂਲ ਅੱਲ੍ਹਾ,

ਹਰ ਚਾਅ ਕਬੂਲ ਅੱਲਾ,

ਹਰ ਕਰਮ ਲਈ ਚੁਕਾਇਆ,

ਹਰ ਭਾਅ ਕਬੂਲ ਅੱਲ੍ਹਾ,

ਹਰ ਜ਼ਖ਼ਮ ਕਬੂਲ ਅੱਲ੍ਹਾ,

ਹਰ ਆਹ ਕਬੂਲ ਅੱਲ੍ਹਾ,

ਮੈਨੂੰ ਤੇਰਾ ਦਿਖਾਇਆ,

ਹਰ ਰਾਹ ਕਬੂਲ ਅੱਲ੍ਹਾ,

ਕੌਣ ਹੁੰਦੀ ਹਾਂ ਮੈਂ,

ਇਨਕਾਰ ਕਰਨ ਵਾਲੀ,

ਬਿਨਾਂ ਤੇਰੇ ਨਾਮ ਦੇ,

ਮੇਰਾ ਹਰ ਸਾਹ ਫਜ਼ੂਲ ਅੱਲ੍ਹਾ।

ਮੈਂ - ਹਾਂ, ਵਧੀਆ ਲਿਖੀ।

ਸਿਮਰਨ - ਬਸ ਵਧੀਆ। ਹੋਰ ਕੁਝ ਨੀ।

ਮੈਂ - ਬਸ ਵਧੀਆ। ਲੈ ਚਾਹ ਪੀ।

ਸਿਮਰਨ - ਸੱਚ ਦੱਸਿਓ। ਹੁਣ ਮੈਂ ਵਧੀਆ ਲਿਖਣ ਲੱਗ ਪਈ ਆ ਨਾ।

ਮੈਂ - ਹਾਂ। ਵਧੀਆ ਲਿਖਦੀ ਏ।

ਸਿਮਰਨ - ਹੁਣ ਮੈਂ ਜਲਦੀ-ਜਲਦੀ ਕਿਤਾਬ ਲਿਖਣੀ ਇੱਕ।

ਮੈਂ - ਜਿੰਨੀਆਂ ਮਰਜੀ ਕਿਤਾਬਾ ਲਿੱਖ ਭਾਵੇਂ।

ਸਿਮਰਨ - ਚਲੋ, ਨਵਾਂ ਸੁਣਾਉ ਕੁਝ।

ਮੈਂ - ਮੈਂ ਨਹੀਂ ਕੁਝ ਲਿਖਿਆ ਨਵਾਂ।

ਸਿਮਰਨ - ਕੋਈ ਨੀ ਮੈ ਪੁਰਾਣਾ ਸੁਣ ਲੂ।

ਮੈਂ - ਨਹੀਂ ਸੁਣਾਉਣਾ ਮੈਂ। ਤੂੰ ਪੜ ਆਪਣਾ।

ਸਿਮਰਨ - ਪਤਾ ਨੀ ਕੀ ਖਾ ਕੇ ਆਏ ਜੇ ਐਨਾ ਗੁੱਸਾ ਆਈ ਜਾਂਦਾ।

ਮੈਂ - ਮੈਨੂੰ ਗੁੱਸਾ ਨਹੀਂ ਆ। ਅਗਰ ਕਿਸੇ ਨੇ ਤੈਨੂੰ ਇੱਥੇ ਦੇਖ ਲਿਆ ਤਾਂ ਪੰਗਾ ਖੜਾ ਹੋ ਜੂ ਨਵਾਂ।

ਸਿਮਰਨ - ਅੱਛਾ ਮੇਰੇ ਨਾਲ ਪੰਗੇ ਪੈਂਦੇ ਆ। ਤੇ ਆਪਦੀ ਮਸ਼ੂਕ ਨੂੰ ਲਿਆਇਆ ਨੀ ਪੰਗੇ ਪੈਂਦੇ।

ਮੈਂ - ਮੈਂ ਤੈਨੂੰ ਕਿਹਾ ਸੀ ਨਾ ਮੈਂ ਉਸ ਬਾਰੇ ਗੱਲ ਨਹੀਂ ਕਰਦਾ। ਤੂੰ ਨਾ ਕਰ, ਨਹੀਂ ਤਾਂ ਮੈਂ ਮੀਂਹ ਚ' ਬਾਹਰ ਕੱਢ ਦੂ।

ਸਿਮਰਨ - ਅੱਛਾ, ਕਰੂ ਮੈਂ ਤਾਂ ਗੱਲ। ਕੱਢ ਕੇ ਦਿਖਾਉ ਬਾਹਰ ਭਲਾ। ਮੈਂ ਵੀ ਦੇਖਦੀ ਆ ਕੀ ਕਰ ਸਕਦੇ ਤੁਸੀਂ।

ਮੈਂ ਚਾਹ ਉਸਦੇ ਹੱਥੋਂ ਫੜੀ ਤੇ ਇੱਕ ਪਾਸੇ ਰੱਖ ਉਸ ਨੂੰ ਬਾਹੋਂ ਫੜ ਬਾਹਰ ਲੈ ਆਇਆ। ਬਾਹਰ ਕੋਈ ਨਹੀਂ ਸੀ। ਹਨ੍ਹੇਰਾ ਵੀ ਸੀ। ਬਸ ਪਾਰਕ ਵਾਲੇ ਬਲਬ ਜਗ ਰਹੇ ਸਨ। ਮੀਂਹ ਬਹੁਤ ਤੇਜ ਸੀ। ਮੈਂ ਉਸ ਨੂੰ ਬਾਹੋਂ ਫੜ ਹੇਠਾਂ ਲੈ ਆਇਆ ਤੇ ਮੀਂਹ ਚ' ਖੜੀ ਕਰ ਦਿੱਤਾ। ਉਸਦੇ ਸਾਰੇ ਲੀੜੇ ਭਿੱਜ ਗਏ ਤੇ ਮੇਰੇ ਵੀ।

ਮੈਂ - ਦੇਖ ਲਿਆ ਮੈਂ ਕੀ ਕਰ ਸਕਦਾ ਹਾਂ। ਹੋਰ ਵੀ ਕੁਝ ਦੇਖਣਾ ਏ?

ਸਿਮਰਨ - ਪ੍ਰੀਤ..

ਮੈਂ - ਹਾਂ.. ਦੱਸ।

ਉਸਨੇ ਬਿਨਾਂ ਕੁਝ ਕਹੇ ਮੇਰੇ ਸਿਰ ਨੂੰ ਫੜਿਆ ਤੇ ਮੇਰੇ ਲਬਾਂ ਨੂੰ ਆਪਣੇ ਲਬਾਂ ਨਾਲ ਜੋੜ ਲਿਆ। ਤੇ ਕਰੀਬ ਇੱਕ-ਡੇਢ ਮਿੰਟ ਬਾਅਦ ਛੱਡਿਆ। ਮੀਂਹ ਬਹੁਤ ਤੇਜ ਸੀ। ਉਸਦਾ ਭਿੱਜੇ ਸਰੀਰ ਕਾਰਨ ਉਸਦੇ ਸਾਰੇ ਲੀੜੇ ਚਿਪਕ ਚੁੱਕੇ ਸਨ। ਉਸਦੇ ਤਨ ਦੀ ਬਨਾਵਟ ਸਾਫ ਝਲਕ ਰਹੀ ਸੀ। ਵਾਲ ਬੰਨੇ ਹੋਏ ਸਨ। ਬਿਜਲੀ ਲਿਸ਼ਕੀ। ਪਰ ਉਹ ਡਰੀ ਨਹੀਂ। ਪਰ ਮੈਂ ਹੈਰਾਨ ਸੀ। ਇਹ ਕੀ ਹੋ ਗਿਆ। ਮੈਨੂੰ ਰੋਸ ਵੀ ਬਿਲਕੁਲ ਨਹੀਂ ਸੀ। ਬਸ ਮੇਰੀ ਸਮਝ ਚ' ਨਹੀਂ ਸੀ ਆ ਰਿਹਾ ਕਿ ਇਹ ਹੋ ਕੀ ਗਿਆ। ਕੀ ਮੈਂ ਵੀ ਇਹੀ ਚਾਹੁੰਦਾ ਹਾਂ ਜਾਂ ਨਹੀਂ। ਮੇਰੇ ਮਨ ਵਿੱਚ ਕੋਈ ਅਜਿਹਾ ਸਵਾਲ ਨਾ ਆਇਆ। ਬਸ ਮੈਂ ਖੜਾ ਸੀ। ਲਗਭਗ ਇੱਕ ਮਿੰਟ ਹੋਰ ਬੀਤ ਗਿਆ। ਮੈਂ ਬਿਨਾਂ ਦੇਰੀ ਕੀਤੇ ਉਸ ਨੂੰ ਆਪਣੀਆਂ ਬਾਹਾਂ ਵਿੱਚ ਚੁੱਕਿਆ ਤੇ ਕਮਰੇ ਵਿੱਚ ਲੈ ਗਿਆ। ਉਸਨੂੰ ਪਲੰਘ ਤੇ ਜਾ ਪਟਕਿਆ। ਬੂਹਾ ਬੰਦ ਕਰ ਦਿੱਤਾ। ਫਿਰ ਇੱਕ ਪਿਆਸੇ ਵਾਂਗ ਝਪਟ ਪਿਆ। ਲਬਾਂ ਨੂੰ ਮਿਲਾਇਆ। ਫਿਰ ਰੁਕ ਗਿਆ। ਫਿਰ ਮਿਲਾਇਆ। ਫਿਰ ਉਸਨੇ ਮਿਲਾਉਣ ਦੀ ਕੋਸ਼ਿਸ਼ ਕੀਤੀ ਪਰ ਮੈ ਮਨ੍ਹਾ ਕਰ ਦਿੱਤਾ। ਮੈਂ ਕਿਹਾ..

ਮੈਂ - ਸਿਮਰਨ ਇਹ ਗਲ਼ਤ ਹੈ।

ਸਿਮਰਨ - ਪਰ ਪ੍ਰੀਤ ਮੈਂ ਆਪ ਨੂੰ ਬਹੁਤ ਪਿਆਰ ਕਰਦੀ ਹਾਂ।

ਮੈਂ - ਪਤਾ ਮੈਨੂੰ, ਪਰ ਮੈਂ ਕਿਸੇ ਨੂੰ ਧੋਖੇ ਵਿੱਚ ਨਹੀਂ ਰੱਖਣਾ ਚਾਹੁੰਦਾ।

ਮੈਂ ਖੜਾ ਹੋ ਗਿਆ। ਉਹ ਵੀ ਖੜ ਗਈ ਤੇ ਮੈਨੂੰ ਬਾਹਾਂ ਵਿੱਚ ਭਰਨ ਲੱਗੀ ਪਰ ਮੈਂ ਉਸ ਨੂੰ ਪਿਛਾਂਹ ਕੀਤਾ। ਉਹ ਫਿਰ ਬੋਲੀ..

ਸਿਮਰਨ - ਪ੍ਰੀਤ ਮੈਂ ਸਾਰੀ ਉਮਰ ਆਪਦੀ ਬਣ ਕੇ ਰਹੂ। ਮੈਨੂੰ ਅਪਣਾ ਲਉ।

ਮੈਂ - ਨਹੀਂ, ਤੂੰ ਜਾਣਦੀ ਹੈ, ਮੈਂ ਕਿਸੇ ਹੋਰ ਨੂੰ ਪਿਆਰ ਕਰਦਾ ਹਾਂ। ਮੈਂ ਉਸ ਨੂੰ ਧੋਖਾ ਨਹੀਂ ਦੇ ਸਕਦਾ।

ਸਿਮਰਨ - ਪਰ ਉਹ ਤਾਂ ਵਿਆਹੀ ਏ। ਉਸ ਨਾਲ ਤੁਹਾਡਾ ਵਿਆਹ ਵੀ ਨਹੀਂ ਹੋ ਸਕਦਾ।

ਮੈਂ - ਵਿਆਹ ਹੋਵੇ ਜਾਂ ਨਾ ਹੋਵੇ ਉਹ ਮੇਰੀ ਏ।

ਸਿਮਰਨ - ਪ੍ਰੀਤ ਮੈਂ ਵੀ ਬਹੁਤ ਪਿਆਰ ਕਰਦੀ ਹਾਂ ਆਪ ਨੂੰ..

ਇਹ ਕਹਿ ਉਸ ਨੇ ਫਿਰ ਤੋਂ ਮੈਨੂੰ ਗਲ ਲਾਉਣ ਦਾ ਜਤਨ ਕੀਤਾ। ਪਰ ਮੈਂ ਉਸ ਨੂੰ ਪਿਛਾਂਹ ਕਰ ਆਪਣੇ ਹੋਸਟਲ ਜਾਣ ਨੂੰ ਕਿਹਾ। ਉਸ ਨੇ ਬਹੁਤ ਤਰਲੇ ਪਾਏ ਪਰ ਮੈਂ ਇੱਕ ਨਾ ਸੁਣੀ ਤੇ ਗੁੱਸੇ ਵਿੱਚ ਉਸਨੂੰ ਛੱਤੜੀ ਫੜਾ, ਬਾਹੋਂ ਫੜ ਕਮਰੇ ਤੋਂ ਬਾਹਰ ਕਰ ਦਿੱਤੀ। ਤੇ ਬੂਹਾ ਬੰਦ ਕਰ ਦਿੱਤਾ। ਉਹ ਬੜੇ ਚਿਰ ਤੱਕ ਬਾਹਰ ਖੜੀ ਰਹੀ। ਤੇ ਮੇਰਾ ਨਾਮ ਲੈ ਅਵਾਜ਼ਾ ਮਾਰਦੀ ਰਹੀ। ਪਰ ਮੈਂ ਬੂਹਾ ਨਾ ਖੋਲ੍ਹਿਆ। ਕੁਝ ਦੇਰ ਪਿੱਛੋਂ ਉਹ ਚਲੀ ਗਈ। ਮੈਂ ਸਾਰੀ ਰਾਤ ਉਸ ਬਾਰੇ ਸੋਚਦਾ ਰਿਹਾ। ਸਾਰੀ ਰਾਤ ਨੀਂਦ ਨਾ ਆਈ। ਮੈਨੂੰ ਨੀ ਲੱਗਦਾ ਉਹ ਵੀ ਉਸ ਰਾਤ ਸੁੱਤੀ ਹੋਵੇਗੀ। ਮਨ ਵਿੱਚ ਬਹੁਤ ਵਿਚਾਰ ਆਏ। ਸਵੇਰ ਚੜ ਗਈ। ਮੈਂ ਨਹਾ ਧੋ ਬਾਹਰ ਕਾਲਜ ਜਾਣ ਨੂੰ ਨਿਕਲਿਆ। ਮੈਨੂੰ ਸਾਹਮਣੇ ਹੀ ਸਿਮਰਨ ਦਿਸ ਪਈ। ਮੇਰਾ ਧਿਆਨ ਫਿਰ ਉਸ ਵੱਲ ਗਿਆ। ਉਹ ਦੂਰ ਤੋਂ ਹੀ ਮੈਨੂੰ ਦੇਖਦੀ ਰਹੀ ਤੇ ਮੈਂ ਉਸ ਨੂੰ। ਅੱਜ ਉਹ ਮੈਨੂੰ ਖੂਬਸੂਰਤ ਲੱਗ ਰਹੀ ਸੀ। ਪਹਿਲਾਂ ਨਾਲੋਂ ਵਧੇਰੇ। ਹਾਲਾਂਕਿ ਉਸਦਾ ਸਾਵਣ ਨਾਲ ਕੋਈ ਮੁਕਾਬਲਾ ਨਹੀਂ ਸੀ। ਪਰ ਅੱਜ ਮੈਨੂੰ ਇਸ ਦੀ ਸੁੰਦਰਤਾ ਸਾਵਣ ਨੂੰ ਭੁੱਲਣ ਨੂੰ ਮਜ਼ਬੂਰ ਕਰ ਰਹੀ ਸੀ। ਮੈਂ ਬਹੁਤਾ ਨਾ ਸੋਚਿਆ ਤੇ ਕਾਲਜ ਚੱਲ ਪਿਆ। ਫਿਰ ਕੁਝ ਦੇਰ ਬਾਅਦ ਮੈਂ ਸਾਵਣ ਨੂੰ ਫੋਨ ਕੀਤਾ ਤੇ ਮਿਲਣ ਨੂੰ ਕਿਹਾ। ਉਹ ਮਿਲਣ ਲਈ

ਮੰਨ ਗਈ। ਮੈਂ ਤੁਰੰਤ ਹੀ ਉਸ ਨੂੰ ਮਿਲਣ ਲਈ ਨਿਕਲ ਗਿਆ। ਅਸੀਂ ਪਹਿਲਾਂ ਵਾਲੀ ਥਾਂ ਤੇ ਮਿਲਣਾ ਤੈਅ ਕੀਤਾ। ਉਹ ਪਹਿਲਾਂ ਪਹੁੰਚ ਗਈ। ਅੱਜ ਮੇਰੀ ਨਜ਼ਰ ਵਿੱਚ ਫਰਕ ਪੈ ਚੁੱਕਾ ਸੀ। ਜਿਸ ਤੋਂ ਸੋਹਣਾ ਮੈਨੂੰ ਕੁਝ ਨਹੀਂ ਸੀ ਜਾਪਦਾ। ਅੱਜ ਪਤਾ ਨਹੀਂ ਕਿਉਂ ਉਹ ਆਮ ਲੱਗ ਰਹੀ ਸੀ। ਮੈਂ ਜਾਣਦਾ ਵੀ ਸੀ ਕਿ ਇਹ ਸਭ ਤੋਂ ਸੋਹਣੀ ਸੌਗਾਤ ਹੈ ਜੋ ਰੱਬ ਨੇ ਬਣਾਈ ਹੈ। ਪਰ ਉਹੀ ਗੱਲ। ਸੋਚ, ਵਕਤ ਤੇ ਨਜ਼ਰੀਆ ਸਭ ਬਦਲ ਦੇਂਦੇ ਨੇ। ਮੈਂ ਸਾਵਣ ਨੂੰ ਓਸੇ ਤਰ੍ਹਾ ਮਿਲਿਆ, ਜਿਵੇਂ ਪਹਿਲਾਂ ਮਿਲਦਾ ਸੀ। ਤੇ ਉਹ ਵੀ ਮੈਨੂੰ ਉਂਝ ਹੀ ਮਿਲੀ। ਅਸੀਂ ਇੱਕ ਦੂਜੇ ਦਾ ਹਾਲ-ਚਾਲ ਪੁੱਛਿਆ ਤੇ ਕੁਝ ਹੋਰ ਗੱਲਾਂ ਕੀਤੀਆਂ। ਫਿਰ ਸਾਵਣ ਬੋਲੀ..

ਸਾਵਣ - ਪ੍ਰੀਤ ਕੀ ਗੱਲ ਅੱਜ ਖਾਮੋਸ਼ ਲੱਗ ਰਹੇ ਹੋ।

ਮੈਂ - ਦਰਅਸਲ ਸਾਵਣ ਮੈਂ ਤੇਰੇ ਨਾਲ ਕੋਈ ਜਰੂਰੀ ਗੱਲ ਕਰਨੀ ਸੀ। ਪਰ ਸਮਝ ਨਹੀਂ ਆ ਰਹੀ ਕਿਵੇਂ ਸ਼ੁਰੂ ਕਰਾਂ।

ਸਾਵਣ - ਕੀ ਗੱਲ ਕੋਈ ਮੁਸ਼ਕਿਲ ਹੈ?

ਮੈਂ - ਹੈ ਵੀ ਤੇ ਨਹੀਂ ਵੀ।

ਸਾਵਣ - ਗੱਲ ਕੀ ਆ?

ਮੈਂ - ਓਹੀ ਤਾਂ ਸਮਝ ਨਹੀਂ ਆ ਰਹੀ ਕਿ ਸ਼ੁਰੂ ਕਿੱਦਾਂ ਕਰਾਂ।

ਸਾਵਣ - ਕੋਈ ਕੁੜੀ ਪਸੰਦ ਹੈ?

ਮੈਂ - ਹਾਂ ਵੀ ਤੇ ਨਹੀਂ ਵੀ, ਹਾਂ ਪਰ ਉਹ ਮੈਨੂੰ ਜਰੂਰ ਕਰਦੀ ਏ।

ਸਾਵਣ - ਫਿਰ ਤੰਗੀ ਕੀ ਆ?

ਮੈਂ - ਸਾਵਣ ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦਾ।

ਸਾਵਣ - ਹਾਂ ਪ੍ਰੀਤ ਮੈਂ ਸਮਝਦੀ ਹਾਂ। ਪਰ ਦੇਖਿਆ ਜਾਵੇ ਤਾਂ ਆਪਣਾ ਵਿਆਹ ਤਾਂ ਹੋ ਨਹੀਂ ਸਕਦਾ। ਉਹ ਤੁਹਾਨੂੰ ਪਸੰਦ ਕਰਦੀ ਹੈ। ਤੁਸੀਂ ਵੀ ਕਿਤੇ ਨਾ ਕਿਤੇ ਕਰਦੇ ਹੋਵੋਗੇ। ਇਹ ਤੁਹਾਡੇ ਲਈ ਵਧੀਆ ਮੋੜ ਹੈ ਜਿੰਦਗੀ ਨੂੰ ਬਦਲਣ ਦਾ।

ਮੈਂ ਉਸਦਾ ਹੱਥ ਫੜਿਆ ਤੇ ਕਿਹਾ...

ਮੈਂ - ਮੈਂ ਬਸ ਤੈਨੂੰ ਪਿਆਰ ਕਰਨਾ ਚਾਹੁੰਦਾ ਹਾਂ ਯਾਰ।

ਉਸਨੇ ਬੜੇ ਹੀ ਪਿਆਰ ਨਾਲ ਮੇਰਾ ਹੱਥ ਸੰਭਾਲਿਆ ਤੇ ਕਿਹਾ..

ਸਾਵਣ - ਜਾਣਦੀ ਹਾਂ ਪ੍ਰੀਤ ਮੈਂ। ਮੈਂ ਵੀ ਆਪ ਨੂੰ ਪਿਆਰ ਕਰਦੀ ਹਾਂ। ਪਰ ਸਾਰੀ ਉਮਰ ਆਪਾ ਏਦਾਂ ਤਾਂ ਨਹੀਂ ਰਹਿ

ਸਕਦੇ। ਮੈਨੂੰ ਪਤਾ ਤੁਸੀਂ ਮੈਨੂੰ ਧੋਖੇ ਵਿੱਚ ਨਹੀਂ ਰੱਖਣਾ ਚਾਹੁੰਦੇ। ਤਦੇ ਤਾਂ ਦੱਸ ਰਹੇ ਹੋ ਉਸ ਬਾਰੇ। ਮੈਨੂੰ ਵਧੀਆ ਲੱਗਾ ਆਪ ਨੇ ਜਿਕਰ ਕੀਤਾ। ਚੱਲ ਦੱਸੋ। ਸੱਚ ਦੱਸਣਾ.. ਆਪ ਨੂੰ ਵੀ ਪਿਆਰ ਹੈ ਨਾ ਉਸ ਨਾਲ।

ਮੈਂ - ਮੈਂ ਨਹੀਂ ਜਾਣਦਾ।

ਸਾਵਣ - ਪਰ ਮੈਂ ਜਾਣਦੀ ਹਾਂ। ਪ੍ਰੀਤ ਆਪ ਨੂੰ ਮੇਰੇ ਵੱਲੋਂ ਕੋਈ ਰੋਕ ਨਹੀਂ। ਆਪ ਆਪਣੀ ਨਵੀਂ ਜਿੰਦਗੀ ਸ਼ੁਰੂ ਕਰ ਸਕਦੇ ਹੋ। ਮੈਂ ਖੁਸ਼ ਹਾਂ ਆਪ ਲਈ। ਕੁੜੀ ਵੈਸੈ ਸੋਹਣੀ ਏ?

ਮੈਂ - ਹਾਂ ਪਰ ਤੇਰੇ ਨਾਲੋਂ ਨੀ।

ਸਾਵਣ - ਚੱਲ ਕੋਈ ਨੀ। ਤੁਹਾਨੂੰ ਪਸੰਦ ਹੈ ਨਾ, ਇਹੀ ਕਾਫੀ ਏ।

ਮੈਂ - ਮੈਨੂੰ ਸਮਝ ਨਹੀਂ ਆ ਰਹੀ ਮੈਂ ਕੀ ਕਰਾਂ?

ਸਾਵਣ - ਜਾਉ ਪ੍ਰੀਤ ਉਸ ਨੂੰ ਸੰਭਾਲੋ ਜਾ ਕੇ, ਕਿਤੇ ਇਹ ਨਾ ਹੋਵੇ ਉਹ ਕਿਸੇ ਹੋਰ ਦੀ ਹੋਜੇ।

ਮੈਂ - ਏਦਾਂ ਕਿੱਦਾਂ ਹੋਜੂ।

ਸਾਵਣ - ਹਾ ਹਾ ਹਾ ਹਾ... ਮੈਨੂੰ ਪਤਾ ਤੁਸੀਂ ਉਸਨੂੰ ਪਿਆਰ ਕਰਦੇ ਹੋ। ਕੋਈ ਨਾ ਆਪਾ ਦੋਸਤ ਰਹਿ ਸਕਦੇ ਹਾਂ।

ਮੈਂ - ਸਾਵਣ ਮੈਂ ਨਹੀਂ ਸੀ ਚਾਹੁੰਦਾ ਏਦਾਂ ਦਾ ਕੁਝ ਹੋਵੇ। ਪਰ ਸਭ ਆਪੇ ਹੋ ਗਿਆ।

ਸਾਵਣ - ਕੋਈ ਗੱਲ ਨੀ। ਮੈਨੂੰ ਕੋਈ ਗੁੱਸਾ ਨਹੀਂ ਆਪ ਤੇ। ਆਪ ਨਾਲ ਜਿੰਨਾ ਵੀ ਸਮਾਂ ਲੰਘਿਆ। ਮੈਨੂੰ ਸਾਰੀ ਉਮਰ ਯਾਦ ਰਹੂ।

ਮੈਂ ਸਾਵਣ ਨੂੰ ਘੁੱਟ ਕੇ ਗਲ ਨਾਲ ਲਾਇਆ। ਉਸਨੇ ਵੀ ਮੈਨੂੰ ਪਿਆਰ ਕੀਤਾ। ਅਸੀਂ ਹੋਰ ਕੁਝ ਚਿਰ ਗੱਲਾਂ ਕੀਤੀਆਂ ਤੇ ਫਿਰ ਉਸ ਤੋਂ ਅਲਵਿਦਾ ਲਈ ਤੇ ਮੁਆਫੀ ਮੰਗੀ। ਉਸਨੇ ਖੁਸ਼ੀ-ਖੁਸ਼ੀ ਮੈਨੂੰ ਅੱਗੇ ਵਧਨ ਲਈ ਕਿਹਾ। ਉਹ ਘਰ ਚਲੀ ਗਈ ਤੇ ਮੈਂ ਹੋਸਟਲ। ਮੈਂ ਕਮਰੇ ਵਿੱਚ ਨਾ ਗਿਆ ਤੇ ਪਾਰਕ ਵਿੱਚ ਸਿਮਰਨ ਨੂੰ ਦੇਖਣ ਲੱਗਾ। ਕੁਝ ਦੇਰ ਪਿੱਛੋਂ ਉਹ ਆਈ। ਪਿਛਲੀ ਰਾਤ ਲਈ ਮੁਆਫੀ ਮੰਗੀ। ਮੈਂ ਮੁਆਫੀ ਵੱਲ ਧਿਆਨ ਨਾ ਦਿੱਤਾ ਤੇ ਕਿਹਾ..

ਮੈਂ - ਮੈਂ ਸਿੱਧਾ ਵਿਆਹ ਕਰਵਾਉਣਾ ਹੈ। ਉਸ ਤੋਂ ਪਹਿਲਾਂ ਕੁਝ ਨੀ। ਮੰਜ਼ੂਰ ਹੈ ਤਾਂ ਹਾਂ ਕਰ।

ਉਹ ਖੁਸ਼ ਹੋ ਗਈ ਤੇ ਬੋਲੀ..

ਸਿਮਰਨ - ਹਾਂ। ਮੈਂ ਰਾਜੀ ਆ।

ਮੈਂ - ਜਾ ਫਿਰ ਘਰੇ ਗੱਲ ਕਰ ਲੈ। ਮੈਂ ਰਿਸ਼ਤਾ ਲੈ ਕੇ ਆਜੂ।

ਉਹ ਬਹੁਤ ਖੁਸ਼ ਹੋਈ ਤੇ ਮੈਨੂੰ ਗਲ ਨਾਲ ਲਾ ਲਿਆ। ਮੈਂ ਵੀ ਕਲਾਵੇਂ ਵਿੱਚ ਭਰਿਆ। ਆਸ-ਪਾਸ ਖੜੇ ਸਭ ਦੇਖਣ ਲੱਗੇ। ਪਰ ਸਾਨੂੰ ਕੋਈ ਡਰ ਨਹੀਂ ਸੀ ਲੱਗ ਰਿਹਾ। ਉਹ ਆਪਣੇ ਕਮਰੇ ਵਿੱਚ ਗਈ ਤੇ ਰਾਤ ਬੀਤਣ ਪਿੱਛੋਂ ਸਵੇਰੇ ਹੀ ਆਪਣੇ ਘਰ ਚਲੀ ਗਈ। ਮੈਂ ਵੀ ਘਰ ਆ ਗਿਆ। ਮੈਂ ਮਾਂ ਤੇ ਬਾਪੂ ਜੀ ਨਾਲ ਸਿਮਰਨ ਬਾਰੇ ਗੱਲ ਕੀਤੀ ਤੇ ਉਹਨਾਂ ਮੇਰੀ ਖੁਸ਼ੀ ਦੇਖਦੇ ਹਾਂ ਕਰ ਦਿੱਤੀ। ਸਿਮਰਨ ਦੇ ਘਰਦਿਆਂ ਨੇ ਵੀ ਹਾਂ ਕਰ ਦਿੱਤੀ। ਦੋ ਕੁ ਦਿਨ ਪਿੱਛੋਂ ਮੈਂ ਤੇ ਮਾਂ-ਬਾਪੂ ਸਿਮਰਨ ਘਰ ਚਲੇ ਗਏ ਰਿਸ਼ਤੇ ਲਈ। ਸਭ ਨੂੰ ਮਿਲਿਆ। ਉਹਨਾਂ ਬਹੁਤ ਸਤਿਕਾਰ ਕੀਤਾ। ਅਜੇ ਸਾਨੂੰ ਬੈਠਿਆਂ ਨੂੰ ਵੀਹ ਕੁ ਮਿੰਟ ਹੋਏ ਸੀ ਕਿ ਹੋਰ ਪ੍ਰਹੁਣੇ ਆ ਗਏ। ਮੈਂ ਦੇਖਿਆ ਤਾਂ ਇੱਕ ਆਦਮੀ ਸੀ। ਜਿਸ ਨੇ ਬੱਚੀ ਚੁੱਕੀ ਹੋਈ ਸੀ। ਉਸਦੇ ਪਿੱਛੇ ਦੇਖਿਆ ਤਾਂ ਸਾਵਣ। ਮੇਰੇ ਹੋਸ਼ ਹੀ ਉੱਡ ਗਏ। ਮੈਂ ਉਸਨੂੰ ਦੇਖਦੇ ਹੀ ਨਜ਼ਰ ਝੁਕਾ ਲਈ। ਪਤਾ ਨਹੀਂ ਉਸ ਨੇ ਮੇਰੇ ਵੱਲ ਦੇਖਿਆ ਸੀ ਜਾਂ ਨਹੀਂ। ਫਿਰ ਸਿਮਰਨ ਦੇ ਭਰਾ ਨੇ ਦੱਸਿਆ ਕਿ ਇਹ ਸਾਡੀ ਵੱਡੀ ਭੈਣ ਹੈ। ਮੇਰੇ ਪੈਰਾਂ ਹੇਠਾਂ ਜ਼ਮੀਨ ਨਿਕਲ ਗਈ। ਇਹ ਕੀ ਭਾਣਾ ਹੋ ਗਿਆ। ਪਰ ਮੈਂ ਸ਼ਾਂਤ ਬੈਠਾ ਰਿਹਾ। ਕੁਝ ਦੇਰ

ਪਿੱਛੋਂ ਸਿਮਰਨ ਦੇ ਮਾਤਾ-ਪਿਤਾ ਨੇ ਮੈਨੂੰ ਸ਼ਗਨ ਲਾਇਆ ਤੇ ਮੇਰੇ ਮਾਤਾ-ਪਿਤਾ ਨੇ ਸਿਮਰਨ ਨੂੰ ਸਭ ਖੁਸ਼ ਸਨ। ਮੈਂ ਸਾਵਣ ਵੱਲ ਬਹੁਤਾ ਨਹੀਂ ਸੀ ਦੇਖ ਰਿਹਾ। ਇਸ ਲਈ ਮੈਨੂੰ ਅਹਿਸਾਸ ਨਹੀਂ ਸੀ ਕਿ ਉਹ ਮੈਨੂੰ ਉੱਥੇ ਦੇਖ ਹੈਰਾਨ ਹੋਈ ਹੋਵੇਗੀ ਜਾਂ ਨਹੀਂ। ਪਰ ਉਹ ਖੁਸ਼ ਦਿਸ ਰਹੀ ਸੀ। ਫਿਰ ਸਭ ਘਰ ਦੇਖਣ ਲੱਗੇ। ਮੈਂ ਸਿਮਰਨ ਨੂੰ ਕਿਹਾ ਮੈਂ ਗੱਲ ਕਰਨੀ ਹੈ ਤੇਰੇ ਨਾਲ। ਉਹ ਮੰਨ ਗਈ। ਮੈਂ ਸਾਵਣ ਨੂੰ ਵੀ ਨਾਲ ਚੱਲਣ ਨੂੰ ਕਿਹਾ।

ਮੈਂ ਦੋਨਾਂ ਨੂੰ ਘਰੋਂ ਬਾਹਰ ਪਾਰਕ ਵਿੱਚ ਲੈ ਗਿਆ ਤੇ ਕਿਹਾ..

ਮੈਂ - ਸਿਮਰਨ ਆਪਾ ਇੱਕ ਨਵੇਂ ਰਿਸ਼ਤੇ ਵਿੱਚ ਬੱਝਣ ਜਾ ਰਹੇ ਹਾਂ ਤੇ ਮੈਂ ਨਹੀਂ ਚਾਹੁੰਦਾ। ਇਹਨਾਂ ਗੱਲਾਂ ਦਾ ਬਾਅਦ ਵਿੱਚ ਤੈਨੂੰ ਪਤਾ ਲੱਗੇ ਤੇ ਆਪਣਾ ਰਿਸ਼ਤਾ ਖਰਾਬ ਹੋਵੇ।

ਸਾਵਣ - ਸਿਮਰਨ ਜਾਣਦੀ ਹੈ ਸਭ ਕੁਝ।

ਮੈਂ - ਕੀ ਮਤਲਬ?

ਸਾਵਣ - ਸਿਮਰਨ ਨੂੰ ਪਤਾ, ਮੈਂ ਹੀ ਸੀ ਜਿਸ ਨੂੰ ਤੁਸੀਂ ਮਿਲਦੇ ਸੀ, ਪਿਆਰ ਕਰਦੇ ਸੀ।

ਮੈਂ - ਇਸਨੂੰ ਕਿੱਦਾ ਪਤਾ?

ਸਾਵਣ - ਮੈਂ ਦੱਸਿਆ। ਪ੍ਰੀਤ ਮੇਰੀ ਗੱਲ ਸੁਣੋ। ਗੁੱਸਾ ਨਾ ਹੋਇਓ।

ਉਸਨੇ ਦੱਸਿਆ ਕਿ ਸਾਵਣ ਨੇ ਮੇਰੇ ਬਾਰੇ ਸਿਮਰਨ ਨੂੰ ਦੱਸਿਆ ਤੇ ਮੇਰੇ ਹੀ ਕਾਲਜ ਦਾਖਲਾ ਲੈਣ ਲਈ ਕਿਹਾ। ਮੇਰੇ ਕੋਲੋਂ ਸ਼ਾਇਰੀ ਸਿੱਖਣਾ ਬਸ ਬਹਾਨਾ ਸੀ। ਤਾਂ ਜੋ ਸਾਵਣ ਵੱਲੋਂ ਧਿਆਨ ਹੱਟ ਸਿਮਰਨ ਵੱਲ ਹੋਜੇ। ਉਹ ਸਭ ਹਰਕਤਾਂ ਸਿਮਰਨ ਜਾਣ ਬੁੱਝ ਕੇ ਕਰਦੀ ਸੀ। ਸਾਵਣ ਤੋਂ ਦੂਰ ਕਰਨ ਲਈ। ਪਰ ਸਿਮਰਨ ਨੂੰ ਮੇਰੇ ਨਾਲ ਪਿਆਰ ਹੋ ਗਿਆ। ਜਿਸ ਕਰਕੇ ਮੀਂਹ ਵਾਲੀ ਹਰਕਤ ਹੋਈ। ਦਰਅਸਲ ਸਾਵਣ ਦੇ ਘਰਵਾਲੇ ਦਾ ਸ਼ੱਕ ਦਿਨੋਂ-ਦਿਨ ਵੱਧ ਰਿਹਾ ਸੀ ਕਿ ਉਹ ਕਿਸੇ ਨੂੰ ਮਿਲਦੀ ਹੈ ਬਾਹਰ। ਇਸ ਲਈ ਮੇਰਾ ਧਿਆਨ ਸਾਵਣ ਤੋਂ ਬਦਲਣ ਲਈ ਉਹਨਾਂ ਇਹ ਵਿਉਂਤ ਬਣਾਈ। ਕਿਉਂਕਿ ਓਦਾਂ ਸਾਵਣ ਤੋਂ ਦੂਰ ਹੋਣਾ ਦੁਖਦਾਈ ਹੁੰਦਾ। ਪਰ ਹੁਣ ਕੁਝ ਖਾਸ ਫਰਕ ਨਹੀਂ ਸੀ।

ਮੈਨੂੰ ਪਹਿਲਾਂ ਦੋਨਾਂ ਤੇ ਗੁੱਸਾ ਆਇਆ। ਫਿਰ ਮੈਂ ਸੋਚਿਆ ਉਹ ਕਿਸੇ ਹੱਦ ਤੱਕ ਸਹੀ ਵੀ ਸੀ। ਸਿਮਰਨ ਦਾ ਕੋਈ ਬਾਹਲਾ ਦੋਸ਼ ਨਹੀਂ ਸੀ, ਕਿਉਂਕਿ ਉਸਨੇ ਆਪਣੀ ਭੈਣ ਦਾ ਘਰ ਬਚਾਉਣ ਲਈ ਇਹ ਸਭ ਕੀਤਾ। ਪਰ ਮੁੱਕਦੀ ਗੱਲ ਇਹ ਸੀ ਕਿ ਉਸਨੂੰ ਸੱਚਮੁੱਚ ਹੀ ਮੇਰੇ ਨਾਲ ਪਿਆਰ ਸੀ। ਇਸ ਗੱਲ ਦਾ ਅਹਿਸਾਸ

ਮੈਨੂੰ ਉਮਰ ਭਰ ਰਿਹਾ। ਮੈਂ ਬਹੁਤਾ ਨਾ ਸੋਚਿਆ ਤੇ ਵਿਆਹ ਦੀ ਤਰੀਕ ਤੈਅ ਕੀਤੀ। ਸਾਡੀ ਇਸ ਕਹਾਣੀ ਬਾਰੇ ਪਰਿਵਾਰ ਵਿੱਚ ਕੋਈ ਨਹੀਂ ਸੀ ਜਾਣਦਾ। ਬਸ ਮੈਂ ਸਾਵਣ ਤੇ ਸਿਮਰਨ ਹੀ ਇਸ ਦੇ ਗਵਾਹ ਸਨ। ਮੇਰੀ ਐੱਮ.ਏ ਪਿੱਛੋਂ ਮੈਂ ਕਾਲਜ ਹੀ ਪ੍ਰੋਫੈਸਰ ਲੱਗ ਗਿਆ। ਫਿਰ ਸਿਮਰਨ ਦੀ ਐੱਮ.ਏ ਖਤਮ ਹੋਣ ਬਾਅਦ ਅਸੀਂ ਵਿਆਹ ਕਰਵਾ ਲਿਆ। ਸਾਵਣ ਨੇ ਮੇਰੀ ਦਿੱਤੀ ਘੜੀ ਸਿਮਰਨ ਨੂੰ ਦੇ ਦਿੱਤੀ। ਉਸ ਨੇ ਸਿਮਰਨ ਨੂੰ ਕਿਹਾ ਕਿ ਹੁਣ ਮੇਰੀਆਂ ਚੀਜਾਂ ਤੇ ਸਿਮਰਨ ਦਾ ਹੱਕ ਹੈ। ਨਾ ਕਿ ਸਾਵਣ ਦਾ। ਮੈਂ ਆਪਣੀ ਜਿੰਦਗੀ ਸਿਮਰਨ ਨਾਲ ਅੱਗੇ ਤੋਰ ਲਈ।

ਸਿਮਰਨ ਤੇ ਸਾਵਣ ਭਾਵੇਂ ਕਿਸੇ ਹੱਦ ਤੱਕ ਗਲਤ ਸਨ। ਪਰ ਉਹਨਾਂ ਦਾ ਮਕਸਦ ਕਹਾਣੀ ਪਾਤਰ ਪ੍ਰੀਤ ਦੇ ਦਿਲ ਨੂੰ ਨਾ ਟੁੱਟਣ ਦੇਣਾ ਸੀ। ਤੇ ਹਲੀਮੀ ਨਾਲ ਸਾਵਣ ਵੱਲੋਂ ਮੋੜ ਕੇ ਸਿਮਰਨ ਵੱਲ ਮੋੜਨਾ। ਦੇਖਿਆ ਜਾਵੇ ਤਾਂ ਇਹ ਵੀ ਬਹੁਤ ਔਖਾ ਹੈ ਸਿਮਰਨ ਲਈ ਕਿ ਜਿਸ ਆਦਮੀ ਨਾਲ ਉਸਦੀ ਭੈਣ ਦੇ ਸੰਬੰਧ ਹੋਣ ਤੇ ਜਾਣਦੇ ਹੋਏ ਵੀ ਉਸ ਨੂੰ ਪਿਆਰ ਕਰਨਾ ਤੇ ਵਿਆਹ ਕਰਵਾਉਣਾ। ਇਸ ਵਿੱਚ ਸਿਮਰਨ ਨੇ ਇੱਕ ਵੱਢੀ ਕੁਰਬਾਨੀ ਪੇਸ਼ ਕੀਤੀ। ਸਾਵਣ ਨੂੰ ਪਿਆਰ ਸੀ ਪ੍ਰੀਤ ਨਾਲ ਪਰ ਵਿਆਹੀ ਹੋਣ ਕਾਰਨ ਉਹ ਪ੍ਰੀਤ ਨਾਲ ਵਿਆਹ ਨਹੀਂ ਸੀ ਕਰਵਾ ਸਕਦੀ। ਸਾਵਣ ਪ੍ਰੀਤ ਤੋਂ ਬੇ-

ਵਫਾ ਨਹੀਂ ਸੀ ਹੋਣਾ ਚਾਹੁੰਦੀ। ਤੇ ਰਹੀ ਗੱਲ ਉਸਦੇ ਘਰਵਾਲੇ ਤੋਂ ਹੋਣ ਦੀ। ਜਿਸ ਔਰਤ ਨੂੰ ਘਰ ਖੁਸ਼ੀ ਨਾ ਮਿਲੇ ਤਾਂ ਉਹ ਬਾਹਰ ਨੂੰ ਹੀ ਭੱਜਦੀ ਹੈ। ਘਰਵਾਲੇ ਦੀ ਬੱਦਸਲੂਕੀ ਕਾਰਨ ਹੀ ਉਸਦੀ ਪ੍ਰੀਤ ਨਾਲ ਨੇੜਤਾ ਵਧੀ। ਕਹਾਣੀ ਪਾਤਰ ਪ੍ਰੀਤ ਸਹੀ ਵੀ ਸੀ ਤੇ ਗਲਤ ਵੀ। ਗਲਤ ਇਸ ਲਈ ਕਿ ਸਾਵਣ ਦੇ ਬਾਰੇ ਜਾਣਨ ਦੇ ਬਾਅਦ ਉਸ ਨਾਲ ਜਿਸਮਾਨੀ ਤੇ ਦਿਲ ਦੇ ਸੰਬੰਧ ਬਣਾਏ। ਤੇ ਸਹੀ ਇਸ ਲਈ ਕਿ ਇਨਸਾਨ ਦਾ ਸੁਭਾਅ ਹੀ ਇਹੋ ਜਿਹਾ ਹੈ, ਜਿੱਥੇ ਥੋੜ੍ਹੀ ਜਿਹੀ ਵੀ ਖੁਸ਼ੀ ਮਿਲੇ, ਬਟੋਰਦਾ ਹੈ। ਭਾਵੇਂ ਹਰਜ਼ਾਨਾ ਕੁਝ ਵੀ ਭਰਨਾ ਪਵੇ। ਮੈਨੂੰ ਨਹੀਂ ਲੱਗਦਾ ਕਿ ਕਹਾਣੀ ਪਾਤਰ ਪ੍ਰੀਤ, ਸਾਵਣ ਤੇ ਸਿਮਰਨ ਚੋਂ ਕਿਸੇ ਨੇ ਵੀ ਇੱਕ ਦੂਜੇ ਨਾਲ ਬੇ-ਵਫਾਈ ਕੀਤੀ ਹੈ, ਸਭ ਆਪੋ-ਆਪਣੀ ਜਗ੍ਹਾ ਸਹੀ ਸਨ।

ਮੈਂ ਪਹਿਲਾਂ ਵੀ ਜਿਕਰ ਕੀਤਾ ਸੀ, ਇਹ ਸਭ ਨਿਰਭਰ ਕਰਦਾ ਹੈ, ਵਕਤ, ਹਾਲਾਤ ਤੇ ਸੋਚ ਉੱਪਰ। ਅਕਸਰ ਬੰਦੇ ਕੋਲੋਂ ਬਹੁਤ ਗ਼ਲਤੀਆਂ ਹੁੰਦੀਆਂ ਨੇ। ਪਰ ਸਹੀ ਵਕਤ ਜਾਂ ਮੌਕਾ ਮਿਲਣ ਤੇ ਉਸ ਨੂੰ ਸੁਧਾਰ ਲੈਣਾ ਵਧੀਆ ਹੁੰਦਾ। ਨਹੀਂ ਤਾਂ ਗ਼ਲਤੀਆਂ ਸਾਰੀ ਉਮਰ ਭੋਗਣੀਆਂ ਪੈਂਦੀਆਂ ਨੇ। ਪਿਆਰ ਗ਼ਲਤ ਨਹੀਂ ਨਾ ਹੀ ਇਨਸਾਨ ਗ਼ਲਤ ਹੁੰਦੇ ਨੇ। ਬਸ ਉਹ ਇਹੋ ਜਿਹੇ ਬੰਧਨਾ ਚ' ਬੱਝ ਜਾਂਦੇ ਨੇ ਜਿਨ੍ਹਾਂ ਦੇ ਹੱਲ ਕਰਨੇ ਅਸਾਨ ਨਹੀਂ ਹੁੰਦੇ। ਇਹੋ

ਜਿਹੇ ਹਾਲਾਤ ਹਰ ਇਨਸਾਨ ਤੇ ਇਕ ਵਾਰ ਜਰੂਰ ਬਣਦੇ ਨੇ। ਫਰਕ ਇਹੀ ਕਿ ਕੋਈ ਜੱਗ ਜਾਹਿਰ ਕਰਦਾ ਹੈ ਕੋਈ ਰੱਬ ਜਾਹਿਰ। ਧੰਨਵਾਦ।

ਕਾਲਾ ਗੁਲਾਬ

ਪ੍ਰੀਤ ਸਿੰਘ ਭੈਣੀ

ਅਕਸ਼ੇ - ਟੋਹਰ ਦੱਸ ਤੂੰ ਅੱਜ ਵੀਰ ਦੀ।

ਮਨਬੀਰ - ਭਰਾ ਤੂੰ ਤੇ ਲੱਗਦਾ ਵਿਆਹ ਚ' ਆਉਣ ਵਾਲੀਆਂ ਸਾਰੀਆਂ ਵਿਆਹ ਕੇ ਲੈਜੇਗਾਂ। ਸਾਡੇ ਲਈ ਵੀ ਰਹਿਣ ਦੇ ਕੋਈ ਕਿ ਨਹੀਂ?

ਅਕਸ਼ੇ - ਤੇਰੇ ਨਾਲ ਕਾਲਿਆ ਜਿਹਾ ਫਸਦੀ ਤੇ ਕੋਈ ਹੈਨੀ।

ਮਨਬੀਰ - ਕੀ ਕਰਾਂ ਯਾਰ ਰੱਬ ਨੇ ਬਣਾਂ ਹੀ ਆਪਣੇ ਵਰਗਾ ਲਿਆ। ਸੋਚਦਾ ਹੋਣਾ ਮੈਂ ਤੇ ਕੱਲਾ ਰਹਿਣਾ ਹੀ ਆ। ਇਨ੍ਹੂੰ ਵੀ ਏਦਾ ਰੱਖਦਾ।

ਅਕਸ਼ੇ - ਹਾ ਹਾ ਹਾ ਹਾ ਹਾ.. ਮੈਂ ਸੁਣਿਆਂ ਤੂੰ ਸੰਜਨਾ ਨੂੰ ਵੀ ਪੁੱਛਿਆ ਸੀ?

ਮਨਬੀਰ - ਕੁਝ ਨਾ ਪੁੱਛ ਭਰਾ ਉਹ ਦਿਨ ਕੀ ਹੋਇਆ। ਮੈਂ ਫੁੱਲਾਂ ਦਾ ਟੋਕਰਾਂ ਕੱਠਾ ਕਰ ਪੁੱਛਿਆ। ਪਹਿਲਾਂ ਮਜ਼ਾਕ ਉਡਾਉਣ ਦੀ ਮਾਰੀ ਨੇ ਹਾਂ ਕਰਤੀ। ਜਦੋਂ ਮੈਂ ਖੁਸ਼ੀ ਵਿੱਚ ਸਾਰਿਆ ਨੂੰ ਪਾਰਟੀ ਕਰ ਤੀ। ਪਾਰਟੀ ਵਿੱਚ ਹੀ ਨਾਂਹ ਕਰਤੀ। ਕਹਿੰਦੀ ਮੈਂ ਤਾਂ ਤੇਰੀ

ਦੋਸਤ ਵੀ ਨੀ ਬਣ ਸਕਦੀ ਮਸ਼ੂਕ ਤਾਂ ਬੜੀ ਦੂਰ ਦੀ ਗੱਲ ਆ। ਓਦਾਂ ਚੰਦਰੀ ਹੈ ਬਹੁਤੀ ਕੈਮ ਸੀ।

ਅਕਸ਼ੇ - ਹੁਣ ਨਾ ਓਦੇ ਬਾਰੇ ਸੋਚ ਪੁੱਤ। ਤੇਰੀ ਭਾਬੀ ਆ।

ਮਨਬੀਰ - ਪਤਾ ਵਾ ਯਾਰ। ਐਵੇਂ ਬਾਰ-ਬਾਰ ਕਹਿ ਜਖਮਾਂ ਤੇ ਲੂਣ ਨਾ ਛਿੜਕ।

ਅਕਸ਼ੇ - ਵੈਸੇ ਜੇ ਮੈਂ ਕੁੜੀ ਹੁੰਦਾ ਮੈਂ ਤੇਰੇ ਨਾਲ ਪੱਕਾ ਫਸ ਜਾਣਾ ਸੀ। ਵਿਆਹ ਵੀ ਅਸਾਨੀ ਨਾਲ ਹੋ ਜਾਣਾ ਸੀ। ਆਪਣੇ ਬਾਪੂ ਹੁਣਾ ਦੀ ਯਾਰੀ ਵੇਖ ਕਿੰਨੀ ਪੱਕੀ ਆ। ਅਸਾਨੀ ਨਾਲ ਮੰਨ ਜਾਣਾ ਸੀ ਉਨ੍ਹਾਂ।

ਮਨਬੀਰ - ਕਿੱਥੇ ਭਰਾ.. ਜੇ ਕਿਤੇ ਤੂੰ ਕੁੜੀ ਹੁੰਦਾ ਤੂੰ ਕਹਿਣਾ ਸੀ ਆਪਣੇ ਬਾਪੂ ਤੇ ਭਰਾ ਬਣੇ ਨੇ ਮੈਂ ਤਾਂ ਤੇਰੀ ਭੈਣ ਲੱਗਦੀ ਆ।

ਦੋਨੋਂ ਉੱਚੀ-ਉੱਚੀ ਹੱਸਣ ਲੱਗ ਪਏ।

ਮਨਬੀਰ - ਉਦਾਂ ਜੇ ਹੋ ਵੀ ਜਾਂਦਾ ਤੁਸੀਂ ਬਾਹਮਣ ਅਸੀਂ ਸਿੱਖ। ਤੁਸੀਂ ਕਹਿਣਾ ਸੀ ਫੇਰੇ ਕਰਨੇ ਅਸੀਂ ਕਹਿਣਾ ਸੀ ਲਾਵਾਂ, ਤੁਸੀਂ ਕਹਿਣਾ ਸੀ ਰਾਤ ਵਿਆਹ ਕਰਨਾ ਅਸੀਂ ਕਹਿਣਾ ਸੀ ਦਿਨੇ। ਪੰਗੇ ਪਈ ਜਾਣੇ ਸੀ।

ਅਕਸ਼ੇ - ਹਾ ਹਾ ਹਾ ਹਾ... ਚੰਗਾ ਹੋਇਆ ਮੈਂ ਮੁੰਡਾ ਹੀ ਆ।

ਦੋਨੋਂ ਫਿਰ ਤੋਂ ਉੱਚੀ ਉੱਚੀ ਹੱਸਣ ਲੱਗ ਪਏ।

ਮਨਬੀਰ - ਚੱਲ ਹੁਣ ਤੂੰ ਤਿਆਰੀ ਰੱਖ ਮੈਂ ਬਾਕੀਆਂ ਦੀ ਵੀ ਤਿਆਰੀ ਵੇਖਾਂ। ਇਹ ਨਾ ਹੋਵੇ ਵਿਆਹ ਵਾਲਾ ਮੁੰਡਾ ਕੱਲਾ ਹੀ ਬਰਾਤ ਲੈ ਕੇ ਪੁੱਜਾ ਹੋਵੇ।

ਅਕਸ਼ੇ - ਜਾ ਭਰਾ ਕਿਤੇ ਸੱਚੀ ਨਾ ਏਦਾਂ ਹੋਵੇ। ਜਾ ਛੇਤੀ-ਛੇਤੀ ਜਾ..

ਮਨਬੀਰ - ਚੰਗਾ।

ਘਰ ਵਿੱਚ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਬਰਾਤ ਤੁਰਨ ਵਿੱਚ ਥੋੜ੍ਹਾ ਹੀ ਸਮਾਂ ਬਾਕੀ ਸੀ। ਅਕਸ਼ੇ ਹਿੰਦੂ ਪਰਿਵਾਰ ਦਾ ਮੁੰਡਾ ਸੀ ਜਿਸ ਕਾਰਨ ਵਿਆਹ ਰਾਤ ਦਾ ਸੀ। ਅਕਸ਼ੇ ਨੂੰ ਤਿਆਰ ਕਰ ਮਨਬੀਰ ਬਾਕੀ ਹੋਰ ਘਰਦਿਆਂ ਨੂੰ ਤਿਆਰ ਕਰਨ ਵਿੱਚ ਲੱਗ ਗਿਆ। ਮਨਬੀਰ ਤੇ ਅਕਸ਼ੇ ਲੰਗੋਟੀਏ ਯਾਰ ਸੀ ਤੇ ਉਨ੍ਹਾਂ ਦੇ ਪਿਉ ਵੀ। ਉਹ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਰਿਸ਼ਤੇਦਾਰਾਂ ਨਾਲੋਂ ਵੱਧ ਸਾਥ ਨਿਭਾਉਂਦੇ ਆ ਰਹੇ ਸਨ।

ਅਕਸ਼ੇ ਦੇ ਵਿਆਹ ਦੀ ਜਿੰਮੇਵਾਰੀ ਵੀ ਲਗਭਗ ਸਾਰੀ ਮਨਬੀਰ ਦੇ ਸਿਰ ਤੇ ਸੀ। ਅਕਸ਼ੇ ਬਹੁਤ ਗੋਰਾ-ਚਿੱਟਾ ਸੀ। ਤੇ ਮਨਬੀਰ ਪੱਕੇ ਰੰਗ ਦਾ। ਜਿਸ ਕਾਰਨ ਲੋਕ ਮਨਬੀਰ ਤੋਂ ਜ਼ਿਆਦਾਤਰ ਦੂਰ ਹੀ ਰਹਿੰਦੇ ਸਨ। ਖਾਸ ਕਰ ਕੁੜੀਆਂ। ਅੱਜ ਤੱਕ ਮਨਬੀਰ ਨਾਲ ਕਦੇ ਕਿਸੇ ਕੁੜੀ ਦੀ ਗੱਲਬਾਤ ਨਹੀਂ ਸੀ ਹੋਈ।

ਲੱਗਭਗ ਸਭ ਤਿਆਰ ਸਨ। ਬਰਾਤ ਚੱਲਣ ਦਾ ਸਮਾਂ ਹੋ ਗਿਆ। ਬੈਂਡ ਵਾਜੇ ਵੱਜਣ ਲੱਗੇ। ਅਕਸ਼ੇ ਦਾ ਪਿਤਾ ਸਤੀਸ਼ ਨੱਚਣ ਲੱਗਾ। ਹੋਰ ਪਰਿਵਾਰਿਕ ਮੈਂਬਰ ਵੀ ਭੜਥੂ ਪਾਉਣ ਲੱਗੇ। ਮਨਬੀਰ ਦੇ ਪਿਤਾ ਰਜਿੰਦਰ ਸਿੰਘ ਕੰਮ ਕਾਰ ਵਿਚ ਵਿਅਸਤ ਸੀ। ਸਤੀਸ਼ ਅਕਸ਼ੇ ਦਾ ਪਿਉ ਕਾਹਲੀ ਨਾਲ ਉਸ ਵੱਲ ਗਿਆ ਤੇ ਬਾਹੋਂ ਫੜ ਖਿੱਚ ਲਿਆਇਆ। ਦੋਨੋਂ ਇੱਕ ਦੂਜੇ ਦਾ ਹੱਥ ਫੜ ਨੱਚਣ ਲੱਗੇ। ਮਨਬੀਰ ਵੀ ਆ ਨੱਚਣ ਲੱਗਾ। ਬਰਾਤ ਚੱਲਣ ਲਈ ਬਿਲਕੁਲ ਤਿਆਰ ਸੀ। ਸਭ ਰਸਮਾਂ ਰਿਵਾਜ ਹੋਣ ਲੱਗੇ। ਸਭ ਖੁਸ਼ੀ ਵਿੱਚ ਝੂਮ ਰਹੇ ਸਨ। ਲਾੜੇ ਦੀ ਸਵਾਰੀ ਲਈ ਸ਼ਾਹੀ ਰੱਥ ਤਿਆਰ ਸੀ। ਅਕਸ਼ੇ ਰੱਥ ਤੇ ਸਵਾਰ ਹੋ ਗਿਆ। ਮਨਬੀਰ ਵੀ ਰੱਥ ਤੇ ਚੜ ਗਿਆ ਤੇ ਨੱਚਣਾ ਜਾਰੀ ਰੱਖਿਆ। ਬਰਾਤ ਚੱਲ ਪਈ। ਬਰਾਤ ਨੇੜੇ ਹੀ ਕਿਸੇ ਪੈਲਿਸ ਵਿੱਚ ਜਾਣੀ ਸੀ ਇਸ ਲਈ ਬਾਕੀ ਸਾਰੇ ਪੈਦਲ ਚੱਲ ਪਏ। ਨੱਚਦੇ-ਟੱਪਦੇ ਬਰਾਤ ਪੈਲਿਸ ਵਿੱਚ ਪੁੱਜ

ਗਈ। ਕੁੜੀ ਦੇ ਪਰਿਵਾਰ ਨੇ ਬਹੁਤ ਨਿੱਘਾ ਸਵਾਗਤ ਕੀਤਾ। ਸਵਾਗਤ ਦੌਰਾਨ ਹੀ ਕਈ ਪ੍ਰਕਾਰ ਦੇ ਸ਼ਰਬਤ, ਜੂਸ, ਠੰਡੇ ਕਾਜੂ, ਬਦਾਮ ਤੇ ਹੋਰ ਸੋਗਾਤਾਂ ਬਰਾਤ ਨੂੰ ਭੇਟ ਕੀਤੀਆਂ ਗਈਆਂ। ਉਪਰਾਂਤ ਮਿਲਣੀ ਹੋਈ ਤੇ ਫਿਰ ਰੇਬਨ ਕਟਾਈ। ਕੁੜੀ ਦੀਆਂ ਭੈਣਾਂ ਨੇ 5100 ਰੁਪਏ ਲੈ ਹੀ ਰੇਬਨ ਕੱਟਣ ਦਿੱਤਾ। ਫਿਰ ਕੁੜੀ ਨੂੰ ਲਿਆਂਦਾ ਗਿਆ। ਕੁੜੀ ਬਹੁਤ ਖੂਬਸੂਰਤ ਲੱਗ ਰਹੀ ਸੀ। ਕੁੜੀ ਵੱਲ ਦੇਖ ਸਾਰੇ ਹੀ ਉਸ ਦੀ ਪ੍ਰਸੰਸ਼ਾ ਕਰ ਰਹੇ ਸਨ। ਸਭ ਅਕਸ਼ੇ ਦੀ ਖੁਸ਼ ਨਸੀਬੀ ਦੀਆਂ ਗੱਲਾਂ ਕਰ ਰਹੇ ਸਨ। ਫਿਰ ਜੈ ਮਾਲਾ ਦੀ ਰਸਮ ਹੋਈ ਤੇ ਉਪਰਾਂਤ ਸਭ ਨੇ ਵੰਨ-ਸੁਵੰਨੇ ਪਕਵਾਨ ਖਾਧੇ ਤੇ ਖੂਬ ਮਸਤੀ ਕੀਤੀ।

ਹੁਣ ਵਿਆਹ ਦੀ ਸਭ ਤੋਂ ਮਹੱਤਵਪੂਰਨ ਰਸਮ ਲਈ ਸਭ ਸਜਾਏ ਗਏ ਮੰਡਪ ਵਿੱਚ ਬੈਠ ਗਏ। ਦੋਨਾਂ ਪਾਸਿਆ ਦੇ ਪੰਡਤਾਂ ਨੇ ਕਾਰਜ ਅਰੰਭ ਕਰ ਦਿੱਤਾ। ਅਕਸ਼ੇ ਤੇ ਕੁੜੀ ਦੇ ਮਾਤਾ ਪਿਤਾ ਨੇ ਰਸਮਾਂ ਕੀਤੀਆਂ। ਫਿਰ ਕੁੜੀ ਨੂੰ ਮੰਡਪ ਵਿੱਚ ਲਿਆਂਦਾ ਗਿਆ। ਹੋਰ ਰਸਮਾਂ ਹੋਈਆਂ ਤੇ ਫੇਰੇ ਹੋਏ। ਅਕਸ਼ੇ ਨੇ ਸੰਜਨਾ ਨੂੰ ਮੰਗਲਸੂਤਰ ਪਹਿਨਾਇਆ। ਹੋਰ ਵੀ ਰਸਮਾਂ ਹੋਈਆਂ। ਫਿਰ ਵਿਦਾਇਗੀ ਹੋਣ ਦਾ ਵੇਲਾ ਹੋ ਗਿਆ। ਡੋਲੀ ਵਾਲੀ ਕਾਰ ਫੁੱਲਾਂ ਨਾਲ ਸਜਾਈ ਹੋਈ ਪੈਲਿਸ ਦੇ ਬੂਹੇ ਤੇ ਆਣ ਖੜੀ ਹੋਈ। ਜਿਸ

ਨੂੰ ਮਨਬੀਰ ਚਲਾ ਰਹਾ ਸੀ। ਸਮਾਂ ਕਰੀਬ ਸਵੇਰ ਦੇ ਚਾਰ ਵਜੇ ਦਾ ਸੀ। ਵਿਦਾਇਗੀ ਦੇ ਗੀਤ ਗਾਏ ਜਾਣ ਲੱਗੇ। ਵਿਦਾਇਗੀ ਦੀ ਰਸਮ ਹੋਈ ਤੇ ਕੁੜੀ ਮੁੰਡਾ ਡੋਲੀ ਵਾਲੀ ਕਾਰ ਵਿੱਚ ਬੈਠ ਗਏ। ਨਾਲ ਹੀ ਡਰਾਇਵਰ ਵਾਲੀ ਸੀਟ ਤੇ ਮਨਬੀਰ ਤੇ ਨਾਲ ਵਾਲੀ ਤੇ ਅਕਸ਼ੇ ਦੀ ਮਾਂ ਬੈਠ ਗਈ। ਬਾਕੀ ਬਰਾਤ ਨੂੰ ਲੈਣ ਲਈ ਗੱਡੀਆਂ ਆ ਗਈਆਂ। ਸਭ ਬੈਠ ਗਏ। ਡੋਲੀ ਚੱਲ ਪਈ। ਕੁਝ ਮਿੰਟਾਂ ਵਿੱਚ ਹੀ ਸਭ ਅਕਸ਼ੇ ਦੇ ਘਰ ਪੁੱਜ ਗਏ। ਹੋਰ ਰਸਮਾਂ ਹੋਈਆਂ ਤੇ ਸਭ ਨੇ ਖੂਬ ਮਸਤੀ ਕੀਤੀ। ਰਸਮਾਂ ਰਿਵਾਜਾਂ ਵਿੱਚ ਹੀ ਦਿਨ ਬੀਤ ਗਿਆ। ਓਸੇ ਦਿਨ ਹੀ ਲਗਭਗ ਸਭ ਰਿਸ਼ਤੇਦਾਰ ਆਪੋ-ਆਪਣੇ ਘਰਾਂ ਨੂੰ ਵਾਪਿਸ ਪਰਤ ਗਏ। ਬਚੇ ਹੋਏ ਪਰਿਵਾਰਿਕ ਮੈਂਬਰਾਂ ਨੇ ਰਾਤ ਦਾ ਰੋਟੀ ਪਾਣੀ ਛਕਿਆ ਤੇ ਨਵੀਂ ਨੂੰਹ ਤੇ ਅਕਸ਼ੇ ਨਾਲ ਸ਼ਰਾਰਤਾਂ ਕੀਤੀਆਂ। ਉਪਰਾਂਤ ਸੰਜਨਾ ਨੂੰ ਅਕਸ਼ੇ ਦੇ ਕਮਰੇ ਵਿੱਚ ਛੱਡ ਕੇ ਆਏ ਤੇ ਫਿਰ ਅਕਸ਼ੇ ਨੂੰ ਭੇਜਿਆ ਗਿਆ। ਕਮਰੇ ਵਿੱਚ ਫੁੱਲ ਹੀ ਫੁੱਲ ਵਿਛੇ ਹੋਏ ਸਨ। ਹੱਦ ਤੋਂ ਪਰੇ ਸਜਾਵਟ ਕੀਤੀ ਗਈ। ਅਕਸ਼ੇ ਨੇ ਕਮਰੇ ਦਾ ਬੂਹਾ ਬੰਦ ਕੀਤਾ ਤੇ ਸੰਜਨਾ ਵੱਲ ਵਧਿਆ। ਸੰਜਨਾ ਦਾ ਘੁੰਗਟ ਚੁੱਕਿਆ। ਉਸ ਨੇ ਨਜ਼ਰ ਉਪਰ ਨਾ ਚੁੱਕੀ ਸ਼ਾਇਦ ਉਹ ਸਰਮਾਂ ਰਹੀ ਸੀ। ਅਕਸ਼ੇ

ਨੇ ਬੜੇ ਹੀ ਪਿਆਰ ਨਾਲ ਉਸਦਾ ਚਿਹਰਾ ਆਪਣੇ ਹੱਥ ਨਾਲ ਠੋਡੀ ਤੋਂ ਉੱਪਰ ਨੂੰ ਚੁੱਕਿਆ ਤੇ ਕਿਹਾ..

ਅਕਸ਼ੇ - ਵਾਹ ਓ ਮੇਰਿਆ ਰੱਬਾ ਇਹ ਤਾਂ ਅਲੀ ਬਾਬਾ ਦਾ ਖਜ਼ਾਨਾ ਹੱਥ ਲੱਗ ਗਿਆ ਈ।

ਸੰਜਨਾ ਥੋੜਾ ਜਿਹਾ ਮੁਸਕਰਾਈ। ਅਕਸ਼ੇ ਫਿਰ ਬੋਲਿਆ..

ਅਕਸ਼ੇ - ਜਨਾਬ ਜੇ ਇਜ਼ਾਜਤ ਹੋਵੇ ਤਾਂ ਇਨ੍ਹਾਂ ਲਬਾਂ ਦੀ ਰੋਣਕ ਦਾ ਹਿੱਸੇਦਾਰ ਬਣ ਜਾਵਾਂ?

ਸੰਜਨਾ ਨੇ ਨਜ਼ਰ ਭਰ ਅਕਸ਼ੇ ਵੱਲ ਤੱਕਿਆ ਤੇ ਬੜੇ ਪਿਆਰ ਨਾਲ ਸਿਰ ਹਿਲਾਇਆ। ਅਕਸ਼ੇ ਨੇ ਸੰਜਨਾ ਨੂੰ ਬਾਹਾਂ ਵਿੱਚ ਭਰਿਆ ਤੇ ਆਪਣੀ ਖੁਸ਼ੀ ਜਾਹਿਰ ਕੀਤੀ।

ਰਾਤ ਬੀਤ ਗਈ। ਬੂਹਾ ਖਟਕਿਆ। ਅਕਸ਼ੇ ਕਾਹਲੀ ਨਾਲ ਉੱਠਿਆ ਤੇ ਘੜੀ ਵੱਲ ਦੇਖਿਆ। ਸਮਾਂ ਸਵੇਰ ਦੇ ਨੌ ਵੱਜਣ ਵਾਲੇ ਸਨ। ਉਸਨੇ ਲੀੜੇ ਪਾਏ ਤੇ ਬੂਹਾ ਖੋਲ੍ਹਿਆ। ਦੇਖਿਆ ਤਾਂ ਅਕਸ਼ੇ ਦੀ ਮਾਂ ਚਾਹ ਲੈ ਕੇ ਖੜੀ ਸੀ। ਅਕਸ਼ੇ ਨੇ ਕਾਹਲੀ ਨਾਲ ਚਾਹ ਫੜੀ ਤੇ ਆਪਣੀ ਮਾਂ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਬੂਹਾ ਬੰਦ ਕਰ ਦਿਤਾ। ਅਕਸ਼ੇ ਦੀ ਮਾਂ ਪੂਜਾ ਦੀ ਗੱਲ ਬਸ ਲਬਾਂ ਤੇ ਹੀ ਰਹਿ ਗਈ। ਉਹ ਮੁਸਕਰਾਈ ਤੇ ਚਲੀ ਗਈ। ਅਕਸ਼ੇ ਨੇ ਚਾਹ ਟੇਬਲ

ਉੱਪਰ ਰੱਖੀ ਤੇ ਸੰਜਨਾ ਨੂੰ ਦੇਖਿਆ। ਪਰ ਉਹ ਉੱਥੇ ਨਹੀਂ ਸੀ। ਉਸਨੇ ਗੌਰ ਕੀਤਾ ਤਾਂ ਖੁਰੇ(ਬਾਥਰੂਮ) ਵਿੱਚ ਸੀ। ਕੁਝ ਦੇਰ ਪਿੱਛੋਂ ਉਹ ਨਹਾਂ ਕੇ ਆਪਣੇ ਵਾਲਾਂ ਨੂੰ ਪੂੰਝਦੀ ਬਾਹਰ ਆਈ। ਅਕਸ਼ੇ ਨੇ ਉਸਦੇ ਵੱਲ ਤੱਕਿਆ ਤੇ ਦੋਨੋਂ ਮੁਸਕਰਾਏ। ਦੋਨਾਂ ਨੇ ਚਾਹ ਪੀਤੀ ਤੇ ਕੁਝ ਦੇਰ ਗੱਲਾਂ ਬਾਤਾਂ ਕੀਤੀਆਂ। ਫਿਰ ਦੋਨੋਂ ਤਿਆਰ ਹੋ ਬਾਹਰ ਆ ਗਏ। ਸਭ ਨੂੰ ਸੁਭ ਸਵੇਰ ਦੀ ਸ਼ੁਭਕਾਮਨਾ ਦਿੱਤੀ ਤੇ ਗੱਲਾਂ ਬਾਤਾਂ ਕਰਨ ਲੱਗੇ।

ਏਨੇ ਨੂੰ ਮਨਬੀਰ ਵੀ ਆ ਗਿਆ। ਉਹ ਸਭ ਤੋਂ ਪਹਿਲਾਂ ਅਕਸ਼ੇ ਵੱਲ ਗਿਆ ਤੇ ਉਸਨੂੰ ਘੁੱਟ ਕੇ ਗਲੇ ਮਿਲਿਆ। ਤੇ ਕਿਹਾ..

ਮਨਬੀਰ - ਕਿੱਦਾ ਸੱਜਣਾ। ਬੜਾ ਖੁਸ਼ ਲੱਗਦਾ।

ਅਕਸ਼ੇ - ਖੁਸ਼ ਨਾ ਹੋਵਾਂ ਤੇ ਹੋਰ ਮਾਮਾ ਰੋਵਾਂ..

ਫਿਰ ਦੋਨੋਂ ਮੁਸਕਰਾਏ। ਅਕਸ਼ੇ ਬਾਕੀ ਪਰਿਵਾਰ ਦੇ ਮੈਂਬਰਾਂ ਨੂੰ ਵੀ ਮਿਲਿਆ ਤੇ ਖੁਸ਼ ਹੋ ਸੰਜਨਾ ਨੂੰ ਸੁਭ ਪ੍ਰਭਾਤ ਦੀ ਸ਼ੁਭਕਾਮਨਾ ਦਿੱਤੀ। ਫਿਰ ਹੋਰ ਗੱਲਾਂ ਹੋਣ ਲੱਗੀਆਂ ਤੇ ਅਕਸ਼ੇ ਨੂੰ ਛੇੜਣ ਲੱਗੇ। ਸੰਜਨਾ ਬੱਸ ਹੋਲੀ-ਹੋਲੀ ਖੁਸ਼ ਹੁੰਦੀ ਰਹੀ।

ਏਸੇ ਤਰਾਂ ਕਰੀਬ ਇੱਕ ਮਹੀਨਾ ਬੀਤ ਗਿਆ। ਅਕਸ਼ੇ ਫੌਜ ਵਿੱਚ ਹਵਲਦਾਰ ਸੀ। ਛੁੱਟੀ ਖਤਮ ਹੁੰਦੇ ਸਾਰ ਹੀ ਉਸਨੂੰ ਜਾਣਾ

ਪਿਆ। ਸੰਜਨਾ ਵੀ ਕਾਫ਼ੀ ਪੜੀ ਲਿਖੀ ਸੀ ਪਰ ਕਿਸੇ ਨੌਕਰੀ ਤੇ ਨਹੀਂ ਸੀ ਲੱਗੀ। ਉਸ ਨੂੰ ਚਿੱਤਰਕਾਰੀ ਕਰਨਾ ਪਸੰਦ ਸੀ। ਉਹ ਕਿਸੇ ਵੀ ਪ੍ਰਕਾਰ ਦੀ ਚਿੱਤਰਕਾਰੀ ਕਰ ਸਕਦੀ ਸੀ। ਅਨੋਖਾ ਹੁਨਰ ਸੀ ਉਸਦੇ ਹੱਥਾਂ ਵਿੱਚ। ਮਨਬੀਰ ਇੱਕ ਸਰਕਾਰੀ ਬੈਂਕ ਵਿੱਚ ਮੈਨੇਜਰ ਦੇ ਅਹੁਦੇ ਤੇ ਸੀ।

ਕੁਝ ਦਿਨਾਂ ਪਿੱਛੋਂ ਸੰਜਨਾ ਦੇ ਫੋਨ ਦੀ ਬੈੱਲ ਵੱਜੀ। ਫੋਨ ਅਕਸ਼ੇ ਦਾ ਸੀ। ਉਸਨੇ ਦੱਸਿਆ ਕਿ ਉਸ ਦੀ ਛੁੱਟੀ ਮੰਜ਼ੂਰ ਹੋ ਗਈ ਹੈ। ਉਹ ਅੱਜ ਸ਼ਾਮ ਤੱਕ ਘਰ ਪਰਤ ਆਵੇਗਾ। ਸੰਜਨਾ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਜਦ ਪਤਾ ਲੱਗਾ ਕਿ ਅੱਜ ਦਿਲਾਂ ਦੇ ਜਾਨੀ ਦੇ ਦੀਦਾਰ ਹੋਣੇ ਨੇ, ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਕਰਾਂ। ਉਸਨੇ ਆਪਣੀ ਸੱਸ ਨੂੰ ਦੱਸਿਆ। ਫਿਰ ਆਪਣੇ ਕਮਰੇ ਵਿੱਚ ਗਈ ਤੇ ਝੂਮਣ ਲੱਗੀ। ਉਹ ਕਦੇ ਸ਼ਿੰਗਾਰ ਕਰਦੀ, ਕਦੇ ਖੁੱਦ ਨੂੰ ਨਿਹਾਰਦੀ, ਕਦੇ ਛੱਤ ਤੇ ਚੜ ਰਾਹ ਵੱਲ ਦੇਖਦੀ। ਮਨ ਤੇ ਕੋਈ ਵੱਸ ਨਹੀਂ ਸੀ ਚੱਲ ਰਿਹਾ। ਅਜੇ ਨਵਾਂ-ਨਵਾਂ ਰਿਸ਼ਤਾ ਬਣਿਆ ਸੀ ਤੇ ਛੁੱਟੀ ਖਤਮ ਹੋਣ ਕਾਰਨ ਜਾਣਾ ਪੈ ਗਿਆ। ਉਸ ਵਕਤ ਭਾਂਵੇ ਉਹ ਉਦਾਸ ਜਰੂਰ ਹੋਈ ਸੀ। ਪਰ ਅੱਜ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ। ਤੇ ਉਡੀਕ ਵਿੱਚ ਅੱਖੀਆਂ ਵਿਛਾਏਂ ਬੈਠੀ ਸੀ। ਸਮਾਂ ਕਾਫ਼ੀ ਬੀਤ ਚੁਕਾ ਸੀ। ਸ਼ਾਮ ਦੇ ਸੱਤ ਵੱਜ ਚੁੱਕੇ

ਸਨ ਪਰ ਉਡੀਕ ਅਜੇ ਵੀ ਜਾਰੀ ਸੀ। ਰੇਡੀਓ ਤੇ ਮਧੁਰ ਅਵਾਜ਼ ਵਿੱਚ "ਇੱਕ ਪਿਆਰ ਕਾ ਨਗਮਾ ਹੈ" ਗੀਤ ਚੱਲ ਰਿਹਾ ਕਿ ਅਚਾਨਕ ਗੀਤ ਬੰਦ ਹੋ ਗਿਆ ਤੇ ਇੱਕ ਔਰਤ ਖਬਰਾਂ ਸੁਣਾਉਣ ਲੱਗੀ।

"ਇਹ ਅਕਾਸ਼ਵਾਣੀ ਹੈ। ਤਾਜਾਂ ਖਬਰਾਂ। ਹੁਣੇ-ਹੁਣੇ ਜੰਮੂ ਤੋਂ ਪੰਜਾਬ ਨੂੰ ਪਰਤ ਰਹੇ ਦੋ ਆਰਮੀ ਦੇ ਟਰੱਕਾਂ ਤੇ ਹਮਲਾ ਹੋਇਆ ਜਿਸ ਵਿੱਚ 22 ਜਵਾਨ ਸ਼ਹੀਦ ਹੋ ਗਏ ਤੇ ਲੱਗਭਗ 37 ਜਵਾਨ ਜਖ਼ਮੀ ਹੋ ਗਏ। ਇਹ ਹਮਲੇ ਦੀ ਅਜੇ ਕੋਈ ਪੁਸ਼ਤੀ ਨਹੀਂ ਹੋਈ"

ਉਸ ਤੋਂ ਬਾਅਦ ਹੋਰ ਵੀ ਖਬਰਾਂ ਪੜੀਆਂ ਗਈਆਂ ਪਰ ਸੰਜਨਾ ਦੇ ਕੰਨਾ ਤੱਕ ਉਹ ਖਬਰਾਂ ਪਹੁੰਚ ਨਾ ਸਕੀਆਂ। ਉਸ ਨੂੰ ਇੱਕ ਦਮ ਝਟਕਾ ਲੱਗਾ ਤੇ ਹੇਠਾਂ ਡਿੱਗ ਪਈ। ਉਸਦੇ ਕੋਲ ਕੋਈ ਨਹੀਂ ਸੀ। ਕੁਝ ਦੇਰ ਪਿੱਛੋਂ ਉੱਠੀ ਤੇ ਕਮਲੀ ਹੋਈ ਛੱਤ ਤੋਂ ਹੇਠਾਂ ਆਈ। ਦੇਖਿਆਂ ਤਾਂ ਸਾਰਾ ਪਰਿਵਾਰ ਇਕੱਠੇ ਹੋ ਕੇ ਬੈਠੇ ਹੋਏ ਸਨ, ਮਨਬੀਰ ਦਾ ਪਰਿਵਾਰ ਵੀ ਉੱਥੇ ਹੀ ਸੀ। ਸੰਜਨਾ ਨੂੰ ਆਉਂਦੀ ਦੇਖ ਉਸਦੀ ਸੱਸ ਕਾਹਲੀ ਨਾਲ ਉਸ ਵੱਲ ਗਈ ਤੇ ਉਸਨੂੰ ਸੰਭਾਲਿਆ। ਤੇ ਸੋਫੇ ਤੇ ਬਿਠਾਇਆ। ਕੋਈ ਕੁਝ ਵੀ ਨਹੀਂ

ਸੀ ਬੋਲ ਰਿਹਾ। ਸਭ ਸ਼ਾਂਤ ਸਨ। ਅਕਸ਼ੇ ਦੇ ਪਿਤਾ ਨੂੰ ਵੀ ਆਰਮੀ ਦੇ ਦਫ਼ਤਰ ਤੋਂ ਫੋਨ ਆ ਚੁੱਕਾ ਸੀ ਜਿਸ ਵਿੱਚ ਸਾਫ ਤੌਰ ਤੇ ਪੁਸ਼ਟੀ ਕਰ ਦਿੱਤੀ ਕਿ ਸ਼ਹੀਦ ਹੋਣ ਵਾਲਿਆਂ ਵਿੱਚ ਅਕਸ਼ੇ ਵੀ ਸ਼ਾਮਿਲ ਹੈ। ਸਭ ਅੱਥਰੂ ਵਹਾ ਰਹੇ ਸਨ ਪਰ ਕੋਈ ਵੀ ਜਾਹਿਰ ਨਹੀਂ ਸੀ ਕਰ ਰਿਹਾ। ਸ਼ਾਇਦ ਸੰਜਨਾ ਦੇ ਕਾਰਨ।

ਸੰਜਨਾ ਕਮਲਿਆਂ ਦੀ ਤਰਾਂ ਕਰ ਰਹੀ ਸੀ। ਜਿਵੇਂ ਉਸ ਨੂੰ ਕੋਈ ਸੁਰਤ ਨਾ ਰਹੀ ਹੋਵੇ। ਫਿਰ ਤੋਂ ਫੋਨ ਆਇਆ ਤੇ ਉਨ੍ਹਾਂ ਦੱਸਿਆ ਕਿ ਉਹ ਕੱਲ ਨੂੰ ਸ਼ਹੀਦ ਦੀ ਲਾਸ਼ ਲੈ ਕੇ ਆਉਣਗੇ। ਇਹ ਖਬਰ ਸੁਣ ਅਕਸ਼ੇ ਦੇ ਪਿਤਾ ਸਤੀਸ਼ ਕੋਲੋਂ ਹੰਝੂ ਰੋਕੇ ਨਾ ਗਏ ਤੇ ਉੱਚੀ-ਉੱਚੀ ਰੋਣ ਲੱਗਾ। ਉਸ ਵੱਲ ਦੇਖ ਅਕਸ਼ੇ ਦੀ ਮਾਂ ਪੂਜਾ ਵੀ ਰੋਣ ਲੱਗੀ। ਮਨਬੀਰ ਦੇ ਪਿਤਾ ਰਜਿੰਦਰ ਨੇ ਸਤੀਸ਼ ਨੂੰ ਹੌਂਸਲਾ ਰੱਖਣ ਲਈ ਕਿਹਾ। ਪਰ ਜਵਾਨ ਪੁੱਤ ਦੇ ਗੁਜਰਨ ਕਾਰਨ ਹੌਂਸਲਾ ਰੱਖਣਾ ਅਸਾਨ ਨਹੀਂ ਸੀ। ਉਹ ਰਜਿੰਦਰ ਦੇ ਗਲ ਲੱਗ ਹੋਰ ਉੱਚੀ-ਉੱਚੀ ਰੋਣ ਲੱਗਾ। ਮਨਬੀਰ ਇੱਕ ਪਾਸੇ ਬੈਠਾ ਸਭ ਤੋਂ ਲੁਕਾ ਕੇ ਅੱਥਰੂ ਵਹਾ ਰਹਾ ਸੀ। ਸੰਜਨਾ ਇੱਕ ਦਮ ਚੁੱਪ ਸੀ। ਰਾਤ ਏਦਾ ਹੀ ਬੈਠਿਆਂ ਬੀਤ ਗਈ। ਕਿਸੇ ਨੇ ਵੀ ਰਾਤ ਰੋਟੀ ਨਾ ਖਾਧੀ। ਸਵੇਰ ਹੋਈ। ਹੋਰ ਰਿਸ਼ਤੇਦਾਰ ਤੇ ਗੁਆਂਢੀ ਆਉਣ ਲੱਗੇ। ਮਨਬੀਰ ਨੇ ਅੰਤਿਮ ਸੰਸਕਾਰ ਲਈ ਸਭ ਤਿਆਰੀਆਂ ਕੀਤੀਆਂ।

ਵੈਣ ਪਾਏ ਜਾਣ ਲੱਗੇ। ਸੰਜਨਾ ਅਜੇ ਵੀ ਓਸੇ ਤਰ੍ਹਾਂ ਹੀ ਬੈਠੀ ਹੋਈ ਸੀ। ਕੁਝ ਔਰਤਾਂ ਉੱਠੀਆਂ ਤੇ ਸੰਜਨਾ ਨੂੰ ਨਹਾ-ਧਵਾ ਕੇ ਤਿਆਰ ਕੀਤਾ। ਉਸ ਨੂੰ ਕੋਈ ਸੁਰਤ ਨਹੀਂ ਸੀ। ਕਰੀਬ ਗਿਆਰਾਂ ਵਜੇ ਫੌਜ ਦੀਆਂ ਗੱਡੀਆਂ ਆਈਆਂ। ਸਭ ਉਨ੍ਹਾਂ ਦੇ ਆਲੇ ਦੁਆਲੇ ਹੋ ਗਏ। ਬਹੁੱਤ ਇਕੱਠ ਸੀ। ਕਿਤੇ ਪੈਰ ਰੱਖਣ ਨੂੰ ਥਾਂ ਨਹੀਂ ਸੀ ਦਿੱਖਦੀ। ਗੱਡੀ ਵਿੱਚੋਂ ਫੌਜ ਦੇ ਜਵਾਨ ਉੱਤਰੇ ਤੇ ਉਨ੍ਹਾਂ ਨੇ ਸ਼ਹੀਦ ਵਾਲੇ ਬੰਦ ਬਕਸੇ ਨੂੰ ਮੋਢਿਆਂ ਤੇ ਚੁੱਕਿਆ ਤੇ ਅਰਥੀ ਦੇ ਕੋਲ ਬਣੇ ਥੜ੍ਹੇ ਤੇ ਰੱਖ ਦਿੱਤਾ। ਫਿਰ ਝੁਕੇ ਹੋਏ ਤਿਰੰਗੇ ਨੂੰ ਬੜੇ ਸਨਮਾਨ ਸਹਿਤ ਇਕੱਠਾ ਕੀਤਾ ਗਿਆ। ਬਕਸੇ ਦਾ ਢੱਕਣ ਖੋਲ੍ਹਿਆ ਗਿਆ। ਜਦ ਸਭ ਨੇ ਅਗਾਹ ਹੋ ਸ਼ਹੀਦ ਨੂੰ ਦੇਖਣਾ ਚਾਹਿਆ ਤੇ ਮੁੜਦੇ ਪੈਰੀਂ ਪਿਛਾਂਹ ਹੋ ਗਏ। ਲਾਸ਼ ਪਹਿਚਾਨਣ ਦੇ ਜਾਂ ਦੇਖਣ ਦੇ ਰੂਪ ਵਿੱਚ ਬਿਲਕੁਲ ਵੀ ਨਹੀਂ ਸੀ। ਉਸਦਾ ਕੋਈ ਵੀ ਅੰਗ ਸਰੀਰ ਨਾਲ ਜੁੜਿਆ ਹੋਇਆ ਨਹੀਂ ਸੀ। ਇੱਕ ਲੱਤ ਤਾਂ ਹੈ ਹੀ ਨਹੀਂ ਸੀ। ਤੇ ਬਾਹਾਂ ਅੱਧ-ਪਚੱਧੀਆਂ। ਮੂੰਹ ਦਾ ਇੱਕ ਪਾਸਾ ਵੀ ਉੱਡਿਆ ਹੋਇਆ ਸੀ। ਪੂਰਾ ਸਰੀਰ ਬਸ ਛੱਲਣੀ-ਛੱਲਣੀ ਹੋਇਆ ਪਿਆ ਸੀ। ਅਕਸ਼ੇ ਦੀ ਮਾਂ ਤੇ ਪਿਤਾ ਵੇਖਣ ਲਈ ਅਗਾਂਹ ਵਧੇ ਤੇ ਦੇਖਦੇ ਸਾਰ ਪਿੱਟ-ਪਿੱਟ ਰੋਣ ਲੱਗੇ। ਮਨਬੀਰ ਨੇ ਦੋਨਾਂ ਨੂੰ ਸੰਭਾਲਿਆ। ਤੇ ਪਿੱਛੇ ਲੈ ਗਿਆ। ਸੰਜਨਾ ਨੂੰ ਅੱਗੇ ਨਾ ਲਿਆਦਾਂ।

ਸਭ ਦੇ ਦੇਖਣ ਪਿੱਛੋਂ ਲਾਸ਼ ਨੂੰ ਅਰਥੀ ਤੇ ਲਿਟਾਇਆ ਗਿਆ। ਫੌਜੀਆਂ ਨੇ ਸ਼ਹੀਦ ਦੇ ਸਨਮਾਨ ਵਿੱਚ ਗੋਲੀਆਂ ਅਸਮਾਨ ਵੱਲ ਚਲਾ ਸਲਾਮੀ ਦਿੱਤੀ। ਉਪਰਾਂਤ ਸੰਸਕਾਰ ਦੀ ਵਿਧੀ ਹੋਈ। ਅਕਸ਼ੇ ਦੇ ਪਿਤਾ ਸਤੀਸ਼ ਨੇ ਅਰਥੀ ਨੂੰ ਅਗਨੀ ਭੇਂਟ ਕੀਤਾ। ਅਰਥੀ ਦੀ ਅਗਨੀ ਦੇਖ ਸੰਜਨਾ ਨੇ ਹੋਸ਼ ਸੰਭਾਲੀ ਤੇ ਅਰਥੀ ਵੱਲ ਭੱਜੀ। ਮਨਬੀਰ ਨੇ ਬੜੇ ਜੋਰ ਨਾਲ ਉਸ ਨੂੰ ਰੋਕਿਆ। ਉਹ ਉੱਚੀ-ਉੱਚੀ ਰੋਣ ਲੱਗੀ ਤੇ ਚੀਕਾਂ ਮਾਰਦੀ ਰਹੀ। ਉਸਦੀਆਂ ਚੀਕਾਂ ਕਾਰਨ ਸਭ ਦਾ ਧਿਆਨ ਉਸ ਵੱਲ ਸੀ। ਅੱਗ ਦੀਆਂ ਲਾਟਾਂ ਅਸਮਾਨ ਨੂੰ ਛੂਣ ਲੱਗੀਆਂ ਤੇ ਸੰਜਨਾ ਦੀਆਂ ਚੀਕਾਂ ਵੀ। ਕਾਫ਼ੀ ਦੇਰ ਤੱਕ ਸਭ ਉੱਥੇ ਖੜੇ ਰਹੇ। ਹੋਲੀ-ਹੋਲੀ ਸਭ ਆਪਣੇ ਘਰਾਂ ਨੂੰ ਪਰਤ ਗਏ ਤੇ ਗਿਣੇ-ਚੁਣੇ ਪਰਿਵਾਰਿਕ ਮੈਂਬਰ ਤੇ ਗੁਆਂਢੀ ਉੱਥੇ ਰਹੇ। ਸੰਸਕਾਰ ਤੋਂ ਪਿੱਛੋਂ ਕਈ ਦਿਨ ਤੱਕ ਅੰਤਿਮ ਰਸਮਾਂ ਹੋਈਆ।

ਕੁਝ ਸਮੇਂ ਪਿੱਛੋਂ ਇੱਕ ਫੌਜ ਦੇ ਸਮਾਰੋਹ ਵਿੱਚ ਅਕਸ਼ੇ ਦੇ ਪਰਿਵਾਰ ਨੂੰ ਬੁਲਾਇਆ ਗਿਆ ਤੇ ਹੋਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ। ਸਭ ਨੂੰ ਸ਼ਹੀਦਾਂ ਦੀ ਵੀਰਗਤੀ ਲਈ ਪਰਮਵੀਰ ਚੱਕਰ ਭੇਂਟ ਕੀਤਾ ਗਿਆ। ਇਸ ਸਨਮਾਨ ਪਿੱਛੋਂ ਸਭ ਆਪਣੇ-ਆਪਣੇ ਘਰਾਂ ਨੂੰ ਪਰਤ ਗਏ। ਅਕਸ਼ੇ ਦੇ ਘਰ ਬਿਲਕੁਲ ਵੀ ਰੌਣਕ ਨਾ

ਰਹੀ। ਸੰਜਨਾ ਆਪਣੇ ਕਮਰੇ ਵਿੱਚ ਹਰ ਵਕਤ ਬੰਦ ਰਹਿੰਦੀ। ਰੋਟੀ ਪਾਣੀ ਵੀ ਘੱਟ-ਵੱਧ ਖਾਂਦੀ। ਕਮਲਿਆਂ ਵਾਂਗੂੰ ਬਣੀ ਰਹਿੰਦੀ। ਉਸ ਦੇ ਮਾਤਾ-ਪਿਤਾ ਨੇ ਉਸਨੂੰ ਉਹਨਾਂ ਨਾਲ ਚੱਲਣ ਲਈ ਕਿਹਾ ਪਰ ਉਸਨੇ ਨਾਲ ਜਾਣ ਤੋਂ ਸਾਫ ਮਨ੍ਹਾਂ ਕਰ ਦਿੱਤਾ। ਮਨਬੀਰ ਤੇ ਉਸਦਾ ਪਰਿਵਾਰ ਹਰ ਰੋਜ਼ ਅਕਸ਼ੇ ਘਰ ਆਉਂਦੇ ਤੇ ਉਨ੍ਹਾਂ ਦਾ ਖਿਆਲ਼ ਰੱਖਦੇ। ਏਸੇ ਤਰਾਂ ਕਰੀਬ ਦੋ-ਢਾਈ ਮਹੀਨੇ ਬੀਤ ਗਏ। ਇੱਕ ਦਿਨ ਅਚਾਨਕ ਅਕਸ਼ੇ ਦੇ ਪਿਤਾ ਸਤੀਸ਼ ਨੇ ਮਨਬੀਰ ਦੇ ਪਿਤਾ ਰਜਿੰਦਰ ਨੂੰ ਫੋਨ ਕਰ ਘਰ ਬੁਲਾਇਆ। ਕੁਝ ਚਿਰ ਪਿੱਛੋਂ ਰਜਿੰਦਰ ਘਰ ਆਇਆ ਤੇ ਸਤੀਸ਼ ਨੂੰ ਮਿਲਿਆ। ਕੋਲ ਹੀ ਅਕਸ਼ੇ ਦੀ ਮਾਂ ਪੂਜਾ ਵੀ ਬੈਠੀ ਸੀ। ਰਜਿੰਦਰ ਬੋਲਿਆ..

ਰਜਿੰਦਰ - ਕੀ ਗੱਲ ਕੋਈ ਜਰੂਰੀ ਕੰਮ ਸੀ?

ਸਤੀਸ਼ - ਹੈ ਤਾਂ ਜਰੂਰੀ ਹੀ। ਬਸ ਇੱਕ ਅਰਜ ਕਰਨੀ ਸੀ। ਜੇ ਮੰਜ਼ੂਰ ਹੋਵੇ ਬੜੀ ਕਿਰਪਾ ਹੋਵੇਗੀ।

ਰਜਿੰਦਰ - ਕਿਹੋ ਜਿਹੀਆਂ ਗੱਲਾਂ ਕਰ ਰਿਹਾ ਏ ਯਾਰ। ਹੁਕਮ ਕਰ ਤੂੰ, ਤੇਰਾ ਹਰ ਹੁਕਮ ਸਿਰ ਮੱਥੇ।

ਸਤੀਸ਼ - ਹੁਕਮ ਤਾਂ ਨਹੀਂ ਯਾਰਾ ਹੁਣ ਤਾਂ ਅਰਜ ਹੀ ਆ।

ਰਜਿੰਦਰ - ਗੱਲ ਤਾਂ ਦੱਸ ਕੀ ਆ?

ਸਤੀਸ਼ - ਸਮਝ ਨਹੀਂ ਆ ਰਹੀ ਕਿੱਦਾਂ ਸ਼ੁਰੂ ਕਰਾਂ।

ਰਜਿੰਦਰ - ਇਹੋ ਜਿਹੀ ਕਿਹੜੀ ਗੱਲ ਹੋ ਗਈ ਕਿ ਏਨਾ ਸੋਚ-ਵਿਚਾਰ ਕਰਨ ਦੀ ਲੋੜ ਪੈ ਗਈ? ਸੁੱਖ ਤਾਂ ਹੈ।

ਸਤੀਸ਼ - ਅਕਸ਼ੇ ਦੇ ਜਾਣ ਪਿੱਛੋਂ ਸੁੱਖ ਕਿੱਥੇ ਰਿਹਾ ਯਾਰ?

ਰਜਿੰਦਰ - ਦਿਲ ਹੌਲਾ ਨਾ ਕਰਿਆ ਕਰ। ਮਨਬੀਰ ਵੀ ਤੇਰਾ ਹੀ ਪੁੱਤ ਆ। ਭਾਂਵੇ ਏਥੇ ਰੱਖ ਲਾ ਉਸਨੂੰ ਪੱਕਾ।

ਸਤੀਸ਼ - ਆਪਣਾ ਸਮਝਦਾ ਹਾਂ ਤਦੇ ਤਾਂ ਤੈਨੂੰ ਅਰਜ ਕਰ ਰਹਾਂ ਹਾਂ।

ਰਜਿੰਦਰ - ਗੱਲ ਕੀ ਆ?

ਸਤੀਸ਼ - ਮੈਂ ਤੇਰੀ ਭਰਜਾਈ ਕਾਫ਼ੀ ਦਿਨਾਂ ਤੋਂ ਸੋਚ ਵਿਚਾਰ ਕਰ ਰਹੇ ਹਾਂ ਕਿ ਅਕਸ਼ੇ ਦੀ ਦੇ ਵਿਆਹ ਨੂੰ ਅਜੇ ਬਹੁਤਾ ਵਕਤ ਨਹੀਂ ਸੀ ਹੋਇਆ ਕਿ ਉਹ ਚੱਲ ਵੱਸਿਆ। ਚੱਲ ਉਹ ਤਾਂ ਜੋ ਰੱਬ ਨੂੰ ਮੰਜ਼ੂਰ ਸੀ ਓਹੀ ਹੋਣਾ ਹੈ। ਪਰ ਯਾਰ ਸੰਜਨਾ ਦੀ ਜਿੰਦਗੀ ਇੱਕ ਦਮ ਰੁੱਕ ਗਈ ਹੈ। ਸਾਨੂੰ ਮਸਝ ਨਹੀਂ ਆ ਰਹੀ ਕਿ ਅਸੀਂ ਉਸਦੀ ਦੇਖ-ਭਾਲ ਕਰਾਂਗੇ ਜਾਂ ਉਹ ਸਾਡੀ ਕਰੇਗੀ। ਅਸੀਂ

ਆਪਣੀ ਤਾਂ ਕਰ ਸਕਦੇ ਹਾਂ ਪਰ ਉਹ ਸਾਰੀ ਉਮਰ ਕਿੱਦਾ ਕੱਲਿਆਂ ਕੱਢੂ?

ਰਜਿੰਦਰ - ਸਮਝਦਾ ਹਾਂ ਮੈਂ ਤੇਰਾ ਦੁੱਖ। ਇਹ ਵੀ ਸਮਝ ਗਿਆ ਕਿ ਤੂੰ ਚਾਹੁੰਦਾ ਹੈ ਕਿ ਮੈਂ ਮਨਬੀਰ ਨਾਲ ਸੰਜਨਾ ਦੇ ਵਿਆਹ ਬਾਰੇ ਸੋਚਾਂ।

ਸਤੀਸ਼ - ਹਾਂ ਯਾਰਾਂ.. ਮੈਨੂੰ ਪਤਾ ਸੀ ਕਿ ਤੈਨੂੰ ਕੁਝ ਦੱਸਣ ਦੀ ਲੋੜ ਨਹੀਂ, ਬਿਨਾਂ ਕੁਝ ਕਹੇ ਹੀ ਤੂੰ ਮੇਰੇ ਦਿੱਲ ਦੀ ਗੱਲ ਬੁੱਝ ਲੈਂਦਾ ਏ। ਕੋਈ ਜੋਰ ਜ਼ਬਰਦਸਤੀ ਨਹੀਂ ਆ। ਤੂੰ ਮਨਬੀਰ ਨਾਲ ਗੱਲ ਕਰ ਤੇ ਰਣਜੀਤ ਭਾਬੀ ਨਾਲ ਵੀ। ਅਗਰ ਉਹ ਮੰਨਣ ਤਾਂ ਹੀ ਗੱਲ ਅੱਗੇ ਤੋਰਾਂਗੇ।

ਰਜਿੰਦਰ - ਕੋਈ ਨਾ ਮੇਰੇ ਭਰਾ, ਤੂੰ ਫਿਕਰ ਨਾ ਕਰ ਮੈਂ ਜਰੂਰ ਉਨ੍ਹਾਂ ਨਾਲ ਗੱਲ ਕਰਾਂਗਾਂ। ਵੈਸੈ ਜਿੱਥੋਂ ਤੱਕ ਮੈਨੂੰ ਲੱਗਦਾ ਉਹ ਮਨ੍ਹਾਂ ਨਹੀਂ ਕਰਨਗੇ। ਬਾਕੀ ਮਨਬੀਰ ਨੂੰ ਜਾਣਦਾ ਹੀ ਏ। ਜੇ ਤੂੰ ਵੀ ਉਸ ਨੂੰ ਕਹਿੰਦਾ ਤਾਂ ਉਹ ਕਦੇ ਮਨ੍ਹਾ ਨਹੀਂ ਕਰਦਾ।

ਸਤੀਸ਼ - ਹੈ ਤਾਂ ਠੀਕ ਪਰ ਮੈਂ ਮਨਬੀਰ ਦੀ ਖੁਸ਼ੀ ਨੂੰ ਖੋਹ ਦੁੱਖ ਉਸਦੇ ਪੱਲੇ ਨਹੀਂ ਬੰਨਣਾ ਚਾਹੁੰਦਾ। ਇਸ ਲਈ ਤੂੰ ਸੋਚ ਵਿਚਾਰ ਲੈ ਜੇ ਸਹੀ ਲੱਗਦਾ ਤਾਂ ਠੀਕ ਆ ਨਹੀਂ ਤਾਂ ਕੋਈ ਨੀ।

ਰਜਿੰਦਰ - ਮਨਬੀਰ ਨਾਲ ਤਾਂ ਗੱਲ ਹੋ ਜਾਵੂ। ਉਹ ਮੰਨ ਵੀ ਜਾਵੇਗਾ, ਪਰ ਕੀ ਸੰਜਨਾ ਨਾਲ ਤੂੰ ਗੱਲ ਕੀਤੀ। ਉਹ ਮੰਨੇਗੀ। ਜੇ ਉਹ ਮੰਨ ਗਈ ਤਾਂ ਉਸਦੇ ਮਾਪੇ ਤਾਂ ਵਿਰੋਧ ਤਾਂ ਨਹੀਂ ਕਰਨਗੇ? ਤੈਨੂੰ ਵੀ ਪਤਾ ਵਾ ਆਪਾ ਦੋਨੋਂ ਤਾਂ ਭਰਾ ਹਾਂ। ਭਾਂਵੇ ਆਪਣੇ ਧਰਮ ਵੱਖੋ-ਵੱਖਰੇ ਨੇ ਪਰ ਆਪਾ ਕਦੇ ਵਿੱਥ ਨਹੀਂ ਕੀਤੀ। ਜੋ ਭਾਵ ਆਪਾ ਇੱਕ ਦੂਜੇ ਲਈ ਰੱਖਦੇ ਹਾਂ, ਕੀ ਉਹ ਸੰਜਨਾ ਦੇ ਮਾਪੇ ਸਮਝਣਗੇ? ਉਨ੍ਹਾਂ ਦੀ ਨਿਗ੍ਹਾ ਵਿੱਚ ਸਾਡਾ ਧਰਮ ਵੱਖਰਾ ਹੈ। ਤੇ ਪਤਾ ਨਹੀਂ ਉਹ ਆਪਣੀ ਧੀ ਨੂੰ ਸਿੱਖ ਧਰਮ ਵਿੱਚ ਵਿਆਉਣ ਜਾਂ ਨਹੀਂ।

ਸਤੀਸ਼ - ਹਾਂ ਉਨ੍ਹਾਂ ਨਾਲ ਵੀ ਕਰਨੀ ਪੈਣੀ ਗੱਲ। ਫਿਰ ਉਹ ਆਪ ਹੀ ਸੰਜਨਾ ਨਾਲ ਗੱਲ ਕਰਨਗੇ। ਸਾਡੇ ਵਿੱਚ ਹੌਸਲਾ ਨਹੀਂ ਕਿ ਅਸੀਂ ਸੰਜਨਾ ਨਾਲ ਗੱਲ ਕਰ ਸਕੀਏ। ਤੂੰ ਮਨਬੀਰ ਤੇ ਰਣਜੀਤ ਭਾਬੀ ਨਾਲ ਗੱਲ ਤੋਰ। ਜੇ ਉਹ ਮੰਨ ਗਏ ਤਾਂ ਏਧਰ ਵੀ ਮਨਾਉਣ ਦੀ ਕੋਸ਼ਿਸ ਕਰਾਂਗੇ। ਬਾਕੀ ਯਾਰ ਸੰਜਨਾ ਹੁਣ ਮੇਰੀ ਨੂੰਹ ਜਰੂਰ ਆ। ਪਰ ਤੋਰਾਂਗਾਂ ਉਸਨੂੰ ਮੈਂ ਧੀ ਬਣਾ ਕੇ ਹੀ।

ਰਜਿੰਦਰ - ਹਾਂ। ਵੈਸੇ ਹੁਣ ਹੱਕ ਸਭ ਤੋਂ ਵੱਧ ਤੇਰਾ ਹੀ ਆ ਸੰਜਨਾ ਤੇ। ਭਾਂਵੇ ਏਥੇ ਰੱਖ ਸਾਰੀ ਉਮਰ ਲਈ ਭਾਂਵੇ ਕਿਤੇ ਹੋਰ ਵਸਾ ਲੈ।

ਸਤੀਸ਼ - ਵਸਾਉਣੀ ਪੈਣੀ ਯਾਰ। ਵਿਚਾਰੀ ਨਿਆਣੀ ਜਿਹੀ ਤਾਂ ਹੈਗੀ ਆ ਅਜੇ ਉਹ। ਜਿੰਦਗੀ ਬਹੁਤ ਲੰਮੀ ਆ ਅਜੇ। ਇੱਕ ਉਹ ਗਰਭਵਤੀ ਵੀ ਆ। ਤੇ ਬੱਚੇ ਦੇ ਸਿਰ ਤੇ ਪਿਉ ਦਾ ਸਾਇਆ ਨਾ ਹੋਵੇ ਤਾਂ ਬੱਚਾ ਸਾਂਭਣਾ ਔਖਾ ਹੋ ਜਾਂਦਾ।

ਰਜਿੰਦਰ - ਕੋਈ ਨਾ ਯਾਰ ਜਿੱਥੋਂ ਤੱਕ ਮੈਂ ਮਨਬੀਰ ਨੂੰ ਜਾਣਦਾ ਹਾਂ ਉਹ ਕਿਸੇ ਦੇ ਦੁੱਖ ਚ' ਸ਼ਰੀਕ ਹੋਣ ਤੋਂ ਨਹੀਂ ਘਬਰਾਉਂਦਾ। ਭਾਂਵੇ ਖੁੱਦ ਦਾ ਨੁਕਸਾਨ ਹੀ ਕਿਉਂ ਨਾ ਹੋਵੇ। ਰੰਗ ਭਾਂਵੇ ਉਸਦਾ ਤਵੇ ਵਰਗਾ ਕਾਲਾ ਹੀ ਆ। ਪਰ ਕਿਸੇ ਦੀ ਭੁੱਖ ਮਿਟਾਉਣ ਲਈ ਖੁੱਦ ਨੂੰ ਸਾੜਣ ਤੋਂ ਨਹੀਂ ਡਰਦਾ। ਉਸਦਾ ਦਿਲ ਹਮੇਸ਼ਾ ਮਹਿਕਦਾ ਹੈ। ਕਾਲੇ ਗੁਲਾਬ ਦੀ ਤਰਾਂ।

ਸਤੀਸ਼ - ਸੱਚੀ ਯਾਰ ਉਹ ਕਾਲਾ ਗੁਲਾਬ ਹੀ ਆ। ਜਦੋਂ ਮਰਜੀ ਚਲੇ ਜਾਵੋ ਉਸ ਕੋਲ ਹਰ ਦਮ ਮਹਿਕਦਾ ਰਹਿੰਦਾ। ਭਾਂਵੇ ਖੁਸ਼ੀ ਹੋਵੇ ਜਾਂ ਗਮੀ।

ਰਜਿੰਦਰ - ਚੱਲ ਚੱਲਦਾ ਹਾਂ ਮੈਂ। ਅੱਜ ਹੀ ਰਾਤ ਨੂੰ ਗੱਲ ਕਰਦਾ ਦੋਨਾਂ ਮਾਂ ਪੁੱਤਾਂ ਨਾਲ।

ਸਤੀਸ਼ - ਮਿਹਰਬਾਨੀ ਵੀਰ। ਤੇਰਾ ਇਹ ਅਹਿਸਾਨ ਰਹਿੰਦੀ ਉਮਰ ਤੱਕ ਨਹੀਂ ਲਹਿ ਹੋਣਾ।

ਰਜਿੰਦਰ - ਕੋਈ ਨਾ ਯਾਰਾ। ਯਾਰ ਦੁੱਖ-ਸੁੱਖ ਲਈ ਹੀ ਤਾਂ ਹੁੰਦੇ ਨੇ। ਚੱਲਦਾ ਹਾਂ ਮੈਂ ਕੱਲ ਮਿਲਦਾ ਤੈਨੂੰ।

ਸਤੀਸ਼ - ਠੀਕ ਆ ਵੀਰੇ।

ਰਜਿੰਦਰ - ਚੰਗਾ। ਚੰਗਾ ਭਾਬੀ ਜੀ।

ਏਨਾ ਆਖ ਰਜਿੰਦਰ ਆਪਣੇ ਘਰ ਨੂੰ ਚੱਲ ਪਿਆ। ਤੇ ਸਤੀਸ਼ ਤੇ ਪੂਜਾ ਉੱਥੇ ਬੈਠ ਗਏ। ਰਜਿੰਦਰ ਘਰ ਪੁੱਜਾ ਤੇ ਮਨਬੀਰ ਦੀ ਬੈਂਕ ਚੋਂ ਵਾਪਸ ਆਉਣ ਦੀ ਉਡੀਕ ਕਰਨ ਲੱਗਾ। ਸ਼ਾਮ ਦੇ ਛੇ ਕੁ ਵਜੇ ਦੇ ਕਰੀਬ ਮਨਬੀਰ ਘਰ ਆਇਆ। ਉਸਨੇ ਮੂੰਹ ਹੱਥ ਧੋਤਾ ਕੱਪੜੇ ਬਦਲੇ ਤੇ ਆਪਣੇ ਪਿਤਾ ਕੋਲ ਆ ਕੇ ਬੈਠ ਗਿਆ। ਏਨੇ ਨੂੰ ਉਸਦੀ ਮਾਂ ਚਾਹ ਲੈ ਕੇ ਆ ਗਈ। ਮਨਬੀਰ ਅਖਬਾਰ ਪੜਨ ਲੱਗਾ। ਸਾਰਾ ਪਰਿਵਾਰ ਇਕੱਠੇ ਬੈਠ ਗਏ। ਰਜਿੰਦਰ ਬੋਲਿਆ..

ਰਜਿੰਦਰ - ਮਨਬੀਰ ਪੁੱਤ ਇੱਕ ਗੱਲ ਕਰਨੀ ਸੀ ਤੇਰੇ ਤੇ ਤੇਰੀ ਮਾਂ ਨਾਲ।

ਮਨਬੀਰ - ਹਾਂਜੀ ਡੈਡੀ।

ਰਜਿੰਦਰ - ਪੁੱਤ ਤੈਨੂੰ ਪਤਾ ਅਕਸ਼ੇ ਦੀ ਮੌਤ ਪਿੱਛੋਂ ਉਸਦੇ ਘਰ ਦੀ ਰੌਣਕ ਲਗਭਗ ਖਤਮ ਹੀ ਹੋ ਗਈ ਏ। ਕਿਉਂ ਨਾ ਆਪਾ ਉਹਨਾਂ ਦੀ ਖੁਸ਼ੀ ਨੂੰ ਵਾਪਸ ਲਿਆਉਣ ਵਿੱਚ ਕੁਝ ਮਦਦ ਕਰੀਏ।

ਮਨਬੀਰ - ਕੋਈ ਨਾ ਡੈਡੀ ਜੀ। ਆਪਣੇ ਕੋਲੋਂ ਜੋ ਹੋਵੇਗਾ ਆਪਾਂ ਕਰਾਂਗੇ।

ਰਜਿੰਦਰ - ਪੁੱਤ ਤੂੰ ਸਮਝਦਾ ਹੀ ਆ ਕਿ ਅਕਸ਼ੇ ਦੇ ਪਿੱਛੋਂ ਸੰਜਨਾ ਵਿਚਾਰੀ ਇੱਕ ਦਮ ਇਕੱਲੀ ਹੋ ਗਈ ਏ। ਇੱਕ ਹੁਣ ਉਹ ਗਰਭਵਤੀ ਵੀ ਆ। ਤੇ ਸਾਰੀ ਉਮਰ ਵਿਚਾਰੀ ਇਕੱਲੀ ਕਿੱਦਾ ਕੱਢੂਗੀ। ਜੇ ਤੂੰ ਵਿਚਾਰ ਕਰੇ ਤਾਂ ਤੂੰ ਉਸਦਾ ਤੇ ਉਸਦੇ ਬੱਚੇ ਦਾ ਸਹਾਰਾ ਬਣ ਸਕਦਾ ਏ। ਬਾਕੀ ਤੇਰੇ ਤੇ ਨਿਰਭਰ ਕਰਦਾ ਕਿ ਤੂੰ ਕਿਵੇਂ ਸੋਚਦਾ ਏ। ਉਂਝ ਉਸਦਾ ਵਿਆਹ ਹੋਰ ਹੋ ਤਾਂ ਸਕਦਾ ਏ ਪਰ ਉਸਦੇ ਬੱਚੇ ਨੂੰ ਕੋਈ ਅਪਣਾਏ ਜਾਂ ਨਹੀਂ ਇਹ ਕਠਿਨਾਈ ਹੈ। ਅਗਰ ਵਿਚਾਰੀ ਇੱਕ ਦੁੱਖ ਚੋ' ਨਿਕਲ ਹੋਰ ਦੁੱਖਾਂ ਵਿੱਚ ਜਾ ਫਸੀ ਤਾਂ ਆਪਾ ਨੂੰ ਹੀ ਦੁੱਖ ਹੋਵੇਗਾ। ਬਾਕੀ ਕੁੜੀ ਮਾੜੀ ਨਹੀਂ ਆ। ਸੋਹਣੀ ਆ। ਪੜੀ ਲਿਖੀ ਆ। ਸੰਸਕਾਰੀ ਆ। ਮੈਂ ਨਹੀਂ ਚਾਹੁੰਦਾ ਕਿ ਉਹ ਹੋਰ ਦੁੱਖ ਭੋਗੇ।

ਰਣਜੀਤ - ਗੱਲ ਤਾਂ ਤੁਹਾਡੀ ਠੀਕ ਆ। ਵਿਚਾਰੀ ਦੀ ਉਮਰ ਵੀ ਅਜੇ ਕਿੰਨੀ ਕੁ ਆ ਕਿਤੇ। ਤੇ ਸਾਰੀ ਉਮਰ ਏਸੇ ਤਰ੍ਹਾਂ ਜੀਣ ਬਾਰੇ ਸੋਚਣ ਤੋਂ ਵੀ ਡਰ ਲੱਗਦਾ। ਬਾਕੀ ਮਨਬੀਰ ਤੂੰ ਸਮਝਦਾਰ ਏ। ਤੇਰੇ ਤੇ ਕੋਈ ਦਬਾ ਨਹੀਂ ਆ।

ਇਹ ਆਖ ਸਭ ਸ਼ਾਂਤ ਬੈਠ ਗਏ। ਕਰੀਬ ਪੰਜ-ਸੱਤ ਮਿੰਟ ਸੋਚਣ ਪਿਛੋਂ ਮਨਬੀਰ ਬੋਲਿਆ..

ਮਨਬੀਰ - ਅਕਸ਼ੇ ਦੇ ਮੰਮੀ ਡੈਡੀ ਮੰਨਣਗੇ? ਤੇ ਸੰਜਨਾ?

ਰਜਿੰਦਰ - ਲੈ ਪੁੱਤ ਉਨ੍ਹਾਂ ਨੇ ਹੀ ਤਾਂ ਮੈਨੂੰ ਤੇਰੇ ਨਾਲ ਗੱਲ ਕਰਨ ਨੂੰ ਕਿਹਾ। ਬਾਕੀ ਰਹੀ ਗੱਲ ਸੰਜਨਾ ਦੀ ਉਹ ਵੀ ਮੰਨ ਜਾਵੇਗੀ।

ਮਨਬੀਰ - ਠੀਕ ਆ ਡੈਡੀ ਜੀ ਜੇ ਤੁਹਾਨੂੰ ਮੰਜ਼ੂਰ ਆ ਤਾਂ ਮੈਨੂੰ ਕੋਈ ਮੁਸ਼ਕਿਲ ਨਹੀਂ। ਜਿਵੇਂ ਤੁਸੀਂ ਕਹੋਗੇਂ ਮੈਂ ਓਦਾਂ ਕਰ ਲੂ।

ਰਜਿੰਦਰ ਖੁਸ਼ ਹੋ ਕੇ ਬੋਲਿਆ..

ਰਜਿੰਦਰ - ਬੱਲੇ ਓਏ ਪੁੱਤਰਾ ਦਿਲ ਖੁਸ਼ ਕੀਤਾ ਈ। ਉੱਠ ਕੇ ਜੱਫੀ ਪਾ ਜਰਾ।

ਮਨਬੀਰ ਉੱਠਿਆ ਤੇ ਰਜਿੰਦਰ ਵੀ। ਦੋਨਾਂ ਨੇ ਬੜੇ ਖੁਸ਼ ਹੋ ਕੇ ਇੱਕ ਦੂਜੇ ਨੂੰ ਗਲ ਲਗਾਇਆ। ਫਿਰ ਰਜਿੰਦਰ ਬੋਲਿਆ।

ਰਜਿੰਦਰ - ਰੁਕ ਮੈਂ ਅਕਸ਼ੇ ਦੇ ਡੈਡੀ ਨੂੰ ਫੋਨ ਕਰ ਕੇ ਖੁਸ਼ਖਬਰੀ ਦੱਸ ਦਿਆ।

ਰਜਿੰਦਰ ਨੇ ਫੋਨ ਚੁੱਕਿਆ ਤੇ ਸਤੀਸ਼ ਦਾ ਨੰਬਰ ਲਾ ਦਿੱਤਾ। ਦੋ ਕੁ ਬੈੱਲਾਂ ਵੱਜਣ ਪਿੱਛੋਂ ਸਤੀਸ਼ ਨੇ ਫੋਨ ਚੁੱਕਿਆ। ਤੇ ਬੋਲਿਆ..

ਸਤੀਸ਼ - ਹੈਲੋ।

ਰਜਿੰਦਰ - ਮੁਬਾਰਕਾਂ ਹੋਣ ਭਾਈ। ਮੁੰਡਾ ਰਾਜੀ ਆ ਵਿਆਹ ਲਈ ਹੁਣ ਧੀ ਨੂੰ ਮਨਾਉਣ ਦੀ ਤਿਆਰੀ ਕਰ।

ਸਤੀਸ਼ - ਸੱਚੀ ਓਏ। ਆਹ ਤਾਂ ਤੂੰ ਮੇਰੇ ਦੁੱਖ ਹੌਲੇ ਕਰ ਦਿੱਤੇ ਸੱਜਣਾ। ਜਿੱਦਾਂ ਇਸ ਤੋਂ ਪਹਿਲਾਂ ਕਦੇ ਖੁਸ਼ੀ ਨਾ ਦੇਖੀ ਹੋਵੇ। ਮਿਹਰਬਾਨੀ ਯਾਰਾ।

ਰਜਿੰਦਰ - ਮਿਹਰਬਾਨੀਆਂ ਨਾ ਕਰ ਕੁੜੀ ਦੇ ਮਾਪਿਆਂ ਨੂੰ ਮਨਾਉਣ ਦੀ ਸਲਾਹ ਕਰ ਹੁਣ। ਕਿ ਕਿਦਾਂ ਮਨਾਉਣਾ ਉਨ੍ਹਾਂ ਨੂੰ।

ਸਤੀਸ਼ - ਚੱਲ ਕੱਲ ਹੀ ਗੱਲ ਕਰਨ ਚੱਲਦੇ ਹਾਂ ਉਨ੍ਹਾਂ ਨਾਲ ਵੀ। ਆਪਾ ਦੋਨੋਂ ਜਾਂਦੇ ਆ।

ਰਜਿੰਦਰ - ਠੀਕ ਆ ਕੋਈ ਨੀ ਚਲੇ ਜਾਵਾਂਗੇ। ਤੂੰ ਤਿਆਰੀ ਰੱਖ ਕੋਈ ਨਾ।

ਸਤੀਸ਼ - ਕੱਲ ਦਸ ਕੁ ਵਜੇ ਚੱਲਦੇ ਆ।

ਰਜਿੰਦਰ - ਠੀਕ ਆ ਵੀਰੇ।

ਸਤੀਸ਼ - ਮਿਹਰਬਾਨੀ ਭਰਾ। ਬਹੁਤ-ਬਹੁਤ ਮਿਹਰਬਾਨੀ।

ਰਜਿੰਦਰ - ਚੱਲ ਹੁਣ ਫੋਨ ਰੱਖ ਕੱਲ ਮਿਲਦੇ ਆ।

ਸਤੀਸ਼ - ਚੰਗਾ ਵੀਰੇ।

ਰਜਿੰਦਰ - ਚੰਗਾ ਭਰਾ।

ਏਨਾ ਆਖ ਦੋਨਾਂ ਨੇ ਫੋਨ ਕੱਟ ਦਿੱਤਾ। ਸਤੀਸ਼ ਨੇ ਬੜੀ ਕਾਹਲੀ ਚ' ਪੂਜਾ ਨੂੰ ਅਵਾਜ਼ ਮਾਰੀ।

ਸਤੀਸ਼ - ਪੂਜਾ.. ਪੂਜਾ.. ਪੂਜਾ.. ਕਿੱਥੇ ਮਰੀ ਏ।

ਪੂਜਾ - ਕੀ ਹੋਇਆ? ਕੀ ਰੌਲਾ ਪਾਇਆ ਜੇ?

ਸਤੀਸ਼ - ਮਨਬੀਰ ਦੇ ਡੈਡੀ ਦਾ ਫੋਨ ਸੀ। ਮਨਬੀਰ ਵਿਆਹ ਲਈ ਮੰਨ ਗਿਆ ਏ।

ਪੂਜਾ - ਸੱਚੀ।

ਸਤੀਸ਼ - ਹਾਂ। ਹੁਣ ਕੱਲ ਨੂੰ ਮੈਂ ਤੇ ਰਜਿੰਦਰ ਨੇ ਸੰਜਨਾ ਦੇ ਪੇਕੇ ਜਾਣਾ ਗੱਲ ਕਰਨ। ਸੱਚੇ ਪਾਤਸ਼ਾਹ ਨੇ ਚਾਹਿਆ ਤਾਂ ਉਹ ਵੀ ਮੰਨ ਜਾਣਗੇ।

ਪੂਜਾ - ਚਲੋ ਪਾਤਸ਼ਾਹ ਸਭ ਸਹੀ-ਸਹੀ ਕਰੇ।

ਏਸੇ ਤਰਾਂ ਗੱਲਾਂ ਬਾਤਾਂ ਚੱਲਦੀਆਂ ਰਹੀਆਂ ਤੇ ਰਾਤ ਗੁਜਰ ਗਈ। ਅਗਲੀ ਸਵੇਰ ਗਿਆਰਾਂ ਵਜੇ ਦੇ ਕਰੀਬ ਰਜਿੰਦਰ ਤੇ ਸਤੀਸ਼ ਸੰਜਨਾ ਦੇ ਪੇਕੇ ਪਹੁੰਚ ਗਏ। ਚਾਹ ਪਾਣੀ ਪੀਤਾ ਤੇ ਫਿਰ ਉਹਨਾਂ ਸੰਜਨਾ ਦੇ ਮੁੜ ਵਿਆਹ ਦੀ ਗੱਲ ਸਾਮਹਣੇ ਰੱਖੀ। ਪਹਿਲਾਂ ਤਾਂ ਉਸਦੇ ਮਾਪਿਆਂ ਨੇ ਸਾਫ ਮਨ੍ਹਾਂ ਕਰ ਦਿੱਤਾ। ਫਿਰ ਰਜਿੰਦਰ ਤੇ ਸਤੀਸ਼ ਦੇ ਸਮਝਾਉਣ ਤੇ ਉਹ ਮੰਨ ਗਏ ਤੇ ਸੰਜਨਾ ਨਾਲ ਗੱਲ ਕਰਨ ਲਈ ਰਾਜੀ ਹੋ ਗਏ। ਗੱਲ ਬਾਤ ਕਰਨ ਪਿੱਛੋਂ ਸੰਜਨਾ ਦੇ ਮਾਪੇ ਵੀ ਨਾਲ ਹੀ ਅਕਸ਼ੇ ਘਰ ਆ ਗਏ। ਤੇ ਕੁਝ ਦੇਰ ਰੁਕਣ ਪਿੱਛੋਂ ਸੰਜਨਾ ਨੂੰ ਕੁਝ ਦਿਨ ਲਈ ਨਾਲ ਹੀ ਲੈ ਗਏ। ਸੰਜਨਾ ਦੋ ਕੁ ਦਿਨ ਉੱਥੇ ਰਹੀ ਤਾਂ ਉਸਦੀ ਮਾਂ ਨੇ ਸੰਜਨਾ ਨਾਲ ਦੁਬਾਰਾ ਵਿਆਹ ਬਾਰੇ ਗੱਲ ਕੀਤੀ। ਪਰ ਸੰਜਨਾ ਨੇ ਸਾਫ ਮਨ੍ਹਾ ਕਰ ਦਿੱਤਾ। ਤੇ ਚੇਤਾਵਨੀ ਦਿੱਤੀ ਕਿ ਅਗਰ ਮੁੜ ਕਿਸੇ ਨੇ

ਦੁਬਾਰਾ ਵਿਆਹ ਬਾਰੇ ਸਲਾਹ ਦਿੱਤੀ ਜਾਂ ਦਬਾ ਪਾਇਆ ਤਾਂ ਉਹ ਕਦੇ ਏਥੇ ਨਹੀਂ ਆਵੇਗੀ। ਉਸ ਪਿੱਛੋਂ ਕਿਸੇ ਦੀ ਹਿੰਮਤ ਨਾ ਹੋਈ ਸੰਜਨਾ ਨਾਲ ਗੱਲ ਕਰਨ ਦੀ। ਸੰਜਨਾ ਦੀ ਮਾਂ ਨੇ ਇਸ ਬਾਰੇ ਉਸਦੀ ਸੱਸ ਨੂੰ ਦੱਸਿਆ। ਇਸ ਬਾਰੇ ਸਭ ਨੂੰ ਬਹੁਤ ਬੁਰਾ ਲੱਗਾ। ਮਨਬੀਰ ਦੇ ਪਰਿਵਾਰ ਨੂੰ ਪਤਾ ਲੱਗਣ ਤੇ ਉਨ੍ਹਾਂ ਦਾ ਦਿੱਲ ਵੀ ਟੁੱਟ ਗਿਆ। ਪਰ ਮਨਬੀਰ ਨੇ ਬਿਲਕੁਲ ਵੀ ਬੁਰਾ ਨਾ ਮੰਨਿਆ। ਉਹ ਸੰਜਨਾ ਦੇ ਪੱਖ ਨੂੰ ਭਲੀ ਭਾਂਤੀ ਸਮਝਦਾ ਸੀ। ਉਸਨੇ ਸਭ ਨੂੰ ਕਿਹਾ ਕਿ ਤੁਸੀਂ ਫਿਕਰ ਨਾ ਕਰੋ। ਉਹ ਆਪ ਸੰਜਨਾ ਨਾਲ ਗੱਲ ਕਰੇਗਾ।

ਇਸ ਨਾਲ ਸਭ ਦੀ ਆਸ ਇੱਕ ਵਾਰ ਫਿਰ ਤੋਂ ਬਣ ਗਈ। ਕੁਝ ਦਿਨਾਂ ਪਿੱਛੋਂ ਮਨਬੀਰ ਸਵੇਰੇ ਤਿਆਰ ਹੋਇਆ ਤੇ ਬੁਲਟ ਕੱਢਿਆ ਤੇ ਜਾਂ ਅਕਸ਼ੇ ਦੇ ਸਹੁਰੇ ਪਹੁੰਚਿਆ। ਉਸ ਦੇ ਸਹੁਰੇ ਵੇਖ ਕੇ ਹੈਰਾਨ ਹੋਏ। ਪਰ ਉਹਨਾਂ ਮਨਬੀਰ ਦਾ ਪੂਰਾ ਸਤਿਕਾਰ ਕੀਤਾ। ਤੇ ਸੰਜਨਾ ਨੂੰ ਉਸਦੇ ਨਾਲ ਚੱਲਣ ਲਈ ਕਿਹਾ। ਸੰਜਨਾ ਨੇ ਮਨ੍ਹਾ ਕਰ ਦਿੱਤਾ। ਪਰ ਅਕਸ਼ੇ ਦਾ ਵਾਸਤਾ ਦੇਣ ਪਿੱਛੋਂ ਉਹ ਰਾਜੀ ਹੋ ਗਈ। ਉਸਨੇ ਸੰਜਨਾ ਨੂੰ ਆਪਣੇ ਪਿੱਛੇ ਬਿਠਾਇਆ ਤੇ ਇੱਕ ਵਗਦੇ ਦਰਿਆ ਦੇ ਪੁਲ ਤੇ ਲੈ ਗਿਆ। ਪੁਲ ਕਾਫ਼ੀ ਪੁਰਾਣਾ ਸੀ ਜਿਸ ਕਾਰਨ ਉਸ ਰਾਹੀਂ ਕੋਈ ਨਹੀਂ ਸੀ ਲੰਘਦਾ। ਬੁਲਟ

ਰੋਕਿਆ ਤੇ ਸੰਜਨਾ ਪਿੱਛੋਂ ਉਤਰ ਗਈ। ਮਨਬੀਰ ਵੀ ਉਤਰਿਆ। ਸੰਜਨਾ ਅੱਗੇ ਨੂੰ ਵਧੀ ਤੇ ਪੁੱਲ ਦੇ ਉਪਰੋਂ ਵਗਦੇ ਪਾਣੀ ਨੂੰ ਦੇਖਣ ਲੱਗੀ। ਮਨਬੀਰ ਵੀ ਉਸਦੇ ਪਿੱਛੇ ਹੀ ਤੁਰ ਪਿਆ। ਕਾਫ਼ੀ ਚਿਰ ਸ਼ਾਂਤ ਬੈਠੇ ਰਹੇ। ਫਿਰ ਮਨਬੀਰ ਸੰਜਨਾ ਦੇ ਕੋਲ ਗਿਆ ਤੇ ਬੋਲਿਆ..

ਮਨਬੀਰ - ਇਸ ਪਾਣੀ ਨੂੰ ਦੇਖ ਸੰਜਨਾ। ਇਹ ਹਿਮਾਲਿਆ ਤੋਂ ਹੁੰਦਾ ਹੋਇਆ ਇੱਥੇ ਆ ਪੁੱਜਦਾ ਏ। ਤੇ ਇਸਦਾ ਅਸਲ ਮਕਸਦ ਸਮੁੰਦਰ ਵਿੱਚ ਮਿਲਣਾ ਹੁੰਦਾ ਏ। ਜੱਦ ਤੱਕ ਇਹ ਸਮੁੰਦਰ ਵਿੱਚ ਨਹੀਂ ਮਿਲਦਾ ਇਹ ਚੱਲਣਾ ਬੰਦ ਨਹੀਂ ਕਰਦਾ। ਦੇਖ ਇਸਦੀ ਮਰਿਆਦਾ ਜਾਂ ਹਾਲਾਤ ਕਾਰਨ ਵਗਣਾ ਜਾਰੀ ਰਹਿੰਦਾ ਹੈ ਭਾਂਵੇ ਇਸਦੇ ਰਾਹ ਵਿੱਚ ਡੈਮ ਬਣਾ ਦਿੱਤੇ ਜਾਣ ਜਾਂ ਹੋਰ ਰੁਕਾਵਟਾਂ ਆਉਣ। ਅਗਰ ਇਸਦਾ ਵਗਣਾ ਰੁਕ ਜਾਵੇ ਤਾਂ ਕਿੰਨੇ ਜੀਵ, ਰੁੱਖ, ਜਾਨਵਰ ਪ੍ਰਭਾਵਿਤ ਹੁੰਦੇ ਨੇ। ਇਸਦੇ ਵਹਾਅ ਤੇ ਕਈ ਕੁਝ ਨਿਰਭਰ ਹੈ। ਅਗਰ ਵਹਾਅ ਬੰਜਰ ਜ਼ਮੀਨ ਵੱਲ ਚੱਲ ਪਏ ਤਾਂ ਬੰਜਰ ਨੂੰ ਹੋਰ ਕਠੋਰ ਕਰ ਦੇਵੇਗਾ ਪਰ ਉਪਜ਼ਾਊ ਜ਼ਮੀਨ ਵੱਲ ਚੱਲੇ ਤਾਂ ਹਰਿਆਲੀ ਹੀ ਹੋਵੇਗੀ। ਏਸੇ ਤਰਾਂ ਹੀ ਜਿੰਦਗੀ ਦਾ ਵਹਾਅ ਹੈ। ਅਗਰ ਰੁਕ ਗਈ ਜਾਂ ਚਾਲ ਬਦਲ ਗਈ ਤਾਂ ਬਦਲਾਵ ਪੂਰੀ ਤਰਾਂ ਬਦਲ ਜਾਂਦਾ ਹੈ। ਇੱਕ ਜਿੰਦਗੀ ਸਿਰਫ

ਇੱਕ ਲਈ ਹੀ ਨਹੀਂ ਹੁੰਦੀ। ਉਸ ਨਾਲ ਹੋਰ ਵੀ ਜਿੰਦਗੀਆਂ ਜੁੜੀਆਂ ਹੁੰਦੀਆਂ ਨੇ। ਇਹ ਸਾਡੇ ਤੇ ਨਿਰਭਰ ਹੈ ਅਸੀਂ ਆਪਣੀ ਜਿੰਦਗੀ ਨੂੰ ਕਿਸ ਪਾਸੇ ਵੱਲ ਮੋੜਨਾ ਹੈ। ਬੰਜਰ ਜ਼ਮੀਨ ਵਾਲੇ ਪਾਸੇ ਜਾਂ ਉਪਜ਼ਾਊ ਜ਼ਮੀਨ ਵਾਲੇ ਪਾਸੇ।

ਸੰਜਨਾ ਨੇ ਮਨਬੀਰ ਦੀਆਂ ਗੱਲਾਂ ਸੁਣੀਆਂ ਤੇ ਬੋਲੀ।

ਸੰਜਨਾ - ਮੇਰੀ ਜਿੰਦਗੀ ਤਾਂ ਪਹਿਲਾਂ ਹੀ ਬੰਜਰ ਏ। ਇਹ ਕਿਸੇ ਵੱਲ ਮੁੜੀ ਜਾਂ ਇਸ ਵਿੱਚ ਕੋਈ ਆਇਆ ਤਾਂ ਉਹ ਵੀ ਮੇਰੀ ਤਰ੍ਹਾਂ ਹੋ ਜਾਵੇਗਾ।

ਮਨਬੀਰ - ਜਿੰਦਗੀ ਬੰਜਰ ਨਹੀਂ ਹੁੰਦੀ। ਰਾਹ ਬੰਜਰ ਹੁੰਦੇ ਨੇ। ਜਿੰਦਗੀ ਤਾਂ ਵਹਾਅ ਏ। ਜਿਸ ਪਾਸੇ ਮੋੜੋਗੇ ਉਹੋ ਜਿਹੀ ਹੋ ਜਾਵੇਗੀ।

ਸੰਜਨਾ - ਅਗਰ ਮੈਂ ਦੁਬਾਰਾਂ ਵਿਆਹ ਕਰਾ ਲਿਆ ਤਾਂ ਅਕਸ਼ੇ ਕੀ ਸੋਚੂ। ਕਿ ਮੇਰੇ ਮਰਨ ਪਿੱਛੋਂ ਇਹ ਖੁਸ਼ੀਆਂ ਮਨਾਉਂਦੀ ਫਿਰਦੀ ਏ। ਲੋਕ ਵੰਨ-ਸੁਵੰਨੀਆਂ ਗੱਲਾਂ ਕਰਨਗੇ। ਮੇਰੇ ਕੋਲੋਂ ਲੋਕਾਂ ਦੀਆਂ ਗੱਲਾਂ ਨਹੀਂ ਸੁਣੀਆਂ ਜਾਣੀਆਂ। ਅਕਸ਼ੇ ਦੀ ਸ਼ਹੀਦੀ ਦੇ ਸਨਮਾਨ ਨੂੰ ਮੈਂ ਆਪਣੇ ਕਾਰਨ ਬਦਨਾਮੀ ਵਿੱਚ ਨਹੀਂ ਬਦਲ ਸਕਦੀ।

ਮਨਬੀਰ - ਮੈਨੂੰ ਲੱਗਦਾ ਅਕਸ਼ੇ ਨੂੰ ਤੇਰੇ ਨਾਲੋਂ ਮੈਂ ਜਿਆਦਾ ਜਾਣਦਾ ਹਾਂ। ਤੇ ਉਹ ਹਮੇਸ਼ਾ ਜਿੰਦਗੀ ਦਾ ਆਸ਼ਕ ਰਿਹਾ ਏ ਨਾ ਕਿ ਖੁਦਖੁਸ਼ੀ ਤੇ ਕਾਇਰਤਾ ਦਾ। ਬਾਕੀ ਅਗਰ ਕਿਸੇ ਦੇ ਮਰਨ ਪਿੱਛੋਂ ਅਜੇ ਤੱਕ ਕਦੇ ਵੀ ਵਿਕਾਸ ਨਹੀਂ ਰੁਕਿਆ। ਹਰ ਵਕਤ ਗਮ ਨੂੰ ਜਿੰਦਗੀ ਵਿੱਚ ਧਾਰੀ ਰੱਖਾਂਗੇ ਤਾਂ ਖੁਸ਼ੀਆਂ ਨੇ ਕਦੇ ਵੀ ਦਸਤਕ ਨਹੀਂ ਦੇਣੀ। ਰਹੀ ਗੱਲ ਲੋਕਾਂ ਦੀ ਤਾਂ ਉਹ ਹੁਣ ਗੱਲਾਂ ਕਰਨਗੇ ਪਰ ਕੁਝ ਦੇਰ ਪਿੱਛੋਂ ਚੁੱਪ ਹੋ ਜਾਣਗੇ। ਹੁਣ ਤੂੰ ਸੋਚ ਲਾ, ਕਿ ਹੁਣ ਗੱਲਾਂ ਸੁਣਨੀਆਂ ਨੇ ਜਾਂ ਸਾਰੀ ਉਮਰ। ਕਿਉਂਕਿ ਜਿੰਨਾਂ ਨੇ ਗੱਲਾਂ ਕਰਨੀਆਂ ਨੇ ਉਹਨਾਂ ਕੋਈ ਨਾ ਕੋਈ ਬਹਾਨਾ ਲੱਭ ਹੀ ਲੈਣਾ ਏ। ਲੋਕਾਂ ਦੀ ਪਰਵਾਹ ਕਰਦੇ ਰਹੇ ਤਾਂ ਜਿੰਦਗੀ ਰੁਕੀ ਹੀ ਰਹੇਗੀ।

ਸੰਜਨਾ - ਮੈਂ ਗਰਭਵਤੀ ਹਾਂ।

ਮਨਬੀਰ - ਜਾਣਦਾ ਹਾਂ ਮੈਂ।

ਸੰਜਨਾ - ਦੂਜੇ ਵਿਆਹ ਪਿੱਛੋਂ ਹੋਰ ਬੱਚੇ ਹੋਏ ਤਾਂ ਇਸਦੀ ਕਦਰ ਘੱਟ ਜਾਵੇਗੀ।

ਮਨਬੀਰ - ਮੈਂ ਕਦੇ ਵੀ ਹੋਰ ਬੱਚੇ ਦੀ ਮੰਗ ਨਹੀਂ ਕਰਾਂਗਾਂ। ਅਕਸ਼ੇ ਦੇ ਬੱਚੇ ਨੂੰ ਹੀ ਪਿਉ ਬਣ ਪਿਆਰ ਦਿਆਂਗਾਂ।

ਸੰਜਨਾ - ਮੈਂ ਦੁਬਾਰਾਂ ਵਿਆਹ ਦੀਆਂ ਖੁਸ਼ੀਆਂ ਨਹੀਂ ਮਨਾਉਣਾ ਚਾਹੁੰਦੀ।

ਮਨਬੀਰ - ਆਪਾ ਕੋਰਟ ਮੈਰਿਜ ਕਰਾ ਲਵਾਂਗੇ।

ਸੰਜਨਾ - ਮੈਨੂੰ ਕਦੇ ਵੀ ਜਿਸਮਾਨੀ ਤਾਲੂਕਾਤ ਬਣਾਉਣ ਲਈ ਮਜਬੂਰ ਨਹੀਂ ਕਰੋਗੇ।

ਮਨਬੀਰ - ਜਦ ਤੱਕ ਤੇਰੀ ਹਾਮੀ ਨਹੀਂ ਹੋਵੇਗੀ ਮੈਂ ਕਦੇ ਛੂਹਾਂਗਾ ਵੀ ਨਹੀਂ।

ਫਿਰ ਕੁਝ ਦੇਰ ਲਈ ਦੋਨੋਂ ਚੁੱਪ ਹੋ ਗਏ। ਫਿਰ ਮਨਬੀਰ ਬੋਲਿਆ..

ਮਨਬੀਰ - ਕੁਝ ਹੋਰ ਵੀ ਦਿਲ ਵਿੱਚ ਸਵਾਲ ਹੋਵੇ ਤਾਂ ਬੇ ਝਿੱਜਕ ਦੱਸ ਦੇ। ਮੈਨੂੰ ਕੋਈ ਮੁਸ਼ਕਿਲ ਨਹੀਂ।

ਸੰਜਨਾ - ਨਹੀਂ ਕੋਈ ਸਵਾਲ ਨਹੀਂ। ਬੱਸ ਮੇਰੇ ਬੱਚੇ ਨੂੰ ਆਪਣਾ ਸਮਝਣਾ।

ਮਨਬੀਰ - ਮੈਂ ਕਦੇ ਜੁਬਾਨ ਤੋਂ ਨਹੀਂ ਫਿਰਦਾ। ਜੇ ਤੈਨੂੰ ਕੋਈ ਸ਼ੱਕ ਹੈ ਤੇ ਮੇਰੇ ਕੋਲੋਂ ਲਿਖਤੀ ਬਿਆਨ ਲੈ ਸਕਦੀ ਏ।

ਸੰਜਨਾ - ਨਹੀਂ ਉਸਦੀ ਕੋਈ ਲੋੜ ਨਹੀਂ ਮੈਨੂੰ ਯਕੀਨ ਹੈ।

ਮਨਬੀਰ - ਸ਼ੁਕਰੀਆ। ਏਨਾ ਯਕੀਨ ਰੱਖਣ ਲਈ। ਬਸ ਚੱਲੀਏ ਹੁਣ।

ਸੰਜਨਾ - ਹਾਂਜੀ।

ਏਨਾ ਆਖ ਦੋਨੋਂ ਮੋਟਰਸਾਇਕਲ ਵੱਲ ਨੂੰ ਤੁਰ ਪਏ। ਉਹ ਸੰਜਨਾ ਦੇ ਘਰ ਗਏ ਤੇ ਓਥੋਂ ਉਸਦਾ ਸਮਾਨ ਲੈ ਅਕਸ਼ੇ ਦੇ ਘਰ ਪਹੁੰਚ ਗਏ। ਮਨਬੀਰ ਨੇ ਸਭ ਨੂੰ ਸੰਜਨਾ ਦੇ ਵਿਆਹ ਲਈ ਰਾਜੀ ਹੋਣ ਬਾਰੇ ਦੱਸਿਆ । ਸਭ ਖੁਸ਼ ਹੋਏ। ਫਿਰ ਕਰੀਬ ਪੰਦਰਾਂ ਦਿਨ ਬਾਅਦ ਤਿੰਨਾਂ ਪਰਿਵਾਰਾਂ ਨੇ ਰਲ ਕੇ ਉਨ੍ਹਾਂ ਦੀ ਕੋਰਟ ਮੈਰਿਜ ਕਰਵਾ ਦਿੱਤੀ। ਸੱਤ ਕੁ ਮਹੀਨੇ ਪਿੱਛੋਂ ਉਹਨਾਂ ਦੇ ਘਰ ਇੱਕ ਬੇਟੀ ਨੇ ਜਨਮ ਲਿਆ ਜਿਸਦਾ ਨਾਮ ਸੁਮਨ ਰੱਖਿਆ ਗਿਆ। ਉਸ ਤੋਂ ਬਾਅਦ ਕਦੇ ਵੀ ਮਨਬੀਰ ਨੇ ਸੰਜਨਾ ਨੂੰ ਹੋਰ ਬੱਚੇ ਲਈ ਮਜਬੂਰ ਨਹੀਂ ਕੀਤਾ। ਵਕਤ ਦੇ ਨਾਲ-ਨਾਲ ਸੰਜਨਾ ਦੇ ਰੋਸ ਮਿੱਟ ਗਏ। ਉਨ੍ਹਾਂ ਦੇ ਮਨਾਂ ਤੇ ਜਿਸਮਾਂ ਦੌਰਾਨ ਦੂਰੀਆਂ ਜਿਆਦਾ ਦੇਰ ਨਾ ਰਹੀਆਂ।

ਇਨਸਾਨ ਨੂੰ ਕਦੇ ਵੀ ਉਸਦੇ ਪਹਿਰਾਵੇ, ਧਰਮ, ਜਾਤ ਜਾਂ ਰੰਗ ਤੋਂ ਨਹੀਂ ਪਰਖਣਾ ਚਾਹੀਦਾ। ਕੋਈ ਨਹੀਂ ਜਾਣਦਾ ਕਿ ਪਾਟੇ ਲੀੜਿਆਂ ਪਿੱਛੇ ਕਿੰਨਾ ਕੁ ਅਮੀਰ ਜਾਂ ਮਹਾਨ ਇਨਸਾਨ ਲੁਕਿਆ ਬੈਠਾ ਏ। ਜਾਂ ਕਾਲੇ ਰੰਗ ਪਿੱਛੇ ਕਿੰਨਾ ਕੁ ਇਮਾਨਦਾਰ ਤੇ ਖ਼ੂਬਸੂਰਤ ਦਿਲ ਹੈ। ਮੈਂ ਕਈ ਇਹੋ ਜਿਹੇ ਇਨਸਾਨਾਂ ਦਾ ਨੇੜੂ ਹੋਇਆਂ ਹਾਂ। ਜੋ ਰੰਗ ਪੱਖੋਂ ਕੋਇਲਾ ਤੇ ਦਿਲ ਪੱਖੋਂ ਗੁਣਾਂ ਸਹਿਤ ਭਰਪੂਰ। ਮਨਬੀਰ ਭਾਂਵੇ ਰੰਗ ਦਾ ਕਾਲਾ ਸੀ ਪਰ ਉਹ ਉਸ ਕਾਲੇ ਗੁਲਾਬ ਦੀ ਤਰਾਂ ਸੀ ਜੋ ਮਹਿਕਣ ਵਿੱਚ ਤੇ ਸਭ ਨੂੰ ਖੁਸ਼ੀ ਦੇਣ ਵਿੱਚ ਸਭ ਤੋਂ ਅੱਵਲ ਨੰਬਰ ਤੇ ਸੀ। ਉਸਨੇ ਸੰਜਨਾ ਦੇ ਦੁੱਖ ਨੂੰ ਸਮਝਿਆ। ਤੇ ਬਿਨਾਂ ਕਾਹਲੀ ਕੀਤੇ ਉਸ ਨੂੰ ਜਿੰਦਗੀ ਨੂੰ ਸਮਝਣ ਲਈ ਸਮਾਂ ਦਿੱਤਾ ਤੇ ਉਸਦਾ ਵਿਸ਼ਵਾਸ ਬਣਾਈ ਰੱਖਣ ਲਈ ਹਾਲਾਤਾਂ ਨੂੰ ਸਮਝਦੇ ਹੋਏ ਉਸੇ ਵਚਨਾਂ ਵਿੱਚ ਹਾਮੀ ਭਰੀ। ਉਸਨੂੰ ਬੜੇ ਹੀ ਸਬਰ ਸਹਿਤ ਜਿੰਦਗੀ ਦੀ ਅਸਲ ਸਚਾਈ ਤੋਂ ਜਾਣੂ ਕਰਵਾਇਆ ਤੇ ਉਮਰ ਭਰ ਸਾਥ ਨਿਭਾਉਣ ਦਾ ਵਚਨ ਦਿੱਤਾ। ਉਸਦੇ ਇਹਨਾਂ ਗੁਣਾਂ ਕਾਰਨ ਹੀ ਉਹ ਸੰਜਨਾ ਲਈ ਇੱਕ ਕਾਲਾ ਗੁਲਾਬ ਬਣ ਕੇ ਉੱਭਰਿਆ।

ਇਹ ਕਹਾਣੀ ਭਾਂਵੇ ਲਿਖਤੀ ਰੂਪ ਵਿੱਚ ਮੇਰੀ ਜੁਬਾਨ ਵਿੱਚ ਹੈ ਪਰ ਇਸਦੀ ਸੋਚ ਰੱਖਣ ਵਾਲਾ ਕੋਈ ਹੋਰ ਨਹੀਂ ਮੇਰੇ ਸਤਿਕਾਰ ਯੋਗ ਪਿਤਾ ਸਰਦਾਰ ਕਸ਼ਮੀਰ ਸਿੰਘ ਜੀ ਹਨ। ਉਨ੍ਹਾਂ ਮੈਨੂੰ ਕਿਹਾ ਕਿ ਦੋ ਐਸੇ ਬੰਦਿਆਂ ਦੀ ਕਹਾਣੀ ਬਿਆਨ ਕਰਾਂ ਜੋ ਧਰਮ ਦੇ ਨਜਰੀਏ ਤੋਂ ਭਾਂਵੇ ਦੋ ਨਜਰ ਆਉਣ ਪਰ ਉਹ ਦਿਲ ਅਤੇ ਸੋਚ ਦੇ ਪੱਖ ਤੋਂ ਇੱਕ ਹੋਣ। ਜਿਵੇਂ ਇਸ ਕਹਾਣੀ ਵਿੱਚ ਰਜਿੰਦਰ ਤੇ ਸਤੀਸ਼ ਦੇ ਯਾਰੀ ਦੇ ਭਾਵ ਨੂੰ ਪੇਸ਼ ਕੀਤਾ ਗਿਆ ਸਭ ਮੇਰੇ ਪਿਤਾ ਜੀ ਦੀ ਸੋਚ ਦਾ ਨਤੀਜਾ ਹੈ। ਉਹ ਆਪ ਵੀ ਬਹੁਤ ਵਧੀਆ ਲਿੱਖਦੇ ਨੇ। ਪਰ ਉਹਨਾਂ ਆਪਣੀ ਸੋਚ ਨੂੰ ਮੇਰੇ ਸਬਦਾਂ ਵਿੱਚ ਬਿਆਨ ਕਰਨ ਲਈ ਮੈਨੂੰ ਕਿਹਾ। ਮੈਂ ਬੜਾ ਧੰਨਵਾਦੀ ਹਾਂ ਆਪਣੇ ਪਿਤਾ ਜੀ ਦਾ ਕਿ ਉਨ੍ਹਾਂ ਦਾ ਅੰਸ਼ ਹੋਣ ਕਾਰਨ ਹੀ ਮੇਰੇ ਵਿੱਚ ਲਿਖਣ ਦਾ ਗੁਣ ਹੈ ਤੇ ਨਵੀਆਂ ਰਚਨਾਵਾਂ ਪੈਦਾ ਕਰਨ ਦਾ ਹੁਨਰ ਹੈ। ਜਿਸ ਤਰਾਂ ਮੇਰੇ ਪਿਤਾ ਦੇ ਕੁਝ ਗੁਣ ਮੇਰੇ ਅੰਦਰ ਹਨ। ਓਸੇ ਤਰਾਂ ਮਨਬੀਰ ਦੇ ਅੰਦਰ ਵੀ ਆਪਣੇ ਪਿਤਾ ਦੇ ਗੁਣ ਨਜਰ ਆਉਂਦੇ ਨੇ। ਨਿਰਭਰ ਸ਼ੰਸਕਾਰਾਂ ਤੇ ਕਰਦਾ ਹੈ। ਅਗਰ ਘਰ ਦਾ ਮਾਹੌਲ ਅਨੁਸ਼ਾਸਨ ਭਰਪੂਰ ਹੋਵੇਗਾ ਤਾਂ ਹਰ ਘਰ ਮਨਬੀਰ ਵਰਗੇ ਪੁੱਤ ਹੀ ਜਨਮ ਲੈਣਗੇ।

ਉੱਲੂ

ਪੀਤ ਸਿੰਘ ਕੈਲੇ

ਪੁਲ

ਉੱਲੂ

ਕਹਾਣੀਆਂ ਸਿਰਫ ਕਹਾਣੀਆਂ ਨਹੀਂ ਹੁੰਦੀਆਂ ਦਰਅਸਲ ਉਹ ਲੇਖਕ ਦੀ ਜ਼ਿੰਦਗੀ ਚ' ਹੋਈਆਂ ਕੁੱਝ ਘਟਨਾਵਾਂ, ਆਸ ਪਾਸ ਦੇ ਮਾਹੌਲ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਭਾਵਨਾਵਾਂ ਹੁੰਦੀਆਂ ਹੋ ਸਕਦੀਆਂ ਨੇ। ਇਹ ਕਹਾਣੀ ਵੀ ਕੁੱਝ ਇਹੋ ਜਿਹੇ ਹਾਲਤਾਂ ਦਾ ਨਿਚੋੜ ਹੈ।

ਇੱਕ ਹੰਸ ਤੇ ਹੰਸਨੀ ਮੌਸਮ ਦੇ ਬਦਲਾਵ ਤੋਂ ਬਾਅਦ ਆਪਣੇ ਘਰ ਵਾਪਿਸ ਪਰਤ ਰਹੇ ਸਨ। ਅਕਸਰ ਹੀ ਪੰਛੀ, ਜੰਗਲੀ ਜਾਨਵਰ, ਇਥੋਂ ਤੱਕ ਕਿ ਇਨਸਾਨ ਵੀ ਆਪਣਾ ਘਰ ਛੱਡ ਕੇ ਪਰਾਏ ਮੁਲਖ਼ ਜਾ ਵੜਦੇ ਨੇ।ਹਰ ਕਿਸੇ ਦੇ ਆਪਣੇ ਨਿੱਜੀ ਫੈਂਸਲੇ ਹੁੰਦੇ ਨੇ। ਕੋਈ ਦੁੱਖ ਨੂੰ ਜਾਂਦਾ ਹੈ ਤਾਂ ਕੋਈ ਸੁੱਖ ਨੂੰ।

ਓਵੇਂ ਹੀ ਹੰਸ ਤੇ ਹੰਸਨੀ ਭੁੱਖ ਦੀ ਮਾਰ ਤੋਂ ਬਚਨ ਲਈ ਆਪਣਾ ਦੇਸ਼ ਛੱਡ ਕੇ ਪਰਾਏ ਦੇਸ਼ ਗਏ ਸੀ। ਵਾਪਿਸ ਆਉਂਦਿਆਂ ਉਹ ਕੁੱਝ ਵਖ਼ਤ ਆਰਾਮ ਕਾਰਨ ਲਈ ਇੱਕ ਸੰਘਣੇ ਪਿੱਲਕਣ ਦੇ ਟਾਹਣੇ ਤੇ ਬੈਠ ਗਏ। ਆਸੇ ਪਾਸੇ ਹੋਰ ਵੀ ਰੁੱਖ ਸਨ ਪਰ ਉਹਨਾਂ ਨੂੰ ਪਿੱਲਕਣ ਦੀ ਛਾਂ ਸੰਘਣੀ ਤੇ ਠੰਡੀ ਲੱਗਣ ਕਾਰਨ ਉਹ ਐਥੇ ਆ ਬਿਰਾਜਮਾਨ ਹੋਏ । ਓਸੇ ਹੀ ਰੁੱਖ ਤੇ ਕੁੱਝ ਹੋਰ ਪੰਛੀ ਸੀ ਸਨ

। ਇੱਕ ਟਾਹਣੇ ਤੇ ਇੱਕ ਉੱਲੂ ਬੈਠਾ ਸੀ । ਹੰਸ ਤੇ ਹੰਸਨੀ ਆਪਣੀਆਂ ਗੱਲਾਂ ਵਿੱਚ ਰੁੱਝੇ ਹੋਏ ਸਨ ਕਿ ਅਚਾਨਕ ਹੰਸਨੀ ਦੀ ਨਜ਼ਰ ਉੱਲੂ ਉੱਪਰ ਪਈ । ਉੱਲੂ ਨੂੰ ਦੇਖ ਕੇ ਹੰਸਨੀ ਦੇ ਮਨ ਚ' ਵਿਚਾਰ ਆਈ ਤੇ ਹੰਸ ਨਾਲ ਗੱਲ ਬਾਤ ਕਰਨ ਲੱਗ ਪਈ ...

ਹੰਸਨੀ - ਸੁਣੋ ਜੀ, ਮੈਂ ਸੁਣਿਆ ਹੈ ਜਿਹੜੇ ਘਰ ਉੱਲੂ ਬੈਠ ਜਾਵੇ ਉਹ ਘਰ ਉੱਜੜ ਜਾਂਦੇ ਨੇ ?

ਹੰਸ - ਸੁਣਿਆ ਤਾਂ ਮੈਂ ਵੀ ਇਹੀ ਹੈ, ਤਦੇ ਤਾਂ ਕੋਈ ਉੱਲੂ ਦੀ ਕੋਈ ਬਾਹਲੀ ਇੱਜ਼ਤ ਨਹੀਂ ਕਰਦਾ। ਸਾਰੇ ਹੀ ਇਸ ਨੂੰ ਆਪਣੇ ਘਰ ਤੋਂ ਦੂਰ ਰੱਖਣਾ ਚਾਹੁੰਦੇ ਨੇ । ਉਹ ਦੇਖ ਲਈ ਤਦੇ ਇੱਕਲਾ ਹੀ ਬੈਠਾ ਈ।

ਹੰਸਨੀ - ਚਲੋ ਆਪਾ ਕਿਸੇ ਹੋਰ ਰੁੱਖ ਤੇ ਬੈਠਦੇ ਆ, ਇਸ ਦੀ ਬਦ-ਸਗਨੀ ਆਪਾ ਨੂੰ ਹੀ ਨਾ ਲੱਗ ਜਾਵੇ।

ਉੱਲੂ ਇਹ ਸਭ ਗੱਲਾਂ ਸੁਣ ਰਿਹਾ ਸੀ, ਉਹ ਹੈਰਾਨ ਸੀ ਉਸ ਬਾਰੇ ਲੋਕਾਂ ਦੀ ਇਸ ਸੋਚ ਦੇ, ਕਿ ਲੋਕ ਕਿੰਨੀਆਂ ਅਫ਼ਵਾਵਾਂ ਤੇ ਜ਼ਕੀਨ ਕਰਦੇ ਨੇ ਚਾਹੇ ਉਹ ਕਿੰਨੀਆਂ ਵੀ ਝੂਠੀਆਂ ਕਿਉਂ ਨਾ ਹੋਣ । ਉਸ ਨੇ ਪ੍ਰਣ ਕੀਤਾ ਕੇ ਅੱਜ ਇਸ ਹੰਸ ਤੇ ਹੰਸਨੀ ਨੂੰ ਸਬਕ

ਜ਼ਰੂਰ ਸਿਖਾਵੇਗਾ। ਜਦੋ ਹੰਸ ਤੇ ਹੰਸਨੀ ਉੱਡ ਕੇ ਜਾਣ ਲੱਗੇ ਤੇ ਉੱਲੂ ਉਹਨਾਂ ਦੇ ਮੂਹਰੇ ਆ ਖਲੋਇਆ।

ਉੱਲੂ - ਓ .. ਕਿੱਧਰ ਭਾਈ।

ਹੰਸ ਤੇ ਹੰਸਨੀ ਹੈਰਾਨ ਸਨ ਉੱਲੂ ਦੀ ਇਸ ਹਰਕਤ ਤੇ।

ਹੰਸ - ਕੀਤੇ ਨੀ ਭਾਈ ਆਪਣੇ ਘਰ ਚੱਲੇ ਆ।

ਉੱਲੂ - ਜਾ ਜੀ ਸਦਕੇ ਜਾ, ਪਰ ਇਕੱਲਾ ਜਾ, ਮੇਰੀ ਘਰਵਾਲੀ ਨੂੰ ਕਿੱਧਰ ਲਈ ਚੱਲਿਆ ਏ।

ਹੰਸ - ਤੇਰੀ ਘਰਵਾਲੀ (ਹੈਰਾਨ ਹੋ ਕੇ)! ਕੌਣ ਤੇਰੀ ਘਰਵਾਲੀ ?

ਉੱਲੂ - ਹਾ ਜਿਹਨੂੰ ਨਾਲ ਲਈ ਚੱਲਾ ਤੂੰ (ਰੋਹਬ ਨਾਲ)।

ਹੰਸ - ਉਹ ਭਾਈ ਇਹ ਤਾਂ ਮੇਰੀ ਤੀਵੀਂ ਆ।

ਹੰਸਨੀ ਨੇ ਵੀ ਹਾਮੀ ਭਰੀ ਹਾਂ ਮੈਂ ਤਾਂ ਇਸ ਦੀ ਤੀਵੀਂ ਆ। ਪਰ ਉੱਲੂ ਨਾ ਮੰਨਿਆ ਤੇ ਰੌਲਾ ਵਧਣ ਲੱਗ ਪਿਆ। ਉਹਨਾਂ ਦਾ ਝਗੜਾ ਦੇਖ ਕੇ ਬਾਕੀ ਪੰਛੀ ਵੀ ਉਹਨਾਂ ਕੋਲ ਆ ਗਏ। ਕਾਫੀ ਦੇਰ ਤੱਕ ਬਹਿਸਬਾਜ਼ੀ ਹੁੰਦੀ ਰਹੀ। ਹੰਸ ਨੇ ਆਖਿਆ ...

ਹੰਸ - ਭਲਾ ਕੋਈ ਇਹ ਦੱਸੇ ਕੇ ਇੱਕ ਹੰਸਨੀ ਉੱਲੂ ਦੀ ਘਰਵਾਲੀ ਕਿਵੇਂ ਹੋਈ।

ਸਾਰੇ ਇਸ ਗੱਲ ਤੇ ਹੈਰਾਨ ਵੀ ਸਨ ।

ਉੱਲੂ - ਉਹ ਮੈਨੂੰ ਨੀ ਪਤਾ ਇਹ ਹੰਸਨੀ ਮੇਰੀ ਘਰਵਾਲੀ ਆ। ਜੇ ਤੈਨੂੰ ਕੋਈ ਸ਼ੱਕ ਹੈ ਤਾਂ ਆਪਾ ਪੰਚਾਇਤ ਕੋਲ ਚਲਦੇ ਆ ।

ਹੰਸ ਪੰਚਾਇਤ ਕੋਲ ਜਾਣ ਲਈ ਤਿਆਰ ਹੋ ਗਿਆ, ਕਿਉਂਕਿ ਉਹ ਜਾਣਦਾ ਸੀ ਕਿ ਹੰਸਨੀ ਉਸ ਦੀ ਹੀ ਪਤਨੀ ਹੈ, ਤੇ ਪੰਚਾਇਤ ਇਸ ਗੱਲ ਤੋਂ ਮੁੱਕਰ ਨਹੀਂ ਸਕਦੀ। ਹੰਸ, ਹੰਸਨੀ ਤੇ ਉੱਲੂ ਸਮੇਤ ਬਾਕੀ ਸਾਰੇ ਪੰਛੀ ਵੀ ਫੈਂਸਲਾ ਸੁਨਣ ਲਈ ਪੰਚਾਇਤ ਵੱਲ ਨੂੰ ਤੁਰ ਪਏ।

ਹੰਸਨੀ ਬਹੁਤ ਹੀ ਖ਼ੂਬਸੂਰਤ ਸੀ। ਉਸ ਦੇ ਹੁਸਨ ਦਾ ਕੋਈ ਅੰਤ ਨਹੀਂ ਸੀ। ਉਂਝ ਹੰਸ ਵੀ ਹੰਸਨੀ ਨਾਲੋਂ ਘੱਟ ਨਹੀਂ ਸੀ, ਭਾਂਵੇ ਉਹ ਹੰਸਨੀ ਨਾਲੋਂ ਦੋ ਰੱਤੀਆਂ ਵੱਧ ਹੀ ਹੋਵੇ ਪਰ ਮਨੁੱਖੀ ਵਿਹਾਰ ਅਨੁਸਾਰ ਇਸਤਰੀ ਦੇ ਹੁਸਨ ਨੂੰ ਜਿਆਦਾ ਤਜਵੀਜ ਦਿੱਤੀ ਜਾਂਦੀ ਹੈ। ਓਵੇਂ ਹੀ ਪੰਛੀਆਂ ਤੇ ਬਾਕੀ ਜਾਨਵਰਾਂ ਵਿਚ ਵੀ ਇਸਤਰੀ ਦੇ ਹੁਸਨ ਨੂੰ ਪਹਿਲ ਹੈ। ਦੁਨੀਆਂ ਵਿਚ ਜ਼ਿਆਦਾਤਰ

ਯੁੱਧਾ ਦਾ ਕਾਰਨ ਇਸਤਰੀ ਹੀ ਰਹੀ ਹੈ ਚਾਹੇ ਉਹ ਮਹਾਨ ਯੁੱਧ ਮਹਾਭਾਰਤ ਹੋਵੇ, ਜਾਂ ਰਾਮਾਇਣ, ਜਾਂ ਟਰੋਇ ਜਾਂ ਕਈ ਹੋਰ ਯੁੱਧ।

ਸਾਰੇ ਗੱਲਾਂ ਕਰਦੇ ਪੰਚਾਇਤ ਕੋਲ ਜਾ ਪੁੱਜੇ। ਪੰਚਾਇਤ ਵਿਚ ਕਾਂ, ਤੋਤਾ, ਬਿਜੜਾ ਤੇ ਸਰਪੰਚ ਚੱਕੀ ਚਕੀਹਰਾ ਸੀ। ਪੰਚਾਇਤ ਵਿਚ ਹੋਰ ਵੀ ਕਈ ਪੰਛੀ ਸਨ। ਗੱਲ ਬਾਤ ਸ਼ੁਰੂ ਹੋਣ ਲੱਗ ਪਈ। ਸਰਪੰਚ ਨੇ ਕਿਹਾ ...

ਸਰਪੰਚ - ਹਾਂ ਭਾਈ .. ਕੀ ਗੱਲ ਹੈ ਅੱਜ ਕਿੱਧਰ ਸਾਰੇ ਇਕੱਠੇ ਹੋ ਕੇ ਤੁਰੇ ਆਉਂਦੇ ਹੋ ?

ਹੰਸ ਨੇ ਨਮਸ਼ਕਾਰ ਕੀਤੀ ਤੇ ਆਪਣਾ ਦੁੱਖ ਸੁਣਾਉਣ ਲੱਗ ਪਿਆ...

ਹੰਸ - ਸਰਪੰਚ ਜੀ, ਅਸੀਂ ਮੁਸਾਫ਼ਰ ਹਾਂ, ਅਨਾਜ ਦੀ ਭਾਲ ਵਿਚ ਘਰੋਂ ਨਿਕਲੇ ਸੀ, ਵਾਪਿਸ ਆਉਂਦੇ ਆਰਾਮ ਕਰਨ ਲਈ ਰੁਕੇ ਤਾਂ ਇਹ ਉੱਲੂ ਮੇਰੀ ਤੀਵੀਂ ਨੂੰ ਆਪਣੀ ਤੀਵੀਂ ਦੱਸਣ ਲੱਗ ਪਿਆ।

ਸਰਪੰਚ ਨੇ ਪਹਿਲਾਂ ਉੱਲੂ ਵੱਲ ਦੇਖਿਆ ਤੇ ਫਿਰ ਹੰਸਨੀ ਵੱਲ, ਹੰਸਨੀ ਦੀ ਖੂਬਸੂਰਤੀ ਦੇਖ ਕੇ ਉਹ ਦੰਗ ਰਹਿ ਗਿਆ। ਬਾਕੀ ਵੀ ਹੰਸਨੀ ਵੱਲ ਦੇਖ ਕੇ ਹੈਰਾਨ ਹੋ ਗਏ। ਹੰਸਨੀ ਵਾਕਿਆ

ਹੀ ਬਹੁਤ ਖੂਬਸੂਰਤ ਸੀ। ਕਿਸੇ ਦੀ ਵੀ ਨਜ਼ਰ ਉਸ ਤੋਂ ਹੱਟ ਨਹੀਂ ਸੀ ਰਹੀ। ਫਿਰ ਉੱਲੂ ਬੋਲਿਆ ..

ਉੱਲੂ - ਸਰਪੰਚ ਸਾਬ ਇਹ ਮੇਰੀ ਘਰਵਾਲੀ ਹੈ, ਇਹ ਹੰਸ ਪਤਾ ਨਹੀਂ ਕਿਵੇਂ ਇਸ ਨੂੰ ਆਪਣੀ ਕਹੀ ਜਾਂਦਾ। ਇਹ ਤਾਂ ਸਗੋਂ ਮੇਰੇ ਕੋਲੋਂ ਮੇਰੀ ਘਰਵਾਲੀ ਨੂੰ ਖੋ ਕੇ ਲਈ ਜਾਂਦਾ।

ਕਾਂ - ਸਾਨੂੰ ਤੇਰੀ ਗੱਲ ਸਮਝ ਨਹੀਂ ਲੱਗੀ ਜਰਾ ਖੁੱਲ ਕੇ ਸਮਝਾ ।

ਬਾਕੀਆਂ ਨੇ ਵੀ ਕਾਂ ਦੀ ਗੱਲ ਵਿਚ ਹੁੰਗਾਰਾ ਭਰਿਆ । ਬੱਸ ਉਹ ਸਾਰੇ ਹੰਸਨੀ ਦੇ ਹੁਸਨ ਨੂੰ ਟਕੋ-ਟਕ ਦੇਖੀ ਜਾ ਰਹੇ ਸਨ । ਉੱਲੂ ਸਮਝਾਉਣ ਲੱਗ ਪਿਆ ..

ਉੱਲੂ - ਮੈਂ ਤੇ ਮੇਰੀ ਘਰਵਾਲੀ ਕਿਸੇ ਗੱਲ ਤੋਂ ਝਗੜ ਰਹੇ ਸੀ, ਦਰਅਸਲ ਇਹ ਮੇਰੇ ਨਾਲ ਕਿਸੇ ਗੱਲ ਤੋਂ ਨਾਰਾਜ਼ ਸੀ ਤੇ ਮੈਂ ਇਸ ਨੂੰ ਮਨਾ ਰਿਹਾ ਸੀ ਤੇ ਇਹ ਹੰਸ ਸਾਨੂੰ ਦੇਖ ਰਹਾ ਸੀ, ਇਸ ਨੇ ਸਾਡੇ ਝਗੜੇ ਦਾ ਫਾਇਦਾ ਚੁੱਕ ਲਿਆ ਤੇ ਆ ਕੇ ਆਪਣੇ ਹੱਕ ਜਤਾਉਣ ਲੱਗ ਪਿਆ । ਤੇ ਮੇਰੀ ਘਰਵਾਲੀ ਮੇਰੇ ਨਾਲ ਨਰਾਜ਼ ਹੋਣ ਕਰਕੇ ਇਸ ਦਾ ਪੱਖ ਲੈਣ ਲੱਗ ਪਈ।

ਉੱਲੂ ਨੇ ਇੱਕ ਨਵੀਂ ਚਾਲ ਖੇਡ ਲਈ ਸੀ, ਹੰਸਨੀ ਨੂੰ ਆਪਣੀ ਘਰਵਾਲੀ ਸਾਬਿਤ ਕਰਨ ਲਈ ਉਹ ਇੱਕ ਨਵੀਂ ਕਹਾਣੀ ਸਭ ਸਾਹਮਣੇ ਲੈ ਆਇਆ ਸੀ। ਉਸ ਨੇ ਦੋ ਗਵਾਹ ਤਿਆਰ ਕਰ ਲਏ ਸਨ ਇੱਕ ਕਬੂਤਰ ਤੇ ਇੱਕ ਮਾਦਾ ਬਟੇਰ। ਓਹਨਾ ਉੱਲੂ ਦਾ ਪੱਖ ਲੈਂਦਿਆਂ ਉੱਲੂ ਦੀ ਹਾਂ ਵਿੱਚ ਹਾਂ ਦੀ ਗਵਾਹੀ ਭਰੀ।

ਸਭ ਨੂੰ ਪਤਾ ਸੀ ਕੇ ਉੱਲੂ ਸਰਾ-ਸਰ ਝੂਠ ਬੋਲ ਰਹਾ ਹੈ ਪਰ ਫਿਰ ਵੀ ਉਹ ਹੰਸ ਦਾ ਪੱਖ ਨਹੀਂ ਸੀ ਲੈ ਰਹੇ। ਸਰਪੰਚ ਨੇ ਹੰਸ ਨੂੰ ਕਿਹਾ ..

ਸਰਪੰਚ - ਹਾਂ ਭਾਈ .. ਹੰਸਾ ਤੂੰ ਕੀ ਕਹਿਣਾ ਏ ?

ਹੰਸ ਵਿਚਾਰਾ ਕੀ ਆਖਦਾ ਅੰਤ ਉਹ ਬੋਲਿਆ..

ਹੰਸ - ਭਲਾ ਇਸ ਨੂੰ ਇਹ ਪੁੱਛੋਂ ਕਿ ਇੱਕ ਉੱਲੂ ਦੀ ਤੀਵੀਂ ਹੰਸਨੀ ਕਿਵੇਂ ਹੋਈ ।

ਇਹ ਸਵਾਲ ਸਾਰੀਆਂ ਗਵਾਹੀਆਂ ਨੂੰ ਰੱਧ ਕਰਨ ਵਾਲਾ ਸੀ , ਤੇ ਸਰਪੰਚ ਤੇ ਨਿਰਣਾ ਹੰਸ ਦੇ ਪੱਖ ਵਿੱਚ ਦੇਣਾ ਬਹਿਤਰ ਸਮਝਿਆ । ਉਹ ਬੋਲਣ ਹੀ ਲੱਗਾ ਸੀ ਕਿ ਕਾਂ ਸਰਪੰਚ ਦੇ ਵੱਖੀ ਚ' ਕੂਹਣੀ ਕੱਢ ਮਾਰੀ । ਸਰਪੰਚ ਜੋ ਕਿ ਇੱਕ ਚੱਕੀ ਚਕੀਹਰਾ ਸੀ। ਕਾਂ ਨੇ ਉਸ ਨੂੰ ਆਖਿਆ ..

ਕਾਂ - ਓ ਮਾਮਾ ਕੀ ਆਖਣ ਲੱਗਾ ਵਾ, ਕਿਤੇ ਹੰਸ ਦੇ ਪੱਖ ਚ' ਨਾ ਫੈਂਸਲਾ ਕਰ ਦਵੀਂ ਉਸ ਚ' ਆਪਣਾ ਕੀ ਫਾਇਦਾ। ਓਧਰ ਦੇਖ ਹੰਸਨੀ ਕਿੰਨੀ ਸੋਹਣੀ ਆ। ਸਫ਼ੇਦ ਦੁੱਧ ਵਰਗਾ ਤਨ, ਸੁਰਾਹੀ ਵਰਗੀ ਧੋਣ ਹਰ ਨੈਣ ਨਕਸ਼ ਕਿੰਨੇ ਸੋਹਣੇ ਆ। ਇਸ ਵਰਗੀ ਤਾਂ ਆਪਣੇ ਇਲਾਕੇ ਚ' ਕੋਈ ਨਹੀਂ ਆ। ਜੇ ਤੂੰ ਫੈਂਸਲਾ ਉੱਲੂ ਦੇ ਹੱਕ ਚ' ਕਰੇਗਾ ਤਾਂ ਹੰਸਨੀ ਐਥੇ ਰਹੂ, ਘੱਟੋ-ਘੱਟ ਰੋਜ ਉਸ ਨੂੰ ਦੇਖਿਆ ਤਾਂ ਕਰਾਂਗੇ। ਅਗਰ ਫੈਂਸਲਾ ਹੰਸ ਦੇ ਹੱਕ ਚ' ਕਰ ਦਿੱਤਾ ਤਾਂ ਹੰਸ ਨੇ ਹੰਸਨੀ ਨਾਲ ਉੱਡ ਜਾਣਾ ਈ।

ਸਰਪੰਚ ਨੇ ਸੋਚ ਵਿਚਾਰ ਕੀਤੀ ਤੇ ਫੈਂਸਲਾ ਉੱਲੂ ਦੇ ਹੱਕ ਚ' ਕਰਨਾ ਬਹਿਤਰ ਸਮਝਿਆ।

ਸਰਪੰਚ - ਭਾਈ .. ਇਹ ਘਰਵਾਲੀ ਤਾਂ ਉੱਲੂ ਦੀ ਹੈ ਇਹ ਉਸ ਨੇ ਸਾਬਿਤ ਕੀਤਾ ਹੈ। ਅਗਰ ਹੰਸ ਭਾਈ ਤੇਰੇ ਕੋਲ ਕੋਈ ਗਵਾਹ ਹੈ ਤਾਂ ਦੱਸ।

ਹੰਸ ਦੇ ਪੱਖ ਚ ਕੋਈ ਗਵਾਹੀ ਨਹੀਂ ਸੀ ਦੇਣਾ ਚਾਹੁੰਦਾ, ਸਾਰੇ ਉੱਲੂ ਦਾ ਹੀ ਪੱਖ ਲੈ ਰਹੇ ਸਨ। ਕਿਉਂਕਿ ਕੋਈ ਵੀ ਨਹੀਂ ਸੀ ਚਾਹੁੰਦਾ ਕਿ ਹੰਸਨੀ ਐਥੋਂ ਜਾਵੇ। ਅੰਤ ਫੈਂਸਲਾ ਉੱਲੂ ਦੇ ਹੱਕ ਵਿੱਚ ਹੋਇਆ।

ਹੰਸ ਵਿਚਾਰਾ ਕੀ ਕਰਦਾ ਉਸ ਨੂੰ ਪੰਚਾਇਤ ਦਾ ਫੈਂਸਲਾ ਗਲਤ ਤਾਂ ਲੱਗਾ ਪਰ ਉਹ ਕਰ ਕੁਝ ਨਹੀਂ ਸੀ ਸਕਦਾ । ਅੰਤ ਹਰ ਉਹ ਓਥੋਂ ਤੁਰ ਪਿਆ । ਸਾਰੀ ਪੰਚਾਇਤ ਖੁਸ਼ ਸੀ ਕਿਉਂਕਿ ਹੰਸਨੀ ਜੋ ਨਾਲ ਨਹੀਂ ਸੀ ਜਾ ਰਹੀ। ਉੱਲੂ ਵੀ ਖੁਸ਼ ਸੀ। ਉਸ ਨੇ ਹੰਸ ਨੂੰ ਸਬਕ ਜੋ ਸਿਖਾ ਦਿੱਤਾ ਸੀ। ਜਦੋ ਹੰਸ ਕੁੱਝ ਕੋ ਦੂਰ ਗਿਆ ਤਾਂ ਉੱਲੂ ਨੇ ਹੰਸ ਨੂੰ ਪਿੱਛੋਂ ਆਵਾਜ਼ ਮਾਰੀ ...

ਉੱਲੂ - ਓ .... ਹੰਸਾ .... ਕਿੱਧਰ ਚਲਿਆ ਵਾ ? ਆਪਣੀ ਘਰਵਾਲੀ ਤਾਂ ਨਾਲ ਲੈ ਜਾ (ਉੱਚੀ ਆਵਾਜ਼ ਮਾਰ ਕੇ) ।

ਹੰਸ ਪਿੱਛੇ ਮੁੜਿਆ ਤਾਂ ਉੱਲੂ ਉਸ ਨੂੰ ਬੁਲਾ ਰਹਾ ਸੀ । ਉਹ ਵਾਪਿਸ ਆਇਆ ਤਾਂ ਉੱਲੂ ਦੀ ਇਸ ਸ਼ੇਰਦਿਲੀ ਲਈ ਹੈਰਾਨ ਸੀ। ਕਿਉਂਕਿ ਜਿਸ ਹੰਸਨੀ ਨੂੰ ਉਸ ਨੇ ਆਪਣੀ ਤੀਵੀਂ ਸਾਬਿਤ ਕਰਨ ਲੈ ਜ਼ੋਰ ਲਾਉਣ ਚ' ਕੋਈ ਕਸਰ ਨਹੀਂ ਸੀ ਛੱਡੀ ਉਹ ਉਸ ਨੂੰ ਓਵੇਂ ਹੀ ਵਾਪਿਸ ਕਰ ਰਹਾ ਸੀ ।

ਉੱਲੂ - ਓ ਕਿੱਧਰ ਚੱਲਿਆ ਏ .... ਆਪਣੀ ਘਰਵਾਲੀ ਨੀ ਨਾਲ ਲੈ ਕੇ ਜਾਣੀ ?

ਹੰਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉੱਲੂ ਨੇ ਉਸ ਸੰਭਲਣ ਲਈ ਕਿਹਾ ।

ਉੱਲੂ - ਭਰਾ ਮੈਂ ਤੇਰਾ ਦੋਖੀ ਨਹੀਂ ਹਾਂ, ਇਹ ਸਭ ਮੈਂ ਤੇਨੂੰ ਇਹ ਸਮਝਾਉਣ ਲਈ ਕੀਤਾ ਕਿ ਉੱਲੂ ਨਹੀਂ ਲੋਕਾਂ ਦੇ ਘਰ ਉਜਾੜਦੇ। ਘਰ ਉਜਾੜਦੀਆਂ ਨੇ ਇਹੋ ਜਿਹੀਆਂ ਪੰਚਾਇਤਾਂ ਤੇ ਇਹ ਸਰਕਾਰਾਂ ਮੇਰੇ ਵਰਗੇ ਤਾਂ ਉਂਝ ਹੀ ਬਦਨਾਮ ਹੋ ਜਾਂਦੇ ਨੇ ।

ਹੰਸ ਤੇ ਹੰਸਨੀ ਤੇ ਉੱਲੂ ਕੋਲੋਂ ਮਾਫ਼ੀ ਮੰਗੀ ਤੇ ਉਸ ਦਾ ਧੰਨਵਾਦ ਕੀਤਾ। ਹੰਸ ਹੰਸਨੀ ਨੂੰ ਲੈ ਕੇ ਓਥੋਂ ਉੱਡ ਗਿਆ। ਸਰਪੰਚ ਸਮੇਤ ਬਾਕੀ ਸਾਰੀ ਪੰਚਾਇਤ ਆਪਣੀ ਇਸ ਹਰਕਤ ਲਈ ਸ਼ਰਮਿੰਦਾ ਸੀ। ਉੱਲੂ ਵੀ ਓਹਨਾ ਕੋਲੋਂ ਉੱਡ ਗਿਆ।

ਹੂੰਝੀ ਪੀੜ

(ਭਾਗ ਪਹਿਲਾ)

ਪੀਤ ਸਿੰਘ ਭੱਟੀ

ਰੂਹੀ ਪੀੜਾ (ਭਾਗ ਪਹਿਲਾ)

ਨੇਹਾ - ਨਹੀਂ ਮੈਨੂੰ ਨਹੀਂ ਪਤਾ, ਮੈਂ ਪੂਰੇ ਤੋਲੇ ਦੇ ਹੀ ਝੁੱਮਕੇ ਲਵਾਂਗੀ, ਲੈ ਕੇ ਦੇਣੇ ਤਾਂ ਦੇਵੋ ਨਹੀਂ ਤਾ ਮੈਂ ਕੁਝ ਨਹੀਂ ਲੈਣਾ।

ਰਾਹੁਲ - ਯਾਰ ਇਸ ਮਹੀਨੇ ਦੀ ਤਨਖ਼ਾ ਤਾਂ ਫਿਰ ਬਸ ਤੇਰੇ ਝੁੱਮਕਿਆ ਜੋਗੀ ਹੀ ਆ।

ਨੇਹਾ - ਠੀਕ ਆ ਫਿਰ ਮੈਨੂੰ ਨੀ ਕੁਝ ਚਾਹੀਦਾ।

ਐਨਾ ਕਹਿ ਕੇ ਉਹ ਸੁਨਿਆਰੇ ਦੀ ਦੁਕਾਨ ਵਿੱਚੋ ਉੱਠ ਕੇ ਬਾਹਰ ਹੋਣ ਲੱਗੀ ਤਾਂ ਰਾਹੁਲ ਨੇ ਉਸ ਨੂੰ ਬਾਂਹ ਤੋਂ ਫੜ ਲਿਆ ਤੇ ਕਿਹਾ....

ਰਾਹੁਲ - ਨੇਹਾ ਗੁੱਸੇ ਨਾ ਹੋ, ਸਮਝਿਆ ਵੀ ਕਰ।

ਨੇਹਾ - ਪਿਛਲੇ ਦੋ ਸਾਲ ਤੋਂ ਸਮਝ ਹੀ ਰਹੀ ਹਾਂ ਕਦੇ ਕੁਝ ਲੈ ਕੇ ਦਿੱਤਾ ਜੇ। ਨਾਲੇ ਇਸ ਵਾਰ ਤਾਂ ਤੁਹਾਡੀ ਤਨਖ਼ਾ ਵੀ ਵੱਧ ਗਈ ਹੈ ਤੱਦ ਵੀ ਕੰਜੂਸੀ।

ਨੇਹਾ ਰਾਹੁਲ ਨਾਲ ਗੁੱਸੇ ਹੋ ਕੇ ਵੰਨ ਸਵੰਨੇ ਮੂੰਹ ਬਣਾ ਕੇ ਰਾਹੁਲ ਨੂੰ ਪੂਰੇ ਤੋਲੇ ਦੇ ਝੁਮਕੇ ਖਰੀਦਣ ਲਈ ਮਨਾ ਰਹੀ ਸੀ। ਪਰ ਰਾਹੁਲ ਅੱਜ ਵੀ ਕੰਜੂਸੀ ਵਰਤ ਰਿਹਾ ਸੀ। ਭਾਵੇਂ ਅੱਜ

ਉਹਨਾਂ ਦੇ ਵਿਆਹ ਦੀ ਸਾਲ ਗਿਰਾ ਹੀ ਸੀ। ਅੰਤ ਰਾਹੁਲ ਨੂੰ ਨੇਹਾ ਦੀ ਜ਼ਿੱਦ ਅੱਗੇ ਝੁੱਕਣਾ ਹੀ ਪਿਆ। ਉਸ ਨੇ ਨੇਹਾ ਨੂੰ ਮਨਾਉਂਦੇ ਹੋਏ ਕਿਹਾ...

ਰਾਹੁਲ - ਚੱਲ ਠੀਕ ਆ ਬਾਬਾ ਲੈ ਲਾ ਜੋ ਤੇਰਾ ਦਿਲ ਕਰਦਾ। ਨਾਲੇ ਜਲਦੀ ਕਰ ਬਾਹਰ ਦੇਖ ਹਨ੍ਹੇਰਾ ਵੀ ਕਿੰਨਾ ਹੋ ਗਿਆ ਹੈ।

ਰਾਹੁਲ ਦੀ ਗੱਲ ਸੁਣ ਕੇ ਨੇਹਾ ਦੇ ਮੁਖੜੇ ਤੇ ਇੱਕ ਅਲਗ ਤਰ੍ਹਾਂ ਦੀ ਖੁਸ਼ੀ ਆ ਗਈ ਤੇ ਉਸ ਨੇ ਖੁਸ਼ੀ ਵਿਚ ਰਾਹੁਲ ਨੂੰ ਚੁੰਮਿਆ। ਸੁਨਿਆਰੇ ਨੇ ਨੇਹਾ ਨੂੰ ਬਹੁਤ ਸੋਹਣੇ ਝੁੱਮਕੇ ਕੱਢ ਕੇ ਦਿੱਤੇ ਜੋ ਨੇਹਾ ਦੇ ਕੰਨਾਂ ਤੇ ਬਹੁਤ ਸ਼ੋਬਦੇ ਸਨ। ਝੁੱਮਕੇ ਉਸ ਨੇ ਕੰਨਾਂ ਵਿੱਚ ਪਾਈ ਰੱਖੇ।

ਰਾਹੁਲ - ਲਿਆ ਮੈਨੂੰ ਫੜਾ ਦੇ ਸੁੱਟ ਲਵੇਗੀ ਤੂੰ। ਘਰੇ ਜਾ ਕੇ ਲੈ ਲਵੀਂ।

ਪਰ ਨੇਹਾ ਨਾ ਮੰਨੀ ਤੇ ਝੁੱਮਕੇ ਏਦਾਂ ਹੀ ਕੰਨਾਂ ਵਿੱਚ ਪਾ ਕੇ ਘਰ ਜਾਣ ਦੀ ਜ਼ਿੱਦ ਕੀਤੀ। ਰਾਹੁਲ ਉਸ ਦੀ ਜ਼ਿੱਦ ਸਾਹਮਣੇ ਕੁਝ ਨਾ ਕਰ ਸਕਿਆ। ਫਿਰ ਉਹ ਦੁਕਾਨ ਤੋਂ ਬਾਹਰ ਆ ਗਏ ਤੇ

ਰਾਹੁਲ ਨੇ ਆਪਣਾ ਮੋਟਰਸਾਈਕਲ ਚਾਲੂ ਕੀਤਾ ਤੇ ਨੇਹਾ ਉਸਦੇ ਪਿੱਛੇ ਬੈਠ ਗਈ। ਦੋਵੇਂ ਓਥੋਂ ਨਿਕਲ ਗਏ।

ਮੋਟਰਸਾਈਕਲ ਤੇ ਜਾਂਦੇ ਉਹ ਆਪਣੀਆਂ ਹੀ ਗੱਲਾਂ ਵਿੱਚ ਗਵਾਚੇ ਹੋਏ ਸਨ। ਸਮਾਂ ਵੀ ਕਾਫੀ ਹੋ ਗਿਆ ਸੀ ਤੇ ਰਸਤੇ ਤੇ ਵਿਰਲੇ ਹੀ ਨਜ਼ਰ ਆਉਂਦੇ ਸਨ। ਅਚਾਨਕ ਉਹਨਾਂ ਦੇ ਕੋਲੋਂ ਦੀ ਇੱਕ ਗੱਡੀ ਲੰਘੀ ਜਿਸ ਨੇ ਕੁਝ ਪਲਾਂ ਲਈ ਬਹੁਤ ਹੀ ਸ਼ੋਰ ਸ਼ਰਾਬੇ ਵਾਲਾ ਮਾਹੌਲ ਬਣਾ ਦਿੱਤਾ। ਫਿਰ ਸ਼ਾਂਤਮਈ ਮਾਹੌਲ ਹੋ ਗਿਆ। ਰਾਹੁਲ ਤੇ ਨੇਹਾ ਫਿਰ ਆਪਣੀਆਂ ਗੱਲਾਂ ਕਰਨ ਲੱਗ ਪਏ। ਪਰ ਕੁਝ ਦੇਰ ਪਿੱਛੋਂ ਓਹੀ ਗੱਡੀ ਫਿਰ ਨਜ਼ਰ ਆਈ ਉਹਨਾਂ ਨੇ ਧਿਆਨ ਨਾ ਦਿੱਤਾ। ਫਿਰ ਜਦੋਂ ਗੱਡੀ ਉਹਨਾਂ ਦੇ ਕੋਲ ਆਈ ਤਾਂ ਇੱਕ ਦਮ ਉਹਨਾਂ ਦੇ ਮੋਟਰਸਾਈਕਲ ਸਾਹਮਣੇ ਖੜੀ ਕਰ ਦਿੱਤੀ। ਮੋਟਰਸਾਈਕਲ ਜਿਆਦਾ ਤੇਜ਼ੀ ਵਿੱਚ ਨਾ ਹੋਣ ਕਰਕੇ ਰਾਹੁਲ ਦੇ ਇੱਕ ਦੱਮ ਬ੍ਰੇਕ ਮਾਰਨ ਕਰਕੇ ਖਲੋ ਗਿਆ। ਤੇ ਉਹ ਡਿੱਗਦੇ-ਡਿੱਗਦੇ ਬਚੇ। ਪਰ ਉਹ ਦੋਵੇਂ ਪੂਰੀ ਤਰ੍ਹਾਂ ਘਬਰਾ ਗਏ। ਜਲਦੀ ਨਾਲ ਗੱਡੀ ਵਿਚੋਂ ਤਿੰਨ ਮੁੰਡੇ ਉੱਤਰੇ ਤੇ ਨੇਹਾ ਤੇ ਰਾਹੁਲ ਤੇ ਆ ਝੱਪਟੇ। ਇੱਕ ਨੇ ਉਹਨਾਂ ਨੂੰ ਡਰਾਉਣ ਲਈ ਪਿਸਤੌਲ ਕੱਢ ਲਿਆ ਤੇ ਦੂਸਰੇ ਨੇ ਚਾਕੂ ਤੇ ਤੀਜਾ ਖਾਲੀ ਹੱਥ ਸੀ। ਪਿਸਤੌਲ ਵਾਲੇ ਨੇ ਜਲਦੀ ਨਾਲ ਪਿਸਤੌਲ ਰਾਹੁਲ ਦੀ ਕੰਨ-ਪੱਟੀ ਤੇ ਰੱਖ

ਦਿੱਤਾ ਤੇ ਦੂਜੇ ਦੋਨਾਂ ਨੇ ਨੇਹਾ ਨੂੰ ਫੜ ਲਿਆ ਤੇ ਝੁੱਮਕੇ ਲਾਉਣ ਲੱਗ ਪਏ। ਨੇਹਾ ਤੇ ਬਹੁਤ ਹੱਥ-ਕੰਡੇ ਅਜ਼ਮਾਏ ਪਰ ਇੱਕ ਔਰਤ ਹੋਣ ਦੇ ਕਰਕੇ ਉਹ ਕੁਝ ਨਾ ਕਰ ਸਕੀ, ਉਪਰੋਂ ਸਾਹਮਣੇ ਇੱਕ ਚਾਕੂ ਫੜੀ ਬੰਦਾ ਖੜਾ ਸੀ। ਉਹਨਾਂ ਨੇ ਜ਼ਬਰਦਸਤੀ ਨੇਹਾ ਦੇ ਝੁੱਮਕੇ ਲਾਹ ਲਏ। ਰਾਹੁਲ ਨੂੰ ਜਦੋਂ ਆਪਣੀ ਕਮਾਈ ਮਿੱਟੀ ਵਿੱਚ ਰੁਲਦੀ ਨਜ਼ਰ ਆਈ ਤਾਂ ਝੁੱਮਕੇ ਬਚਾਉਣ ਲਈ ਪਿਸਤੌਲ ਵਾਲੇ ਆਦਮੀ ਤੋਂ ਖਹਿੜਾ ਛੁਡਾ ਕੇ ਨੇਹਾ ਵੱਲ ਭੱਜਾ। ਰਾਹੁਲ ਨੂੰ ਭੱਜਦਾ ਦੇਖ ਪਿਸਤੌਲ ਵਾਲੇ ਆਦਮੀ ਨੇ ਬਿਨਾਂ ਕੋਈ ਦੇਰੀ ਕੀਤਿਆਂ ਗੋਲੀ ਚਲਾ ਦਿੱਤੀ। ਗੋਲੀ ਰਾਹੁਲ ਦੇ ਜਾ ਵੱਜੀ। ਰਾਹੁਲ ਓਥੇ ਹੀ ਡਿੱਗ ਪਿਆ। ਰਾਹੁਲ ਦੇ ਗੋਲੀ ਵੱਜਣ ਕਰਕੇ ਨੇਹਾ ਨੇ ਉੱਚੀ ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਨਿਹੱਥੇ ਆਦਮੀ ਨੇ ਜਲਦੀ ਨਾਲ ਨੇਹਾ ਦਾ ਮੂੰਹ ਘੁੱਟ ਲਿਆ ਤਾਂ ਜੋ ਉਸਦੀ ਆਵਾਜ਼ ਨਾ ਨਿੱਕਲੇ। ਪਰ ਨੇਹਾ ਦੀਆਂ ਚੀਕਾਂ ਨੇ ਇੱਕ ਸਨਸਨੀ ਜਿਹੀ ਮਚਾ ਦਿੱਤੀ। ਫਿਰ ਚਾਕੂ ਵਾਲੇ ਨੇ ਨਿਹੱਥੇ ਆਦਮੀ ਦੀ ਮਦਦ ਨਾਲ ਨੇਹਾ ਨੂੰ ਚੁੱਕ ਕੇ ਗੱਡੀ ਵਿੱਚ ਸੁੱਟ ਦਿੱਤਾ ਤੇ ਪਿਸਤੌਲ ਵਾਲਾ ਗੱਡੀ ਚਲਾਉਣ ਲੱਗ ਪਿਆ। ਰਾਹੁਲ ਓਥੇ ਹੀ ਪਿਆ ਰਿਹਾ ਤੇ ਉਹ ਤਿੰਨੇ ਆਦਮੀ ਨੇਹਾ ਨੂੰ ਗੱਡੀ ਵਿੱਚ ਪਾ ਕੇ ਓਥੋਂ ਨਿਕਲ ਗਏ।

ਉਹ ਤਿੰਨੇ ਆਦਮੀ ਨੇਹਾ ਨੂੰ ਕਿਸੇ ਘਰ ਵਿੱਚ ਲੈ ਗਏ। ਇਹ ਇੱਕ ਤਰ੍ਹਾਂ ਦਾ ਗੈਸਟ ਹਾਊਸ ਸੀ। ਉਹਨਾਂ ਗੱਡੀ ਘਰ ਦੇ ਸਾਹਮਣੇ ਜਾ ਖੜੀ ਕੀਤੀ। ਇੱਕ ਜਲਦੀ ਨਾਲ ਗੱਡੀ ਵਿਚੋਂ ਉੱਤਰਿਆ ਤੇ ਨੇਹਾ ਦਾ ਮੂੰਹ ਘੁੱਟ ਕੇ ਧੂ ਕੇ ਗੱਡੀ ਵਿਚੋਂ ਲਾਉਣ ਲੱਗ ਪਿਆ। ਦੂਜਾ ਵੀ ਜਲਦੀ ਨਾਲ ਆਇਆ ਤੇ ਨੇਹਾ ਨੂੰ ਲੱਤਾਂ ਤੋਂ ਫੜ ਲਿਆ, ਤੀਜੇ ਨੇ ਭੱਜ ਕੇ ਜਾ ਕੇ ਘਰ ਦਾ ਬੂਹਾ ਖੋਲਿਆ। ਦੋਵਾਂ ਨੇ ਨੇਹਾ ਨੂੰ ਲੱਤਾਂ ਬਾਹਾਂ ਤੋਂ ਫੜ ਕੇ ਚੁੱਕ ਲਿਆ ਤੇ ਅੰਦਰ ਵੱਲ ਨੂੰ ਲੈ ਆਏ। ਨੇਹਾ ਨੇ ਹਰ ਨਾ-ਮੁਮਕਿਨ ਕੋਸ਼ਿਸ਼ ਕੀਤੀ ਉਹਨਾਂ ਤਿੰਨਾਂ ਤੋਂ ਖਹਿੜਾ ਛਡਾਉਣ ਦੀ ਪਰ ਉਸਦਾ ਕੋਈ ਵੱਸ ਨਾ ਚੱਲਿਆ। ਉਹ ਨੇਹਾ ਨੂੰ ਚੁੱਕ ਕੇ ਅੰਦਰ ਲੈ ਗਏ।

ਨੇਹਾ ਬਹੁਤ ਹੀ ਸੋਹਣੀ ਸੀ। ਉਸਦੀ ਸੁੰਦਰਤਾ ਕਿਸੇ ਨੂੰ ਵੀ ਮੋਹਿਤ ਕਰ ਸਕਦੀ ਸੀ। ਉਸ ਨੇ ਪੰਜਾਬੀ ਸੂਟ ਪਾਇਆ ਹੋਇਆ ਸੀ। ਉਹ ਪੁਰਾਣੀਆਂ ਫ਼ਿਲਮਾਂ ਦੀ ਅਦਾਕਾਰਾ ਦੇ ਵਾਂਗੂੰ ਲਗਦੀ ਸੀ। ਤਿੰਨਾਂ ਆਦਮੀਆਂ ਨੇ ਨੇਹਾ ਨੂੰ ਚੁੱਕ ਕੇ ਇੱਕ ਬੈੱਡਰੂਮ ਵਿੱਚ ਲੈ ਗਏ। ਇੱਕ ਨੇ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ। ਉਹਨਾਂ ਨੇਹਾ ਨੂੰ ਜਾ ਬੈੱਡ ਉੱਪਰ ਪਟਕਿਆਂ। ਨੇਹਾ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਫਿਰ ਅੱਗਿਓ ਇੱਕ ਨੇ ਫੜ ਲਿਆ ਤੇ ਆਪਣੇ ਕੰਨ੍ਹੇਰੇ ਚੁੱਕ ਕੇ ਬੈੱਡ ਉੱਪਰ ਜਾ ਸੁੱਟਿਆ। ਇੱਕ ਨੇ ਨੇਹਾ ਨੂੰ ਬਾਹਾਂ ਤੋਂ

ਫੜ ਲਿਆ ਤੇ ਦੂਸਰੇ ਨੇ ਲੱਤਾਂ ਤੋਂ। ਤੀਸਰੇ ਨੇ ਆਪਣੇ ਕੱਪੜੇ ਉਤਾਰਨੇ ਸ਼ੁਰੂ ਕਰ ਦਿੱਤੇ। ਨੇਹਾ ਨੂੰ ਹੁਣ ਇਹਨਾਂ ਦੇ ਇਰਾਦਿਆਂ ਦਾ ਸਪਸ਼ਟ ਰੂਪ ਦਿਖਾਈ ਦੇ ਰਿਹਾ ਸੀ। ਪਰ ਅਫ਼ਸੋਸ ਉਹ ਕੁਝ ਨਹੀਂ ਸੀ ਕਰ ਸਕਦੀ। ਕੁਝ ਪਲਾਂ ਵਿੱਚ ਹੀ ਉਸ ਨੇ ਨੇਹਾ ਨਾਲ ਦੁਰਕਰਮ ਕਰ ਦਿੱਤਾ। ਉਸ ਉਪਰੰਤ ਬਾਕੀ ਦੋਨਾਂ ਨੇ ਵੀ ਨੇਹਾ ਨਾਲ ਐਦਾਂ ਹੀ ਕੀਤਾ। ਕੁਝ ਪਲਾਂ ਵਿੱਚ ਹੀ ਉਹਨਾਂ ਨੇਹਾ ਦੀ ਜ਼ਿੰਦਗੀ ਸਵਰਗ ਤੋਂ ਨਰਕ ਕਰ ਦਿੱਤੀ। ਨੇਹਾ ਦਾ ਹਾਲ ਮਰਿਆ ਬਰਾਬਰ ਸੀ। ਉਸਦੀਆਂ ਚੀਕਾਂ ਨੇ ਪੂਰੇ ਘਰ ਨੂੰ ਹਿਲਾ ਕੇ ਰੱਖ ਦਿੱਤਾ ਸੀ। ਪਰ ਉਹਨਾਂ ਤਿੰਨਾਂ ਆਦਮੀਆਂ ਤੇ ਕੋਈ ਅਸਰ ਨਹੀਂ ਉਹਨਾਂ ਲਈ ਤੇ ਨੇਹਾ ਜਿਵੇਂ ਬਸ ਇੱਕ ਖਿਡੌਣੇ ਦੀ ਤਰ੍ਹਾਂ ਸੀ। ਜਿਸ ਨਾਲ ਖੇਡ ਕੇ ਉਹ ਆਪਣਾ ਮਨ ਪਰਚਾ ਰਹੇ ਸਨ।

ਨੇਹਾ ਦੀ ਹਾਲਤ ਦਾ ਕੋਈ ਅੰਦਾਜ਼ਾ ਵੀ ਨਹੀਂ ਸੀ ਲਗਾ ਸਕਦਾ ਕਿ ਉਹ ਕਿੰਨੀ ਪੀੜਾ ਸਹਿਣ ਕਰ ਰਹੀ ਹੈ। ਨੇਹਾ ਨਾਲ ਦੁਰਕਰਮ ਕਰਨ ਪਿੱਛੋਂ ਉਹਨਾਂ ਤਿੰਨਾਂ ਨੇ ਆਪਣੇ ਆਪਣੇ ਕੱਪੜੇ ਪਾਏ ਤੇ ਕਮਰੇ ਵਿਚੋਂ ਬਾਹਰ ਹੋ ਗਏ ਤੇ ਦਰਵਾਜ਼ੇ ਨੂੰ ਬਾਹਰੋਂ ਬੰਦ ਕਰ ਦਿੱਤਾ। ਨੇਹਾ ਓਸੇ ਤਰ੍ਹਾਂ ਹੀ ਆਪਣੀ ਹਾਲਤ ਲਈ ਖ਼ੂਨ ਦੇ ਅੱਥਰੂ ਵਹਾਉਂਦੀ ਰਹੀ। ਨੇਹਾ ਲਈ ਬਾਹਰ ਜਾਣ ਦੇ ਸਾਰੇ ਰਸਤੇ ਬੰਦ ਸਨ। ਤੇ ਨਾ ਹੀ ਉਹ ਇਸ ਹਾਲਤ ਵਿੱਚ ਕਿਤੇ ਜਾ

ਸਕਦੀ ਸੀ। ਕਮਰੇ ਤੋਂ ਬਾਹਰ ਆ ਕੇ ਉਹ ਸਾਰੀ ਰਾਤ ਸ਼ਰਾਬ ਪੀਂਦੇ ਰਹੇ ਤੇ ਨਸ਼ੇ ਵਾਲੇ ਟੀਕੇ ਲਾਉਂਦੇ ਰਹੇ। ਸਾਰੀ ਰਾਤ ਐਦਾਂ ਹੀ ਲੰਘ ਗਈ।

ਅਗਲੀ ਸਵੇਰ ਇੱਕ ਆਦਮੀ ਉਠਿਆ ਤੇ ਜਿੱਥੇ ਨੇਹਾ ਪਈ ਸੀ ਉਸ ਕਮਰੇ ਵੱਲ ਵਧਿਆ। ਉਸ ਨੇ ਕਮਰੇ ਦਾ ਦਰਵਾਜ਼ਾ ਖੋਲਿਆ ਤੇ ਅੰਦਰ ਵੜ ਗਿਆ। ਨੇਹਾ ਓਸੇ ਤਰ੍ਹਾਂ ਹੀ ਬੈਡ ਉੱਪਰ ਪਈ ਹੋਈ ਸੀ ਜਿਵੇਂ ਉਹ ਰਾਤ ਸੀ। ਉਸ ਆਦਮੀ ਨੇ ਫਿਰ ਨੇਹਾ ਨਾਲ ਰਾਤ ਵਾਂਗੂੰ ਹੀ ਜ਼ਬਰਦਸਤੀ ਕਰਨੀ ਸ਼ੁਰੂ ਕਰ ਦਿੱਤੀ। ਨੇਹਾ ਦੀ ਵਿਰੋਧਤਾ ਦੀ ਹੱਦ ਖਤਮ ਹੋ ਗਈ। ਇਸ ਤੋਂ ਬਾਅਦ ਇਹ ਤਿੰਨੋਂ ਆਦਮੀ ਨੇਹਾ ਨਾਲ ਰੋਜ਼ ਜਾਨਵਰਾਂ ਵਾਲਾ ਵਿਵਹਾਰ ਕਰਦੇ ਰਹੇ। ਉਸ ਨੂੰ ਨਸ਼ੇ ਦੇ ਟੀਕੇ ਲਗਾਉਂਦੇ, ਜ਼ਬਰਦਸਤੀ ਸ਼ਰਾਬ ਪਿਆਲਦੇ, ਰੋਟੀ ਘੱਟ ਖਵਾਲਦੇ ਤੇ ਸੋਸ਼ਣ ਜਿਆਦਾ ਕਰਦੇ। ਐਦਾਂ ਹੀ ਕਰੀਬ ਇੱਕ ਮਹੀਨਾ ਲੰਘ ਗਿਆ। ਇਸ ਇੱਕ ਮਹੀਨੇ ਵਿੱਚ ਨੇਹਾ ਸਿਰਫ ਇੱਕ ਲਾਸ਼ ਦੀ ਤਰ੍ਹਾਂ ਹੀ ਰਹਿ ਗਈ ਸੀ ਜਾਂ ਸਿਰਫ ਇੱਕ ਖਿਡੌਣਾ। ਜਾਨਵਰ ਆਉਂਦੇ ਸੀ ਤੇ ਆਪਣੀ ਹਵਸ਼ ਦਾ ਸ਼ਿਕਾਰ ਬਣਾ ਲੈਂਦੇ ਸੀ। ਐਥੋਂ ਤੱਕ ਕਿ ਨੇਹਾ ਨੇ ਇਹਨਾਂ ਦਿਨਾਂ ਵਿੱਚ ਆਪਣੇ ਤਨ ਨੂੰ ਇੱਕ ਵਾਰ ਵੀ ਨਹੀਂ ਸੀ ਢੱਕਿਆ। ਉਸਨੂੰ ਇੰਝ ਜਾਪਣ ਲੱਗ ਪਿਆ ਸੀ ਜਿਵੇਂ ਹੁਣ ਇਸ ਤੋਂ ਅੱਗੇ

ਉਸ ਦੀ ਜ਼ਿੰਦਗੀ ਖ਼ਤਮ ਹੈ। ਨੇਹਾ ਨੇ ਇੱਕ ਦੋ ਵਾਰ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਵੀ ਕੀਤੀ। ਪਰ ਨਾ-ਕਾਮ ਰਹੀ।

ਇੱਕ ਦਿਨ ਉਹ ਤਿੰਨੋਂ ਪਾਪੀ ਘਰ ਤੋਂ ਬਾਹਰ ਗਏ ਸਨ ਤੇ ਨੇਹਾ ਦਾ ਕਮਰਾ ਬੰਦ ਕਰਨਾ ਭੁੱਲ ਗਏ। ਨੇਹਾ ਨੇ ਇਸ ਮੌਕੇ ਦਾ ਫਾਇਦਾ ਚੁੱਕਿਆ ਤੇ ਕਮਰੇ ਵਿੱਚ ਪਈ ਇੱਕ ਅਲਮਾਰੀ ਵਿੱਚੋਂ ਇੱਕ ਕੁੜਤਾ ਕੱਢਿਆ ਤੇ ਪਾ ਲਿਆ। ਇਹ ਇੱਕ ਚਿੱਟੇ ਰੰਗ ਦਾ ਕੁੜਤਾ ਸੀ। ਜੋ ਨੇਹਾ ਦੇ ਮੇਚ ਦਾ ਬਿਲਕੁਲ ਨਹੀਂ ਸੀ। ਪਰ ਨੇਹਾ ਦੇ ਹੱਥ ਜੋ ਪਹਿਲਾਂ ਲੱਗਾ ਉਸ ਨੇ ਪਾ ਕੇ ਓਥੋਂ ਨਿਕਲਣ ਦੀ ਕੀਤੀ। ਜਦੋਂ ਉਹ ਘਰ ਤੋਂ ਬਾਹਰ ਆਈ ਤਾ ਉਸਨੇ ਦੇਖਿਆ ਕਿ ਐਥੇ ਤਾਂ ਸਿਰਫ ਇੱਕ ਹੀ ਘਰ ਸੀ ਜਿਸ ਵਿੱਚ ਨੇਹਾ ਕੈਦ ਸੀ ਹੋਰ ਆਸ-ਪਾਸ ਦੂਰ-ਦੂਰ ਤੱਕ ਕੋਈ ਘਰ ਨਜ਼ਰ ਨਹੀਂ ਸੀ ਆਉਂਦਾ। ਨੇਹਾ ਪੈਰਾਂ ਤੋਂ ਨੰਗੀ ਸੀ ਤੇ ਵਾਲ ਖਿਲਰੇ ਹੋਏ ਸਨ। ਉਹ ਜਲਦੀ ਨਾਲ ਓਥੋਂ ਭੱਜੀ ਜਿੱਧਰ ਵੀ ਉਸ ਨੂੰ ਰਸਤਾ ਨਜ਼ਰ ਆਇਆ। ਕਾਫੀ ਦੇਰ ਭੱਜਣ ਪਿੱਛੋਂ ਉਹ ਇੱਕ ਸੁਮੰਦਰ ਕਿਨਾਰੇ ਪੁੱਜ ਗਈ। ਜਿਥੋਂ ਤੱਕ ਨਜ਼ਰ ਜਾਵੇ ਬਸ ਸੁਮੰਦਰ ਹੀ ਸੀ। ਉਹ ਜਾ ਕੇ ਕਿਨਾਰੇ ਤੇ ਬੈਠ ਗਈ। ਕੁਝ ਦੇਰ ਬੈਠਣ ਪਿੱਛੋਂ ਉਹ ਆਪਣੀ ਹਾਲਤ ਲਈ ਉੱਚੀ-ਉੱਚੀ ਰੋਣ ਲੱਗ ਪਈ। ਉਸਦੀ

ਆਵਾਜ਼ ਸੁਣਨ ਵਾਲਾ ਐਥੇ ਕੋਈ ਨਹੀਂ ਸੀ ਜਾਪਦਾ। ਉਸਦੀ ਆਵਾਜ਼ ਸੁਮੰਦਰ ਦੇ ਪਾਣੀ ਵਾਂਗ ਗੂੰਜ ਰਹੀ ਸੀ।

ਪਰ ਅਫ਼ਸੋਸ ਉਸ ਨੂੰ ਆਪਣੇ ਅੱਗੇ ਪਿੱਛੇ ਕੁਝ ਨਜ਼ਰ ਨਹੀਂ ਸੀ ਆ ਰਿਹਾ। ਉਸਦੀ ਜ਼ਿੰਦਗੀ ਤਾਂ ਰੇਤ ਉੱਪਰ ਲਿਖੇ ਜਾਣ ਵਾਲੇ ਨਾਮ ਬਰਾਬਰ ਲੱਗ ਰਹੀ ਸੀ ਜੋ ਪਾਣੀ ਦੀ ਇੱਕ ਲਹਿਰ ਕਾਰਨ ਮਿੱਟਦੀ ਜਾ ਰਹੀ ਸੀ। ਕਾਫੀ ਦੇਰ ਸੋਚਣ ਤੋਂ ਬਾਅਦ ਉਸ ਨੂੰ ਆਪਣੀ ਜ਼ਿੰਦਗੀ ਨੂੰ ਬਸ ਐਥੇ ਹੀ ਖ਼ਤਮ ਕਰਨਾ ਸਹੀ ਲੱਗਾ। ਉਸਨੇ ਆਪਣੇ ਅੱਥਰੂ ਪੂੰਝੇ ਤੇ ਉੱਠ ਕੇ ਸੁਮੰਦਰ ਵੱਲ ਨੂੰ ਤੁਰ ਪਈ। ਅਜੇ ਉਸ ਨੇ ਸੁਮੰਦਰ ਵਿੱਚ ਡੁਬਕੀ ਮਾਰੀ ਹੀ ਸੀ ਕਿ ਇੱਕ ਆਦਮੀ ਨੇ ਦੇਖ ਲਿਆ। ਉਹ ਜਲਦੀ ਨਾਲ ਨੇਹਾ ਵੱਲ ਨੂੰ ਭੱਜਾ ਤੇ ਮੰਗਰੇ ਹੀ ਡੁੱਬਕੀ ਮਾਰ ਦਿੱਤੀ। ਉਸ ਨੇ ਨੇਹਾ ਨੂੰ ਮਰਨ ਤੋਂ ਬਚਾ ਲਿਆ ਤੇ ਬਚਾ ਕੇ ਬਾਹਰ ਕੱਢ ਲਿਆਂਦਾ। ਪਾਣੀ ਨੇਹਾ ਦੇ ਅੰਦਰ ਤੱਕ ਚਲਾ ਗਿਆ ਸੀ। ਉਸ ਆਦਮੀ ਨੇ ਨੇਹਾ ਦੇ ਢਿੱਡ ਨੂੰ ਦਬਾ ਕੇ ਪਾਣੀ ਬਾਹਰ ਕੱਢਿਆ। ਉਸ ਤੋਂ ਬਾਅਦ ਨੇਹਾ ਨੂੰ ਹੋਸ਼ ਆਈ ਤੇ ਉਹ ਫਿਰ ਉੱਚੀ ਉੱਚੀ ਰੋਣ ਲੱਗ ਪਈ। ਉਸ ਆਦਮੀ ਨੇ ਨੇਹਾ ਨੂੰ ਚੁੱਪ ਕਰਾਉਂਦੇ ਆਖਿਆ...

ਆਦਮੀ - ਚੁੱਪ ਕਰ ਭੈਣਾਂ ਕੀ ਗੱਲ ਹੋਈ ਆ ਕਿਉਂ ਮਰਨ ਲੱਗੀ ਸੀ?

ਉਸ ਆਦਮੀ ਦੀ ਗੱਲ ਸੁਣ ਕੇ ਨੇਹਾ ਹੋਰ ਉੱਚੀ ਉੱਚੀ ਰੋਣ ਲੱਗ ਪਈ।

ਉਸ ਆਦਮੀ ਨੇ ਫਿਰ ਨੇਹਾ ਨੂੰ ਬੜੇ ਜ਼ੋਰ ਨਾਲ ਚੁੱਪ ਕਰਾਇਆ ਤੇ ਆਪਣੇ ਬਾਰੇ ਦੱਸਿਆ।

ਆਦਮੀ - ਮੇਰਾ ਨਾਮ ਬਲਰਾਮ ਹੈ ਤੇ ਥੋੜੀ ਹੀ ਦੂਰ ਮੇਰਾ ਘਰ ਹੈ। ਤੂੰ ਦੱਸ, ਤੂੰ ਐਥੇ ਕਿੱਦਾਂ ਆਈ। ਨਾਲੇ ਮਰਨ ਕਿਉਂ ਲੱਗੀ ਸਾਂ?

ਨੇਹਾ ਨੇ ਆਪਣੇ ਅੱਥਰੂ ਪੂੰਝੇ ਤੇ ਬਲਰਾਮ ਨੂੰ ਆਪਣੇ ਬਾਰੇ ਦੱਸਿਆ, ਬਲਰਾਮ ਉਸ ਨੂੰ ਸਹੀ ਬੰਦਾ ਲੱਗਾ ਜੋ ਕਿ ਉਸਦੀ ਮਦਦ ਕਰ ਰਿਹਾ ਸੀ। ਉਸ ਨੇ ਬਲਰਾਮ ਨੂੰ ਆਪਣੀ ਸਾਰੀ ਹੱਡ-ਬੀਤੀ ਸੁਣਾਈ ਜਿਵੇਂ-ਜਿਵੇਂ ਉਸ ਨਾਲ ਹੋਈ ਸੀ। ਬਲਰਾਮ ਨੇ ਉਸ ਦੀ ਸਾਰੀ ਗੱਲ ਬੜੇ ਧਿਆਨ ਨਾਲ ਸੁਣੀ ਤੇ ਫਿਰ ਉਸ ਨੂੰ ਦਿਲਾਸਾ ਦਿੰਦੇ ਹੋਏ ਆਖਿਆ।

ਬਲਰਾਮ - ਚੱਲ ਕੋਈ ਨਾ ਭੈਣਾਂ ਹੁਣ ਤੂੰ ਘਬਰਾ ਨਾ ਮੈਂ ਤੇਰੇ ਨਾਲ ਹਾਂ ਤੇਰਾ ਵਾਲ ਵੀ ਵਿੰਗਾ ਨਹੀਂ ਹੋਣ ਦੇਂਦਾ। ਚੱਲ ਉੱਠ ਆ ਥੋੜੀ ਹੀ ਦੂਰ ਮੇਰਾ ਘਰ ਆ।

ਨੇਹਾ ਨੇ ਉਸ ਆਦਮੀ ਤੇ ਭਰੋਸਾ ਜਤਾਇਆ ਤੇ ਉੱਠ ਕੇ ਉਸ ਦੇ ਨਾਲ ਤੁਰ ਪਈ। ਕੁਝ ਦੇਰ ਜਾਣ ਪਿੱਛੋਂ ਉਹ ਇੱਕ ਘਰ ਪੁੱਜੇ ਜਿਸ ਨੂੰ ਬਲਰਾਮ ਆਪਣਾ ਦੱਸਦਾ ਸੀ। ਘਰ ਵਿੱਚ ਕੋਈ ਨਹੀਂ ਸੀ। ਨੇਹਾ ਨੇ ਪੁੱਛਿਆ..

ਨੇਹਾ - ਕੀ ਏਥੇ ਤੁਹਾਡੇ ਬਿਨਾਂ ਕੋਈ ਨਹੀਂ ਰਹਿੰਦਾ?

ਬਲਰਾਮ - ਨਹੀਂ ਏਥੇ ਬੱਸ ਮੈਂ ਰਹਿੰਦਾ ਹਾਂ, ਮੱਛੀਆਂ ਫੜਦਾ ਹਾਂ ਤੇ ਸ਼ਹਿਰ ਵੇਚਦਾ ਹਾਂ। ਤੂੰ ਡਰ ਨਾ ਅੱਜ ਦਾ ਵਕਤ ਲੰਘਾ ਤੇ ਸਵੇਰੇ ਮੈਂ ਤੈਨੂੰ ਸ਼ਹਿਰ ਛੱਡ ਆਵਾਂਗਾ।

ਨੇਹਾ ਨੂੰ ਹੋਰ ਕੋਈ ਰਾਹ ਵੀ ਨਜ਼ਰ ਨਾ ਆਇਆ ਤੇ ਉਸਨੂੰ ਓਸੇ ਘਰ ਰਹਿਣਾ ਸਹੀ ਲੱਗਾ।

ਬਲਰਾਮ - ਚੱਲ ਤੂੰ ਆਰਾਮ ਕਰ ਮੈਂ ਰਾਤ ਦੇ ਖਾਣੇ ਦਾ ਪ੍ਰਬੰਧ ਕਰ ਕੇ ਲਿਆਉਂਦਾ ਹਾਂ।

ਐਨਾ ਕਹਿ ਕੇ ਬਲਰਾਮ ਓਥੋਂ ਰਾਤ ਦੇ ਭੋਜਨ ਦਾ ਪ੍ਰਬੰਧ ਕਰਨ ਲਈ ਨਿਕਲ ਗਿਆ ਤੇ ਨੇਹਾ ਘਰ ਦੇ ਅੰਦਰ ਚਲੀ ਗਈ। ਇਹ ਘਰ ਇੱਕ ਕੁਟੀਆ ਸਮਾਨ ਸੀ। ਬਸ ਰਹਿਣ ਲਈ ਛੋਟੇ ਜਿਹੇ ਆਸਰੇ ਵਾਂਗ। ਨੇਹਾ ਘਰ ਅੰਦਰ ਜਾ ਕੇ ਭੁੰਝੇ ਵਿਛੀ ਇੱਕ

ਚਾਰਪਾਈ ਤੇ ਜਾ ਕੇ ਲੇਟ ਗਈ ਤੇ ਜਲਦੀ ਹੀ ਉਸ ਨੂੰ ਨੀਂਦ ਆ ਗਈ।

ਸ਼ਾਮ ਹੋ ਗਈ ਤੇ ਅਚਾਨਕ ਦਰਵਾਜ਼ਾ ਖੱਟਕਿਆ। ਨੇਹਾ ਨੇ ਜਦਲੀ ਨਾਲ ਦਰਵਾਜ਼ਾ ਖੋਲਿਆ। ਉਹ ਹੈਰਾਨ ਹੋ ਗਈ ਕਿਉਂਕਿ ਬਲਰਾਮ ਦੇ ਨਾਲ ਇੱਕ ਅੱਧ-ਖੜ ਉਮਰ ਦੀ ਔਰਤ ਸੀ ਤੇ ਨਾਲ ਬਲਰਾਮ ਤੋਂ ਇਲਾਵਾ ਦੋ ਆਦਮੀ ਹੋਰ ਸਨ ਜੋ ਕੇ ਇੱਕ ਗੱਡੀ ਵਿਚ ਆਏ ਸਨ। ਨੇਹਾ ਨੂੰ ਦੇਖਦੇ ਹੀ ਉਹ ਔਰਤ ਬੋਲੀ..

ਔਰਤ - ਬਲਰਾਮ ਤੂੰ ਤਾਂ ਕਹਿੰਦਾ ਸੀ ਕੁੜੀ ਠੀਕ ਠਾਕ ਹੈ ਪਰ ਇਹ ਤਾਂ ਪੂਰਾ ਮਾਲ ਹੈ। ਜਾ, ਤੂੰ ਵੀ ਕੀ ਯਾਦ ਕਰੇਗਾ ਕੀਮਤ ਦੁਗਣੀ ਮਿਲੂਗੀ।

ਬਲਰਾਮ - ਸ਼ੁਕਰੀਆ ਜਾਨਕਾ ਬਾਈ।

ਨੇਹਾ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਇਹ ਸਭ ਹੋ ਕੀ ਰਿਹਾ ਸੀ ਉਹ ਸਭ ਨੂੰ ਬੜੀ ਹੈਰਾਨੀ ਭਰੀ ਨਜ਼ਰ ਨਾਲ ਦੇਖ ਰਹੀ ਸੀ। ਉਸੇ ਵਕਤ ਜਾਨਕਾ ਬਾਈ ਨੇਹਾ ਵੱਲ ਨੂੰ ਵਧੀ ਤੇ ਉਸ ਨੂੰ ਠੋਡੀ ਤੋਂ ਫੜ ਕੇ ਕਿਹਾ...

ਜਾਨਕਾ ਬਾਈ - ਕਿੰਨੀ ਉਮਰ ਆ ਤੇਰੀ ਕੁੜੀਏ?

ਨੇਹਾ ਨੇ ਸਹਿਮੀ ਜਿਹੀ ਆਵਾਜ਼ ਵਿੱਚ ਕਿਹਾ...

ਨੇਹਾ - ਛੱਬੀ ਸਾਲ।

ਨੇਹਾ ਦੀ ਐਨੀ ਗੱਲ ਸੁਣ ਕੇ ਜਾਨਕਾ ਬਾਈ ਆਪਣੀ ਗੱਡੀ ਵੱਲ ਨੂੰ ਵਧੀ ਤੇ ਨਾਲ ਵਾਲੇ ਬੰਦਿਆਂ ਨੂੰ ਕਿਹਾ...

ਜਾਨਕਾ ਬਾਈ - ਲਿਆਓ ਭੀ ਇਹਨੂੰ ਗੱਡੀ ਚ'।

ਜਾਨਕਾ ਬਾਈ ਦਾ ਹੁਕਮ ਸੁਣਦੇ ਸਾਰ ਨਾਲ ਵਾਲੇ ਬੰਦਿਆਂ ਨੇ ਨੇਹਾ ਨੂੰ ਬਾਹਾਂ ਤੋਂ ਫੜ ਕੇ ਧੱਕੇ ਨਾਲ ਗੱਡੀ ਵਿਚ ਬਿਠਾ ਦਿੱਤਾ। ਫਿਰ ਇੱਕ ਬੰਦੇ ਨੇ ਬਲਰਾਮ ਨੂੰ ਕੁਝ ਪੈਸੇ ਦਿੱਤੇ। ਇਹ ਦੇਖ ਨੇ ਨੇਹਾ ਨੂੰ ਸਮਝ ਆ ਗਿਆ ਕਿ ਜਿਸ ਬੰਦੇ ਨੇ ਉਸ ਨੂੰ ਭੈਣ ਕਿਹਾ ਸੀ ਓਸੇ ਨੇ ਉਸ ਦਾ ਮੁੱਲ ਪਾ ਦਿੱਤਾ। ਨੇਹਾ ਚੀਕਾਂ ਮਾਰਦੀ ਰਹੀ ਪਰ ਹੁਣ ਕੋਈ ਫਾਇਦਾ ਨਹੀਂ ਸੀ ਉਸ ਦਾ ਇਸ ਤਰ੍ਹਾਂ ਚੀਕਾਂ ਮਾਰਨ ਦਾ। ਬਲਰਾਮ ਨੇ ਆਪਣੇ ਪੈਸੇ ਲਏ ਤੇ ਓਥੇ ਹੀ ਰੁੱਕ ਗਿਆ ਬਾਕੀ ਨਾਲ ਵਾਲੇ ਦੋਵੇਂ ਬੰਦੇ ਜਾਨਕਾ ਬਾਈ ਦੇ ਨਾਲ ਗੱਡੀ ਵਿੱਚ ਬੈਠ ਕੇ ਓਥੋਂ ਨਿਕਲ ਗਏ।

ਕੁਝ ਦੇਰ ਪਿੱਛੋਂ ਉਹ ਇੱਕ ਸ਼ਹਿਰ ਆ ਪੁੱਜੇ। ਉਹਨਾਂ ਗੱਡੀ ਇੱਕ ਬਾਜ਼ਾਰੂ ਔਰਤਾਂ ਦੇ ਕਸਬੇ ਵਿੱਚ ਜਾ ਖੜੀ ਕੀਤੀ। ਜਾਨਕਾ ਬਾਈ ਗੱਡੀ ਵਿਚੋਂ ਉਤਰੀ ਤੇ ਨਾਲ ਹੀ ਦੋਵੇਂ ਆਦਮੀ ਵੀ ਉੱਤਰ

ਗਏ। ਉਹਨਾਂ ਜਲਦੀ ਨਾਲ ਨੇਹਾ ਨੂੰ ਵੀ ਗੱਡੀ ਵਿੱਚੋ ਉਤਾਰਿਆ। ਨੇਹਾ ਬਿਲਕੁਲ ਚੁੱਪ ਬੈਠੀ ਸੀ। ਕਿਉਂਕਿ ਉਸਨੂੰ ਅਹਿਸਾਸ ਹੋ ਗਿਆ ਸੀ ਹੁਣ ਉਸ ਨੂੰ ਇਸ ਰਾਹ ਵਿਚੋਂ ਕੋਈ ਨਹੀਂ ਕੱਢ ਸਕਦਾ ਇਸ ਲਈ ਚੁੱਪ ਰਹਿਣਾ ਹੀ ਬੇਹਤਰ ਹੈ। ਗੱਡੀ ਵਿਚੋਂ ਉਤਰਨ ਪਿੱਛੋਂ ਉਹ ਇੱਕ ਚੁਬਾਰੇ ਵੱਲ ਨੂੰ ਵਧੇ ਜੋ ਕਿ ਇੱਕ ਕੋਠਾ ਸੀ। ਜਿਥੇ ਨੇਹਾ ਤੋਂ ਵੀ ਛੋਟੀ ਤੇ ਵੱਡੀ ਉਮਰ ਦੀਆਂ ਤੇ ਸੋਹਣੀਆਂ ਸੋਹਣੀਆਂ ਕੁੜੀਆਂ ਪਹਿਲਾਂ ਹੀ ਹਾਜ਼ਰ ਸਨ। ਨੇਹਾ ਇਸ ਮਾਹੌਲ ਨੂੰ ਦੇਖ ਕੇ ਆਪਣੇ ਆਪ ਨੂੰ ਕੋਸ਼ ਰਹੀ ਸੀ ਕਿ ਉਸਨੂੰ ਮੌਤ ਕਿਉਂ ਨਹੀਂ ਆ ਰਹੀ। ਪਰ ਉਸਦਾ ਤਾਂ ਹੁਣ ਮਰਨ ਉਪਰ ਵੀ ਆਪਣਾ ਹੱਕ ਨਹੀਂ ਸੀ ਰਿਹਾ। ਬੱਸ ਉਹ ਦਿਨ ਕੱਟ ਰਹੀ ਸੀ। ਓਥੇ ਹਾਜ਼ਿਰ ਸਾਰੀਆਂ ਔਰਤਾਂ ਜਾਨਕਾ ਬਾਈ ਨੂੰ ਸਲਾਮ ਕਰ ਰਹੀਆਂ ਸਨ। ਜਿਸ ਤੋਂ ਸਾਫ ਜ਼ਾਹਿਰ ਹੁੰਦਾ ਸੀ ਕਿ ਜਾਨਕਾ ਬਾਈ ਸਭ ਦੀ ਪ੍ਰਧਾਨ ਹੋਵੇ। ਜਾਨਕਾ ਬਾਈ ਨੇ ਦੋ ਔਰਤਾਂ ਨੂੰ ਆਵਾਜ਼ ਮਾਰੀ...

ਜਾਨਕਾ ਬਾਈ - ਸ਼ਰਮੀਲਾ, ਵੰਦਨਾ ਏਧਰ ਆਵੋ। ਲੈ ਕੇ ਜਾਵੋ ਇਸ ਨੂੰ ਤੇ ਤਿਆਰ ਕਰ ਕੇ ਮੇਰੇ ਕਮਰੇ ਵਿੱਚ ਲੈ ਕੇ ਆਵੋ।

ਜਾਨਕਾ ਬਾਈ ਦੀ ਗੱਲ ਸੁਣਦੇ ਹੀ ਦੋਵੇਂ ਔਰਤਾਂ ਨੇਹਾ ਨੂੰ ਨਾਲ ਲੈ ਕੇ ਇੱਕ ਕਮਰੇ ਵਿੱਚ ਚਲੀਆਂ ਗਈਆਂ। ਨੇਹਾ ਵੀ ਚੁੱਪ ਚਾਪ ਉਹਨਾਂ ਦੇ ਨਾਲ ਚਲੀ ਗਈ।

ਕੁਝ ਦੇਰ ਪਿੱਛੋਂ ਸ਼ਰਮੀਲਾ ਨੇਹਾ ਨੂੰ ਤਿਆਰ ਕਰ ਕੇ ਜਾਨਕਾ ਬਾਈ ਦੇ ਕਮਰੇ ਵਿੱਚ ਲੈ ਗਈ। ਜਾਨਕਾ ਬਾਈ ਇੱਕ ਪਲੰਗ ਤੇ ਬੈਠੀ ਹੋਈ ਸੀ ਤੇ ਕਿਸੇ ਆਦਮੀ ਨਾਲ ਗੱਲ ਕਰ ਰਹੀ ਸੀ।

ਜਾਨਕਾ ਬਾਈ - ਸੇਠ ਜੀ ਦਾਮ ਤਾਂ ਐਨਾ ਹੀ ਲੱਗੇਗਾ। ਬਾਕੀ ਆਪ ਖੁੱਦ ਮਾਲ ਦੇਖ ਲਿਓ। ਨਾਲੇ ਤੁਹਾਨੂੰ ਕਦੇ ਮਾੜਾ ਮਾਲ ਦਿੱਤਾ ਹੈ।

ਸੇਠ - ਓਹ ਤਾਂ ਹੈ ਜਾਨਕਾ ਬਾਈ, ਪਰ ਇਸ ਵਾਰ ਦਾਮ ਕੁਝ ਜਿਆਦਾ ਵਧਾ ਦਿੱਤਾ ਤੁਸੀਂ।

ਜਾਨਕਾ ਬਾਈ - ਸੇਠ ਜੀ ਮਾਲ ਵੀ ਤਾਂ ਦੇਖੋ।

ਐਨੇ ਨੂੰ ਨੇਹਾ ਉਹਨਾਂ ਦੇ ਕੋਲ ਆ ਪੁੱਜੀ। ਨੇਹਾ ਇਹ ਸਭ ਸੁਣ ਚੁਕੀ ਸੀ। ਨੇਹਾ ਨੂੰ ਦੇਖਦੇ ਹੀ ਜਾਨਕਾ ਬਾਈ ਨੇ ਕਿਹਾ ..

ਜਾਨਕਾ ਬਾਈ - ਲਵੋ ਸੇਠ ਜੀ ਆ ਗਿਆ ਆਪ ਦਾ ਮਾਲ, ਨਜ਼ਰ ਮਾਰ ਲੋ ਇੱਕ ਵਾਰ।

ਸੇਠ ਨੇਹਾ ਨੂੰ ਦੇਖ ਕੇ ਦੰਗ ਹੀ ਰਹਿ ਗਿਆ। ਨੇਹਾ ਜਾਨਕਾ ਦੀ ਤਰੀਫ ਤੋਂ ਕੀਤੇ ਜਿਆਦਾ ਸੋਹਣੀ ਸੀ। ਸੇਠ ਨੇ ਬਿਨਾਂ ਕੋਈ ਦੇਰੀ ਕੀਤੇ ਜਾਨਕਾ ਬਾਈ ਨੂੰ ਆਖਿਆ..

ਸੇਠ - ਠੀਕ ਹੈ ਜਾਨਕਾ ਬਾਈ ਮੈਂ ਓਨੀ ਹੀ ਕੀਮਤ ਦੇਵਾਂਗਾ ਜਿੰਨੀ ਤੁਸੀਂ ਕਹੋ।

ਸੇਠ ਨੇ ਜਲਦੀ ਨਾਲ ਜਾਨਕਾ ਬਾਈ ਨੂੰ ਪੈਸੇ ਦਿੱਤੇ ਤੇ ਨੇਹਾ ਨੂੰ ਬਾਹੋਂ ਫੜ ਕੇ ਇੱਕ ਕਮਰੇ ਵੱਲ ਲੈ ਗਿਆ। ਨੇਹਾ ਨੂੰ ਸਮਝ ਆ ਗਿਆ ਸੀ ਕੇ ਹੁਣ ਨਿੱਤ ਉਸਦੀ ਬੋਲੀ ਲੱਗੇਗੀ ਤੇ ਮੁੱਲ ਪਵੇਗਾ। ਪਰ ਉਸਦਾ ਕੋਈ ਵੱਸ ਨਹੀਂ ਸੀ। ਉਹ ਜਾਨਵਰਾਂ ਦੇ ਚੁੰਗਲ ਚੋਂ ਮਸਾਂ ਛੁੱਟੀ ਸੀ ਤੇ ਫਿਰ ਜੰਗਲ ਵਿੱਚ ਹੀ ਫੱਸ ਗਈ ਸੀ। ਜਿਸ ਵਿਚੋਂ ਬਾਹਰ ਜਾਣ ਦਾ ਕੋਈ ਰਸਤਾ ਨਜ਼ਰ ਨਹੀਂ ਸੀ ਆਉਂਦਾ।

ਕਮਰੇ ਵਿੱਚ ਜਾ ਕੇ ਸੇਠ ਨੇ ਦਰਵਾਜੇ ਨੂੰ ਕੁੰਡੀ ਲਗਾ ਲਈ ਤੇ ਨੇਹਾ ਦਾ ਅਪਰਾਧੀ ਬਣਨਲਈ ਤਿਆਰ ਹੋ ਗਿਆ। ਨੇਹਾ ਤਾਂ ਬਸ ਹੁਣ ਇੱਕ ਕਠਪੁਤਲੀ ਦੀ ਤਰ੍ਹਾਂ ਸੀ ਜਿਵੇਂ ਕੋਈ ਚਾਉਂਦਾ ਸੀ ਨਚਾਈ ਜਾਂਦਾ ਸੀ। ਨੇਹਾ ਨੇ ਸੇਠ ਦਾ ਕੋਈ ਵਿਰੋਧ ਨਾ ਕੀਤਾ ਤੇ

ਆਪਣਾ ਸੋਸ਼ਣ ਕਰਵਾਉਣ ਲਈ ਤਿਆਰ ਹੋ ਗਈ। ਇਹ ਲਗਾਤਾਰ ਹੋਣ ਲੱਗ ਪਿਆ।

ਕੀ ਨੇਹਾ ਦੀ ਪੀੜ ਸਿਰਫ ਜਿਸਮਾਨੀ ਸੀ? ਜਿਸਮਾਨੀ ਪੀੜਾ ਤੱਦ ਤੱਕ ਹੀ ਹੁੰਦੀ ਹੈ ਜੱਦ ਤੱਕ ਜਿਸਮ ਉਸਨੂੰ ਝੱਲਦਾ ਰਹਿੰਦਾ ਹੈ। ਜਦੋਂ ਜਿਸਮਾਨੀ ਪੀੜਾ ਹੋਈ ਖ਼ਤਮ ਹੋ ਜਾਂਦੀ ਤਾਂ ਫਿਰ ਪੀੜ ਰੂਹ ਤੱਕ ਜਾਂਦੀ ਹੈ। ਜਿਸਮ ਦੇ ਜ਼ਖ਼ਮ ਤਾਂ ਹੋਲੀ ਹੋਲੀ ਭਰ ਜਾਂਦੇ ਨੇ ਪਰ ਰੂਹ ਦੇ ਜ਼ਖਮ ਸਾਰੀ ਉਮਰ ਤੱਕ ਬਣੇ ਰਹਿੰਦੇ ਨੇ। ਨੇਹਾ ਦੀ ਜ਼ਿੰਦਗੀ ਕੁਝ ਪਲਾਂ ਵਿੱਚ ਹੀ ਸਵਰਗ ਤੋਂ ਨਰਕ ਹੋ ਗਈ। ਇਸ ਵਿੱਚ ਦੋਸ਼ ਕਿਸਦਾ ਹੈ? ਉਹਨਾਂ ਤਿੰਨ ਜਾਨਵਰਾਂ ਦਾ? ਬਲਰਾਮ ਜਿਹੇ ਬਣੇ ਭਰਾ ਦਾ? ਜਾਨਕਾ ਬਾਈ ਦਾ? ਜਾਂ ਫਿਰ ਖੁੱਦ ਨੇਹਾ ਦਾ? ਕੁਝ ਸਵਾਲ ਹੁੰਦੇ ਨੇ ਜਿਨ੍ਹਾਂ ਲਈ ਕਦੇ ਜੁਆਬ ਨਹੀਂ ਮਿਲਦੇ। ਕਸੂਰ ਕਿਸੇ ਦਾ ਹੁੰਦਾ ਹੈ ਤੇ ਜਿੰਮੇਦਾਰ ਕਿਸੇ ਹੋਰ ਨੂੰ ਠਹਿਰਾਉਂਦੇ ਹਾਂ। ਨੇਹਾ ਵਰਗੀਆਂ ਕਿੰਨੀਆਂ ਹੀ ਔਰਤਾਂ ਨੇ ਜਿਹਨਾਂ ਨਾਲ ਇਹੋ ਜਿਹੇ ਹਾਲਤ ਬਣੇ ਹੋਣਗੇ ਤੇ ਉਹਨਾਂ ਦਾ ਸਾਥ ਦੇਣ ਵਾਲਾ ਵੀ ਕੋਈ ਨਹੀਂ ਸੀ ਤੇ ਉਹਨਾਂ ਲਈ ਜ਼ਿੰਦਗੀ ਨੂੰ ਇਸੇ ਤਰ੍ਹਾਂ ਜਿਉਣਾ ਹੀ ਧਰਮ ਬਣ ਚੁਕਾ ਹੈ। ਸਭ ਤੋਂ ਅਹਿਮ ਸਵਾਲ ਇਹ ਹੈ ਕਿ ਨੇਹਾ ਦੀ ਪੀੜ ਸਿਰਫ ਜਿਸਮਾਨੀ ਸੀ ਜਾਂ ਇਹ ਆਪਣੀ ਹੱਦ ਟੱਪ ਕੇ ਰੂਹ ਤੱਕ ਪੁੱਜ ਗਈ ਸੀ?

ਹੁਣੇ ਪਰਤਾ
ਭਾਗ ਦੂਜਾ
ਪਲ

ਰੂਹੀ ਪੀੜਾ(ਭਾਗ ਦੂਜਾ)

ਚੀਖਾਂ ਦੀ ਅਵਾਜ਼ ਨਾਲ ਪੂਰਾ ਕਮਰਾ ਭਰ ਗਿਆ। ਕੋਠੇ ਦੀਆਂ ਸਾਰੀਆਂ ਔਰਤਾਂ ਕਮਰੇ ਦੇ ਬਾਹਰ ਇਨ੍ਹਾਂ ਚੀਖਾਂ ਨੂੰ ਸੁਣ ਰਹੀਆਂ ਸਨ। ਐਨੀਆਂ ਚੀਖਾਂ ਜੋ ਕਿਸੇ ਆਦਮੀ ਜਾਂ ਔਰਤ ਦਾ ਆਖਰੀ ਵੇਲਾ ਹੋਣ ਤੇ ਹੀ ਨਿਕਲ ਸਕਦੀਆਂ ਨੇ ਜਾਂ ਹੱਦ ਤੋਂ ਪਰੇ ਦਰਦ ਹੋਣ ਤੇ। ਜਿਸ ਨੂੰ ਵਿਰਲੇ ਹੀ ਅਨੁਭਵ ਕਰ ਪਾਉਂਦੇ ਨੇ। ਪਰ ਇਸ ਪੀੜ ਨੂੰ ਸਹਾਰਨਾ ਇੱਕ ਔਰਤ ਲਈ ਸਭ ਤੋਂ ਮਜ਼ਬੂਤ ਜਿਗਰ ਵਾਲੀ ਹੋਣਾ ਸਾਬਿਤ ਕਰਦੇ ਨੇ। ਕਮਰੇ ਦੇ ਬਾਹਰ ਮੇਲਾ ਲੱਗਾ ਹੋਇਆ ਸੀ। ਅਚਾਨਕ ਹੀ ਚੀਖਾਂ ਦੀ ਆਵਾਜ਼ ਬੰਦ ਹੋ ਗਈ ਤੇ ਇਕ ਬੱਚੇ ਦੇ ਰੋਣ ਦੀ ਆਵਾਜ਼ ਆਉਣ ਲੱਗੀ। ਕਮਰੇ ਦੇ ਅੰਦਰ ਇੱਕ ਔਰਤ ਜੋ ਕਿ ਗਰਬਵਤੀ ਸੀ ਉਸ ਨੇ ਇੱਕ ਬੱਚੇ ਨੂੰ ਜਨਮ ਦਿੱਤਾ। ਏਦਾ ਪਹਿਲੀ ਵਾਰ ਹੋਇਆ ਸੀ ਕਿ ਇਸ ਕੋਠੇ ਵਿੱਚ ਕਿਸੇ ਬੱਚੇ ਦਾ ਜਨਮ ਹੋਇਆ ਹੋਵੇ। ਕਮਰੇ ਵਿੱਚ ਚਾਰ-ਪੰਜ ਔਰਤਾਂ ਹੀ ਸਨ ਬਾਕੀ ਸਭ ਬਾਹਰ ਝਾਤ ਲਾਈ ਬੈਠੀਆਂ ਸਨ। ਜਿਨ੍ਹਾਂ ਵਿੱਚੋਂ ਇੱਕ ਕੋਠੇ ਦੀ ਮਾਲਕਣ ਜਾਨਕਾ ਬਾਈ ਸੀ। ਜਿਸ ਔਰਤ ਨੇ ਬੱਚੇ ਨੂੰ ਜਨਮ ਦਿੱਤਾ, ਉਹ ਬੱਚੇ ਨੂੰ ਜਨਮ ਦਿੰਦੇ ਸਾਰ ਹੀ ਬੇਹੋਸ਼ ਹੋ ਗਈ। ਜਾਨਕਾ ਬਾਈ ਨੇ ਬੱਚੇ ਨੂੰ ਇੱਕ ਕੱਪੜੇ ਵਿੱਚ ਲਪੇਟਿਆ ਤੇ ਇੱਕ ਔਰਤ ਨੂੰ ਫੜਾ, ਕੋਠੇ ਚੋ' ਜਾਣ ਲਈ

ਕਿਹਾ। ਉਸ ਔਰਤ ਨੇ ਜਲਦੀ ਨਾਲ ਬੱਚਾ ਲਿਆ ਤੇ ਕੋਠੇ ਵਿੱਚੋਂ ਨਿਕਲ ਗਈ। ਸਭ ਔਰਤਾਂ ਨੂੰ ਕੁਝ ਸਮਝ ਨਾ ਆਇਆ ਕੇ ਇਹ ਕੀ ਹੋਇਆ। ਕੁਝ ਸਮੇਂ ਬਾਅਦ ਉਸ ਔਰਤ ਨੂੰ ਹੋਸ਼ ਆਇਆ ਜਿਸ ਨੇ ਬੱਚੇ ਨੂੰ ਜਨਮ ਦਿੱਤਾ ਸੀ। ਜਿਸ ਨੂੰ ਨੇਹਾ ਦੇ ਨਾਮ ਵਜੋਂ ਜਾਣਿਆਂ ਜਾਂਦਾ ਸੀ। ਉਹ ਉੱਠਦੇ ਸਾਰ ਹੀ ਆਪਣੇ ਬੱਚੇ ਨੂੰ ਆਸ-ਪਾਸ ਦੇਖਣ ਲੱਗ ਪਈ। ਪਰ ਬੱਚਾ ਕਿਤੇ ਨਜ਼ਰ ਨਾ ਆਇਆ। ਕਮਰੇ ਵਿੱਚ ਉਸ ਤੋਂ ਸਿਵਾਏ ਕੋਈ ਨਹੀਂ ਸੀ। ਉਸ ਨੇ ਰੋਲਾ ਪਾਉਣਾ ਸ਼ੁਰੂ ਕਰ ਦਿੱਤਾ।

ਨੇਹਾ - ਮੇਰਾ ਬੱਚਾ ਕਿੱਥੇ ਆ?

ਕਿੱਥੇ ਆ ਮੇਰਾ ਬੱਚਾ?

ਨੇਹਾ ਦੀਆਂ ਆਵਾਜ਼ਾ ਸੁਣ ਕੇ ਜਾਨਕਾ ਬਾਈ ਸਮੇਤ ਦੋ ਔਰਤਾਂ ਕਮਰੇ ਵਿੱਚ ਆਈਆਂ। ਨੇਹਾ ਨੇ ਅਜੇ ਹੁਣੇ-ਹੁਣੇ ਇੱਕ ਬੱਚੇ ਨੂੰ ਜਨਮ ਦਿੱਤਾ ਸੀ। ਜਿਸ ਕਾਰਨ ਉਹ ਕਾਫੀ ਗੰਭੀਰ ਅਵਸਥਾ ਵਿੱਚ ਸੀ। ਉਸਦੇ ਅੱਥਰੂਆਂ ਦਾ ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ। ਇੱਕ ਦਰਦ ਤੇ ਦੂਸਰਾ ਦੁੱਖ। ਜਾਨਕਾ ਬਾਈ ਦੇ ਆਉਂਦੇ ਸਾਰ ਫਿਰ ਤੋਂ ਨੇਹਾ ਨੇ ਉੱਚੀ ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।

ਨੇਹਾ - ਮੇਰਾ ਬੱਚਾ ਕਿੱਥੇ ਆ?

ਕਿੱਥੇ ਆ ਮੇਰਾ ਬੱਚਾ?

ਜਾਨਕਾ ਬਾਈ- ਹੈਨੀ ਕੋਈ ਤੇਰਾ ਬੱਚਾ। ਤੂੰ ਇੱਕ ਮਰਿਆ ਬੱਚਾ ਜੰਮਿਆ ਸੀ।

ਨੇਹਾ ਨੇ ਹੋਰ ਉੱਚੀ-ਉੱਚੀ ਚੀਖਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਤੇ ਜਾਨਕਾ ਬਾਈ ਅੱਗੇ ਬਾਹਾਂ ਅੱਡ ਭੀਖ ਮੰਗਣ ਲੱਗ ਪਈ।

ਨੇਹਾ - ਮੇਰਾ ਬੱਚਾ ਮੈਨੂੰ ਵਾਪਿਸ ਕਰ ਦਿਉ। ਮੈਂ ਹੋਰ ਕੁਝ ਨੀ ਮੰਗਦੀ। ਹੱਥ ਜੋੜਦੀ ਆ ਤੁਹਾਡੇ ਅੱਗੇ। ਦੇਦੋ ਮੇਰਾ ਬੱਚਾ ਮੈਨੂੰ ਵਾਪਸ।

ਜਾਨਕਾ ਬਾਈ - ਤੈਨੂੰ ਕਿਹਾ ਨਾ ਮਰ ਗਿਆ ਤੇਰਾ ਬੱਚਾ। ਦਫ਼ਨ ਕਰ ਦਿੱਤਾ ਮਿੱਟੀ ਵਿੱਚ ਅਸੀਂ ਉਸ ਨੂੰ। ਪੈਜਾ ਚੁੱਪ ਕਰਕੇ।

ਪਾਉ ਨੀ ਇਸ ਨੂੰ ਮੰਜੇ ਤੇ, ਤੇ ਕੁਝ ਖਾਣ ਨੂੰ ਲਿਆ ਕੇ ਦਿਉ। ਬੱਚਾ ਚਾਹੀਦਾ ਇਸਨੂੰ ਜਿਹੜਾ।

ਦੋਨਾਂ ਔਰਤਾ ਨੇ ਨੇਹਾ ਨੂੰ ਬਾਹਾਂ ਤੋਂ ਫੜਿਆ ਤੇ ਜਬਰੀ ਮੰਜੇ ਤੇ ਬਿਠਾ ਜਾਨਕਾ ਬਾਈ ਸਮੇਤ ਕਮਰੇ ਤੋਂ ਬਾਹਰ ਚਲੀਆਂ

ਗਈਆਂ ਤੇ ਕਮਰੇ ਨੂੰ ਬਾਹਰੋ ਬੰਦ ਕਰ ਦਿੱਤਾ। ਨੇਹਾ ਪਹਿਲਾਂ ਵਾਂਗ ਕਮਰੇ ਵਿੱਚ ਰੋਂਦੀ ਰਹੀ। ਚੀਖਾਂ ਮਾਰਦੀ ਰਹੀ ਪਰ ਕਿਸੇ ਨਾ ਸੁਣੀ।

ਧੀ, ਪਤਨੀ, ਰੰਡੀ ਤੇ ਫਿਰ ਮਾਂ,

ਵੰਨ ਸਵੰਨੇ ਰੂਪਾਂ ਦੀ ਮੈਂ ਮਹਿਮਾਂ।

ਇੱਕ ਠੋਕਰ ਤੇ ਫਿਰ ਦੂਜੀ,

ਫਿਰ ਮਸਲਾ ਹੋਇਆ ਗੰਭੀਰ,

ਮੁੱਲ ਜਵਾਨੀ ਕਿਸੇ ਪਾ ਲਿਆ,

ਮੈਂ ਅੰਦਰੋਂ ਲੀਰੋ ਲੀਰ,

ਵੇਚ ਵੱਟ ਜਾ ਕੋਠੇ ਬਾਲੀ,

ਬਿਨ ਇਸ਼ਕ ਮੁਰਝਾ ਗਈ ਹੀਰ,

ਰਾਕਸ਼ਾ ਹੱਥੇ ਚੜ ਗਈ ਜੱਦ ਮੈਂ,

ਕੀ ਕਰੂਗਾ ਮੇਰਾ ਪੀਰ,

ਹੋਰਾਂ ਲਈ ਗਲੀਆਂ ਦਾ ਕੂੜਾ,

ਵਹਿਸ਼ੀਆਂ ਲਈ ਮੈਂ ਠੰਡੀ ਛਾਂ,

ਧੀ, ਪਤਨੀ, ਰੰਡੀ ਤੇ ਫਿਰ ਮਾਂ,

ਵੰਨ ਸਵੰਨੇ ਰੂਪਾਂ ਦੀ ਮੈਂ ਮਹਿਮਾਂ।

ਦੋ ਰੁਪਈਏ ਚਾਰ ਰੁਪਈਏ,

ਮੇਰਾ ਮੁੱਲ ਜੱਦ ਪੈਂਦਾ,

ਨੋਚ ਖਾਂਦੇ ਨੇ ਚੰਦਰੇ,

ਫਿਰ ਪੱਲੇ ਕੀ ਰਹਿੰਦਾ,

ਹਾਰ ਸ਼ਿੰਗਾਰ ਹੀ ਕਰਨਾ,

ਬਸ ਹੁਣ ਮੇਰਾ ਧੰਦਾ,

ਇੱਕ ਜਾਵੇ ਫਿਰ ਦੂਜਾ ਆਵੇ,,

ਮਗ਼ਰੇ ਹੋਰ ਉਡੀਕੇ ਬੰਦਾ,

ਓਥੋਂ ਨਿਕਲੇ ਓਸੇ ਲਈ ਮਰਦੇ,

ਕੋਈ ਹੋਰ ਨਾ ਦੂਜੀ ਥਾਂ,

ਧੀ, ਪਤਨੀ, ਰੰਡੀ ਤੇ ਫਿਰ ਮਾਂ,

ਵੰਨ ਸਵੰਨੇ ਰੂਪਾਂ ਦੀ ਮੈਂ ਮਹਿਮਾਂ।

ਸੋਚਾਂ ਕੋਠਾ ਕੋਠਾ ਏ,

ਕੋਈ ਫ਼ਰਕ ਨੀ ਬਾਲ੍ਹਾ ਛੱਤਾਂ ਦਾ,

ਓਥੇ ਵੱਸਦਾ ਮੇਰਾ ਟੱਬਰ,

ਇੱਥੇ ਟੱਬਰ ਲੱਖਾਂ ਦਾ,

ਇੱਥੇ ਜ਼ੇਲ੍ਹ ਉਮਰਾਂ ਦੀ ਭਾਰੀ,

ਭੁੱਸ ਪੈ ਜੇ ਮਰਦਾਨੇ ਹੱਥਾਂ ਦਾ,

ਓਥੇ ਮੈਂ ਆਜ਼ਾਦ ਪਰਿੰਦਾ,

ਤਾਰਾ ਚਮਕਦੀਆ ਮਾਂ ਦੇ ਅੱਖਾਂ ਦਾ,

ਪ੍ਰੀਤ ਇੱਕ ਵਾਰ ਜੇ ਫਸ ਗਿਆ ਚੁੰਗਲ,

ਬਾਹਰ ਨਿਕਲਣ ਦਾ ਨਾ ਕੋਈ ਰਾਹ,

ਧੀ, ਪਤਨੀ, ਰੰਡੀ ਤੇ ਫਿਰ ਮਾਂ,

ਵੰਨ ਸਵੰਨੇ ਰੂਪਾਂ ਦੀ ਮੈਂ ਮਹਿਮਾਂ।

(ਪ੍ਰੀਤ ਸਿੰਘ ਭੈਣੀ)

ਐਦਾ ਹੀ ਕਈ ਦਿਨ ਬੀਤ ਗਏ। ਉਸ ਨੂੰ ਖਾਣ ਪੀਣ ਨੂੰ ਦਿੱਤਾ ਜਾਂਦਾ ਪਰ ਕਮਰੇ ਵਿੱਚੋਂ ਕਦੇ ਬਾਹਰ ਨਾ ਜਾਣ ਦਿੰਦੇ। ਉਸ ਲਈ ਇੱਕ ਕਮਰਾ ਹੀ ਘਰ ਜਾਂ ਫਿਰ ਜੇਲ੍ਹ ਸੀ। ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਉਸਨੇ ਇੱਕ ਬੇਟੇ ਜਾਂ ਬੇਟੀ ਨੂੰ ਜਨਮ ਦਿੱਤਾ। ਕੀ ਅਸਲ ਵਿੱਚ ਬੱਚਾ ਜਿਉਂਦਾ ਹੈ ਜਾਂ ਨਹੀਂ? ਉਸ ਨੂੰ ਜਾਨਕਾ ਬਾਈ ਤੇ ਕੋਠੇ ਦੀ ਕਿਸੇ ਹੋਰ ਔਰਤ ਤੇ ਬਿਲਕੁਲ ਯਕੀਨ ਨਹੀਂ ਸੀ।

ਸਮਾਂ ਗੁਜਰਦਾ ਗਿਆ ਤੇ ਹੁਣ ਕਰੀਬ ਤਿੰਨ-ਚਾਰ ਮਹੀਨੇ ਲੰਘ ਚੁਕੇ ਸਨ। ਪਰ ਨੇਹਾ ਦੇ ਹਾਲਾਤਾਂ ਵਿੱਚ ਕੋਈ ਸੁਧਾਰ ਨਹੀਂ ਸੀ। ਸਗੋਂ ਉਸ ਨੇ ਆਪਣੇ ਆਪ ਨੂੰ ਹੋਰ ਲਾਸ਼ ਬਣਾ ਲਿਆ ਸੀ। ਉਹ ਸਾਰਾ ਸਾਰ ਦਿਨ ਰੋਂਦੀ ਰਹਿੰਦੀ ਤੇ ਆਪਣੀ ਕਿਸਮਤ ਨੂੰ ਕੋਸਦੀ।

ਕਰੀਬ ਇੱਕ-ਦੋ ਦਿਨ ਬਾਅਦ ਦੋ ਮੁੰਡੇ ਜਾਨਕਾ ਬਾਈ ਦੇ ਕੋਠੇ ਵਿੱਚ ਆਏ। ਇੱਕ ਦਾ ਨਾ ਸਮੀਰ ਤੇ ਦੂਸਰਾ ਅਮਨ। ਜਵਾਨੀ ਦੀ ਵੱਧਦੀ ਭੁੱਖ ਮਟਾਉਣ ਲਈ ਉਹ ਕੋਠੇ ਵਿੱਚ ਆ ਗਏ। ਅਮਨ ਅਕਸਰ ਆਉਂਦਾ ਰਹਿੰਦਾ ਸੀ ਪਰ ਸਮੀਰ ਪਹਿਲੀ ਵਾਰ ਆਇਆ ਸੀ। ਉਸ ਦੇ ਕੋਲ ਤਾਂ ਇੱਕ ਔਰਤ ਦੀ ਜਵਾਨੀ ਖਰੀਦਣ ਲਈ ਪੈਸੇ ਵੀ ਘੱਟ ਸਨ ਪਰ ਜਵਾਨੀ ਦੀ ਵੱਧਦੀ ਅੱਗ ਨੂੰ ਕਾਬੂ ਕਰਨ ਲਈ ਉਸਦਾ ਦੋਸਤ ਉਸ ਨੂੰ ਕੋਠੇ ਤੇ ਲੈ ਆਇਆ। ਅਮਨ ਨੇ ਕੁਝ ਪੈਸੇ ਜਾਨਕਾ ਬਾਈ ਨੂੰ ਫੜਾਏ। ਜਾਨਕਾ ਬਾਈ ਨੇ ਪੈਸੇ ਗਿਣੇ ਤੇ ਕਿਹਾ-

ਜਾਨਕਾ ਬਾਈ - ਆਹ ਕੀ ਆ? ਸਬਜ਼ੀ ਮੰਡੀ ਆਇਆ ਏ? ਆਲੂ ਖ਼ਰੀਦਣ।

ਅਮਨ - ਜਾਨਕਾ ਬਾਈ ਇਹ ਪਹਿਲੀ ਵਾਰ ਆਇਆ ਏ ਤੇ ਏਥੇ ਆਉਣਾ ਵੀ ਕੁਝ ਦੇਰ ਪਹਿਲਾਂ ਤਹਿ ਕੀਤਾਂ। ਇਸ ਲਈ ਪੈਸੇ ਥੋੜੇ ਪੈ ਗਏ।

ਜਾਨਕਾ ਬਾਈ - ਪਹਿਲੀ ਵਾਰ ਆਇਆ ਤਾਂ ਇਹਨੂੰ ਮੁਫ਼ਤ ਨਾ ਐਸ਼ ਕਰਾ ਦਿਆਂ।

ਅਮਨ - ਜਾਨਕਾ ਬਾਈ ਬੇਨਤੀ ਆ। ਅੱਗੇ ਤੋਂ ਪੂਰੇ ਪੈਸੇ ਲੈ ਕੇ ਆਊਗਾ। ਨਾਲੇ ਤੁਹਾਡਾ ਪੱਕਾ ਗਾਹਕ ਬਣ ਜਾਊ।

ਜਾਨਕਾ ਬਾਈ ਸੋਚ ਵਿਚਾਰ ਕਰਨ ਪਿੱਛੋਂ ਬੋਲੀ..

ਜਾਨਕਾ ਬਾਈ - ਚੱਲ ਠੀਕ ਆ। ਪਰ ਅਗਲੀ ਵਾਰ ਇਸ ਵਾਰ ਦਾ ਵੀ ਪੂਰਾ ਭੁਗਤਾਨ ਕਰਨਾ ਪਊ।

ਅਮਨ - ਹਾਂਜੀ ਠਿਕ ਆ ਜੀ।

ਜਾਨਕਾ ਬਾਈ ਨੇ ਇੱਕ ਔਰਤ ਨੂੰ ਆਵਾਜ਼ ਲਾਈ ਤੇ ਕਿਹਾ..

ਜਾਨਕਾ ਬਾਈ - ਨੀ ਸ਼ਰਮੀਲੀ ਏਧਰ ਆ। ਜਾ, ਜਾ ਕੇ ਨੇਹਾ ਨੂੰ ਤਿਆਰ ਹੋਣ ਲਈ ਕਹਿ।

ਸ਼ਰਮੀਲੀ - ਪਰ ਉਹ ਤਾਂ ਰਾਤ ਦਿਨ ਰੋਂਦੀ ਰਹਿੰਦੀ ਆ।

ਜਾਨਕਾ ਬਾਈ - ਤੇ ਹੁਣ ਮੈਂ ਘਾਟਾ ਥੋੜ੍ਹਾ ਖਾਣਾ। ਉਸਨੂੰ ਰੋਂਦੀ ਵੇਖ। ਨਹੀਂ ਤਿਆਰ ਹੁੰਦੀ ਤਾਂ ਜਬਰਦਸਤੀ ਤਿਆਰ ਕਰ। ਐਨੇ ਚਿਰ ਸ਼ੋਕ ਨਹੀਂ ਚੱਲਣੇ ਇੱਥੇ। ਪਹਿਲਾਂ ਹੀ ਬਾਲਾ ਸਮਾਂ ਲੰਘਾ ਲਿਆ। ਜਾ - ਜਾ ਕੇ ਤਿਆਰ ਕਰ ਉਹਨੂੰ। ਅੱਜ ਨਵਾਂ ਗਾਹਕ ਆਇਆ ਏ।

ਸ਼ਰਮੀਲੀ ਨੇਹਾ ਦੇ ਕਮਰੇ ਵੱਲ ਗਈ। ਬਾਹਰੋਂ ਬੰਦ ਦਰਵਾਜ਼ਾ ਖੋਲਿਆ ਤੇ ਨੇਹਾ ਦੇ ਕੋਲ ਪਹੁੰਚੀ। ਨੇਹਾ ਆਪਣੇ ਵਾਲ ਖਿਲਾਰੇ ਕੰਧ ਨਾਲ ਲੱਗ ਕੇ ਬੈਠੀ ਹੋਈ ਸੀ। ਸ਼ਰਮੀਲੀ ਨੇ ਨੇਹਾ ਨੂੰ ਤਿਆਰ ਹੋਣ ਲਈ ਕਿਹਾ ਪਰ ਨੇਹਾ ਖਾਮੋਸ਼ ਬੈਠੀ ਰਹੀ। ਸ਼ਰਮੀਲੀ ਨੇ ਦੋ ਤਿੰਨ ਵਾਰ ਕਿਹਾ ਪਰ ਉਸ ਨੇ ਕੋਈ ਹੁੰਗਾਰਾ ਨਾ ਭਰਿਆ। ਨੇਹਾ ਨੂੰ ਤਿਆਰ ਹੋਣ ਤੋਂ ਕਹਿਣ ਬਾਅਦ ਸ਼ਰਮੀਲੀ ਕਮਰੇ ਚੋਂ ਬਾਹਰ ਚਲੀ ਗਈ ਤੇ ਬਾਹਰੋਂ ਕੁੰਡੀ ਲਾ ਜਾਨਕਾ ਬਾਈ ਕੋਲ ਆ ਗਈ।

ਜਾਨਕਾ ਬਾਈ - ਹੋਗੀ ਤਿਆਰ?

ਸ਼ਰਮੀਲੀ - ਹਾਂਜੀ ਹੋ ਰਈ ਆ।

ਜਾਨਕਾ ਬਾਈ - ਜਾ ਇਸ ਨਵੇਂ ਮੁੰਡੇ ਨੂੰ ਲੈ ਜਾ ਤੇ ਉਸਦਾ ਕਮਰਾ ਦਿਖਾ ਦੇ।

ਸ਼ਰਮੀਲੀ - ਹਾਂਜੀ ਠੀਕ ਆ।

ਸ਼ਰਮੀਲੀ ਸਮੀਰ ਨੂੰ ਨਾਲ ਲੈ ਨੇਹਾ ਦੇ ਕਮਰੇ ਵੱਲ ਚੱਲ ਪਈ।

ਸ਼ਰਮੀਲੀ ਨੇ ਸਮੀਰ ਨੂੰ ਕਮਰਾ ਦਿਖਾਇਆ ਤੇ ਅੰਦਰ ਜਾ ਕੇ ਅੰਦਰੋਂ ਕੁੰਡੀ ਲਾਉਣ ਲਈ ਕਿਹਾ। ਸਮੀਰ ਨੇ ਕਮਰਾ ਬਾਹਰੋਂ ਖੋਲਿਆ ਤੇ ਅੰਦਰ ਵੜ ਕੇ ਬੂਹੇ ਨੂੰ ਕੁੰਡੀ ਲਾ ਲਈ। ਮੁੜ ਦੇਖਿਆ ਤਾਂ ਨੇਹਾ ਅਜੇ ਵੀ ਪਹਿਲਾਂ ਵਾਂਗ ਕੰਧ ਨਾਲ ਲੱਗ ਕੇ ਬੈਠੀ ਹੋਈ ਸੀ। ਉਸਦੇ ਵਾਲ ਖਿੱਲਰੇ ਹੋਏ ਸੀ। ਤਿਆਰੀ ਵਾਲਾ ਪੱਖ ਕਿਸੇ ਪਾਸੇ ਤੋਂ ਨਜ਼ਰ ਨਹੀਂ ਸੀ ਆ ਰਿਹਾ। ਸਮੀਰ ਹੈਰਾਨ ਸੀ ਕਿ ਅਜਿਹਾ ਕਿਉਂ? ਕਿਉਂਕਿ ਉਸਦੇ ਹਿਸਾਬ ਨਾਲ ਇੱਕ ਕੋਠੇ ਵਿੱਚ ਅਜਿਹਾ ਹੋਣਾ ਉਸ ਦੀ ਸਮਝ ਤੋਂ ਪਰੇ ਸੀ। ਸਮੀਰ ਉਸ ਵੱਲ ਤੱਕਦਾ ਹੋਇਆ ਪਲੰਘ ਤੇ ਜਾ ਬੰਠ ਗਿਆ। ਉਸ ਨੂੰ ਇਨ੍ਹਾਂ ਚੀਜਾਂ ਬਾਰੇ ਬਹੁਤਾ ਅਨੁਭਵ ਨਹੀਂ ਸੀ। ਇਸ ਲਈ ਉਹ ਚੁੱਪ ਕਰ ਬੈਠ ਗਿਆ। ਉਸਨੇ ਸੋਚਿਆ ਕਿ ਇਸ ਔਰਤ ਦਾ ਨਿੱਤ ਦਾ ਕੰਮ ਇਹੀ ਹੈ ਤੇ ਉਹ ਉਸ ਨਾਲੋਂ ਬਹਿਤਰ ਜਾਣਦੀ ਹੈ ਕਿ ਮੈਂ ਇੱਥੇ ਕਿਉਂ ਆਇਆ ਹਾਂ। ਇਸ ਲਈ ਉਸ ਨੂੰ ਇੰਤਜਾਰ ਕਰਨਾ ਚਾਹੀਦਾ ਹੈ।

ਉਹ ਕਰੀਬ ਪੰਦਰਾਂ-ਵੀਹ ਮਿੰਟ ਚੁੱਪ ਬੈਠਾ ਰਿਹਾ ਤੇ ਨੇਹਾ ਵੀ ਖਾਮੋਸ਼ ਚੁੱਪੀ ਸਾਧੀ ਬੈਠੀ ਰਹੀ। ਸਮੀਰ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਹ ਕੀ ਕਰੇ। ਉਸ ਨੇ ਸੋਚਿਆ ਕਿ ਕਿਉਂ ਨਾ ਇਸ ਔਰਤ ਦੇ ਕੋਲ ਜਾ ਕੇ ਪੁੱਛਿਆ ਜਾਵੇ ਕਿ ਗੱਲ ਕੀ ਹੈ? ਕੀ ਉਸਦਾ

ਮਨ ਨਹੀਂ ਹੈ? ਤਾਂ ਉਹ ਕਿਸੇ ਹੋਰ ਔਰਤ ਲਈ ਜਾਨਕਾ ਬਾਈ ਨਾਲ ਗੱਲ ਕਰੇ। ਉਹ ਪਲੰਘ ਤੋਂ ਉੱਠਿਆ ਤੇ ਹੋਲੀ-ਹੋਲੀ ਨੇਹਾ ਦੇ ਕੋਲ ਪਹੁੰਚਿਆ। ਉਸਨੇ ਆਵਾਜ਼ ਲਾਈ..

ਸਮੀਰ - ਸੁਣਿਓ.. ਸੁਣਿਓ ਜੀ।

ਪਰ ਨੇਹਾ ਨੇ ਕੋਈ ਹੁੰਗਾਰਾ ਨਾ ਭਰਿਆ। ਸਮੀਰ ਨੂੰ ਯਾਦ ਆਇਆ ਕਿ ਇਸਦਾ ਨਾਮ ਨੇਹਾ ਹੈ ਜੋ ਕਿ ਜਾਨਕਾ ਬਾਈ ਲੈ ਰਹੀ ਸੀ।

ਸਮੀਰ ਨੇ ਨੇਹਾ ਦੇ ਮੋਢੇ ਉਪਰ ਹੱਥ ਰੱਖਿਆ ਤੇ ਹੋਲੀ ਜਿਹੀ ਆਵਾਜ਼ ਮਾਰੀ।

ਸਮੀਰ - ਸੁਣਿਓ ਨੇਹਾ ਜੀ।

ਸਮੀਰ ਉਸਦੇ ਅੱਗੇ ਵੱਲ ਹੋਇਆ ਤਾਂ ਨੇਹਾ ਨੇ ਸਮੀਰ ਵੱਲ ਤੱਕਿਆ। ਨੇਹਾ ਦੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਪਈਆਂ ਸਨ। ਸਮੀਰ ਨੇਹਾ ਦੀਆਂ ਅੱਥਰੂ ਭਰੀਆਂ ਅੱਖਾਂ ਦੇਖ ਨਾਮੋਸ਼ ਹੋ ਗਿਆ। ਉਸ ਨੇ ਨੇਹਾ ਨੂੰ ਪੁੱਛਿਆ..

ਸਮੀਰ - ਕੀ ਗੱਲ ਹੈ? ਤੁਸੀਂ ਰੋ ਕਿਉਂ ਰਹੇ ਹੋ?

ਸਮੀਰ ਦੇ ਪੁੱਛਣ ਤੇ ਨੇਹਾ ਦੀਆਂ ਅੱਖਾਂ ਵਿੱਚਲੇ ਅੱਥਰੂ ਹੋਰ ਤੇਜ ਵਹਿਣ ਲੱਗ ਪਏ ਪਰ ਉਹ ਖਾਮੋਸ਼ ਸੀ। ਨੇਹਾ ਦਾ ਵਰਤਾਵ ਦੇਖ ਸਮੀਰ ਨੇ ਫਿਰ ਤੋਂ ਨੇਹਾ ਨੂੰ ਪੁੱਛਿਆ..

ਸਮੀਰ - ਤੁਸੀਂ ਰੋ ਕਿਉ ਰਹੇ ਹੋ? ਕੋਈ ਪਰੇਸ਼ਾਨੀ ਹੈ? ਤੁਸੀਂ ਮੈਨੂੰ ਦੱਸ ਸਕਦੇ ਹੋ। ਹੋ ਸਕਦਾ ਮੈਂ ਕਿਸੇ ਤਰਾਂ ਦੀ ਮਦਦ ਕਰ ਦਿਆਂ।

ਏਨਾ ਸਮਾਂ ਬੀਤਣ ਬਾਅਦ ਹੀ ਕੋਈ ਨੇਹਾ ਨੂੰ ਉਸਦੇ ਅੱਥਰੂਆਂ ਦਾ ਕਾਰਨ ਪੁੱਛ ਰਿਹਾ ਸੀ। ਉਹ ਵੀ ਉਸ ਜਗ੍ਹਾ ਤੇ ਜਿੱਥੇ ਸਿਰਫ਼ ਲੋਕ ਜਿਸਮ ਖ਼ਰੀਦਣ ਲਈ ਆਉਂਦੇ ਹਨ। ਉਸ ਨੂੰ ਲੱਗਾ ਕਿ ਪਹਿਲੀ ਵਾਰ ਕੋਈ ਪੈਸੇ ਦੇ ਕੇ ਉਸਦੇ ਦੁੱਖ ਖ਼ਰੀਦਣ ਲਈ ਆਇਆ ਹੈ। ਉਸ ਨੂੰ ਇਹ ਆਦਮੀ ਇੱਕ ਤਰ੍ਹਾਂ ਦੀ ਆਸ ਲੱਗੀ। ਨੇਹਾ ਨੇ ਆਪਣੇ ਹੰਝੂ ਪੂੰਝੇ ਤੇ ਸਮੀਰ ਦੀ ਪਰਖ ਕਰਨ ਲਈ ਸੋਚਿਆ। ਕਿਉਂਕਿ ਇਕ ਵਾਰ ਪਹਿਲਾਂ ਵੀ ਉਸ ਨਾਲ ਧੋਖਾ ਹੋ ਚੁੱਕਿਆ ਸੀ। ਤੇ ਮੁੜ ਤੋਂ ਧੋਖੇ ਨੂੰ ਸਹਾਰਣਾ ਉਸ ਦੇ ਵੱਸ ਵਿੱਚ ਨਹੀਂ ਸੀ। ਨੇਹਾ ਬੋਲੀ..

ਨੇਹਾ - ਮੁਆਫ਼ ਕਰਨਾ। ਮੈਂ ਤੁਹਾਡਾ ਵਕਤ ਖ਼ਰਾਬ ਕਰ ਦਿੱਤਾ। ਤੁਸੀਂ ਪਲੰਘ ਤੇ ਬੈਠੋ ਮੈਂ ਤਿਆਰ ਹੋ ਕੇ ਹੁਣ ਆਈ।

ਨੇਹਾ ਉੱਠ ਕੇ ਪਰੇ ਨੂੰ ਜਾਣ ਲੱਗੀ ਤਾਂ ਸਮੀਰ ਨੇ ਨੇਹਾ ਦੀ ਬਾਂਹ ਫੜ ਲਈ। ਤੇ ਕਿਹਾ..

ਸਮੀਰ - ਮੈਂ ਪੈਸੇ ਦੇ ਕੇ ਇੱਥੇ ਕਿਸੇ ਔਰਤ ਨਾਲ ਸਾਉਣ ਜਰੂਰ ਆਇਆ ਹਾਂ। ਪਰ ਮੈਂ ਐਨਾ ਵੀ ਬੇ-ਦਰਦ ਨਹੀਂ ਕਿ ਕਿਸੇ ਦੇ ਦੁੱਖ ਵੰਡਾਉਣ ਦੀ ਬਜਾਇ ਉਸ ਨੂੰ ਹੋਰ ਠੇਸ ਲਗਾਵਾਂ।

ਘਬਰਾਓ ਨਾ। ਤੁਸੀਂ ਮੈਨੂੰ ਆਪਣਾ ਦੁੱਖ ਦੱਸ ਸਕਦੇ ਹੋ। ਅਗਰ ਤੁਸੀਂ ਨਹੀਂ ਦੱਸਣਾ ਤਾਂ ਮੈਂ ਸਿਰਫ਼ ਤੁਹਾਡੇ ਨਾਲ ਜਿਸਮਾਨੀ ਤਾਲੂਕਾਤ ਬਣਾ ਕੇ ਇੱਥੋਂ ਨਹੀਂ ਜਾਵਾਗਾਂ।

ਏਨਾ ਆਖ ਸਮੀਰ ਨੇ ਨੇਹਾ ਦੀ ਬਾਂਹ ਛੱਡ ਦਿੱਤੀ ਤੇ ਕਮਰੇ ਚੋਂ ਬਾਹਰ ਜਾਣ ਲੱਗਾ। ਫਿਰ ਪਿੱਛੋਂ ਨੇਹਾ ਨੇ ਆਵਾਜ਼ ਮਾਰੀ..

ਨੇਹਾ - ਰੁਕੋ। ਦੱਸਦੀ ਹਾਂ ਮੈਂ।

ਸਮੀਰ ਪਿੱਛੇ ਮੁੜਿਆ ਤਾਂ ਨੇਹਾ ਪਲੰਘ ਤੇ ਜਾ ਕੇ ਬੈਠ ਗਈ। ਪਿੱਛੇ ਹੀ ਸਮੀਰ ਵੀ ਜਾ ਬੈਠਾ।

ਨੇਹਾ - ਮੈਂ ਡਰ ਰਹੀ ਸਾ ਕਿ ਕਿਉਂ ਕੋਈ ਇੱਕ ਕੋਠੇ ਅੰਦਰ ਇੱਕ ਔਰਤ ਦੇ ਦੁੱਖ ਦਾ ਕਾਰਨ ਪੁੱਛੇਗਾ। ਇਸ ਲਈ ਮੈਂ ਆਪ ਨੂੰ ਦੱਸਣ ਤੋਂ ਝਿਜਕ ਰਹੀ ਸਾਂ। ਮੈਨੂੰ ਮੁਆਫ਼ ਕਰਨਾ।

ਸਮੀਰ - ਕੋਈ ਗੱਲ ਨੀ। ਤੁਸੀਂ ਘਬਰਾਉ ਨਾ। ਮੈਨੂੰ ਦੱਸੋ ਆਪਣੇ ਬਾਰੇ। ਮੈਂ ਜਰੂਰ ਕੋਸ਼ਿਸ਼ ਕਰਾਂਗਾ ਕਿ ਤੁਹਾਡੀ ਮਦਦ ਕਰ ਸਕਾ। ਮੈਨੂੰ ਜਿਸਮ ਦੀ ਭੁੱਖ ਨਹੀਂ ਓਹ ਤਾਂ ਮੇਰਾ ਦੋਸਤ ਮੈਨੂੰ ਜਬਰੀ ਇੱਥੇ ਲੈ ਆਇਆ। ਤੇ ਮੈਂ ਵੀ ਉਸ ਦੀਆਂ ਗੱਲਾਂ ਵਿੱਚ ਆ ਗਿਆ। ਤੁਸੀਂ ਦੱਸੋ ਮੈਨੂੰ ਗੱਲ ਕੀ ਹੈਂ?

ਨੇਹਾ - ਮੈਂ ਸੁਰੂ ਤੋਂ ਹੀ ਇੱਥੇ ਨਹੀਂ ਰਹੀ। ਇਹ ਗੱਲ ਕਰੀਬ ਡੇਢ ਕੁ ਸਾਲ ਪੁਰਾਣੀ ਏ।

ਨੇਹਾ ਨੇ ਆਪਣੀ ਸਾਰੀ ਹੱਡ ਬੀਤੀ ਸਮੀਰ ਨੂੰ ਸੁਣਾਈ। ਸਮੀਰ ਨੇਹਾ ਦੇ ਦੁੱਖ ਸੁਣ ਹੈਰਾਨ ਰਹਿ ਗਿਆ ਕਿ ਉਸ ਨੇ ਕਿੰਨੇ ਜ਼ੁਲਮ ਝੱਲੇ ਨੇ। ਉਸਦੀ ਹੱਡ ਬੀਤੀ ਸੁਣ ਸਮੀਰ ਵੀ ਰੋਣ ਲੱਗ ਪਿਆ। ਸਮੀਰ ਦੇ ਵੱਸ ਤੋਂ ਬਾਹਰ ਸੀ ਕਿ ਇੱਕ ਔਰਤ ਏਨਾ ਜ਼ੁਲਮ ਕਿਵੇ ਬਰਦਾਸ਼ਤ ਕਰ ਸਕਦੀ ਹੈ। ਸਮਾਂ ਕਾਫੀ ਬੀਤ ਗਿਆ। ਐਨੇ ਨੂੰ ਬਾਹਰੋਂ ਆਵਾਜ਼ ਆਈ ਤੇ ਬੂਹਾ ਖਟਕਿਆ। ਸਮੀਰ ਨੇ ਉੱਠ ਕੇ ਬੂਹਾ ਖੋਲਿਆਂ ਤਾਂ ਬਾਹਰ ਉਸਦਾ ਦੋਸਤ ਅਮਨ ਸੀ। ਸਮੀਰ ਨੂੰ ਅਮਨ ਬੋਲਿਆ..

ਅਮਨ - ਕਿਉਂ ਕੰਜ਼ਰਾ ਰਾਤ ਰਹੇਗਾਂ? ਚੱਲ ਚੱਲੀਏ।

ਸਮੀਰ - ਰੁਕ ਇੱਕ ਮਿੰਟ।

ਸਮੀਰ ਨੇਹਾ ਕੋਲ ਗਿਆ ਤੇ ਉਸ ਨੂੰ ਕਿਹਾ ਕਿ ਉਹ ਫਿਰ ਆਏਗਾ। ਤੇ ਫਿਰ ਆਪਣੇ ਦੋਸਤ ਨਾਲ ਚਲਾ ਗਿਆ।

ਨੇਹਾ ਨੂੰ ਲੱਗਾ ਕਿ ਉਹ ਬੱਸ ਉਸਦੀ ਕਹਾਣੀ ਸੁਣਨ ਹੀ ਆਇਆ ਸੀ। ਪਰ ਉਸਦੀ ਮਦਦ ਕੋਈ ਨਹੀਂ ਕਰ ਸਕਦਾ। ਉਹ ਹਰ ਪੱਖ ਵਿੱਚ ਆਸ ਤੋਂ ਟੁੱਟੀ ਹੋਈ ਸੀ। ਉਸਦੇ ਹਿਸਾਬ ਨਾਲ ਦੁਨੀਆ ਮਤਲਬੀ ਹੈ। ਉਸਨੇ ਫਿਰ ਤੋਂ ਚੁੱਪ ਸਾਧ ਲਈ ਤੇ ਉੱਠ ਕੇ ਦਰਵਾਜ਼ੇ ਨੂੰ ਅੰਦਰੋਂ ਬੰਦ ਕਰ ਲਿਆ। ਦਿਨ ਗੁਜ਼ਰਦੇ ਗਏ। ਤੇ ਉਹ ਸੋਚਦੀ ਰਹੀ..

ਕੌਣ ਹਮਸਫ਼ਰ ਏਥੇ ਕੌਣ ਏ ਰਾਹੀ,

ਜ਼ਿੰਦਗੀ ਏ ਜ਼ਾਲਮ ਵਿੱਚ ਲਾਲ ਸ਼ਿਆਹੀ,

ਮੁਕੱਦਰਾਂ ਦੇ ਪੱਲੇ ਸਭ ਛੱਡ ਤੁਰ ਗਏ ਨੇ,

ਮੇਰੇ ਲੇਖਾਂ ਤੇ ਲ਼ਕੀਰਾਂ ਉਹ ਲੈ ਰੁੜ ਗਏ ਨੇ,

ਪਤਾ ਹੀ ਨਾ ਲੱਗਾ ਇਹ ਰੰਗ ਜਿਹੜੇ ਕਾਲੇ ਨੇ,

ਰੂਹ ਮੁੱਕ ਗਈ ਬਸ ਜਿਸ਼ਮ ਹੀ ਗ਼ਾਲੇ ਨੇ,

ਮੌਤ ਵੀ ਨਾ ਆਵੇ ਕੌਣ ਕੈਦ ਤੋਂ ਛੁਡਾਵੇਗਾ,

ਰੱਬੀ ਰੂਪ ਮੰਨ ਮੈਨੂੰ ਗਲ ਨਾਲ ਲਾਵੇਗਾ,

ਓਹੀ ਰੂਪ ਸੱਚ ਦਾ ਮੈਂ ਲੱਭਦੀ ਆਂ ਫਿਰਦੀ,

ਜਿਸ਼ਮ ਏ ਜਿਉਂਦਾ ਵਿੱਚੋਂ ਮਰੀ ਬੜੇ ਚਿਰ ਦੀ,

ਇੱਕ ਹਮਰਾਹੀ ਕੋਈ ਇਨ੍ਹਾਂ ਲ਼ੀਕਾਂ ਨੂੰ ਬਦਲਦੇ,

ਪਿਆਰ ਵਾਲੇ ਹੰਝੂ ਬਣ ਮੇਰੀ ਚੀਖਾਂ ਨੂੰ ਬਦਲਦੇ,

ਮਾਹੀ ਆਵੇ ਕੋਈ ਮੈਨੂੰ ਰੂਹ ਜਿਹੀ ਬਣਾ ਲਵੇ,

ਮੇਰੀ ਤਕਦੀਰ ਨਾਮ ਆਪਣੇ ਕਰਾ ਲਵੇ,

ਇੱਕੋ ਏ ਉਮੀਦ ਬੱਸ ਇੱਕੋ ਆਸ ਚਾਹੀ,

ਕੌਣ ਹਮਸਫ਼ਰ ਏਥੇ ਕੌਣ ਏ ਰਾਹੀ,

ਜ਼ਿੰਦਗੀ ਏ ਜ਼ਾਲਮ ਵਿੱਚ ਲਾਲ ਸ਼ਿਆਹੀ।

(ਦੀਪ ਗਗਨ)

ਤਕਰੀਬਨ ਦੋ ਕੁ ਹਫ਼ਤੇ ਪਿੱਛੋਂ ਰਾਤ ਦੇ ਨੌ ਕੁ ਵਜੇ ਨੇਹਾ ਦਾ ਦਰਵਾਜ਼ਾ ਖਟਕਿਆ। ਨੇਹਾ ਨੇ ਦਰਵਾਜ਼ਾ ਖੋਲਿਆ ਤਾਂ

ਸਾਹਮਣੇ ਸਮੀਰ ਸੀ। ਸਮੀਰ ਜਲਦੀ ਨਾਲ ਅੰਦਰ ਵੜਿਆ ਤੇ ਦਰਵਾਜ਼ੇ ਨੂੰ ਕੁੰਡੀ ਲਾ ਲਈ। ਨੇਹਾ ਨੇ ਹੈਰਾਨ ਹੋ ਕੇ ਪੁੱਛਿਆ..

ਨੇਹਾ - ਤੁਸੀਂ ਇਸ ਵੇਲੇ ਇੱਥੇ ਕਿਵੇਂ?

ਸਮੀਰ - ਗੱਲਾਂ ਫਿਰ ਕਰ ਲਵਾਂਗੇ। ਤੁਸੀਂ ਤਿਆਰੀ ਕਰੋ। ਜੋ ਵੀ ਸਮਾਨ ਲੋੜਦਾ ਕੱਪੜੇ-ਲੱਤੇ ਲੈ ਲਵੋ। ਮੈਂ ਤੁਹਾਨੂੰ ਲੈਣ ਆਇਆ ਹਾਂ।

ਨੇਹਾ - ਤੇ ਜਾਨਕਾ ਬਾਈ?

ਸਮੀਰ - ਉਸ ਨੂੰ ਖ਼ਬਰ ਹੋਣ ਤੋਂ ਪਹਿਲਾਂ ਆਪਾ ਕਿਤੇ ਦੀ ਕਿਤੇ ਨਿਕਲ ਜਾਵਾਂਗੇ।

ਨੇਹਾ ਨੇ ਆਪਣੇ ਕੁਝ ਕੱਪੜੇ ਲਏ ਤੇ ਉਹ ਲੁਕਦੇ ਲੁਕਾਉਂਦੇ ਸਭ ਦੀਆਂ ਅੱਖਾਂ ਵਿੱਚ ਘੱਟਾ ਪਾ ਓਥੋਂ ਨਿਕਲ ਗਏ।

ਬਾਹਰ ਨਿਕਲਦੇ ਸਾਰ ਹੀ ਉਹ ਸਟੇਸ਼ਨ ਤੇ ਪਹੁੰਚੇ ਜਿੱਥੇ ਸਮੀਰ ਦਾ ਦੋਸਤ ਅਮਨ ਉਸਦੀ ਉਡੀਕ ਕਰ ਰਿਹਾ ਸੀ। ਜਿਸ ਦੇ ਕੋਲ ਕੁਝ ਸਮਾਨ ਸੀ। ਸਮੀਰ ਨੇ ਅਮਨ ਤੋਂ ਸਮਾਨ ਲਿਆ ਤੇ ਅਗਲੀ ਹੀ ਟ੍ਰੇਨ ਫੜ ਲਈ। ਦਿਨ ਚੜਦੇ ਹੀ ਉਹ ਕਿਸੇ ਦੂਸਰੇ ਸ਼ਹਿਰ ਜਾ ਪੁੱਜੇ। ਉਨ੍ਹਾਂ ਸਨੇਸ਼ਨ ਤੇ ਉਤਰਦੇ ਹੀ ਕੁਝ ਖਾਧਾ-

ਪੀਤਾ ਤੇ ਫਿਰ ਤੁਰ ਪਏ। ਇੱਕ ਹੋਟਲ ਵਿੱਚ ਗਏ ਤੇ ਨਹਾ-ਧੋ ਲਿਆ। ਫਿਰ ਆਟੋ ਵਿੱਚ ਬੈਠ ਸਮੀਰ ਦੇ ਕਿਸੇ ਰਿਸ਼ਤੇਦਾਰ ਦੇ ਘਰ ਪਹੁੰਚੇ। ਸਮੀਰ ਨੇ ਉਨ੍ਹਾਂ ਨੂੰ ਸਭ ਸੱਚ ਦੱਸਿਆ। ਜਿਸ ਕਾਰਨ ਉਨ੍ਹਾਂ ਮਦਦ ਦਾ ਹੱਥ ਵਧਾਇਆ। ਸਮੀਰ ਨੇਹਾ ਨੂੰ ਓਥੇ ਛੱਡ ਆਪ ਚਲਿਆ ਗਿਆ ਤੇ ਕਹਿ ਗਿਆ ਕਿ ਕੁਝ ਦਿਨ ਬਾਅਦ ਨੇਹਾ ਨੂੰ ਲੈ ਜਾਏਗਾ।

ਸਮੀਰ ਇਸੇ ਸ਼ਹਿਰ ਵਿੱਚ ਹੀ ਨੌਕਰੀ ਕਰਦਾ ਸੀ। ਕਰੀਬ ਸੱਤ-ਅੱਠ ਦਿਨ ਬਾਅਦ ਉਹ ਵਾਪਿਸ ਆਇਆ ਤੇ ਨੇਹਾ ਨੂੰ ਨਾਲ ਕਿਸੇ ਘਰ ਵਿੱਚ ਲੈ ਗਿਆ। ਜਿੱਥੇ ਉਨ੍ਹਾਂ ਦੋਨਾਂ ਤੋਂ ਸਿਵਾ ਹੋਰ ਕੋਈ ਨਹੀਂ ਸੀ ਰਹਿੰਦਾ। ਨੇਹਾ ਪਹਿਲੀ ਵਾਰ ਸੁੱਖ ਦਾ ਸਾਹ ਲੈ ਰਹੀ ਸੀ। ਸਮੀਰ ਨੇ ਇੱਥੇ ਰਹਿਣ ਵਾਲੇ ਬਾਕੀ ਲੋਕਾਂ ਨੂੰ ਦੱਸਿਆ ਕਿ ਉਹ ਪਤੀ ਪਤਨੀ ਹਨ। ਪਰ ਉਨ੍ਹਾਂ ਦਰਮਿਆਨ ਅਜਿਹਾ ਕੋਈ ਰਿਸ਼ਤਾ ਨਹੀਂ ਸੀ। ਬਸ ਉਹ ਦਿਖਾਵਾ ਕਰਨ ਲੱਗੇ। ਜੱਦ ਤੱਕ ਹਾਲਾਤ ਨਾ ਸੁਧਰ ਜਾਣ। ਸਮੀਰ ਰੋਜ਼ ਦਿਨੇ ਕੰਮ ਤੇ ਜਾਂਦਾ ਤੇ ਦੇਰ ਰਾਤ ਵਾਪਿਸ ਮੁੜਦਾ। ਸਮਾਂ ਬੀਤਦਾ ਗਿਆ ਤੇ ਉਨ੍ਹਾਂ ਨੂੰ ਇਕੱਠੇ ਰਹਿੰਦਿਆ ਡੇਢ ਸਾਲ ਹੋ ਗਿਆ।

ਮਨ ਹੀ ਮਨ ਨੇਹਾ ਸਮੀਰ ਨੂੰ ਪਿਆਰ ਕਰਨ ਲੱਗ ਪਈ। ਪਰ ਉਸ ਨੇ ਕਦੇ ਵੀ ਜਾਹਿਰ ਨਾ ਹੋਣ ਦਿੱਤਾ। ਕਿਉਂਕਿ ਉਹ

ਸੋਚਦੀ ਸੀ ਕਿ ਉਹ ਪਹਿਲਾਂ ਹੀ ਉਸ ਤੇ ਬੋਝ ਬਣੀ ਹੋਈ ਹੈ ਤੇ ਉਸ ਦੇ ਅਹਿਸਾਨ ਦਾ ਨਾਜ਼ਾਇਜ ਫਾਇਦਾ ਨਹੀਂ ਚੁੱਕਣਾ ਚਾਹੀਦਾ। ਇਸ ਲਈ ਉਸ ਨੇ ਹਮੇਸ਼ਾ ਹੀ ਸਮੀਰ ਤੋਂ ਲੁਕਾ ਰੱਖਿਆ। ਸ਼ਾਇਦ ਸਮੀਰ ਦੇ ਮਨ ਵਿੱਚ ਵੀ ਉਸ ਦੇ ਲਈ ਪਿਆਰ ਸੀ। ਤੇ ਉਹ ਸੋਚਦਾ ਹੋਵੇ ਕਿ ਨੇਹਾ ਇੱਕ ਗਹਿਰੇ ਦਰਦ ਵਿੱਚੋਂ ਗੁਜ਼ਰੀ ਹੈ ਤੇ ਉਸ ਨੂੰ ਨਾ ਲੱਗੇ ਕਿ ਉਹ ਨੂੰ ਸਦਭਾਵਨਾ ਦਿਖਾ ਕੇ ਆਪਣਾ ਮਤਲਬ ਕੱਢ ਰਿਹਾ ਹੈ। ਕਿਸੇ ਨਾ ਕਿਸੇ ਕਾਰਨ ਦੇ ਕਰਕੇ ਦੋਨਾਂ ਨੇ ਆਪਣੀਆਂ ਭਾਵਨਾਵਾਂ ਨੂੰ ਰੋਕ ਲਾਈ ਹੋਈ ਸੀ। ਸਮਾਂ ਗੁਜ਼ਰਦਾ ਗਿਆ।

ਇੱਕ ਰਾਤ ਉਹ ਦੋਨੋਂ ਆਪੋ-ਆਪਣੇ ਕਮਰੇ ਵਿੱਚ ਸੌਂ ਰਹੇ ਸਨ ਕਿ ਆਚਾਨਕ ਦਰਵਾਜ਼ਾ ਖਟਕਿਆ। ਸਮੀਰ ਉੱਠਿਆ ਤੇ ਦਰਵਾਜ਼ਾ ਖੋਲਣ ਗਿਆ। ਉਸ ਨੇ ਜਰਾ ਕੁ ਦਰਵਾਜ਼ਾ ਖੋਲਿਆ ਤੇ ਸਾਹਮਣੇ ਪੰਜ-ਸੱਤ ਆਦਮੀ ਹੱਥਿਆਰ ਬੰਦੀ ਖੜੇ ਸਨ। ਸਮੀਰ ਨੇ ਜਲਦੀ ਨਾਲ ਦਰਵਾਜ਼ਾ ਬੰਦ ਕਰ ਦਿੱਤਾ ਤੇ ਨੇਹਾ ਨੂੰ ਆਵਾਜ਼ ਮਾਰੀ। ਨੇਹਾ ਜਲਦੀ ਨਾਲ ਉੱਠੀ। ਇਸ ਤੋਂ ਪਹਿਲਾਂ ਕਿ ਉਹ ਆਦਮੀ ਦਰਵਾਜ਼ਾ ਤੋੜ ਕੇ ਅੰਦਰ ਆਉਂਦੇ ਉਹ ਦੋਨੋ ਘਰ ਦੇ ਦੂਸਰੇ ਦਰਵਾਜ਼ੇ ਰਾਹੀ ਭੱਜ ਨਿਕਲੇ। ਸਾਰੇ ਆਦਮੀ ਉਨ੍ਹਾਂ ਨੂੰ

ਲੱਭਣ ਲੱਗ ਪਏ ਪਰ ਉਹ ਨਿਕਲ ਚੁਕੇ ਸਨ। ਉਨ੍ਹਾਂ ਆਸ-ਪਾਸ ਤਾਲਾਸ਼ ਸੁਰੂ ਕਰ ਦਿੱਤੀ। ਅਚਾਨਕ ਇੱਕ ਆਦਮੀ ਦੀ ਨਜ਼ਰ ਉਨ੍ਹਾਂ ਤੇ ਪੈ ਗਈ ਤੇ ਉਨ੍ਹਾਂ ਨੇ ਨੇਹਾ ਤੇ ਸਮੀਰ ਪਿੱਛੇ ਗੱਡੀ ਲਾ ਲਈ। ਉਹ ਦੋਨੋਂ ਅੱਗੇ-ਅੱਗੇ ਤੇ ਆਦਮੀ ਪਿੱਛੇ-ਪਿੱਛੇ। ਉਨ੍ਹਾਂ ਗੋਲੀਆਂ ਮਾਰਨੀਆਂ ਸੁਰੂ ਕਰ ਦਿੱਤੀਆਂ। ਗੋਲੀ ਸਮੀਰ ਦੇ ਜਾ ਵੱਜੀ ਤੇ ਉਹ ਡਿੱਗ ਪਿਆ। ਨੇਹਾ ਨੇ ਉਸ ਨੂੰ ਉਠਾਉਣ ਦੀ ਕੋਸ਼ਿਸ ਕੀਤੀ ਪਰ ਸਮੀਰ ਮੁੜ ਨਾ ਖੜਾ ਹੋਇਆ। ਅਖੀਰ ਸਮੀਰ ਨੇ ਨੇਹਾ ਨੂੰ ਓਥੋਂ ਜਾਣ ਲਈ ਕਿਹਾ। ਨੇਹਾ ਨਾ ਮੰਨੀ ਪਰ ਸਮੀਰ ਨੇ ਉਸ ਨੂੰ ਮਨਾ ਲਿਆ। ਨੇਹਾ ਨੂੰ ਨਾ ਚਾਹੁੰਦੇ ਹੋਏ ਵੀ ਸਮੀਰ ਨੂੰ ਓਥੇ ਛੱਡ ਕੇ ਜਾਣਾ ਪਿਆ।

ਸੁਪਨਿਆਂ ਤੋਂ ਸੋਹਣੀ ਜ਼ਿੰਦਗੀ ਸੀ ਮੇਰੀ,

ਹਰ ਦੁੱਖ ਤੋਂ ਦੂਰ ਤੇ ਅਣਜਾਣ ਜਿਹੀ,

ਐਸਾ ਝੱਖੜ ਝੁੱਲਿਆ,

ਕਿ ਸਭ ਵਿਰਾਨ ਜਿਹਾ ਹੋ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

ਕੁਝ ਜ਼ਾਲਮਾਂ ਨੇ ਮੈਨੂੰ,

ਜ਼ਾਰੋ-ਜ਼ਾਰ ਕਰ ਦਿੱਤਾ,

ਮੇਰੀ ਤਕਦੀਰ ਦੇ ਹਰ ਪੰਨੇ ਨੂੰ,

ਤਾਰੋ-ਤਾਰ ਕਰ ਦਿੱਤਾ,

ਉਨ੍ਹਾਂ ਜ਼ਾਲਮਾਂ ਦੀ ਹਵਸ਼ ਦਾ,

ਮਹਿਮਾਨ ਜਿਹਾ ਹੋ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

ਮਿਲਿਆਂ ਨਾ ਮੈਨੂੰ,

ਏਥੇ ਕੋਈ ਹਮ ਨਬੀ,

ਦੁਨੀਆਂ ਇਹ ਲੱਗੇ,

ਮੈਨੂੰ ਸਾਰੀ ਮਤਲਬੀ

ਮੇਰੀ ਇੱਜ਼ਤ ਦਾ ਮੁੱਲ,

ਏਥੇ ਭਾਨ ਜਿਹਾ ਹੋ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

ਇੱਕ ਅਣਜਾਣ ਫਰਿਸ਼ਤੇ ਨੇ,

ਮੇਰਾ ਸੀ ਮੁੱਲ ਪਾਇਆ,

ਜਿਹਨੂੰ ਮੈਂ ਆਪਣਾ,

ਹਰ ਦੁੱਖੜਾ ਖੋਲ੍ਹ ਸੁਣਾਇਆ,

ਓਹਨੇ ਬਾਂਹ ਫੜੀ ਤਾਂ,

ਜ਼ਿੰਦਗੀ ਦਾ ਅਹਿਸਾਨ ਹੋ ਜਿਹਾ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

ਉਹ ਵੀ ਖ਼ੁਸ਼ੀ ਨਾ,

ਰਹਿਣ ਦਿੱਤੀ ਜ਼ਾਲਮਾ ਨੇ,

ਜ਼ਿੰਦਗੀ ਫੇਰ ਮੇਰੀ,

ਰੋਲ੍ਹ ਦਿੱਤੀ ਜ਼ਾਲਮਾਂ ਨੇ,

ਹੋਸ਼ਲਾਂ ਤੇ ਹੁਣ,

ਟੁੱਟੀ ਹੋਈ ਕਮਾਨ ਜਿਹਾ ਹੋ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

ਜ਼ਿੰਦਗੀ ਮੇਰੀ ਦੁੱਖਾਂ ਦੀ,

ਕਹਾਣੀ ਜਿਹੀ ਹੋ ਗਈ,

ਕਿਸੇ ਨਹਿਰ ਦੇ ਸੁੱਕੇ ਹੋਏ,

ਪਾਣੀ ਜਿਹੀ ਹੋ ਗਈ,

ਜਿਹਨੇ ਵੀ ਸੁਣੀ,

ਓਹ ਹੈਰਾਨ ਜਿਹਾ ਹੋ ਗਿਆ,

ਮੇਰੀਆਂ ਆਸਾਂ ਦਾ ਵਿਹੜਾ,

ਸੁੰਨਸਾਨ ਜਿਹਾ ਹੋ ਗਿਆ।

(ਸੁਮਨ ਕਸ਼ਮੀਰ)

ਇਸ ਕਹਾਣੀ ਦੇ ਦੋਨੋਂ ਭਾਗ ਅਸਲ ਵਿੱਚ ਬਲਬ ਕਹਾਣੀ ਦੇ ਹੀ ਹਿੱਸਾ ਹਨ। ਇਸ ਲਈ ਇਸ ਕਹਾਣੀ ਨੂੰ ਪੂਰਨ ਰੂਪ ਵਿੱਚ ਸਮਝਣ ਲਈ ਬਲਬ ਕਹਾਣੀ ਨੂੰ ਪੜਨਾ ਬਹੁਤ ਜਰੂਰੀ ਹੈ।

ਚX ਚ

ਭਾਗ ਪਹਿਲਾ

ਪ੍ਰੀਤ ਸਿੰਘ ਭੱਟੀ

ਪਲ

ਬਲਬ (ਭਾਗ ਪਹਿਲਾ)

ਬਲਬ ਕਦੇ ਜਗ ਜਾਵੇ, ਕਦੇ ਬੁੱਝ ਜਾਵੇ। ਜਗ ਜਾਵੇ, ਬੁੱਝ ਜਾਵੇ। ਜਗ ਜਾਵੇ, ਬੁੱਝ ਜਾਵੇ। ਇਹ ਸਾਹਮਣੇ ਵਾਲੀ ਬਿਲਡਿੰਗ ਵਿੱਚ ਹੋ ਰਹਾ ਸੀ। ਤੇ ਜੋ ਇਹ ਸਭ ਹੁੰਦਾ ਦੇਖ ਰਹਾ ਸੀ ਉਸਨੂੰ ਇਹ ਦੇਖ ਕੇ ਹੈਰਾਨੀ ਤਾਂ ਬਿਲਕੁਲ ਨਹੀਂ ਸੀ ਹੋ ਰਹੀ ਪਰ ਉਹ ਉਸਨੂੰ ਦੇਖਦਿਆਂ ਅੱਖ ਨਹੀਂ ਸੀ ਝਮੱਕ ਰਹਾ। ਸਮਾਂ ਕਰੀਬ ਰਾਤ ਦਸ ਕੁ ਵਜੇ ਦਾ ਸੀ। ਉਸਨੂੰ ਇਹ ਦੇਖ ਕੇ ਹੈਰਾਨੀ ਇਸ ਲਈ ਨਹੀਂ ਸੀ ਹੋ ਰਹੀ ਕਿਉਂਕਿ ਅਕਸਰ ਇਨਸਾਨ ਸੋਚਦਾ ਹੋਇਆ ਇਹੋ ਜਿਹੀਆਂ ਹਰਕਤਾਂ ਕਰਦਾ ਰਹਿੰਦਾ ਹੈ। ਪਰ ਬਲਬ ਦਾ ਜਗਣਾ ਬੁੱਝਣਾ ਬੰਦ ਨਾ ਹੋਇਆ। ਤੇ ਘੜੀ ਦੀ ਸੂਈ ਵੀ ਆਪਣੀ ਤੇਜ਼ੀ ਮੁਤਾਬਿਕ ਅੱਗੇ ਵੱਲ ਵਧਦੀ ਜਾ ਰਹੀ ਸੀ। ਉਹ ਪਹਿਲਾਂ ਤਾਂ ਕਾਫੀ ਦੇਰ ਤੱਕ ਦੇਖਦਾ ਰਹਾ ਪਰ ਜਦੋਂ ਬਲਬ ਦਾ ਜਗਣਾ ਬੁੱਝਣਾ ਬੰਦ ਨਾ ਹੋਇਆ ਤਾਂ ਉਹ ਅੱਕ ਕੇ ਆਪਣੇ ਬਿਸਤਰੇ ਵੱਲ ਚਲਾ ਗਿਆ ਤੇ ਜਾ ਕੇ ਸੌਂ ਗਿਆ। ਰਾਤ ਲੰਘ ਗਈ।

ਦਿਨ ਚੜਿਆ ਤਾਂ ਉਸਦੀ ਪਹਿਲੀ ਨਜ਼ਰ ਸਾਹਮਣੇ ਓਸੇ ਬਿਲਡਿੰਗ ਦੇ ਕਮਰੇ ਵੱਲ ਗਈ ਜਿੱਥੇ ਰਾਤੀ ਬਲਬ ਹਰਕਤ ਕਰ ਰਿਹਾ ਸੀ। ਪਰ ਇਸ ਵਾਰ ਬਲਬ ਬਿਲਕੁਲ ਵੀ ਜਗ-ਬੁੱਝ ਨਹੀਂ ਸੀ ਰਿਹਾ। ਬਲਬ ਬਸ ਇਕ ਤਾਰ ਜਗ ਰਿਹਾ ਸੀ ਪਰ

www.PunjabiLibrary.com

ਕੋਈ ਨਜ਼ਰ ਨਹੀਂ ਸੀ ਆਉਂਦਾ। ਕੁੱਝ ਦੇਰ ਦੇਖਣ ਪਿੱਛੋਂ ਫਿਰ ਉਸਨੇ ਨਹਾ-ਧੋ ਕੇ ਨਾਸ਼ਤਾ ਕੀਤਾ ਤੇ ਕੁੱਝ ਲਿਖਣ ਬੈਠ ਗਿਆ। ਦਰਅਸਲ ਉਹ ਇੱਕ ਲਿਖ਼ਾਰੀ ਅਨੁਭਵ ਹੁੰਦਾ ਸੀ। ਤੇ ਉਹ ਦਿਲਚਸਪ ਕਹਾਣੀਆਂ ਤੇ ਕਵਿਤਾਵਾਂ ਲਿਖਦਾ ਸੀ। ਉਸਦੀਆਂ ਕਹਾਣੀਆਂ ਤੇ ਕਵਿਤਾਵਾਂ ਅਕਸਰ ਮਸ਼ਹੂਰ ਅਖਬਾਰਾਂ ਤੇ ਰਸਾਲਿਆਂ ਵਿਚ ਛੱਪਦੀਆਂ ਸਨ। ਉਹ ਫਿਰ ਓਸੇ ਜਗ੍ਹਾ ਤੇ ਆ ਕੇ ਬੈਠ ਗਿਆ ਜਿਥੋਂ ਸਾਹਮਣੇ ਵਾਲੀ ਬਿਲਡਿੰਗ ਦਾ ਨਜ਼ਾਰਾ ਦਿਖਦਾ ਸੀ। ਸਵੇਰ ਦੇ ਸਾਢੇ ਕੁ ਸੱਤ ਦਾ ਵਕਤ ਸੀ। ਉਸਨੇ ਲਿਖਣਾ ਸ਼ੁਰੂ ਕੀਤਾ...

ਘੜਾ ਤਿੜਕਿਆ ਪਾਣੀ ਰੁੜ੍ਹਿਆ,

ਸੱਟ ਮਾਰੀ ਕਿਸੇ ਕਸੂਤੀ,

ਦੇਖ ਗਵਾਂਢਣ ਭੱਜੀ ਘਰ ਨੂੰ,

ਜਾ ਲਾਈ ਮਾਂ ਨੂੰ ਲੂਤੀ,

ਛੈਲ ਛਬੀਲੀ ਮੁਟਿਆਰ ਖੜ ਗਈ,

ਗੁੱਸੇ ਦੀ ਅੱਗ ਬਲੂਤੀ,

ਯੋਗੀ ਮਗਰੋਂ ਨੱਸਣ ਨੂੰ ਫਿਰਦਾ,

ਸੱਤੀ ਓਥੇ ਰਹੀ ਖਲੋਤੀ,

ਮੂੰਹ ਵਿਚ ਗਾਲ, ਮੁੱਖ ਸੂਰਜ ਲਿਸ਼ਕੇ,

ਤਨ ਬੋਤਲ, ਨੱਕ ਮੋਤੀ,

ਹੁਸਨ ਭੰਡਾਰ ਨਕੈ-ਨਕ ਭਰਿਆ,

ਰੱਬ ਕਰੀ ਨਾ ਕੋਈ ਕਟੌਤੀ.....

ਅਜੇ ਉਸਨੇ ਐਨਾ ਕੁ ਹੀ ਲਿਖਿਆ ਸੀ ਕਿ ਪੰਨਾ ਪਾੜ ਦਿੱਤਾ। ਪਤਾ ਨਹੀਂ ਕਿਉਂ? ਸ਼ਾਇਦ ਉਸਨੂੰ ਪਸੰਦ ਨਹੀਂ ਆਇਆ। ਉਸਨੇ ਫਿਰ ਨਵੇਂ ਪੰਨੇ ਤੇ ਲਿਖਣਾ ਸ਼ੁਰੂ ਕੀਤਾ। ਪਰ ਇਸ ਵਾਰ ਬਿਲਕੁਲ ਵੀ ਕੋਈ ਲਫ਼ਜ਼ ਨਾ ਬਣਿਆ। ਕਾਫੀ ਦੇਰ ਤੱਕ ਸੋਚਦਾ ਰਿਹਾ ਪਰ ਉਸਦੇ ਦਿਮਾਗ਼ ਵਿੱਚ ਕੁੱਝ ਨਾ ਆਇਆ ਤੇ ਉਸਨੇ ਕਲਮ ਤੇ ਡਾਇਰੀ ਇੱਕ ਪਾਸੇ ਰੱਖ ਦਿੱਤੀ। ਤੇ ਤਿਆਰ ਹੋ ਕੇ ਬਾਹਰ ਵੱਲ ਨੂੰ ਤੁਰ ਪਿਆ। ਬਿਲਡਿੰਗ ਤੋਂ ਬਾਹਰ ਆ ਕੇ ਫਿਰ ਲਿਖ਼ਾਰੀ ਨੇ ਰਾਤ ਵਾਲੇ ਕਮਰੇ ਵੱਲ ਝਾਤੀ ਮਾਰੀ। ਉਹ ਕਮਰਾ ਸਾਹਮਣੇ ਵਾਲੀ ਬਿਲਡਿੰਗ ਵਿੱਚ ਕਰੀਬ ਨੌਵੀਂ ਮੰਜਿਲ ਤੇ ਸੀ।

ਜਦੋਂ ਲਿਖਾਰੀ ਨੂੰ ਫਿਰ ਕੁੱਝ ਨਜ਼ਰ ਨਾ ਆਇਆ ਤਾਂ ਇੱਕ ਰਿਕਸ਼ਾ ਲੈ ਕੇ ਬਾਜ਼ਾਰ ਵੱਲ ਨੂੰ ਚਲਾ ਗਿਆ।

ਬਾਜ਼ਾਰ ਪੁੱਜ ਪਹਿਲਾਂ ਉਹ ਸ਼ਹਿਰ ਦੇ ਮਸ਼ਹੂਰ ਅਜ਼ਾਇਬ ਘਰ ਗਿਆ ਤੇ ਫਿਰ ਚਿੜੀਆਂ ਘਰ। ਇੱਕ ਲਿਖ਼ਾਰੀ ਹੋਣ ਦੇ ਨਾਲ-ਨਾਲ ਉਹ ਇਤਿਹਾਸ ਤੇ ਕੁਦਰਤ ਦਾ ਪ੍ਰੇਮੀ ਵੀ ਸੀ। ਫਿਰ ਸ਼ਾਮ ਹੋਣ ਤੇ ਉਹ ਮੁੜ ਬਾਜ਼ਾਰ ਗਿਆ ਤੇ ਖਾਣ ਲਈ ਕੁੱਝ ਫ਼ਲ ਲੈ ਕੇ ਫਿਰ ਵਾਪਿਸ ਆਪਣੇ ਕਮਰੇ ਵਿੱਚ ਆ ਗਿਆ। ਉਸਦੀ ਪਹਿਲੀ ਨਜ਼ਰ ਫਿਰ ਸਾਹਮਣੇ ਵਾਲੀ ਬਿਲਡਿੰਗ ਵਾਲੇ ਕਮਰੇ ਤੇ ਪਈ। ਬਲਬ ਜਗ ਰਹਾ ਸੀ ਤੇ ਕਮਰੇ ਵਿੱਚ ਇੱਕ ਬੱਚਾ ਟਹਿਲ ਰਿਹਾ ਸੀ। ਦੇਖਣ ਤੇ ਬੱਚੇ ਦੀ ਉਮਰ ਚੌਦਾਂ-ਪੰਦਰਾਂ ਸਾਲ ਦੇ ਕਰੀਬ ਲੱਗਦੀ ਸੀ। ਲਿਖ਼ਾਰੀ ਉਸਨੂੰ ਬਸ ਦੇਖੀ ਜਾ ਰਹਾ ਸੀ ਕਿਉਂਕਿ ਉਸ ਕਮਰੇ ਵਿੱਚ ਉਸ ਬੱਚੇ ਤੋਂ ਇਲਾਵਾ ਹੋਰ ਕੋਈ ਨਜ਼ਰ ਨਹੀਂ ਸੀ ਆ ਰਹਾ। ਕੁੱਝ ਦੇਰ ਪਿੱਛੋਂ ਇੱਕ ਔਰਤ ਨਜ਼ਰ ਆਉਂਦੀ ਹੈ ਤੇ ਫਿਰ ਕੁੱਝ ਮਿੰਟਾਂ ਪਿੱਛੋਂ ਇੱਕ ਆਦਮੀ। ਦੂਰ ਹੋਣ ਦੇ ਕਰਕੇ ਕਿਸੇ ਦਾ ਵੀ ਚੇਹਰਾ ਸਾਫ ਨਜ਼ਰ ਨਹੀਂ ਸੀ ਆ ਰਹਾ। ਪਰ ਔਰਤ ਦੇ ਹੁਲੀਏ ਤੋਂ ਉਹ ਉਸਦੀ ਮਾਂ ਅਨੁਭਵ ਹੁੰਦੀ ਸੀ ਤੇ ਉਹ ਆਦਮੀ ਉਸਦਾ ਪਿਉ। ਫਿਰ ਬੱਚਾ ਕਿਸੇ ਦੂਸਰੇ ਪਾਸੇ ਜਾ ਕੇ ਨਜ਼ਰ ਤੋਂ ਓਹਲੇ ਹੋ ਜਾਂਦਾ ਹੈਂ ਤੇ ਉਹ ਔਰਤ ਤੇ ਆਦਮੀ

ਆਪਣੇ ਰੰਗ ਵਿੱਚ ਮਸਤ ਹੋ ਜਾਂਦੇ ਨੇ। ਲਿਖ਼ਾਰੀ ਇਹ ਸਭ ਆਪਣੇ ਕਮਰੇ ਵਾਲੀ ਖਿੜਕੀ ਚੋਂ ਸਾਫ਼ ਦੇਖ ਰਹਾ ਸੀ। ਪਰ ਉਸਨੂੰ ਕੁੱਝ ਅਜ਼ੀਬ ਨਾ ਲੱਗਾ ਤੇ ਉਹ ਔਰਤ ਤੇ ਆਦਮੀ ਨੂੰ ਐਦਾਂ ਕਰਦੇ ਦੇਖ ਖਿੜਕੀ ਤੋਂ ਇੱਕ ਪਾਸੇ ਹੋ ਕੇ ਨਹਾਉਣ ਲਈ ਚਲਾ ਗਿਆ।

ਜਦੋਂ ਲਿਖ਼ਾਰੀ ਨਹਾ ਧੋ ਕੇ ਵਾਪਿਸ ਆਇਆ ਤਾਂ ਓਹੀ ਔਰਤ ਤੇ ਮਰਦ ਆਪਣੇ ਕੱਪੜੇ ਪਾ ਰਹੇ ਸਨ। ਲਿਖ਼ਾਰੀ ਨੇ ਫ਼ੋਨ ਕਰ ਕੇ ਭੋਜਨ ਮੰਗਵਾ ਲਿਆ ਤੇ ਫਿਰ ਖਾਣਾ ਸ਼ੁਰੂ ਕਰ ਦਿੱਤਾ। ਅਜੇ ਉਸਨੇ ਪਹਿਲੀ ਹੀ ਬੁਰਕੀ ਤੋੜੀ ਕਿ ਦੇਖਿਆ ਔਰਤ ਤੇ ਮਰਦ ਆਪਣੀ ਜਗ੍ਹਾ ਤੇ ਨਹੀਂ ਸਨ ਤੇ ਉਹਨਾਂ ਦੀ ਜਗ੍ਹਾ ਓਹੀ ਬੱਚਾ ਆ ਚੁਕਾ ਸੀ। ਲਿਖ਼ਾਰੀ ਖਾਂਦਾ ਹੋਇਆ ਦੇਖ ਰਹਾ ਸੀ। ਤੇ ਬੱਚਾ ਓਸੇ ਬਿਸਤਰ ਤੇ ਲੰਮੇ ਪੈ ਗਿਆ। ਲਿਖ਼ਾਰੀ ਨੇ ਆਪਣਾ ਭੋਜਨ ਜਲਦੀ-ਜਲਦੀ ਖਤਮ ਕੀਤਾ ਤੇ ਖਿੜਕੀ ਦੇ ਸਾਹਮਣੇ ਆ ਗਿਆ। ਲਿਖ਼ਾਰੀ ਦੇਖਦਾ ਰਿਹਾ ਤੇ ਬੱਚਾ ਓਥੇ ਲੰਮੇ ਪਿਆ ਰਹਾ। ਫਿਰ ਕੁੱਝ ਦੇਰ ਪਿੱਛੋਂ ਬੱਚਾ ਪਿਛਲੀ ਰਾਤ ਵਾਲੀ ਹਰਕਤ ਕਰਨ ਲੱਗ ਪਿਆ। ਕਦੇ ਬਲਬ ਜਗਾਵੇ ਤੇ ਕਦੇ ਬੁਝਾਵੇ। ਕਦੇ ਜਗਾਵੇ ਕਦੇ ਬੁਝਾਵੇ। ਇਹ ਲਗਾਤਾਰ ਹੋਣ ਲੱਗ ਪਿਆ ਤੇ ਲਿਖ਼ਾਰੀ ਇੱਕ ਤਾਰ ਦੇਖਦਾ ਰਹਾ। ਕੁੱਝ ਦੇਰ ਪਿੱਛੋਂ ਬਲਬ ਬੰਦ ਹੋ ਗਿਆ। ਸ਼ਾਇਦ ਬੱਚਾ ਸੌਂ ਗਿਆ ਸੀ। ਬੱਚਾ ਤਾਂ ਸੌਂ ਗਿਆ ਪਰ

ਲਿਖ਼ਾਰੀ ਨਹੀਂ ਸੀ ਸੌਂ ਰਹਾ। ਉਸਦੇ ਮਨ ਵਿੱਚ ਬੇ-ਚੈਨੀ ਹੋਈ ਜਾ ਰਹੀ ਸੀ। ਉਸਨੂੰ ਨੀਂਦ ਨਹੀਂ ਸੀ ਆ ਰਹੀ। ਉਹ ਬੱਚੇ ਬਾਰੇ ਸੋਚ-ਸੋਚ ਕੇ ਕਮਰੇ ਵਿੱਚ ਹੀ ਟਹਿਲ ਰਹਾ ਸੀ। ਉਹ ਕਦੇ ਕਿਸੇ ਵੀ ਨਸ਼ੇ ਦਾ ਪ੍ਰਯੋਗ ਨਹੀਂ ਸੀ ਕਰਦਾ। ਪਰ ਉਸਨੂੰ ਇਸ ਤਰਾਂ ਮਹਿਸੂਸ ਹੋ ਰਹਾ ਸੀ ਜਿਵੇਂ ਉਸਨੂੰ ਕੋਈ ਥੋੜ ਆ ਗਈ ਹੋਵੇ। ਕਾਫੀ ਦੇਰ ਸੋਚਣ ਪਿੱਛੋਂ ਉਸ ਨੇ ਆਪਣੀ ਕਲਮ ਤੇ ਡਾਇਰੀ ਚੁੱਕੀ ਤੇ ਲਿਖਣਾ ਚਾਲੂ ਕਰ ਦਿੱਤਾ। ਪਰ ਅਫਸੋਸ਼ ਕਾਫੀ ਦੇਰ ਸੋਚਣ ਪਿੱਛੋਂ ਵੀ ਉਸਨੇ ਕੁੱਝ ਨਾ ਲਿਖਿਆ। ਫਿਰ ਪਤਾ ਹੀ ਨਾ ਲੱਗਾ ਕਦੋਂ ਉਸਨੂੰ ਨੀਂਦ ਆ ਗਈ ਤੇ ਉਹ ਸੌਂ ਗਿਆ।

ਅਗਲੀ ਸਵੇਰ ਉਸਦੀ ਨਜ਼ਰ ਫਿਰ ਉਠਦੇ ਸਾਰ ਉਸੇ ਖਿੜਕੀ ਤੇ ਪਈ। ਤੇ ਖਿੜਕੀ ਚੋਂ ਓਹੀ ਬੱਚਾ ਨਜ਼ਰ ਆ ਰਹਾ ਸੀ ਤੇ ਉਹ ਕੁੱਝ ਖਾ ਰਹਾ ਸੀ। ਪਰ ਉਸਦੇ ਨੇੜੇ ਹੋਰ ਕੋਈ ਨਜ਼ਰ ਨਹੀਂ ਸੀ ਆ ਰਹਾ। ਲਿਖ਼ਾਰੀ ਫਿਰ ਰੋਜ਼ ਅਨੁਸਾਰ ਨਹਾ-ਧੋ ਕੇ ਖਾਣਾ ਖਾ ਕੇ ਬਾਹਰ ਚਲਾ ਗਿਆ। ਅੱਜ ਉਹ ਕਿਸੇ ਰਿਕਸ਼ੇ ਤੇ ਨਹੀਂ ਸੀ ਜਾ ਰਹਾ ਉਹ ਪੈਦਲ ਚੱਲ ਰਹਾ ਸੀ। ਰਸਤੇ ਵਿੱਚ ਉਸਨੇ ਕਈ ਨਜ਼ਾਰੇ ਦੇਖੇ। ਕਿਤੇ ਬੱਚੇ ਸਕੂਲ ਨੂੰ ਜਾਂਦੇ, ਕਿਤੇ ਚੌਂਕ ਵਿੱਚ ਕਬੂਤਰਾਂ ਦੀ ਡਾਰ ਜਿਨ੍ਹਾਂ ਨੂੰ ਲੋਕ ਦਾਣਾ ਪਾ ਰਹੇ ਸਨ, ਕਿਤੇ ਹੁਸਨ ਦੀ ਭਰਮਾਰ ਵਾਲੀਆਂ ਕੁੜੀਆਂ, ਕਿਤੇ ਮੱਛੀਆਂ ਤੇ

ਸਬਜ਼ੀਆਂ ਦਾ ਲੱਗਾ ਬਾਜ਼ਾਰ ਤੇ ਲੋਕਾਂ ਨੂੰ ਦਸ-ਦਸ ਰੁਪਏ ਤੇ ਝਗੜਾ ਕਰਦੇ, ਕਹਿਣ ਮੁਤਾਬਿਕ ਉਹ ਇੱਕ ਸ਼ਹਿਰ ਦੀ ਹਰ ਖੂਬਸੂਰਤ ਚੀਜ਼ ਨੂੰ ਨਿਹਾਰ ਰਹਾ ਸੀ ਤੇ ਖੁਸ਼ ਹੋ ਰਹਾ ਸੀ। ਫਿਰ ਉਹ ਇੱਕ ਪਾਰਕ ਵਿੱਚ ਪੁੱਜਾ ਤੇ ਜਾ ਕੇ ਇੱਕ ਬੈਂਚ ਤੇ ਬੈਠ ਗਿਆ। ਐਥੇ ਇੱਕ ਪਾਸੇ ਕੁੱਝ ਬੁਜਰਗ ਉੱਚੀ-ਉੱਚੀ ਹੱਸ ਰਹੇ ਸਨ ਤੇ ਕੁੱਝ ਲੋਕ ਕਸਰਤ ਕਰ ਰਹੇ ਤੇ ਕੁੱਝ ਦੌੜ ਲਗਾ ਰਹੇ ਸਨ। ਇਹ ਨਜ਼ਾਰਾ ਕਾਫੀ ਅਨੰਦਮਈ ਮਹਿਸੂਸ ਹੁੰਦਾ ਸੀ। ਉਹ ਆਪਣੀ ਡਾਇਰੀ ਤੇ ਕਲਮ ਨਾਲ ਹੀ ਲੈ ਕੇ ਆਇਆ ਸੀ। ਸਭ ਨਜ਼ਾਰੇ ਦੇਖਣ ਪਿੱਛੋਂ ਉਹ ਲਿਖਣ ਲੱਗ ਪਿਆ....

ਯੋਗੀ ਪਿੰਡੋਂ ਸ਼ਹਿਰ ਨੂੰ ਆਇਆ,

ਦੇਖ ਰੰਗ ਤਮਾਸ਼ੇ ਚਾਅ ਚੜਿਆ ਏ,

ਬੁੱਢੇ ਖਿੜ-ਖਿੜ ਹੱਸਦੇ ਜਾਵਣ,

ਕੀ ਇਹਨਾਂ ਅੰਦਰ ਵੜਿਆ ਏ,

ਕਾਲਜ ਜਾਂਦੀਆਂ ਮੁਟਿਆਰਾਂ ਦੇਖਾਂ,

ਮਨ ਹੁਸਨ ਦਾ ਕੀੜਾ ਲੜਿਆ ਏ,

ਕਾਰ ਸ਼ੈਤਾਨੀਆਂ ਕੋਈ ਖੁੱਦ ਹੀ ਕਰਦਾ,

ਲੋਕਾਂ ਵੱਲ ਐਵੇਂ ਤੜਿਆਂ ਏ,

ਰੰਗ ਬਰੰਗੇ ਪੰਛੀ ਚਹਿਕਣ,

ਕੁਦਰਤ ਦਾ ਰੁਤਬਾ ਖੜਿਆ ਏ,

ਰੱਬਾ ਤੇਰਾ ਭੇਦ ਨਾ ਕੋਈ ਪਾ ਸਕਿਆ,

ਏਥੇ ਕੀ ਕੀ ਜੁਗਤਾਂ ਤੂੰ ਘੜਿਆ ਏ,

ਮਾਂ ਬੱਚੇ ਨੂੰ ਪੜਨੇ ਪਾਵੇ,

ਇਹ ਦੇਖ ਕੇ ਮਨ ਮੇਰਾ ਭਰਿਆ ਏ.....

ਐਨਾ ਲਿਖ਼ਣ ਪਿੱਛੋਂ ਲਿਖ਼ਾਰੀ ਕੁੱਝ ਉਦਾਸ ਜਿਹਾ ਹੋ ਕੇ ਬੈਠ ਗਿਆ। ਤੇ ਆਪਣੀ ਮਾਂ ਬਾਰੇ ਸੋਚਣ ਲੱਗ ਪਿਆ। ਉਸ ਨੂੰ ਘਰੋਂ ਨਿਕਲੇ ਕਾਫ਼ੀ ਵਕਤ ਹੋ ਚੁਕਾ ਸੀ, ਤੇ ਅੱਜ ਸ਼ਹਿਰ ਦੀ ਰੌਣਕ ਨੂੰ ਦੇਖ ਕੇ ਉਸ ਨੂੰ ਆਪਣੇ ਪਿੰਡ ਦੀ ਯਾਦ ਆ ਰਹੀ ਸੀ। ਫਿਰ ਓਸੇ ਵੇਲੇ ਇੱਕ ਬੰਦਾ ਬੜੇ ਜੋਰ ਨਾਲ ਤਿਲਕਿਆਂ, ਜਿੰਨੀ ਜਲਦੀ ਉਹ ਡਿੱਗਾ ਓਨੀ ਜਲਦੀ ਹੀ ਉਹ ਉਠਿਆ। ਜਿਵੇਂ ਉਸ ਨੂੰ ਕਿਸੇ ਨੇ ਡਿੱਗਦਿਆਂ ਦੇਖਿਆ ਹੀ ਨਾ ਹੋਵੇ। ਪਰ ਸਭ ਉਸ ਵੱਲ਼ ਦੇਖ ਕੇ

ਹੱਸ ਰਹੇ ਸਨ ਤੇ ਇਹ ਦ੍ਰਿਸ਼ ਦੇਖ ਕੇ ਲਿਖ਼ਾਰੀ ਵੀ ਹੱਸਣ ਲੱਗ ਪਿਆ। ਇੱਕ ਪਲ ਵਿੱਚ ਹੀ ਉਸ ਦੀ ਸੋਚ ਬਦਲ ਗਈ। ਇਹ ਇੱਕ ਹਾਸੇ ਵਾਲੇ ਦ੍ਰਿਸ਼ ਕਰਕੇ ਹੋਇਆ ਸੀ। ਕੁੱਝ ਦੇਰ ਪਿੱਛੋਂ ਲਿਖ਼ਾਰੀ ਓਥੋਂ ਉੱਠ ਕੇ ਅੱਗੇ ਵੱਲ ਨੂੰ ਵੱਧ ਗਿਆ। ਫਿਰ ਉਹ ਇਕ ਹੋਟਲ ਵਿੱਚ ਗਿਆ ਤੇ ਇਕ ਨੌਕਰ ਨੂੰ ਚੀਨੀ ਭੋਜਨ ਲਿਆਉਣ ਲਈ ਕਿਹਾ। ਲਿਖ਼ਾਰੀ ਨੇ ਭੋਜਨ ਖ਼ਤਮ ਕੀਤਾ ਤੇ ਉੱਠ ਕੇ ਵਾਪਿਸ ਆਪਣੇ ਹੋਟਲ ਵੱਲ ਨੂੰ ਚੱਲ ਪਿਆ। ਕਮਰੇ ਵਿੱਚ ਪੁੱਜ ਕੇ ਉਸਨੇ ਕੁਝ ਦੇਰ ਆਰਾਮ ਕੀਤਾ ਤੇ ਫਿਰ ਸਾਹਮਣੇ ਖਿੜਕੀ ਦਾ ਚੇਤਾ ਆਇਆ। ਉਸਨੇ ਦੇਖਿਆ ਕਿ ਬੱਚਾ ਤਾਂ ਓਥੇ ਨਹੀਂ ਸੀ ਤੇ ਉਹ ਔਰਤ ਓਥੇ ਹੀ ਸੀ। ਪਰ ਜਦੋਂ ਉਸ ਨੇ ਧਿਆਨ ਨਾਲ ਦੇਖਿਆ ਤੇ ਆਦਮੀ ਪਿਛਲੀ ਰਾਤ ਵਾਲਾ ਨਹੀਂ ਸੀ। ਲਿਖ਼ਾਰੀ ਨੂੰ ਪੂਰਾ ਸਪਸ਼ਟ ਹੋ ਗਿਆ ਕਿ ਇਹ ਔਰਤ ਕੌਣ ਹੈ ਤੇ ਸਾਹਮਣੇ ਬਿਲਡਿੰਗ ਵਿੱਚ ਕੀ ਹੋ ਰਿਹਾ ਹੈ। ਪਰ ਉਸ ਨੇ ਧਿਆਨ ਨਾ ਦਿੱਤਾ ਕਿਉਂਕਿ ਇਹੋ ਜਿਹੇ ਕੰਮ ਉਸਨੇ ਪਹਿਲੀ ਵਾਰ ਨਹੀਂ ਸੀ ਹੁੰਦੇ ਦੇਖੇ। ਅੱਜ-ਕੱਲ ਇਹ ਆਮ ਹੀ ਹੈ। ਉਹ ਖਿੜਕੀ ਤੋਂ ਦੂਰ ਹੋ ਗਿਆ ਤੇ ਬੈੱਡ ਉੱਪਰ ਜਾ ਕੇ ਸੌਂ ਗਿਆ। ਸ਼ਾਮ ਹੋ ਗਈ, ਕਰੀਬ ਸਾਢੇ ਕੁ ਪੰਜ ਦਾ ਵਕਤ ਸੀ। ਲਿਖ਼ਾਰੀ ਦੀ ਜਾਗ ਖੁੱਲ ਗਈ ਤੇ ਉਹ ਉੱਠ ਕੇ ਨਹਾਉਣ ਚਲਾ ਗਿਆ। ਨਹਾ-ਧੋ ਕੇ ਉਸਨੇ ਆਪਣੇ

ਲਈ ਚਾਹ ਬਣਾਈ ਤੇ ਇੱਕ ਕਿਤਾਬ ਲੈ ਕੇ ਪੜ੍ਹਨ ਬੈਠ ਗਿਆ। ਉਸਦੀ ਨਜ਼ਰ ਫਿਰ ਸਾਹਮਣੇ ਵਾਲੀ ਬਿਲਡਿੰਗ ਤੇ ਪਈ। ਉਸਨੇ ਦੇਖਿਆ ਬਲਬ ਜਗ ਰਹਾ ਸੀ ਤੇ ਓਹੀ ਔਰਤ ਨਜ਼ਰ ਆ ਰਹੀ ਸੀ ਪਰ ਇਸ ਵਾਰ ਆਦਮੀ ਫਿਰ ਕੋਈ ਹੋਰ ਸੀ। ਲਿਖ਼ਾਰੀ ਉਹਨਾਂ ਵੱਲ ਦੇਖ ਕੇ ਸ਼ਰਮਸਾਰ ਹੋ ਰਹਾ ਸੀ ਪਰ ਉਸ ਔਰਤ ਨੂੰ ਕੋਈ ਪ੍ਰਵਾਹ ਨਹੀਂ। ਲਿਖਾਰੀ ਸੋਚ ਰਹਾ ਸੀ ਕਿ ਅਗਰ ਮੈਂ ਉਹਨਾਂ ਨੂੰ ਦੇਖ ਸਕਦਾ ਹਾਂ ਤੇ ਹੋਰ ਵੀ ਉਹਨਾਂ ਨੂੰ ਦੇਖ ਰਹੇ ਹੋਣਗੇ ਤੇ ਉਹ ਔਰਤ ਸ਼ਰੇਆਮ ਕੁ-ਕਰਮ ਕਰ ਰਹੀ ਸੀ। ਲਿਖ਼ਾਰੀ ਨੇ ਉਹਨਾਂ ਵੱਲੋਂ ਮੁੱਖ ਮੋੜ ਲਿਆ ਤੇ ਇੱਕ ਕੁਰਸੀ ਤੇ ਬੈਠ ਕੇ ਕੋਈ ਕਿਤਾਬ ਪੜ੍ਹਨ ਲੱਗ ਪਿਆ। ਫਿਰ ਕੁੱਝ ਦੇਰ ਪਿੱਛੋਂ ਸਾਹਮਣੇ ਵਾਲੇ ਕਮਰੇ ਦਾ ਬਲਬ ਬੰਦ ਹੋ ਗਿਆ। ਤੇ ਇੱਕ ਦਮ ਫਿਰ ਜਗਿਆ। ਇਸ ਵਾਰ ਇਹ ਬਲਬ ਓਸੇ ਬਚੇ ਨੇ ਜਗਾਇਆ ਸੀ। ਲਿਖ਼ਾਰੀ ਨੂੰ ਉਸ ਔਰਤ ਬਾਰੇ ਅਨੁਭਵ ਹੋ ਗਿਆ ਸੀ ਪਰ ਇਸ ਬੱਚੇ ਦੀ ਕਹਾਣੀ ਨਹੀਂ ਸੀ ਸਮਝ ਆ ਰਹੀ ਕਿ ਇਹ ਬੱਚਾ ਓਥੇ ਕੀ ਕਰ ਰਿਹਾ ਹੈ। ਫਿਰ ਕੁੱਝ ਦੇਰ ਪਿੱਛੋਂ ਬੱਚਾ ਬਲਬ ਬੰਦ ਕਰ ਕੇ ਸੌਂ ਗਿਆ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਬੱਚਾ ਇਕੱਲਾ ਸੀ। ਲਿਖ਼ਾਰੀ ਨੇ ਸੋਚਿਆ ਕੇ ਉਸ ਨੂੰ ਬੱਚੇ ਕੋਲ ਜਾਣਾ ਚਾਹੀਦਾ ਹੈ ਪਰ ਉਹ ਫਿਰ ਰੁੱਕ ਗਿਆ ਕਿ ਗੱਲ ਤਾਂ ਕੋਈ ਪਤਾ

ਨਹੀਂ ਇੰਝ ਫਾਲਤੂ ਵਿੱਚ ਛਾਣ-ਬੀਨ ਕਰਨ ਦਾ ਕੋਈ ਫਾਇਦਾ ਨਹੀਂ। ਪਰ ਕੁਛ ਦੇਰ ਪਿੱਛੋਂ ਬਲਬ ਫਿਰ ਜਗ ਗਿਆ। ਤੇ ਉਸ ਤੋਂ ਬਾਦ ਫਿਰ ਕਾਫੀ ਚਿਰ ਤੱਕ ਜਗਦਾ-ਬੁੱਝਦਾ ਰਹਾ। ਲਿਖ਼ਾਰੀ ਦੇ ਮਨ ਵਿੱਚ ਵੰਨ-ਸਵੰਨੇ ਖਿਆਲ ਆ ਰਹੇ ਸੀ। ਪਰ ਉਹ ਕਰ ਵੀ ਕੀ ਸਕਦਾ ਸੀ। ਫਿਰ ਉਸ ਨੇ ਆਪਣੀ ਡਾਇਰੀ ਚੁੱਕੀ ਤੇ ਲਿਖਣਾ ਸ਼ੁਰੂ ਕਰ ਦਿੱਤਾ.....

ਬਲਬ ਕਰੇ ਹਰਕਤਾਂ, ਮੇਰਾ ਜੀ ਕੰਬੇ,

ਹਿੱਕ ਚੋ ਖ਼ੂਨ ਵਗਦਾ, ਜਿਉਂ ਚੱਲਣ ਰੰਬੇ,

ਛੋਟਾ ਜਿਹਾ ਇੱਕ ਬਾਲੜਾ, ਰਹਿ ਗਿਆ ਇਕੱਲਾ,

ਮਾਂ ਨੂੰ ਕੋਈ ਫਿਕਰ ਨੀ, ਮੇਰਾ ਪੁੱਤ ਝੱਲਾ,

ਇੱਕ ਔਰਤ ਬੰਦੇ ਬਦਲਦੇ, ਹੈ ਕਿੰਨਾ ਸੋਸ਼ਾ,

ਦਿੱਤਾ ਹਲੂਣ ਜ਼ਮੀਰ ਨੂੰ, ਟੁੱਟ ਗਿਆ ਭਰੋਸ਼ਾ,

ਕੀ ਬੀਤੇ ਉਸ ਪੁੱਤ ਤੇ, ਦੇਖ ਮਾਂ ਦੀ ਕਰਨੀ,

ਉਹ ਤਾਂ ਹੋਈ ਕੰਗਾਲ ਏ, ਪਊ ਮੈਨੂੰ ਭਰਨੀ,

ਉੱਠਿਆ ਯਕੀਨ ਰੱਬ ਤੋਂ,ਕੋਈ ਆਸ ਨਾ ਲੱਭੇ,

ਬਸ ਘੁੱਪ ਹਨੇਰਾ ਜਾਪਦਾ, ਮੈਨੂੰ ਸੱਜੇ-ਖੱਬੇ,

ਬਸ ਘੁੱਪ ਹਨੇਰਾ ਜਾਪਦਾ, ਮੈਨੂੰ ਸੱਜੇ-ਖੱਬੇ.....

ਇਹ ਲਿਖਣ ਤੋਂ ਬਾਅਦ ਲਿਖ਼ਾਰੀ ਨੇ ਓਸੇ ਤਰ੍ਹਾਂ ਹੀ ਡਾਇਰੀ ਤੇ ਕਲਮ ਇੱਕ ਪਾਸੇ ਰੱਖ ਦਿੱਤੀ। ਕੁੱਝ ਵਕਤ ਵਿਚ ਹੀ ਉਸ ਨੂੰ ਨੀਂਦ ਆ ਗਈ। ਇੰਝ ਹੀ ਕਿੰਨੇ ਦਿਨ ਚਲਦਾ ਰਿਹਾ। ਇੱਕ ਦਿਨ ਲਿਖ਼ਾਰੀ ਆਪਣੇ ਕਮਰੇ ਵਿੱਚ ਲਿਖ ਰਿਹਾ ਸੀ। ਵਕਤ ਕਰੀਬ ਸ਼ਾਮ ਸੱਤ ਕੁ ਵਜੇ ਦਾ ਸੀ। ਉਸਨੇ ਦੇਖਿਆ ਕਿ ਉਹ ਸਾਹਮਣੇ ਬਿਲਡਿੰਗ ਵਾਲੀ ਔਰਤ ਕਿਸੇ ਅਣ-ਪਛਾਣੇ ਬੰਦੇ ਨਾਲ ਸੀ। ਲਿਖ਼ਾਰੀ ਨੇ ਧਿਆਨ ਨਾ ਦਿੱਤਾ। ਫਿਰ ਅਚਾਨਕ ਉਹ ਬਚਾ ਵੀ ਅੰਦਰ ਆ ਗਿਆ। ਔਰਤ ਨੇ ਬੱਚੇ ਨੂੰ ਇਸ਼ਾਰੇ ਨਾਲ ਬਾਹਰ ਜਾਣ ਲਈ ਕਿਹਾ। ਏਨੀ ਦੂਰ ਤੋਂ ਆਵਾਜ਼ ਤਾਂ ਨਹੀਂ ਸੀ ਸੁਣਦੀ ਪਰ ਨਜ਼ਰ ਸਾਫ਼ ਆ ਰਿਹਾ ਸੀ। ਜਦੋ ਬੱਚਾ ਜਾਣ ਲੱਗਾ ਤਾਂ ਉੱਥੇ ਪਏ ਆਦਮੀ ਨੇ ਬੱਚੇ ਦੀ ਬਾਂਹ ਫੜ ਲਈ। ਔਰਤ ਜਲਦੀ ਨਾਲ ਆਪਣੀ ਜਗ੍ਹਾ ਤੋਂ ਉੱਠੀ ਤੇ ਉਸਨੇ ਉਸ ਆਦਮੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਆਦਮੀ ਨਾ ਰੁਕਿਆ ਤੇ ਉਸ ਬੱਚੇ ਨਾਲ

ਜ਼ਬਰਦਸਤੀ ਕਰਨ ਲੱਗ ਪਿਆ। ਲਿਖ਼ਾਰੀ ਇਸ ਕਰਕੇ ਹੈਰਾਨ ਸੀ ਕਿ ਉਹ ਤਾਂ ਇੱਕ ਮੁੰਡਾ ਜਾਪਦਾ ਸੀ ਫਿਰ ਉਹ ਆਦਮੀ ਉਸ ਨਾਲ ਇਹੋ ਜਿਹੀ ਜ਼ਬਰਦਸਤੀ ਕਿਉਂ ਕਰ ਰਿਹਾ ਸੀ। ਲਿਖ਼ਾਰੀ ਸਭ ਤਮਾਸ਼ਾ ਦੇਖ ਰਿਹਾ ਸੀ ਪਰ ਉਸ ਨੂੰ ਸਮਝ ਕੁੱਝ ਨਹੀਂ ਸੀ ਆ ਰਿਹਾ। ਕੁੱਝ ਵਕਤ ਤੱਕ ਇਹ ਚਲਦਾ ਰਿਹਾ ਤੇ ਫਿਰ ਔਰਤ ਉਸ ਬੱਚੇ ਨੂੰ ਖਿੱਚ ਕੇ ਦੂਸਰੇ ਪਾਸੇ ਲੈ ਗਈ ਤੇ ਉਹ ਆਦਮੀ ਵੀ ਉਹਨਾਂ ਦੇ ਮਗਰ ਹੀ ਚਲਾ ਗਿਆ। ਹੁਣ ਸਭ ਲਿਖ਼ਾਰੀ ਦੀਆਂ ਅੱਖਾਂ ਤੋਂ ਓਹਲੇ ਹੋ ਚੁੱਕਾ ਸੀ ਤੇ ਕੁੱਝ ਵੀ ਨਜ਼ਰ ਨਹੀਂ ਸੀ ਆ ਰਿਹਾ।

ਲਿਖ਼ਾਰੀ ਨੇ ਸੋਚਿਆ ਕਿਉਂ ਨਾ ਉੱਥੇ ਜਾ ਕੇ ਪਤਾ ਕੀਤਾ ਜਾਵੇ ਕਿ ਸਾਰਾ ਮਾਂਝਰਾਂ ਕੀ ਹੈ। ਕਾਫ਼ੀ ਦੇਰ ਸੋਚਣ ਬਾਅਦ ਉਹ ਓਸੇ ਬਿਲਡਿੰਗ ਦੇ ਕਮਰੇ ਵੱਲ ਨੂੰ ਚੱਲ ਪਿਆ। ਜਦੋਂ ਉਹ ਬਿਲਡਿੰਗ ਦੇ ਕੋਲ ਪੁੱਜਾ ਤਾਂ ਪਤਾ ਲੱਗਾ ਕਿ ਉਹ ਸਿਰਫ ਇੱਕ ਕਮਰਾ ਹੀ ਨਹੀਂ ਬਲਕਿ ਪੂਰਾ ਘਰ ਵਾਂਗ ਹੈ। ਉਸਨੇ ਬਾਹਰੋਂ ਹੀ ਮੰਜ਼ਿਲ ਦਾ ਅੰਦਾਜ਼ਾ ਲਗਾ ਲਿਆ ਤੇ ਜਾ ਕੇ ਦਰਵਾਜ਼ਾ ਖੜਕਾ ਦਿੱਤਾ। ਕੁੱਝ ਦੇਰ ਦਰਵਾਜ਼ਾ ਨਾ ਖੁੱਲ੍ਹਾ ਤੇ ਲਿਖ਼ਾਰੀ ਨੇ ਫਿਰ ਖੜਕਾਇਆ। ਕੁੱਝ ਚਿਰ ਪਿੱਛੋਂ ਓਸੇ ਔਰਤ ਨੇ ਦਰਵਾਜ਼ਾ ਖੋਲਿਆ। ਔਰਤ ਨੇ ਲਿਖ਼ਾਰੀ ਨੂੰ ਪੁੱਛਿਆ..

ਔਰਤ - ਹਾਂਜੀ ਕੌਣ?

ਲਿਖ਼ਾਰੀ ਔਰਤ ਦੀ ਹਾਲਤ ਦਾ ਅੰਦਾਜ਼ਾ ਲਗਾ ਰਿਹਾ ਸੀ। ਔਰਤ ਉਪਰ ਕੋਈ ਦਬਾ ਨਜ਼ਰ ਨਹੀਂ ਸੀ ਆ ਰਿਹਾ ਤੇ ਉਹ ਸਾਧਾਰਨ ਤੋਰ ਤੇ ਗੱਲ ਕਰ ਰਹੀ ਸੀ। ਲਿਖ਼ਾਰੀ ਨੇ ਜੁਆਬ ਦਿੱਤਾ...

ਲਿਖ਼ਾਰੀ - ਮੇਰਾ ਨਾਮ ਯੋਗੀ ਹੈ ਤੇ ਮੈਂ ਤੁਹਾਡੇ ਬਿਲਡਿੰਗ ਦੇ ਸਾਹਮਣੇ ਵਾਲੇ ਹੋਟਲ ਵਿੱਚ ਰਹਿੰਦਾ ਹਾਂ। ਮੈਂ ਓਧਰੋਂ ਦੇਖ ਰਿਹਾ ਸੀ ਕਿ ਅੰਦਰ ਜੋ ਆਦਮੀ ਹੈ ਉਹ ਇੱਕ ਬੱਚੇ ਨਾਲ ਜ਼ਬਰਦਸਤੀ ਕਰ ਰਿਹਾ ਸੀ। ਕੀ ਕੋਈ ਮੁਸੀਬਤ ਹੈ?

ਉਹ ਔਰਤ ਹੱਕੀ-ਬੱਕੀ ਰਹਿ ਗਈ ਜਦੋਂ ਲਿਖ਼ਾਰੀ ਨੇ ਸਭ ਪੁੱਛਿਆ। ਲਿਖ਼ਾਰੀ ਔਰਤ ਦੀ ਹਾਲਤ ਦਾ ਸਾਫ਼ ਤੋਰ ਤੇ ਅੰਦਾਜ਼ਾ ਲਗਾ ਰਿਹਾ ਸੀ। ਕਿਉਂਕਿ ਉਸਦੇ ਮੱਥੇ ਤੋਂ ਪਸੀਨਾ ਚੋ ਰਿਹਾ ਸੀ। ਔਰਤ ਨੇ ਕੰਬਦੀ ਹੋਈ ਆਵਾਜ਼ ਵਿੱਚ ਕਿਹਾ...

ਔਰਤ - ਕੁੱਝ ਨਹੀਂ ਹੋ ਰਿਹਾ ਏਥੇ। ਨਾਲੇ ਤੂੰ ਕੀ ਲੈਣਾ, ਜਾ ਆਪਣਾ ਕੰਮ ਕਰ।

ਐਨਾ ਜੁਆਬ ਦੇ ਕੇ ਔਰਤ ਨੇ ਜਲਦੀ ਨਾਲ ਦਰਵਾਜ਼ਾ ਬੰਦ ਕਰਨਾ ਚਾਹਿਆ। ਪਰ ਅੰਦਰੋਂ ਚੀਕਾਂ ਦੀ ਆਵਾਜ਼ ਆ ਗਈ।

ਚੀਕਾਂ ਦੀ ਆਵਾਜ਼ ਸੁਣ ਕੇ ਲਿਖ਼ਾਰੀ ਦਾ ਸ਼ੱਕ ਹੋਰ ਵੱਧ ਗਿਆ ਤੇ ਉਸ ਨੇ ਜ਼ੋਰ ਨਾਲ ਦਰਵਾਜ਼ਾ ਬੰਦ ਹੋਣ ਤੋਂ ਰੋਕ ਦਿੱਤਾ ਤੇ ਜਲਦੀ ਨਾਲ ਅੰਦਰ ਵੜ ਗਿਆ। ਅੰਦਰ ਵੜਦਿਆਂ ਹੀ ਉਹ ਉਸ ਬੱਚੇ ਨੂੰ ਲੱਭਣ ਲੱਗ ਪਿਆ। ਜਦੋਂ ਥੋੜਾ ਜਿਹਾ ਅੰਦਰ ਗਿਆ ਤੇ ਉਸਨੇ ਦੇਖਿਆ ਕਿ ਓਹੀ ਆਦਮੀ ਜੋ ਬੱਚੇ ਨਾਲ ਜ਼ਬਰਦਸਤੀ ਕਰ ਰਿਹਾ ਸੀ ਉਹ ਹੁਣ ਉਸ ਬੱਚੇ ਦੇ ਉੱਪਰ ਸੀ। ਬੱਚਾ ਉਸਦੇ ਹੇਠਾਂ ਸੀ ਤੇ ਆਪਣੇ ਆਪ ਨੂੰ ਉਸ ਆਦਮੀ ਕੋਲੋਂ ਛਡਾਉਣ ਦੀ ਜੱਦੋ-ਜਹਿਤ ਕਰ ਰਿਹਾ ਸੀ। ਲਿਖ਼ਾਰੀ ਭੱਜ ਕੇ ਉਹਨਾਂ ਕੋਲ ਗਿਆ ਤੇ ਉਸ ਆਦਮੀ ਨੂੰ ਬੱਚੇ ਉਪਰੋਂ ਪਰੇ ਧਕੇਲਣ ਲੱਗ ਪਿਆ। ਬੜੇ ਜ਼ੋਰ ਨਾਲ ਲਿਖ਼ਾਰੀ ਨੇ ਉਸ ਆਦਮੀ ਨੂੰ ਉਸ ਬੱਚੇ ਤੋਂ ਵੱਖ ਕੀਤਾ। ਜਦੋਂ ਲਿਖ਼ਾਰੀ ਦੀ ਨਜ਼ਰ ਬੱਚੇ ਉੱਪਰ ਪਈ ਤਾਂ ਉਹ ਇੱਕ ਬਹੁਤ ਹੀ ਪਿਆਰੀ ਕੁੜੀ ਸੀ। ਜਿਸਨੇ ਮੁੰਡਿਆਂ ਵਰਗੇ ਵਾਲ ਬਣਾਏ ਹੋਏ ਸੀ। ਲਿਖ਼ਾਰੀ ਨੂੰ ਕੁੜੀ ਵੱਲ ਦੇਖ ਕੇ ਸਮਝ ਆ ਗਿਆ ਕਿ ਉਹ ਆਦਮੀ ਕੁੜੀ ਨਾਲ ਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।ਉਸਨੇ ਜਲਦੀ ਨਾਲ ਕੁੜੀ ਨੂੰ ਆਸਰਾ ਦੇ ਕੇ ਉਠਾਇਆ। ਕੁੜੀ ਨੇ ਮੁੰਡਿਆਂ ਵਾਲੀ ਕਮੀਜ਼ ਪਾਈ ਹੋਈ ਸੀ ਜੋ ਕਿ ਥੋੜੀ ਜਿਹੀ ਪਾੜ ਚੁੱਕੀ ਸੀ। ਅਜੇ ਉਸਨੇ ਕੁੜੀ ਨੂੰ

ਉਠਾਇਆ ਹੀ ਸੀ ਕਿ ਉਹ ਆਦਮੀ ਲਿਖ਼ਾਰੀ ਉੱਪਰ ਟੁੱਟ ਕੇ ਪੈ ਗਿਆ।

ਆਦਮੀ - ਕੌਣ ਆ ਓਏ ਤੂੰ ?

ਐਨਾ ਕਹਿ ਕੇ ਉਹ ਲਿਖ਼ਾਰੀ ਨੂੰ ਮਾਰਨ ਲੱਗ ਪਿਆ। ਪਰ ਲਿਖ਼ਾਰੀ ਵੀ ਆਪਣੀ ਤਾਕਤ ਅਨੁਸਾਰ ਉਸ ਆਦਮੀ ਨੂੰ ਰੋਕ ਰਿਹਾ ਸੀ। ਐਨੇ ਨੂੰ ਉਹ ਔਰਤ ਆਈ ਤੇ ਕੁੜੀ ਨੂੰ ਬਾਹੋਂ ਫੜ ਜ਼ਬਰਦਸਤੀ ਬਾਹਰ ਵੱਲ ਨੂੰ ਖਿੱਚ ਕੇ ਲਿਜਾਣ ਲੱਗ ਪਈ। ਪਰ ਉਹ ਕੁੜੀ ਬਾਹਰ ਨਹੀਂ ਸੀ ਜਾ ਰਹੀ। ਉਸ ਆਦਮੀ ਨੇ ਲਿਖ਼ਾਰੀ ਨੂੰ ਜ਼ੋਰ ਨਾਲ ਧੱਕਾ ਮਾਰਿਆ ਜਿਸ ਕਰਕੇ ਉਹ ਔਰਤ ਵਿੱਚ ਜਾ ਵੱਜਾ, ਲਿਖ਼ਾਰੀ ਤੇ ਉਹ ਔਰਤ ਡਿੱਗ ਪਏ। ਕੁੜੀ ਦਾ ਹੱਥ ਔਰਤ ਕੋਲੋਂ ਛੁੱਟ ਗਿਆ। ਉਸ ਆਦਮੀ ਨੇ ਜਦਲੀ ਨਾਲ ਕੁੜੀ ਨੂੰ ਫੜ ਲਿਆ ਤੇ ਫਿਰ ਜ਼ਬਰਦਸਤੀ ਕਰਨ ਲੱਗ ਪਿਆ। ਕੁੜੀ ਨੂੰ ਹੇਠਾਂ ਸੁੱਟ ਦਿੱਤਾ ਤੇ ਆਪ ਉੱਪਰ ਚੜਨ ਲੱਗ ਪਿਆ। ਲਿਖ਼ਾਰੀ ਜਲਦੀ ਨਾਲ ਉਠਿਆ ਤੇ ਉਸਨੇ ਕੋਲ ਹੀ ਪਏ ਇੱਕ ਕੱਚ ਦੇ ਗੁਲਦਾਨ ਨੂੰ ਉਸ ਆਦਮੀ ਦੇ ਸਿਰ ਉਪਰ ਮਾਰ ਦਿੱਤਾ। ਉਹ ਆਦਮੀ ਓਸੇ ਵੇਲੇ ਇੱਕ ਪਾਸੇ ਹੋ ਕੇ ਡਿੱਗ ਪਿਆ ਕਿਉਂਕਿ ਉਸ ਦੇ ਸਿਰ ਵਿੱਚੋਂ ਖ਼ੂਨ ਵਗਣ ਲੱਗ ਪਿਆ ਸੀ। ਸੱਟ ਜ਼ੋਰ ਨਾਲ ਵੱਜੀ ਅਨੁਭਵ ਹੁੰਦੀ ਸੀ। ਉਹ ਔਰਤ ਭੱਜ ਕੇ ਆਦਮੀ ਦੇ ਕੋਲ ਗਈ। ਸਾਰਾ ਕਮਰਾ

ਚੀਕਾਂ ਨਾਲ ਭਰਿਆ ਪਿਆ ਸੀ। ਲਿਖ਼ਾਰੀ ਨੇ ਜਲਦੀ ਨਾਲ ਕੁੜੀ ਨੂੰ ਆਸਰਾ ਦੇ ਕੇ ਉਠਾਇਆ ਤੇ ਬਾਹਰ ਵੱਲ ਨੂੰ ਭੱਜ ਪਏ।

ਉਹ ਜਲਦੀ ਨਾਲ ਕੁੜੀ ਨੂੰ ਨਾਲ ਲੈ ਕੇ ਬਿਲਡਿੰਗ ਵਿੱਚੋਂ ਨਿਕਲਿਆ। ਕੁੜੀ ਦੀ ਕਮੀਜ਼ ਪਾਟੀ ਹੋਈ ਸੀ ਇਸ ਲਈ ਲਿਖ਼ਾਰੀ ਨੇ ਜਲਦੀ ਨਾਲ ਆਪਣੀ ਕਮੀਜ਼ ਲਾਹ ਕੇ ਕੁੜੀ ਨੂੰ ਢੱਕਿਆ ਤੇ ਆਪਣੀ ਬੁੱਕਲ ਵਿੱਚ ਲੈ ਲਿਆ। ਇਹ ਕੁੜੀ ਲਿਖ਼ਾਰੀ ਦੀਆਂ ਧੀਆਂ ਸਮਾਨ ਸੀ। ਬਾਹਰ ਕਾਫ਼ੀ ਹਨ੍ਹੇਰਾ ਹੋ ਚੁੱਕਾ ਸੀ ਤੇ ਸਮਾਂ ਨੌ ਵੱਜ ਚੁੱਕੇ ਸਨ। ਲਿਖ਼ਾਰੀ ਕੁੜੀ ਨੂੰ ਨਾਲ ਲੈ ਕੇ ਆਪਣੇ ਕਮਰੇ ਵਿੱਚ ਗਿਆ ਤੇ ਜਲਦੀ ਨਾਲ ਆਪਣੇ ਕੁੱਝ ਕੱਪੜੇ ਤੇ ਜ਼ਰੂਰੀ ਸਮਾਨ ਲੈ ਕੇ ਓਥੋਂ ਨਿਕਲ ਗਿਆ ਤੇ ਕੁੜੀ ਨੂੰ ਵੀ ਨਾਲ ਹੀ ਲੈ ਗਿਆ।

ਲਿਖ਼ਾਰੀ ਇੱਕ ਪੜਿਆ ਲਿਖਿਆ ਬੰਦਾ ਸੀ। ਉਸਨੇ ਕਈ ਕਹਾਣੀਆਂ ਤੇ ਕਿਤਾਬਾਂ ਲਿਖੀਆਂ ਹੋਈਆਂ ਸਨ। ਹਾਲਾਤ ਨੂੰ ਦੇਖ ਕੇ ਹੀ ਉਸਨੂੰ ਸਭ ਸਮਝ ਆ ਜਾਂਦਾ ਸੀ ਕਿ ਇਹ ਸਹੀ ਹੈ ਜਾਂ ਫਿਰ ਗ਼ਲਤ। ਓਵੇਂ ਹੀ ਉਸਨੇ ਬਲਬ ਦੀ ਹਰਕਤ ਤੋਂ ਵੀ ਇਸ ਹਾਲਾਤ ਦਾ ਅੰਦਾਜ਼ਾ ਲਗਾ ਲਿਆ ਸੀ। ਉਸ ਔਰਤ ਦਾ ਤਾਂ ਪਤਾ

ਲੱਗ ਹੀ ਚੁੱਕਾ ਸੀ ਕਿ ਉਸਦਾ ਕੀ ਕਿੱਤਾ ਹੈ, ਪਰ ਇਸ ਬੱਚੀ ਬਾਰੇ ਕੁੱਝ ਨਹੀਂ ਸੀ ਪਤਾ ਕਿ ਉਹ ਮੁੰਡਿਆਂ ਵਾਂਗੂੰ ਓਥੇ ਕਿਉਂ ਰਹਿੰਦੀ ਸੀ? ਕੀ ਉਹ ਔਰਤ ਉਸਦੀ ਮਾਂ ਸੀ? ਹੈਰਾਨੀ ਦੀ ਗੱਲ ਇਹ ਸੀ ਕਿ, ਕੀ ਕਾਰਨ ਸੀ ਬਲਬ ਦੇ ਇਸ ਤਰ੍ਹਾਂ ਜਗਨ ਬੁਝਣ ਦਾ? ਤੇ ਬੱਚੀ ਇਹ ਕਿਉਂ ਕਰਦੀ ਸੀ? ਸਵਾਲਾਂ ਦੀ ਗੁੱਥੀ ਐਨੀ ਵੀ ਸੁਲਝੀ ਹੋਈ ਨਹੀਂ ਸੀ, ਜਿੰਨੀ ਲਿਖ਼ਾਰੀ ਅੰਦਾਜ਼ਾ ਲਗਾ ਰਿਹਾ ਸੀ।

ਮਾਂ ਇੱਕ ਪਵਿੱਤਰ ਸ਼ਬਦ ਹੈ। ਇਹ ਰੱਬ ਦੇ ਸਮਾਨ ਹੁੰਦਾ ਹੈ। ਜੋ ਇੱਕ ਮਾਂ ਆਪਣੇ ਬੱਚੇ ਲਈ ਕਰ ਸਕਦੀ ਹੈ ਸ਼ਾਇਦ ਦੁਨੀਆਂ ਤੇ ਕੋਈ ਇਹੋ ਜਿਹਾ ਰਿਸ਼ਤਾ ਨਹੀਂ ਜੋ ਕਰ ਸਕੇ। ਔਰਤ ਦੇ ਕਈ ਰੂਪ ਨੇ ਕੋਈ ਵੀ ਭੇਦ ਨਹੀਂ ਪਾ ਸਕਿਆ। ਔਰਤ ਇੱਕ ਮਾਂ ਹੈ, ਇੱਕ ਭੈਣ ਹੈ, ਇੱਕ ਪਤਨੀ ਹੈ, ਇੱਕ ਧੀ ਹੈ। ਪਰ ਹਰ ਆਦਮੀ ਦਾ ਇੱਕ ਔਰਤ ਨੂੰ ਦੇਖਣ ਦਾ ਆਪਣਾ ਨਜ਼ਰੀਆਂ ਹੁੰਦਾ ਹੈ। ਕੋਈ ਉਸਨੂੰ ਹਵਸ਼ ਦੀ ਨਜ਼ਰ ਨਾਲ ਦੇਖਦਾ ਹੈ ਤਾਂ ਕੋਈ ਉਸਨੂੰ ਇੱਕ ਪਵਿੱਤਰ ਰੂਹ ਦੀ ਨਜ਼ਰ ਨਾਲ। ਕੋਠੇ ਤੇ ਬੈਠਣ ਵਾਲੀ ਔਰਤ ਵੀ ਮਾੜੀ ਨਹੀਂ ਹੁੰਦੀ ਕਿਉਂਕਿ ਉਹ ਸ਼ੌਂਕ ਨਾਲ ਨਹੀਂ, ਮਜ਼ਬੂਰੀ ਕਾਰਨ ਓਥੇ ਬੈਠੀ ਹੈ। ਸਾਰੀਆਂ ਔਰਤਾਂ ਨੂੰ ਸਹੀ

ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਅਗਰ ਇਸ ਦੁਨੀਆਂ ਤੇ ਰੱਬ ਹੈ ਤਾਂ ਸ਼ੈਤਾਨ ਵੀ। ਅਗਰ ਚੰਗਿਆਈ ਹੈ ਤਾਂ ਬੁਰਾਈ ਵੀ ਹੈ। ਔਰਤ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਔਰਤ ਤੋਂ ਬਿਨਾਂ ਇਹ ਦੁਨੀਆਂ ਸ਼ਮਸ਼ਾਨ ਹੈ। ਪਵਿੱਤਰਤਾ ਰੂਹ ਵਿੱਚ ਹੁੰਦੀ ਹੈ ਤਨ ਵਿੱਚ ਨਹੀਂ।

ਚX ਚ

ਭਾਗ ਦੂਜਾ

ਪ੍ਰੀਤ ਸਿੰਘ ਭੱਟੀ

ਬਲਬ(ਭਾਗ ਦੂਜਾ)

ਕੋਮਲਤਾਈ ਦੀ ਨਾ ਅਜੇ ਹੱਦ ਪਛਾਣੀ,

ਸੋਚ ਮੇਰੀ ਕੁਝ ਹੈ ਅਣਜਾਣੀ,

ਨਵੀਂ ਉਮੰਗ ਹੈ ਦਿੱਲ ਚੋਂ' ਨਿਕਲੀ,

ਰੱਬੀ ਨੂਰ ਹੈ ਮਰਜਾਣੀ...!

ਉਸਦੇ ਕਹਿਣ ਮੁਤਾਬਿਕ ਪਹਿਲੀ ਵਾਰ ਗੱਲ ਉਸ ਦੇ ਵੱਸ ਤੋਂ ਬਾਹਰ ਦੀ ਲੱਗ ਰਹੀ ਸੀ। ਉਹ ਚਾਹ ਪੀਣ ਦੇ ਨਾਲ ਨਾਲ ਸੋਚ ਰਿਹਾ ਸੀ ਕਿ ਅਸਲ ਵਿੱਚ ਇਹ ਕੁੜੀ ਹੈ ਕੋਣ? ਤੇ ਕਿਉਂ ਰੱਬ ਨੇ ਉਸ ਨਾਲ ਮੇਲ ਕੀਤਾ? ਬਹੁਤ ਸਾਰੇ ਸਵਾਲ ਜਿਨ੍ਹਾਂ ਦਾ ਜੁਆਬ ਅਜੇ ਉਸਦੀ ਸੋਚ ਤੋਂ ਕਿਤੇ ਦੂਰ ਸੀ। ਕੁੜੀ ਠੀਕ ਉਸਦੇ ਸਾਹਮਣੇ ਬੈਠੀ ਸੀ ਪਰ ਪਿਛਲੀ ਰਾਤ ਤੋਂ ਉਸ ਨੇ ਇੱਕ ਸ਼ਬਦ ਵੀ ਜੁਬਾਨ ਚੋਂ' ਨਹੀਂ ਸੀ ਕੱਢਿਆ। ਪਰ ਉਹ ਸਹਿਮੀ ਹੋਈ ਜਰੂਰ ਸੀ। ਸ਼ਹਿਰ ਚੋ' ਭੱਜਣ ਤੋਂ ਬਾਅਦ ਉਹਨਾਂ ਰਾਤ ਇੱਕ ਢਾਬੇ ਤੇ ਗੁਜਾਰੀ ਜੋ ਸ਼ਹਿਰ ਤੋਂ ਕਾਫੀ ਦੂਰ ਸੀ। ਲਿਖ਼ਾਰੀ(ਯੋਗੀ) ਨੇ ਕੁੜੀ ਨੂੰ ਕਿਹਾ..

ਯੋਗੀ – ਬੇਟਾ ਤੇਰਾ ਨਾਮ ਕੀ ਆ?

ਕੁੜੀ ਨੇ ਨਜ਼ਰ ਚੁੱਕ ਕੇ ਯੋਗੀ ਵੱਲ ਤੱਕਿਆ ਪਰ ਕੁਝ ਵੀ ਬੋਲੀ ਨਹੀਂ। ਯੋਗੀ ਨੇ ਫਿਰ ਤੋਂ ਕੁੜੀ ਨੂੰ ਬੁਲਾਇਆ..

ਯੋਗੀ – ਬੇਟਾ... ਕੀ ਨਾਮ ਆ ਤੇਰਾ?

ਕੁੜੀ ਨੇ ਫਿਰ ਤੋਂ ਕੋਈ ਜੁਆਬ ਨਾ ਦਿੱਤਾ ਤੇ ਇਸ ਵਾਰ ਤਾਂ ਯੋਗੀ ਵੱਲ ਨਜ਼ਰ ਭਰ ਕੇ ਤੱਕਿਆਂ ਵੀ ਨਾ। ਤੇ ਚੁਪ-ਚਾਪ ਚਾਹ ਪੀਂਦੀ ਰਹੀ। ਯੋਗੀ ਨੇ ਦੁਬਾਰਾ ਨਹੀਂ ਪੁੱਛਿਆ ਤੇ ਜਲਦੀ ਨਾਲ ਆਪਣੀ ਚਾਹ ਖ਼ਤਮ ਕੀਤੀ ਤੇ ਕੁੜੀ ਨੇ ਵੀ। ਫਿਰ ਯੋਗੀ ਨੇ ਆਪਣੇ ਸਮਾਨ ਵਾਲਾ ਬੈਗ ਚੁੱਕਿਆ ਤੇ ਤੁਰ ਪਿਆ। ਕੁੜੀ ਵੀ ਉਸਦੇ ਪਿੱਛੇ ਲੱਗ ਕੇ ਤੁਰ ਪਈ। ਯੋਗੀ ਅੱਗੇ ਅੱਗੇ ਤੇ ਕੁੜੀ ਉਸਦੇ ਪਿੱਛੇ ਪਿੱਛੇ। ਦੋਂਨੋ ਹੀ ਪੈਦਲ। ਰਾਹ ਪਹਾੜੀ ਪ੍ਰਤੀਤ ਹੁੰਦਾ ਸੀ। ਕੁਝ ਕੁ ਰਾਹ ਚੱਲਣ ਪਿੱਛੋਂ ਇੱਕ ਗੱਡੀ ਆਉਂਦੀ ਨਜ਼ਰ ਆਈ। ਯੋਗੀ ਨੇ ਗੱਡੀ ਆਉਂਦੀ ਦੇਖ ਦੂਰੋਂ ਹੀ ਹੱਥ ਦੇ ਇਸ਼ਾਰੇ ਨਾਲ ਗੱਡੀ ਨੂੰ ਰੋਕਣ ਲਈ ਕਿਹਾ। ਗੱਡੀ ਉਹਨਾਂ ਦੇ ਕੋਲੋਂ ਲੰਘਦੀ ਹੋਈ ਕੁਝ ਕੁ ਦੂਰ ਜਾ ਕੇ ਰੁਕ ਗਈ। ਯੋਗੀ ਭੱਜ ਕੇ ਗੱਡੀ ਵੱਲ ਨੂੰ ਗਿਆ। ਯੋਗੀ ਨੂੰ ਭੱਜਦਾ ਦੇਖ ਕੁੜੀ ਵੀ ਭੱਜਣ ਲੱਗ ਪਈ। ਯੋਗੀ ਗੱਡੀ ਕੋਲ ਆ ਖਲੋ ਗਿਆ ਤੇ ਕੁੜੀ ਵੀ। ਉਸ ਨੇ ਦੇਖਿਆ ਕਿ ਗੱਡੀ ਵਿੱਚ ਉਸਦਾ ਹਮ-ਉਮਰ ਆਦਮੀ ਸੀ। ਯੋਗੀ ਨੂੰ ਆਪਣੀ ਵੱਲ ਆਉਂਦਾ ਦੇਖ ਗੱਡੀ ਵਾਲੇ ਆਦਮੀ ਨੇ ਆਪਣੇ ਪਾਸੇ ਤੋਂ ਉਲਟੇ ਪਾਸੇ ਵੱਲ ਦੀ ਬਾਰੀ ਦਾ ਸ਼ੀਸ਼ਾ ਹੇਠਾਂ ਕੀਤਾ ਜਿਸ ਪਾਸੇ ਯੋਗੀ ਖੜਾ ਸੀ। ਯੋਗੀ ਸ਼ੀਸ਼ੇ ਵੱਲ ਨੂੰ ਝੁਕਿਆ। ਗੱਡੀ ਵਾਲਾ ਆਦਮੀ ਬੋਲਿਆ..

ਗੱਡੀ ਵਾਲਾ – ਹਾਂਜੀ ਕਿੱਥੇ ਜਾਣਾ ਜਨਾਬ।

ਯੋਗੀ- ਵੀਰ ਜੀ ਅਗਲੇ ਸ਼ਹਿਰ ਤੱਕ ਲੈ ਜਾਵੋਗੇ?(ਬੜੇ ਹੀ ਸਤਿਕਾਰ ਨਾਲ)

ਗੱਡੀ ਵਾਲਾ – ਹਾਂਜੀ ਜਰੂਰ ਭਾਜੀ ਜੀ। ਆਜੋ ਬੈਠ ਜਾਵੋ, ਮੈਂ ਓਧਰ ਨੂੰ ਹੀ ਜਾ ਰਹਾ ਹਾਂ।

ਯੋਗੀ – ਮਿਹਰਬਾਨੀ ਜੀ।

ਯੋਗੀ ਨੇ ਪਿਛਲੀ ਬਾਰੀ ਖੋਲੀ ਤੇ ਕੁੜੀ ਨੂੰ ਅੰਦਰ ਬਿਠਾਇਆ। ਤੇ ਆਪ ਅਗਲੀ ਬਾਰੀ ਖੋਲ੍ਹ ਕੇ ਬੈਠ ਗਿਆ। ਗੱਡੀ ਵਾਲੇ ਨੇ ਗੱਡੀ ਤੋਰ ਲਈ। ਗੱਡੀ ਵਾਲਾ ਦੇਖਣ ਵਿੱਚ ਇੱਕ ਪੜਿਆ-ਲਿਖਿਆ ਆਦਮੀ ਜਾਪਦਾ ਸੀ। ਉਸ ਨੇ ਹਲਕੇ ਭੂਰੇ ਰੰਗ ਦਾ ਕੋਟ ਪੈਂਟ ਤੇ ਨਾਲ ਟਾਈ ਲਾਈ ਹੋਈ ਸੀ। ਉਸ ਦੇ ਮੂੰਹ ਤੇ ਹਲਕੀ ਜਿਹੀ ਦਾਹੜੀ ਤੇ ਮੁੱਛ ਸੀ। ਤੇ ਰੰਗ ਕਣਕ ਵਿੰਨ੍ਹਾ

ਜਿਹਾ ਸੀ। ਕੁਝ ਇੱਕ ਦੋ ਮਿੰਟ ਬਾਅਦ ਉਸ ਨੇ ਆਪਣੇ ਖੱਬੇ ਹੱਥ ਨਾਲ ਗੱਡੀ ਦਾ ਸਟੇਰਿੰਗ ਫੜਿਆ ਤੇ ਆਪਣਾ ਸੱਜਾ ਹੱਥ ਯੋਗੀ ਵੱਲ ਵਧਾਉਂਦੇ ਹੋਏ ਬੋਲਿਆ..

ਗੱਡੀ ਵਾਲਾ – ਮੇਰਾ ਨਾਮ ਸ਼ਹਿਬਾਜ ਹੈ।

ਯੋਗੀ – ਮੈਂ ਯੋਗੀ। (ਹੱਥ ਮਿਲਾਉਂਦੇ ਹੋਏ)

ਸ਼ਹਿਬਾਜ(ਗੱਡੀ ਵਾਲਾ) – ਨਾਮ ਤੋਂ ਜਾਂ ਫਿਰ ਕਰਮ ਤੋਂ?

ਯੋਗੀ – ਨਹੀਂ ਵੀਰੇ ਬੱਸ ਨਾਮ ਤੋਂ ਹੀ।(ਹਲਕਾ ਜਿਹਾ ਮੁਸਕਰਾਉਂਦੇ ਹੋਏ)

ਸ਼ਹਿਬਾਜ ਵੀ ਥੋੜਾ ਜਿਹਾ ਹੱਸਿਆ ਤੇ ਫਿਰ ਬੋਲਿਆ..

ਸ਼ਹਿਬਾਜ – ਤੇ ਇਹ ਆਪਦੀ ਬੇਟੀ ਹੋਵੇਗੀ?

ਯੋਗੀ – ਹਾਂ ਜੀ।

ਸ਼ਹਿਬਾਜ – ਕੀ ਨਾਮ ਬੇਟਾ ਆਪਦਾ?

ਯੋਗੀ ਨੇ ਇੱਕ ਦੋ ਪਲ ਸੋਚਿਆ ਤੇ ਫਿਰ ਬੋਲਿਆ..

ਯੋਗੀ – ਵੀਰੇ ਇਹ ਬੋਲ ਨਹੀਂ ਸਕਦੀ। ਕੋਮਲ ਨਾਮ ਆ ਇਸਦਾ।

ਯੋਗੀ ਨੇ ਇੱਦਾਂ ਇਸ ਲਈ ਕਿਹਾ ਕਿਉਂਕਿ ਜਦੋਂ ਤੋਂ ਉਹ ਯੋਗੀ ਦੇ ਨਾਲ ਸੀ ਉਸ ਨੇ ਇੱਕ ਸ਼ਬਦ ਵੀ ਯੋਗੀ ਨਾਲ ਸਾਂਝਾ ਨਹੀਂ ਸੀ ਕੀਤਾ ਤੇ ਯੋਗੀ ਨੇ ਸੋਚਿਆ ਕਿ ਸ਼ਾਇਦ ਕੁੜੀ ਗੂੰਗੀ ਹੀ ਆ।

ਸ਼ਹਿਬਾਜ – ਕੀ ਇਹ ਜਨਮ ਤੋਂ ਹੀ ਨਹੀਂ ਬੋਲ ਸਕਦੀ ਜਾਂ ਫਿਰ ਕੋਈ ਦੁਰਘਟਨਾ ਹੋਈ ਹੈ ਇਸ ਨਾਲ?

ਯੋਗੀ – ਨਹੀਂ ਜੀ ਜਨਮ ਤੋਂ ਹੀ ਨਹੀਂ ਬੋਲ ਸਕਦੀ।

ਸ਼ਹਿਬਾਜ – ਤੇ ਇਸਦੀ ਮਾਂ?

ਯੋਗੀ – ਉਹ ਤਾਂ ਇਸ ਦੁਨੀਆਂ ਚ' ਨਹੀਂ ਏ।

ਸ਼ਹਿਬਾਜ – ਮਾਫ਼ ਕਰਨਾ ਜੀ।

ਫਿਰ ਕੁਝ ਦੇਰ ਲਈ ਦੋਂਨੋ ਚੁੱਪ ਕਰ ਗਏ। ਸ਼ਹਿਬਾਜ ਆਪਣੇ ਧਿਆਨ ਗੱਡੀ ਚਲਾਉਂਦਾ ਰਿਹਾ ਤੇ ਯੋਗੀ ਚੁੱਪ-ਚਾਪ ਬੈਠਾ ਰਿਹਾ। ਕੁਝ ਕੁ ਪਲਾਂ ਬਾਅਦ ਯੋਗੀ ਫਿਰ ਬੋਲਿਆ..

ਯੋਗੀ – ਓਦਾਂ ਸ਼ਹਿਰ ਕਦੋਂ ਕੁ ਤੱਕ ਪੁੱਜ ਜਾਂਵਾਂਗੇ?

ਸ਼ਹਿਬਾਜ – ਸ਼ਾਮ ਦੇ ਚਾਰ-ਪੰਜ ਤਾਂ ਵੱਜ ਹੀ ਜਾਣਗੇ। ਉਹ ਵੀ ਤੱਦ ਅਗਰ ਬਿਨਾਂ ਰੁਕੇ।

ਯੋਗੀ ਨੇ ਹੁੰਗਾਰੇ ਵਜੋਂ ਸਿਰ ਮਾਰਿਆ। ਅਜੇ ਤਾਂ ਬਸ ਸਾਢੇ ਕੁ ਦਸ ਦਾ ਸਮਾਂ ਸੀ। ਤੇ ਚਾਰ-ਪੰਜ ਵੱਜਣ ਚ' ਅਜੇ ਕਰੀਬ ਸੱਤ ਘੰਟੇ ਦਾ ਫਰਕ ਸੀ। ਫਿਰ ਕੁਝ ਦੇਰ ਲਈ ਚੁੱਪ ਛਾ ਗਈ। ਕੁਝ ਦੇਰ ਪਿੱਛੋਂ ਯੋਗੀ ਨੇ ਪਿਛਲੀ ਸੀਟ ਤੇ ਮੁੜ ਕੇ ਦੇਖਿਆ ਤਾਂ ਕੁੜੀ ਸੁੱਤੀ ਹੋਈ ਸੀ। ਯੋਗੀ ਨੇ ਨਜ਼ਰ ਭਰ ਕੇ ਉਸ ਵੱਲ ਤੱਕਿਆ ਤੇ ਫਿਰ ਸਿੱਧਾ ਹੋ ਕੇ ਬੈਠ ਗਿਆ। ।

ਕੁਝ ਦੇਰ ਪਿੱਛੋਂ ਸ਼ਹਿਬਾਜ ਫਿਰ ਬੋਲਿਆ..

ਸ਼ਹਿਬਾਜ – ਵੈਸੇ ਭਾਜੀ ਕੀ ਕੰਮ ਕਾਰ ਆਪਣਾ?

ਯੋਗੀ – ਮੈਂ ਲਿੱਖਦਾਂ ਹਾਂ ਮਾੜਾ ਮੋਟਾ। ਲਿਖ਼ਾਰੀ ਹਾਂ।

ਸ਼ਹਿਬਾਜ – ਬਹੁਤ ਵਧੀਆ ਜੀ। ਕੀ ਕੀ ਲਿੱਖਦੇ ਹੋ?

ਯੋਗੀ – ਕਵਿਤਾਵਾਂ, ਕਹਾਣੀਆਂ, ਸ਼ਾਇਰੀ।

ਸ਼ਹਿਬਾਜ – ਸੁਣਾਵੋਂ ਫਿਰ ਕੁਝ।

ਯੋਗੀ – ਜਰੂਰ ਜੀ। ਗਾ ਕੇ ਸੁਣਾਵਾਂ?

ਸ਼ਹਿਬਾਜ – ਜਿਵੇਂ ਆਪ ਦੀ ਮਰਜੀ।

ਯੋਗੀ ਇੱਕ ਦੋ ਪਲ ਰੁੱਕਿਆ ਤੇ ਫਿਰ ਉਸ ਨੇ ਗਾਉਣਾ ਸੁਰੂ ਕੀਤਾ...

ਨਾ ਰਾਹ ਮਿਲਿਆ ਨਾ ਰਾਹੀ ਹੀ,
ਨਾ ਮੰਜ਼ਿਲ ਦਾ ਪੈਂਡਾ ਲੱਭਦਾ ਏ,
ਸਾਹ ਰਾਹ ਤੇ ਸੁੱਕਣੇ ਪੈ ਗਏ ਮੇਰੇ,
ਇਹ ਦਿੱਲ ਗਵਾਚਿਆ ਲੱਗਦਾ ਏ,
ਮੈਨੂੰ ਅੰਬਰ ਤੱਕਦਾ ਸੂਰਜ ਵੀ,
ਨਾ ਸੋਹਣਾ ਨਾ ਕਿਸੇ ਹੱਜ ਦਾ ਏ,
ਕਾਣਾ ਮੀਂਹ ਮੈਨੂੰ ਜਾਵੇ ਭਿਗੋਈ,
ਮੈਨੂੰ ਜ਼ਲੀਲ ਕਰਨੋਂ ਨਾ ਰੱਜਦਾ ਏ,
ਹਵਾਂਵਾਂ ਚੰਦਰੀਆਂ ਮੈਨੂੰ ਗਾਲਾਂ ਕੱਢਣ,
ਹੰਕਾਰਿਆ ਬੱਦਲ ਵੀ ਗੱਜਦਾ ਏ,
ਲੱਗਣ ਪਰਿੰਦੇ ਮੈਨੂੰ ਚੁਣ ਚੁਣ ਖਾ ਗਏ,
ਤੇ ਵਿੱਚ ਇਸ਼ਕ ਦਾ ਲਾਲਚ ਮਘਦਾ ਏ,
ਮੈਂ ਅਣਜਾਣਿਆਂ ਭਟਕਦੀ ਫਿਰਦੀ,
ਮੇਰਾ ਯੋਗੀ ਨਾ ਕਿਤੇ ਲੱਭਦਾ ਏ,
ਮੇਰਾ ਯੋਗੀ ਨਾ ਕਿਤੇ ਲੱਭਦਾ ਏ।

(ਦੀਪ ਗਗਨ)

ਗਾਉਣ ਪਿੱਛੋਂ ਯੋਗੀ ਰੁਕ ਗਿਆ। ਯੋਗੀ ਦੇ ਰੁਕਦੇ ਹੀ ਸ਼ਹਿਬਾਜ ਬੋਲਿਆ..

ਸ਼ਹਿਬਾਜ – ਵਾਹ ਜੀ ਵਾਹ.. ਬਹੁਤ ਖੂਬ।

ਯੋਗੀ – ਮਿਹਰਬਾਨੀ ਜੀ।

ਸ਼ਹਿਬਾਜ – ਭਾਜੀ ਬਹੁਤ ਹੀ ਵਧੀਆ। ਇੱਕ ਵਾਰ ਫਿਰ ਕੁਝ ਹੋਜੇ।

ਸ਼ਹਿਬਾਜ ਦੀ ਮੰਗ ਅਨੁਸਾਰ ਯੋਗੀ ਨੇ ਫਿਰ ਤੋਂ ਗਾਉਣਾ ਸੁਰੂ ਕੀਤਾ....

ਮੈਂ ਮੁੱਕਜਾਂ ਮੇਰੀ ਰੂਹ ਨਾ ਮੁੱਕੀ,
ਤੇ ਅੰਦਰੋਂ ਕਿਧਰੇ ਖੋ ਗਈ ਮੈਂ,
ਮੈਂ ਜਾਗਦੀ ਵੀ ਸੁੱਤੀ ਜਿਹੀ ਲੱਗਦੀ ਆ,
ਤੇ ਕਿਤੇ ਸੁਪਨਿਆਂ ਵਿੱਚ ਵੀ ਸੋਂ ਗਈ ਮੈਂ,
ਜਦੋਂ ਪਈ ਪੁਕਾਰ ਮੈਨੂੰ ਵਿੱਚ ਹਿਜ਼ਰ ਦੇ,
ਸੱਚੀ ਵਿੱਚ ਕਲੇਜ਼ਿਓ ਰੋ ਪਈ ਮੈਂ,
ਵੱਜਣ ਦਿੱਲਾਂ ਚ' ਮੇਰੇ ਖੁੱਭ-ਖੁੱਭ ਛੁਰੀਆਂ,
ਲੱਗੇ ਖੂਨੀ ਕੰਧ ਨੂੰ ਟੋਹ ਗਈ ਮੈਂ,
ਕੁਝ ਅੰਦਰੋਂ-ਅੰਦਰ ਮੈਨੂੰ ਖਾਈ ਜਾਵੇਂ,
ਪੀੜ ਜ਼ਖ਼ਮਾਂ ਵਾਗੂੰ ਛੋਹ ਗਈ ਮੈਂ,
ਅੱਗ ਬੱਲਦੀ ਮੇਰੇ ਜ਼ਖ਼ਮਾਂ ਉੱਤੇ,
ਤੇ ਜ਼ਖ਼ਮਾਂ ਦੀ ਪੀੜ ਨੂੰ ਲੋਹ ਗਈ ਮੈਂ,
ਗੱਲਾਂ ਕਰਾਂ ਮੈਂ ਮੇਰੇ ਅੰਦਰ ਬਾਹਰ,
ਤੇ ਬਾਹਰੋਂ-ਬਾਹਰ ਮੋਹ ਗਈ ਮੈਂ,
ਹੁਣ ਸਮਝ ਨਾ ਆਵੇ ਉਹ ਕੀ ਸੀ ਚੰਦਰਾ,
ਜਿੰਨ੍ਹੇ ਸੱਟ ਹਿਜ਼ਰ ਦੀ ਮਾਰੀ ਸੀ,
ਜਾਂ ਤਾਂ ਫਿਰ ਓਹ ਯੋਗੀ ਸੀ,
ਜਾਂ ਮੈਂ ਹੀ ਕਰਮਾਂ ਮਾਰੀ ਸੀ ,
ਜਾਂ ਮੈਂ ਹੀ ਕਰਮਾਂ ਮਾਰੀ ਸੀ।

(ਦੀਪ ਗਗਨ)

ਯੋਗੀ ਦੇ ਰੁੱਕਦੇ ਹੀ ਸ਼ਹਿਬਾਜ ਫਿਰ ਤੋਂ ਯੋਗੀ ਦੀ ਤਰੀਫ਼ ਵਿੱਚ ਲੱਗ ਗਿਆ ਤੇ ਯੋਗੀ ਬਸ ਸ਼ੁਕਰੀਆ ਕਰਦਾ ਰਿਹਾ।

ਕੁਝ ਦੇਰ ਬਾਅਦ ਯੋਗੀ ਨੂੰ ਵੀ ਨੀਂਦ ਆ ਗਈ। ਸ਼ਹਿਬਾਜ ਨੇ ਦੋਨਾਂ ਵੱਲ ਤੱਕਿਆ, ਮੁਸਕਰਾਇਆ ਤੇ ਫਿਰ ਆਪਣੇ ਧਿਆਨ ਗੱਡੀ ਚਲਾਉਂਦਾ ਰਿਹਾ।

ਹੁਣ ਉਸ ਨੂੰ ਗੱਡੀ ਚਲਾਉਂਦੇ ਹੋਏ ਕਰੀਬ ਦੁਪਿਹਰ ਦਾ ਇੱਕ ਵੱਜ ਗਿਆ ਸੀ। ਉਸ ਨੇ ਇੱਕ ਹੋਟਲ ਦੇਖਿਆ ਤੇ ਗੱਡੀ ਇੱਕ ਪਾਸੇ ਲਗਾ ਦਿੱਤੀ। ਤੇ ਸੁੱਤੇ ਹੋਏ ਯੋਗੀ ਨੂੰ ਆਵਾਜ਼ ਲਗਾਈ।

ਸ਼ਹਿਬਾਜ – ਭਾਜੀ...

ਯੋਗੀ ਨੇ ਕੋਈ ਹੁੰਗਾਰਾ ਨਾ ਭਰਿਆ। ਸ਼ਹਿਬਾਜ ਨੇ ਫਿਰ ਹੱਥ ਨਾਲ ਉਸ ਨੂੰ ਹਿਲਾਇਆ ਤੇ ਆਵਾਜ਼ ਲਗਾਈ।

ਸ਼ਹਿਬਾਜ – ਭਾਜੀ..

ਯੋਗੀ ਤਪਕਦਾ ਹੋਇਆ ਉੱਠਿਆ ਤੇ ਬੋਲਿਆ..

ਯੋਗੀ – ਪੁੱਜ ਗਏ ਭਾਜੀ?

ਸ਼ਹਿਬਾਜ – ਨਹੀਂ ਭਾਜੀ ਅਜੇ ਲੱਗੂ ਸਮਾਂ। ਹੋਟਲ ਤੇ ਰੁਕਿਆ ਹਾਂ। ਆਜੋ ਕੁਝ ਖਾ ਲਈਏ। ਬੇਟੀ ਨੂੰ ਵੀ ਉਠਾ ਲਵੋ।

ਯੋਗੀ ਨੇ ਕੁੜੀ ਨੂੰ ਹਿਲਾਉਂਦੇ ਹੋਏ ਆਵਾਜ਼ ਮਾਰੀ ਤੇ ਕੁੜੀ ਉੱਠ ਗਈ। ਸ਼ਹਿਬਾਜ ਗੱਡੀ ਤੋਂ ਹੇਠਾਂ ਉੱਤਰਿਆ ਤੇ ਹੋਟਲ ਦੇ ਇੱਕ ਬਾਥਰੂਮ ਵਿੱਚ ਵੜ ਗਿਆ। ਯੋਗੀ ਵੀ ਹੇਠਾਂ ਉੱਤਰਿਆ ਤੇ ਏਧਰ-ਓਧਰ ਟਹਿਲਣ ਲੱਗ ਪਿਆ। ਕੁਝ ਦੇਰ ਪਿੱਛੋਂ ਕੁੜੀ ਵੀ ਬਾਹਰ ਆ ਗਈ। ਓਥੇ ਉਨ੍ਹਾਂ ਮੂੰਹ ਹੱਥ ਧੋਤਾ ਤੇ ਰੋਟੀ ਖਾਧੀ। ਰੋਟੀ ਦਾ ਸਾਰਾ ਖਰਚਾ ਸ਼ਹਿਬਾਜ ਨੇ ਕੀਤਾ। ਮੁੜ ਫਿਰ ਤੋਂ ਗੱਡੀ ਵਿੱਚ ਬੈਠ ਗਏ ਤੇ ਅੱਗੇ ਦੇ ਸਫ਼ਰ ਲਈ ਚੱਲ ਪਏ।

ਉਹ ਆਪਸ ਵਿੱਚ ਆਮ ਗੱਲਾਂ ਕਰਨ ਲੱਗ ਪਏ। ਯੋਗੀ ਨੇ ਸ਼ਹਿਬਾਜ ਨੂੰ ਉਸਦੇ ਕੰਮ-ਕਾਰ ਤੇ ਪਰਿਵਾਰ ਬਾਰੇ ਪੁੱਛਿਆ। ਸ਼ਹਿਬਾਜ ਨੇ ਦੱਸਿਆ ਕਿ ਉਸ ਦੀ ਇੱਕ ਬੇਟੀ ਆਸ਼ਾ, ਬੇਟਾ ਸੁਖਮਨ ਤੇ ਘਰਵਾਲੀ ਰਮਨਦੀਪ ਹੈ। ਤੇ ਇੱਕ ਭੈਣ ਹੈ ਜੋ ਉਸ ਦੇ ਘਰ ਹੀ ਰਹਿੰਦੀ ਏ। ਉਹ ਇੱਕ ਇੰਜ਼ੀਨੀਅਰ ਹੈ ਤੇ ਸ਼ਹਿਰ ਹੀ ਇੱਕ ਕੰਪਨੀ ਵਿੱਚ ਕੰਮ ਕਰਦਾ ਹੈ। ਤੇ ਉਹ ਕੰਪਨੀ ਦੇ ਕੰਮ ਵਜੋਂ ਕਿਸੇ ਦੂਸਰੇ ਸ਼ਹਿਰ ਗਿਆ ਸੀ। ਉਨ੍ਹਾਂ ਹੋਰ ਵੀ ਬਹੁਤ ਗੱਲਾਂ ਕੀਤੀਆਂ। ਯੋਗੀ ਨੂੰ ਸ਼ਹਿਬਾਜ ਸਹੀ ਬੰਦਾ ਤੇ ਭਰੋਸਾ ਕਰਨ ਦੇ ਯੋਗ ਲੱਗਾ। ਉਸ ਨੇ ਸ਼ਹਿਬਾਜ ਨੂੰ ਆਪਣੇ ਤੇ ਕੁੜੀ ਬਾਰੇ ਸੱਚ ਦੱਸਣਾ ਸਹੀ ਸਮਝਿਆ। ਯੋਗੀ ਬੋਲਿਆ..

ਯੋਗੀ – ਮੁਆਫ਼ ਕਰਨਾ ਵੀਰ ਜੀ। ਮੈਂ ਤੁਹਾਨੂੰ ਆਪਣੇ ਬਾਰੇ ਗਲਤ ਦੱਸਿਆ।

ਸ਼ਹਿਬਾਜ – ਕੀ ਭਾਜੀ.. ਮੈਂ ਸਮਝਿਆਂ ਨਹੀਂ।(ਹੈਰਾਨੀ ਪੂਰਵਕ)

ਯੋਗੀ – ਦਰਅਸਲ ਇਹ ਮੇਰੀ ਧੀ ਨਹੀਂ ਹੈ ਤੇ ਨਾ ਮੈਂ ਇਸਦਾ ਪਿਤਾ ਹਾਂ। ਸਾਡਾ ਆਪਸ ਵਿੱਚ ਕੋਈ ਰਿਸ਼ਤਾ ਨਹੀਂ ਹੈ।

ਫਿਰ ਯੋਗੀ ਨੇ ਵਿਸਤਾਰ ਪੂਰਵਕ ਸਾਰੀ ਪਿੱਛਲੀ ਗੱਲ ਦੱਸੀ। ਕਿ ਕਿਵੇਂ ਉਸ ਨੂੰ ਉਹ ਕੁੜੀ ਮਿਲੀ ਤੇ ਉਹ ਕਿਉਂ ਦੂਸਰੇ ਸ਼ਹਿਰ ਜਾ ਰਹੇ ਨੇ। ਸ਼ਹਿਬਾਜ ਨੇ ਯੋਗੀ ਦੀ ਗੱਲ ਤੇ ਯਕੀਨ ਕੀਤਾ ਤੇ ਕਿਹਾ..

ਸ਼ਹਿਬਾਜ਼ – ਭਾਜੀ ਤੁਸੀਂ ਪੁਲਿਸ ਵੱਲ ਕਿਉਂ ਨਹੀਂ ਗਏ?

ਯੋਗੀ – ਆਪ ਨੂੰ ਤਾਂ ਪਤਾ ਹੀ ਆ ਵੀਰ ਜੀ ਆਪਣੇ ਦੇਸ਼ ਦੀ ਪੁਲਿਸ ਦੇ ਕੰਮ ਕਰਨ ਦੇ ਤਰੀਕਿਆਂ ਦਾ। ਹੋ ਸਕਦਾ ਉਸ ਮਸਲੇ ਨੂੰ ਹੋਰ ਗੁੰਜਲਦਾਰ ਕਰ ਦੇਂਦੇ। ਮੈਂ ਕੋਈ ਖਤਰਾ ਨਹੀਂ ਸੀ ਮੁੱਲ ਲੈਣਾ ਚਾਹੁੰਦਾ। ਮੈਨੂੰ ਕੋਈ ਬਹੁਤੀ ਉਮੀਦ ਨਹੀਂ ਆ ਆਪਣੇ ਦੇਸ਼ ਦੇ ਕਾਨੂੰਨ ਤੋਂ। ਇਸ ਲਈ ਮੈਨੂੰ ਜੋ ਸਹੀ ਲੱਗਾ ਮੈਂ ਓਹੀ ਕੀਤਾ।

ਸ਼ਹਿਬਾਜ – ਮੈਂ ਸਮਝਦਾ ਹਾਂ ਭਾਜੀ। ਕੋਈ ਨਾ ਤੁਸੀਂ ਘਬਰਾਓ ਨਾ ਮੈਂ ਤੁਹਾਡੇ ਨਾਲ ਆ। ਵੈਸੇ ਤੁਸੀਂ ਅਗਲੇ ਸ਼ਹਿਰ ਕਿੱਥੇ ਰਹੋਗੇ?

ਯੋਗੀ – ਕਿਸੇ ਹੋਟਲ ਵਗੈਰਾ ਵਿੱਚ ਰੁੱਕ ਜਾਂਵਾਂਗੇ।

ਸ਼ਹਿਬਾਜ – ਕੋਈ ਨਾ ਭਾਜੀ ਤੁਸੀਂ ਮੇਰੇ ਨਾਲ ਚੱਲੋ। ਆਪਾ ਮਿਲ ਕੇ ਇਸ ਮੁਸ਼ਕਿਲ ਦਾ ਹੱਲ ਕੱਢਦੇ ਆ।

ਯੋਗੀ – ਨਹੀਂ ਵੀਰੇ ਮੈਂ ਆਪ ਨੂੰ ਇਸ ਉਲਝਣ ਵਿੱਚ ਨਹੀਂ ਪਾਉਣਾ ਚਾਹੁੰਦਾ।

ਸ਼ਹਿਬਾਜ – ਕੋਈ ਨਾ ਭਾਜੀ ਘਬਰਾਓ ਨਾ। ਕੋਈ ਉਲਝਣ ਨਹੀਂ ਆ। ਹੁਣ ਮੈਂ ਕੋਈ ਹੋਰ ਜੁਆਬ ਨਹੀਂ ਸੁਣਾਗਾ। ਬਸ ਤੁਸੀਂ ਮੇਰੇ ਨਾਲ ਮੇਰੇ ਘਰ ਚੱਲ ਰਹੇ ਓ।

ਯੋਗੀ – ਪਰ ਵੀਰ ਜੀ..

ਸ਼ਹਿਬਾਜ – ਕੋਈ ਪਰ-ਪੁਰ ਨਹੀਂ।

ਯੋਗੀ ਚੁੱਪ-ਚਾਪ ਬੈਠ ਗਿਆ। ਸ਼ਹਿਬਾਜ ਦੀ ਜਿੱਦ ਸਾਹਮਣੇ ਉਸਦੀ ਇੱਕ ਨਾ ਚੱਲੀ। ਉਹ ਆਪਸ ਵਿੱਚ ਹੋਰ ਵੀ ਗੱਲਾਂ ਕਰਦੇ ਰਹੇ। ਕੁੜੀ ਸ਼ਾਂਤ ਬੈਠੀ ਸੀ ਤੇ ਉਨ੍ਹਾਂ ਦੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ। ਸਮਾਂ ਗੁਜਰਦਾ ਗਿਆ ਤੇ ਸ਼ਾਮ ਦੇ ਕਰੀਬ ਸਾਢੇ ਪੰਜ ਵਜੇ ਉਹ ਸ਼ਹਿਬਾਜ ਦੇ ਘਰ ਪੁੱਜ ਗਏ। ਘਰ ਪੁੱਜਦੇ ਹੀ ਸ਼ਹਿਬਾਜ ਦੀ ਘਰਵਾਲੀ ਉਨ੍ਹਾਂ ਕੋਲ ਆਈ ਤੇ ਸਭ ਨਾਲ ਬੜੇ ਹੀ ਸਤਿਕਾਰ ਪੂਰਵਕ ਪੇਸ਼ ਆਈ। ਫਿਰ ਉਹ ਉਨ੍ਹਾਂ ਨੂੰ ਅੰਦਰ ਲੈ ਕੇ ਗਈ ਤੇ ਪਾਣੀ ਪਿਲਾਇਆ। ਸ਼ਹਿਬਾਜ ਦੇ ਬੱਚੇ ਵੀ ਯੋਗੀ ਤੇ ਕੁੜੀ ਕੋਮਲ ਨਾਲ ਬੜੇ ਹੀ ਸਲੀਕੇ ਨਾਲ ਪੇਸ਼ ਆਏ। ਸਾਫ਼ ਜ਼ਾਹਿਰ ਹੁੰਦਾ ਸੀ ਕਿ ਸ਼ਹਿਬਾਜ ਤੇ ਉਸਦੀ ਘਰ ਵਾਲੀ ਰਮਨਦੀਪ ਦੇ ਗੁਣ ਹੀ ਉਨ੍ਹਾਂ ਵਿੱਚ ਨੇ। ਫਿਰ ਉਹ ਉਸਦੀ ਮਾਂ ਨੂੰ ਵੀ ਮਿਲੇ। ਕੁਝ ਦੇਰ ਆਰਾਮ ਕਰਨ ਉਪਰਾਂਤ ਉਨ੍ਹਾਂ ਨਹਾ-ਧੋ ਲਿਆ ਤੇ ਰਾਤ ਦੇ ਭੋਜਨ ਲਈ ਇਕੱਠੇ ਬੈਠ ਗਏ। ਕੋਮਲ ਸ਼ਾਂਤ ਹੀ ਇੱਕ ਪਾਸੇ ਹੋ ਕੇ ਬੈਠੀ ਸੀ। ਐਨੇ ਨੂੰ ਅੰਦਰੋਂ ਇੱਕ ਔਰਤ ਆਈ। ਜਦੋਂ ਉਸ ਨੇ ਕੋਮਲ ਨੂੰ ਦੇਖਿਆ ਤਾਂ ਕਾਹਲੀ ਨਾਲ ਕੋਮਲ ਵੱਲ ਵਧੀ। ਕੋਮਲ ਨੂੰ ਆਪਣੀ ਬਾਹਾਂ ਵਿੱਚ ਜ਼ਬਰਦਸਤੀ ਜਕੜ ਲਿਆ ਤੇ ਪਿਆਰ ਕਰਦੀ ਹੋਈ ਕਹਿਣ ਲੱਗੀ..

"ਮੇਰੀ ਬੇਟੀ.. ਮੇਰੀ ਬੇਟੀ.. ਮੇਰੀ ਬੇਟੀ.."

ਉਹ ਰੋ ਵੀ ਰਹੀ ਸੀ ਤੇ ਕੋਮਲ ਨੂੰ ਪਿਆਰ ਵੀ ਕਰ ਰਹੀ ਸੀ। ਜਿਵੇਂ ਕਈ ਜਨਮਾਂ ਤੋਂ ਵਿੱਛੜੀ ਹੋਵੇ। ਕਦੇ ਉਸਦੇ ਸਿਰ ਤੇ ਹੱਥ ਫੇਰਦੀ, ਕਦੇ ਮੱਥਾ ਚੁੰਮਦੀ, ਕਦੇ ਗੱਲਾਂ, ਕਦੇ ਬਦਨ। ਕਹਿਣ ਤੋਂ ਭਾਵ ਜਿਵੇਂ ਕੋਮਲ ਓਸੇ ਦੀ ਕੁੜੀ ਹੋਵੇ। ਸਭ ਉਸ ਦਾ ਬਰਤਾਵ ਦੇਖ ਕੇ ਹੈਰਾਨ ਹੋ ਰਹੇ ਸਨ। ਕੋਮਲ ਇੱਕ ਦਮ ਡਰ ਗਈ ਤੇ ਉਸ ਔਰਤ ਤੋਂ ਆਪਣਾ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰਨ ਲੱਗ ਪਈ। ਉਸ ਨੂੰ ਬਿਲਕੁਲ ਵੀ ਕੁਝ ਸਮਝ ਨਹੀਂ ਸੀ ਆ ਰਿਹਾ। ਸ਼ਹਿਬਾਜ ਉਨ੍ਹਾਂ ਵੱਲ ਵਧਿਆ ਤੇ ਬੜੇ ਜੋਰ ਨਾਲ ਕੋਮਲ ਦਾ ਉਸ ਔਰਤ ਤੋਂ ਖਹਿੜਾ ਛੁਡਾਇਆ। ਫਿਰ ਔਰਤ ਨੂੰ ਬੜੇ ਪਿਆਰ ਨਾਲ ਸਮਝਾਉਂਦੇ ਹੋਏ ਇੱਕ ਕਮਰੇ ਵਿੱਚ ਛੱਡ ਕੇ ਆ ਗਿਆ। ਕੋਮਲ ਉਸ ਔਰਤ ਤੋਂ ਛੁੱਟ ਯੋਗੀ ਦੇ ਗਲ ਲੱਗ ਗਈ। ਯੋਗੀ ਨੇ ਉਸ ਨੂੰ ਕਲਾਵੇਂ ਵਿੱਚ ਭਰਿਆ। ਯੋਗੀ ਨੇ ਸ਼ਹਿਬਾਜ ਨੂੰ ਪੁੱਛਿਆ..

ਯੋਗੀ – ਇਹ ਕੋਣ ਹੈ ਵੀਰ ਜੀ?

ਸ਼ਹਿਬਾਜ – ਇਹ ਓਹੀ ਭੈਣ ਹੈ ਜਿਸ ਦਾ ਮੈਂ ਤੁਹਾਨੂੰ ਰਸਤੇ ਵਿੱਚ ਜ਼ਿਕਰ ਕੀਤਾ ਸੀ।

ਯੋਗੀ – ਕੀ ਗੱਲ ਇਨ੍ਹਾਂ ਨੂੰ?

ਸ਼ਹਿਬਾਜ – ਦਰਅਸਲ ਇਹ ਮੇਰੀ ਸਕੀ ਭੈਣ ਨਹੀਂ ਆ। ਨਾ ਹੀ ਜਾਣਦਾ ਹਾਂ ਕਿ ਇਸ ਨੂੰ ਹੋਇਆ ਕੀ ਏ?

ਯੋਗੀ – ਫਿਰ ਕੋਣ ਨੇ ਇਹ?

ਸ਼ਹਿਬਾਜ – ਕਰੀਬ ਬਾਰਾਂ-ਤੇਰਾਂ ਕੁ ਸਾਲ ਪਹਿਲਾਂ ਦੀ ਗੱਲ ਏ। ਮੇਰੀ ਉਦੋਂ ਨਵੀ-ਨਵੀ ਨੌਕਰੀ ਲੱਗੀ ਸੀ। ਨਵੇਂ ਕੰਮ ਦੇ ਕਰਕੇ ਮੈਨੂੰ ਰੋਜ਼ ਰਾਤ ਘਰ ਆਉਣ ਵਿੱਚ ਦੇਰੀ ਹੋ ਜਾਂਦੀ ਸੀ। ਇੱਕ ਦਿਨ ਮੈਂ ਕਰੀਬ ਰਾਤ ਦੇ ਗਿਆਰਾਂ ਕੁ ਵਜੇ ਘਰ ਨੂੰ ਵਾਪਿਸ ਆ ਰਿਹਾ ਸੀ। ਮੈਂ ਇੱਕ ਆਟੋ ਰਿਕਸ਼ੇ ਤੇ ਸੀ। ਮੇਰੇ ਕੋਲ ਦੀ ਇੱਕ ਬਹੁਤ ਤੇਜ਼ ਗੱਡੀ ਲੰਘੀ। ਪਤਾ ਨਹੀਂ ਕੋਣ ਸੀ ਉਹ। ਘਰ ਤੋਂ ਥੋੜੀ ਦੂਰ ਹੀ ਮੈ ਆਟੋ ਵਿੱਚੋਂ ਉੱਤਰ ਗਿਆ। ਸੋਚਿਆ ਬੈਠਿਆਂ-ਬੈਠਿਆਂ ਸਾਰਾ ਦਿਨ ਥੱਕ ਗਿਆਂ ਹਾਂ ਘਰੇ ਪੈਦਲ ਤੁਰ ਕੇ ਜਾਂਦਾ ਹਾਂ। ਅਜੇ ਮੈਂ ਉੱਤਰਿਆ ਹੀ ਕਿ ਮੈਨੂੰ ਇੱਕ ਕੁੜੀ ਨਜ਼ਰ ਆਈ। ਉਹ ਇੱਕ ਕੰਧ ਨਾਲ ਲੁਕ ਕੇ ਬੈਠੀ ਸੀ। ਮੈ ਕੁਝ ਦੇਰ ਤੱਕ ਉਸ ਨੂੰ ਦੇਖਦਾ ਰਿਹਾਂ। ਉਹ ਮੈਨੂੰ ਦੇਖਦੇ ਹੋਏ ਭੱਜ ਕੇ ਇਕ ਪਾਸੇ ਹੋ ਲੁਕ ਗਈ। ਪਰ ਮੇਰੀ ਨਜ਼ਰ ਅਜੇ ਵੀ ਓਸੇ ਤੱਕ ਟਿਕੀ ਹੋਈ ਸੀ। ਤੇ ਉਹ ਵੀ ਮੈਨੂੰ ਦੇਖ ਰਹੀ ਸੀ। ਐਨੇ ਨੂੰ ਓਹੀ ਗੱਡੀ ਫਿਰ ਆ ਗਈ। ਉਹ ਸਿੱਧਾ ਮੇਰੇ ਕੋਲ ਆ ਰੁਕੀ। ਇੱਕ ਬੰਦੇ ਨੇ ਬਾਰੀ ਰਾਹੀਂ ਮੈਨੂੰ ਪੁੱਛਿਆ ਕਿ ਇਧਰੋਂ ਕੋਈ ਕੁੜੀ ਲੰਘਦੀ ਦੇਖੀ? ਪਰ ਮੈਂ ਉਨ੍ਹਾਂ ਨੂੰ ਸਾਫ਼ ਮਨ੍ਹਾਂ ਕਰ ਦਿੱਤਾ ਤੇ ਉਹ ਓਸੇ ਵੇਲੇ ਓਥੋਂ ਚਲੇ ਗਏ। ਗੱਡੀ ਵਿੱਚ ਕਾਫ਼ੀ ਆਦਮੀ ਸਨ। ਜਦੋਂ ਉਹ ਓਥੋਂ ਚਲੇ ਗਏ ਤਾਂ ਮੈਂ ਕੁਝ ਦੇਰ ਬਾਅਦ ਕੁੜੀ ਵੱਲ ਗਿਆ। ਕੁੜੀ ਅਪਣੇ ਆਪ ਨੂੰ ਲੁਕਾਉਂਦੀ ਹੋਈ ਬੈਠੀ ਸੀ। ਮੈਂ ਉਸ ਦੇ ਕੁਲ ਗਿਆਂ ਤੇ ਜਾ ਕੇ ਬੈਠ ਗਿਆ।

ਆਪਣਾ ਇੱਕ ਹੱਥ ਉਸ ਵੱਲ ਵਧਾਇਆ ਤੇ ਕਿਹਾ.. ਭੈਣ ਡਰ ਨਾ ਚਲੇ ਗਏ ਉਹ। ਪਰ ਕੁੜੀ ਥੋੜੀ ਜਿਹੀ ਪਿਛਾਂਹ ਨੂੰ ਖਿਸਕੀ ਤੇ ਆਪਣੇ ਆਪ ਨੂੰ ਦੋਨਾਂ ਹੱਥਾਂ ਨਾਲ ਘੁਟਣ ਲੱਗ ਪਈ। ਮੈਂ ਫਿਰ ਉਸ ਵੱਲ ਵਧਿਆ ਤੇ ਉਸ ਨੂੰ ਆਪਣੇ ਬਾਰੇ ਦੱਸਦੇ ਹੋਏ ਉਸਦਾ ਨਾਮ ਪੁੱਛਿਆ। ਉਹ ਕੁਝ ਨਾ ਬੋਲੀ ਪਰ ਓਥੇ ਬੈਠੀ ਰਹੀ। ਮੈਂ ਹੋਰ ਅੱਗੇ ਵਧਿਆ। ਉਸ ਨੇ ਕੋਈ ਹਰਕਤ ਨਾ ਕੀਤੀ। ਫਿਰ ਮੈਂ ਉਸ ਨੂੰ ਕਲਾਵੇਂ ਵਿੱਚ ਭਰਦੇ ਹੋਏ ਕਿਹਾ ਡਰ ਨਾ ਭੈਣ ਮੈਂ ਵੀਰ ਆ ਤੇਰਾ ਕੁਝ ਨੀ ਹੋਣ ਦੇਂਦਾ ਤੈਨੂੰ। ਉਸ ਨੂੰ ਮੇਰੇ ਤੇ ਯਕੀਨ ਹੋ ਗਿਆ। ਮੈਂ ਉਸ ਨੂੰ ਛਾਤੀ ਨਾਲ ਲਾ ਕੇ ਘਰ ਲੈ ਆਇਆਂ। ਮੇਰੀ ਮਾਂ ਨੇ ਮੈਨੂੰ ਇਸ ਬਾਰੇ ਪੁੱਛਿਆ ਤੇ ਮੈਂ ਸਭ ਦੱਸ ਦਿੱਤਾ। ਮੇਰੀ ਮਾਂ ਉਸਦੀ ਹਾਲਤ ਦੇਖ ਕੇ ਹੈਰਾਨ ਹੋਈ। ਓਸ ਦੇ ਸਾਰੇ ਕੱਪੜੇ ਲੱਗ-ਭਗ ਪਾਟੇ ਹੋਏ ਸੀ। ਮਾਂ ਨੇ ਉਸ ਨੂੰ ਬਾਹਾਂ ਵਿੱਚ ਭਰਿਆ ਤੇ ਉਸ ਦੀ ਦੇਖ ਭਾਲ ਵਿੱਚ ਲੱਗ ਗਈ। ਮਾਂ ਦੇ ਪੁੱਛਣ ਤੇ ਉਸ ਨੇ ਆਪਣਾ ਨਾਮ ਨੇਹਾ ਦੱਸਿਆ। ਪਰ ਇਸ ਤੋਂ ਵੱਧ ਕਦੇ ਕੁਝ ਨਹੀਂ ਬੋਲੀ। ਬਸ ਓਦੋਂ ਤੋਂ ਹੀ ਇਹ ਸਾਡੇ ਘਰ ਹੈ। ਜਿਵੇਂ ਅੱਜ ਇਸ ਨੇ ਆਪ ਦੀ ਬੇਟੀ ਕੋਮਲ ਨਾਲ ਕੀਤਾ ਮੇਰਿਆਂ ਬੱਚਿਆਂ ਨਾਲ ਵੀ ਕਈ ਵਾਰ ਕਰ ਚੁਕੀ ਏ। ਤੁਸੀਂ ਘਬਰਾਓ ਨਾ।

ਯੋਗੀ- ਕੋਈ ਨਾ ਵੀਰ ਜੀ।

ਐਨੇ ਨੂੰ ਰੋਟੀ ਵੀ ਤਿਆਰ ਹੋ ਗਈ ਤੇ ਸਭ ਨੇ ਇੱਕਠੇ ਬੈਠ ਕੇ ਰੋਟੀ ਖਾਧੀ। ਫਿਰ ਸ਼ਹਿਬਾਜ ਨੇ ਕੋਮਲ ਤੇ ਯੋਗੀ ਨੂੰ ਇੱਕ ਕਮਰੇ ਵਿੱਚ ਆਰਾਮ ਕਰਨ ਲਈ ਕਿਹਾ ਤੇ ਆਪ ਵੀ ਆਰਾਮ ਕਰਨ ਚਲੇ ਗਏ।

ਲੱਖਾਂ ਰਿਸ਼ਤੇ ਵਿੱਚ ਵੱਸਦੇ ਦੁਨੀਆਂ,

ਤੇ ਰੂਹਾਂ ਦਾ ਰਿਸ਼ਤਾ ਨੀ ਲੱਭ ਸਕਦਾ,

ਕੋਈ ਪੀੜ ਦਿਲਾਂ ਦੀ ਸਮਝੇ ਨਾ,

ਕੋਈ ਦੁਸ਼ਮਣ ਵੀ ਨਹੀਂ ਠੱਗ ਸਕਦਾ,

ਜੱਦ ਮਿਲਦਾ ਕੋਈ ਮਾਸੂਮ ਜਿਹਾ,

ਉਹ ਰਿਸ਼ਤਾ ਵੀ ਸੱਚਾ ਬਣ ਜਾਂਦਾ,

ਨਾ ਬਾਹਰੋਂ ਤੇ ਨਾ ਖ਼ੂਨਾਂ ਦੇ,

ਉਹ ਅੰਦਰੋਂ [illegible] ਜਾਂਦਾ,

ਮੈਂ ਯੋਗੀ ਯੋਗੀ [illegible] ਨਹੀਂ ਆ,

ਬਸ ਕੱਚ ਦਾ ਹਿੱਸਾ ਟੁੱਟ ਜਾਣਾ,

ਨਾ ਮੈਂ ਲੱਭਣਾ ਨਾ ਰੂਹ ਮੇਰੀ,

ਮੇਰੀ ਲਿਖ਼ਤਾਂ ਨੇ ਵੀ ਛੁੱਟ ਜਾਣਾ,

ਮੇਰੀ ਲਿਖ਼ਤਾਂ ਨੇ ਵੀ ਛੁੱਟ ਜਾਣਾ।

(ਦੀਪ ਗਗਨ)

ਕੋਣ ਸੀ ਨੇਹਾ ਤੇ ਉਸ ਨਾਲ ਕੀ ਵਾਪਰਿਆ ਸੀ ਇਹ ਜਾਨਣ ਲਈ ਕਹਾਣੀ "ਰੂਹੀ ਪੀੜਾ" ਦਾ ਪੜਣਾ ਜਰੂਰੀ ਹੈਂ। ਜੋ ਕਿ ਇਸੇ ਕਹਾਣੀ ਦਾ ਇੱਕ ਮਹੱਤਵਪੂਰਨ ਅੰਗ ਹੈ। ਕੀ ਕੋਮਲ ਸੱਚ-ਮੁੱਚ ਹੀ ਨੇਹਾ ਦੀ ਕੁੜੀ ਸੀ ਜਾਂ ਫਿਰ ਉਸਦਾ ਵਹਿਮ। ਸਵਾਲਾਂ ਦੀਆਂ ਕੜੀਆਂ ਨੇ ਜੋ ਗੁੰਝਲਦਾਰ ਵੀ ਨੇ ਤੇ ਸੁਲਝੀਆਂ ਹੋਈਆਂ ਵੀ ਨੇ। ਕੀ ਇਹ ਉਨ੍ਹਾਂ ਦੋਨਾਂ ਦੇ ਦੁੱਖਾਂ ਦਾ ਇਹ ਅੰਤ ਸੀ? ਜਾਂ ਕਹਾਣੀ ਦੀ ਹਾਲੇ ਸ਼ੁਰੂਆਤ ਸੀ।

ਸਾਰੇ ਮਨੁੱਖ ਇਕ ਸਮਾਨ ਨਹੀਂ ਹੁੰਦੇ। ਇੱਥੇ ਚੰਗਿਆਂ ਤੋਂ ਚੰਗੇ ਵੀ ਨੇ ਤੇ ਮਾੜਿਆਂ ਤੋਂ ਮਾੜੇ ਵੀ। ਬਸ ਗੱਲ ਅੰਦਰੂਨੀ ਜ਼ਜ਼ਬੇ ਤੇ ਪੁਕਾਰ ਦੀ ਹੈ। ਹਰ ਇੱਕ ਦੇ ਮਿਲਣ ਦਾ ਵਕਤ ਹੁੰਦਾ ਹੈ। ਕਦੇ ਮੇਲ ਚੰਗੇ ਨਾਲ ਹੋ ਜਾਂਦਾ ਹੈ ਤੇ ਕਦੇ ਮਾੜੇ ਨਾਲ। ਇਹ ਕਰਮਾਂ ਦੀ ਖੇਡ ਵੀ ਹੋ ਸਕਦੀ ਹੈ ਜਾਂ ਫਿਰ ਸਾਡੇ ਖੁੱਦ ਵੱਲੋਂ ਉਠਾਏ ਜਾਣ ਵਾਲੇ ਕਦਮਾਂ ਦਾ ਨਤੀਜਾ।

ਚਖਚ

ਭਾਗ ਤੀਜਾ

ਪ੍ਰੀਤ ਸਿੰਘ ਭੱਟੀ

ਬਲਬ (ਭਾਗ ਤੀਜਾ)

ਟਿਰਨ - ਟਿਰਨ.... ਫੋਨ ਦੀ ਬੈੱਲ ਵੱਜੀ। ਯੋਗੀ ਨੇ ਆਪਣੀ ਜੇਬ ਵਿੱਚੋਂ ਮੋਬਾਇਲ ਕੱਢਿਆ ਤੇ ਚੁੱਕ ਕੇ ਬੋਲਿਆ..

ਯੋਗੀ - ਹਾਂਜੀ ਵੀਰ ਜੀ।

ਸ਼ਹਿਬਾਜ - ਕਿੰਨਾ ਕੁ ਸਮਾਂ ਲੱਗੂ ਅਜੇ?

ਯੋਗੀ - ਮੈਨੂੰ ਲੱਗਦਾ ਮੈਨੂੰ ਕਾਫੀ ਸਮਾਂ ਲੱਗੂ। ਕੰਮ ਅਜੇ ਕਾਫੀ ਪਿਆ ਏ।

ਸ਼ਹਿਬਾਜ - ਬੱਚੇ ਉਡੀਕ ਕਰ ਰਹੇ ਨੇ। ਕਹਿੰਦੇ ਤੁਹਾਡੇ ਆਉਣ ਤੇ ਹੀ ਕੇਕ ਕੱਟਾਂਗੇ।

ਯੋਗੀ - ਤੁਸੀਂ ਮਨਾਓ ਬੱਚੇ ਦਾ ਜਨਮਦਿਨ ਵੀਰੇ। ਮੈਨੂੰ ਦੇਰੀ ਹੋ ਜਾਵੇਗੀ। ਹੋਰ ਵੀ ਕਹਾਣੀਆਂ ਆਈਆਂ ਹੋਈਆਂ ਨੇ ਇਨ੍ਹਾਂ ਕੋਲ ਇਸ ਲਈ ਚੋਣ ਕਰਨ ਵਿੱਚ ਵਕਤ ਲੱਗੇਗਾ। ਜਦੋਂ ਤੱਕ ਮੈਂ ਪੁੱਜਣਾ ਤੱਦ ਤੱਕ ਸਭ ਸੌਂ ਜਾਣਗੇ। ਮੇਰੀ ਉਡੀਕ ਨਾ ਕਰੋ। ਤੁਸੀਂ ਮਨਾਓ ਬੱਚਿਆਂ ਨਾਲ ਜਨਮਦਿਨ।

ਸ਼ਹਿਬਾਜ - ਠੀਕ ਆ ਵੀਰੇ। ਫਿਰ ਵੀ ਕੋਸ਼ਿਸ ਕਰਿਓ ਕਿ ਜਿਆਦਾ ਦੇਰ ਨਾ ਹੋਵੇ।

ਯੋਗੀ - ਹਾਂਜੀ ਵੀਰ ਜੀ। ਮੈਂ ਜਲਦ ਤੋਂ ਜਲਦ ਆਉਣ ਦੀ ਕੋਸ਼ਿਸ ਕਰਾਂਗਾ।

ਸ਼ਹਿਬਾਜ - ਚੰਗਾ ਵੀਰੇ ਆਜੋ ਫਿਰ ਜਲਦੀ।

ਯੋਗੀ - ਚੰਗਾ ਵੀਰ ਜੀ।

ਏਨਾ ਕਹਿਣ ਉਪਰਾਂਤ ਯੋਗੀ ਨੇ ਫੋਨ ਬੰਦ ਕਰ ਦਿੱਤਾ। ਦਰਅਸਲ ਯੋਗੀ ਆਪਣੀਆਂ ਕੁਝ ਨਵੀਆਂ ਕਹਾਣੀਆਂ ਲੈ ਕੇ ਕਿਸੇ ਅਖਬਾਰਾਂ ਛਪਾਉਣ ਵਾਲੀ ਫੈਕਟਰੀ ਵਿੱਚ ਆਇਆ ਹੋਇਆ ਸੀ। ਜਿੱਥੇ ਉਸ ਦੀਆਂ ਕਹਾਣੀਆਂ ਤੇ ਹੋਰਾਂ ਦੀਆਂ ਕਹਾਣੀਆਂ ਦੀ ਚੋਣ ਕੀਤੀ ਜਾ ਰਹੀ ਸੀ। ਜਿਸ ਕਾਰਨ ਉਸ ਨੂੰ ਦੇਰ ਹੋ ਰਹੀ ਸੀ।

ਓਧਰ ਸ਼ਹਿਬਾਜ ਦੇ ਘਰ ਉਸਦੀ ਬੇਟੀ ਆਸ਼ਾ ਦਾ ਜਨਮਦਿਨ ਸੀ। ਜਿਸ ਨੂੰ ਮਨਾਉਣ ਲਈ ਉਹ ਯੋਗੀ ਦੀ ਉਡੀਕ ਕਰ ਰਹੇ ਸਨ। ਪਰ ਕੰਮ ਵਿੱਚ ਵਿਅਸਤ ਹੋਣ ਕਾਰਨ ਯੋਗੀ ਸਮੇਂ ਸਿਰ ਪਹੁੰਚ ਨਹੀਂ ਸੀ ਸਕਦਾ। ਜਨਮਦਿਨ ਮਨਾਉਣ ਲਈ ਸਿਰਫ ਸ਼ਹਿਬਾਜ ਦਾ ਹੀ ਪਰਿਵਾਰ ਸੀ ਬਾਹਰੋਂ ਕੋਈ ਵੀ ਮੈਂਬਰ ਨਹੀਂ ਸੀ। ਸ਼ਹਿਬਾਜ ਯੋਗੀ ਨਾਲ ਗੱਲ ਬੰਦ ਕਰ ਸੋਫੇ ਤੇ ਬੈਠ ਗਿਆ। ਜਿੱਥੇ ਉਸ ਦੀ ਮਾਂ, ਭੈਣ ਨੇਹਾ, ਬੇਟਾ ਸੁੱਖਮਨ, ਬੇਟੀ

ਆਸ਼ਾ ਤੇ ਕੋਮਲ ਵੀ ਬੈਠੇ ਹੋਏ ਸਨ। ਸ਼ਹਿਬਾਜ ਦੀ ਪਤਨੀ ਰਸੋਈ ਵਿੱਚ ਕੇਕ ਦੀ ਤਿਆਰੀ ਵਿੱਚ ਵਿਅਸਤ ਸੀ। ਸ਼ਹਿਬਾਜ ਨੇ ਅਵਾਜ਼ ਲਗਾਈ...

ਸ਼ਹਿਬਾਜ - ਲੈ ਆਓ ਭਾਈ ਕੇਕ ਹੁਣ, ਭੁੱਖ ਬਹੁਤ ਲੱਗੀ ਆ।

ਦੋ-ਚਾਰ ਮਿੰਟ ਪਿੱਛੋਂ ਸ਼ਹਿਬਾਜ ਦੀ ਪਤਨੀ ਰਸੋਈ ਵਿੱਚੋਂ ਕੇਕ ਲੈ ਬਾਹਰ ਆ ਗਈ ਤੇ ਕੇਕ ਲਿਆ ਮੇਜ ਤੇ ਰੱਖ ਦਿੱਤਾ। ਸਭ ਆਸ ਪਾਸ ਆ ਗਏ। ਆਸ਼ਾ ਬੋਲੀ..

ਆਸ਼ਾ - ਮੰਮੀ ਮੋਮਬੱਤੀਆਂ ਨਹੀਂ ਜਗਾਈਆਂ।

ਰਮਨ - ਰੁਕੋ ਬੇਟਾ ਜਗਾਉਂਦੇ ਆ।

ਅਜੇ ਇਹੀ ਕਹਿਣ ਦੀ ਦੇਰ ਸੀ ਕਿ ਘਰ ਦੀ ਬੱਤੀ ਬੰਦ ਹੋ ਗਈ ਤਾਂ ਸ਼ਹਿਬਾਜ ਬੋਲਿਆ..

ਸ਼ਹਿਬਾਜ - ਹੁਣ ਇਹ ਬੱਤੀ ਨੂੰ ਕੀ ਬਿਮਾਰੀ ਪੈ ਗਈ?

ਰਮਨ - ਦੇਖਿਉ ਜਰਾ.. ਆਪਣੇ ਬੰਦ ਹੋਈ ਜਾਂ ਫਿਰ ਕਿਸੇ ਹੋਰ ਦੀ ਵੀ?

ਸ਼ਹਿਬਾਜ - ਦੇਖਦਾ ਹਾਂ।

ਰਮਨ - ਕੋਮਲ ਬੇਟਾ ਉਹ ਅਲਮਾਰੀ ਵਾਲੀਆਂ ਵੱਢੀਆਂ ਮੋਮਬੱਤੀਆਂ ਜਗਾ ਦੇ।

ਕੋਮਲ ਉੱਠੀ ਤੇ ਦੋ ਮੋਮਬੱਤੀਆਂ ਜਲਾ ਦਿੱਤੀਆਂ। ਘਰ ਵਿੱਚ ਰੋਸ਼ਨੀ ਹੋ ਗਈ। ਸ਼ਹਿਬਾਜ ਉੱਠਿਆ ਤੇ ਬਾਰੀ ਰਾਹੀ ਦੇਖਿਆ ਕਿ ਸਭ ਦੇ ਘਰ ਬੱਤੀ ਜਗ ਰਹੀ ਸੀ ਸਿਵਾਏ ਉਨ੍ਹਾਂ ਦੇ ਘਰ ਦੇ। ਉਸ ਨੇ ਕਿਹਾ..

ਸ਼ਹਿਬਾਜ - ਬਾਕੀ ਤਾਂ ਸਭ ਦੇ ਬੱਤੀ ਆ ਰਹੀ ਹੈ ਫਿਰ ਆਪਣੀ ਕਿਉਂ ਨਹੀਂ ਆ ਰਹੀ?

ਰਮਨ - ਮੀਟਰ ਵੱਲ ਦੇਖਿਓ ਜਰਾਂ। ਹੋ ਸਕਦਾ ਫਿਊਜ਼ ਉੱਡ ਗਿਆ ਹੋਵੇ।

ਸ਼ਹਿਬਾਜ - ਦੇਖਦਾ ਹਾਂ।

ਸ਼ਹਿਬਾਜ ਘਰ ਦੀ ਬੱਤੀ ਠੀਕ ਕਰਨ ਲਈ ਬਾਹਰ ਚਲਾ ਗਿਆ ਤੇ ਫੋਨ ਦੀ ਟਾਰਚ ਨਾਲ ਦੇਖਿਆ ਤਾਂ ਫਿਊਜ਼ ਨਿਕਲਿਆ ਹੋਇਆ ਸੀ। ਉਸ ਨੇ ਫੜ ਕੇ ਫਿਊਜ਼ ਲਗਾ ਦਿੱਤਾ। ਘਰ ਵਿੱਚ ਬੱਤੀ ਚੱਲ ਪਈ। ਉਸਨੇ ਮੁੜ ਕੇ ਦੇਖਿਆ ਤਾਂ ਕੋਲ ਹੀ ਇੱਕ ਆਦਮੀ ਬੰਦੂਕ ਫੜੀ ਖਲੋਤਾ ਸੀ। ਉਸਨੇ ਬੰਦੂਕ ਸ਼ਹਿਬਾਜ ਦੇ ਸੀਨੇ ਤੇ ਰੱਖੀ ਤੇ ਅੰਦਰ ਚੱਲਣ ਨੂੰ ਕਿਹਾ। ਅੰਦਰ ਜਾਂਦੇ ਸਾਰ

ਸਭ ਨੇ ਸ਼ਹਿਬਾਜ ਤੇ ਬੰਦੂਕ ਤਣੀ ਦੇਖ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਫਿਰ ਜਲਦੀ ਨਾਲ ਹੋਰ ਵੀ ਹਥਿਆਰਬੰਦ ਆਦਮੀ ਅੰਦਰ ਦਾਖਿਲ ਹੋ ਗਏ। ਉਨ੍ਹਾਂ ਸਭ ਨੂੰ ਡਰਾਉਣਾ ਸ਼ੁਰੂ ਕਰ ਦਿੱਤਾ। ਘਰਦਿਆਂ ਨੇ ਏਧਰ - ਓਧਰ ਭੱਜਣ ਦੀ ਕੋਸ਼ਿਸ ਕੀਤੀ ਪਰ ਨਾਕਾਮ ਰਹੇ। ਹਥਿਆਰਬੰਦ ਆਦਮੀਆਂ ਦੇ ਡਰਾਉਣ ਕਾਰਨ ਸਭ ਸਹਿਮ ਕੇ ਬੈਠ ਗਏ। ਉਨ੍ਹਾਂ ਸਭ ਦੇ ਹੱਥ ਪੈਰ ਬੰਨ ਦਿੱਤੇ ਤੇ ਬਾਕੀ ਸਾਰੇ ਘਰ ਦੀ ਤਲਾਸ਼ੀ ਕਰਨ ਲੱਗੇ। ਮੌਤ ਦੇ ਡਰ ਕਾਰਨ ਸਭ ਦੇ ਮੂੰਹ ਬੰਦ ਹੋ ਗਏ। ਤੇ ਸਭ ਸ਼ਾਂਤ ਬੈਠ ਗਏ। ਸ਼ਹਿਬਾਜ ਬਚਾਅ ਲਈ ਕਿਸੇ ਵੀ ਤਰਾਂ ਦੀ ਕੋਸ਼ਿਸ ਕਰਨ ਵਿੱਚ ਅਸਮਰੱਥ ਸੀ। ਕਰੀਬ ਦਸ - ਪੰਦਰਾਂ ਮਿੰਟ ਬੀਤ ਗਏ। ਸ਼ਾਇਦ ਉਹ ਕਿਸੇ ਦੀ ਉਡੀਕ ਕਰ ਰਹੇ ਸਨ। ਫਿਰ ਅਚਾਨਕ ਇੱਕ ਬਹੁਤ ਮਹਿੰਗੀ ਗੱਡੀ ਆਈ। ਅਗਲੀ ਬਾਰੀ ਵੱਲੋਂ ਇੱਕ ਹੱਟਾ - ਕੱਟਾ ਆਦਮੀ ਉੱਤਰਿਆ ਤੇ ਉਸਨੇ ਜਲਦੀ ਨਾਲ ਗੱਡੀ ਦੀ ਪਿਛਲੀ ਬਾਰੀ ਖੋਲ੍ਹੀ। ਉਸ ਚੋਂ ਇੱਕ ਅੱਧ - ਖੜ ਉਮਰ ਦੀ ਜਨਾਨੀ ਹੇਠਾਂ ਉੱਤਰੀ। ਦੂਸਰੀ ਬਾਰੀ ਰਾਹੀਂ ਇੱਕ ਹੋਰ ਜਨਾਨੀ ਉੱਤਰੀ। ਇੱਕ ਨੇ ਬਹੁਤ ਮਹਿੰਗੀ ਸਾੜੀ ਲਾਈ ਹੋਈ ਸੀ ਤੇ ਹੱਦ ਤੋਂ ਪਰੇ ਸ਼ਿੰਗਾਰ ਕੀਤਾ ਹੋਇਆ ਸੀ। ਦੂਸਰੀ ਨੇ ਕੋਈ ਬਾਹਲਾ ਸ਼ਿੰਗਾਰ ਨਹੀਂ ਸੀ ਕੀਤਾ। ਜੋ ਉਨ੍ਹਾਂ ਚੋਂ ਪ੍ਰਮੁੱਖ ਲੱਗ ਰਹੀ ਸੀ ਮੂੰਹ

ਵਿੱਚ ਪਾਨ ਚਬਾਉਂਦੀ ਹੋਈ ਸਿੱਧੀ ਕੋਮਲ ਵੱਲ ਵਧੀ। ਹਥਿਆਰਬੰਦ ਆਦਮੀ ਪਿਛਾਂਹ ਹੱਟ ਗਏ। ਉਸਨੇ ਕੋਮਲ ਦਾ ਮੂੰਹ ਠੋਡੀ ਤੋਂ ਆਪਣੇ ਹੱਥ ਨਾਲ ਫੜਿਆ ਤੇ ਜੋਰ ਨਾਲ ਘੁੱਟਿਆ ਤੇ ਬੜੀ ਠਾਠ ਭਰੀ ਅਵਾਜ਼ ਵਿੱਚ ਬੋਲੀ..

ਔਰਤ - ਕੀ ਸੋਚਦੀ ਸੀ ਜਾਨਕਾ ਬਾਈ ਦੇ ਹੱਥੋਂ ਭੱਜ ਸਕੇਗੀ। ਦੇਖ ਲਿਆ ਭੱਜ ਕੇ।

ਫਿਰ ਉਸਨੇ ਮੂੰਹ ਨੂੰ ਹੱਥ ਨਾਲ ਘੁੱਟਿਆ ਤੇ ਗੁੱਸੇ ਨਾਲ ਛੱਡ ਦਿੱਤਾ ਤੇ ਸਭ ਵੱਲ ਵੇਖਦੀ ਹੋਈ ਜਾ ਕੇ ਸੋਫੇ ਤੇ ਬੈਠ ਗਈ। ਮੇਜ ਤੇ ਪਏ ਕੇਕ ਨੂੰ ਚਾਕੂ ਨਾਲ ਕੱਟਿਆ ਤੇ ਮੂੰਹ ਵਿੱਚੋਂ ਪਾਨ ਥੁੱਕ ਕੇਕ ਖਾਣ ਲੱਗੀ। ਤੇ ਬੋਲੀ...

ਜਾਨਕਾ ਬਾਈ - ਬੱਸ ਇਹੀ ਨੇ ਘਰ ਵਿੱਚ ਜਾਂ ਕੋਈ ਹੋਰ ਵੀ ਆ?

ਇੱਕ ਆਦਮੀ ਬੋਲਿਆ..

ਆਦਮੀ - ਬਸ ਇਹੀ ਨੇ ਜਾਨਕਾ ਬਾਈ ਜੀ।

ਜਾਨਕਾ ਬਾਈ - ਪਛਾਣ ਨੀ ਵੰਦਨਾ। ਇਹੀ ਆ ਉਹ ਬੰਦਾ ਜਿਹੜਾ ਇਸ ਕਾੜੀ ਨੂੰ ਭਜਾ ਕੇ ਲੈ ਗਿਆ ਸੀ?

ਦੂਸਰੀ ਔਰਤ ਅੱਗੇ ਵਧੀ ਤੇ ਸ਼ਹਿਬਾਜ ਵੱਲ ਦੇਖ ਕੇ ਜਾਨਕਾ ਬਾਈ ਦੇ ਡਰ ਕਾਰਨ ਕਿਹਾ..

ਵੰਦਨਾ - ਜੀ ਜਾਨਕਾ ਬਾਈ ਜੀ।

ਸ਼ਹਿਬਾਜ ਸਮਝ ਗਿਆ ਕਿ ਇਹ ਕੋਮਲ ਦੇ ਕਾਰਨ ਇੱਥੇ ਆਏ ਨੇ। ਉਸਨੇ ਸੱਚ ਨਾ ਦੱਸਿਆ ਕਿ ਉਹ ਓ ਆਦਮੀ ਨਹੀਂ ਹੈ ਜੋ ਕੋਮਲ ਭਜਾ ਕੇ ਲਿਆਇਆ ਸੀ। ਉਹ ਤਾਂ ਦਰਅਸਲ ਯੋਗੀ ਹੈ। ਜਿਹੜਾ ਉਸ ਵਕਤ ਉੱਥੇ ਮੌਜੂਦ ਨਹੀਂ ਸੀ। ਸ਼ਹਿਬਾਜ ਸ਼ਾਂਤ ਰਿਹਾ ਤੇ ਕੁਝ ਨਾ ਬੋਲਿਆ ਤੇ ਸਭ ਵੱਲ ਇਸ਼ਾਰਾ ਕਰ ਦਿੱਤਾ ਕਿ ਕੋਈ ਸੱਚ ਨਾ ਕਹੇ।

ਵੰਦਨਾ ਦੇ ਪਹਿਚਾਣ ਕਰਦੇ ਸਾਰ ਹੀ ਜਾਨਕਾ ਬਾਈ ਨੇ ਆਪਣੇ ਆਦਮੀ ਵੱਲ ਹੱਥ ਨਾਲ ਇਸ਼ਾਰਾ ਕੀਤਾ ਤੇ ਉਸਨੇ ਤੁਰੰਤ ਹੀ ਵੰਦਨਾ ਨੂੰ ਗੋਲੀ ਮਾਰ ਦਿੱਤੀ। ਗੋਲੀ ਵੱਜਦੇ ਸਾਰ ਉਹ ਹੇਠਾਂ ਡਿੱਗ ਪਈ ਤੇ ਸਭ ਨੇ ਚੀਕਾਂ ਮਾਰਨੀਆ ਸ਼ੁਰੂ ਕਰ ਦਿੱਤੀਆਂ। ਜਾਨਕਾ ਬਾਈ ਨੇ ਜੋਰ ਨਾਲ ਸਭ ਨੂੰ ਧਮਕਾਇਆ ਤੇ ਸਭ ਸ਼ਾਂਤ ਹੋ ਗਏ। ਫਿਰ ਜਾਨਕਾ ਬਾਈ ਬੋਲੀ..

ਜਾਨਕਾ ਬਾਈ - ਕੁੜੀ ਨੂੰ ਚੁੱਕੋ ਤੇ ਗੱਡੀ ਚ' ਸੁੱਟੋ, ਬਾਕੀਆਂ ਨੂੰ ਗੋਲੀ ਮਾਰ ਦੋ।

ਦੋ ਆਦਮੀ ਕੋਮਲ ਵੱਲ ਵਧੇ ਤੇ ਜ਼ਬਰਦਸਤੀ ਗੱਡੀ ਵੱਲ ਲਿਜਾਣ ਲੱਗ ਪਏ। ਜਾਨਕਾ ਬਾਈ ਬਾਹਰ ਜਾਣ ਲੱਗੀ ਤੇ ਦੋ - ਚਾਰ ਕਦਮ ਪੁੱਟਣ ਪਿੱਛੋਂ ਰੁਕ ਗਈ ਤੇ ਪਿੱਛੇ ਮੁੜ ਦੇਖਿਆ। ਫਿਰ ਨੇਹਾ ਵੱਲ ਵਧੀ ਤੇ ਗੌਰ ਨਾਲ ਦੇਖ ਹੱਥ ਤੇ ਹੱਥ ਮਾਰ ਜੋਰ - ਜੋਰ ਨਾਲ ਹੱਸਣ ਲੱਗੀ ਤੇ ਬੋਲੀ..

ਜਾਨਕਾ ਬਾਈ - ਸੱਚ ਹੀ ਕਹਿੰਦੇ ਨੇ ਲੋਕ। ਜਦੋਂ ਖੁਦਾ ਦੇਂਦਾ ਤਾਂ ਛੱਪੜ ਫਾੜ ਕੇ ਦੇਂਦਾ ਹੈ। ਧੀ ਦੇ ਨਾਲ - ਨਾਲ ਅੱਜ ਮਾਂ ਵੀ ਆਪੇ ਮਿਲ ਗਈ।

ਫਿਰ ਕਦੇ - ਕਦੇ ਕੋਮਲ ਵੱਲ ਦੇਖਦੀ ਤੇ ਕਦੇ ਨੇਹਾ ਵੱਲ। ਤੇ ਮੁੜ ਉੱਚੀ - ਉੱਚੀ ਹੱਸਣ ਲੱਗੀ।

ਸਭ ਨੂੰ ਸਮਝ ਆ ਗਿਆ ਕਿ ਕੋਮਲ ਨੇਹਾ ਦੀ ਹੀ ਧੀ ਹੈ। ਕੋਮਲ ਨੇਹਾ ਵੱਲ ਮਾਂ ਦੇ ਪਿਆਰ ਦੀ ਭੁੱਖ ਭਰੀ ਨਜ਼ਰ ਨਾਲ ਦੇਖਣ ਲੱਗੀ ਤੇ ਆਦਮੀਆਂ ਕੋਲੋ ਆਪਣੇ ਆਪ ਨੂੰ ਛਡਾਉਣ ਦੀ ਜੱਦੋ - ਜਹਿਤ ਕਰਨ ਲੱਗੀ। ਪਰ ਵੱਸ ਨਾ ਚੱਲੀ। ਨੇਹਾ ਨੂੰ ਕੁਝ ਆਭਾਸ ਨਹੀਂ ਸੀ ਕਿ ਹੋ ਕੀ ਰਿਹਾ ਹੈ। ਸ਼ਾਇਦ ਉਹ ਅਜੇ ਵੀ ਸੱਦਮੇ ਵਿੱਚ ਸੀ। ਜਾਨਕਾ ਬਾਈ ਬੋਲੀ..

ਜਾਨਕਾ ਬਾਈ - ਏਨੂੰ ਵੀ ਸੁੱਟੋ ਗੱਡੀ ਚ'।

ਇਹ ਆਖ ਜਾਨਕਾ ਬਾਈ ਆਪ ਜਾ ਗੱਡੀ ਵਿੱਚ ਬੈਠ ਗਈ। ਫਿਰ ਅਚਾਨਕ ਇੱਕ ਆਦਮੀ ਨੇ ਸ਼ਹਿਬਾਜ ਦੇ ਸਿਰ ਵਿੱਚ ਗੋਲੀ ਮਾਰੀ ਤੇ ਉਹ ਉੱਥੇ ਹੀ ਡਿੱਗ ਪਿਆ। ਸ਼ਹਿਬਾਜ ਦੇ ਗੋਲੀ ਵੱਜੀ ਦੇਖ ਸਭ ਚੀਕਾਂ ਮਾਰਨ ਲੱਗ ਪਏ। ਪਰ ਉਨ੍ਹਾਂ ਦੀਆਂ ਚੀਕਾਂ ਹੋਰਾਂ ਨੂੰ ਸੁਣਨ ਤੋਂ ਪਹਿਲਾਂ ਬਾਕੀ ਆਦਮੀਆਂ ਨੇ ਇੱਕ - ਇੱਕ ਕਰ ਸ਼ਹਿਬਾਜ ਦੇ ਸਾਰੇ ਪਰਿਵਾਰ ਨੂੰ ਖਤਮ ਕਰ ਦਿੱਤਾ। ਸਿਵਾਏ ਕੋਮਲ ਤੇ ਨੇਹਾ ਦੇ। ਕੋਮਲ ਅੱਥਰੂ ਵਹਾਉਂਦੀ ਹੋਈ ਚੀਕਾਂ ਮਾਰਦੀ ਰਹੀ ਪਰ ਉਸਦੀ ਇੱਕ ਨਾ ਚੱਲੀ। ਹਥਿਆਰਬੰਦ ਆਦਮੀਆਂ ਨੇ ਨੇਹਾ ਤੇ ਕੋਮਲ ਨੂੰ ਜ਼ਬਰਦਸਤੀ ਚੁੱਕ ਗੱਡੀ ਵਿੱਚ ਸੁੱਟਿਆ ਤੇ ਰਵਾਨਾ ਹੋ ਗਏ।

ਓਧਰ ਯੋਗੀ ਨੂੰ ਇਸ ਬਾਰੇ ਕੋਈ ਖਬਰ ਨਹੀਂ ਸੀ ਕਿ ਸ਼ਹਿਬਾਜ ਦੇ ਘਰ ਕੀ ਹੋ ਗਿਆ। ਉਹ ਆਪਣੇ ਕੰਮ ਵਿੱਚ ਵਿਅਸਤ ਸੀ। ਆਪਣਾ ਕੰਮ ਸਮਾਪਤ ਕਰ ਉਹ ਕਰੀਬ ਇੱਕ ਵਜੇ ਘਰ ਪਰਤਿਆ ਤਾਂ ਦੇਖਿਆ ਕਿ ਘਰ ਦੇ ਬਾਹਰ ਬਹੁਤ ਲੋਕ ਇਕੱਠੇ ਹੋਏ ਨੇ ਤੇ ਪੁਲਿਸ ਦੀਆਂ ਗੱਡੀਆਂ ਵੀ ਸਨ। ਉਹ ਇੱਕ ਦਮ ਡਰ ਗਿਆ। ਅੱਗੇ ਹੋ ਕੇ ਦੇਖਿਆ ਤਾਂ ਅੰਦਰ ਸਿਰਫ ਖ਼ੂਨ ਹੀ ਖ਼ੂਨ ਦਿਖਾਈ ਦੇ ਰਿਹਾ ਸੀ। ਹੋਰ ਅੱਗੇ ਵਧਿਆ ਤਾਂ ਅੰਦਰ ਲਾਸ਼ਾ ਵਿਛੀਆਂ ਪਈਆਂ ਸਨ ਤੇ ਪੁਲਿਸ ਕਰਮਚਾਰੀ ਸ਼ਨਾਖਤ

ਕਰ ਰਹੇ ਸਨ। ਯੋਗੀ ਇਹ ਸਭ ਦੇਖ ਡੋਲ ਗਿਆ ਤੇ ਉੱਥੇ ਹੀ ਗੋਡਿਆਂ ਭਾਰ ਬੈਠ ਉੱਚੀ - ਉੱਚੀ ਰੋਣ ਲੱਗਾ। ਉਹ ਆਪਣੀ ਹੋਸ਼ ਭੁਲਾ ਬੈਠਾ ਸੀ। ਦੋ ਪੁਲਿਸ ਅਧਿਕਾਰੀ ਉਸਦੇ ਕੋਲ ਆਏ ਜਿੰਨ੍ਹਾਂ ਵਿੱਚ ਇੱਕ ਸਿਪਾਹੀ ਤੇ ਇੱਕ ਥਾਣੇਦਾਰ ਸੀ। ਉਨ੍ਹਾਂ ਯੋਗੀ ਨੂੰ ਸੰਭਾਲਿਆ ਤੇ ਦਿਲਾਸਾ ਦਿੱਤਾ। ਥਾਣੇਦਾਰ ਨੇ ਯੋਗੀ ਨੂੰ ਅੱਥਰੂ ਸਾਫ ਕਰਨ ਲਈ ਆਪਣਾ ਰੁਮਾਲ ਕੱਢ ਕੇ ਦਿੱਤਾ। ਯੋਗੀ ਨੇ ਰੁਮਾਲ ਲਿਆ ਤੇ ਅੱਥਰੂ ਸਾਫ ਕੀਤੇ। ਥਾਣੇਦਾਰ ਨੇ ਯੋਗੀ ਨੂੰ ਉਠਾਇਆ ਤੇ ਇੱਕ ਕੁਰਸੀ ਉੱਪਰ ਬਿਠਾਇਆ। ਥਾਣੇਦਾਰ ਬੋਲਿਆ..

ਥਾਣੇਦਾਰ - ਮ੍ਰਿਤਕਾਂ ਨਾਲ ਕੀ ਰਿਸ਼ਤਾ ਸੀ ਆਪਦਾ?

ਯੋਗੀ - ਸ਼ਹਿਬਾਜ ਮੇਰਾ ਮਿੱਤਰ ਸੀ। ਭਰਾਵਾਂ ਤੋਂ ਵੀ ਵੱਧ ਕੇ। ਪਿਛਲੇ ਤਿੰਨ ਮਹੀਨੇ ਤੋਂ ਮੈਂ ਤੇ ਮੇਰੀ ਬੇਟੀ ਇੱਥੇ ਹੀ ਰਹਿ ਰਹੇ ਹਾਂ।

ਥਾਣੇਦਾਰ - ਮੈਂ ਸਮਝਦਾ ਹਾਂ ਆਪ ਦੇ ਦੁੱਖ ਨੂੰ।

ਯੋਗੀ - ਕਿਵੇਂ ਹੋਇਆ ਇਹ ਸਭ?

ਥਾਣੇਦਾਰ - ਸਾਨੂੰ ਦਸ ਕੁ ਵਜੇ ਦੇ ਕਰੀਬ ਫੋਨ ਆਇਆ ਕਿ ਇੱਕ ਘਰੋਂ ਕਾਫੀ ਗੋਲਾਬਾਰੀ ਦੀਆਂ ਅਵਾਜ਼ਾ ਆ ਰਹੀਆਂ ਨੇ।

ਆ ਕੇ ਦੇਖਿਆ ਤਾਂ ਹਾਲਾਤ ਵੱਸ ਤੋਂ ਬਾਹਰ ਸਨ। ਵੈਸੇ ਉਸ ਸਮੇਂ ਆਪ ਕਿੱਥੇ ਸੀ?

ਯੋਗੀ ਨੇ ਆਪਣੇ ਬਾਰੇ ਦੱਸਿਆ ਕਿ ਉਹ ਕੋਣ ਹੈ, ਕੀ ਕਿੱਤਾ ਕਰਦਾ ਹੈ ਤੇ ਇਸ ਘਟਨਾ ਦੌਰਾਨ ਕਿੱਥੇ ਸੀ। ਥਾਣੇਦਾਰ ਨੇ ਉਸ ਨੂੰ ਹੌਂਸਲਾ ਤੇ ਮ੍ਰਿਤਕਾਂ ਬਾਰੇ ਵੇਰਵਾ ਦੇਣ ਲਈ ਕਿਹਾ। ਯੋਗੀ ਨੇ ਆਪਣੇ ਅੱਥਰੂ ਪੂੰਜੇ ਤੇ ਕੁਰਸੀ ਤੋਂ ਉੱਠ ਖੜਾ ਹੋ ਲਾਸ਼ਾ ਵੱਲ ਦੇਖਣ ਲੱਗਾ। ਇੱਕ - ਇੱਕ ਕਰ ਸਭ ਵੱਲ ਦੇਖਿਆ ਤਾਂ ਉੱਥੇ ਨਾ ਤਾਂ ਨੇਹਾ ਸੀ ਤੇ ਨਾ ਹੀ ਕੋਮਲ ਤੇ ਕਿਸੇ ਅਣਜਾਣ ਔਰਤ ਦੀ ਲਾਸ਼ ਸੀ। ਗੌਰ ਨਾਲ ਦੇਖਿਆ ਤਾਂ ਇਹ ਓਹੀ ਔਰਤ ਸੀ ਜਿਸ ਤੋਂ ਯੋਗੀ ਕੋਮਲ ਨੂੰ ਛੁਡਾ ਕੇ ਲਿਆਇਆ ਸੀ। ਪਰ ਇਹ ਸਭ ਦੇਖ ਕੇ ਹੈਰਾਨ ਸੀ ਕਿ ਇਹ ਕਿਵੇਂ ਹੋ ਸਕਦਾ। ਉਸ ਨੇ ਥਾਣੇਦਾਰ ਨੂੰ ਕੋਲਮ ਤੇ ਨੇਹਾ ਬਾਰੇ ਦੱਸਿਆ ਕਿ ਇੱਥੇ ਇੱਕ ਔਰਤ ਤੇ ਉਸਦੀ ਬੱਚੀ ਨਹੀਂ ਸਨ। ਉਸਦੇ ਕਹਿਣ ਮੁਤਾਬਿਕ ਸ਼ਾਇਦ ਕਾਤਿਲ ਉਨ੍ਹਾਂ ਨੂੰ ਨਾਲ ਲੈ ਗਏ ਸਨ। ਜੋ ਕਿ ਬਿਲਕੁਲ ਸਹੀ ਅਨੁਮਾਨ ਸੀ। ਥਾਣੇਦਾਰ ਨੇ ਯੋਗੀ ਨੂੰ ਕੋਮਲ ਤੇ ਨੇਹਾ ਦਾ ਹੁਲੀਆ ਦੱਸਣ ਲਈ ਕਿਹਾ ਤਾਂ ਜੋ ਉਨ੍ਹਾਂ ਦੀ ਭਾਲ ਕੀਤੀ ਜਾ ਸਕੇ। ਯੋਗੀ ਨੇ ਸਭ ਦੱਸਿਆ। ਫਿਰ ਕੁਝ ਚਿਰ ਪਿੱਛੋਂ ਪੁਲਿਸ ਕਰਮਚਾਰੀ ਲਾਸ਼ਾ ਨੂੰ ਮੁਲਾਜੇ ਲਈ ਲੈ ਗਏ ਯੋਗੀ ਵੀ ਨਾਲ ਹੀ ਗਿਆ। ਯੋਗੀ ਨੇ ਸਭ

ਮੈਂਬਰਾ ਦੇ ਨਾਮ ਦੱਸੇ ਸਿਵਾਏ ਉਸ ਔਰਤ ਦੇ। ਫਿਰ ਸਭ ਥਾਣੇ ਪਹੁੰਚੇ। ਥਾਣੇਦਾਰ ਨੇ ਯੋਗੀ ਨੂੰ ਬੈਠਣ ਲਈ ਕਿਹਾ ਤੇ ਸਵਾਲ - ਜੁਆਬ ਕਰਨ ਲੱਗਾ।

ਥਾਣੇਦਾਰ - ਮੈਨੂੰ ਲੱਗਦਾ ਲਿਖਾਰੀ ਸਾਬ ਤੁਸੀਂ ਕੁਝ ਲੁਕਾ ਰਹੇ ਹੋ। ਬਹਿਤਰ ਰਹੇਗਾ ਅਗਰ ਸਭ ਸਹੀ - ਸਹੀ ਦੱਸੋ। ਤੁਸੀਂ ਜਿੰਨਾ ਲੁਕਾ ਰੱਖੋਂਗੇ ਸਾਨੂੰ ਉਨ੍ਹਾਂ ਨੂੰ ਲੱਭਣ ਵਿੱਚ ਓਨੀ ਤੰਗੀ ਆਵੇਗੀ।

ਯੋਗੀ ਨੇ ਸੋਚਿਆ ਥਾਣੇਦਾਰ ਸਹੀ ਬੰਦਾ ਜਾਪਦਾ ਹੈ ਹੋ ਸਕਦਾ ਉਸਦੀ ਮਦਦ ਕਰੇ ਤੇ ਫਿਰ ਬੋਲਿਆ..

ਯੋਗੀ - ਹੁਣ ਮਸਲਾ ਕਾਫੀ ਉਲਝ ਗਿਆ ਹੈ, ਮੈਨੂੰ ਲੱਗਦਾ ਸੱਚ ਦੱਸਣਾ ਸਹੀ ਰਹੇਗਾ।

ਥਾਣੇਦਾਰ - ਕੀ ਮਤਲਬ ਆਪਦਾ?

ਫਿਰ ਯੋਗੀ ਨੇ ਕੋਮਲ ਤੇ ਉਸਦੇ ਬਾਰੇ ਸਭ ਸੱਚ ਦੱਸਿਆ ਕਿ ਉਨ੍ਹਾਂ ਨਾਲ ਕੀ ਹੋਇਆ ਸੀ, ਕਿਵੇਂ ਉਹ ਕੋਮਲ ਨੂੰ ਮਿਲਿਆ। ਉਸਨੂੰ ਤਾਂ ਕੋਮਲ ਦੇ ਅਸਲ ਨਾਮ ਬਾਰੇ ਵੀ ਨਹੀਂ ਪਤਾ ਕਿਉਂਕਿ ਉਸਨੇ ਕਦੇ ਇੱਕ ਸਬਦ ਵੀ ਮੂੰਹ ਤੋਂ ਨਹੀਂ ਸੀ ਕੱਢਿਆ। ਉਸਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਹਿਬਾਜ ਘਰ ਰਹਿੰਦੇ ਹੋਏ ਕਰੀਬ ਤਿੰਨ

ਮਹੀਨੇ ਹੋ ਚੁੱਕੇ ਨੇ। ਉਸਨੇ ਕੋਮਲ ਬਾਰੇ ਤਾਂ ਦੱਸਿਆ ਪਰ ਨੇਹਾ ਬਾਰੇ ਉਸਨੂੰ ਖਬਰ ਨਹੀਂ ਸੀ ਕਿ ਉਹ ਕਿਉਂ ਗਾਇਬ ਹੈ। ਥਾਣੇਦਾਰ ਨੂੰ ਸਭ ਸਮਝ ਆ ਗਿਆ ਤੇ ਉਸਨੇ ਭਰੋਸਾ ਦਿੱਤਾ ਕਿ ਉਹ ਪੂਰੀ ਇਮਾਨਦਾਰੀ ਨਾਲ ਯੋਗੀ ਦੇ ਨਾਲ ਹੈ ਤੇ ਦਿਨ ਰਾਤ ਇੱਕ ਕਰ ਦੇਵੇਗਾ ਉਨ੍ਹਾਂ ਨੂੰ ਲੱਭਣ ਚ'। ਯੋਗੀ ਨੇ ਥਾਣੇਦਾਰ ਦਾ ਸ਼ੁਕਰੀਆ ਕੀਤਾ।

ਓਧਰ ਜਾਨਕਾ ਬਾਈ ਕੋਮਲ, ਨੇਹਾ ਤੇ ਆਪਣੇ ਆਦਮੀਆਂ ਸਮੇਤ ਕੋਠੇ ਤੇ ਪਹੁੰਚ ਗਈ। ਉਨ੍ਹਾਂ ਜ਼ਬਰਦਸਤੀ ਦੋਨਾਂ ਨੂੰ ਗੱਡੀ ਵਿੱਚੋਂ ਕੱਢਿਆ ਤੇ ਕੋਠੇ ਵਿੱਚ ਲੈ ਗਏ। ਕੋਠੇ ਅੰਦਰ ਜਾ ਜਾਨਕਾ ਬਾਈ ਨੇ ਕਿਹਾ..

ਜਾਨਕਾ ਬਾਈ - ਇਨ੍ਹਾਂ ਦੋਨਾਂ ਮਾਵਾਂ ਧੀਆਂ ਨੂੰ ਵੱਖੋ-ਵੱਖਰੇ ਕਮਰੇ ਵਿੱਚ ਬੰਦ ਕਰ ਦੋ। ਮੈਂ ਦੇਖਦੀ ਆ ਹੁਣ ਇਹ ਕਿੱਦਾ ਭੱਜਦੀਆਂ ਨੇ।

ਇਹ ਆਖ ਉਹ ਆਪਣੇ ਕਮਰੇ ਵਿੱਚ ਚਲੀ ਗਈ। ਦੋ - ਤਿੰਨ ਔਰਤਾਂ ਆਈਆਂ ਤੇ ਨੇਹਾ ਤੇ ਕੋਮਲ ਨੂੰ ਵੱਖੋ-ਵੱਖਰੇ ਕਮਰੇ ਵਿੱਚ ਬੰਦ ਕਰ ਬਾਹਰੋਂ ਬੂਹਾ ਬੰਦ ਕਰ ਦਿੱਤਾ। ਕੋਮਲ ਚੀਕਾਂ ਮਾਰਦੀ ਰਹੀ ਪਰ ਉੱਥੇ ਉਸਦੀ ਸੁਣਨ ਵਾਲਾ ਕੋਈ ਨਹੀਂ ਸੀ।

ਨੇਹਾ ਨੂੰ ਜਿਸ ਕਮਰੇ ਵਿੱਚ ਬੰਦ ਕੀਤਾ ਇਹ ਓਹੀ ਕਮਰਾ ਸੀ ਜਿੱਥੋਂ ਨੇਹਾ ਪਹਿਲਾਂ ਵੀ ਭੱਜੀ ਸੀ। ਕਮਰੇ ਵਿੱਚ ਪਹੁੰਚਣ ਤੇ ਨੇਹਾ ਦਾ ਸਿਰ ਚਕਰਾਉਣ ਲੱਗਾ ਤੇ ਉਸਦੀਆਂ ਪੁਰਾਣੀਆਂ ਯਾਦਾਂ ਤਾਜ਼ੀਆਂ ਹੋ ਗਈਆਂ। ਉਸ ਨੂੰ ਆਪਣਾ ਪਿਛਲਾ ਪਿਛੋਕੜ ਯਾਦ ਆਉਂਦੇ ਹੀ ਉਹ ਪਾਗਲਾਂ ਵਰਗਾ ਵਰਤਾਰਾ ਕਰਨ ਤੇ ਉੱਚੀ - ਉੱਚੀ ਰੋਣ ਲੱਗੀ। ਫਿਰ ਭੱਜ ਕੇ ਬੂਹੇ ਵੱਲ ਗਈ ਤਾਂ ਬੂਹਾ ਬਾਹਰੋਂ ਬੰਦ ਸੀ। ਉਹ ਬੂਹੇ ਨੂੰ ਜੋਰ - ਜੋਰ ਨਾਲ ਖੜਕਾਉਣ ਲੱਗੀ। ਜੱਦ ਕਿਸੇ ਨੇ ਨਾ ਸੁਣੀ ਤਾਂ ਥੱਕ ਹਾਰ ਬੈਠ ਗਈ ਤੇ ਉੱਚੀ - ਉੱਚੀ ਰੋਣ ਲੱਗੀ।

ਕੋਮਲ ਦਾ ਵੀ ਇਹੀ ਹਾਲ ਸੀ। ਉਹ ਆਪਣੀ ਮਾਂ ਦੇ ਪਿਆਰ ਲਈ ਤੜਫ ਰਹੀ ਸੀ। ਤੇ ਲਗਾਤਾਰ ਅੱਥਰੂ ਵਹਾ ਰਹੀ ਸੀ। ਇੱਕੋ ਜਗ੍ਹਾ ਹੁੰਦੇ ਹੋਏ ਵੀ ਉਹ ਆਪਣੀ ਮਾਂ ਨੂੰ ਮਿਲਣ ਲਈ ਪਾਬੰਧ ਸੀ।

ਏਧਰ ਮੁਲਾਜੇ ਬਾਅਦ ਯੋਗੀ ਨੇ ਉੱਥੇ ਹੀ ਬਿਜਲੀ ਨਾਲ ਹੋਣ ਵਾਲਾ ਸੰਸਕਾਰ ਕਰਵਾਇਆ ਤੇ ਅਸਥੀਆਂ ਲੈ ਸ਼ਹਿਬਾਜ ਦੇ ਘਰ ਨੂੰ ਪਰਤ ਆਇਆ। ਘਰ ਪੂਰੀ ਤਰ੍ਹਾਂ ਸੁੰਨਾ ਪਿਆ ਸੀ। ਯੋਗੀ ਨੂੰ ਅਜੇ ਵੀ ਯਕੀਨ ਨਹੀਂ ਸੀ ਹੋ ਰਿਹਾ ਕਿ ਇਹ ਕੀ ਹੋ ਗਿਆ। ਉਸਨੇ ਅਸਥੀਆਂ ਇੱਕ ਅਲਮਾਰੀ ਵਿੱਚ ਰੱਖੀਆਂ ਤੇ ਰੋਣ

ਲੱਗਾ। ਫਿਰ ਕੁਝ ਚਿਰ ਬਾਅਦ ਆਪਣੇ ਆਪ ਨੂੰ ਸੰਭਾਲਿਆ ਤੇ ਘਰ ਦੀ ਸਾਫ - ਸਫਾਈ ਕੀਤੀ। ਉਪਰਾਂਤ ਨਹਾ ਧੋ ਕੇ ਗੁਰੂ ਘਰ ਚਲਾ ਗਿਆ। ਮੱਥਾ ਟੇਕਿਆ ਤੇ ਨੇਹਾ ਤੇ ਕੋਮਲ ਦੇ ਜਲਦੀ ਮਿਲ ਜਾਣ ਦੀ ਅਰਦਾਸ ਕੀਤੀ। ਫਿਰ ਕੁਝ ਸਮਾਂ ਸੇਵਾ ਕੀਤੀ ਤੇ ਲੰਗਰ ਛੱਕ ਬਾਹਰ ਆ ਗਿਆ। ਸ਼ਾਮ ਹੋ ਗਈ। ਪੈਦਲ ਹੀ ਘਰ ਨੂੰ ਚੱਲ ਪਿਆ। ਬਜ਼ਾਰ ਰਾਹੀ ਹੁੰਦਾ ਘਰ ਨੂੰ ਜਾ ਰਿਹਾ ਕਿ ਇੱਕ ਆਦਮੀ ਤੇ ਨਜ਼ਰ ਪਈ। ਉਸਨੇ ਗੌਰ ਨਾਲ ਦੇਖਿਆ ਇਹ ਤਾਂ ਓਹੀ ਹੈ ਜੋ ਕਿ ਉਨ੍ਹਾਂ ਦੇ ਭੱਜਣ ਵਕਤ ਉਸ ਬਿੰਲਡਿੰਗ ਵਿੱਚ ਉਸ ਔਰਤ ਨਾਲ ਸੀ। ਯੋਗੀ ਨੇ ਸੋਚਿਆ ਕਿ ਸ਼ਾਇਦ ਉਹ ਕੋਮਲ ਤੇ ਨੇਹਾ ਬਾਰੇ ਜਾਣਦਾ ਹੋਵੇ।

ਯੋਗੀ ਉਸ ਵੱਲ ਵਧਿਆ। ਉਸ ਆਦਮੀ ਨੇ ਯੋਗੀ ਨੂੰ ਆਪਣੇ ਵੱਲ ਆਉਂਦਾ ਦੇਖਿਆ ਤੇ ਪਛਾਣ ਲਿਆ। ਵੇਖਦੇ ਸਾਰ ਭੱਜਣ ਲੱਗਾ। ਯੋਗੀ ਵੀ ਉਸਦੇ ਪਿੱਛੇ ਦੌੜਨ ਲੱਗਾ। ਦੋਨੋਂ ਦੌੜਦੇ ਗਏ ਪਰ ਅਖੀਰ ਕਾਫੀ ਟੱਕਰਾਂ ਖਾਂਦਾ ਹੋਇਆ ਉਹ ਆਦਮੀ ਡਿੱਗ ਪਿਆ। ਯੋਗੀ ਨੇ ਉਸਨੂੰ ਕਾਬੂ ਕਰ ਲਿਆ। ਦੋਨੋਂ ਹੱਥੋ ਪਾਈ ਹੋਏ ਪਰ ਯੋਗੀ ਦੇ ਇਰਾਦੇ ਸਾਹਮਣੇ ਉਸਨੇ ਹਾਰ ਮੰਨ ਲਈ। ਯੋਗੀ ਨੇ ਤੁਰੰਤ ਪੁਲਿਸ ਨੂੰ ਫੋਨ ਕੀਤਾ। ਕੁਝ ਪਲਾਂ ਵਿੱਚ ਹੀ ਥਾਣੇਦਾਰ ਕੁਝ ਪੁਲਿਸ ਮੁਲਾਜ਼ਮਾਂ ਸਮੇਤ ਉੱਥੇ ਪਹੁੰਚ ਗਿਆ ਤੇ ਉਸ

ਆਦਮੀ ਨੂੰ ਗ੍ਰਿਫਤਾਰ ਕਰ ਥਾਣੇ ਲੈ ਗਏ। ਯੋਗੀ ਵੀ ਨਾਲ ਹੀ ਥਾਣੇ ਗਿਆ। ਪੁੱਛ ਪੜਤਾਲ ਕਰਨ ਤੇ ਪਤਾ ਲੱਗਾ ਕਿ ਉਹ ਨੇਹਾ ਤੇ ਕੋਮਲ ਨੂੰ ਜਾਨਕਾ ਬਾਈ ਦੇ ਕੋਠੇ ਤੇ ਲੈ ਗਏ ਹਨ। ਉਸਨੇ ਦੱਸਿਆ ਕਿ ਕੋਮਲ ਨੂੰ ਲੱਭਦੇ - ਲੱਭਦੇ ਉਨ੍ਹਾਂ ਨੂੰ ਸ਼ਹਿਬਾਜ ਦੇ ਘਰ ਬਾਰੇ ਪਤਾ ਲੱਗਾ ਤੇ ਸਹੀ ਮੌਕਾ ਦੇਖ ਘਰ ਤੇ ਧਾਵਾ ਬੋਲਿਆ। ਪੁਲਿਸ ਨੇ ਉਸ ਤੋਂ ਹੋਰ ਵੀ ਲੋੜੀਦਾਂ ਜਾਣਕਾਰੀ ਲਈ ਤੇ ਕੋਮਲ ਤੇ ਨੇਹਾ ਨੂੰ ਛੁਡਾ ਕੇ ਲਿਓਣ ਦੀ ਤਿਆਰੀ ਵਿੱਚ ਲੱਗ ਗਏ।

ਜਾਨਕਾ ਬਾਈ ਦੇ ਕੋਠੇ ਦੀ ਸਭ ਨੂੰ ਖਬਰ ਸੀ। ਸ਼ਹਿਰ ਵਿੱਚ ਕੋਈ ਵੀ ਐਸਾ ਨਹੀਂ ਹੋਵੇਗਾ ਜਿਸ ਨੂੰ ਜਾਨਕਾ ਬਾਈ ਦੇ ਗੈਰ ਕਾਨੂੰਨੀ ਧੰਦਿਆਂ ਦਾ ਪਤਾ ਨਾ ਹੋਵੇ। ਜਿੰਨ੍ਹਾਂ ਵਿੱਚ ਨਸ਼ੇ ਦਾ, ਹੱਥਿਆਰਾਂ ਦਾ ਤੇ ਦੇਹ ਵਪਾਰ ਦਾ ਧੰਦਾ ਮੁੱਖ ਸੀ। ਪਰ ਉੱਚ ਅਧਿਕਾਰੀਆਂ ਤੱਕ ਪਹੁੰਚ ਹੋਣ ਕਾਰਨ ਕੋਈ ਵੀ ਜਾਨਕਾ ਬਾਈ ਨੂੰ ਹੱਥ ਪਾਉਣ ਤੋਂ ਡਰਦਾ ਸੀ। ਪਰ ਥਾਣੇਦਾਰ ਯਾਦਵਿੰਦਰ ਸਿੰਘ ਵਰਗੇ ਇਮਾਨਦਾਰ ਅਧਿਕਾਰੀਆਂ ਨੂੰ ਕਿਸੇ ਦੀ ਕੋਈ ਪਰਵਾਹ ਨਹੀਂ ਸੀ। ਉਸਨੂੰ ਜਾਨਕਾ ਬਾਈ ਦਾ ਕਿੱਤਾ ਖਤਮ ਕਰਨ ਲਈ ਗੰਭੀਰ ਦੋਸ਼ ਤੇ ਗਵਾਹ ਮਿਲ ਗਏ ਸਨ ਇਸ ਲਈ ਉਹ ਪਿੱਛੇ ਨਾ ਹਟਿਆ।

ਪੁਲਿਸ ਦੀਆਂ ਤਿੰਨ ਗੱਡੀਆਂ ਤਿਆਰ ਹੋ ਗਈਆਂ। ਥਾਣੇਦਾਰ ਨੇ ਯੋਗੀ ਨੂੰ ਨਾਲ ਚੱਲਣ ਲਈ ਕਿਹਾ ਤਾਂ ਜੋ ਕੋਮਲ ਤੇ ਨੇਹਾ ਦੀ ਪਹਿਚਾਣ ਹੋ ਸਕੇ। ਕੁਝ ਚਿਰ ਪਿੱਛੋਂ ਪੁਲਿਸ ਦੀਆਂ ਗੱਡੀਆਂ ਕੋਠੇ ਕੋਲ ਪਹੁੰਚ ਗਈਆਂ। ਉਨ੍ਹਾਂ ਜਲਦੀ ਨਾਲ ਕੋਠੇ ਨੂੰ ਚਾਰੋਂ ਪਾਸੇ ਤੋਂ ਘੇਰਾ ਪਾ ਲਿਆ। ਜਾਨਕਾ ਬਾਈ ਦੇ ਆਦਮੀ ਵੀ ਸੁਚੇਤ ਹੋ ਗਏ ਤੇ ਕੋਠੇ ਦੀ ਰਖਵਾਲੀ ਦੇ ਲਈ ਤਾਇਨਾਤ ਹੋ ਗਏ। ਜਾਨਕਾ ਬਾਈ ਨੂੰ ਖਬਰ ਲੱਗੀ ਤਾਂ ਉਸਨੇ ਕਈ ਉੱਚ ਅਧਿਕਾਰੀਆਂ ਨੂੰ ਫੋਨ ਲਾਇਆ ਤੇ ਉਨ੍ਹਾਂ ਥਾਣੇਦਾਰ ਯਾਦਵਿੰਦਰ ਸਿੰਘ ਤੇ ਦਬਾਅ ਪਾਉਣ ਦੀ ਕੋਸ਼ਿਸ ਕੀਤੀ। ਪਰ ਥਾਣੇਦਾਰ ਨੇ ਕਿਸੇ ਦੀ ਇੱਕ ਨਾ ਸੁਣੀ ਤੇ ਬਿਨਾਂ ਕਿਸੇ ਡਰ ਦੇ ਹਥਿਆਰਬੰਦ ਹਰ ਆਦਮੀ ਨੂੰ ਖਤਮ ਕਰਨ ਲਈ ਆਪਣੀ ਪੁਲਿਸ ਨੂੰ ਹੁਕਮ ਦੇ ਦਿੱਤਾ। ਪੁਲਿਸ ਨੇ ਗੋਲਾਬਾਰੀ ਕਰਨੀ ਸ਼ੁਰੂ ਕਰ ਦਿੱਤੀ ਤੇ ਕਈ ਹਥਿਆਰਬੰਦ ਆਦਮੀ ਮਾਰ ਦਿੱਤੇ। ਕਈ ਪੁਲਿਸ ਕਰਮਚਾਰੀ ਵੀ ਜਖਮੀ ਹੋਏ। ਹੌਲੀ - ਹੌਲੀ ਥਾਣੇਦਾਰ ਤੇ ਪੁਲਿਸ ਦੀ ਦਲੇਰੀ ਕਾਰਨ ਬਹੁਤੇ ਆਦਮੀ ਮਾਰੇ ਗਏ ਤੇ ਕਈ ਭੱਜ ਗਏ। ਗੋਲਾਬਾਰੀ ਕਾਰਨ ਸਭ ਲੋਕ ਲੁਕ ਗਏ। ਕੋਠੇ ਵਿਚਲੀਆਂ ਔਰਤਾਂ ਵੀ ਆਪਣੀ ਜਾਨ ਬਚਾਉਣ ਲਈ ਏਧਰ - ਓਧਰ ਭੱਜਣ ਲੱਗੀਆਂ। ਹੌਲੀ - ਹੌਲੀ ਪੁਲਿਸ ਕੋਠੇ ਅੰਦਰ ਵੜ ਗਈ। ਯੋਗੀ

ਵੀ ਨਾਲ ਹੀ ਕੋਠੇ ਅੰਦਰ ਆ ਗਿਆ। ਉਹ ਨੇਹਾ ਤੇ ਕੋਮਲ ਨੂੰ ਲੱਭਣ ਲਈ ਹਰ ਕਮਰਾ ਖੋਲ੍ਹ - ਖੋਲ੍ਹ ਦੇਖਣ ਲੱਗੇ। ਜਿਸ ਕਮਰੇ ਨੂੰ ਵੀ ਖੋਲਦੇ ਅੰਦਰ ਜਾਂ ਤਾਂ ਔਰਤ ਹੁੰਦੀ ਜਾਂ ਫਿਰ ਔਰਤ ਤੇ ਆਦਮੀ। ਖੈਰ ਕੋਠੇ ਵਿੱਚ ਇਹੀ ਤਾਂ ਹੁੰਦਾ ਹੈ। ਜਿੰਨਾਂ ਕਮਰਿਆਂ ਵਿੱਚ ਹਥਿਆਰਬੰਦ ਆਦਮੀ ਸਨ ਪੁਲਿਸ ਨੇ ਉੱਥੇ ਹੀ ਮਾਰ ਸੁੱਟੇ। ਕਮਰੇ ਫੋਲਦੇ ਹੋਏ ਉਹ ਉਸ ਕਮਰੇ ਵਿੱਚ ਜਾ ਪਹੁੰਚੇ ਜਿੱਥੇ ਕੋਮਲ ਬੰਦ ਸੀ। ਬੂਹਾ ਖੋਲ੍ਹਿਆ ਤਾਂ ਕੋਮਲ ਬਾਹਰ ਆਈ ਤੇ ਯੋਗੀ ਦੇ ਗਲ ਲੱਗ ਰੋਣ ਲੱਗੀ। ਤੇ ਬੋਲੀ ਮਾਂ ਵੀ ਏਥੇ ਆ। ਯੋਗੀ ਹੈਰਾਨ ਸੀ ਕਿ ਕੋਮਲ ਬੋਲ ਰਹੀ ਸੀ। ਤੇ ਉਸਨੇ ਆਪਣੀ ਮਾਂ ਦਾ ਜ਼ਿਕਰ ਕੀਤਾ। ਉਸਨੂੰ ਕੁਝ ਸਮਝ ਨਾ ਆਇਆ। ਥਾਣੇਦਾਰ ਨੇ ਅੱਗੇ ਵਧਣ ਨੂੰ ਕਿਹਾ। ਕਮਰਿਆਂ ਦੀ ਤਲਾਸ਼ੀ ਕਰਦੇ ਉਹ ਨੇਹਾ ਦੇ ਕਮਰੇ ਕੋਲ ਜਾ ਪਹੁੰਚੇ ਜਿੱਥੇ ਨੇਹਾ ਬੰਦ ਸੀ। ਇੱਕ ਪੁਲਿਸ ਕਰਮਚਾਰੀ ਨੇ ਬੂਹਾ ਖੋਲ੍ਹਿਆ ਤਾਂ ਅੰਦਰ ਇੱਕ ਔਰਤ ਕਮਰੇ ਦੀ ਨੁੱਕਰ ਵਿੱਚ ਬੈਠੀ ਹੋਈ ਸੀ। ਯੋਗੀ ਨੇ ਦੇਖਿਆ ਤਾਂ ਇਹ ਨੇਹਾ ਸੀ। ਗੋਲੀਆਂ ਦੀ ਅਵਾਜ਼ ਦੇ ਡਰ ਕਾਰਨ ਉਸਨੇ ਆਪਣੇ ਹੱਥ ਕੰਨਾਂ ਉੱਤੇ ਰੱਖੇ ਹੋਏ ਸਨ। ਕੋਮਲ ਭੱਜ ਕੇ ਨੇਹਾ ਕੋਲ ਗਈ ਤੇ ਕਿਹਾ..

ਕੋਮਲ - ਮਾਂ... ਮਾਂ... ਮਾਂ...

ਨੇਹਾ ਨੇ ਕੋਮਲ ਵੱਲ ਦੇਖਿਆ ਤੇ ਰੋਂਦੀ ਹੋਈ ਕੋਮਲ ਦੇ ਗਲ ਲੱਗ ਗਈ। ਦੋਨੋਂ ਰੋਣ ਲੱਗ ਪਈਆਂ। ਯੋਗੀ ਨੂੰ ਸਮਝ ਆ ਗਿਆ ਕਿ ਨੇਹਾ ਹੀ ਕੋਮਲ ਦੀ ਅਸਲ ਮਾਂ ਹੈ। ਉਹ ਉਨ੍ਹਾਂ ਕੋਲ ਗਿਆ ਤੇ ਉਠਾ ਕੇ ਓਥੋਂ ਜਲਦੀ ਨਿਕਲਣ ਨੂੰ ਕਿਹਾ। ਪੁਲਿਸ ਅੱਗੇ ਵਧੀ ਤੇ ਅਖੀਰ ਕੋਠੇ ਦੇ ਹਾਲ ਵਿੱਚ ਜਾ ਪਹੁੰਚੀ। ਜਿੱਥੇ ਜਾਨਕਾ ਬਾਈ ਦੋ ਔਰਤਾਂ ਤੇ ਕੁਝ ਹਥਿਆਰਬੰਦ ਆਦਮੀਆਂ ਸਮੇਤ ਬੈਠੀ ਹੋਈ ਸੀ। ਉਨ੍ਹਾਂ ਨੇ ਪੁਲਿਸ ਨੂੰ ਦੇਖਦੇ ਸਾਰ ਹੀ ਗੋਲਾਬਾਰੀ ਕਰਨੀ ਆਰੰਭ ਕਰ ਦਿੱਤੀ। ਜਿਸ ਦੌਰਾਨ ਇੱਕ ਗੋਲੀ ਥਾਣੇਦਾਰ ਦੇ ਮੋਢੇ ਤੇ ਜਾ ਲੱਗੀ। ਪੁਲਿਸ ਨੇ ਵੀ ਗੋਲਾਬਾਰੀ ਦਾ ਜੁਆਬ ਗੋਲਾਬਾਰੀ ਨਾਲ ਦਿੱਤਾ। ਫਿਰ ਥਾਣੇਦਾਰ ਨੇ ਬੜੀ ਦਲੇਰੀ ਨਾਲ ਇੱਕ - ਇੱਕ ਕਰ ਤਿੰਨ ਆਦਮੀਆਂ ਦੇ ਸਿਰ ਵਿੱਚ ਗੋਲੀ ਮਾਰੀ। ਨਿਸ਼ਾਨਾ ਬਿਲਕੁਲ ਸਟੀਕ ਬੈਠਾ। ਗੋਲਾਬਾਰੀ ਚੱਲਦੀ ਰਹੀ। ਜਾਨਕਾ ਬਾਈ ਨੇ ਭੱਜਣ ਦੀ ਕੋਸ਼ਿਸ ਕੀਤੀ ਤਾਂ ਇੱਕ ਪੁਲਿਸ ਮੁਲਾਜ਼ਮ ਨੇ ਗੋਲੀ ਸਿੱਧੀ ਉਸਦੀ ਪਿੱਠ ਵਿੱਚ ਦੇ ਮਾਰੀ। ਮਗਰੋਂ ਹੀ ਹੋਰਾਂ ਨੇ ਵੀ ਗੋਲੀਆਂ ਮਾਰੀਆਂ। ਜਾਨਕਾ ਬਾਈ ਨੂੰ ਛੱਲਣੀ ਕਰ ਦਿੱਤਾ। ਜਾਨਕਾ ਬਾਈ ਉੱਥੇ ਹੀ ਡਿੱਗ ਪਈ। ਉਸਨੂੰ ਡਿੱਗਦਾ ਦੇਖ ਬਾਕੀ ਭੱਜਣ ਲੱਗੇ ਪਰ ਕੋਸ਼ਿਸ ਨਾਕਾਮ ਰਹੀ। ਹੌਲੀ - ਹੌਲੀ ਸਾਰੇ ਮੌਤ ਦੀ ਨੀਂਦ ਸੌਂ ਗਏ।

ਥਾਣੇਦਾਰ ਨੇ ਹੋਰ ਵੀ ਬੰਧੀ ਬਣੀਆ ਮਾਸੂਮ ਔਰਤਾਂ ਤੇ ਕੁੜੀਆਂ ਨੂੰ ਛੁਡਾਇਆ। ਉਪਰਾਂਤ ਥਾਣੇਦਾਰ ਯੋਗੀ, ਨੇਹਾ ਤੇ ਕੋਮਲ ਨੂੰ ਕੋਠੇ ਤੋਂ ਬਾਹਰ ਲੈ ਆਇਆ ਤੇ ਸੁਰੱਖਿਅਤ ਘਰ ਪਹੁੰਚਾਇਆ। ਉਨ੍ਹਾਂ ਦੇ ਨਿਗਰਾਨੀ ਲਈ ਕੁਝ ਪੁਲਿਸ ਮੁਲਾਜ਼ਮ ਤਾਇਨਾਤ ਕਰ ਦਿੱਤੇ। ਕੋਠਾ ਬੰਦ ਕਰ ਦਿੱਤਾ ਗਿਆ ਤੇ ਉੱਥੇ ਕੰਮ ਕਰਨ ਵਾਲਿਆਂ ਸਭ ਨੂੰ ਪੁਲਿਸ ਹਿਰਾਸਤ ਵਿੱਚ ਲੈ ਲਿਆ ਗਿਆ। ਇਹ ਸਾਰਾ ਮਾਮਲਾ ਅਦਾਲਤ ਸਾਹਮਣੇ ਪੇਸ਼ ਹੋਇਆ। ਜਿਸ ਵਿੱਚ ਥਾਣੇਦਾਰ ਨੇ ਪੂਰੀ ਇਮਾਨਦਾਰੀ ਨਾਲ ਭੂਮਿਕਾ ਨਿਭਾਈ ਤੇ ਯੋਗੀ, ਨੇਹਾ ਤੇ ਹੋਰ ਬੇ-ਗੁਨਾਹ ਔਰਤਾ ਨੇ ਗਵਾਹੀ ਭਰੀ। ਨੇਹਾ ਨੇ ਉਸ ਨਾਲ ਹੋਏ ਜੁਲਮਾਂ ਬਾਰੇ ਅਦਾਲਤ ਨੂੰ ਦੱਸਿਆ। ਉਸਨੇ ਸ਼ਹਿਬਾਜ ਦੇ ਪਰਿਵਾਰ ਦੀ ਕੁਰਬਾਨੀ ਤੇ ਵੀ ਚਾਨਣਾ ਪਾਇਆ। ਜਿਸ ਕਾਰਨ ਕੇਸ ਨੇਹਾ ਦੇ ਹੱਕ ਵਿੱਚ ਰਿਹਾ। ਹੌਲੀ - ਹੌਲੀ ਮਾਮਲਾ ਠੰਡਾ ਹੁੰਦਾ ਗਿਆ। ਯੋਗੀ, ਨੇਹਾ ਤੇ ਕੋਮਲ ਨਾਲ ਬਹੁਤ ਸਮਾਂ ਸ਼ਹਿਬਾਜ ਘਰ ਹੀ ਰਿਹਾ। ਕੋਮਲ ਨੇ ਨੇਹਾ ਨੂੰ ਦੱਸਿਆ ਕਿ ਉਸਦਾ ਅਸਲ ਨਾਮ ਕੋਮਲ ਨਹੀਂ ਬਲਕਿ ਕਾਜਲ ਹੈ। ਸਮਾਂ ਬੀਤਣ ਬਾਅਦ ਯੋਗੀ ਨੇ ਉੱਥੇ ਰਹਿਣਾ ਠੀਕ ਨਾ ਸਮਝਿਆ ਤੇ ਨੇਹਾ ਤੇ ਕੋਮਲ ਸਮੇਤ ਸ਼ਹਿਬਾਜ ਦਾ ਘਰ ਛੱਡ ਉੱਥੋ ਚਲੇ ਗਏ।

ਲੋਕ ਕਹਿੰਦੇ ਨੇ ਇਨਸਾਫ਼ ਕਦੇ ਕਿਸੇ ਦੇ ਹਿੱਸੇ ਨਹੀਂ ਆਉਂਦਾ। ਤੇ ਜਿੰਨਾਂ ਦੇ ਹਿੱਸੇ ਆਉਂਦਾ ਹੈ ਉਹ ਕਰਮੀ-ਭਾਗੀ ਹੁੰਦੇ ਹਨ। ਕਈ ਵਾਰ ਤਾਂ ਇਨਸਾਫ਼ ਸਮਾਂ ਲੰਘ ਜਾਣ ਤੇ ਨਸੀਬ ਹੁੰਦਾ ਜਦੋਂ ਉਸਦੀ ਲੋੜ ਹੋਈ ਨਾ ਹੋਈ ਇੱਕ ਬਰਾਬਰ ਹੋ ਜਾਂਦੀ ਹੈ। ਤੇ ਮੈਂ ਸਮਝਦਾ ਹਾਂ ਇਹ ਕਾਫੀ ਹੱਦ ਤੱਕ ਸਹੀ ਵੀ ਹੈ। ਦੇਖਿਆ ਜਾਵੇ ਤਾਂ ਅਜਿਹਾ ਕਿਉਂ ਹੈ? ਕੀ ਇਸ ਵਿੱਚ ਸਿਰਫ ਪ੍ਰਸ਼ਾਸਨ ਦਾ ਹੱਥ ਹੈ ਜਾਂ ਫਿਰ ਮਨੁੱਖੀ ਵਰਤਾਰਾ ਵੀ ਓਨੀ ਹੀ ਭੂਮਿਕਾ ਨਿਭਾਉਂਦਾ ਹੈ। ਅਸੀਂ ਕਿਸੇ ਤੇ ਟਿੱਪਣੀ ਨਹੀਂ ਕਰ ਸਕਦੇ ਕਿਉਂਕਿ ਅਸੀਂ ਖੁੱਦ ਬਾਰੇ ਜਾਣਦੇ ਹਾਂ ਕਿ ਅਸੀਂ ਮਨੁੱਖਤਾਂ ਦੀ ਭਲਾਈ ਲਈ ਕੀ ਕਦਮ ਪੁੱਟ ਰਹੇ ਹਾਂ। ਕਿਸੇ ਦੇ ਘਰ ਬਲਬ ਜਗਦਾ ਹੋਵੇ ਜਾਂ ਬੁਝਿਆ ਹੋਵੇ ਸਾਨੂੰ ਉਸ ਨਾਲ ਕੋਈ ਫਰਕ ਨਹੀਂ, ਬਸ ਸਾਡੇ ਘਰ ਦਾ ਬਲਬ ਜਗਮਗਾ ਰਿਹਾ ਹੈ ਇਹੀ ਦਿਲਾਸਾ ਕਾਫੀ ਹੈ। ਪਰ ਕਿੰਨੀ ਦੇਰ ਤੱਕ? ਦਿਲਾਸੇ ਤਾਂ ਬਹੁਤੀ ਦੇਰ ਤੱਕ ਕੰਮ ਨਹੀਂ ਆਉਂਦੇ। ਇਨਸਾਨ ਨੂੰ ਆਪਣੇ ਫਰਜਾਂ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਮੈਨੂੰ ਅਕਸਰ ਬਾਬਾ ਜੀ ਦੀ ਗੱਲ ਚੇਤੇ ਆਉਂਦੀ ਹੈ ਉਹ ਆਖਦੇ ਨੇ ਕਿ ਇਹ ਨਾ ਦੇਖੋ ਕੇ ਕੋਈ ਤੁਹਾਨੂੰ ਕੀ ਦੇ ਰਿਹਾ ਹੈ। ਸਗੋਂ ਇਸ ਵੱਲ ਧਿਆਨ ਦਿਓ ਕਿ ਤੁਸੀਂ ਕਿਸੇ ਨੂੰ ਕੀ ਦੇ ਰਹੇ ਹੋ। ਕਿਸੇ ਤੋਂ ਲੈਣ ਦੀ ਉਮੀਦ ਛੱਡਕੇ ਅਗਰ ਦੇਣ ਦਾ ਹੁਨਰ

ਅਪਣਾਓਗੇਂ ਤਾਂ ਹੀ ਤੁਹਾਨੂੰ ਖੁੱਦ ਤੇ ਮਾਣ ਹੋਵੇਗਾ ਕਿ ਤੁਸੀਂ ਇਨਸਾਨ ਹੋ ਤੇ ਇਨਸਾਨੀਅਤ ਦੀ ਭਾਵਨਾ ਰੱਖਦੇ ਹੋ। ਜਿਸ ਦਿਨ ਅਸੀਂ ਇਨਸਾਨ ਬਣ ਜਾਵਾਂਗੇ ਉਸ ਦਿਨ ਤੋਂ ਇਨਸਾਫ਼ ਦੀ ਉਮੀਦ ਵਧ ਜਾਵੇਗੀ।

ਯੋਗੀ ਦੀ ਇਨਸਾਨੀਅਤ ਦੀ ਭਾਵਨਾ ਨੇ ਦੋ ਮਾਂਵਾਂ - ਧੀਆਂ ਮਿਲਾ ਦਿੱਤਾ। ਜਿਸ ਵਿੱਚ ਸ਼ਹਿਬਾਜ ਦੇ ਪਰਿਵਾਰ ਦੀ ਕੁਰਬਾਨੀ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਥਾਣੇਦਾਰ ਦੀ ਇਮਾਨਦਾਰੀ ਕਾਰਨ ਜਾਨਕਾ ਬਾਈ ਦਾ ਪਰਦਾ ਫਾਸ਼ ਹੋ ਗਿਆ। ਇਨ੍ਹਾਂ ਸਭ ਦੇ ਇਨਸਾਨੀ ਭਾਵ ਕਾਰਨ ਹੀ ਹੋਰ ਕਈ ਮਾਸੂਮ ਕੁੜੀਆਂ ਦੀ ਜਿੰਦਗੀ ਤਬਾਹ ਹੋਣ ਤੋਂ ਬੱਚ ਗਈ। ਕਿਸੇ ਇੱਕ ਨਾਲ ਵੀ ਖ਼ੂਨ ਦਾ ਰਿਸ਼ਤਾ ਨਾ ਹੁੰਦੇ ਹੋਏ ਵੀ ਉਨ੍ਹਾਂ ਇੱਕ ਦੂਜੇ ਦੇ ਦੁੱਖ ਨੂੰ ਸਮਝਿਆ ਤੇ ਜਾਨ ਦੀ ਪਰਵਾਹ ਕੀਤੇ ਬਗੈਰ ਇਨਸਾਫ਼ ਵੱਲ ਕਦਮ ਪੁੱਟਦੇ ਰਹੇ। ਭਾਵੇਂ ਇਹ ਕਹਾਣੀ ਦਾ ਆਖਰੀ ਭਾਗ ਹੈ ਪਰ ਕੋਈ ਵੀ ਕਹਾਣੀ ਖਤਮ ਨਹੀਂ ਹੁੰਦੀ। ਜਿਵੇਂ ਕਹਾਵਤ ਹੈ ਕਿ ਕਿਸੇ ਦੇ ਮਰਨ ਕਾਰਨ ਮੱਸਿਆ ਲੱਗਣੋ ਨੀ ਹੱਟ ਜਾਣੀ। ਓਵੇਂ ਹੀ ਮੇਰੇ ਕਹਿਣ ਤੇ ਕਹਾਣੀ ਖਤਮ ਨਹੀਂ ਹੋਈ। ਉਹ ਚੱਲ ਰਹੀ ਹੈ। ਉਹ ਕਿਸੇ ਨਾ ਕਿਸੇ ਰੂਪ ਵਿੱਚ ਚੱਲਦੀ ਰਹਿੰਦੀ ਹੈ। ਜਿਵੇਂ ਦੁਨੀਆਂ ਚੱਲ ਰਹੀ ਹੈ।

ਲੇਖਕ ਕਵਾ : ਹਰਜੀਤ ਸਿੰਘ

ਮਾਤਾ ਸੂਟੀ

ਪੁੱਤ ਸਿੰਘ ਸੂਟੀ

ਅੰਤਿਮ ਸ੍ਰੇਣੀ

ਓ ਕਸ਼ਮੀਰ ਤੇਰਾ ਫੋਨ ਆ ਰਿਹਾ ਈ, ਜਲਦੀ ਆਜਾ ਕਹਿੰਦੇ ਜ਼ਰੂਰੀ ਆ....

ਇੱਕ ਆਦਮੀ ਨੇ ਕੰਮ ਕਰਦੇ ਕਸ਼ਮੀਰ ਸਿੰਘ ਨੂੰ ਆਵਾਜ਼ ਲਗਾਈ। ਕਸ਼ਮੀਰ ਸਿੰਘ ਜਲਦੀ ਨਾਲ ਫੋਨ ਦੇ ਕੋਲ ਆਇਆ ਤੇ ਫੋਨ ਫੜ ਕੇ ਕੰਨ ਨੂੰ ਲਗਾ ਲਿਆ...

ਕਸ਼ਮੀਰ - ਹੈਲੋ ...

ਗੋਪਾਲ ਸਿੰਘ - ਕੀ ਹਾਲ ਆ ਕਸ਼ਮੀਰ?

ਕਸ਼ਮੀਰ - ਸਤਿ ਸ੍ਰੀ ਅਕਾਲ ਭਾਜੀ।

ਗੋਪਾਲ - ਸਤਿ ਸ੍ਰੀ ਅਕਾਲ। ਕੀ ਹਾਲ ਆ ਤੇਰਾ?

ਕਸ਼ਮੀਰ - ਵਧੀਆ ਭਾਜੀ ਤੁਸੀਂ ਸੁਣਾਓ ਘਰੇ ਸਭ ਠੀਕ ਠਾਕ ਨੇ?

ਐਦਾਂ ਹੀ ਹੋਰ ਪ੍ਰਵਾਰਿਕ ਗੱਲਾਂ ਹੋਈਆਂ। ਦਰਅਸਲ ਫੋਨ ਕਸ਼ਮੀਰ ਦੇ ਵੱਡੇ ਭਰਾ ਦਾ ਸੀ ਜੋ ਕਿ ਆਪਣੇ ਪਿੰਡ ਤੋਂ ਕਰ ਰਿਹਾ ਸੀ। ਕਸ਼ਮੀਰ ਰਾਜਸਥਾਨ ਕਿਸੇ ਕੰਪਨੀ ਵਿਚ ਕੰਮ ਕਰਦਾ ਸੀ। ਕੁਝ ਗੱਲਾਂ ਬਾਤਾਂ ਹੋਈਆਂ ਤੇ ਫਿਰ ਗੋਪਾਲ ਨੇ ਕਿਹਾ..

ਗੋਪਾਲ - ਕਸ਼ਮੀਰ ਬਾਪੂ ਬੜਾ ਬਿਮਾਰ ਹੈ, ਤੇ ਮੈਂ ਘਰੇ ਇਕੱਲਾ ਹਾਂ ਘਰ ਦੇ ਕੰਮ ਵੀ ਦੇਖਣੇ ਹੁੰਦੇ ਆ ਤੇ ਬਾਪੂ ਨੂੰ ਵੀ ਏਧਰ-ਓਧਰ ਖੜਨਾ ਹੁੰਦਾ, ਤੂੰ ਐਦਾਂ ਕਰ ਜਲਦੀ ਨਾਲ ਛੁੱਟੀ ਲੈ ਕੇ ਘਰੇ ਆ ਜਾ।

ਕਸ਼ਮੀਰ - ਕੀ ਗੱਲ ਹੋਈ ਬਾਪੂ ਜੀ ਨੂੰ?

ਗੋਪਾਲ - ਤੂੰ ਘਰੇ ਆ ਜਾ ਫਿਰ ਦੱਸਾਂਗੇ।

ਕਸ਼ਮੀਰ - ਚਲੋ ਠੀਕ ਆ ਭਾਜੀ ਮੈਂ ਛੁੱਟੀ ਲੈ ਕੇ ਕੱਲ ਹੀ ਐਥੋਂ ਚੱਲ ਪੈਂਦਾ ਹੈ।

ਗੋਪਾਲ - ਚੱਲ ਠੀਕ ਆ ਫਿਰ ਜਲਦੀ ਆਜਾ।

ਕਸ਼ਮੀਰ - ਚੰਗਾ ਜੀ।

ਐਨਾ ਕਹਿ ਕੇ ਗੋਪਾਲ ਨੇ ਫੋਨ ਬੰਦ ਕਰ ਦਿੱਤਾ। ਕਸ਼ਮੀਰ ਨੇ ਓਸੇ ਦਿਨ ਹੀ ਇੱਕ ਮਹੀਨੇ ਦੀ ਛੁੱਟੀ ਲੈ ਲਈ ਤੇ ਅਗਲੇ ਦਿਨ ਦੁਪਹਿਰੇ ਟ੍ਰੇਨ ਵਿਚ ਬੈਠ ਗਿਆ। ਤੇ ਘਰੇ ਫੋਨ ਲਗਾ ਕੇ ਆਪਣੇ ਪੁੱਜਣ ਦਾ ਸਮਾਂ ਦੱਸ ਦਿੱਤਾ। ਅਗਲੇ ਦਿਨ ਕਰੀਬ ਗਿਆਰਾਂ ਕੁ ਵਜੇ ਨਾਲ ਪਿੰਡ ਨੇ ਨੇੜਲੇ ਸਟੇਸ਼ਨ ਤੇ ਜਾ ਪੁੱਜਾ। ਅੱਗੇ ਉਸ ਨੂੰ ਲੈਣ ਲਈ ਉਸ ਦਾ ਵੱਡਾ ਭਰਾ ਤੇ ਨਾਲ ਦੋ ਕੁ ਹੋਰ ਬੰਦੇ ਆਏ

ਸਨ। ਕਸ਼ਮੀਰ ਨੇ ਉਹਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਫਿਰ ਇੱਕ ਆਦਮੀ ਨੇ ਕਸ਼ਮੀਰ ਦਾ ਬੈਗ ਉਸ ਤੋਂ ਲੈ ਲਿਆ। ਜਦੋਂ ਕਸ਼ਮੀਰ ਸਟੇਸ਼ਨ ਤੋਂ ਬਾਹਰ ਨਿਕਲਿਆ ਤਾਂ ਉਸ ਨੇ ਦੇਖਿਆ ਕਿ ਬਾਹਰ ਤਾਂ ਉਸ ਦੇ ਪਿੰਡ ਵਾਲਿਆਂ ਤੇ ਪਰਿਵਾਰ ਨਾਲ ਪੂਰੀ ਟਰਾਲੀ ਭਰੀ ਹੋਈ ਸੀ। ਉਸ ਨੂੰ ਕੁਝ ਸਮਝ ਨਾ ਲੱਗਾ। ਫਿਰ ਉਹ ਟਰਾਲੀ ਵਿੱਚ ਬੈਠ ਗਿਆ ਤੇ ਹੱਥ ਜੋੜ ਕੇ ਸਭ ਨੂੰ ਸਤਿ ਸ੍ਰੀ ਅਕਾਲ ਬੁਲਾਈ। ਫਿਰ ਉਹ ਓਥੋਂ ਚੱਲ ਪਏ। ਪਰ ਕਸ਼ਮੀਰ ਹੈਰਾਨ ਸੀ ਕਿ ਸਭ ਆਪਣੇ ਪਿੰਡ ਨੂੰ ਜਾਣ ਦੀ ਬਿਜਾਏ ਉਸਦੀ ਭੈਣ ਦੇ ਪਿੰਡ ਵੱਲ ਨੂੰ ਜਾ ਰਹੇ ਸਨ। ਪਰ ਕਸ਼ਮੀਰ ਨੇ ਕਿਸੇ ਨੂੰ ਕੁਝ ਪੁੱਛਿਆ ਨਹੀਂ, ਚੁੱਪ ਚਾਪ ਬੈਠਾ ਰਿਹਾ। ਕੁਝ ਦੇਰ ਪਿੱਛੋਂ ਉਹ ਸਭ ਉਸਦੀ ਭੈਣ ਦੇ ਪਿੰਡ ਪੁੱਜ ਗਏ। ਕਸ਼ਮੀਰ ਨੂੰ ਕੁਝ-ਕੁਝ ਅਨੁਭਵ ਤਾਂ ਹੋਣ ਲੱਗਾ ਕਿ ਕਿਸੇ ਦੀ ਮੌਤ ਹੋਈ ਹੈ ਕਿਉਂਕਿ ਜ਼ਿਆਦਾਤਰ ਔਰਤਾਂ ਨੇ ਚਿੱਟੀਆਂ ਚੁੰਨੀਆਂ ਲਈਆਂ ਹੋਈਆਂ ਸਨ ਪਰ ਇਹ ਨਹੀਂ ਸੀ ਪਤਾ ਲੱਗ ਰਿਹਾ ਕਿ ਮੌਤ ਹੋਈ ਕਿਸਦੀ ਹੈ। ਪਿੰਡ ਪੁੱਜਣ ਤੇ ਸਭ ਟਰਾਲੀ ਵਿੱਚੋਂ ਉੱਤਰ ਗਏ ਤੇ ਉਸਦੀ ਭੈਣ ਦੇ ਘਰ ਵੱਲ ਨੂੰ ਤੁਰ ਪਏ। ਘਰ ਪੁੱਜਣ ਤੇ ਕਸ਼ਮੀਰ ਦੀ ਵੱਡੀ ਭੈਣ ਬਾਵੀ ਉਸਦੇ ਗੱਲ ਲੱਗ ਕੇ ਰੋਣ ਲੱਗ ਪਈ। ਫਿਰ ਕਸ਼ਮੀਰ ਨੂੰ ਪਤਾ ਚੱਲ ਗਿਆ ਕਿ ਉਸਦੀ ਇੱਕ ਭੈਣ ਜੋ ਬਾਵੀ ਤੋਂ ਛੋਟੀ

ਤਾਰੀ ਸੀ ਉਹ ਪੂਰੀ ਹੋ ਗਈ ਸੀ। ਤੇ ਅੱਜ ਉਸਦਾ ਚੌਥਾ ਸੀ। ਉਸ ਦੀ ਮੌਤ ਨੂੰ ਕਰੀਬ ਚਾਰ ਦਿਨ ਹੋ ਗਏ ਸਨ । ਕਸ਼ਮੀਰ ਵੀ ਫੁੱਟ ਫੁੱਟ ਕੇ ਰੋਣ ਲੱਗ ਪਿਆ। ਐਦਾਂ ਹੀ ਵਾਰੀ-ਵਾਰੀ ਸਭ ਜੀਅ ਇੱਕ ਦੂਜੇ ਦੇ ਗੱਲ ਲੱਗ ਕੇ ਰੋਣ ਲੱਗੇ। ਇਹ ਕਿੰਨੀ ਦੇਰ ਤੱਕ ਚਲਦਾ ਰਿਹਾ। ਤਾਰੀ ਦੇ ਮਰਨ ਦਾ ਸਭ ਨੂੰ ਦੁੱਖ ਸੀ ਪਰ ਕਸ਼ਮੀਰ ਦਾ ਦੁੱਖ ਮਾਪਣ ਵਿੱਚ ਨਹੀਂ ਸੀ ਆਉਂਦਾ ਕਿਉਂਕਿ ਉਸਦਾ ਆਪਣੀ ਭੈਣ ਤਾਰੀ ਨਾਲ ਸਭ ਨਾਲੋਂ ਕਿਤੇ ਵੱਧ ਪਿਆਰ ਸੀ। ਫਿਰ ਸਭ ਨੇ ਰਸਮ ਅਨੁਸਾਰ ਕੰਮ ਕੀਤੇ ਤੇ ਕੁਝ ਦੇਰ ਪਿੱਛੋਂ ਘਰ ਵੱਲ ਨੂੰ ਚੱਲ ਪਏ।

ਘਰ ਪੁੱਜਦੇ ਹੀ ਕਸ਼ਮੀਰ ਆਪਣੀ ਮਾਂ ਨੂੰ ਮਿਲਦਾ ਹੈ ਤੇ ਗੱਲ ਲੱਗ ਕੇ ਰੋਂਦਾ ਹੈ, ਉਸਦੀ ਮਾਂ ਵੀ ਉਸ ਤੋਂ ਕੀਤੇ ਜਿਆਦਾ ਰੋਂਦੀ ਹੈ। ਉਸ ਤੋਂ ਬਾਅਦ ਕਸ਼ਮੀਰ ਆਪਣੇ ਬਾਪੂ ਕੋਲ ਜਾਂਦਾ ਹੈ ਜੋ ਕਿ ਕਮਰੇ ਅੰਦਰ ਇੱਕ ਮੰਜੇ ਉਪਰ ਪਿਆ ਹੋਇਆ ਸੀ। ਕਸ਼ਮੀਰ ਆਪਣੇ ਬਾਪੂ ਕੋਲ ਗਿਆ ਤੇ ਜਾ ਕੇ ਪੈਰੀ ਹੱਥ ਲਾਇਆ। ਕਸ਼ਮੀਰ ਅਜੇ ਵੀ ਰੋ ਰਿਹਾ ਸੀ। ਕਸ਼ਮੀਰ ਦੇ ਬਾਪੂ ਨੇ ਉਸ ਨੂੰ ਚੁੱਪ ਹੋਣ ਲਈ ਕਿਹਾ। ਫਿਰ ਕੁਝ ਦੇਰ ਤੱਕ ਉਹ ਦੋਨੋ ਗੱਲਾਂ ਬਾਤਾਂ ਕਰਦੇ ਰਹੇ।

ਰਾਤ ਹੋਣ ਉਪਰੰਤ ਸਾਰਾ ਪਰਿਵਾਰ ਇਕੱਠਾ ਹੁੰਦਾ ਹੈ। ਕਸ਼ਮੀਰ ਦੀ ਪਤਨੀ ਤੇ ਭਾਬੀ ਸਭ ਨੂੰ ਰੋਟੀ ਪਾਣੀ ਛਕਾਉਂਦੀਆਂ ਹਨ। ਕਸ਼ਮੀਰ ਦਾ ਪਰਿਵਾਰ ਕਾਫੀ ਵੱਡਾ ਸੀ। ਉਹ ਚਾਰ ਭਰਾ ਤੇ ਪੰਜ ਭੈਣਾਂ ਸਨ। ਕਸ਼ਮੀਰ ਸਭ ਤੋਂ ਛੋਟਾ ਸੀ। ਉਸਦੇ ਦੋਵੇਂ ਵੱਡੇ ਭਰਾ ਗੋਪਾਲ ਸਿੰਘ ਤੇ ਸਵਰਨ ਸਿੰਘ ਪਿੰਡ ਹੀ ਰਹਿੰਦੇ ਸਨ। ਤੇ ਤੀਸਰਾ ਭਰਾ ਕਿਸੇ ਦੂਸਰੇ ਮੁਲਖ ਵਿੱਚ ਕੰਮ ਕਰਦਾ ਸੀ। ਸਭ ਵਿੱਚ ਖੂਬ ਪ੍ਰੇਮ ਪਿਆਰ ਸੀ। ਔਰਤਾਂ ਵਿੱਚ ਮਾੜੀ ਮੋਟੀ ਨੋਕ ਝੋਕ ਹੁੰਦੀ ਰਹਿੰਦੀ ਸੀ ਪਰ ਚਾਰੇ ਭਰਾ ਆਪਸ ਵਿੱਚ ਕਿਸੇ ਨਾਲ ਵੀ ਮਾੜਾ ਵਰਤਾਰਾ ਨਹੀਂ ਸਨ ਕਰਦੇ। ਗੋਪਾਲ ਤੇ ਸਵਰਨ ਦੋਨੋ ਅੱਡ-ਅੱਡ ਰਹਿੰਦੇ ਸਨ ਤੇ ਕਸ਼ਮੀਰ ਤੇ ਪਿਆਰਾ ਇਕੱਠੇ ਸਨ। ਰੋਟੀ ਖਾਣ ਪਿੱਛੋਂ ਕਸ਼ਮੀਰ ਗੋਪਾਲ ਦੇ ਕੋਲ ਬੈਠ ਗਿਆ ਤੇ ਆਪਸ ਵਿੱਚ ਦੁੱਖ ਸਾਂਝਾ ਕੀਤਾ। ਫਿਰ ਕਸ਼ਮੀਰ ਨੇ ਗੋਪਾਲ ਨੂੰ ਪੁੱਛਿਆ...

ਕਸ਼ਮੀਰ - ਭਾਅ ਕੀ ਗੱਲ ਹੋਈ ਤਾਰੀ ਭੈਣ ਨੂੰ, ਕਿਵੇਂ ਹੋਇਆ ਇਹ ਸਭ, ਤੇ ਚਾਚਾ ਕਿਵੇਂ ਬਿਮਾਰ ਹੋ ਗਿਆ?

ਕਸ਼ਮੀਰ ਆਪਣੇ ਬਾਪੂ ਨੂੰ ਚਾਚਾ ਆਖ ਕੇ ਬਲਾਉਂਦਾ ਸੀ। ਕਿਉਂਕਿ ਬਚਪਨ ਵਿੱਚ ਉਸਦੇ ਤਾਏ ਦੇ ਬੱਚੇ ਕਸ਼ਮੀਰ ਦੇ ਬਾਪੂ ਨੂੰ ਚਾਚਾ ਕਹਿੰਦੇ ਸਨ ਇਸੇ ਲਈ ਕਸ਼ਮੀਰ ਵੀ ਉਹਨਾਂ ਦੀ ਰੀਸ

ਨਾਲ ਆਪਣੇ ਬਾਪੂ ਨੂੰ ਚਾਚਾ ਕਹਿੰਦਾ ਸੀ। ਗੋਪਾਲ ਨੇ ਦੱਸਣਾ ਸ਼ੁਰੂ ਕੀਤਾ।

ਗੋਪਾਲ - ਵੀਹ ਕੁ ਦਿਨ ਪਹਿਲਾ ਦੀ ਗੱਲ ਹੈ ਕਿ ਬਾਪੂ ਘਰੋਂ ਪੱਠੇ ਲੈਣ ਗਿਆ ਸੀ। ਉਹ ਆਪਣੇ ਕਾਲੂ ਸ਼ਾਹ ਹੁਣੀ ਆ ਨਾ!

ਕਸ਼ਮੀਰ - ਹਾਂਜੀ

ਗੋਪਾਲ - ਉਹਨਾਂ ਦੀ ਬੰਬੀ ਦੇ ਕੋਲ ਪੱਠਿਆਂ ਦਾ ਟੱਕ ਸੀ। ਉੱਥੇ ਹੀ ਦੋ ਕੁ ਕਿੱਲੇ ਠੇਕੇ ਤੇ ਲਏ ਨੇ। ਬਾਪੂ ਪੱਠੇ ਵੱਢ ਕੇ ਪੰਡ ਚੁੱਕ ਕੇ ਪੈਲੀ ਵਿੱਚੋਂ ਨਿਕਲਿਆ ਤੇ ਜਦੋਂ ਗੇਜੇ ਕੀ ਬੰਬੀ ਦੇ ਕੋਲ ਆਇਆ ਤਾਂ ਪਤਾ ਨਹੀਂ ਕੀ ਹੋਇਆ ਅਚਾਨਕ ਨਾਲ ਲੱਗਦੇ ਕਮਾਦ ਵਿੱਚ ਡਿੱਗ ਪਿਆ। ਹੁਣ ਪਤਾ ਨਹੀਂ ਬੁੱਲ੍ਹਾ ਪਿਆ ਕਿ ਕੀ ਹੋਇਆ! ਇਹ ਤਾਂ ਰੱਬ ਹੀ ਜਾਣਦਾ ਆ।

ਕਸ਼ਮੀਰ - ਤੇ ਤੁਹਾਨੂੰ ਕਿੱਦਾਂ ਪਤਾ ਲੱਗਾ ਬਾਪੂ ਬਾਰੇ, ਤੇ ਬਾਪੂ ਨੂੰ ਘਰ ਕੌਣ ਲੈ ਕੇ ਆਇਆ?

ਗੋਪਾਲ - ਉੱਥੇ ਨਾਲ ਹੀ ਨੇੜਲੇ ਖੇਤ ਵਿੱਚ ਆਪਣਾ ਗਵਾਂਢੀ ਰੂੜ ਸਿੰਘ ਕੰਮ ਕਰ ਰਿਹਾ ਸੀ। ਉਸ ਦੀ ਨਜ਼ਰ ਬਾਪੂ

ਤੇ ਸੀ। ਉਸ ਨੇ ਦੇਖਿਆ ਕੇ ਨਿਹੰਗ ਹੁਣੇ ਤਾਂ ਪੱਠੇ ਚੁੱਕੀ ਤੁਰਿਆ ਜਾਣਦਾ ਸੀ। ਅਚਾਨਕ ਕਿੱਧਰ ਚਲਾ ਗਿਆ।

(ਕਸ਼ਮੀਰ ਦੇ ਬਾਪੂ ਨੂੰ ਪਿੰਡ ਦੇ ਜਿਆਦਾਤਰ ਲੋਕ ਨਿਹੰਗ ਆਖਦੇ ਸਨ ਕਿਉਂਕਿ ਉਹ ਸ਼ੌਕ ਨਾਲ ਨਿਹੰਗਾਂ ਵਾਲਾ ਬਾਣਾ ਪਾ ਕੇ ਰੱਖਦਾ ਸੀ। ਉਂਝ ਉਸਦਾ ਅਸਲੀ ਨਾਮ ਤਾਂ ਚੰਨਣ ਸਿੰਘ ਸੀ ਤੇ ਕਸ਼ਮੀਰ ਦੀ ਮਾਂ ਦਾ ਨਾਮ ਗੁਰੋ ਕੌਰ ਸੀ।)

ਕਸ਼ਮੀਰ - ਹਾਂਜੀ ਫਿਰ?

ਗੋਪਾਲ - ਫਿਰ ਰੂੜ ਸਿੰਘ ਨੇ ਓਥੋਂ ਅੱਗੇ ਜਾ ਕੇ ਏਧਰ-ਓਧਰ ਦੇਖਿਆ ਤਾਂ ਬਾਪੂ ਕਮਾਦ ਵਿੱਚ ਡਿੱਗਾ ਪਿਆ ਸੀ ਤੇ ਕੋਲ ਹੀ ਪੱਠਿਆਂ ਦੀ ਪੰਡ ਵੀ ਪਈ ਸੀ। ਪਰ ਰੂੜ ਸਿੰਘ ਤਾਂ ਆਪ ਬੁਜਰਗ ਹੈ ਉਸ ਤੋਂ ਤਾਂ ਬਾਪੂ ਨੂੰ ਚੁੱਕਿਆ ਨਹੀਂ ਸੀ ਜਾਣਾ ਇਸ ਲਈ ਉਹ ਭੱਜ ਕੇ ਬਾਹਰ ਆਇਆ। ਚੰਗੇ ਵੇਲੇ ਉਸ ਨੂੰ ਗੇਜਾ ਤੇ ਉਸਦਾ ਬਾਪੂ ਨਜ਼ਰ ਆ ਗਏ। ਉਸਨੇ ਦੋਨਾਂ ਨੂੰ ਆਵਾਜ਼ ਮਾਰੀ ਤੇ ਬਾਪੂ ਦੇ ਡਿੱਗਣ ਬਾਰੇ ਦੱਸਿਆ। ਫਿਰ ਉਹ ਦੋਵੇਂ ਪਿਓ ਪੁੱਤ ਬਾਪੂ ਨੂੰ ਆਪਣੇ ਰੇੜੇ ਤੇ ਪਾ ਕੇ ਘਰੇ ਛੱਡ ਕੇ ਗਏ। ਮੈਂ ਤਾਂ ਘਰੇ ਨਹੀਂ ਸੀ, ਤੇਰੀ ਭਾਬੀ ਰਾਣੀ ਭੱਜ ਕੇ ਆਪਣੇ ਕੰਤੇ ਨੂੰ ਆਵਾਜ਼ ਮਾਰ ਕੇ ਲਿਆਈ।

(ਕੰਤਾ ਗੋਪਾਲ ਸਿੰਘ ਦਾ ਮੁੰਡਾ ਸੀ ਜੋ ਕਿ ਇੱਕ ਬਹੁਤ ਵਧੀਆ ਡਾਕਟਰ ਸੀ। ਜਿਸਦਾ ਪੂਰਾ ਨਾਮ ਕੁਲਵੰਤ ਸਿੰਘ ਸੀ। ਉਸ ਦੀ ਡਾਕਟਰੀ ਦੂਰ ਦੁਰਾਡੇ ਪਿੰਡ ਤੱਕ ਮਸ਼ਹੂਰ ਸੀ।)

ਗੋਪਾਲ - ਫਿਰ ਕੰਤੇ ਨੇ ਆ ਕੇ ਬਾਪੂ ਨੂੰ ਦੇਖਿਆ। ਟੀਕੇ-ਟੂਕੇ ਲਾਏ ਪਰ ਕੋਈ ਫਰਕ ਨਾ ਪਿਆ। ਫਿਰ ਕੰਤੇ ਨੇ ਕਿਹਾ ਕਿ ਬਾਪੂ ਨੂੰ ਤਾਂ ਹਵਾ ਪੈ ਗਈ ਹੈ ਹੁਣ ਇਸ ਨੂੰ ਹਸਪਤਾਲ ਖੜਨਾ ਪੈਣਾ। ਐਨੇ ਨੂੰ ਮੈਂ ਵੀ ਘਰੇ ਆ ਗਿਆ। ਫਿਰ ਅਸੀਂ ਇੱਕ ਗੱਡੀ ਮੰਗਵਾਈ ਤੇ ਬਾਪੂ ਨੂੰ ਬਿਆਸ ਵਾਲੇ ਹਸਪਤਾਲ ਲੈ ਗਏ। ਉੱਥੇ ਉਹਨਾਂ ਨੇ ਦਾਖਿਲ ਕਰ ਲਿਆ ਤੇ ਇਲਾਜ਼ ਸ਼ੁਰੂ ਕਰ ਦਿੱਤਾ।

ਫਿਰ ਕੁਝ ਦਿਨ ਲੰਘ ਗਏ। ਸਾਰੇ ਰਿਸ਼ਤੇਦਾਰ ਬਾਪੂ ਦਾ ਪਤਾ ਲੈਣ ਆਉਂਦੇ ਰਹੇ। ਇੱਕ ਨਾ ਇੱਕ ਬੰਦਾ ਬਾਪੂ ਨਾਲ ਰੋਜ ਰਹਿੰਦਾ ਸੀ। ਫਿਰ ਇੱਕ ਦਿਨ ਤਾਰੀ ਨੇ ਆਪਣੇ ਘਰੋਂ ਰੋਟੀ ਬਣਾ ਕੇ ਲਿਆਈ। ਮੈਂ ਬਾਪੂ ਤੇ ਤੇਰੀ ਭਾਬੀ ਨੇ ਰੋਟੀ ਪਾਣੀ ਛਕਿਆ। ਤਾਰੀ ਦੇ ਨਾਲ ਮੁਖਤਾਰ(ਤਾਰੀ ਦਾ ਘਰਵਾਲਾ) ਵੀ ਆਇਆ ਸੀ। ਓਸੇ ਦਿਨ ਹੀ ਡਾਕਟਰ ਨੇ ਬਾਪੂ ਵੱਲੋਂ ਜੁਆਬ ਦੇ ਦਿੱਤਾ ਕਿ ਹੁਣ ਬਾਪੂ ਦਾ ਇਲਾਜ਼ ਨਹੀਂ ਹੋ ਸਕਦਾ ਕਿਉਂਕਿ ਬਾਪੂ ਦਾ ਇੱਕ ਪਾਸਾ ਮਰ ਗਿਆ ਸੀ। ਡਾਕਟਰ ਨੇ ਕਿਹਾ ਹੁਣ ਤਾਂ ਬਸ ਸੇਵਾ ਹੈ ਕਰ ਲਵੋ। ਸਾਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ। ਡਾਕਟਰ

ਨੇ ਕਿਹਾ ਕੇ ਕੱਲ ਨੂੰ ਤੁਸੀਂ ਬਾਪੂ ਨੂੰ ਘਰੇ ਲੈ ਜਾਇਓ। ਫਿਰ ਅਸੀਂ ਹਸਪਤਾਲ ਤੋਂ ਬਾਹਰ ਆ ਕੇ ਬੈਠ ਗਏ। ਫਿਰ ਤਾਰੀ ਕਹਿੰਦੀ ਕਿ ਭਾਅ ਚਾਹ ਪੀ ਲੈਂਦੇ ਆ ਸਵੇਰ ਦੀ ਚਾਹ ਪੀਤੀ ਆ। ਅਸੀਂ ਤਾਂ ਮਨ੍ਹਾ ਕਰ ਦਿੱਤਾ। ਪਰ ਤੈਨੂੰ ਪਤਾ ਤਾਂ ਹੈ ਤਾਰੀ ਦਾ ਉਹ ਫਿਰ ਸੜਕ ਦੇ ਦੂਜੇ ਪਾਸੇ ਬਾਜ਼ਾਰ ਵੱਲ ਚੱਲੀ ਸੀ। ਉਸ ਨੇ ਸੜਕ ਨੂੰ ਇੱਕ ਪਾਸੇ ਤਾਂ ਦੇਖਿਆ ਪਰ ਦੂਜੇ ਪਾਸੇ ਨਾ ਦੇਖਿਆ। ਅਚਾਨਕ ਇੱਕ ਵੈਨ ਆਈ ਜੋ ਕੇ ਬਹੁਤ ਹੀ ਜਿਆਦਾ ਤੇਜ ਸੀ। ਸਿੱਧੀ ਹੀ ਤਾਰੀ ਵਿੱਚ ਵੱਜੀ ਤੇ ਤਾਰੀ ਨੂੰ ਚੁੱਕ ਕੇ ਦੂਰ ਜਾ ਸੁੱਟਿਆ। ਤਾਰੀ ਉੱਥੇ ਡਿੱਗਦੇ ਸਾਰ ਹੀ ਖਤਮ ਹੋ ਗਈ।

ਕਸ਼ਮੀਰ - ਤੇ ਵੈਨ ਵਾਲੇ ਨੂੰ ਨਹੀਂ ਕੁਝ ਹੋਇਆ?

ਗੋਪਾਲ - ਉਸਨੂੰ ਕੀ ਹੋਣਾ ਸੀ। ਉਸ ਨੇ ਵੈਨ ਨਾ ਰੋਕੀ ਤੇ ਪਤਾ ਹੀ ਨਾ ਲੱਗਾ ਕਿੱਧਰ ਨਿਕਲ ਗਿਆ। ਇਹ ਸਭ ਸਾਡੀਆਂ ਅੱਖਾਂ ਸਾਹਮਣੇ ਹੋਇਆ। ਸਾਨੂੰ ਤਾਂ ਕਿੰਨੀ ਹੀ ਦੇਰ ਤੱਕ ਯਕੀਨ ਹੀ ਨਾ ਹੋਇਆ ਕਿ ਤਾਰੀ ਨਹੀਂ ਰਹੀ। ਅਸੀਂ ਤਾਂ ਪਹਿਲਾ ਹੀ ਬਾਪੂ ਦੇ ਇਲਾਜ਼ ਨਾ ਹੋਣ ਦੀ ਖਬਰ ਸੁਣ ਕੇ ਦੁਖੀ ਸਾਂ। ਪਰ ਤਾਰੀ ਦੇ ਦੁੱਖ ਨੇ ਸਾਨੂੰ ਕਾਹੇ ਜੋਗਾ ਨਹੀਂ ਛੱਡਿਆ। ਫਿਰ ਤਾਰੀ ਦਾ ਮੁਲਾਜ਼ਾ ਹੋਣ ਬਾਅਦ ਲਾਸ਼ ਸਾਨੂੰ ਮਿਲੀ ਤੇ ਫਿਰ ਅਗਲੇ

ਦਿਨ ਸੰਸਕਾਰ ਕੀਤਾ। ਫਿਰ ਅਗਲੇ ਦਿਨ ਅਸੀਂ ਬਾਪੂ ਨੂੰ ਵੀ ਘਰੇ ਲੈ ਆਏ। ਓਦਣ ਹੀ ਫੋਨ ਕਰ ਮੈਂ ਤੈਨੂੰ ਘਰੇ ਬੁਲਾਇਆ।

ਕਸ਼ਮੀਰ - ਭਾਅ ਇਹ ਤਾਂ ਧੱਕਾ ਹੋ ਗਿਆ।

ਗੋਪਾਲ - ਧੱਕਾ ਤਾਂ ਵਿਚਾਰੇ ਮੁਖਤਾਰ ਨਾਲ ਹੋਇਆ ਹੈ। ਉਸਦੇ ਨਿਆਣੇ ਤਾਂ ਅਜੇ ਨਿੱਕੇ ਨੇ। ਬਿਨ ਮਾਂ ਵੀ ਕਾਹਦੀ ਜ਼ਿੰਦਗੀ ਆ। ਓਦਾਂ ਤਾਂ ਬਾਵੀ ਉੱਥੇ ਹੀ ਆ ਉਹ ਉਹਨਾਂ ਨੂੰ ਮਾਂ ਦੀ ਕਮੀ ਮਹਿਸੂਸ ਨਹੀਂ ਹੋਣ ਦੇਵੇਗੀ।

(ਬਾਵੀ ਕਸ਼ਮੀਰ ਦੀ ਵੱਡੀ ਭੈਣ ਸੀ ਜੋ ਕਿ ਮੁਖਤਾਰ ਦੇ ਵੱਡੇ ਭਰਾ ਨਾਲ ਵਿਆਹੀ ਹੋਈ ਸੀ। ਦੋਵੇਂ ਭੈਣਾਂ ਇੱਕ ਹੀ ਘਰ ਸਨ।)

ਕਸ਼ਮੀਰ - ਹਾਂ ਭਾਅ ਬਾਵੀ ਭੈਣ ਤਾਂ ਹੈ ਉੱਥੇ। ਤਾਰੀ ਤੇ ਬਾਵੀ ਵਿੱਚ ਕਿਹੜਾ ਕੋਈ ਫਰਕ ਆ।

ਗੋਪਾਲ - ਹਾਂ।

ਕਸ਼ਮੀਰ - ਭਾਅ ਚਾਚੇ ਨੂੰ ਕਿਸੇ ਹੋਰ ਹਸਪਤਾਲ ਲੈ ਕੇ ਜਾਈਏ ਭਲਾ।

ਗੋਪਾਲ - ਕਸ਼ਮੀਰ ਕੋਈ ਫਾਇਦਾ ਨਹੀਂ ਆ। ਡਾਕਟਰ ਨੂੰ ਪੁੱਛਿਆ ਸੀ ਮੈਂ ਕਿ ਚੰਡੀਗੜ੍ਹ ਜਾਂ ਅੰਮ੍ਰਿਤਸਰ ਕਿਸੇ ਹਸਪਤਾਲ ਲੈ ਜਾਈਏ। ਤਾਂ ਉਹਨਾਂ ਕਿਹਾ ਕਿ ਅਗਰ ਠੀਕ ਹੋਣਾ ਹੁੰਦਾ ਤਾਂ ਐਥੇ ਹੋ ਜਾਣਾ ਸੀ। ਕਿਤੇ ਵੀ ਜਾਣ ਦਾ ਕੋਈ ਫਾਇਦਾ ਨਹੀਂ। ਬਾਕੀ ਤੁਹਾਡੀ ਮਰਜੀ ਹੈ। ਸਭ ਤੋਂ ਵਧੀਆ ਗੱਲ ਇਹੀ ਹੈ ਕਿ ਘਰ ਲਿਜਾ ਕੇ ਬਾਪੂ ਦੀ ਮਾਲਿਸ਼ ਕਰੋ ਚੰਗਾ ਖਾਣ ਪੀਣ ਨੂੰ ਦੇਵੋ ਹੋ ਸਕਦਾ ਕੁਝ ਫਰਕ ਪੈ ਜਾਵੇ। ਪਰ ਬਹੁਤ ਮੁਸ਼ਕਿਲ ਹੈ ਬਸ ਸੇਵਾ ਕਰੋ।

ਕਸ਼ਮੀਰ - ਚਲੋ ਕੋਈ ਨਾ ਦੇਖਦੇ ਆ।

ਗੋਪਾਲ - ਚੰਗਾ ਕਸ਼ਮੀਰ ਮੈਂ ਘਰੇ ਚਲਦਾ ਹਾਂ। ਘਰੇ ਕੋਈ ਨਹੀਂ ਆ। ਸਾਰੇ ਤਾਂ ਐਥੇ ਆ।

ਕਸ਼ਮੀਰ - ਚੰਗਾ ਭਾਅ।

ਇਹ ਸਭ ਗੱਲਾਂ ਹੋਣ ਦੇ ਬਾਅਦ ਗੋਪਾਲ ਘਰੇ ਚਲਾ ਗਿਆ ਤੇ ਕਸ਼ਮੀਰ ਵੀ ਵੇਹੜੇ ਵਿੱਚ ਹੀ ਮੰਝਾ ਡਾਹ ਕੇ ਪੈ ਗਿਆ। ਪਰ ਉਹ ਸਾਰੀ ਰਾਤ ਆਪਣੀ ਭੈਣ ਤਾਰੀ ਬਾਰੇ ਸੋਚਦਾ ਰਿਹਾ।

ਅਗਲੀ ਸਵੇਰ ਕਸ਼ਮੀਰ ਉੱਠਿਆ ਘਰ ਦੇ ਕੰਮ ਕੀਤੇ ਤੇ ਫਿਰ ਆਪਣੀ ਘਰਵਾਲੀ(ਕਰਮਜੀਤ ਕੌਰ) ਦੀ ਮੱਦਦ ਨਾਲ

ਬਾਪੂ ਨੂੰ ਨਲਕੇ ਕੋਲ ਲੈ ਗਿਆ। ਗਰਮੀ ਦੇ ਦਿਨ ਹੋਣ ਕਰਕੇ ਕਸ਼ਮੀਰ ਤੇ ਕਰਮਜੀਤ ਨੇ ਬਾਪੂ ਨੂੰ ਨਿਵਾਇਆ ਤੇ ਫਿਰ ਕਮਰੇ ਅੰਦਰ ਲੈ ਗਏ। ਕਸ਼ਮੀਰ ਦੇ ਦੋ ਮੁੰਡੇ ਸਨ। ਤੇ ਪਿਆਰੇ ਦਾ ਇੱਕ ਮੁੰਡਾ ਤੇ ਦੋ ਕੁੜੀਆਂ।

ਰੀਤੀ ਰਿਵਾਜ਼ਾਂ ਅਨੁਸਾਰ ਤਾਰੀ ਦੇ ਬਾਕੀ ਕੰਮ ਵੀ ਹੋ ਗਏ। ਤੇ ਕਸ਼ਮੀਰ ਜੋ ਕਿ ਇੱਕ ਮਹੀਨੇ ਦੀ ਛੁੱਟੀ ਲੈ ਕੇ ਆਇਆ ਸੀ ਆਪਣੇ ਬਾਪੂ ਦੇ ਬਿਮਾਰ ਹੋਣ ਕਰਕੇ ਵਾਪਿਸ ਕੰਮ ਤੇ ਨਾ ਜਾ ਸਕਿਆ। ਐਦਾਂ ਹੀ ਕਰੀਬ ਦੋ ਮਹੀਨੇ ਨਿਕਲ ਗਏ। ਪਿੰਡ ਵਿੱਚੋਂ ਕੋਈ ਨਾ ਕੋਈ ਰੋਜ ਬਾਪੂ ਦਾ ਹਾਲ ਚਾਲ ਪੁੱਛਣ ਨੂੰ ਆਉਂਦਾ ਰਹਿੰਦਾ ਸੀ। ਇੱਕ ਦਿਨ ਕਸ਼ਮੀਰ ਦੇ ਭਤੀਜੇ ਕੁਲਵੰਤ ਨੇ ਕਸ਼ਮੀਰ ਨੂੰ ਕਿਹਾ ਕੇ ਉਸਦਾ ਕੋਈ ਯਾਰ ਹੈ ਜੋ ਕਿ ਇੱਕ ਚੰਗੇ ਵੈਦ ਨੂੰ ਜਾਣਦਾ ਹੈ। ਜਿਸ ਕੋਲ ਹਰ ਬਿਮਾਰੀ ਦਾ ਤੋੜ ਹੈ ਕਿਉਂ ਨਾ ਆਪਾ ਉਸ ਕੋਲ ਚੱਲੀਏ। ਕਸ਼ਮੀਰ ਨੇ ਜਾਣ ਲਈ ਹਾਂ ਕਰ ਦਿੱਤੀ। ਕਿਉਂਕਿ ਕਸ਼ਮੀਰ ਆਪਣੇ ਬਾਪੂ ਦੇ ਇਲਾਜ਼ ਲਈ ਕੁਝ ਵੀ ਕਰਨ ਲਈ ਤਿਆਰ ਸੀ। ਫਿਰ ਕਸ਼ਮੀਰ ਕੁਲਵੰਤ ਨਾਲ ਉਸਦੇ ਯਾਰ ਨੂੰ ਨਾਲ ਲੈ ਕੇ ਵੈਦ ਕੋਲ ਚਲੇ ਗਏ। ਵੈਦ ਨੇ ਬਿਨਾ ਕੋਈ ਪੈਸੇ ਲਿਆ ਕਸ਼ਮੀਰ ਨੂੰ ਇੱਕ ਤੇਲ ਦਿੱਤਾ ਤੇ ਆਪਣੇ ਬਾਪੂ

ਦੀ ਮਾਲਿਸ਼ ਕਰਨ ਨੂੰ ਕਿਹਾ। ਕਸ਼ਮੀਰ ਤੇਲ ਲੈ ਕੇ ਘਰੇ ਵਾਪਿਸ ਆ ਗਿਆ।

ਫਿਰ ਕਸ਼ਮੀਰ ਰੋਜ ਹੀ ਆਪਣੀ ਘਰਵਾਲੀ ਨਾਲ ਪਹਿਲਾ ਬਾਪੂ ਨੂੰ ਇਸ਼ਨਾਨ ਕਰਾਉਂਦੇ ਤੇ ਫਿਰ ਦੋਵੇਂ ਜਾਣੇ ਬਾਪੂ ਦੇ ਸਾਰੇ ਸਰੀਰ ਦੀ ਖੂਬ ਮਾਲਿਸ਼ ਕਰਦੇ। ਕਸ਼ਮੀਰ ਤੇ ਉਸਦੀ ਘਰਵਾਲੀ ਹਮੇਸ਼ਾ ਹੀ ਆਪਣੇ ਬਾਪੂ ਦੀ ਸੇਵਾ ਵਿੱਚ ਲੱਗੇ ਰਹਿੰਦੇ ਤੇ ਕਸ਼ਮੀਰ ਦੀ ਭਾਭੀ ਰਾਣੀ ਘਰ ਦਾ ਬਾਕੀ ਕੰਮ ਕਾਰ ਦੇਖਦੀ। ਬੱਚਿਆਂ ਦਾ ਧਿਆਨ ਰਾਣੀ ਤੇ ਉਸਦੀ ਮਾਂ ਰੱਖਦੇ ਸਨ। ਚੁੱਲੇ-ਚੌਂਕੇ ਦਾ ਕੰਮ ਵੀ ਰਾਣੀ ਹੀ ਕਰਦੀ ਸੀ। ਪਰ ਗੋਹੇ ਕੂੜੇ ਦਾ ਕੰਮ ਕਰਮਜੀਤ ਹੀ ਦੇਖਦੀ ਸੀ। ਐਦਾਂ ਹੀ ਕਾਫੀ ਸਮਾਂ ਨਿਕਲ ਗਿਆ ਪਰ ਬਾਪੂ ਦੀ ਸੇਹਤ ਨੂੰ ਕੋਈ ਫਰਕ ਨਾ ਪਿਆ। ਕਸ਼ਮੀਰ ਦਾ ਵੱਡਾ ਭਰਾ ਗੋਪਾਲ ਰੋਜ ਹੀ ਘਰੇ ਆਉਂਦਾ ਸੀ ਤੇ ਬਾਪੂ ਦੇ ਕੋਲ ਆ ਕੇ ਬੈਠਦਾ ਸੀ ਤੇ ਦੁੱਖ ਸੁੱਖ ਸਾਂਝਾ ਕਰਦਾ ਸੀ ਪਰ ਕਸ਼ਮੀਰ ਦਾ ਦੂਸਰਾ ਭਰਾ ਸਵਰਨ ਕਿਤੇ ਹੀ ਮਹੀਨੇ ਵਿੱਚ ਇੱਕ ਅੱਧੀ ਵਾਰ ਭੁੱਲ-ਭੁਲੇਖੇ ਨਾਲ ਆਉਂਦਾ ਸੀ।

ਐਦਾਂ ਹੀ ਕਰੀਬ ਇੱਕ ਸਾਲ ਤੋਂ ਜਿਆਦਾ ਸਮਾਂ ਨਿਕਲ ਗਿਆ। ਕਸ਼ਮੀਰ ਨੇ ਹਰ ਇੱਕ ਨਾ ਮੁਮਕਿਨ ਕੋਸ਼ਿਸ਼ ਕੀਤੀ ਬਾਪੂ ਨੂੰ ਠੀਕ ਕਰਨ ਦੀ ਪਰ ਅਫਸੋਸ ਫਰਕ ਪੈਣ ਦੀ ਬਿਜਾਏ ਸੇਹਤ

ਹੋਰ ਖਰਾਬ ਹੋ ਗਈ। ਫਿਰ ਹੋਲੀ-ਹੋਲੀ ਬਾਪੂ ਨੇ ਰੋਟੀ ਖਾਣੀ ਵੀ ਬੰਦ ਕਰ ਦਿੱਤੀ। ਬਸ ਦੁੱਧ ਵਗੈਰਾ ਹੀ ਪੀਂਦੇ ਰਹੇ। ਫਿਰ ਹੋਲੀ-ਹੋਲੀ ਬਾਪੂ ਦਾ ਮੱਲ-ਮੂਤਰ ਵੀ ਬੰਦ ਹੋ ਗਿਆ। ਇਹ ਕੁਝ ਨਾ ਖਾਣ ਪੀਣ ਦੇ ਕਾਰਨ ਹੋਇਆ।

ਕਸ਼ਮੀਰ ਲਈ ਬਾਪੂ ਨੂੰ ਸਾਂਭਣਾ ਹੋਰ ਮੁਸ਼ਕਿਲ ਹੋਈ ਜਾ ਰਿਹਾ ਸੀ। ਪਰ ਉਸਨੇ ਹਾਰ ਨਾ ਮੰਨੀ। ਪਹਿਲਾਂ ਤਾਂ ਬਸ ਬਾਪੂ ਨੂੰ ਇਸ਼ਨਾਨ ਕਰਾਉਣਾ, ਜਲ ਪਾਣੀ ਛਕਾਉਣਾ, ਮਾਲਿਸ਼ ਕਰਨ ਦਾ ਹੀ ਕੰਮ ਹੁੰਦਾ ਸੀ ਪਰ ਹੁਣ ਮਲ ਨਾ ਆਉਣ ਕਰਕੇ ਸੇਹਤ ਵਿੱਚ ਜਿਆਦਾ ਵਿਗਾੜ ਪੈਣ ਲੱਗ ਪਿਆ। ਡਾਕਟਰ ਨੇ ਸਲਾਹ ਦਿੱਤੀ ਕਿ ਹੁਣ ਤਾਂ ਬੱਸ ਇੱਕ ਹੀ ਹੱਲ ਹੈ ਕਿ ਬਾਪੂ ਦਾ ਮਲ ਤੁਹਾਨੂੰ ਖੁੱਦ ਆਪਣੇ ਹੱਥਾਂ ਨਾਲ ਕੱਢਣਾ ਪਵੇਗਾ ਨਹੀਂ ਤਾਂ ਕੰਮ ਜਿਆਦਾ ਮੁਸ਼ਕਿਲ ਹੋ ਜਾਵੇਗਾ। ਕਸ਼ਮੀਰ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ ਕਿਉਂਕਿ ਬਾਪੂ ਨੇ ਖਾਣਾ ਪੀਣਾ ਬੰਦ ਕਰ ਦਿੱਤਾ। ਫਿਰ ਕਸ਼ਮੀਰ ਨੇ ਆਪਣੇ ਭਤੀਜੇ ਕੁਲਵੰਤ ਕੋਲੋਂ ਹੱਥਾਂ ਤੇ ਪਾਉਣ ਵਾਲੇ ਕਿੰਨੇ ਸਾਰੇ ਰਬੜ ਦੇ ਦਸਤਾਨੇ ਮੰਗਵਾ ਲਏ।

ਹੁਣ ਕਸ਼ਮੀਰ ਸਭ ਤੋਂ ਪਹਿਲਾਂ ਰੋਜ ਤੜਕੇ ਉੱਠ ਕੇ ਆਪਣੀ ਪਤਨੀ ਨਾਲ ਬਾਪੂ ਦੇ ਕੱਪੜੇ ਉਤਾਰਦੇ ਤੇ ਫਿਰ ਇੱਕ ਕੁਰਸੀ ਤੇ ਬਿਠਾ ਕੇ ਕਸ਼ਮੀਰ ਦਸਤਾਨੇ ਪਾ ਕੇ ਆਪਣੇ ਹੱਥਾਂ ਨਾਲ ਬਾਪੂ

ਦਾ ਮਲ ਬਾਹਰ ਕੱਢਦਾ। ਫਿਰ ਬਾਪੂ ਨੂੰ ਇਸ਼ਨਾਨ ਕਰਵਾ ਕੇ ਤਿਆਰ ਕਰਦੇ। ਫਿਰ ਜੋ ਹੁੰਦਾ ਬਾਪੂ ਨੂੰ ਦੁੱਧ, ਦਹੀਂ, ਖਿਚੜੀ ਬਣਾ ਕੇ ਚੁੱਮਚਿਆਂ ਨਾਲ ਖਵਾਉਂਦੇ। ਐਦਾਂ ਹੀ ਕਰੀਬ ਇੱਕ ਮਹੀਨੇ ਤੋਂ ਵੱਧ ਸਮਾਂ ਹੋ ਗਿਆ। ਬਾਪੂ ਤੇ ਜੋ ਵੀ ਖਰਚਾ ਲੱਗਦਾ ਸੀ ਉਹ ਕਸ਼ਮੀਰ ਦਾ ਵੱਡਾ ਭਰਾ ਜੋ ਦੂਸਰੇ ਮੁਲਖ਼ ਗਿਆ ਸੀ ਉਹ ਭੇਜਦਾ ਸੀ। ਕਸ਼ਮੀਰ ਤਾਂ ਬਸ ਬਾਪੂ ਦੀ ਸੇਵਾ ਵਿੱਚ ਲੱਗਾ ਰਹਿੰਦਾ ਸੀ।

ਫਿਰ ਇੱਕ ਦਿਨ ਤੜਕੇ ਜਦੋਂ ਬਾਪੂ ਨੂੰ ਇਸ਼ਨਾਨ ਕਰਵਾਉਣ ਲੱਗੇ ਤਾਂ ਕਰਮਜੀਤ ਨੇ ਦੇਖਿਆ ਕਿ ਬਾਪੂ ਜੀ ਤਾਂ ਅਕਾਲ ਚਲਾਣਾ ਕਰ ਗਏ ਨੇ। ਕਸ਼ਮੀਰ ਭੱਜ ਕੇ ਬਾਪੂ ਦੇ ਕੋਲ ਆਇਆ ਤੇ ਉੱਚੀ-ਉੱਚੀ ਧਾਹਾਂ ਮਾਰ ਕੇ ਰੋਣ ਲੱਗ ਪਿਆ। ਕਿਉਂਕਿ ਉਸਨੇ ਪਿੱਛੇ ਡੇਢ ਸਾਲ ਆਪਣੇ ਬਾਪੂ ਦੀ ਜੀਅ ਤੋੜ ਸੇਵਾ ਕੀਤੀ ਸੀ ਪਰ ਫਿਰ ਵੀ ਬਾਪੂ ਜੀ ਉਸਦਾ ਸਾਥ ਛੱਡ ਗਿਆ ਸੀ। ਐਦਾਂ ਹੀ ਬਾਪੂ ਦੇ ਮਰਨ ਦੀ ਖ਼ਬਰ ਸਾਰਿਆਂ ਤੱਕ ਪੁੱਜ ਗਈ। ਹੋਲੀ ਹੋਲੀ ਮਕਾਣਾਂ ਨਾਲ ਘਰ ਭਰਨਾ ਸ਼ੁਰੂ ਹੋ ਗਿਆ। ਰਸਮਾਂ ਰਿਵਾਜ਼ ਹੋਣੇ ਸ਼ੁਰੂ ਹੋ ਗਏ। ਕਸ਼ਮੀਰ ਆਪਣੇ ਬਾਪੂ ਦੇ ਮਰਨ ਦਾ ਸਭ ਨਾਲੋਂ ਕੀਤੇ ਵੱਧ ਸੋਕ ਮਨਾ ਰਿਹਾ ਸੀ। ਉਹ ਪਰਿਵਾਰ ਤੇ ਕੁਝ ਪਿੰਡ ਦੇ ਬੰਦਿਆਂ ਦੀ ਮੱਦਦ ਨਾਲ ਆਈਆਂ ਹੋਈਆਂ ਮਕਾਣਾਂ ਲਈ

ਲੰਗਰ ਦੇ ਇੰਤਜਾਮ ਵਿੱਚ ਲੱਗਾ ਸੀ। ਫਿਰ ਪਿੰਡ ਦੇ ਦੋ ਬੰਦੇ ਕਸ਼ਮੀਰ ਦੇ ਕੋਲ ਆਏ... ਉਹਨਾਂ ਨੇ ਕਸ਼ਮੀਰ ਨਾਲ ਬਾਪੂ ਦੇ ਗੁਜਰਣ ਦਾ ਅਫਸੋਸ ਕੀਤਾ। ਫਿਰ ਇੱਕ ਨੇ ਪੁੱਛਿਆ.. ਜਿਸਦਾ ਨਾਲ ਸੂਬਾ ਸਿੰਘ ਸੀ..

ਸੂਬਾ - ਕਸ਼ਮੀਰ ਹੁਣ ਅੱਗੇ ਕੀ ਸਲਾਹ ਹੈ?

ਕਸ਼ਮੀਰ ਨੂੰ ਉਹਨਾਂ ਦੀ ਗੱਲ ਨਾ ਸਮਝ ਆਈ।

ਕਸ਼ਮੀਰ - ਕਿਸਦੇ ਬਾਰੇ ਸਲਾਹ ਭਾਜੀ?

ਸੂਬਾ - ਬਾਪੂ ਦੇ ਸੰਸਕਾਰ ਬਾਰੇ ਤੇ ਅੱਗੇ ਦੇ ਪ੍ਰੋਗਰਾਮ ਬਾਰੇ, ਕੀ ਬਾਪੂ ਨੂੰ ਵੱਡਾ ਨਹੀਂ ਕਰਨਾ?

ਕਸ਼ਮੀਰ ਨੂੰ ਸਾਰੀ ਗੱਲ ਸਮਝ ਆ ਗਈ ਪਰ ਕਸ਼ਮੀਰ ਨੇ ਉਹਨਾਂ ਨੂੰ ਸਾਫ ਮਨ੍ਹਾ ਕਰ ਦਿੱਤਾ ਕਿ ਉਹ ਇਹੋ ਜਿਹੇ ਪਾਖੰਡ ਬਿਲਕੁਲ ਨਹੀਂ ਕਰੇਗਾ। ਕਿਉਂਕਿ ਉਸਦਾ ਪਿਓ ਮਰਿਆ ਹੈ ਤੇ ਉਸਨੂੰ ਹੀ ਪਤਾ ਹੈ ਉਸਨੇ ਕਿਵੇਂ ਉਸਨੂੰ ਸਾਂਭਿਆ ਹੈ? ਉਸ ਨੂੰ ਕੋਈ ਚਾਅ ਨਹੀਂ ਚੜ੍ਹਿਆ ਕਿ ਉਹ ਆਪਣੇ ਪਿਓ ਨੂੰ ਵੱਡਾ ਕਰਦਾ ਫਿਰੇ।

ਫਿਰ ਦੂਸਰੇ ਬੰਦੇ ਨੇ ਕਸ਼ਮੀਰ ਨੂੰ ਦਿਲਾਸਾ ਦਿੰਦੇ ਹੋਏ ਕਿਹਾ ਜੋ ਕੇ ਰਿਸਤੇ ਵਿੱਚ ਉਸਦੇ ਤਾਏ ਦਾ ਮੁੰਡਾ ਸੀ ਅਜੈਬ ਸਿੰਘ।

ਅਜੈਬ - ਕਸ਼ਮੀਰ ਗੱਲ ਤਾਂ ਤੇਰੀ ਸਹੀ ਆ ਪਰ ਤੁਸੀਂ ਭਰਾ ਸਲਾਹ ਕਰ ਲਵੋ ਇੱਕ ਵਾਰ। ਸਾਨੂੰ ਵੀ ਤੇਰੇ ਭਰਾ ਸਵਰਨ ਨੇ ਤੈਨੂੰ ਮਨਾਉਣ ਲਈ ਕਿਹਾ ਹੈ।

ਕਸ਼ਮੀਰ - ਕਿਸੇ ਨੇ ਵੀ ਕਿਹਾ ਹੋਵੇ ਭਾਵੇਂ ਪਰ ਮੈਂ ਨਹੀਂ ਇਸ ਗੱਲ ਲਈ ਰਾਜੀ।

ਅਜੈਬ - ਕਸ਼ਮੀਰ ਯਾਰ ਲੋਕਾਂ ਨੇ ਗੱਲਾਂ ਕਰਨੀਆਂ ਨੇ ਕੇ ਤੁਸੀਂ ਚਾਰ ਭਰਾ ਹੋ ਤੱਦ ਵੀ ਬਾਪੂ ਨੂੰ ਵੱਡਾ ਨਹੀਂ ਕੀਤਾ, ਨਾਲੇ ਚਾਚੇ ਦੀ ਤਾਂ ਉਮਰ ਵੀ ਕਾਫੀ ਹੋ ਗਈ ਸੀ, ਉਪਰੋਂ ਉਸਦੇ ਪੋਤੇ-ਪੜਪੋਤੇ ਵੀ ਨੇ। ਬਾਕੀ ਸੋਚ ਵਿਚਾਰ ਕਰ ਲਵੋ ਤੇ ਇੱਕ ਵਾਰ ਪਿਆਰੇ ਨੂੰ ਫੋਨ ਕਰ ਕੇ ਸਲਾਹ ਕਰ ਲੈ।

ਕਸ਼ਮੀਰ - ਭਾਅ ਪਿਆਰੇ ਨਾਲ ਮੇਰੀ ਗੱਲ ਹੋ ਗਈ ਆ। ਉਸ ਨੇ ਕਿਹਾ ਜਿਵੇਂ ਮੈਨੂੰ ਸਹੀ ਲੱਗਦਾ ਵਾ ਮੈਂ ਓਦਾਂ ਹੀ ਕਰਾ।

ਅਜੈਬ ਸਿੰਘ ਤੇ ਸੂਬਾ ਸਿੰਘ ਦੇ ਲੱਖ ਮਨਾਉਣ ਤੇ ਵੀ ਕਸ਼ਮੀਰ ਨਾ ਮੰਨਿਆ। ਫਿਰ ਸਵਰਨ ਸਿੰਘ ਆਪਣੇ ਵੱਡੇ ਭਰਾ ਗੋਪਾਲ ਕੋਲ ਗਿਆ ਤੇ ਕਿਹਾ.....

ਸਵਰਨ - ਭਾਅ ਤੁਸੀਂ ਮਨਾਓ ਹਾਂ ਕਸ਼ਮੀਰ ਨੂੰ ਕਿ ਬਾਪੂ ਨੂੰ ਵੱਡਾ ਕਰੀਏ। ਉਹ ਤਾਂ ਕਿਸੇ ਦੀ ਨਹੀਂ ਮੰਨ ਰਿਹਾ। ਮੈਨੂੰ ਪਤਾ ਤੁਸੀਂ ਕਹੋਗੇ ਤਾਂ ਉਹ ਜ਼ਰੂਰ ਮੰਨ ਜਾਵੇਗਾ।

ਗੋਪਾਲ - ਤੈਨੂੰ ਪਤਾ ਹੀ ਸਵਰਨ ਕਸ਼ਮੀਰ ਦੇ ਸੁਭਾ ਦਾ ਉਸ ਨੇ ਜੋ ਅੜੀ ਕਰ ਲਈ ਫਿਰ ਭਾਵੇਂ ਕੋਈ ਵੀ ਜ਼ੋਰ ਲਾ ਲਵੇ ਉਸ ਨੂੰ ਮਨਾ ਨਹੀਂ ਸਕਦਾ। ਹੋ ਸਕਦਾ ਮੇਰੀ ਗੱਲ ਮੰਨ ਜਾਵੇ ਪਰ ਬਾਪੂ ਦੀ ਸਾਰੀ ਸੇਵਾ ਓਸੇ ਨੇ ਹੀ ਕੀਤੀ ਆ ਤੇ ਉਸਦਾ ਹੀ ਹੱਕ ਹੈ ਬਾਪੂ ਤੇ। ਮੈਂ ਉਸ ਨੂੰ ਬਿਲਕੁਲ ਮਜ਼ਬੂਰ ਨਹੀਂ ਕਰਾਂਗਾ। ਬਾਕੀ ਤੂੰ ਆਪ ਗੱਲ ਕਰ ਲੈ।

ਗੋਪਾਲ ਨੇ ਵੀ ਸਵਰਨ ਨੂੰ ਨਾਂਹ ਕਰ ਦਿੱਤੀ। ਸਵਰਨ ਹੋਰਾਂ ਕੋਲੋਂ ਤਾਂ ਕਸ਼ਮੀਰ ਕੋਲ ਸਨਾਹ ਭੇਜਦਾ ਰਿਹਾ ਪਰ ਆਪ ਮੂੰਹੋ ਇੱਕ ਵਾਰ ਵੀ ਕਸ਼ਮੀਰ ਨੂੰ ਨਾ ਕਿਹਾ। ਕਿਉਂਕਿ ਉਹ ਜਾਣਦਾ ਸੀ ਕੇ ਉਸਨੇ ਤਾਂ ਕਦੇ ਆਪਣੇ ਬਾਪੂ ਦਾ ਹਾਲ ਚਾਲ ਵੀ ਨਹੀਂ ਸੀ ਪੁੱਛਿਆ। ਤੇ ਅੱਜ ਕਿਹੜੇ ਹੱਕ ਨਾਲ ਬਾਪੂ ਨੂੰ ਵੱਡਾ ਕਰਨ ਲਈ ਕਹਿ ਸਕਦਾ ਸੀ। ਫਿਰ ਵੀ ਸਵਰਨ ਨੇ ਆਪਣੀਆਂ ਭੈਣਾਂ ਤੇ ਜੀਜਿਆ ਨੂੰ ਕਹਿ ਕੇ ਕਸ਼ਮੀਰ ਨੂੰ ਬਾਪੂ ਨੂੰ ਵੱਡਾ ਕਰਨ ਲਈ ਮਜ਼ਬੂਰ ਕਰ ਹੀ ਦਿੱਤਾ। ਜਦੋਂ ਹੱਦ ਤੋਂ ਜਿਆਦਾ ਸਭ ਨੇ ਕਿਹਾ ਤਾਂ ਕਸ਼ਮੀਰ ਨੇ ਆਪਣੀ ਜਿੱਦ ਛੱਡ ਦਿੱਤੀ। ਫਿਰ ਬਾਪੂ ਨੂੰ ਵੱਡਾ

ਕੀਤਾ ਗਿਆ। ਸਵਰਨ ਨੇ ਇੱਕ ਕੈਮਰੇ ਵਾਲਾ ਸੱਦ ਕੇ ਫੋਟੋਵਾ ਵੀ ਖਿਚਵਾਈਆਂ। ਸਾਰੇ ਰਸਮਾਂ ਰਿਵਾਜ ਕੀਤੇ ਗਏ।

ਇਸ ਦੌਰਾਨ ਜੋ ਵੀ ਖਰਚਾ ਹੋਇਆ ਉਸਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ। ਇੱਕ ਹਿੱਸਾ ਗੋਪਾਲ ਸਿੰਘ ਨੇ ਦਿੱਤਾ, ਇੱਕ ਸਵਰਨ ਸਿੰਘ ਨੇ ਤੇ ਦੋ ਹਿੱਸੇ ਪਿਆਰਾ ਸਿੰਘ ਨੇ ਦਿੱਤੇ। ਕਿਉਂਕਿ ਕਸ਼ਮੀਰ ਤਾਂ ਬਸ ਬਾਪੂ ਦੀ ਸੇਵਾ ਵਿੱਚ ਲੱਗਾ ਰਹਿੰਦਾ ਸੀ। ਉਸ ਕੋਲ ਤਾਂ ਕੋਈ ਕੰਮ ਕਰਨ ਦਾ ਵੀ ਸਮਾਂ ਨਹੀਂ ਸੀ ਹੁੰਦਾ। ਸਭ ਕਾਰ ਵਿਹਾਰ ਹੋ ਗਏ ਪਰ ਕਸ਼ਮੀਰ ਦੇ ਬਾਪੂ ਦੀ ਘਾਟ ਉਸਨੂੰ ਸਦਾ ਲੱਗੀ ਰਹੀ। ਪਰ ਕਸ਼ਮੀਰ ਸਿੰਘ ਤੇ ਉਸਦੀ ਘਰਵਾਲੀ ਨੇ ਜੋ ਆਪਣੇ ਬਾਪੂ ਦੀ ਸੇਵਾ ਕੀਤੀ ਇਹੋ ਜਿਹੀ ਕੋਈ ਵਿਰਲਾ ਹੀ ਕਰਦਾ ਹੈ। ਉਸ ਤੋਂ ਕੁਝ ਸਮੇ ਬਾਅਦ ਹੀ ਕਸ਼ਮੀਰ ਸਿੰਘ ਦੀ ਮਾਂ ਵੀ ਅਕਾਲ ਚਲਾਣਾ ਕਰ ਗਈ।

ਮਨੁੱਖ ਦੀ ਜੀਵਨ ਸ਼ੈਲੀ ਨੂੰ ਤਿੰਨ ਸ੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਸਭ ਤੋਂ ਪਹਿਲੀ ਸ੍ਰੇਣੀ ਬਚਪਨ, ਜਿਸ ਵਿੱਚ ਬਿਨਾਂ ਮੰਗਿਆ ਹੀ ਸਭ ਦਾ ਪਿਆਰ ਮਿਲਦਾ ਹੈ ਤੇ ਹਰ ਕੋਈ ਲਾਡ ਲਡਾਉਂਦਾ ਹੈ। ਦੂਸਰੀ ਸ੍ਰੇਣੀ ਜਵਾਨੀ, ਜਿਸ ਵਿੱਚ ਜ਼ਬਰਦਸਤੀ, ਹੱਕ ਨਾਲ, ਖੁਸ਼ੀ ਨਾਲ, ਮੰਗ ਕੇ ਤੇ ਹੋਰ ਵੀ ਤਰੀਕਿਆਂ ਨਾਲ ਪਿਆਰ ਮਿਲਦਾ ਹੈ ਤੇ ਚਾਹੁਣ ਵਾਲੇ ਸਾਥ ਰੱਖਦੇ ਨੇ। ਸਭ ਤੋਂ

ਅੰਤਿਮ ਸ੍ਰੇਣੀ ਹੈ ਬੁਢਾਪਾ, ਜਿਸ ਵਿੱਚ ਪਿਆਰ ਕਿਸਮਤ ਨਾਲ ਮਿਲਦਾ ਹੈ, ਤੇ ਕੁਝ ਚੁਣਵੇਂ ਹੀ ਸਾਥ ਦੇਂਦੇ ਨੇ। ਚੰਨਣ ਸਿੰਘ ਦੇ ਅੰਤਿਮ ਸਮੇਂ ਤੱਕ ਉਸਦੀ ਨੂੰਹ ਤੇ ਉਸਦਾ ਪੁੱਤਰ ਕੰਧ ਬਣ ਕੇ ਉਸਦੇ ਨਾਲ ਖੜ੍ਹੇ ਰਹੇ। ਨਿਸ਼ਕਾਮ ਸੇਵਾ ਕਰਦੇ ਰਹੇ। ਚੰਨਣ ਸਿੰਘ ਵਡਭਾਗੀ ਸੀ ਜੋ ਉਸਨੂੰ ਕਸ਼ਮੀਰ ਜਿਹਾ ਪੁੱਤਰ ਮਿਲਿਆ। ਨਹੀਂ ਤਾਂ ਹਜ਼ਾਰਾਂ ਹੀ ਬੁਜਰਗ ਰੁਲਦੇ ਦੇਖੇ ਨੇ ਜਿਨ੍ਹਾਂ ਦੀ ਸਾਂਭ ਸੰਭਾਲ ਕੋਈ ਨਹੀਂ ਕਰਦਾ। ਜੋ ਜ਼ਤੀਮ ਖਾਨਿਆਂ ਵਿੱਚ ਨੇ। ਜਿਨ੍ਹਾਂ ਦੇ ਵਾਰਿਸ ਹੋਣ ਦੇ ਬਾਵਜੂਦ ਵੀ ਕੋਈ ਉਹਨਾਂ ਨੂੰ ਸਾਂਭਣ ਲਈ ਤਿਆਰ ਨਹੀਂ। ਮਾਂ ਬਾਪ ਦੀ ਸੇਵਾ ਸਭ ਤੋਂ ਉੱਤਮ ਕਹਿ ਸਕਦੇ ਹਾਂ। ਸੇਵਾ ਤਾਂ ਸੇਵਾ ਹੈ ਭਾਵੇਂ ਘਰੇ ਕਰ ਲਵੋ ਭਾਵੇਂ ਬਾਹਰ।

ਚੰਦਨ ਨਾਂ ਚਿਠਦਾ

ਪ੍ਰੋ ਮਨ ਸਿੰਘ ਭੱਟੀ

ਚੰਦਨ ਕਾ ਬਿਰਵਾ

ਰੀਤ ਨਾਲ ਮੇਰੀ ਮੁਲਾਕਾਤ, ਮੇਰੀ ਇੱਕ ਦੋਸਤ ਨੇ ਕਰਵਾਈ। ਮੈਨੂੰ ਗੱਲਾਂ ਦਾ ਕੜਾਹ ਕਰਨ ਦੀ ਆਦਤ ਹੈ। ਉਹ ਮੇਰੀਆਂ ਬਹੁਤ ਗੱਲਾਂ ਤੋਂ ਪ੍ਰਭਾਵਿਤ ਹੋਈ। ਜਿਸ ਕਰਕੇ ਉਸਨੇ ਮੇਰੀ ਦੋਸਤ ਤੋਂ ਮੇਰਾ ਫੋਨ ਨੰਬਰ ਲਿਆ ਤੇ ਵੱਟਸਐੱਪ ਤੇ ਸੰਦੇਸ਼ ਭੇਜਿਆ। ਮੈਂ ਜਾਣਦਾ ਸੀ ਇਹ ਰੀਤ ਦਾ ਹੀ ਸੰਦੇਸ਼ ਹੈ। ਕਿਉਂਕਿ ਉਹ ਮੇਰੇ ਲਈ ਇੱਕ ਨਵਾਂ ਸ਼ਿਕਾਰ ਸੀ। ਮੈਂ ਅਣਜਾਣ ਬਣਨ ਦੀ ਕੋਸ਼ਿਸ਼ ਕੀਤੀ ਤੇ ਸੰਦੇਸ਼ ਦਾ ਜੁਆਬ ਦਿੱਤਾ..

ਹਾਂਜੀ ਕੋਣ?

ਜੁਆਬ ਆਇਆ..

ਮੈਂ ਰੀਤ।

ਮੈਂ ਜੁਆਬ ਦਿੱਤਾ..

ਹਾਂਜੀ ਕਿਵੇਂ ਹੋ?

ਜੁਆਬ ਆਇਆ..

ਵਧੀਆ। ਆਪ ਕਿਵੇਂ?

ਇਸ ਤਰ੍ਹਾਂ ਹੋਰ ਕਈ ਗੱਲਾਂ ਹੋਈਆਂ। ਉਹ ਮੇਰੇ ਬਾਰੇ ਹੋਰ ਜਾਣਨਾ ਚਾਹੁੰਦੀ ਸੀ। ਤੇ ਮੈਂ ਤਾਂ ਬਸ ਜਾਣਨ ਦਾ ਦਿਖਾਵਾ ਕਰ ਰਿਹਾ ਸੀ। ਗੱਲਾਂ ਬੜੀ ਦੇਰ ਤੱਕ ਚੱਲੀਆਂ। ਉਹ ਲਿਖਦੀ ਸੀ। ਉਸਨੇ ਆਪਣੀਆਂ ਲਿਖੀਆਂ ਕੁਝ ਕਵਿਤਾਵਾਂ ਮੈਨੂੰ ਭੇਜੀਆਂ। ਲਿਖਦੀ ਸੋਹਣਾ ਸੀ। ਪਰ ਮੈਂ ਉਸਦੇ ਲਿਖਣ ਤੋਂ ਕੀ ਲੈਣਾ ਸੀ ਭਲਾ। ਮੈਨੂੰ ਤਾਂ ਉਸਦੇ ਸਰੀਰਕ ਢਾਂਚੇ ਨੂੰ ਦੇਖ ਵੱਧਦੀ ਕਾਮਵਾਸਨਾ ਨੂੰ ਠੰਡਾ ਕਰਨ ਦੀ ਤਲਬ ਸੀ। ਕਾਮ ਬਹੁਤ ਭਾਰੂ ਸੀ ਮੇਰੇ ਤੇ। ਸਿਰਫ ਰੀਤ ਲਈ ਨਹੀਂ ਬਲਕਿ ਹੋਰਾਂ ਔਰਤਾਂ ਲਈ ਵੀ। ਔਰਤਾਂ ਨੂੰ ਦੇਖ ਮੈਂ ਮਚਲ ਉੱਠਦਾ ਸੀ। ਮੈਂ ਹੁਣ ਤੱਕ ਆਪਣੇ ਤੋਂ ਕਈ ਛੋਟੀ ਉਮਰ ਤੇ ਕਈ ਵੱਡੀ ਉਮਰ ਦੀਆਂ ਔਰਤਾਂ ਨਾਲ ਸੰਬੰਧ ਬਣਾ ਚੁਕਾ ਸੀ। ਮੇਰਾ ਇਸ ਉਪਰ ਕੋਈ ਨਿਅੰਤਰਣ ਨਹੀਂ ਸੀ।

ਖੈਰ ਗੱਲ ਰੀਤ ਦੀ ਕਰਦੇ ਹਾਂ। ਉਸਨੂੰ ਪਹਿਲੀ ਨਜ਼ਰ ਵਿੱਚ ਦੇਖਦੇ ਹੀ ਉਹ ਮੇਰੀ ਅੱਖ ਤੇ ਵਹਿਸ਼ੀ ਸੋਚ ਦਾ ਸ਼ਿਕਾਰ ਹੋ ਗਈ। ਸੋਚਿਆ ਇਹ ਇੱਕ ਖੂਬਸੂਰਤ ਕਲੀ ਹੈ ਜਿਸਦਾ ਅਨੰਦ ਕੋਈ ਹੋਰ ਕਿਉਂ ਲਵੇ। ਮੈਂ ਉਸਨੂੰ ਫੁੱਲ ਬਣਨ ਤੋਂ ਪਹਿਲਾਂ ਹੀ ਰੋਂਦ ਦੇਣ ਦੀਆਂ ਕੋਸ਼ਿਸ਼ਾ ਵਿੱਚ ਲੱਗ ਗਿਆ। ਰੀਤ ਨੇ ਮੈਨੂੰ ਆਪਣੀ ਲਿਖੀ ਕਵਿਤਾ ਭੇਜੀ। ਜਿਸ ਵਿੱਚ ਉਸਦੇ ਚਾਅ ਤੇ ਮਨ ਦੀਆਂ ਭਾਵਨਾਵਾਂ

ਦੀ ਗੱਲ ਕੀਤੀ ਗਈ ਸੀ। ਕਵਿਤਾ ਸੋਹਣੀ ਸੀ। ਮੈਨੂੰ ਪਸੰਦ ਵੀ ਆਈ। ਜੋ ਇਸ ਪ੍ਰਕਾਰ ਸੀ..

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜ੍ਹਾ ਏ।

ਦੁਨੀਆ ਕਿੰਨੇ ਰੰਗਾਂ ਦਾ ਮੇਲਾ ਏ,

ਅਦਭੁਤ ਰੰਗ ਨਜ਼ਾਰੇ ਹੋਣ,

ਬਿਨਾਂ ਰੰਗਾਂ ਦੁਨੀਆ ਬੇ-ਸੁਆਦ ਜਿਹੀ,

ਚਹੁ ਪਾਸੀ ਪਏ ਖਿਲਾਰੇ ਹੋਣ,

ਤੇਰਾ ਐਸਾ ਰੰਗ ਪਿਆਰਾ ਏ,

ਬਿਨ ਚਾਹਿਆ ਪੈ ਗਿਆ ਜੂੜ੍ਹਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜ੍ਹਾ ਏ।

ਬੇ-ਮੁੱਖ ਸੀ ਮੈਂ ਮਹੁਬੱਤ ਤੋਂ,

ਤੂੰ ਇਕ ਅਜੀਬ ਅਹਿਸਾਸ ਕਰਾਇਆ ਏ,

ਤੈਨੂੰ ਜਾਣ ਕੇ ਸਮਝ ਸਕੀ,

ਮੈਂ ਕੀ-ਕੀ ਹੋਰ ਗਵਾਇਆ ਏ,

ਮੈਂ ਬਣਜਾ ਖੀਰ ਸੁਆਦੀ ਜਿਹੀ,

ਜੇ ਤੂੰ ਗੁੜ ਦਾ ਮਿੱਠਾ ਪੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਮੈਂ ਅਣਜਾਣ ਦੇਸ਼ ਤੋਂ ਆਈ ਹਾਂ,

ਇਸ ਜੱਗ ਤੇ ਖੇਡ ਤਮਾਸ਼ੇ ਲਈ,

ਰੱਬ ਭੇਜਿਆ ਮੈਨੂੰ ਤੇਰੇ ਲਈ,

ਉਧਾਰ ਲੈਣ ਤੇਰੇ ਦਿਲਾਸੇ ਲਈ,

ਤੂੰ ਸਾਗਰ ਦਾ ਸੁੱਚਾ ਮੋਤੀ ਤੇ,

ਮੈਂ ਚਿੱਕੜ ਨਾਲ ਭਰਿਆ ਕੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਮੇਰੇ ਦਿਲ ਦੀ ਇਕ ਖੁਆਇਸ਼ ਏ,

ਇਕ ਵਾਰ ਮੈਂ ਤੇਰੀ ਹੋ ਜਾਵਾਂ,

ਹਰ ਦੇ ਕੇ ਕੀਮਤ ਬਹੁਮੁੱਲੀ ਜਿਹੀ,

ਬਸ ਤੇਰੇ ਵਿੱਚ ਹੀ ਖੋ ਜਾਵਾਂ,,

ਤੂੰ ਸਿਹਰਾ ਬੰਨ ਮੇਰੇ ਕੋਲ ਖੜੇ,

ਮੈਂ ਪਾਵਾਂ ਸ਼ਗਨਾਂ ਦਾ ਚੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਪਰ ਮੈਨੂੰ ਉਸਦੀਆਂ ਕਵਿਤਾਵਾਂ ਨਾਲੋਂ ਜਿਆਦਾ ਉਸ ਵਿੱਚ ਰੁਚੀ ਸੀ। ਉਹ ਥੋੜੇ ਅੜਬ ਸੁਭਾਅ ਦੀ ਸੀ। ਅਜਾਦ ਸੋਚ ਵਾਲੀ। ਉਸਦੀਆਂ ਗੱਲਾਂ ਤੋਂ ਮੈਂ ਪ੍ਰਭਾਵਿਤ ਜਰੂਰ ਹੁੰਦਾ ਸੀ। ਪਰ ਮੇਰਾ ਅਖੀਰ ਟੀਚਾ ਉਸਨੂੰ ਹਾਸਿਲ ਕਰਨਾ ਸੀ ਨਾ ਕਿ ਉਸਦੀਆਂ ਯੋਜਨਾਵਾਂ ਦਾ ਹਿੱਸਾ ਹੋਣਾ। ਉਸ ਨਾਲ ਇਸ ਪ੍ਰਕਾਰ ਦੀਆਂ ਗੱਲਾਂ ਹੋਣੀਆਂ ਜਿਵੇਂ ਦੁਨੀਆਂ ਵਿੱਚ ਮੇਰੇ ਤੋ ਮਹਾਨ ਇਨਸਾਨ ਕੋਈ ਨਾ ਹੋਵੇ। ਤੇ ਉਹ ਮੇਰੀ ਹਰ ਗੱਲ ਮੰਨਦੀ ਵੀ। ਆਪਣੀਆਂ ਗੱਲਾਂ ਦਾ ਪ੍ਰਭਾਵ ਹੁੰਦਾ ਦੇਖ ਮੈਂ ਉਸਨੂੰ ਸੰਦੇਸ਼ ਭੇਜਿਆ ਕਿ ਆਪਾ ਨੂੰ ਮਿਲਣਾ ਚਾਹੀਦਾ ਹੈ। ਹਾਲਾ ਕਿ ਉਸਨੇ ਅਜੇ ਤੱਕ ਪਿਆਰ ਦਾ ਇਜਹਾਰ ਨਹੀਂ ਸੀ ਕੀਤਾ। ਪਰ ਮੈਂ ਆਪਣੇ ਤਰੀਕਿਆਂ ਅਨੁਸਾਰ ਕੰਮ ਕਰਦਾ ਸੀ। ਤੇ ਕੋਈ ਵੀ ਐਸਾ ਨਹੀਂ ਸੀ ਜਿਸ ਤੇ ਇਹ ਤਰੀਕਾ ਕੰਮ ਨਾ ਕਰਦਾ ਹੋਵੇ। ਅਸੀਂ ਐਤਵਾਰ ਨੂੰ ਹਵੇਲੀ ਵਿੱਚ ਮਿਲਣ ਦਾ ਨਿਸਚਾ ਕੀਤਾ। ਹਵੇਲੀ ਇੱਕ ਵਧੀਆ ਜਗ੍ਹਾ ਹੈ। ਜਿੱਥੇ ਖੂਬਸੂਰਤ ਮਾਹੋਲ ਕਾਰਨ ਕਿਸੇ ਵੀ ਔਰਤ ਨੂੰ ਆਪਣੇ ਵੱਲ ਉਤੇਜਿਤ ਕਰਨਾ ਅਸਾਨ ਸੀ। ਦਿਨ ਬੀਤੇ ਤੇ ਐਤਵਾਰ ਦਾ ਦਿਨ ਆ ਗਿਆ। ਸ਼ਾਮ ਨੂੰ ਮਿਲਣਾ ਤੈਅ ਹੋਇਆ। ਮੈਂ ਠਾਠ ਬਾਠ ਨਾਲ ਤਿਆਰ ਹੋ ਹਵੇਲੀ ਪਹੁੰਚ ਗਿਆ। ਤੇ ਉਸਦੇ ਆਉਣ ਦੀ ਉਡੀਕ ਕਰਨ ਲੱਗਾਂ। ਕਰੀਬ ਦਸ ਪੰਦਰਾਂ ਮਿੰਟ ਉਡੀਕ ਕਰਨ ਪਿੱਛੋਂ

ਇੱਕ ਕੁੜੀ ਸਕੂਟਰੀ ਤੇ ਆਈ। ਜਿਸਨੇ ਜ਼ੀਨ ਦੀ ਪੈਂਟ, ਗਲ ਲੈਦਰ ਦੀ ਜੈਕਟ, ਖੁੱਲੇ ਹੋਏ ਵਾਲ, ਪੈਰੀ ਉੱਚੇ ਉੱਚੇ ਬੂਟ, ਅੱਖਾਂ ਤੇ ਐਨਕਾਂ ਲਾਈਆਂ ਹੋਈਆਂ ਸਨ। ਲਾ ਜੁਆਬ। ਉਸਨੂੰ ਦੇਖ ਮੈਂ ਹੋਰ ਉਤੇਜਨਾ ਨਾਲ ਭਰ ਗਿਆ। ਉਹ ਮੇਰੇ ਕੋਲ ਆਈ ਤੇ ਮੇਰੇ ਨਾਲ ਹੱਥ ਮਿਲਾਇਆ। ਹਾਲ ਚਾਲ ਪੁੱਛਿਆ ਤੇ ਅਸੀਂ ਇੱਕ ਜਗ੍ਹਾ ਤੇ ਜਾ ਬੈਠ ਗਏ। ਮੈਂ ਬੋਲਿਆ..

ਮੈਂ - ਹੋਰ ਘਰੇ ਸਭ ਕਿਵੇਂ?

ਰੀਤ - ਹਾਂਜੀ ਵਧੀਆ ਸਭ। ਆਪ ਸੁਣਾਉ।

ਮੈਂ - ਅੱਠੋ ਅੱਠ।

ਰੀਤ - ਮਤਲਬ।

ਮੈਂ - ਮਤਲਬ ਵਧੀਆ ਤੋਂ ਵੀ ਵਧੀਆ।

ਉਹ ਮੁਸਕਰਾਈ ਤੇ ਫਿਰ ਹੋਰ ਗੱਲਾਂ ਹੋਈਆਂ ਫਿਰ ਮੈਂ ਬੋਲਿਆਂ..

ਮੈਂ - ਕੀ ਖਾਵੋਗੇ?

ਰੀਤ - ਹਾਲੇ ਤਾਂ ਕੁਝ ਨਹੀਂ ਖਾਣਾ, ਠਹਿਰ ਕੇ ਖਾਂਦੇ ਆ।

ਮੈਂ - ਠੀਕ ਆ। ਜਿਵੇਂ ਆਪ ਕਹੋ।

ਰੀਤ - ਆਪ ਨੂੰ ਜਿਆਦਾ ਇੰਤਜ਼ਾਰ ਤਾਂ ਨਹੀਂ ਕਰਨਾ ਪਿਆ?

ਮੈਂ - ਹਾਂ ਬਹੁਤ ਕਰਨਾ ਪਿਆ।

ਰੀਤ - ਮੁਆਫ ਕਰਨਾ। ਘਰੋਂ ਨਿਕਲਦਿਆਂ ਦੇਰੀ ਹੋ ਗਈ।

ਮੈਂ - ਇਸਦੀ ਸਜਾ ਮਿਲੂ।

ਰੀਤ - ਕੀ?

ਮੈਂ - ਸਮਾਂ ਆਉਣ ਤੇ ਦੱਸਾਂਗੇ।

ਰੀਤ - ਠੀਕ ਆ ਕੋਈ ਨੀ। ਹਰ ਸਜਾ ਮਨਜੂਰ।

ਮੈਂ - ਅੱਛਾ ਜੀ। ਵੈਸੇ ਮੈਂ ਆਪ ਨੂੰ ਪੁੱਛਿਆ ਨਹੀਂ, ਹਵੇਲੀ ਦਾ ਖਾਣ ਪੀਣ ਪਸੰਦ ਹੈ? ਕਿਤੇ ਮੈਂ ਆਪਣੀ ਮਨ ਆਈ ਤਾਂ ਨਹੀਂ ਕਰ ਲਈ।

ਰੀਤ - ਨਹੀਂ ਠੀਕ ਆ। ਵੈਸੇ ਮੈਂ ਘੱਟ ਹੀ ਖਾਂਦੀ ਹਾਂ ਬਾਹਰੋ। ਪਰ ਕੋਈ ਨਾ ਠੀਕ ਆ। ਅੱਜ ਖਾ ਲਵਾਂਗੇ।

ਮੈਂ - ਚਲੋ ਕੁਝ ਖਾਂਦੇ ਹਾਂ, ਮੈਨੂੰ ਭੁੱਖ ਲੱਗੀ ਏ।

ਉਹ ਮੁਸਕਰਾਈ ਤੇ ਬੋਲੀ..

ਰੀਤ - ਕਿਉਂ ਘਰਦੇ ਰੋਟੀ ਨਹੀਂ ਦੇਂਦੇ।

ਮੈਂ - ਕਿੱਥੇ ਯਾਰ। ਵਿਹਲੇ ਬੰਦੇ ਆ। ਤਰਲੇ ਮਾਰ ਕੇ ਰੋਟੀ ਖਾਣੀ ਪੈਂਦੀ।

ਰੀਤ - ਹਾ ਹਾ ਹਾ ਹਾ ਹਾ.. ਅੱਛਾ ਜੀ।

ਮੈਂ - ਮਜ਼ਾਕ ਕਰ ਰਹਾਂ। ਅੱਜ ਤੇ ਮੈਨੂੰ ਚਾਅ ਬੜਾ ਸੀ ਆਪ ਨੂੰ ਮਿਲਣ ਦਾ। ਸਾਰਾ ਦਿਨ ਭੁੱਖ ਹੀ ਨੀ ਲੱਗੀ। ਪਰ ਹੁਣ ਆਪ ਨੂੰ ਵੇਖ ਭੁੱਖ ਵਧ ਗਈ।

ਰੀਤ - ਅੱਛਾ ਜੀ। ਮੈਨੂੰ ਵੇਖ ਭੁੱਖ ਵਧ ਗਈ। ਕਿੱਦਾਂ ਦੀ ਭੁੱਖ?

ਮੈਂ - ਹਰ ਤਰਾਂ ਦੀ।

ਰੀਤ - ਓ ਅੱਛਾ।

ਮੈਂ - ਮਜ਼ਾਕ ਕਰ ਰਹਾਂ ਯਾਰ। ਚਲੋ ਕੁਝ ਖਾਂਦੇ ਹਾਂ। ਕੀ ਖਾਵੋਗੇ ਆਪ?

ਰੀਤ - ਭੁੱਖ ਤੇ ਆਪ ਨੂੰ ਲੱਗੀ ਏ। ਜੋ ਮਰਜ਼ੀ ਮੰਗਵਾ ਲਵੋ।

ਮੈਂ - ਮਤਲਬ ਰੋਟੀ ਖਾਵੋਗੇ ਜਾਂ ਕੁਝ ਹੋਰ?

ਰੀਤ - ਰੋਟੀ ਖਾਂਦੇ ਹਾਂ। ਬਾਕੀ ਫਿਰ ਦੇਖਾਂਗੇ।

ਮੈਂ - ਠੀਕ ਆ।

ਅਸੀਂ ਦੋਨੋਂ ਹਵੇਲੀ ਦੇ ਅੰਦਰ ਚਲੇ ਗਏ। ਤੇ ਇੱਕ ਟੇਬਲ ਤੇ ਜਾ ਬੈਠੇ। ਇੱਕ ਕਰਮਚਾਰੀ ਆਇਆ ਤੇ ਅਸੀਂ ਇੱਕ ਦੋ ਸਬਜੀਆਂ ਤੇ ਕੁਝ ਰੋਟੀਆਂ ਲਿਆਉਣ ਲਈ ਕਿਹਾ। ਕਰੀਬ ਦਸ ਕੁ ਮਿੰਟ ਬਾਅਦ ਉਹ ਸਾਰੇ ਪਕਵਾਨ ਪਰੋਸਣ ਲੱਗੇ। ਇਸ ਦੌਰਾਨ ਅਸੀਂ ਕਈ ਗੱਲਾਂ ਕੀਤੀਆਂ। ਮੈਂ ਕੁਝ ਐਸੇ ਵਿਚਾਰ ਰੱਖੇ ਜਿੰਨਾਂ ਤੋਂ ਉਹ ਬਹੁਤ ਪ੍ਰਭਾਵਿਤ ਹੋਈ। ਮੇਰਿਆਂ ਵਿਚਾਰਾਂ ਤੇ ਵਰਤਾਵ ਨੂੰ ਦੇਖ ਉਸਦੀਆਂ ਅੱਖਾਂ ਵਿੱਚ ਚਮਕ ਸੀ। ਤੇ ਇਹ ਚਮਕ ਮੈਂ ਪਹਿਲੀ ਵਾਰ ਕਿਸੇ ਕੁੜੀ ਦੀਆਂ ਅੱਖਾਂ ਵਿੱਚ ਨਹੀਂ ਸੀ ਦੇਖ ਰਿਹਾਂ। ਇਸ ਦੌਰਾਨ ਮੈਂ ਬਸ ਖੁਦ ਨੂੰ ਚੰਗਾ ਦਿਖਾਉਣ ਦਾ ਯਤਨ ਕਰ ਰਿਹਾਂ ਸੀ ਪਰ ਉਹ ਮੇਰੇ ਤੋਂ ਕਿਤੇ ਵੱਧ ਗੁਣਾ ਭਰਪੂਰ ਤੇ ਚੰਗੇ ਵਿਚਾਰਾਂ ਵਾਲੀ ਸੀ। ਪਰ ਮੇਰਾ ਸੁਭਾਅ ਇਹਨਾਂ ਚੀਜ਼ਾਂ ਦੇ ਪ੍ਰਭਾਵ ਤੋਂ ਕਿਤੇ ਵੱਖਰਾ ਸੀ। ਮੈਨੂੰ ਕੋਈ ਫਰਕ ਨਹੀਂ ਸੀ।

ਉਸ ਮੁਲਾਕਾਤ ਦੌਰਾਨ ਅਸੀਂ ਕਈ ਤਰਾਂ ਦੇ ਲਜ਼ੀਜ ਪਕਵਾਨਾਂ ਦਾ ਅਨੰਦ ਲਿਆ। ਹਾਸੇ ਮਜ਼ਾਕ ਕੀਤੇ। ਕਰੀਬ ਦੋ

ਢਾਈ ਘੰਟੇ ਇਕੱਠਿਆਂ ਗੁਜ਼ਾਰੇ। ਇਹ ਬਹੁਤ ਵਕਤ ਹੁੰਦਾ ਸੀ। ਕਿਸੇ ਤੇ ਵੀ ਆਪਣੀ ਛਾਪ ਛੱਡਣ ਦਾ। ਤੇ ਮੈਨੂੰ ਯਕੀਨ ਸੀ ਕਿ ਮੇਰੀ ਛਾਪ ਰੀਤ ਤੇ ਛੱਪ ਚੁੱਕੀ ਹੈ। ਉਹ ਮੈਨੂੰ ਅਲਵਿਦਾ ਕਹਿ ਆਪਣੇ ਘਰ ਚਲੀ ਗਈ ਤੇ ਮੈਂ ਆਪਣੇ ਘਰ ਆ ਗਿਆ। ਰਾਤ ਨੂੰ ਸਾਡੀ ਫੋਨ ਤੇ ਕੋਈ ਗੱਲਬਾਤ ਨਾ ਹੋਈ।

ਅਗਲੀ ਸਵੇਰ ਮੈਂ ਕਰੀਬ ਛੇ ਵਜੇ ਉੱਠਿਆ। ਫੋਨ ਦੇਖਿਆ ਤਾਂ ਕਰੀਬ ਦਸ ਬਾਰਾਂ ਸੰਦੇਸ਼ ਸਨ। ਤੇ ਸਾਰੇ ਦੇ ਸਾਰੇ ਰੀਤ ਦੇ। ਮੈਂ ਆਪਣੀ ਸੋਚ ਅਨੁਸਾਰ ਬਿਲਕੁਲ ਠੀਕ ਸੀ। ਉਹ ਸਾਰੀ ਰਾਤ ਮੇਰੇ ਬਾਰੇ ਸੋਚਦੀ ਰਹੀ ਹੋਵੇਗੀ ਤੇ ਮੇਰੇ ਨਾਲ ਪਿਆਰ ਪਾ ਲਿਆ ਹੋਵੂ। ਮੇਰੇ ਲਈ ਇਹ ਆਮ ਗੱਲ ਸੀ। ਏਵੇਂ ਹੀ ਹੋਇਆ। ਉਸਨੇ ਸਾਰੇ ਸੰਦੇਸ਼ਾ ਵਿੱਚ ਮੇਰੀਆਂ ਤਰੀਫਾਂ ਕੀਤੀਆਂ। ਮੇਰਿਆਂ ਵਿਚਾਰਾਂ ਨੂੰ ਅਪਣਾਉਣ ਬਾਰੇ ਕਿਹਾ। ਮੇਰੇ ਲਈ ਵੱਧਦੇ ਜਾ ਰਹੇ ਪਿਆਰ ਦਾ ਪ੍ਰਗਟਾਵਾ ਕੀਤਾ। ਜਿਵੇਂ ਮੈਂ ਪਹਿਲਾਂ ਜਾਣਦਾ ਸੀ ਕਿ ਏਵੇਂ ਹੀ ਹੋਵੇਗਾ। ਮੈਂ ਬਿਨਾਂ ਕੋਈ ਦੇਰੀ ਕੀਤੇ ਇੱਕ ਖਿੜਦੇ ਚਿਹਰੇ ਵਾਲਾ ਚਿੱਤਰ ਭੇਜਿਆ ਤੇ ਉਸਦੀ ਹਾਂ ਵਿੱਚ ਹਾਂ ਮਿਲਾਈ। ਮੈਂ ਆਪਣੀਆਂ ਯੋਜਨਾਵਾਂ ਅਨੁਸਾਰ ਹੁਣ ਤੱਕ ਖਰਾ ਉੱਤਰਿਆਂ ਸੀ।

ਉਸਦੇ ਪਿਆਰ ਦੀ ਹੱਦ ਦਿਨੋਂ ਦਿਨ ਵੱਧ ਰਹੀ ਸੀ। ਉਹ ਸਾਰਾ ਸਾਰਾ ਦਿਨ ਮੇਰੇ ਨਾਲ ਫੋਨ ਤੇ ਗੱਲ ਕਰਦੀ। ਮੈਨੂੰ ਇਹ ਦੇਖ ਬਹੁਤ ਤਸੱਲੀ ਹੁੰਦੀ। ਇਹੀ ਤਾਂ ਚਾਹੁੰਦਾ ਸੀ ਮੈਂ। ਉਸ ਦਾ ਮੇਰੇ ਪ੍ਰਤੀ ਵੱਧਦਾ ਪਿਆਰ ਚਰਨ ਸੀਮਾਂ ਤੇ ਸੀ ਤਾਂ ਮੈਂ ਦੇਰੀ ਨਾ ਕਰਦੇ ਹੋਏ ਉਸਨੂੰ ਮਿਲਣ ਲਈ ਕਿਹਾ। ਪਹਿਲਾਂ ਇੱਕ ਦੋ ਵਾਰ ਉਸਨੇ ਨਾਂਹ ਕੀਤੀ। ਪਰ ਮੇਰੇ ਪਿਆਰ ਨੂੰ ਸੱਚ ਮੰਨ ਤੇ ਵਿਆਹ ਦੇ ਝਾਂਸੇ ਨੂੰ ਨਾ ਸਮਝ ਉਸਨੇ ਮਿਲਣ ਲਈ ਹਾਂ ਕਰ ਦਿੱਤੀ। ਅਸੀਂ ਇੱਕ ਦਿਨ ਤੈਅ ਕਰ ਲਿਆ। ਮੈਂ ਨਹੀਂ ਜਾਣਦਾ, ਉਹ ਘਰ ਕੀ ਬਹਾਨਾ ਲਾ ਕੇ ਆਈ ਹੋਵੇਗੀ। ਮੈਨੂੰ ਕੋਈ ਫਰਕ ਨਹੀਂ ਸੀ ਪੈਂਦਾ। ਮੈਨੂੰ ਤਾਂ ਬਸ ਹਵਸ ਨਜ਼ਰ ਆ ਰਹੀ ਸੀ। ਸਵੇਰੇ ਕਰੀਬ ਦਸ ਵਜੇ ਦਾ ਸਮਾਂ ਸੀ। ਉਹ ਬਹੁਤ ਖੂਬਸੂਰਤ ਲੱਗ ਰਹੀ ਸੀ। ਮੈਂ ਤਾਂ ਉਸ ਨੂੰ ਆਪਣੀਆਂ ਅੱਖਾਂ ਨਾਲ ਹੀ ਨੋਚ ਖਾਣ ਲਈ ਤਿਆਰ ਸੀ। ਕੱਦ ਕਰੀਬ ਪੰਜ ਫੁੱਟ ਸੱਤ ਜਾਂ ਅੱਠ ਇੰਚ ਹੋਵੇਗਾ। ਮੈਨੂੰ ਮੇਰੇ ਤੋਂ ਮਾਸਾ ਉੱਚੀ ਜਾਪਦੀ ਸੀ। ਭਰਿਆ ਹੋਇਆ ਸਢੋਲ ਸਰੀਰ ਜਿਵੇਂ ਕਿਸੇ ਮੂਰਤੀਕਾਰ ਨੇ ਇੱਕ ਇੱਕ ਅੰਗ ਨੂੰ ਬੜੀ ਰੀਝ ਨਾਲ ਘੜਿਆ ਹੋਵੇ। ਉਸਨੇ ਲਾਲ ਰੰਗ ਦਾ ਬੂਟੀਆਂ ਵਾਲਾਂ ਸੂਟ ਪਾਇਆ ਤੇ ਪੈਰੀ ਸਾਦੀ ਪੰਜਾਬੀ ਜੁੱਤੀ ਪਾਈ ਹੋਈ ਸੀ। ਸੋਹਣੀ ਬਹੁਤ ਸੀ। ਉਸਦੀਆਂ ਛਾਤੀਆਂ ਦੇ ਉਭਾਰ ਤੇ ਤਨ ਦੀ ਬਨਾਵਟ

ਕਾਰਨ ਮੇਰੀ ਉਤੇਜਨਾ ਵਧ ਰਹੀ ਸੀ। ਮੈਂ ਉਸਨੂੰ ਮਿਲਿਆ। ਉਸਦੀਆਂ ਅੱਖਾਂ ਵਿੱਚ ਖੁਸ਼ੀ ਦੀ ਚਮਕ ਸੀ। ਤੇ ਮੇਰੀਆਂ ਅੱਖਾਂ ਵਿੱਚ ਹਵਸ ਦੀ।

ਮੈਂ ਉਸ ਵੱਲ ਵੇਖ ਏਨਾ ਜਿਆਦਾ ਉਤੇਜਿਤ ਹੋ ਗਿਆ ਕਿ ਬਿਨਾਂ ਦੇਰੀ ਕੀਤੇ ਉਸਨੂੰ ਬਿਨਾਂ ਕੁਝ ਪੁੱਛੇ, ਦੱਸੇ, ਇੱਕ ਹੋਟਲ ਵਿੱਚ ਲੈ ਗਿਆ। ਉਸ ਦਿਨ ਨੂੰ ਸਬਦਾਂ ਵਿੱਚ ਬਿਆਨ ਕਰਨਾ ਮੇਰੇ ਵੱਸ ਵਿੱਚ ਨਹੀਂ। ਮੈਂ ਬਸ ਮਸਤ ਹੋ ਗਿਆ। ਉਸ ਨੇ ਜ਼ਰਾ ਵੀ ਮੇਰੀ ਵਿਰੋਧਤਾ ਨਾ ਕੀਤੀ। ਤੇ ਮੇਰੀ ਹਵਸ ਨੂੰ ਪਿਆਰ ਸਮਝਿਆ। ਮੈਂ ਇੱਕ ਭਰਪੂਰ ਜਿਸਮ ਨਾਲ ਖੇਡ ਰਿਹਾ ਸੀ ਤੇ ਉਹ ਪਿਆਰ ਦੇ ਅਨੰਦ ਨਾਲ ਭਰਪੂਰ ਸੀ। ਸਾਰਾ ਦਿਨ ਇੱਕ ਦੂਜੇ ਦੀਆਂ ਬਾਹਾਂ ਵਿੱਚ ਗੁਜ਼ਰ ਗਿਆ। ਸ਼ਾਮ ਹੋਈ, ਅਸੀਂ ਘਰ ਜਾਣ ਲਈ ਕਮਰੇ ਤੋਂ ਬਾਹਰ ਆਏ। ਮੈਨੂੰ ਅਲਵਿਦਾ ਕਹਿਣ ਦੌਰਾਨ ਉਸਦੀਆਂ ਅੱਖਾਂ ਵਿੱਚ ਪਿਆਰ ਦੇ ਨਾਲ ਨਾਲ ਸ਼ਰਮ ਤੇ ਕੁਝ ਖੋ ਜਾਣ ਦਾ ਅਹਿਸਾਸ ਵੀ ਸੀ। ਪਰ ਮੈਨੂੰ ਹਵਸ ਦੇ ਪੁਜਾਰੀ ਨੂੰ ਨਾ ਪਿਆਰ ਸੀ, ਨਾ ਸ਼ਰਮ ਸੀ, ਨਾ ਕਿਸੇ ਚੀਜ ਦੇ ਖੋ ਜਾਣ ਦਾ ਅਹਿਸਾਸ ਤੇ ਨਾ ਹੀ ਖੁੱਦ ਦੇ ਕੰਮਾਂ ਤੇ ਰੋਸ। ਅਸੀਂ ਆਪੋ ਆਪਣੇ ਘਰ ਚਲੇ ਗਏ।

ਉਸਨੇ ਘਰ ਪਹੁੰਚਦੇ ਹੀ ਮੈਨੂੰ ਸੰਦੇਸ਼ ਭੇਜਿਆ। ਮੈਂ ਵੀ ਜੁਆਬ ਦਿੱਤਾ। ਉਸਦੇ ਸੰਦੇਸ਼ ਵਿੱਚ ਬਹੁਤ ਸਾਰਾ ਪਿਆਰ ਦਿਖਾਈ ਦੇਂਦਾ ਸੀ ਤੇ ਮੇਰੇ ਸੰਦੇਸ਼ ਵਿੱਚ ਪਿਆਰ ਲਈ ਸਿਰਫ ਦਿਖਾਵਾ। ਅਸੀਂ ਹੋਰ ਗੱਲਾਂ ਕੀਤੀਆਂ। ਉਹ ਬਹੁਤ ਖੁਸ਼ ਸੀ। ਫਿਰ ਸ਼ੁਭ ਰਾਤਰੀ ਦਾ ਸੰਦੇਸ਼ ਭੇਜ ਅਸੀਂ ਸੌਂ ਗਏ। ਏਸੇ ਤਰਾਂ ਹੀ ਕਈ ਦਿਨ ਗੱਲਬਾਤ ਹੁੰਦੀ ਰਹੀ। ਅਸੀਂ ਬਹੁਤ ਵਾਰ ਜਿਸਮਾਨੀ ਹੋਏ। ਪਰ ਉਸਦੇ ਮੇਰੇ ਨਾਲ ਵਿਆਹ ਦੇ ਸੁਪਨੇ ਦੇਖ ਮੈਂ ਉਸ ਤੋਂ ਦੂਰ ਹੋਣਾ ਸ਼ੁਰੂ ਕਰ ਦਿੱਤਾ। ਉਹ ਦਿਨ ਵਿੱਚ ਪੰਜਾਹ ਸੰਦੇਸ਼ ਭੇਜਦੀ ਪਰ ਮੈਂ ਕਿਸੇ ਦਾ ਜੁਆਬ ਨਾ ਦੇਂਦਾ। ਉਹ ਫੋਨ ਕਰਦੀ ਮੈਂ ਫੋਨ ਵੀ ਨਾ ਚੁੱਕਦਾ। ਬਹੁਤੀ ਵਾਰ ਫੋਨ ਬੰਦ ਕਰ ਦੇਂਦਾ। ਮੈਂ ਉਸ ਤੋਂ ਤੰਗ ਆ ਚੁੱਕਾ ਸੀ। ਕਈ ਕਈ ਬਹਾਨੇ ਘੜ ਉਸ ਤੋਂ ਦੂਰ ਰਹਿੰਦਾ। ਮੈਂ ਉਸ ਤੋਂ ਪਿੱਛਾ ਛਡਾਉਣ ਲਈ ਦੂਸਰੇ ਸ਼ਹਿਰ ਕੰਮ ਲਈ ਚਲਾ ਗਿਆ ਤੇ ਆਪਣਾ ਨੰਬਰ ਬਦਲ ਦਿੱਤਾ। ਉਸ ਤੋਂ ਬਾਅਦ ਕਦੇ ਉਸਦੀ ਸਾਰ ਨਾ ਲਈ। ਦੂਸਰੇ ਸ਼ਹਿਰ ਵਿੱਚ ਮੈਂ ਇੱਕ ਮਕਾਨ ਕਿਰਾਏ ਤੇ ਲੈ ਲਿਆ। ਮੈਨੂੰ ਇੱਥੇ ਰਹਿੰਦਿਆਂ ਕਰੀਬ ਡੇਢ ਸਾਲ ਹੋ ਚੁਕਾ ਸੀ। ਕਾਰੋਬਾਰ ਵਿੱਚ ਵਿਅਸਤ ਹੋ ਗਿਆ। ਸਮੇਂ ਦਾ ਪਤਾ ਹੀ ਨਾ ਲੱਗਾ ਕਦੋਂ ਬੀਤ ਗਿਆ।

ਮੈਂ ਅਕਸਰ ਛੁੱਟੀ ਵਾਲੇ ਦਿਨ ਸ਼ਹਿਰ ਘੁੰਮਣ ਚਲਾ ਜਾਂਦਾ। ਇੱਕ ਪਾਰਕ ਮੈਨੂੰ ਖਾਸ ਪਸੰਦ ਸੀ। ਉੱਥੇ ਜਾਂ ਘੰਟਿਆਂ ਬੱਧੀ ਬੈਠੇ ਰਹਿਣਾ ਤੇ ਲੋਕਾਂ ਨੂੰ ਤਾੜਨਾ। ਖਾਸ ਕਰ ਔਰਤਾਂ ਨੂੰ। ਪਾਰਕ ਮੇਰੇ ਕਿਰਾਏ ਦੇ ਮਕਾਨ ਤੋਂ ਬਹੁਤੀ ਦੂਰ ਨਹੀਂ ਸੀ। ਉੱਥੇ ਬੱਚੇ ਵੀ ਖੇਡਦੇ ਤੇ ਬਜ਼ੁਰਗ ਵੀ। ਮਾਹੋਲ ਖੂਬਸੂਰਤ ਲੱਗਦਾ ਸੀ। ਮੌਸਮ ਭਾਵੇਂ ਕੋਈ ਵੀ ਹੋਵੇ। ਮੈਂ ਉੱਥੇ ਦੇਰ ਤੱਕ ਬੈਠਾ ਰਹਿੰਦਾ ਬਿਨਾਂ ਕਿਸੇ ਨਾਲ ਗੱਲ ਬਾਤ ਕੀਤੇ। ਇਵੇਂ ਹੀ ਛੁੱਟੀ ਵਾਲੇ ਦਿਨ ਮੈਂ ਇੱਕ ਕਿਤਾਬ ਲੈ ਪਾਰਕ ਵਿੱਚ ਚਲਾ ਗਿਆ ਇਹ ਕਿਤਾਬ ਮੈਨੂੰ ਮੇਰੇ ਇੱਕ ਦੋਸਤ ਨੇ ਜਨਮਦਿਨ ਤੇ ਤੋਹਫੇ ਵਜੋਂ ਦਿੱਤੀ ਸੀ। ਉਹ ਮੇਰੀ ਔਰਤਾਂ ਪ੍ਰਤੀ ਹਵਸ ਤੋਂ ਚੰਗੀ ਤਰਾਂ ਵਾਕਿਫ ਸੀ। ਇਹ ਕਿਤਾਬ ਔਰਤਾਂ ਤੇ ਹੋ ਰਹੇ ਅੱਤਿਆਚਾਰ ਤੇ ਸ਼ੋਸ਼ਣ ਤੋਂ ਜਾਣੂ ਕਰਵਾਉਂਦੀ ਸੀ। ਸ਼ਾਇਦ ਉਸਨੇ ਮੇਰੇ ਵਿਵਹਾਰ ਨੂੰ ਦੇਖ ਹੀ ਇਹ ਕਿਤਾਬ ਮੈਨੂੰ ਪੜਨ ਲਈ ਦਿੱਤੀ ਸੀ। ਜਿਸਦੀ ਲੇਖਿਕਾ ਸੁਖਵੀਰ ਕੌਰ ਸੀ। ਮੈਂ ਕਿਤਾਬ ਪੜਨ ਲੱਗਾਂ। ਤਿੰਨ ਚਾਰ ਪੰਨੇ ਹੀ ਪੜੇ ਕਿ ਇੱਕ ਕੁੜੀ ਮੇਰੇ ਕੋਲ ਆ ਬੈਠ ਗਈ। ਮੈਂ ਆਪਣੇ ਧਿਆਨ ਪੜ ਰਿਹਾ ਸੀ। ਜਦੋਂ ਉਹ ਬੈਠੀ ਤਾਂ ਮੈਨੂੰ ਅਹਿਸਾਸ ਹੋਇਆ ਕਿ ਕੋਈ ਨੇੜੇ ਆਇਆ ਹੈ। ਮੈਂ ਉਸ ਵੱਲ ਤੱਕਿਆ ਤੇ ਉਹ ਮੇਰੇ ਵੱਲ ਦੇਖ ਮੁਸਕਰਾਈ। ਮੈਂ ਵੀ ਜੁਆਬ ਵਿੱਚ ਮੁਸਕਰਾਇਆ। ਮੈਂ ਫਿਰ ਤੋਂ

ਕਿਤਾਬ ਪੜਨ ਲੱਗਾ। ਕਿਤਾਬ ਚੰਗੀ ਲੱਗ ਰਹੀ ਸੀ। ਕੋਲ ਬੈਠੀ ਕੁੜੀ ਬੋਲੀ..

ਲੱਗਦਾ ਪੜਦੇ ਬਹੁਤ ਹੋ ਆਪ?

ਮੈਂ - ਨਹੀਂ, ਪਹਿਲੀ ਵਾਰ ਕੁਝ ਪੜ ਰਿਹਾ ਹਾਂ। ਮੇਰੇ ਇੱਕ ਦੋਸਤ ਨੇ ਜਨਮਦਿਨ ਤੇ ਦਿੱਤੀ ਸੀ।

ਕੁੜੀ - ਕਿਵੇਂ ਦੀ ਲੱਗੀ ਫਿਰ?

ਮੈਂ - ਅਜੇ ਤਾਂ ਬਸ ਸ਼ੁਰੂ ਕੀਤੀ ਹੈ। ਵੈਸੇ ਵਧੀਆ ਲੱਗ ਰਹੀ ਏ। ਆਪ ਨੇ ਪੜੀ ਇਹ?

ਕੁੜੀ - ਹਾਂਜੀ।

ਮੈਂ - ਕਿਵੇਂ ਦੀ ਲੱਗੀ?

ਕੁੜੀ - ਮੈਨੂੰ ਤਾਂ ਠੀਕ ਲੱਗੀ। ਬਾਕੀ ਸਭ ਦੀ ਆਪੋ ਆਪਣੀ ਸੋਚ ਹੈ। ਠੀਕ ਹੈ ਵੈਸੇ ਆਪ ਪੂਰੀ ਪੜੋਗੇ ਤਾਂ ਸ਼ਾਇਦ ਫਿਰ ਨਿਸਚਾ ਕਰ ਸਕੋ ਇਸ ਬਾਰੇ।

ਮੈਂ - ਹਾਂਜੀ। ਪੜਨ ਵਿੱਚ ਤਾਂ ਵਧੀਆ ਲੱਗ ਰਹੀ। ਬਾਕੀ ਰੁਚੀ ਬਣੀ ਰਹੀ ਤਾਂ ਜਲਦੀ ਖਤਮ ਕਰ ਦੇਵਾਂਗਾ।

ਕੁੜੀ - ਹਾਂਜੀ। ਇਹ ਤਾਂ ਹੈ।

ਮੈਂ - ਆਪ ਇੱਥੇ ਅਕਸਰ ਆਉਂਦੇ ਹੋ?

ਕੁੜੀ - ਹਾਂ ਕਦੇ ਕਦੇ ਆ ਜਾਈਦਾ। ਜਿਆਦਾਤਰ ਐਤਵਾਰ ਹੀ। ਉਂਝ ਜਦੋਂ ਛੁੱਟੀ ਹੋਵੇ। ਆਪ?

ਮੈਂ - ਮੈਂ ਇੱਥੇ ਕੋਲ ਹੀ ਰਹਿੰਦਾ ਹਾਂ। ਇੱਕ ਕੰਪਨੀ ਵਿੱਚ ਕੰਮ ਕਰਦਾ। ਬਸ ਛੁੱਟੀ ਵਾਲੇ ਦਿਨ ਇੱਥੇ ਆ ਜਾਂਦਾ। ਜੀਅ ਲੱਗਾ ਰਹਿੰਦਾ।

ਕੁੜੀ - ਠੀਕ ਆ। ਕੀ ਨਾਮ ਆਪਦਾ?

ਮੈਂ - ਪ੍ਰੀਤ। ਆਪਦਾ?

ਕੁੜੀ - ਸੁਖ।

ਮੈਂ - ਅੱਛਾ ਜੀ।

ਕੁੜੀ - ਚਲੋ ਪੜੋ ਆਪ। ਫਿਰ ਮਿਲਦੇ ਕਿਤੇ।

ਮੈਂ - ਚੰਗਾ ਜੀ।

ਏਨਾ ਆਖ ਉਹ ਉੱਠ ਕੇ ਚਲੀ ਗਈ ਤੇ ਮੈਂ ਉਸਦੇ ਬਾਰੇ ਬਹੁਤਾ ਕੁਝ ਨਾ ਸੋਚਿਆ। ਮੇਰਾ ਧਿਆਨ ਕਿਤਾਬ ਵਿੱਚ ਸੀ।

ਕਿਤਾਬ ਦੇ ਸਬਦ ਮੇਰੇ ਤੇ ਡੂੰਘਾ ਅਸਰ ਪਾ ਰਹੇ ਸਨ। ਮੈਨੂੰ ਉੱਥੇ ਪੜਦੇ ਨੂੰ ਹੀ ਸ਼ਾਮ ਹੋ ਗਈ। ਹਨੇਰਾ ਹੋਣ ਲੱਗਾ। ਪਰ ਕਿਤਾਬ ਅਜੇ ਵੀ ਬਾਕੀ ਸੀ। ਮੈਂ ਆਪਣੇ ਮਕਾਨ ਵਿੱਚ ਗਿਆ ਤੇ ਰੋਟੀ ਪਾਣੀ ਖਾ ਫਿਰ ਤੋਂ ਪੜਨ ਲੱਗਾ। ਇਹ ਕਿਤਾਬ ਮੈਨੂੰ ਮੇਰੇ ਦੁਆਰਾ ਕੀਤੇ ਗਏ ਔਰਤਾਂ ਦੇ ਸ਼ੋਸ਼ਣ ਤੋਂ ਜਾਣੂ ਕਰਵਾ ਰਹੀ ਸੀ। ਮੇਰੇ ਜਾਣ ਬੁੱਝ ਕੇ ਕੀਤੇ ਗਏ ਜੁਰਮਾਂ ਦਾ ਸਬੂਤ ਇਹ ਕਿਤਾਬ ਸੀ। ਕਿਤਾਬ ਖਤਮ ਹੋ ਗਈ। ਮੈਂ ਰੋਣ ਹਾਕਾ ਹੋ ਗਿਆ ਕਿ ਆਪਣੀ ਜਿੰਦਗੀ ਵਿੱਚ ਮੈਂ ਕਿਸ ਨਜ਼ਰ ਨਾਲ ਪਰਾਈਆਂ ਔਰਤਾਂ ਨਾਲ ਵਿਵਹਾਰ ਕੀਤਾ। ਕਈ ਦਿਨ ਏਸੇ ਬਾਰੇ ਸੋਚਦਾ ਰਿਹਾ। ਕਿਤਾਬ ਵਿੱਚ ਕਈ ਕਵਿਤਾਵਾਂ ਸਨ ਜੋ ਔਰਤਾਂ ਦੇ ਹਰ ਪੱਖ ਨੂੰ ਬਿਆਨ ਕਰਦੀ ਹੈ। ਜਿਸ ਨੇ ਮੈਨੂੰ ਔਰਤਾਂ ਪ੍ਰਤੀ ਸਨਮਾਨ ਕਰਨ ਲਈ ਪ੍ਰੇਰਿਆ। ਇਹ ਹੈ ਉਹ ਕਵਿਤਾ।

ਮੈਂ ਇੱਕ ਔਰਤ ਹਾਂ,

ਮੈਂ ਇੱਕ ਧੀ ਹਾਂ,

ਇੱਕ ਭੈਣ ਹਾਂ,

ਇੱਕ ਪਤਨੀ ਹਾਂ,

ਇੱਕ ਮਾਂ ਹਾਂ,

ਹੋਰ ਕਈ ਰੂਪ ਦੀ ਸ਼ਹੁਰਤ ਹਾਂ,

ਮੈਂ ਇੱਕ ਔਰਤ ਹਾਂ।

ਮੈਂ ਜਦ ਨਵ ਜੰਮੀ ਸੀ,

ਮੇਰਾ ਬਾਬੁਲ ਨਾ-ਖੁਸ਼ ਹੋਇਆ ਸੀ,

ਜਦ ਹੋਈ ਕੁਝ ਜੁਆਨ ਤਾਂ,

ਹਰ ਮਰਦ ਵੇਖ ਕੇ ਖੋਇਆ ਸੀ,

ਮੇਰੇ ਅੰਗ ਪ੍ਰਦਰਸ਼ਨੀ ਲੱਗਦੇ ਸੀ,

ਜਦ ਸੱਜਣਾਂ ਮੈਨੂੰ ਟੋਹਿਆ ਸੀ,

ਦੇਖ ਖੁਦ ਦੀ ਹਾਲਤ ਤਰਸ ਆਵੇ,

ਮਨ ਅੰਦਰੋਂ-ਅੰਦਰੀਂ ਰੋਇਆ ਸੀ,

ਸਭ ਸਮਝਣ ਮੈਨੂੰ ਕੋਈ ਫਰਕ ਨਹੀਂ,

ਇਹ ਮੰਨਦੀ ਆਪਣੀ ਸ਼ਹੁਰਤ ਹਾਂ,

ਮੈਂ ਇੱਕ ਔਰਤ ਹਾਂ।

ਮੈਂ ਆਪਣੀ ਕੁੱਖ ਤੋਂ ਆਦਮੀ ਜਣਨੇ ਨੇ,
ਖੁੱਦ ਨੂੰ ਹੀ ਨੋਚ ਖਾਵਣ ਲਈ,
ਕਿੰਨੇ ਹੀ ਪਰਦੇ ਕਰਦੀ ਹਾਂ,
ਆਪਣੀ ਇੱਜ਼ਤ ਬਚਾਵਣ ਲਈ,
ਮੈਂ ਸਾਕ ਨਿਭਾਵਾਂ ਰੋਹਬ ਵੀ ਝੱਲਾਂ,
ਉਹ ਬੈਠੇ ਮੈਨੂੰ ਢਾਵਣ ਲਈ,
ਮੈਂ ਫਿਰ ਵੀ ਆਦਰ ਕਰਦੀ ਹਾਂ,
ਆਪਣਾ ਪੀਰ ਮਨਾਵਣ ਲਈ,
ਇਹ ਪੀੜ ਝੱਲਣ ਦੇ ਬਾਅਦੋਂ ਵੀ,
ਮੈਂ ਸਮਝਦੀ ਆਪਣੀ ਸ਼ਹੁਰਤ ਹਾਂ,
ਮੈਂ ਇੱਕ ਔਰਤ ਹਾਂ।

ਮੈਂ ਖ਼ੁਦ ਦੀ ਦੁਸ਼ਮਣ ਬਣ ਜਾਂਦੀ,

ਜਦ ਝੱਲਦੀ ਸਿਤਮ ਹਜ਼ਾਰਾਂ ਹਾਂ,

ਮੈਂ ਮਾਸ਼ੂਕ ਬਣਾਂ ਜਾਂ ਪਤਨੀ ਫਿਰ,

ਦਿਖਦੀ ਇਕ ਮੁਜਾਰਾ ਹਾਂ,

ਮੈਨੂੰ ਆਜ਼ਾਦ ਹੋਣ ਦਾ ਹੁਕਮ ਨਹੀਂ,

ਮਰਦਾਂ ਲਈ ਬਸ ਗਵਾਰਾ ਹਾਂ,

ਉਹਨਾਂ ਦੀ ਇਸ ਆਜ਼ਾਦੀ ਦਾ,

ਮੈਂ ਹੀ ਤਾਂ ਇਕ ਦੁਆਰਾ ਹਾਂ,

ਕਿੰਨੇ ਕੁ ਗੁਣ ਗਿਣਾਵਾਂ ਮੈਂ,

ਮੈਂ ਹਰ ਗੁਣ ਭਰਪੂਰ ਸ਼ਹੁਰਤ ਹਾਂ,

ਮੈਂ ਇਕ ਔਰਤ ਹਾਂ।

ਵੈਸੇ ਮੇਰੀ ਕੁਝ ਤਾਂ ਇੱਜ਼ਤ ਹੋਈ ਏ,

ਜਦ ਪੀਰ ਪੈਗੰਬਰਾਂ ਮੈਨੂੰ ਪੂਜਿਆ ਸੀ,

ਮਹਾਨ ਮਰਦਾਂ ਦੀ ਮਾਂ ਹੋਣ ਤੇ,

ਮੇਰਾ ਹੀ ਨਾਂ ਗੂੰਜਿਆ ਸੀ,

ਮੈਂ ਜਗਜਣਨੀ, ਪਾਪ ਹਰਣੀ ਹੋਈ,

ਜਦ ਜੱਗ ਨੂੰ ਲਾਇਆ ਖੂੰਜਿਆ ਸੀ,

ਸਭ ਮਾਣ ਅਪਮਾਨ ਸਵੀਕਾਰ ਮੈਨੂੰ,

ਜੋ ਵੀ ਅੱਜ ਤੱਕ ਹੂੰਝਿਆ ਸੀ,

ਮੇਰੇ ਬਿਨਾਂ ਇਹ ਸੰਸਾਰ ਨਹੀਂ,

ਮੈਂ ਹੀ ਸਭ ਦੀ ਸ਼ਹੁਰਤ ਹਾਂ,

ਮੈਂ ਇੱਕ ਔਰਤ ਹਾਂ,

ਮੈਂ ਇੱਕ ਧੀ ਹਾਂ,

ਇੱਕ ਭੈਣ ਹਾਂ,

ਇੱਕ ਪਤਨੀ ਹਾਂ,

ਇੱਕ ਮਾਂ ਹਾਂ,

ਹੋਰ ਕਈ ਰੂਪ ਦੀ ਸ਼ਹੁਰਤ ਹਾਂ,

ਮੈਂ ਇੱਕ ਔਰਤ ਹਾਂ।

ਇਸ ਕਵਿਤਾ ਦੀਆਂ ਸਤਰਾਂ ਮੇਰੇ ਮਨ ਨੂੰ ਬਾਰ ਬਾਰ ਟੋਲਦੀਆਂ ਸਨ। ਲਾਹਨਤਾਂ ਪਾਉਂਦੀਆਂ ਸਨ। ਮੇਰੀ ਮਰ ਚੁੱਕੀ ਜ਼ਮੀਰ ਉਠਾਉਣ ਦੀ ਜੱਦੋ ਜਹਿਤ ਕਰ ਰਹੀਆਂ ਸਨ। ਮੈਂ ਮਾਨਸਿਕ ਰੂਪ ਵਿੱਚ ਉਸ ਕਿਤਾਬ ਦਾ ਸ਼ਿਕਾਰ ਹੋ ਚੁਕਾ ਸੀ। ਜੋ ਕਿ ਇੱਕ ਚੰਗੀ ਗੱਲ ਸੀ। ਮੈਂ ਹੋਰ ਕਿਤਾਬਾਂ ਵੀ ਪੜ੍ਹਨ ਲੱਗਾ। ਫਿਰ ਇੱਕ ਦਿਨ ਕੰਮ ਤੋਂ ਛੁੱਟੀ ਹੋਣ ਤੇ ਮੈਂ ਓਸੇ ਹੀ ਪਾਰਕ ਵਿੱਚ ਇੱਕ ਨਵੀਂ ਕਿਤਾਬ ਲੈ ਚਲਾ ਗਿਆ। ਮੈਨੂੰ ਇੰਜ ਲੱਗ ਰਿਹਾ ਸੀ ਜਿਵੇਂ ਮੈਂ ਪਹਿਲੀ ਵਾਰ ਪਾਰਕ ਵਿੱਚ ਆਇਆ ਹੋਵਾਂ। ਹਰ ਤਰਫ ਖੂਬਸੂਰਤ ਨਜ਼ਾਰਾ ਸੀ। ਜਿੰਨਾਂ ਔਰਤਾਂ ਨੂੰ ਮੈਂ ਸਿਰਫ ਹਵਸ ਦੀ ਨਜ਼ਰ ਨਾਲ ਦੇਖਦਾ ਸੀ। ਅੱਜ ਉਹਨਾਂ ਦਾ ਅਲੱਗ ਹੀ ਰੂਪ ਦੇਖਣ ਨੂੰ ਮਿਲ ਰਿਹਾ ਸੀ। ਔਰਤਾਂ ਤਾਂ ਓਹੀ ਸਨ ਪਰ ਮੇਰੀ ਸੋਚ ਉਹ ਨਹੀਂ ਸੀ ਤੇ ਨਾ ਹੀ ਨਜ਼ਰ।

ਮੈਂ ਖੁਸ਼ ਸੀ ਆਪਣੀ ਇਸ ਨਵੀਂ ਸੋਚ ਦੇ ਲਈ। ਪਰ ਮੈਂ ਕਦੇ ਭੁੱਲਿਆਂ ਨਹੀਂ ਕਿ ਮੈਂ ਇੱਕ ਮੁਜਿਰਮ ਹਾਂ। ਕਈ ਬੇਗੁਨਾਹ ਔਰਤਾਂ ਦਾ। ਜਿੰਨਾਂ ਦੇ ਮੈਂ ਜਿਸਮ ਨਾਲ ਖੇਡਿਆ, ਪਿਆਰ ਨਾਲ ਖੇਡਿਆ

ਤੇ ਭਾਵਨਾਵਾਂ ਨਾਲ ਖੇਡਿਆਂ। ਪਰ ਹੁਣ ਮੈਂ ਬਦਲ ਰਿਹਾ ਸੀ। ਮੈਂ ਇੱਕ ਨਵੀ ਕਿਤਾਬ ਪੜਨ ਬੈਠਾ। ਪਰ ਪਾਰਕ ਦੀ ਰੌਣਕ ਦੇਖ ਪੜੀ ਨਾ ਗਈ। ਕਿਤਾਬ ਇੱਕ ਪਾਸੇ ਰੱਖ ਮੈਂ ਰੰਗ ਮੰਚ ਦੇਖਣ ਲੱਗਾ। ਅਚਾਨਕ ਫਿਰ ਓਹੀ ਕੁੜੀ ਮੇਰੇ ਕੋਲ ਆ ਗਈ। ਉਸਨੂੰ ਦੇਖ ਮੈਂ ਖੜ ਗਿਆਂ ਤੇ ਬੜੀ ਹੀ ਹਲੀਮੀ ਨਾਲ ਸਤਿ ਸ੍ਰੀ ਅਕਾਲ ਬੁਲਾਈ। ਉਸ ਨੇ ਵੀ ਬੜੇ ਆਦਰ ਨਾਲ ਜੁਆਬ ਦਿੱਤਾ। ਫਿਰ ਉਹ ਬੈਠ ਗਈ ਤੇ ਮੈਨੂੰ ਵੀ ਬੈਠਣ ਲਈ ਕਿਹਾ। ਸੁਖ ਨਾਮ ਸੀ ਉਸਦਾ। ਉਹ ਬੋਲੀ..

ਸੁਖ - ਹੋਰ ਕਿਵੇ ਹੋ?

ਮੈਂ - ਹਾਂਜੀ ਵਧੀਆ। ਆਪ ਕਿਵੇਂ?

ਸੁਖ - ਆਪਾ ਵੀ ਵਧੀਆ।

ਉਸਨੇ ਕੋਲ ਪਈ ਕਿਤਾਬ ਵੱਲ ਵੇਖਿਆ ਤੇ ਬੋਲੀ..

ਸੁਖ - ਨਵੀਂ ਕਿਤਾਬ। ਬੱਲੇ।

ਮੈਂ - ਹਾਂਜੀ, ਪੜਨ ਦੀ ਆਦਤ ਪਾ ਰਿਹਾ ਬਸ।

ਸੁਖ - ਪਹਿਲੀ ਕਰ ਲਈ ਖਤਮ?

ਮੈਂ - ਹਾਂਜੀ।

ਸੁਖ - ਕਿਵੇਂ ਦੀ ਸੀ।

ਮੈਂ - ਬਹੁਤ ਸੋਹਣੀ ਸੀ।

ਸੁਖ - ਬਸ ਸੋਹਣੀ?

ਮੈਂ - ਮਤਲਬ ਮੇਰੇ ਕੋਲ ਸਬਦ ਹੈਨੀ ਉਸ ਦੇ ਲਈ। ਇਹ ਉਹ ਕਿਤਾਬ ਹੈ ਜਿਸਨੇ ਮੇਰੀ ਜਿੰਦਗੀ ਨੂੰ ਨਵੀਂ ਸੇਧ ਦਿੱਤੀ। ਮੈਂ ਬਸ ਸੁਣਦਾ ਹੁੰਦਾ ਸੀ ਕਿ ਕਿਤਾਬਾਂ ਜਿੰਦਗੀ ਬਦਲ ਦੇਂਦੀਆਂ ਨੇ ਪਰ ਉਸ ਕਿਤਾਬ ਨੂੰ ਪੜ ਮੈਨੂੰ ਯਕੀਨ ਤਾਂ ਹੋਇਆ ਹੀ ਪਰ ਸੱਚ ਮੁੱਚ ਹੀ ਮੈਨੂੰ ਬਦਲ ਦਿੱਤਾ।

ਸੁਖ - ਅੱਛਾ। ਜੇ ਏਨੀ ਵਧੀਆ ਲੱਗੀ ਫਿਰ ਉਸਦੀ ਪ੍ਰਸੰਸਾਂ ਲਈ ਉਸਦੀ ਲੇਖਿਕਾ ਨਾਲ ਕਿਉਂ ਸੰਪਰਕ ਨਹੀਂ ਕੀਤਾ। ਨੰਬਰ ਤਾਂ ਹੈ ਸੀ ਉਸਦਾ ਕਿਤਾਬ ਦੇ ਆਖਰ ਵਿੱਚ ਦਿੱਤਾ ਹੋਇਆ।

ਮੈਂ - ਹਾਂ, ਪਰ ਮੈਨੂੰ ਸਮਝ ਨਹੀਂ ਕਿ ਕੀ ਕਹਾਂਗਾ ਉਸ ਬਾਰੇ। ਆਪਣੀ ਕਰਤੂਤਾਂ ਦੱਸਾਂਗਾ ਜਾਂ ਫਿਰ ਉਹਨਾਂ ਤੇ ਮਿੱਟੀ ਪਾਉਣ ਦਾ ਯਤਨ ਕਰਾਂਗਾ।

ਸੁਖ - ਪ੍ਰਸੰਸਾਂ ਵੀ ਕਰ ਸਕਦੇ ਸੀ।

ਮੈਂ - ਉਹ ਮੇਰੇ ਵੱਸ ਦੀ ਗੱਲ ਨਹੀਂ। ਹਾਂ ਧੰਨਵਾਦ ਜਰੂਰ ਕਹਾਂਗਾ। ਉਸਦੀ ਲੇਖਿਕਾ ਨੂੰ ਜੋ ਇਹ ਕਿਤਾਬ ਲਿਖੀ ਤੇ ਵਕਤ ਰਹਿੰਦੇ ਮੈਨੂੰ ਬਦਲਣ ਲਈ ਪ੍ਰੇਰਿਆ।

ਸੁਖ - ਕਰਦੋ ਫਿਰ ਧੰਨਵਾਦ।

ਮੈਂ - ਹਾਂ ਕਰ ਦੇਵਾਂਗਾ। ਕਿਤਾਬ ਤੋਂ ਨੰਬਰ ਲੈ ਸੰਦੇਸ਼ ਭੇਜਾਂਗਾ।

ਸੁਖ - ਸੰਦੇਸ਼ ਭੇਜਣ ਦੀ ਲੋੜ ਨਹੀਂ। ਆਪ ਏਦਾਂ ਵੀ ਧੰਨਵਾਦ ਕਰ ਸਕਦੇ ਹੋ।

ਮੈਂ - ਮੈਂ ਸਮਝਿਆ ਨਹੀਂ।

ਸੁਖ - ਮੈਂ ਹੀ ਹਾਂ ਉਸ ਕਿਤਾਬ ਦੀ ਲੇਖਿਕਾ।

ਮੈਂ ਅਚਨਚੇਤ ਹੋ ਉੱਠਿਆਂ। ਮੇਰੇ ਮੂੰਹ ਚੋਂ ਕੋਈ ਸਬਦ ਨਾ ਨਿਕਲਿਆ। ਉਹ ਬੋਲੀ..

ਸੁਖ - ਤੁਸੀਂ ਕਿਤਾਬ ਦੀ ਲੇਖਿਕਾ ਦਾ ਨਾਮ ਨਹੀਂ ਧਿਆਨ ਨਾਲ ਪੜਿਆ। ਸੁਖਵੀਰ ਕੌਰ। ਮੈਂ ਹੀ ਹਾਂ ਉਹ।

ਉਹ ਮੁਸਕਰਾਈ। ਮੈਂ ਬੜੀ ਸਹਿਮੀ ਆਵਾਜ਼ ਚ' ਬੋਲਿਆਂ।

ਮੈਂ - ਮੁਆਫ ਕਰਨਾ। ਮੈਂ ਸੱਚ ਮੁੱਚ ਨਹੀਂ ਸੀ ਜਾਣਦਾ। ਕਿ ਆਪ ਹੋ। ਆਪ ਨੇ ਆਪਣਾ ਪੂਰਾ ਨਾਮ ਵੀ ਨਹੀਂ ਸੀ ਨਾ ਦੱਸਿਆ। ਇਸ ਲਈ ਧਿਆਨ ਨਹੀਂ ਦਿੱਤਾ। ਉਂਝ ਵੀ ਮੇਰਾ ਧਿਆਨ ਕਿਤਾਬ ਵਿੱਚ ਜਿਆਦਾ ਸੀ। ਬਿਜਾਇ ਲੇਖਿਕਾ ਦੇ।

ਸੁਖ - ਕੋਈ ਗੱਲ ਨੀ। ਮੈਂ ਐਨੀ ਵੀ ਮਸ਼ਹੂਰ ਲੇਖਿਕਾ ਨਹੀਂ। ਬਸ ਇੱਕ ਕਿਤਾਬ ਹੀ ਤਾਂ ਲਿਖੀ ਆ।

ਮੈਂ - ਇੱਕ ਹੀ ਸਵਾ ਲੱਖ ਦੇ ਬਰਾਬਰ ਹੈ। ਮੈਂ ਸੋਚਿਆ ਵੀ ਨਹੀਂ ਸੀ ਕਿ ਇਸਦੀ ਲੇਖਿਕਾ ਨੂੰ ਮਿਲਾਂਗਾ।

ਸੁਖ - ਚਲੋ ਕੋਈ ਗੱਲ ਨੀ। ਸ਼ੁਕਰੀਆ ਆਪ ਦਾ ਜੋ ਆਪ ਨੇ ਕਿਤਾਬ ਪੜ੍ਹੀ।

ਮੈਂ - ਕਿਉਂ ਸ਼ਰਮਿੰਦਾ ਕਰ ਰਹੇ ਹੋ। ਆਪ ਦਾ ਜਿੰਨਾਂ ਧੰਨਵਾਦ ਕੀਤਾ ਜਾਵੇ ਘੱਟ ਹੈ। ਇਸ ਕਿਤਾਬ ਨੇ ਮੇਰੀ ਜਿੰਦਗੀ ਨੂੰ ਨਵੀਂ ਸੇਧ ਦਿੱਤੀ ਹੈ। ਮੇਰੇ ਕੋਲ ਲਫਜ਼ ਨਹੀਂ ਆਪਦਾ ਧੰਨਵਾਦ ਕਰਨ ਲਈ।

ਉਹ ਮੁਸਕਰਾਈ ਤੇ ਮੇਰੇ ਦਿਲੀ ਹਾਲਾਤ ਨੂੰ ਸਮਝਦੇ ਹੋਏ ਦਿਲਾਸਾ ਦਿੱਤਾ। ਫਿਰ ਅਸੀਂ ਕਿਤਾਬ ਬਾਰੇ ਹੋਰ ਕਈ ਗੱਲਾਂ ਕੀਤੀਆਂ। ਉਸਨੇ ਕਿਤਾਬ ਵਿੱਚ ਲਿਖੀਆਂ ਗੱਲਾਂ ਦਾ ਅਸਲ ਅਨੁਵਾਦ ਸਮਝਾਇਆ। ਮੈਂ ਬਸ ਉਸ ਨੂੰ ਸੁਣ ਰਿਹਾ ਸੀ। ਇੰਜ ਲੱਗ ਰਿਹਾ ਸੀ ਜਿਵੇਂ ਕ੍ਰਿਸ਼ਨਾ ਮਹਾਂਭਾਰਤ ਦੇ ਯੁੱਧ ਤੋਂ ਪਹਿਲਾਂ ਅਰਜੁਨ ਨੂੰ ਸੰਸਾਰ ਦੇ ਭੇਦ ਤੋਂ ਜਾਣੂ ਕਰਵਾ ਰਿਹਾ ਹੋਵੇ। ਉਸ ਦੀਆਂ ਗਿਆਨ ਭਰਪੂਰ ਗੱਲਾਂ ਤੇ ਸ਼ਬਦ ਗੀਤਾ ਦੇ ਕਥਨਾਂ ਤੋਂ ਘੱਟ ਨਹੀਂ ਸਨ। ਗੱਲਾਂ ਕਰਦੇ ਕਾਫੀ ਦੇਰ ਹੋ ਗਈ। ਉਸਨੂੰ ਕਿਸੇ ਨੇ ਆਵਾਜ਼ ਲਗਾਈ ਤੇ ਉਹ ਫਿਰ ਕਦੇ ਮਿਲਦੇ ਕਹਿ ਚਲੀ ਗਈ। ਮੈਂ ਉਸਦੀਆਂ ਗੱਲਾਂ ਬਾਰੇ ਸੋਚਦਾ ਰਿਹਾ। ਪਹਿਲੀ ਵਾਰ ਕਿਤੇ ਔਰਤ ਦੀਆਂ ਗੱਲਾਂ ਦਾ ਅਸਰ ਮੇਰੇ ਦਿਲੋਂ ਦਿਮਾਗ ਤੇ ਹੋ ਰਿਹਾ ਸੀ। ਮੈਂ ਆਪਣੇ ਮਕਾਨ ਵਿੱਚ ਗਿਆ ਤੇ ਉਸਦੇ ਬਾਰੇ ਹੀ ਸੋਚਦਾ ਰਿਹਾ। ਮੈਂ ਸੋਚਿਆ ਕਿਉਂ ਨਾ ਉਸਦੇ ਨੰਬਰ ਤੇ ਸੰਦੇਸ਼ ਭੇਜਿਆ ਜਾਵੇ। ਪਰ ਇਹ ਕਰਨਾ ਫਿਰ ਤੋਂ ਹਵਸ ਵੱਲ ਵੱਧਦਾ ਕਦਮ ਲੱਗਿਆ। ਕਈ ਦਿਨ ਬੀਤ ਗਏ। ਕੰਮ ਤੋਂ ਦੇਰੀ ਨਾਲ ਆਉਣਾ ਤੇ ਛੁੱਟੀ ਵੀ ਘੱਟ ਮਿਲਣੀ। ਪਰ ਮੈਨੂੰ ਯਾਦ ਸੀ ਉਹ ਹਰ ਐਤਵਾਰ ਪਾਰਕ ਵਿੱਚ ਜਰੂਰ ਆਉਂਦੀ ਹੈ। ਮੇਰੀ ਉਸਦੇ ਵਿਚਾਰਾਂ ਨੂੰ ਮੁੜ ਸੁਣਨ ਦੀ ਚਾਹਤ ਹੋਈ। ਮੈਂ ਉਸ ਤੋਂ ਬਾਅਦ ਕੋਈ ਹੋਰ ਕਿਤਾਬ

ਪੜਨ ਦੀ ਕੋਸ਼ਿਸ਼ ਨਾ ਕੀਤੀ। ਉਸਦੀਆਂ ਗੱਲਾਂ ਦਾ ਪ੍ਰਭਾਵ ਐਨਾ ਪਿਆ ਕਿ ਮੈਂ ਗੁਰਬਾਣੀ ਪੜਨ ਲੱਗਾ। ਕੀਰਤਨ ਸੁਣਦਾ। ਖੁਦ ਵਿੱਚ ਬਦਲਾਵ ਲਿਆਉਣ ਲੱਗਾ।

ਫਿਰ ਉਹ ਦਿਨ ਮੁੜ ਆ ਗਿਆ। ਜਿਸ ਦਿਨ ਮੈਨੂੰ ਕੰਮ ਤੋਂ ਛੁੱਟੀ ਵੀ ਸੀ ਤੇ ਐਤਵਾਰ ਵੀ ਸੀ। ਮੈਂ ਤੜਕੇ ਉੱਠਿਆਂ, ਬਾਣੀ ਪੜੀ ਤੇ ਵੇਲੇ ਨਾਲ ਹੀ ਪਾਰਕ ਵਿੱਚ ਪਹੁੰਚ ਉਸਦੇ ਆਉਣ ਦੀ ਉਡੀਕ ਕਰਨ ਲੱਗਾ। ਬੜਾ ਵਕਤ ਉਡੀਕ ਕੀਤੀ। ਪਾਰਕ ਬਹੁਤ ਵੱਡੀ ਸੀ। ਮੈਂ ਕਈ ਗੇੜੇ ਮਾਰੇ ਪਰ ਉਹ ਨਜ਼ਰ ਨਾ ਆਈ। ਕਰੀਬ ਤਿੰਨ ਵੱਜ ਗਏ। ਮੈਂ ਪਹਿਲੀ ਵਾਰ ਕਿਸੇ ਦਾ ਏਨੀ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਸੀ। ਅਚਾਨਕ ਮੇਰੀ ਨਜ਼ਰ ਇੱਕ ਕੁੜੀ ਤੇ ਪਈ ਜੋ ਕਿ ਕੁਝ ਬੱਚਿਆਂ ਨਾਲ ਖੇਡ ਰਹੀ ਸੀ। ਬੱਚਿਆਂ ਦੇ ਪਿੱਛੇ ਭੱਜਦੀ ਜਾ ਰਹੀ ਸੀ ਕਾਰ ਸ਼ੈਤਾਨੀਆਂ ਕਰਦੀ ਹੋਈ। ਚਿਹਰੇ ਤੇ ਏਨੀ ਖੂਬਸੂਰਤ ਮੁਸਕਾਨ ਮਾਨੋ ਇੱਕ ਦਮ ਪਾਰਕ ਵਿੱਚ ਹਜਾਰਾਂ ਗੁਲਾਬ ਖਿੜ ਗਏ ਹੋਣ। ਵਾਲ ਖੁੱਲੇ ਹੋਏ। ਫਿੱਕੇ ਰੰਗ ਦਾ ਸੂਟ ਪਾਇਆ ਹੋਇਆ ਸੀ। ਸਾਦਗੀ ਭਰਪੂਰ ਜਿਸਦੀ ਮਿਸਾਲ ਕਿਤੇ ਨਹੀਂ ਸੀ। ਉਸਦੇ ਚਿਹਰੇ ਨੂੰ ਵੇਖ ਮੈਂ ਅਨੰਦਮਈ ਹੋ ਗਿਆ। ਮੈਂ ਕੋਲ ਜਾ ਖੜ ਗਿਆ। ਉਹ ਅਜੇ ਵੀ ਬੱਚਿਆਂ ਨਾਲ ਖੇਡ ਰਹੀ ਸੀ। ਫਿਰ ਥੱਕ ਕੇ ਬੈਠ ਗਈ। ਉਸਦੀ ਨਜ਼ਰ ਮੇਰੇ ਤੇ ਪਈ। ਮੇਰੇ

ਵੱਲ ਵੇਖ ਉਸਨੇ ਹੱਥ ਉੱਚਾ ਕਰ ਇਸ਼ਾਰਾ ਕੀਤਾ। ਮੈਂ ਵੀ ਜੁਆਬ ਵਿੱਚ ਹੱਥ ਹਿਲਾਇਆ। ਫਿਰ ਉਹ ਕਾਹਲੀ ਨਾਲ ਉੱਠੀ ਤੇ ਮੁੜ ਬੱਚਿਆਂ ਵੱਲ ਦੋੜਨ ਦਾ ਦਿਖਾਵਾ ਕੀਤਾ। ਬੱਚੇ ਉਸ ਤੋਂ ਦੂਰ ਭੱਜੇ। ਉਹ ਮੇਰੇ ਕੋਲ ਆਈ। ਤੇ ਬੋਲੀ..

ਸੁਖ - ਕੀ ਹਾਲ ਨੇ ਜਨਾਬ?

ਮੈਂ- ਵਧੀਆ ਜੀ, ਆਪ ਸੁਣਾਓ।

ਸੁਖ - ਦੇਖ ਲਵੋ ਕਿਵੇਂ ਦੇ ਲੱਗ ਰਹੇ ਹਾਂ।

ਮੈ - ਲਾ ਜੁਆਬ।

ਉਸ ਨੇ ਮੇਰੇ ਵੱਲ ਤੱਕਿਆ ਤੇ ਖੁਸ਼ ਹੋਈ। ਮੈਂ ਫਿਰ ਬੋਲਿਆ..

ਮੈਂ - ਬੱਚੇ ਪਸੰਦ ਨੇ ਆਪ ਨੂੰ?

ਸੁਖ - ਹਾਂ, ਕਹਿ ਸਕਦੇ ਹਾਂ।

ਮੈਂ - ਲੱਗਦਾ ਤਾਂ ਹੈ।

ਸੁਖ - ਹੋਰ ਆਪ ਸੁਣਾਉ, ਬੜੇ ਦਿਨਾਂ ਬਾਅਦ ਦਿਖਾਈ ਦਿੱਤੇ?

ਮੈਂ - ਕੁਝ ਨਹੀਂ, ਬਸ ਕੰਮ ਵਿਚ ਵਿਅਸਤ ਸੀ।

ਸੁਖ - ਹਾਂ ਕੰਮ ਜਰੂਰੀ ਨੇ। ਪਰ ਕਦੇ ਕਦੇ ਮਨ ਨੂੰ ਰਾਹਤ ਦੀ ਵੀ ਲੋੜ ਹੈ।

ਮੈਂ - ਰਾਹਤ ਲਈ ਤਾਂ ਆਇਆਂ ਹਾਂ।

ਸੁਖ - ਵਧੀਆ ਗੱਲ ਹੈ। ਆਜੋ ਬੱਚਿਆਂ ਨਾਲ ਖੇਡਦੇ ਹਾਂ।

ਮੈਂ - ਜਰੂਰ।

ਅਸੀਂ ਦੋਨੋਂ ਬੱਚਿਆਂ ਨਾਲ ਖੇਡਣ ਲੱਗੇ। ਕਦੇ ਬੱਚੇ ਸਾਡੇ ਮਗਰ ਦੋੜਦੇ ਕਦੇ ਅਸੀਂ ਬੱਚਿਆਂ ਮਗਰ। ਕਰੀਬ ਤੀਹ ਪੈਂਤੀ ਮਿੰਟ ਖੇਡਦੇ ਰਹੇ। ਫਿਰ ਰੁਕ ਗਏ। ਉਹ ਕੋਲ ਆਈ ਤੇ ਬੋਲੀ..

ਸੁਖ - ਆਜੋ ਉੱਥੇ ਬੈਠਦੇ ਹਾਂ।

ਅਸੀਂ ਦੋਨੋਂ ਇੱਕ ਬੈਂਚ ਵੱਲ ਵਧੇ ਤੇ ਜਾ ਕੇ ਬੈਠ ਗਏ। ਕਾਫੀ ਗੱਲਾਂ ਬਾਤਾਂ ਕੀਤੀਆਂ। ਉਸਨੇ ਆਪਣੇ ਪਰਿਵਾਰ ਬਾਰੇ ਗੱਲਾਂ ਕੀਤੀਆ ਤੇ ਮੈਂ ਵੀ। ਕੰਮ ਕਾਰ ਬਾਰੇ ਗੱਲਾਂ ਹੋਈਆਂ। ਫਿਰ ਹੋਰ ਕੁਝ ਮੁੱਦਿਆਂ ਤੇ ਗੱਲਾਂ ਹੋਈਆਂ ਹਰ ਮੁੱਦੇ ਤੇ ਉਸਦੇ ਸੋਚਣ ਦਾ ਅਲੱਗ ਢੰਗ ਸੀ। ਸਤ ਗੁਣਾਂ ਸਹਿਤ ਭਰਪੂਰ ਔਰਤ ਸੀ ਉਹ। ਮੈਂ ਉਸਨੂੰ ਕਦੇ ਵੀ ਹਵਸ ਦੀ ਨਜ਼ਰ ਨਾਲ ਨਹੀਂ ਦੇਖ ਪਾਇਆ।

ਕਿਉਂਕਿ ਉਹ ਉਸਨੇ ਹੀ ਖੁਦ ਮੇਰੇ ਚੋਂ ਕਾਫੀ ਹੱਦ ਤੱਕ ਖਤਮ ਕਰ ਦਿੱਤੀ ਸੀ। ਇਸ ਲਈ ਮੇਰਾ ਧਿਆਨ ਉਸਦੇ ਹੱਸਦੇ ਚਿਹਰੇ ਤੇ ਗਿਆਨ ਸਹਿਤ ਭਰਪੂਰ ਵਿਚਾਰਾਂ ਤੋਂ ਭਟਕ ਹੋਰ ਕਿਸੇ ਪਾਸੇ ਨਾ ਜਾ ਸਕਿਆ। ਸ਼ਇਦ ਮੈਨੂੰ ਉਸ ਨਾਲ ਪਿਆਰ ਹੋ ਰਿਹਾ ਸੀ। ਪਰ ਇਸ ਦਾ ਅਹਿਸਾਸ ਮੈਨੂੰ ਉਸ ਵਕਤ ਨਾ ਹੋਇਆ। ਉਸਦੀ ਛਾਪ ਮੇਰੀ ਜਿੰਦਗੀ, ਮੇਰੇ ਤਨ, ਮਨ, ਦਿਲ, ਦਿਮਾਗ ਸਭ ਜਗ੍ਹਾ ਛਪ ਚੁਕੀ ਸੀ। ਅਸੀਂ ਬੜੀ ਦੇਰ ਤੱਕ ਬੈਠੇ ਗੱਲਾਂ ਕਰਦੇ ਰਹੇ। ਉਸਨੇ ਮੈਨੂੰ ਆਪਣੀ ਨਵੀਂ ਲਿਖੀ ਕਵਿਤਾ ਸੁਣਾਈ। ਜੋ ਉਸਦੀ ਤਰਾਂ ਹੀ ਖੂਬਸੂਰਤ ਸੀ। ਕਵਿਤਾ ਸੀ..

ਆਜੋ ਚੰਨ ਜੀ ਕੁਝ ਗੱਲਾਂ ਕਰੀਏ,

ਦਿਲ ਦੀ ਡੂੰਘੀਆਂ ਧਰੀਹਾਂ ਦੀਆਂ,

ਕੁਝ ਪਲ ਸਾਂਝੇ ਸੁੱਖ ਦੇ ਕਰੀਏ,

ਕੁਝ ਦੁੱਖਾਂ ਦੀਆਂ ਪੜੀਹਾਂ ਦੀਆਂ,

ਆਜੋ ਚੰਨ ਜੀ ਕੁਝ ਗੱਲਾਂ ਕਰੀਏ,

ਦਿਲ ਦੀਆਂ ਡੂੰਘੀਆਂ ਧਰੀਹਾਂ ਦੀਆਂ।

ਤੁਹਾਡੇ ਆਸੇ ਪਾਸੇ ਚਾਨਣੀ,

ਮੇਰੇ ਨੇੜੇ ਤੇੜੇ ਫਿਜ਼ਾਵਾਂ,

ਕਦੇ ਦੇਖਾਂ ਜਗਮਗ ਤਾਰਿਆਂ ਨੂੰ,

ਕਦੇ ਬਾਤਾਂ ਤੁਹਾਡੇ ਨਾਲ ਪਾਵਾਂ,

ਜਿਵੇਂ ਮੇਘਾਂ ਹਾਮੀ ਭਰਨ ਪਪੀਹਾਂ ਦੀਆਂ,

ਆਜੋ ਚੰਨ ਜੀ ਕੁਝ ਗੱਲਾਂ ਕਰੀਏ,

ਦਿਲ ਦੀਆਂ ਡੂੰਘੀਆਂ ਧਰੀਹਾਂ ਦੀਆਂ।

ਇਸ ਰਾਤ ਚਾ ਹੋਰ ਕਰਾਰ ਆਇਆ,

ਹਰ ਸ਼ੈਅ ਦੇ ਵਿੱਚ ਨਿਖਾਰ ਆਇਆ,

ਐਸਾ ਰੂਹਾਨੀ ਖਿਆਲ ਆਇਆ,

ਜਿਵੇਂ ਫੁੱਲਾਂ ਨੂੰ ਕੰਡਿਆਂ ਤੇ ਪਿਆਰ ਆਇਆ,

ਦਿਖਣ ਝਾਕੀਆਂ ਦੂਰ ਵੱਸਦੀਆਂ ਮਸੀਹਾਂ ਦੀਆਂ,

ਆਜੋ ਚੰਨ ਜੀ ਕੁਝ ਗੱਲਾਂ ਕਰੀਏ,

ਦਿਲ ਦੀਆਂ ਡੂੰਘੀਆਂ ਧਰੀਹਾਂ ਦੀਆਂ।

ਅੰਮ੍ਰਿਤ ਵੀਣਾ ਗੂੰਜੀ ਚਾਰੇ,

ਰਿਮ-ਝਿਮ ਰਿਮ-ਝਿਮ ਚਾਰ ਚੁਹਾਰੇ,

ਕੂਕ ਸੁਣੀ ਮੇਰੀ ਵਿੱਚ ਦਰਬਾਰੇ,

ਅੰਮ੍ਰਿਤ ਵਰਖਾ ਹੋਈ ਚੁਬਾਰੇ,

ਹੋਇਆ ਸੁਮੇਲ ਧਰਤੀ ਤੇ ਅੰਬਰੀਂ ਲੀਹਾਂ ਦੀਆਂ,

ਆਜੋ ਚੰਨ ਜੀ ਕੁਝ ਗੱਲਾਂ ਕਰੀਏ,

ਦਿਲ ਦੀਆਂ ਡੂੰਘੀਆਂ ਧਰੀਹਾਂ ਦੀਆਂ।

ਗੱਲਾਂ ਗੱਲਾਂ ਵਿੱਚ ਸ਼ਾਮ ਦੇ ਸੱਤ ਵੱਜ ਗਏ ਤਾਂ ਉਹ ਉੱਠ ਕੇ ਜਾਣ ਲੱਗੀ? ਮੈਂ ਉਸ ਨੂੰ ਰੋਕਣਾ ਚਾਹੁੰਦਾ ਸੀ। ਪਰ ਰੋਕ ਨਾ ਸਕਿਆ। ਉਹ ਚਲੀ ਗਈ। ਮੈਂ ਵੀ ਵਾਪਿਸ ਆ ਗਿਆ। ਫਿਰ ਮੈਂ ਕੰਮ ਵਿੱਚ ਵਿਅਸਤ ਹੋ ਗਿਆ। ਮੈਨੂੰ ਅਹਿਸਾਸ ਹੋ ਗਿਆ ਸੀ ਕਿ ਮੈਨੂੰ ਉਸ ਨਾਲ ਮੁਹੱਬਤ ਹੋ ਗਈ ਹੈ। ਇਸ ਕਦਰ ਮੁਹੱਬਤ ਕਿ

ਭੁੱਖ ਲੱਗਣੀ ਪਰ ਰੋਟੀ ਖਾਣ ਨੂੰ ਦਿਲ ਨਾ ਕਰਨਾ। ਬਸ ਪਾਣੀ ਪੀਂਦੇ ਰਹਿਣਾ। ਦਿਲ ਦਿਮਾਗ ਤੇ ਓਹੀ ਛਾਈ ਪਈ ਸੀ। ਪਿਆਰ ਦੀ ਐਸੀ ਮਸ਼ਾਲ ਜਗੀ ਜਿਸਨੇ ਤਨ ਮਨ ਰੋਸ਼ਨੀ ਨਾਲ ਭਰ ਦਿੱਤਾ। ਜਿੰਦਗੀ ਵਿੱਚ ਪਹਿਲੀ ਵਾਰ ਕਿਸੇ ਨਾਲ ਮੁਹੱਬਤ ਹੋਣ ਦਾ ਅਹਿਸਾਸ ਕਿਵੇਂ ਹੁੰਦਾ ਹੈ ਇਹ ਹੁਣ ਸਮਝ ਆਇਆ ਸੀ।

ਮੈਂ ਐਤਵਾਰ ਕੰਮ ਤੋਂ ਛੁੱਟੀ ਲੈ ਪਾਰਕ ਵਿੱਚ ਜਾ ਪਹੁੰਚਿਆ। ਹੱਦ ਤੋਂ ਪਰੇ ਬੇਸਬਰੀ ਨਾਲ ਉਡੀਕ ਕਰਨ ਲੱਗਾ ਤੇ ਸੋਚਿਆ ਕਿ ਅੱਜ ਉਸਨੂੰ ਦਿਲ ਦਾ ਵਰਕਾ ਵਰਕਾ ਪੜ ਸੁਣਾ ਦਿਆਂਗਾ। ਪਰ ਮੇਰੀ ਕਿਸਮਤ ਮੇਰੇ ਤੇ ਭਾਰੂ ਹੋ ਰਹੀ ਸੀ। ਕਰਮਾਂ ਦਾ ਗੇੜ ਮੁੜ ਆਉਂਦਾ ਹੈ ਇਹ ਉਸ ਦਿਨ ਅਹਿਸਾਸ ਹੋਇਆ। ਮੈਨੂੰ ਸਵੇਰ ਤੋਂ ਸ਼ਾਮ ਹੋ ਗਈ ਤੇ ਸ਼ਾਮ ਤੋਂ ਰਾਤ, ਪਰ ਉਹ ਨਾ ਆਈ। ਏਦਾਂ ਹੀ ਮੈਂ ਹਰ ਐਤਵਾਰ ਜਾਂ ਜਿਸ ਦਿਨ ਵੀ ਛੁੱਟੀ ਹੁੰਦੀ ਪਾਰਕ ਵਿੱਚ ਜਾਂਦਾ। ਪਰ ਉਸ ਤੋਂ ਬਾਅਦ ਉਹ ਕਦੇ ਨਾ ਦਿਖਾਈ ਦਿੱਤੀ। ਕਈ ਵਾਰ ਸੋਚਿਆ ਕਿ ਕਿਤਾਬ ਵਾਲੇ ਨੰਬਰ ਤੇ ਗੱਲ ਕਰਾਂ। ਪਰ ਮੈਨੂੰ ਫਿਰ ਇਹ ਸਹੀ ਨਾ ਲੱਗਾ ਤੇ ਮੈਂ ਉਮੀਦ ਕਿਸਮਤ ਤੇ ਛੱਡ ਦਿੱਤੀ। ਪਰ ਉਹ ਦੁਬਾਰਾ ਮੇਰੀ ਜਿੰਦਗੀ ਵਿੱਚ ਨਾ ਆਈ। ਮੈਨੂੰ ਸਮਝ ਆ ਚੁੱਕਾ ਸੀ ਕਿ ਇਹ ਮੇਰੇ ਕੀਤੇ ਕਰਮਾਂ ਦਾ ਨਤੀਜ਼ਾ ਹੈ। ਜਿਵੇਂ ਮੈਂ ਕਈ ਕੁੜੀਆਂ ਦੇ ਪਿਆਰ ਦੀ ਕਦਰ ਨਹੀਂ ਕੀਤੀ, ਓਵੇਂ

ਹੀ ਮੈਨੂੰ ਇਸਦੀ ਸਜ਼ਾ ਮਿਲੀ। ਕਈ ਵਾਰ ਪਿਆਰ ਦਾ ਮੌਕਾ ਮਿਲਣ ਤੇ ਵੀ ਮੈਂ ਦੋਸ਼ੀ ਬਣਿਆਂ ਰਿਹਾ ਤੇ ਮੁਹੱਬਤ ਦੇ ਅਸਲ ਭੇਦ ਸਮਝ ਨਾ ਸਕਿਆ। ਜਦ ਸਮਝ ਆਇਆ ਤਾਂ ਮੇਰੇ ਦੋਸ਼ ਹੀ ਮੇਰੀ ਸਜਾ ਬਣ ਗਏ। ਮੈਂ ਸਜਾ ਨੂੰ ਖਿੜੇ ਮੱਥੇ ਸਵੀਕਾਰ ਕੀਤਾ ਤੇ ਅੱਗੇ ਵਧਿਆ। ਮੈਂ ਗੁਰਬਾਣੀ ਵੱਲ ਵੱਧ ਧਿਆਨ ਦੇਣ ਲੱਗਾ। ਦਿਲ ਨੂੰ ਤਸੱਲੀ ਦੇਣ ਲਈ ਤੇ ਮਨ ਨੂੰ ਸ਼ਾਂਤ ਤੇ ਸਹੀ ਪਾਸੇ ਲਾਉਣ ਲਈ ਮੈਂ ਵੱਧ ਤੋਂ ਵੱਧ ਧਿਆਨ ਦੇਂਦਾ। ਇਕ ਦਿਨ ਮੈਂ ਭਗਤ ਕਬੀਰ ਜੀ ਦੀ ਲਿਖੀ ਬਾਣੀ ਵਿੱਚ ਪੜਿਆ..

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥

ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥

ਭਾਵ - ਹੇ ਕਬੀਰ, ਚੰਦਨ ਦਾ ਨਿੱਕਾ ਜਿਹਾ ਭੀ ਬੂਟਾ ਚੰਗਾ ਜਾਣੋ, ਭਾਵੇਂ ਉਹ ਢਾਕ ਪਲਾਹ ਆਦਿਕ ਵਰਗੇ ਰੁੱਖਾਂ ਨਾਲ ਘਿਰਿਆ ਹੋਇਆ ਹੋਵੇ। ਉਹ ਢਾਕ ਪਲਾਹ ਵਰਗੇ ਨਿਕੰਮੇ ਰੁਖ ਵੀ, ਜੋ ਚੰਦਨ ਦੇ ਨੇੜੇ ਉੱਗੇ ਹੋਈ ਹੁੰਦੇ ਹਨ ਚੰਦਨ ਹੀ ਹੋ ਜਾਂਦੇ ਹਨ।

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥

ਚੰਦਨ ਕੈ ਨਿਕਟੇ ਬਸੈ ਬਾਂਸ ਸੁਗੰਧੁ ਨ ਹੋਇ॥

ਭਾਵ - ਹੇ ਕਬੀਰ, ਬਾਂਸ ਦਾ ਬੂਟਾ ਉੱਚਾ ਲੰਮਾ ਹੋਣ ਦੇ ਮਾਣ ਵਿੱਚ ਡੁੱਬਿਆ ਹੋਇਆ ਹੈ, ਤੁਸੀਂ ਕੋਈ ਧਿਰ ਬਾਂਸ ਵਾਂਗ ਹਉਮੈ ਵਿਚ ਨਾ ਡੁੱਬ ਜਾਇਓ। ਕਿਉਂਕਿ, ਬਾਂਸ ਭਾਵੇਂ ਚੰਦਨ ਦੇ ਨੇੜੇ ਭੀ ਕਿਉਂ ਨਾ ਹੋਵੇ, ਉਸ ਵਿੱਚ ਚੰਦਨ ਵਾਲੀ ਸੁਗੰਧੀ ਨਹੀਂ ਆਉਂਦੀ।

ਮੈਨੂੰ ਇੰਜ ਅਹਿਸਾਸ ਹੋਇਆ ਕਿ ਸੁਖਵੀਰ ਉਹ ਚੰਦਨ ਦਾ ਬਿਰਵਾ ਸੀ ਜਿਸ ਦੇ ਨੇੜੇ ਰਹਿਣ ਵਾਲੀ ਢਾਕ ਜਾਂ ਪਲਾਹ ਵੀ ਸੁਗੰਧਿਤ ਹੋ ਜਾਂਦੀ ਹੈ। ਪਰ ਅਫਸੋਸ ਮੈਨੂੰ ਉਹ ਢਾਕ ਜਾਂ ਪਲਾਹ ਬਣਨਾ ਨਸੀਬ ਨਾ ਹੋਇਆ। ਤੇ ਰੀਤ ਉਹ ਚੰਦਨ ਦਾ ਬਿਰਵਾ ਸੀ ਜਿਸਦੇ ਪਿਆਰ ਦੀ ਸੁਗੰਧ ਨਾਲ ਮੈਂ ਪਲਾਹ ਬਣ ਮਹਿਕ ਸਕਦਾ ਪਰ ਮੈਂ ਬਾਂਸ ਬਣੇ ਰਹਿਣ ਵਿੱਚ ਹੀ ਆਪਣੀ ਵਡਿਆਈ ਸਮਝੀ ਤੇ ਚੰਦਨ ਦੇ ਬਿਰਵਾ ਦੇ ਗੁਣ ਕਦੇ ਧਾਰਨ ਨਾ ਕਰ ਸਕਿਆਂ।

ਔਰਤਾਂ ਦਾ ਮਰਦਾਂ ਦੁਆਰਾ ਕੀਤਾ ਜਾ ਰਿਹਾ ਸ਼ੋਸ਼ਣ ਸਬਦਾਂ ਵਿਚ ਬਿਆਨ ਕਰਨਾ ਬਹੁਤ ਔਖਾ ਹੈ। ਕਿਸੇ ਵੀ ਉਮਰ ਦਾ ਮਰਦ ਕਿਉਂ ਨਾ ਹੋਵੇ। ਕਿਸੇ ਔਰਤ ਦੇ ਅੰਗਾਂ ਨੂੰ ਵੇਖ ਉਸਦੀ

ਵਾਸਨਾ ਫੁੰਕਾਰੇ ਮਾਰਨ ਲੱਗ ਜਾਂਦੀ ਹੈ। ਭਾਵੇਂ ਔਰਤ ਕਿਸ ਵੀ ਉਮਰ ਦੀ ਹੋਵੇ। ਨਵੀਂ ਜੰਮੀ ਬੱਚੀ ਜਾਂ ਸੌ ਸਾਲਾਂ ਬਜ਼ੁਰਗ। ਮਰਦ ਜਾਤੀ ਦੀ ਆਦਤ ਹੈ ਔਰਤ ਦੀਆਂ ਛਾਤੀਆਂ ਦੇ ਉਭਾਰ ਤੇ ਸਰੀਰਕ ਬਨਾਵਟ ਨੂੰ ਦੇਖ ਔਰਤ ਦੇ ਚਰਿਤਰ ਦਾ ਅਨੁਮਾਨ ਲਾਉਣਾ। ਤੇ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਦਾ ਯਤਨ ਕਰਨਾ। ਕਹਾਣੀ ਪਾਤਰ ਦਾ ਵੀ ਕੁਝ ਇਹੋ ਜਿਹਾ ਕਿਰਦਾਰ ਸੀ। ਔਰਤਾਂ ਦੇ ਜਿਸਮ ਨੂੰ, ਭਾਵਨਾਵਾਂ ਨੂੰ, ਆਪਣੀ ਵਾਸ਼ਨਾ ਦਾ ਸ਼ਿਕਾਰ ਬਣਾਉਣਾ ਉਸਦੇ ਲਈ ਬਸ ਖੇਡ ਸੀ। ਇਹ ਸਿਰਫ ਕਹਾਣੀ ਪਾਤਰ ਜਾਂ ਸੁਖਵੀਰ ਤੇ ਰੀਤ ਦੀ ਕਹਾਣੀ ਨਹੀਂ, ਬਲਕਿ ਉਹਨਾਂ ਔਰਤਾਂ ਦੇ ਮਰਦਾਂ ਦੀ ਕਹਾਣੀ ਹੈ ਜੋ ਇਹੋ ਜਿਹੀਆਂ ਭਾਵਨਾਵਾਂ ਦਾ ਸ਼ਿਕਾਰ ਹੁੰਦੇ ਹਨ।

ਸੰਭੋਗ ਕਰਨਾ ਮਾੜਾ ਨਹੀਂ ਜਦ ਤੱਕ ਉਹ ਆਪਣੇ ਜੀਵਨ ਸਾਥੀ ਨਾਲ ਪ੍ਰੇਮ ਦੀ ਭਾਵਨਾ ਭਰਪੂਰ ਕੀਤਾ ਜਾਵੇ। ਪਰ ਸਿਰਫ ਵਾਸ਼ਨਾਵਾਂ ਨੂੰ ਮੁੱਖ ਰੱਖ ਸੰਭੋਗ ਕਰਨਾ ਅਪਰਾਧ ਹੈ।

ਇਹ ਇੱਕ ਕਾਲਪਨਿਕ ਕਥਾ ਹੁੰਦੇ ਹੋਏ ਵੀ ਕਿਸੇ ਨਾ ਕਿਸੇ ਹੱਦ ਤੱਕ ਸੱਚ ਬਿਆਨ ਕਰਦੀ ਹੈ। ਕਿਉਂਕਿ ਇਸ ਤਰਾਂ

ਬਹੁਤਿਆਂ ਨਾਲ ਹੁੰਦਾ ਹੈ। ਇਸ ਕਹਾਣੀ ਦਾ ਮਕਸਦ ਮਰਦਾਂ ਨੂੰ ਔਰਤਾਂ ਪ੍ਰਤੀ ਡਿੱਗਦੇ ਜਾ ਰਹੇ ਸਨਮਾਨ ਨੂੰ ਦਿਖਾਉਣਾ ਤੇ ਔਰਤਾਂ ਪ੍ਰਤੀ ਸਹੀ ਭਾਵਨਾ ਅਪਣਾਉਣ ਦਾ ਯਤਨ ਕਰਾਉਣਾ ਹੈ। ਔਰਤ ਦੁਨੀਆਂ ਦੀ ਸਭ ਤੋਂ ਖੂਬਸੂਰਤ ਮੂਰਤ ਹੈ। ਜਿਸਨੂੰ ਕਈ ਰੂਪਾਂ ਨਾਲ ਦੱਸਿਆ ਜਾ ਸਕਦਾ ਹੈ। ਸਾਨੂੰ ਔਰਤਾਂ ਪ੍ਰਤੀ ਆਪਣੀ ਵਹਿਸ਼ੀ ਨਜ਼ਰ ਨੂੰ ਬਦਲ ਠੀਕ ਕਰਨ ਦੀ ਲੋੜ ਹੈ ਤਾਂ ਜੋ ਕਹਾਣੀ ਪਾਤਰ ਵਰਗਾ ਹਾਲ ਨਾ ਹੋਵੇ ਤੇ ਕਿਸੇ ਔਰਤ ਦੀਆਂ ਭਾਵਨਾਵਾਂ ਨੂੰ ਠੇਸ ਨਾ ਲੱਗੇ। ਧੰਨਵਾਦ।

ਪ੍ਰੇਮ ਵਿਆਹ

ਪ੍ਰੀਤ ਸਿੰਘ ਭੈਣੀ

ਪ੍ਰੇਮ ਵਿਆਹ

ਡੀ.ਜੇ ਲੱਗਾ ਹੋਇਆ ਸੀ, ਸਾਰੇ ਆਪੋ ਆਪਣੇ ਰੰਗ ਵਿਚ ਮਸਤ ਭੰਗੜਾ ਪਾ ਰਹੇ ਸਨ। ਗੁਆਂਢ ਵਿਚ ਕਿਸੇ ਦੀ ਕੁੜੀ ਦਾ ਵਿਆਹ ਸੀ। ਜਿਸ ਕੁੜੀ ਦਾ ਵਿਆਹ ਸੀ ਉਹ ਬਹੁਤ ਗਰੀਬ ਘਰ ਤੋਂ ਸੀ। ਉਸਦਾ ਪਿਉ ਬੇ-ਹੱਦ ਸ਼ਰਾਬ ਪੀਂਦਾ ਸੀ। ਕਦੇ ਉਸ ਨੇ ਨਾਗਾ ਨਹੀਂ ਸੀ ਪਾਇਆ। ਉਸ ਦੇ ਚਾਰ ਬੱਚੇ ਸਨ, ਦੋ ਕੁੜੀਆਂ ਤੇ ਦੋ ਮੁੰਡੇ। ਉਸਦੀ ਛੋਟੀ ਕੁੜੀ ਨੇ ਪਹਿਲਾਂ ਹੀ ਪ੍ਰੇਮ ਵਿਆਹ ਕੀਤਾ ਹੋਇਆ ਸੀ। ਵੱਡੀ ਕੁੜੀ ਦਾ ਪ੍ਰੇਮ ਵਿਆਹ ਨਹੀਂ ਸੀ। ਇਹ ਰਿਸ਼ਤਾ ਉਸਦੇ ਰਿਸ਼ਤੇਦਾਰਾਂ ਵਿਚੋਂ ਕਿਸੇ ਨੇ ਕਰਵਾਇਆ ਸੀ। ਮੁੰਡੇ ਵਾਲੇ ਘਰੋਂ ਚੰਗੇ ਸਨ। ਕੁੜੀ ਦਾ ਨਾਮ ਹਰਮੀਤ ਕੌਰ ਸੀ ਤੇ ਉਸਦੇ ਬਾਪ ਦਾ ਨਾਮ ਬਲਵਿੰਦਰ ਸਿੰਘ। ਉਹ ਚਾਹੁੰਦਾ ਸੀ ਕਿ ਉਹ ਆਪਣੀ ਵੱਡੀ ਕੁੜੀ ਦਾ ਵੀ ਚੁੰਨੀ ਚੜਾਵਾ ਕਰ ਦੇਵੇ ਕਿਉਂਕਿ ਉਸ ਨੇ ਛੋਟੀ ਕੁੜੀ ਦਾ ਵੀ ਇਵੇਂ ਹੀ ਕੀਤਾ ਸੀ। ਇਸ ਤਰਾਂ ਕਰਨ ਨਾਲ ਉਹ ਜਿਆਦਾ ਖਰਚੇ ਤੋਂ ਬੱਚ ਗਿਆ ਸੀ। ਪਰ ਉਸਦੀ ਵੱਡੀ ਕੁੜੀ ਨੇ ਚੁੰਨੀ ਚੜਾਵਾ ਕਰਾਉਣ ਤੋਂ ਸਾਫ਼ ਮਨ੍ਹਾ ਕਰ ਦਿੱਤਾ ਸੀ। ਉਸਦੇ ਕਹਿਣ ਮੁਤਾਬਿਕ ਉਸਨੇ ਆਪਣੀ ਚੜ੍ਹਦੀ ਜਵਾਨੀ ਤੱਕ ਆਪਣੇ ਪਿਉ ਨਾਲ ਪੁੱਤਾਂ ਵਾਂਗ ਕੰਮ ਕੀਤਾ ਸੀ। ਉਹ ਆਪਣੇ ਘਰ ਦੇ ਹਲਾਤਾਂ ਨੂੰ ਦੇਖਦੇ ਹੋਏ ਨਿੱਤ ਪਿੰਡ ਦੀਆਂ ਜਨਾਨੀਆਂ

www.PunjabiLibrary.com

ਨਾਲ ਜ਼ਿੰਮੀਦਾਰਾਂ ਦੇ ਕੰਮ ਕਰਨ ਜਾਂਦੀ ਸੀ। ਇਸ ਲਈ ਉਸ ਨੇ ਆਪਣੇ ਪਿਉ ਨੂੰ ਸਾਫ਼ ਹੀ ਕਹਿ ਦਿੱਤਾ ਕਿ ਉਹ ਚੁੰਨੀ ਚੜ੍ਹਾਵਾ ਬਿਲਕੁਲ ਨਹੀਂ ਕਰੇਗੀ। ਉਸਨੇ ਕਿਹਾ ਕਿ ਮੈਨੂੰ ਕਿਸੇ ਦਾਜ ਦੀ ਲੋੜ ਨਹੀਂ ਬਸ ਉਹ ਮੇਰਾ ਵਿਆਹ ਘਰੇ ਹੀ ਕਰਨ। ਤੇ ਉਸਦੇ ਪਿਉ ਨੂੰ ਨਾ ਚਾਉਂਦੇ ਹੋਏ ਵੀ ਹਰਮੀਤ ਦਾ ਵਿਆਹ ਘਰੇ ਹੀ ਕਰਨਾ ਪਿਆ।

ਉਂਝ ਤਾਂ ਸਾਰਾ ਪਰਿਵਾਰ ਹੀ ਬਹੁਤ ਸੋਹਣੇ ਸੀ ਪਰ ਹਰਮੀਤ ਤੇ ਉਸਦਾ ਸਭ ਤੋਂ ਛੋਟਾ ਭਰਾ ਦੀਪਕ ਸਾਰਿਆਂ ਨਾਲੋਂ ਸੋਹਣੇ ਸਨ। ਹਰਮੀਤ ਤਾਂ ਸਾਰੇ ਪਿੰਡ ਵਿੱਚੋ ਸੋਹਣੀ ਕੁੜੀ ਸੀ। ਉਸ ਵਰਗੀ ਪਿੰਡ ਵਿੱਚ ਕੋਈ ਨਹੀਂ ਸੀ। ਵਿਆਹ ਤੋਂ ਇੱਕ ਦਿਨ ਪਹਿਲਾਂ ਸ਼ਗਨ ਸੀ। ਸਾਰੇ ਬਹੁਤ ਖੁਸ਼ ਸਨ। ਬਲਵਿੰਦਰ ਸਿੰਘ ਨੇ ਵਿਆਹ ਦੀ ਜਿੰਮੇਵਾਰੀ ਆਪਣੇ ਗੁਆਂਢ ਵਿੱਚ ਹੀ ਇੱਕ ਮੁੰਡੇ ਨੂੰ ਦਿੱਤੀ ਹੋਈ ਸੀ। ਉਸ ਦੇ ਕੋਲ ਪੈਸਿਆਂ ਦੀ ਤਾਂ ਜਿੰਮੇਵਾਰੀ ਕੋਈ ਨਹੀਂ ਸੀ ਪਰ ਬਾਕੀ ਦੇ ਜਿਆਦਾਤਰ ਕੰਮ ਓਹੀ ਦੇਖ ਰਹਾ ਸੀ। ਉਸਦਾ ਨਾਮ ਅੰਗਦਵੀਰ ਸਿੰਘ ਸੀ। ਉਸਦੀ ਯਾਰੀ ਬਲਵਿੰਦਰ ਸਿੰਘ ਦੇ ਸਭ ਤੋਂ ਛੋਟੇ ਮੁੰਡੇ ਦੀਪਕ ਨਾਲ ਸੀ। ਅੰਗਦ ਕਪੂਰਥਲੇ ਦੇ ਇੱਕ ਕਾਲਜ ਵਿੱਚ ਇੰਜ਼ੀਨੀਰਿੰਗ ਦੀ ਪੜ੍ਹਾਈ ਕਰਦਾ ਸੀ। ਉਹ ਪਿੰਡ ਵਿੱਚ ਪਹਿਲਾਂ ਮੁੰਡਾ ਸੀ ਜੋ ਇਹ ਪੜ੍ਹਾਈ

ਕਰ ਰਹਾ ਸੀ। ਦੀਪਕ ਦੀ ਉਮਰ ਅੰਗਦ ਨਾਲੋਂ ਵਧੇਰੇ ਛੋਟੀ ਸੀ, ਤਕਰੀਬਨ ਪੰਜ- ਛੇ ਸਾਲ। ਪਰ ਉਹਨਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ। ਇਸ ਲਈ ਦੀਪਕ ਦੇ ਘਰਦਿਆਂ ਦਾ ਵੀ ਅੰਗਦ ਨਾਲ ਪ੍ਰੇਮ ਸੀ। ਸ਼ਗਨ ਵਾਲੀ ਰਾਤ ਸਾਰੇ ਹੀ ਭੰਗੜਾ ਪਾ ਰਹੇ ਸੀ, ਅੰਗਦ ਦਾ ਸਕਾ ਭਰਾ ਤੇ ਤਾਏ ਦਾ ਮੁੰਡਾ ਵੀ ਓਥੇ ਹੀ ਸਨ।

ਅਚਾਨਕ ਰੌਲਾ ਪੈ ਗਿਆ ਕਿਸੇ ਨੂੰ ਪਤਾ ਨਾ ਲੱਗਾ ਕਿ ਕੀ ਹੋਇਆ। ਡੀ.ਜੇ ਬੰਦ ਕਰ ਦਿੱਤਾ ਗਿਆ। ਫਿਰ ਕਿਸੇ ਨੇ ਦੱਸਿਆ ਕਿ ਨਾਲ ਹੀ ਗੁਆਂਢ ਵਿੱਚੋ ਇੱਕ ਮੁੰਡਾ ਜਿਸਦਾ ਨਾਮ ਬਿਕਰਮ ਸਿੰਘ ਸੀ। ਜਿਸਨੂੰ ਸਾਰੇ ਬਿੱਕਾ ਕਹਿ ਕੇ ਬੁਲਾਉਂਦੇ ਸੀ। ਜੋ ਕਿ ਇੱਕ ਮਜ਼੍ਹਬੀ ਸਿੰਘ ਜਾਤੀ ਨਾਲ ਸਬੰਧ ਰੱਖਦਾ ਸੀ ਤੇ ਘਰੋਂ ਹੱਦ ਤੋਂ ਪਰੇ ਗਰੀਬ ਸਨ। ਉਹ ਇੱਕ ਜ਼ਿੰਮੀਦਾਰਾਂ ਦੀ ਕੁੜੀ ਨੂੰ ਘਰੋਂ ਭਜਾ ਕੇ ਲੈ ਗਿਆ ਸੀ। ਇਹ ਖ਼ਬਰ ਸਾਰੇ ਪਿੰਡ ਵਿੱਚ ਅੱਗ ਵਾਂਗੂੰ ਫੈਲ ਗਈ। ਵਿਆਹ ਦੇ ਜਸ਼ਨ ਵਿੱਚ ਇੱਕ ਦਮ ਕੁਝ ਦੇਰ ਲਈ ਰੁਕਾਵਟ ਪੈ ਗਈ। ਏਥੇ ਹੀ ਬਿੱਕੇ ਦਾ ਜਿਗਰੀ ਯਾਰ ਬੰਟੀ ਵੀ ਭੰਗੜਾ ਪਾ ਰਹਾ ਸੀ ਜੋ ਕਿ ਅੰਗਦ ਦੇ ਤਾਏ ਦਾ ਮੁੰਡਾ ਸੀ। ਸਭ ਉਸ ਨੂੰ ਪੁੱਛਣ ਲੱਗ ਪਏ ਕਿ ਤੈਨੂੰ ਤਾਂ ਪਤਾ ਹੋਣਾ ਸਭ ਪਹਿਲਾਂ ਹੀ ਪਰ ਉਸਨੇ ਸਾਫ਼ ਮਨ੍ਹਾ ਕਰ ਦਿੱਤਾ। ਐਨੇ ਨੂੰ ਬੰਟੀ ਤੇ ਅੰਗਦ

ਦਾ ਵੱਡਾ ਤਾਇਆ ਆਇਆ ਤੇ ਉਸਨੇ ਵੀ ਬੰਟੀ ਨੂੰ ਹੀ ਪੁੱਛਿਆ ਕਿ ਤੈਨੂੰ ਪਹਿਲਾਂ ਪਤਾ ਸੀ ਇਸ ਬਾਰੇ ਪਰ ਬੰਟੀ ਦਾ ਆਪਣੇ ਤਾਏ ਲਈ ਵੀ ਪਹਿਲਾਂ ਵਾਲਾ ਜੁਆਬ ਸੀ। ਬੰਟੀ ਦੇ ਤਾਏ ਦੀ ਉਸ ਪਰਿਵਾਰ ਨਾਲ ਚੰਗੀ ਸਾਂਝ ਸੀ ਜਿਨ੍ਹਾਂ ਦੀ ਕੁੜੀ ਘਰੋਂ ਭੱਜੀ ਸੀ। ਬੰਟੀ ਦੇ ਤਾਏ ਨੇ ਸੋਚਿਆ ਕਿ ਅਗਰ ਕੁੜੀ ਵਾਲੇ ਪਰਿਵਾਰ ਨੂੰ ਉਸ ਦੇ ਭਤੀਜੇ ਤੇ ਸ਼ੱਕ ਹੋਇਆ ਤਾਂ ਉਸ ਦੀ ਬਹੁਤ ਬੇਇਜ਼ਤੀ ਹੋਵੇਗੀ ਇਸ ਲਈ ਉਸ ਨੇ ਬੰਟੀ ਨੂੰ ਘਰੋਂ ਕਿਤੇ ਭੱਜ ਕਿ ਆਪਣੇ ਕਿਸੇ ਰਿਸ਼ਤੇਦਾਰ ਕੋਲ ਜਾਣ ਦੀ ਸਲਾਹ ਦਿੱਤੀ। ਅਜੇ ਉਹ ਸੋਚ ਹੀ ਰਹੇ ਸੀ ਕਿ ਪੁਲਿਸ ਆ ਗਈ, ਪੁਲਿਸ ਦੀ ਗੱਡੀ ਦੇਖਦੇ ਹੀ ਬੰਟੀ ਨੂੰ ਪਤਾ ਲੱਗ ਗਿਆ ਕਿ ਇਹ ਪੁਲਿਸ ਉਸ ਲਈ ਹੀ ਆਈ ਹੈ। ਬੰਟੀ ਦੇ ਤਾਏ ਦੀ ਸੋਚ ਮੁਤਾਬਿਕ ਕੁੜੀ ਵਾਲਿਆਂ ਦਾ ਪਹਿਲਾਂ ਸ਼ੱਕ ਬੰਟੀ ਤੇ ਆਇਆ ਸੀ ਕਿਉਂਕਿ ਉਹ ਬਿੱਕੇ ਦਾ ਜਿਗਰੀ ਯਾਰ ਸੀ। ਬੰਟੀ ਨੇ ਵਿਆਹ ਵਾਲੇ ਘਰ ਦੀ ਕੰਧ ਟੱਪੀ ਤੇ ਓਥੋਂ ਫਰਾਰ ਹੋ ਗਿਆ। ਪੁਲਿਸ ਨੇ ਉਸਦਾ ਪਿੱਛਾ ਕੀਤਾ ਪਰ ਉਹ ਉਹਨਾਂ ਦੇ ਹੱਥ ਨਾ ਲੱਗਾ। ਫਿਰ ਪੁਲਿਸ ਬਿੱਕੇ ਦੇ ਦੂਸਰੇ ਜਿਗਰੀ ਯਾਰ ਮਨਜੀਤ ਦੇ ਘਰ ਜਾ ਪੁੱਜੀ ਪਰ ਮਨਜੀਤ ਨੂੰ ਪੁਲਿਸ ਦਾ ਪਹਿਲਾਂ ਪਤਾ ਲੱਗ ਗਿਆ ਸੀ ਇਸ ਲਈ ਉਹ ਪੁਲਿਸ ਦੇ ਆਉਣ ਤੋਂ

ਪਹਿਲਾਂ ਭੱਜ ਗਿਆ। ਬੰਟੀ ਤੇ ਮਨਜੀਤ ਵਿੱਚੋ ਕੋਈ ਵੀ ਪੁਲਿਸ ਦੇ ਹੱਥ ਨਾ ਲੱਗਾ।

ਉਸ ਰਾਤ ਪੁਲਿਸ ਨੇ ਬੰਟੀ ਤੇ ਮਨਜੀਤ ਦੇ ਪਰਿਵਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਜਲਦ ਤੋਂ ਜਲਦ ਆਪਣੇ ਮੁੰਡੇ ਥਾਣੇ ਵਿੱਚ ਪੇਸ਼ ਕਰਨ ਨਹੀਂ ਤਾਂ ਉਹਨਾਂ ਤੇ ਪਰਚਾ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਦੋਨਾਂ ਪਰਿਵਾਰਾਂ ਨੇ ਪੁਲਿਸ ਨੂੰ ਮੁੰਡੇ ਪੇਸ਼ ਕਰਨ ਦਾ ਭਰੋਸਾ ਦਵਾਇਆ ਤੇ ਪੁਲਿਸ ਓਥੋਂ ਚਲੀ ਗਈ। ਅਗਲੇ ਦਿਨ ਹਰਮੀਤ ਦਾ ਵਿਆਹ ਬਹੁਤ ਵਧੀਆ ਹੋਇਆ। ਇੱਕ ਪਾਸੇ ਵਿਆਹ ਦੇ ਜਸ਼ਨ ਸੀ ਤੇ ਦੂਸਰੇ ਪਾਸੇ ਸਿਰਫ ਖਾਮੋਸ਼ੀ, ਜਿਵੇਂ ਉਹਨਾਂ ਦੇ ਘਰ ਕਿਸੇ ਦੀ ਮੌਤ ਹੋ ਗਈ ਹੋਵੇ। ਵਿਆਹ ਬੀਤ ਗਿਆ। ਜੋ ਕੁੜੀ ਘਰੋਂ ਭੱਜੀ ਸੀ ਉਸਦਾ ਨਾਮ ਕਿਰਨਦੀਪ ਕੌਰ ਸੀ। ਤੇ ਉਸ ਨੇ ਹਾਲੇ ਬਾਰਵੀਂ ਦੀ ਪੜਾਈ ਪੂਰੀ ਕੀਤੀ ਸੀ। ਪਰ ਉਹ ਆਪਣੇ ਪ੍ਰੇਮ ਵਿੱਚ ਅੰਨੀ ਹੋ ਕਿ ਘਰੋਂ ਭੱਜ ਗਈ ਸੀ। ਉਸਦਾ ਪਰਿਵਾਰ ਸ਼ੋਦਾਈਆਂ ਵਾਂਗੂੰ ਉਸ ਨੂੰ ਲੱਭ ਰਹੇ ਸਨ ਪਰ ਉਸ ਬਾਰੇ ਕਿਸੇ ਨੂੰ ਖਬਰ ਨਹੀਂ ਸੀ। ਬਿੱਕੇ ਦਾ ਪਰਿਵਾਰ ਤਾਂ ਪਹਿਲਾਂ ਹੀ ਘਰੋਂ ਫਰਾਰ ਹੋ ਗਏ ਸੀ। ਉਸਦੀ ਮਾਂ ਆਪਣੇ ਛੋਟੇ ਮੁੰਡੇ ਨਾਲ ਆਪਣੇ ਪੇਕੇ ਰਹਿੰਦੀ ਸੀ। ਸਭ ਕਹਿੰਦੇ ਸੀ ਕਿ ਉਹ ਬਿੱਕੇ ਦੇ

ਪਿਉ ਨਾਲ ਲੜ ਕਿ ਘਰੋਂ ਗਈ ਸੀ ਤੇ ਫਿਰ ਕਦੇ ਵਾਪਿਸ ਨਹੀਂ ਆਈ ਪਰ ਕਿਸੇ ਨੂੰ ਸਹੀ ਗੱਲ ਬਿਲਕੁਲ ਨਹੀਂ ਸੀ ਪਤਾ। ਉਸਦਾ ਪਿਉ ਜ਼ਿੰਮੀਦਾਰਾਂ ਦੇ ਘਰ ਆਥੜੀ ਕਰਦਾ ਸੀ ਤੇ ਆਪਣੇ ਮੁੰਡੇ ਦੀ ਕਰਤੂਤ ਸੁਣ ਕੇ ਉਹ ਵੀ ਓਥੋਂ ਭੱਜ ਗਿਆ।

ਹਾਲਾਤ ਬਦ ਤੋਂ ਬੱਤਰ ਉਦੋਂ ਹੋ ਗਏ ਜਦੋਂ ਪ੍ਰੇਮੀ ਜੋੜੇ ਨੂੰ ਭੱਜੇ ਘਰੋਂ ਪੰਜ ਦਿਨ ਹੋ ਗਏ ਸੀ। ਪਰ ਦੋਨਾਂ ਕੁੜੀ ਮੁੰਡੇ ਚੋਂ ਕਿਸੇ ਦੀ ਕੋਈ ਖ਼ਬਰ ਨਹੀਂ ਸੀ। ਕਿਰਨ ਦਾ ਪਿਉ ਮਹਿੰਦਰ ਸਿੰਘ ਫੋਜ਼ ਵਿੱਚ ਨੌਕਰੀ ਕਰਦਾ ਸੀ ਤੇ ਉਸ ਦੇ ਦੋ ਹੋਰ ਬੱਚੇ ਸਨ, ਇੱਕ ਮੁੰਡਾ ਤੇ ਇੱਕ ਕੁੜੀ। ਕਿਰਨ ਸਭ ਤੋਂ ਛੋਟੀ ਸੀ। ਸੁਣਨ ਵਿੱਚ ਆਇਆ ਸੀ ਕਿ ਉਸਦੀ ਵੱਡੀ ਕੁੜੀ ਨੇ ਵੀ ਪ੍ਰੇਮ ਵਿਆਹ ਕਰਾਇਆ ਸੀ ਪਰ ਉਹ ਘਰੋਂ ਭੱਜੀ ਨਹੀਂ ਸੀ। ਉਸ ਨੇ ਆਪਣੇ ਘਰਦਿਆਂ ਤੋਂ ਆਗਿਆ ਲੈ ਕੇ ਵਿਆਹ ਕਰਾਇਆ ਸੀ। ਪਰ ਇਸ ਅਫਵਾਹ ਵਿੱਚ ਕਿੰਨੀ ਸਚਾਈ ਹੈ ਸਿਰਫ ਮਹਿੰਦਰ ਸਿੰਘ ਦਾ ਪਰਿਵਾਰ ਜਾਣਦਾ ਸੀ। ਕਿਰਨ ਤੇ ਬਿੱਕੇ ਦੇ ਘਰੋਂ ਭੱਜਣ ਮਗਰੋਂ ਪਿੰਡ ਵਿੱਚ ਬਸ ਇਸੇ ਗੱਲ ਦੀ ਚਰਚਾ ਸੀ। ਕੋਈ ਕੁੜੀ ਦੇ ਘਰੋਂ ਭੱਜਣ ਦਾ ਹਿਰਖ ਕਰਦਾ ਸੀ ਪਰ ਕੋਈ ਉਸ ਦੇ ਭੱਜਣ ਤੋਂ ਖੁਸ਼ ਵੀ ਸੀ। ਕਿਉਂਕਿ ਮਹਿੰਦਰ ਸਿੰਘ ਦੇ ਪਰਿਵਾਰ ਨੇ ਪਿੰਡ ਵਿੱਚ

ਕਦੇ ਕਿਸੇ ਅੱਗੇ ਸਿਰ ਨਹੀਂ ਸੀ ਝੁਕਾਇਆ ਇਸ ਕਰਕੇ ਪਿੰਡ ਦੇ ਬਹੁਤੇ ਲੋਕ ਕੁੜੀ ਦੇ ਘਰੋਂ ਭੱਜਣ ਲਈ ਖੁਸ਼ ਸੀ। ਸਭ ਮੂੰਹ ਤੇ ਹਿਰਖ ਕਰਦੇ ਪਰ ਪਿੱਠ ਪਿੱਛੇ ਚੁਗਲੀਆਂ ਕਰ ਕੇ ਖੁਸ਼ ਵੀ ਹੁੰਦੇ। ਪਰ ਇਸ ਗੱਲ ਵਿੱਚ ਕਿੰਨਾ ਦੁੱਖ ਸੀ ਇਹ ਬਸ ਕਿਰਨ ਦਾ ਪਿਉ ਹੀ ਅਨੁਭਵ ਕਰ ਸਕਦਾ ਸੀ।

ਪੁਲਿਸ ਨੇ ਹਰ ਨਾ-ਮੁਮਕਿਨ ਕੋਸ਼ਿਸ਼ ਕੀਤੀ ਕਿ ਪ੍ਰੇਮੀ ਜੋੜੇ ਦਾ ਪਤਾ ਲੱਗ ਸਕੇ ਪਰ ਨਾ ਤਾਂ ਉਹ ਹੱਥ ਆਏ ਤੇ ਨਾ ਹੀ ਬਿੱਕੇ ਦੇ ਜਿਗਰੀ ਯਾਰ। ਇੱਕ ਦਿਨ ਪੁਲਿਸ ਨੂੰ ਪਤਾ ਲੱਗਾ ਕਿ ਬਿੱਕੇ ਦਾ ਯਾਰ ਮਨਜੀਤ ਆਪਣੇ ਨਾਨਕੇ ਪਿੰਡ ਰਹਿ ਰਹਾ ਹੈ। ਪੁਲਿਸ ਜਲਦੀ ਨਾਲ ਕਿਰਨ ਦੇ ਪਿਉ ਤੇ ਉਸਦੇ ਪਿੰਡ ਦੇ ਸਰਪੰਚ ਸਮੇਤ ਦੋ ਚਾਰ ਹੋਰ ਬੰਦਿਆਂ ਨੂੰ ਲੈ ਕੇ ਮਨਜੀਤ ਦੇ ਨਾਨਕੇ ਜਾ ਪੁੱਜੇ। ਪੁਲਿਸ ਦੀ ਗੱਡੀ ਸੜਕ ਤੋਂ ਘਰ ਵੱਲ ਨੂੰ ਮੁੜਦੀ ਦੇਖ ਮਨਜੀਤ ਦੇ ਮਾਮੇ ਦੇ ਮੁੰਡੇ ਨੇ ਰੌਲਾ ਪਾ ਦਿੱਤਾ ਤੇ ਮਨਜੀਤ ਨੂੰ ਘਰੋਂ ਭੱਜਣ ਲਈ ਕਹਿ ਦਿੱਤਾ। ਮਨਜੀਤ ਘਰੋਂ ਬਾਹਰ ਹੀ ਨਾਲ ਹੀ ਲੱਗੀ ਇੱਕ ਬੰਬੀ ਤੇ ਨਹਾ ਰਹਾ ਸੀ। ਆਪਣੇ ਮਾਮੇ ਦੇ ਮੁੰਡੇ ਦੀ ਗੱਲ ਸੁਣ ਕੇ ਮਨਜੀਤ ਕੱਛੇ ਸਮੇਤ ਹੀ ਓਥੋਂ ਭੱਜ ਗਿਆ ਤੇ ਉਸਦੇ ਮਾਮੇ ਦਾ ਮੁੰਡਾ ਵੀ ਭੱਜ ਗਿਆ। ਪੁਲਿਸ ਨੂੰ ਫਿਰ ਇੱਕ ਵਾਰ ਨਿਰਾਸ਼ਾ ਦਾ ਮੂੰਹ ਦੇਖਣਾ ਪਿਆ ਤੇ ਦੋਨਾਂ ਵਿਚੋਂ ਕੋਈ ਵੀ ਹੱਥ ਨਾ

ਲੱਗਾ। ਪਰ ਪੁਲਿਸ ਮਨਜੀਤ ਦੇ ਨਾਨਕੇ ਘਰ ਗਈ। ਤੇ ਉਹਨਾਂ ਜਾ ਘਰ ਦਾ ਬੂਹਾ ਖੜਕਾਇਆ। ਮਨਜੀਤ ਦੇ ਮਾਮੇ ਹਰਬੰਸ ਸਿੰਘ ਨੇ ਬੂਹਾ ਖੋਲਿਆ ਤਾਂ ਉਸ ਨੂੰ ਓਸੇ ਵੇਲੇ ਹੀ ਪਤਾ ਲੱਗ ਗਿਆ ਕਿ ਪੁਲਿਸ ਉਹਨਾਂ ਘਰੇ ਕਿਉਂ ਆਈ ਹੈ। ਇੱਕ ਥਾਣੇਦਾਰ ਨੇ ਹਰਬੰਸ ਨੂੰ ਕਿਹਾ ....

ਥਾਣੇਦਾਰ - ਕਿੱਥੇ ਆ ਭੀ ਮੁੰਡਾ ਤੁਹਾਡਾ?

ਹਰਬੰਸ - ਆਜੋ ਜਨਾਬ ਅੰਦਰ ਆ ਜਾਵੋ।

ਪੁਲਿਸ ਹਰਬੰਸ ਦੇ ਕਹਿਣ ਤੇ ਅੰਦਰ ਵੱਲ ਨੂੰ ਹੋ ਗਈ। ਹਰਬੰਸ ਦੀ ਕਾਫੀ ਜਾਣ ਪਹਿਚਾਣ ਸੀ। ਉਸ ਦੀ ਉਸ ਵਕਤ ਦੇ ਨੇਤਾਵਾਂ ਨਾਲ ਵੀ ਉੱਠਣਾ ਬੈਠਣਾ ਸੀ। ਹਰਬੰਸ ਨੇ ਆਵਾਜ਼ ਮਾਰੀ.....

ਹਰਬੰਸ - ਲਿਆਓ ਭੀ ਪਾਣੀ ਲੈ ਕੇ ਆਵੋ.....

ਹਰਬੰਸ ਨੇ ਸਭ ਨੂੰ ਬੈਠਣ ਲਈ ਕਿਹਾ। ਥਾਣੇਦਾਰ ਨੇ ਕੁੜੀ ਦੇ ਪਰਿਵਾਰ ਨੂੰ ਦਿਖਾਵਾ ਕਰਦੇ ਹੋਏ ਆਖਿਆ.....

ਥਾਣੇਦਾਰ - ਅਸੀਂ ਐਥੇ ਬੈਠਣ ਨਹੀਂ ਆਏ ਦੱਸ ਤੇਰਾ ਭਣੇਵਾਂ ਤੇ ਮੁੰਡਾ ਕਿੱਥੇ ਆ ?

ਐਨੇ ਨੂੰ ਹਰਬੰਸ ਦੀ ਘਰਵਾਲੀ ਪਾਣੀ ਲੈ ਕੇ ਆ ਗਈ। ਸਭ ਨੇ ਪਾਣੀ ਪੀਤਾ ਪਰ ਕਿਰਨ ਦੇ ਪਿਉ ਨੇ ਪਾਣੀ ਨਾ ਪੀਤਾ।

ਥਾਣੇਦਾਰ ਨੇ ਫਿਰ ਕਿਹਾ..

ਥਾਣੇਦਾਰ - ਦੱਸ ਕਿੱਥੇ ਲੁਕਾਏ ਆ ਦੋਵੇਂ?

ਹਰਬੰਸ - ਹੁਣ ਤਾਂ ਜਨਾਬ ਉਹ ਘਰ ਨਹੀਂ ਨੇ ਪਰ ਮੈਂ ਜਲਦ ਹੀ ਆਪਣੇ ਭਣੇਵੇਂ ਨੂੰ ਪੇਸ਼ ਕਰਾਵਾਂਗਾ।

ਹਰਬੰਸ ਨੇ ਇਹ ਕਹਿ ਕੇ ਥਾਣੇਦਾਰ ਤੋਂ ਅਗਲੇ ਦਿਨ ਦਸ ਵਜੇ ਦਾ ਵਕਤ ਲੈ ਲਿਆ। ਤੇ ਪੁਲਿਸ ਉਸ ਨੂੰ ਚੇਤਾਵਨੀ ਦੇ ਕੇ ਓਥੋਂ ਚਲੀ ਗਈ। ਫਿਰ ਪੁਲਿਸ ਓਸੇ ਦਿਨ ਹੀ ਬਿੱਕੇ ਦੇ ਨਾਨਕੇ ਪੁੱਜੀ। ਪੁਲਿਸ ਨੇ ਬਿੱਕੇ ਦੇ ਸਾਰੇ ਨਾਨਕੇ ਪਰਿਵਾਰ ਦੇ ਰਿਸ਼ਤੇਦਾਰਾਂ ਘਰ ਜਾ ਕੇ ਛਾਣ-ਬੀਨ ਕੀਤੀ ਪਰ ਨਾ ਤਾਂ ਬਿੱਕੇ ਦੀ ਮਾਂ ਘਰ ਮਿਲੀ ਤੇ ਨਾ ਹੀ ਉਸਦਾ ਭਰਾ ਤੇ ਉਹ ਦੋਵੇਂ। ਕਿਰਨ ਦੇ ਪਰਿਵਾਰ ਨੂੰ ਫਿਰ ਨਿਰਾਸ਼ਾ ਦਾ ਮੂੰਹ ਦੇਖਣਾ ਪਿਆ। ਤੇ ਉਹ ਇੱਕ ਵਾਰ ਫਿਰ ਹਰ ਵਾਰ ਦੀ ਤਰ੍ਹਾਂ ਚੇਤਾਵਨੀ ਦੇ ਕੇ ਘਰ ਵਾਪਿਸ ਆ ਗਏ।

ਓਸੇ ਰਾਤ ਹੀ ਕਿਰਨ ਦਾ ਪਿਉ ਆਪਣੇ ਪਰਿਵਾਰ ਦੇ ਇੱਕ ਬੰਦੇ ਜਿਸਦਾ ਨਾਮ ਨਿਰੰਜਨ ਸਿੰਘ ਨੂੰ ਨਾਲ ਲੈ ਕੇ ਬੰਟੀ ਦੇ ਘਰ ਗਿਆ। ਜੋ ਕਿ ਰਿਸ਼ਤੇ ਵਜੋਂ ਉਸਦਾ ਭਰਾ ਲਗਦਾ ਸੀ। ਕਿਉਂਕਿ ਬੰਟੀ ਦੇ ਤਾਏ ਸਵਰਨ ਸਿੰਘ ਨਾਲ ਉਸਦੀ ਚੰਗੀ ਸਾਂਝ ਸੀ। ਉਹਨਾਂ ਸਵਰਨ ਸਿੰਘ ਦੇ ਘਰ ਜਾ ਕੇ ਉਸ ਨੂੰ ਆਪਣੇ ਭਤੀਜੇ ਨੂੰ ਸਮਝਾਉਂਣ ਲਈ ਕਿਹਾ ਕਿ ਉਸ ਨੂੰ ਪਤਾ ਹੈ ਕੁੜੀ ਮੁੰਡਾ ਕਿੱਥੇ ਨੇ ਇਸ ਲਈ ਉਹ ਅਗਰ ਉਹਨਾਂ ਨੂੰ ਦੱਸ ਦੇਵੇਗਾ ਤਾਂ ਉਹ ਬੰਟੀ ਤੇ ਕਿਸੇ ਪ੍ਰਕਾਰ ਦੀ ਕਾਨੂੰਨੀ ਕਾਰਵਾਹੀ ਨਹੀਂ ਕਰਨਗੇ। ਸਵਰਨ ਸਿੰਘ ਨੇ ਉਹਨਾਂ ਦੀ ਹਾਂ ਵਿੱਚ ਹਾਂ ਮਿਲਾਈ ਤੇ ਉਹਨਾਂ ਨੂੰ ਜ਼ਕੀਨ ਦਵਾਇਆ ਕਿ ਉਹ ਸਵੇਰੇ ਹੀ ਮੁੰਡੇ ਨੂੰ ਪੇਸ਼ ਕਰੇਗਾ। ਐਨਾ ਕਹਿਣ ਪਿੱਛੋਂ ਮਹਿੰਦਰ ਸਿੰਘ ਤੇ ਉਸਦਾ ਭਰਾ ਨਿਰੰਜਨ ਸਿੰਘ ਓਥੋਂ ਚਲੇ ਗਏ।

ਅਗਲੇ ਦਿਨ ਸਵਰਨ ਸਿੰਘ ਨੇ ਫ਼ੋਨ ਕਰਾ ਕੇ ਬੰਟੀ ਨੂੰ ਥਾਣੇ ਬੁਲਾ ਲਿਆ ਤੇ ਖੁਦ ਆਪ ਵੀ ਨਾਲ ਗਿਆ। ਮਹਿੰਦਰ ਸਿੰਘ ਤੇ ਉਸਦਾ ਸਾਰਾ ਪਰਿਵਾਰ ਵੀ ਓਥੇ ਆ ਗਏ। ਪੁਲਿਸ ਨੇ ਬੰਟੀ ਨਾਲ ਪੁੱਛ ਗਿੱਛ ਕਰਨੀ ਚਾਲੂ ਕਰ ਦਿੱਤੀ। ਪਰ ਬੰਟੀ ਨੇ ਸਾਫ਼ ਮਨ੍ਹਾ ਕਰ ਦਿੱਤਾ ਕਿ ਉਸ ਨੂੰ ਉਹਨਾਂ ਦੇ ਭੱਜਣ ਬਾਰੇ ਬਿਲਕੁਲ

ਵੀ ਖ਼ਬਰ ਨਹੀਂ ਸੀ। ਉਹ ਬਸ ਆਪਣੇ ਡਰ ਵਜੋਂ ਘਰੋਂ ਫਰਾਰ ਸੀ। ਪੁਲਿਸ ਨੇ ਪਹਿਲਾਂ ਤਾਂ ਸਵਰਨ ਸਿੰਘ ਦੇ ਸਾਹਮਣੇ ਕੁਝ ਨਾ ਕਿਹਾ ਤੇ ਬੰਟੀ ਦੀ ਗੱਲ ਨੂੰ ਸੱਚ ਮੰਨ ਲਿਆ। ਪਰ ਸਵਰਨ ਸਿੰਘ ਦੇ ਘਰ ਜਾਣ ਪਿੱਛੋਂ ਉਹਨਾਂ ਬੰਟੀ ਨੂੰ ਓਥੇ ਹੀ ਰੱਖ ਲਿਆ। ਸਵਰਨ ਸਿੰਘ ਅਜੇ ਥਾਣੇ ਵਿੱਚੋ ਬਾਹਰ ਨਿਕਲਣ ਲੱਗਾ ਸੀ ਕਿ ਮਨਜੀਤ ਵੀ ਆਪਣੇ ਮਾਮੇ ਸਮੇਤ ਹਾਜ਼ਿਰ ਹੋ ਗਿਆ ਤੇ ਉਸ ਨੇ ਵੀ ਜਮਾ ਬੰਟੀ ਵਾਂਗ ਹੀ ਬਿਆਨ ਦਿੱਤੇ ਜਿਵੇਂ ਉਹਨਾਂ ਪਹਿਲਾਂ ਹੀ ਫ਼ੋਨ ਤੇ ਸਾਰੀ ਸਲਾਹ ਕੀਤੀ ਹੋਵੇ। ਕੁਝ ਦੇਰ ਪਿੱਛੋਂ ਬੰਟੀ ਦਾ ਤਾਇਆ ਤੇ ਮਨਜੀਤ ਦਾ ਮਾਮਾ ਵੀ ਓਥੋਂ ਚਲੇ ਗਏ ਪਰ ਕਿਰਨ ਦੇ ਪਰਿਵਾਰ ਦਾ ਕੋਈ ਵੀ ਬੰਦਾ ਘਰ ਨਾ ਗਿਆ। ਕਿਰਨ ਦੇ ਤਾਏ ਦਾ ਮੁੰਡਾ ਥਾਣੇਦਾਰ ਕੋਲ ਗਿਆ ਤੇ ਉਸ ਨੇ ਹੁਣ ਪੁੱਛ-ਗਿੱਛ ਕਰਨ ਲਈ ਕਿਹਾ। ਥਾਣੇਦਾਰ ਨੇ ਬੰਟੀ ਤੇ ਮਨਜੀਤ ਨੂੰ ਆਵਾਜ਼ ਮਾਰੀ....

ਥਾਣੇਦਾਰ - ਐਧਰ ਆਵੋ ਓਏ ਆਸ਼ਿਕੋ ....

ਦੋਨੋ ਜਾਣੇ ਥਾਣੇਦਾਰ ਦੇ ਕੋਲ ਆ ਗਏ ਤੇ ਮਨਜੀਤ ਨੇ ਕਿਹਾ..

ਮਨਜੀਤ - ਹਾਂਜੀ ਭਾਜੀ...

ਥਾਣੇਦਾਰ - ਚਲੋ ਬੰਦਿਆਂ ਵਾਂਗੂੰ ਆਪਣੀਆਂ ਕਮੀਜ਼ਾਂ ਲਾਵੋ ਤੇ ਭੁੰਜੇ ਜਾ ਕੇ ਲੰਮੇ ਪੈ ਜਾਵੋ।

ਮਨਜੀਤ ਤੇ ਬੰਟੀ ਇੱਕ ਦੂਜੇ ਦੇ ਮੂੰਹ ਵੱਲ ਦੇਖ ਰਹੇ ਸੀ ਉਹਨਾਂ ਨੂੰ ਪਤਾ ਲੱਗ ਚੁੱਕਾ ਸੀ ਕੇ ਹੁਣ ਉਹਨਾਂ ਦੀ ਛਿੱਤਰ ਪਰੇਡ ਹੋਣ ਲੱਗੀ ਹੈ। ਥਾਣੇਦਾਰ ਨੇ ਕਿਹਾ .....

ਥਾਣੇਦਾਰ - ਵੇਖਦੇ ਕੀ ਆਂ ... ਚਲੋ ਜਾ ਕੇ ਬੰਦਿਆਂ ਵਾਂਗੂੰ ਪੈ ਜਾਵੋ...

ਥਾਣੇਦਾਰ ਪਟਾ ਲੈ ਆਇਆ ਐਨੇ ਨੂੰ ਉਹ ਦੋਵੇਂ ਕਮੀਜ਼ਾਂ ਲਾਹ ਕੇ ਪੈ ਗਏ ਸੀ। ਉਸ ਨੇ ਮਾਰਨੇ ਸ਼ੁਰੂ ਕਰ ਦਿੱਤੇ, ਦੋਵਾਂ ਦੀਆਂ ਚੀਕਾਂ ਦੂਰ ਤੱਕ ਸੁਣਦੀਆਂ ਹੋਣਗੀਆਂ। ਗਿਣਤੀ ਵੱਧਦੀ ਜਾ ਰਹੀ ਸੀ ਪਰ ਪਟਾ ਰੁਕ ਨਹੀਂ ਸੀ ਰਹਾ। ਫਿਰ ਅਚਾਨਕ ਪਟਾ ਰੁੱਕ ਗਿਆ, ਮਨਜੀਤ ਤੇ ਬੰਟੀ ਦਾ ਹਾਲ ਬੁਰਾ ਸੀ। ਉਹਨਾਂ ਕਿਹਾ ਅਸੀਂ ਬਿੱਕੇ ਦੇ ਹਰ ਰਿਸ਼ਤੇਦਾਰ ਨੂੰ ਜਾਣਦੇ ਹਾਂ ਤੇ ਖੁੱਦ ਨਾਲ ਜਾ ਕੇ ਪ੍ਰੇਮੀ ਜੋੜੇ ਨੂੰ ਲੱਭਣ ਵਿਚ ਮੱਦਦ ਕਰਨਗੇ। ਉਸ ਤੋਂ ਅਗਲੇ ਦਿਨ ਹੀ ਉਹ ਪੁਲਿਸ ਤੇ ਕਿਰਨ ਦੇ ਪਰਿਵਾਰ ਨੂੰ ਨਾਲ ਲੈ ਕਿ ਬਿੱਕੇ ਦੇ ਹਰ ਉਸ ਰਿਸ਼ਤੇਦਾਰਾਂ ਘਰ ਗਏ ਜਿਨ੍ਹਾਂ ਬਾਰੇ

ਉਹਨਾਂ ਨੂੰ ਪਤਾ ਸੀ। ਪਰ ਅਫਸੋਸ ਕਿ ਕੁਝ ਹੱਥ ਨਾ ਲੱਗਾ। ਥੱਕ ਹਾਰ ਕਿ ਪੁਲਿਸ ਫਿਰ ਦੋਨਾਂ ਨੂੰ ਲੈ ਕੇ ਥਾਣੇ ਵਾਪਿਸ ਆ ਗਈ। ਫਿਰ ਜਦੋਂ ਮਹਿੰਦਰ ਸਿੰਘ ਤੇ ਉਸਦੇ ਪਰਿਵਾਰ ਦੇ ਬੰਦੇ ਥਾਣੇ ਤੋਂ ਘਰ ਚਲੇ ਗਏ ਤਾਂ ਥਾਣੇਦਾਰ ਨੇ ਬੰਟੀ ਤੇ ਮਨਜੀਤ ਦੇ ਘਰ ਫੋਨ ਕੀਤਾ ਕਿ ਜਲਦੀ ਨਾਲ ਪੰਦਰਾਂ-ਪੰਦਰਾਂ ਹਜ਼ਾਰ ਰੁਪਏ ਲੈ ਕੇ ਆਉਣ ਨਹੀਂ ਤਾਂ ਕੱਲ ਨੂੰ ਦੋਨਾਂ ਤੇ ਪਰਚਾ ਹੋ ਜਾਵੇਗਾ। ਮਨਜੀਤ ਦੇ ਮਾਮੇ ਨੇ ਥਾਣੇਦਾਰ ਨਾਲ ਗੱਲ-ਬਾਤ ਕਰ ਕੇ ਦਸ-ਦਸ ਹਜ਼ਾਰ ਵਿੱਚ ਗੱਲ ਮੁਕਾਈ। ਬੰਟੀ ਤੇ ਮਨਜੀਤ ਦਾ ਪਰਿਵਾਰ ਪਤਾ ਨਹੀਂ ਕਿਥੋਂ ਪੈਸੇ ਲੈ ਕੇ ਸ਼ਾਮੀ ਹੀ ਥਾਣੇ ਆ ਪੁੱਜੇ ਤੇ ਥਾਣੇਦਾਰ ਨੂੰ ਦੋਨਾਂ ਨੇ ਜੋੜ ਕੇ ਵੀਹ ਹਜ਼ਾਰ ਰੁਪਏ ਦਿੱਤੇ। ਪਰ ਇਸ ਬਾਰੇ ਮਹਿੰਦਰ ਸਿੰਘ ਨੂੰ ਬਿਲਕੁਲ ਖ਼ਬਰ ਨਹੀਂ ਸੀ। ਥਾਣੇਦਾਰ ਨੇ ਪੈਸੇ ਤਾਂ ਲੈ ਲਏ ਪਰ ਅਜੇ ਦੋਨਾਂ ਨੂੰ ਘਰ ਨਾ ਭੇਜਿਆ ਕਿਉਂਕਿ ਥਾਣੇਦਾਰ ਮਹਿੰਦਰ ਸਿੰਘ ਸਾਹਮਣੇ ਦਿਖਾਵੇ ਲਈ ਦੋਨਾਂ ਨੂੰ ਓਥੇ ਰੱਖਣਾ ਚਾਉਂਦਾ ਸੀ। ਪਰ ਉਸਨੇ ਜ਼ਕੀਨ ਦਵਾਇਆ ਕਿ ਹੁਣ ਉਹ ਦੋਵਾਂ ਵਿੱਚੋ ਕਿਸੇ ਨੂੰ ਹੱਥ ਵੀ ਨਹੀਂ ਲਗਾਏਗਾ। ਬੰਟੀ ਤੇ ਮਨਜੀਤ ਦੇ ਪਰਿਵਾਰ ਵਾਲੇ ਪੈਸੇ ਦੇ ਕੇ ਘਰ ਵਾਪਿਸ ਚਲੇ ਗਏ।

ਰਾਤ ਨੂੰ ਰੋਟੀ ਖਾਣ ਮਗਰੋ ਥਾਣੇਦਾਰ ਨੇ ਦੋਵਾਂ ਨੂੰ ਕੋਲ ਬੁਲਾ ਲਿਆ ਤੇ ਕੁੜੀ ਮੁੰਡੇ ਬਾਰੇ ਸਭ ਸੱਚ-ਸੱਚ ਦੱਸਣ ਲਈ ਕਿਹਾ।

ਥਾਣੇਦਾਰ - ਹੁਣ ਘਬਰਾਵੋ ਨਾ ਕਾਕਾ ਹੁਣ ਨਹੀਂ ਤੁਹਾਨੂੰ ਹੱਥ ਲਾਉਂਦੇ।

ਮਨਜੀਤ ਤੇ ਬੰਟੀ ਜਾਣਦੇ ਸੀ ਕਿ ਪੁਲਿਸ ਵਾਲੇ ਕਿਸੇ ਦੇ ਮਿੱਤ ਨਹੀਂ ਪਰ ਉਹਨਾਂ ਸਾਹਮਣੇ ਦੱਸਣ ਤੋਂ ਬਿਨਾ ਕੋਈ ਚਾਰਾ ਵੀ ਨਹੀਂ ਸੀ। ਇਸ ਲਈ ਮਨਜੀਤ ਨੇ ਥਾਣੇਦਾਰ ਨੂੰ ਉਲਝਾਉਂਣ ਲਈ ਕਿਹਾ..

ਮਨਜੀਤ - ਭਾਜੀ ਪੂਰੀ ਗੱਲ ਦੱਸਾਂ ਕਿ ਅੱਧੀ?

ਥਾਣੇਦਾਰ - ਪੂਰੀ ਗੱਲ ਦੱਸ ਮਾਮਾ.. ਮੈਂ ਅੱਧੀ ਤੋਂ ਕੀ ਲੈਣਾ।

ਮਨਜੀਤ ਨੇ ਦੱਸਣਾ ਸ਼ੁਰੂ ਕੀਤਾ...

ਮਨਜੀਤ - ਗੱਲ ਮਸਾਂ ਛੇ ਕੁ ਮਹੀਨੇ ਪਹਿਲਾਂ ਦੀ ਹੈ। ਮੈਂ, ਬੰਟੀ, ਬਿੱਕਾ ਤੇ ਰਾਜੂ ਪਿੰਡ ਦੇ ਮੋੜ ਤੇ ਖਲੋਤੇ ਸੀ। ਤੇ ਸਾਹਮਣੇ ਜ਼ਿੰਮੀਦਾਰਾਂ ਦੇ ਘਰਵਾਲੇ ਪਾਸਿਓਂ ਕਿਰਨ ਤੇ ਉਸਦੀ ਸਹੇਲੀ ਪ੍ਰਭ

ਆ ਰਹੀਆਂ ਸੀ। ਜਦੋਂ ਉਹ ਕੋਲ ਆਈਆਂ ਤਾਂ ਬਿੱਕੇ ਨੇ ਕਿਰਨ ਨੂੰ ਅੱਖ ਮਾਰਤੀ। ਪਰ ਕਿਰਨ ਨੇ ਗੁੱਸਾ ਨਾ ਕੀਤਾ ਤੇ ਹੱਸ ਕੇ ਅੱਗੇ ਲੰਘ ਗਈ। ਅਸਲ ਵਿੱਚ ਉਹ ਆਪਣੇ ਸਕੂਲ ਜਾ ਰਹੀਆਂ ਸੀ। ਉਹ ਦੋਵੇਂ ਹੀ ਪਿੰਡ ਤੋਂ ਬਾਹਰ ਇੱਕ ਪ੍ਰਾਈਵੇਟ ਸਕੂਲ ਵਿੱਚ ਪੜਦੀਆਂ ਸਨ। ਉਹਨਾਂ ਦੇ ਜਾਣ ਪਿੱਛੋਂ ਮੈਂ ਤੇ ਰਾਜੂ ਨੇ ਬਿੱਕੇ ਨੂੰ ਗਾਲਾਂ ਕੱਢੀਆਂ ਕਿ ਤੂੰ ਹੁਣੇ ਪੰਗਾ ਪਾ ਦੇਣਾ ਸੀ ਪਰ ਉਹ ਇਸ ਗੱਲ ਲਈ ਹੈਰਾਨ ਤੇ ਖੁਸ਼ ਵੀ ਸਨ ਕਿ ਕਿਰਨ ਨੇ ਕੋਈ ਗੁੱਸਾ ਨਹੀਂ ਸੀ ਕੀਤਾ। ਕਿਉਂਕਿ ਬਿੱਕਾ ਬਿਲਕੁਲ ਵੀ ਸੋਹਣਾ ਨਹੀਂ ਸੀ, ਉਸ ਦੇ ਮੂਹਰਲੇ ਦੋਵੇਂ ਦੰਦ ਟੁੱਟੇ ਹੋਏ ਸੀ ਤੇ ਰੰਗ ਸਾਵਲਾਂ ਸੀ ਤੇ ਕੱਦ ਵੀ ਬਹੁਤਾ ਲੰਬਾ ਨਹੀਂ ਸੀ। ਬਸ ਉਸਦਾ ਨੱਕ ਤਿੱਖਾ ਸੀ ਜਿਸ ਕਰਕੇ ਉਹ ਥੋੜ੍ਹਾ ਬਹੁਤ ਜੱਚਦਾ ਸੀ। ਪਰ ਕਿਰਨ ਬਹੁਤ ਸੋਹਣੀ ਕੁੜੀ ਸੀ ਉਸ ਨੂੰ ਕੋਈ ਵੀ ਸੋਹਣੇ ਤੋਂ ਸੋਹਣਾ ਤੇ ਪੜ੍ਹਿਆ ਲਿਖਿਆ ਮੁੰਡਾ ਮਿਲ ਸਕਦਾ ਸੀ। ਤੇ ਬਿੱਕਾ ਮਸਾਂ ਸੱਤ ਕੁ ਜਮਾਤਾਂ ਹੀ ਪੜ੍ਹਿਆਂ ਸੀ। ਪਰ ਸਾਡੇ ਸਭ ਦੇ ਕਾਰਨਾਮੇ ਲਾਗੇ ਦੇ ਪਿੰਡਾਂ ਤੱਕ ਮਸ਼ਹੂਰ ਸਨ। ਰੋਜ਼ ਮੋੜ ਤੇ ਖੜਨਾ ਤੇ ਫਿਰ ਕਿਰਨ ਨੂੰ ਛੇੜਨਾ ਰੋਜ਼ ਦਾ ਕੰਮ ਹੋ ਗਿਆ ਸੀ। ਕਿਸੇ ਵਕਤ ਅਸੀਂ ਨਾਲ ਨਾ ਵੀ ਹੁੰਦੇ ਪਰ ਬਿੱਕਾ ਕਦੇ ਨਾਗਾ ਨਹੀਂ ਸੀ ਪਾਉਂਦਾ। ਫਿਰ ਇੱਕ ਦਿਨ ਬਿੱਕੇ ਨੇ ਕਿਰਨ ਨੂੰ ਰੋਕ ਲਿਆ ਤੇ ਆਪਣਾ ਫੋਨ ਨੰਬਰ ਦੇ

ਦਿੱਤਾ। ਕਿਰਨ ਨੇ ਬਿਨਾਂ ਕੋਈ ਨਾਂਹ ਕੀਤੇ ਨੰਬਰ ਫੜ ਲਿਆ। ਬਿੱਕਾ ਉਸ ਦਿਨ ਬਹੁਤ ਖੁਸ਼ ਸੀ ਤੇ ਉਸ ਦਿਨ ਚੰਗਾ ਜਸ਼ਨ ਹੋਇਆ। ਤਿੰਨਾਂ ਨੇ ਰੱਜ ਕੇ ਸ਼ਰਾਬ ਪੀਤੀ ਤੇ ਪਿੰਡ ਵਿੱਚ ਬੁਲਬੁਲੀਆਂ ਮਾਰੀਆਂ।

ਅਗਲੇ ਦਿਨ ਕਿਰਨ ਦਾ ਫੋਨ ਆ ਗਿਆ। ਬਿੱਕਾ ਸਾਰਾ ਦਿਨ ਉਸ ਨਾਲ ਫੋਨ ਤੇ ਲੱਗਾ ਰਹਾ ਤੇ ਇਹ ਰੋਜ਼ ਹੋਣ ਲੱਗਾ। ਫਿਰ ਇੱਕ ਦਿਨ ਕਿਰਨ ਦੇ ਘਰ ਕੋਈ ਨਹੀਂ ਸੀ ਤੇ ਦੁਪਹਿਰ ਦੇ ਗਿਆਰਾਂ ਕੁ ਵਜੇ ਕਿਰਨ ਦਾ ਫੋਨ ਆਇਆ ਤੇ ਉਸ ਨੇ ਕਿਹਾ ਕਿ ਘਰੇ ਕੋਈ ਨਹੀਂ ਹੈ।

ਬਿੱਕੇ ਨੂੰ ਸਭ ਸਮਝ ਆ ਗਿਆ ਤੇ ਉਹ ਬਿਨਾਂ ਕੋਈ ਦੇਰੀ ਕੀਤੀ ਆਪਣਾ ਬਚਾਅ ਕਰਦੇ ਹੋਏ ਕਿਰਨ ਕੇ ਘਰ ਚਲਾ ਗਿਆ। ਇਹ ਸਿਲਸਲਾ ਕਈ ਵਾਰ ਹੋਇਆ ਪਰ ਕਿਰਨ ਦੇ ਪਰਿਵਾਰ ਚੋ' ਕਿਸੇ ਨੂੰ ਕੋਈ ਖ਼ਬਰ ਨਹੀਂ ਸੀ ਕਿ ਉਹਨਾਂ ਘਰ ਕੀ ਹੋ ਰਹਾ ਹੈ। ਕਿਰਨ ਦੀ ਵੱਡੀ ਭੈਣ ਕਾਲਜ ਪੜ੍ਹਦੀ ਸੀ ਤੇ ਓਥੇ ਹੀ ਹੋਸਟਲ ਵਿੱਚ ਰਹਿੰਦੀ ਸੀ। ਕਿਰਨ ਦਾ ਭਰਾ ਕਿਸੇ ਕੰਪਨੀ ਵਿੱਚ ਕੰਮ ਕਰਦਾ ਸੀ ਤੇ ਪਿਓ ਫੌਜ਼ ਵਿੱਚ। ਘਰ ਸਿਰਫ ਕਿਰਨ ਤੇ

ਉਸਦੀ ਮਾਂ ਰਹਿੰਦੇ ਸਨ। ਫਿਰ ਇੱਕ ਦਿਨ ਕਿਰਨ ਨੇ ਫੋਨ ਕੀਤਾ ਕਿ ਉਸਦੀ ਮਾਂ ਨੂੰ ਉਹਨਾਂ ਬਾਰੇ ਪਤਾ ਲੱਗ ਚੁੱਕਾ ਹੈ ਹੁਣ ਉਹਨਾਂ ਦਾ ਬਚਾਅ ਨਹੀਂ ਹੋ ਸਕਦਾ ਇਸ ਲਈ ਬੇਹਤਰ ਇਹੀ ਹੈ ਕਿ ਆਪਾ ਘਰੋਂ ਭੱਜ ਜਾਈਏ। ਬਿੱਕੇ ਨੇ ਮੈਨੂੰ ਤੇ ਬੰਟੀ ਨੂੰ ਫੋਨ ਕਰ ਕੇ ਇਸ ਬਾਰੇ ਦੱਸਿਆ ਪਰ ਅਸੀਂ ਉਸ ਨੂੰ ਇਹੋ ਜਿਹਾ ਕੰਮ ਕਰਨ ਤੋਂ ਸਾਫ ਮਨ੍ਹਾ ਕਰ ਦਿੱਤਾ। ਉਸ ਸਮੇਂ ਤਾਂ ਸਾਨੂੰ ਉਸ ਨੇ ਕਿਹਾ ਕਿ ਉਹ ਨਹੀਂ ਭੱਜੇਗਾ ਪਰ ਓਸੇ ਰਾਤ ਹੀ ਉਹ ਕਿਰਨ ਨੂੰ ਨਾਲ ਲੈ ਕੇ ਪਤਾ ਨਹੀਂ ਕਿਥੇ ਭੱਜ ਗਿਆ। ਜਦੋਂ ਮੈਨੂੰ ਪਤਾ ਲੱਗਾ ਤਾਂ ਮੈਂ ਵੀ ਇਹ ਸੁਣ ਕੇ ਭੱਜ ਗਿਆ ਕਿ ਪੁਲਿਸ ਨੇ ਸਭ ਤੋਂ ਪਹਿਲਾਂ ਸਾਨੂੰ ਚੁੱਕਣਾ ਹੈ ਤੇ ਫਿਰ ਬੰਟੀ ਵੀ ਭੱਜ ਗਿਆ। ਇਹ ਸਾਰੀ ਕਹਾਣੀ ਮਨਜੀਤ ਥਾਣੇਦਾਰ ਨੂੰ ਸੁਣਾ ਰਹਾ ਸੀ। ਪਰ ਇਸ ਕਹਾਣੀ ਵਿੱਚ ਕਿੰਨਾ ਸੱਚ ਹੈ ਇਹ ਉਹ ਦੋਵੇਂ ਹੀ ਜਾਣਦੇ ਸਨ। ਥਾਣੇਦਾਰ ਨੇ ਕਿਹਾ ..

ਥਾਣੇਦਾਰ - ਅੱਛਾ ਇਸ ਦਾ ਮਤਲਬ ਤੁਹਾਨੂੰ ਪਤਾ ਸੀ ਉਹਨਾਂ ਨੇ ਘਰੋਂ ਭੱਜਣਾ ਹੈ?

ਮਨਜੀਤ - ਪਤਾ ਤਾਂ ਸੀ ਪਰ ਅਸੀਂ ਉਸਨੂੰ ਨਾ ਭੱਜਣ ਲਈ ਕਿਹਾ ਸੀ। ਹੁਣ ਸਾਨੂੰ ਕੀ ਪਤਾ ਸੀ ਉਹਨਾਂ ਸੱਚੀ ਭੱਜ ਜਾਣਾ ਵਾ।

ਥਾਣੇਦਾਰ - ਚਲੋ ਠੀਕ ਆ ਮੰਨ ਲੈਨੇ ਆ ਤੁਹਾਡੀ ਗੱਲ, ਪਰ ਕਾਕਾ ਮੈਨੂੰ ਪਤਾ ਤੁਹਾਨੂੰ ਹੁਣ ਵੀ ਪਤਾ ਵਾ ਕਿ ਉਹ ਕਿਥੇ ਨੇ..? ਚਲੋ ਸੋਵੋਂ ਜਾ ਕੇ ਸਵੇਰੇ ਕਰਦੇ ਗੱਲ ਤੁਹਾਡੇ ਨਾਲ।

ਐਨੀ ਗੱਲ ਕਹਿ ਕੇ ਥਾਣੇਦਾਰ ਫੇਰੀ ਹੋ ਗਿਆ ਤੇ ਮਨਜੀਤ ਤੇ ਬੰਟੀ ਓਸੇ ਕਮਰੇ ਵਿੱਚ ਭੁੰਜੇ ਵਿਛੀ ਦਰੀ ਤੇ ਪੈ ਗਏ।

ਅਗਲੀ ਸਵੇਰ ਮਹਿੰਦਰ ਸਿੰਘ ਦੇ ਘਰ ਕਿਸੇ ਨੇ ਖ਼ਬਰ ਦੇ ਦਿੱਤੀ ਕਿ ਜਿਨ੍ਹਾਂ ਦੇ ਘਰ ਬਿੱਕੇ ਦਾ ਪਿਉ ਆਥੜੀ ਕਰਦਾ ਸੀ ਉਹ ਆਪਣੇ ਕੰਮ ਤੇ ਵਾਪਿਸ ਆ ਗਿਆ ਹੈ। ਮਹਿੰਦਰ ਸਿੰਘ ਆਪਣੇ ਪਰਿਵਾਰ ਦੇ ਕੁਝ ਬੰਦਿਆਂ ਸਮੇਤ ਓਥੇ ਜਾ ਪੁੱਜਾ। ਜਦੋਂ ਉਹ ਓਥੇ ਪੁੱਜੇ ਤਾਂ ਬਿੱਕੇ ਦਾ ਪਿਉ ਸ਼ਮਸ਼ੇਰ ਸਿੰਘ ਡੰਗਰਾਂ ਨੂੰ ਪੱਠੇ ਪਾ ਰਿਹਾ ਸੀ। ਮਹਿੰਦਰ ਦੇ ਭਤੀਜੇ ਨੇ ਜਾ ਕੇ ਸ਼ਮਸ਼ੇਰ ਨੂੰ ਗਲੋਂ ਫੜ ਲਿਆ ਤੇ ਛਿੱਤਰ ਮਾਰਨੇ ਸ਼ੁਰੂ ਕਰ ਦਿੱਤੇ। ਓਹਨਾ ਦੇ ਸਾਰੇ ਪਰਿਵਾਰ ਨੇ ਉਸ ਨੂੰ ਹੱਦ ਤੋਂ ਪਰੇ ਕੁੱਟਿਆ ਤੇ ਪੁੱਛਿਆ ਕਿ ਓਹਨਾ ਦੀ ਕੁੜੀ ਕਿੱਥੇ ਹੈ ਪਰ ਸ਼ਮਸ਼ੇਰ ਸਿੰਘ ਪਤਾ ਨਾ ਹੋਣ ਬਾਰੇ ਹੀ ਕਹਿੰਦਾ ਰਿਹਾ। ਮਹਿੰਦਰ ਦੇ ਸਾਰੇ ਪਰਿਵਾਰ ਦੇ ਬੰਦਿਆਂ ਨੇ ਸ਼ੇਮਸ਼ੇਰ ਨੂੰ ਕੁੱਟ ਕੁੱਟ ਕੇ ਉਸਦੇ ਲੀੜੇ ਪਾੜ ਦਿੱਤੇ।

ਜਦੋਂ ਉਸਨੇ ਕੋਈ ਹੋਰ ਜੁਵਾਬ ਨਾ ਦਿੱਤਾ ਤਾਂ ਮਹਿੰਦਰ ਸਿੰਘ ਦੇ ਇੱਕ ਬੰਦੇ ਨੇ ਸ਼ਮਸ਼ੇਰ ਦੇ ਲੀੜੇ ਲਾਹ ਕੇ ਉਸ ਨੂੰ ਤੋੜ ਹੀ ਨੰਗਾ ਕਰ ਦਿੱਤਾ। ਉਸ ਦੇ ਤੇੜ ਵੀ ਕੋਈ ਲੀੜਾ ਨਹੀਂ ਸੀ। ਫਿਰ ਉਹਨਾਂ ਕੋਲ ਹੀ ਪਈ ਇੱਕ ਪੱਲੀ ਵਿੱਚ ਉਸ ਨੂੰ ਲਵੇਟਿਆਂ ਤੇ ਮੋਟਰਸਾਈਕਲ ਪਿੱਛੇ ਬੰਨ੍ਹ ਲਿਆ। ਇੱਕ ਬੰਦਾ ਮੋਟਰਸਾਈਕਲ ਚਲਾਉਣ ਲੱਗ ਪਿਆ ਤੇ ਦੂਸਰਾ ਉਸਦੇ ਪਿੱਛੇ ਬਹਿ ਗਿਆ। ਬਾਕੀ ਸਾਰੇ ਬੰਦੇ ਵੀ ਉਹਨਾਂ ਨਾਲ ਹੀ ਆਪੋ ਆਪਣੇ ਸਾਧਨਾ ਤੇ ਚੱਲ ਪਏ। ਕੁਝ ਕੁ ਦੇਰ ਪਿੱਛੋਂ ਉਹ ਪਿੰਡ ਦੇ ਚੌਂਕ ਵਿੱਚ ਆ ਪੁੱਜੇ। ਇਹ ਦੇਖ ਕੇ ਪਿੰਡ ਦੇ ਸਾਰੇ ਲੋਕ ਆਪਣਿਆਂ ਘਰਾਂ ਤੋਂ ਬਾਹਰ ਆ ਗਏ। ਜਦੋਂ ਉਹਨਾਂ ਪੱਲੀ ਖੋਲੀ ਤਾਂ ਵਿੱਚੋ ਸ਼ਮਸ਼ੇਰ ਸਿੰਘ ਨੂੰ ਬਾਹਰ ਕੱਢਿਆਂ। ਉਹ ਪੂਰਾ ਲਹੂ ਨਾਲ ਨਹਾਤਾ ਹੋਇਆ ਸੀ ਤੇ ਉਸ ਤੋਂ ਬੋਲਿਆਂ ਨਹੀਂ ਸੀ ਜਾਂਦਾ। ਪਿੰਡ ਦੇ ਸਾਰੇ ਲੋਕ ਘਰੋਂ ਬਾਹਰ ਸੀ ਕੋਈ ਆਪਣੇ ਘਰ ਦੀ ਛੱਤ ਉੱਪਰ ਤੇ ਕੋਈ ਆਪਣੇ ਘਰ ਦੇ ਗੇਟ ਮੂਹਰੇ, ਕਿਸੇ ਨੇ ਵੀ ਮਹਿੰਦਰ ਸਿੰਘ ਦੇ ਪਰਿਵਾਰ ਨੂੰ ਰੋਕਣ ਦੀ ਜ਼ੁਰਤ ਨਾ ਕੀਤੀ। ਪਰ ਸਾਰਾ ਪਿੰਡ ਸ਼ਮਸ਼ੇਰ ਸਿੰਘ ਦੀ ਹਾਲਤ ਲਈ ਅੱਥਰੂ ਵਹਾ ਰਿਹਾ ਸੀ। ਕੁਝ ਨਾ ਦੱਸਣ ਤੋਂ ਬਾਅਦ ਵੀ ਉਹ ਸਾਰੇ ਮਹਿੰਦਰ ਸਿੰਘ ਨੂੰ ਜਾਨਵਰਾਂ ਵਾਂਗ ਕੁੱਟ ਰਹੇ ਸਨ। ਫਿਰ ਕੁਝ ਕੁ ਪਿੰਡ ਦੇ ਬੰਦੇ ਉਹਨਾਂ ਕੋਲ ਗਏ ਤੇ

ਉਹਨਾਂ ਜਾ ਕੇ ਮਹਿੰਦਰ ਸਿੰਘ ਨੂੰ ਸਮਝਾਇਆ ਕਿ ਅਗਰ ਮਰ ਗਿਆ ਤਾਂ ਨਵਾਂ ਸਿਆਪਾ ਪੈ ਜਾਵੇਗਾ। ਪਰ ਤੱਦ ਤੱਕ ਸ਼ਮਸ਼ੇਰ ਸਿੰਘ ਦੀ ਹਾਲਤ ਬਹੁਤ ਜਿਆਦਾ ਖਰਾਬ ਹੋ ਗਈ ਸੀ। ਉਸ ਦੇ ਦੋਵੇਂ ਹੱਥ ਤੇ ਇੱਕ ਲੱਤ ਟੁੱਟ ਗਈ ਸੀ। ਕੁਝ ਦੇਰ ਪਿੱਛੋਂ ਉਹ ਸਾਰੇ ਓਥੋਂ ਚਲੇ ਗਏ ਤੇ ਉਹਨਾਂ ਬੰਦਿਆਂ ਨੇ ਸ਼ਮਸ਼ੇਰ ਸਿੰਘ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਜਿਨ੍ਹਾਂ ਨੇ ਉਸਦੀ ਜਾਨ ਬਚਾਈ ਸੀ। ਇਸ ਬਾਰੇ ਥਾਣੇਦਾਰ ਨੂੰ ਪਤਾ ਲੱਗਾ ਤਾਂ ਉਸ ਨੇ ਮਹਿੰਦਰ ਸਿੰਘ ਨੂੰ ਹੁਣ ਸੰਭਲਣ ਲਈ ਕਿਹਾ ਤਾਂ ਜੁ ਕੰਮ ਖਰਾਬ ਨਾ ਹੋ ਜਾਵੇ। ਕਿਉਂਕਿ ਉਹਨਾਂ ਦੀ ਇਸ ਗ਼ਲਤੀ ਕਰਕੇ ਉਹਨਾਂ ਨੂੰ ਸਖਤ ਤੋਂ ਸਖਤ ਸਜ਼ਾ ਹੋ ਸਕਦੀ ਸੀ। ਪਰ ਪਿੰਡ ਦੇ ਮੋਹਤਵਾਰਾਂ ਦੀ ਮੰਨ ਕੇ ਸ਼ਮਸ਼ੇਰ ਸਿੰਘ ਨੇ ਕੋਈ ਕਾਰਵਾਹੀ ਨਹੀਂ ਸੀ ਕੀਤੀ। ਕਿਉਂਕਿ ਉਹ ਸਮਝਦਾ ਸੀ ਕਿ ਉਸਦੇ ਮੁੰਡੇ ਦੀ ਗਲਤੀ ਦੀ ਸਜ਼ਾ ਉਸ ਨੂੰ ਮਿੱਲ ਰਹੀ ਹੈ। ਇਸ ਤੋਂ ਅਗਲੇ ਦਿਨ ਹੀ ਪੁਲਿਸ ਨੇ ਬੰਟੀ ਤੇ ਮਨਜੀਤ ਨੂੰ ਛੱਡ ਦਿੱਤਾ ਪਰ ਉਹ ਦੋਨੋ ਘਰ ਨਾ ਆਏ ਤੇ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਚਲੇ ਗਏ।

ਜਦੋਂ ਅੰਗਦ ਕਾਲਜ ਤੋਂ ਘਰ ਆਇਆ ਤੇ ਉਸਦੀ ਮਾਂ ਨੇ ਸ਼ਮਸ਼ੇਰ ਸਿੰਘ ਨਾਲ ਹੋਈ ਸਾਰੀ ਗੱਲ ਦੱਸੀ ਤੇ ਉਸਦੀ ਹਾਲਤ ਤੇ ਦੁੱਖ ਪ੍ਰਗਟ ਕੀਤਾ। ਉਸ ਤੋਂ ਬਾਅਦ ਵੀ ਪੁਲਿਸ ਨੇ ਤਲਾਸ਼

ਜਾਰੀ ਰੱਖੀ ਪਰ ਕੋਈ ਖ਼ਬਰ ਨਾ ਹੱਥ ਲੱਗੀ। ਤਲਾਸ਼ ਉਦੋਂ ਠੱਪ ਹੋ ਗਈ ਜਦੋਂ ਇੱਕ ਮਹੀਨੇ ਬਾਅਦ ਕਿਰਨ ਤੇ ਬਿੱਕੇ ਦੇ ਵਿਆਹ ਦੀ ਖ਼ਬਰ ਆ ਗਈ। ਕੋਈ ਇਸ ਵਿਆਹ ਲਈ ਖੁਸ਼ ਸੀ ਤੇ ਕੋਈ ਹੱਦ ਤੋਂ ਪਰੇ ਦੁਖੀ। ਇਸ ਤੋਂ ਬਾਅਦ ਕਿੰਨਾ ਹੀ ਸਮਾਂ ਗੁੱਜਰ ਗਿਆ ਪਰ ਨਾ ਤਾਂ ਕਿਰਨ ਘਰੇ ਵਾਪਿਸ ਆਈ ਤੇ ਨਾ ਹੀ ਬਿੱਕਾ ਵਾਪਿਸ ਆਇਆ।

ਹੋ ਨਾ ਹੋ ਬਿੱਕੇ ਦੇ ਯਾਰਾਂ ਦਾ ਉਸਦੇ ਭੱਜਣ ਵਿੱਚ ਪੂਰਾ ਹੱਥ ਸੀ। ਪਰ ਉਹ ਛਿੱਤਰ ਖਾਂਦੇ ਰਹੇ ਤੇ ਕਦੇ ਵੀ ਕਿਸੇ ਨੂੰ ਸੱਚ ਨਾ ਦੱਸਿਆ। ਸ਼ਮਸ਼ੇਰ ਨੂੰ ਆਪਣੇ ਮੁੰਡੇ ਦੇ ਬਾਰੇ ਪਤਾ ਸੀ ਜਾਂ ਨਹੀਂ ਇਹ ਵੀ ਕੋਈ ਨਹੀਂ ਸੀ ਜਾਣਦਾ। ਪਰ ਉਸ ਨੂੰ ਇਸ ਤਰ੍ਹਾਂ ਸ਼ਰੇਆਮ ਕੁੱਟ ਪੈਣੀ ਕੀ ਸਹੀ ਸੀ? ਇਸ ਨਤੀਜੇ ਤੱਕ ਅਜੇ ਤੱਕ ਕੋਈ ਨਹੀਂ ਪੁੱਜਾ ਕਿ ਦੋਨਾਂ ਵਿੱਚੋ ਸਹੀ ਕੌਣ ਹੈ! ਮਹਿੰਦਰ ਸਿੰਘ ਜਿਸਦੀ ਕੁੜੀ ਦੀ ਪਿਛਲੇ ਕੁਝ ਦਿਨਾਂ ਤੋਂ ਕੋਈ ਖ਼ਬਰ ਨਹੀਂ ਸੀ ਜਾ ਫਿਰ ਸ਼ਮਸ਼ੇਰ ਸਿੰਘ ਜਿਸਦਾ ਪੁੱਤਰ ਉਸਦੀ ਕੁੜੀ ਨੂੰ ਘਰੋਂ ਭਜਾ ਕੇ ਲੈ ਗਿਆ ਸੀ। ਬਿੱਕਾ ਤੇ ਕਿਰਨ ਨੇ ਆਪਣੇ ਛੇ ਮਹੀਨਿਆਂ ਦੇ ਪਿਆਰ ਬਦਲੇ ਆਪਣੇ ਪਰਿਵਾਰ ਦੇ ਅਠਾਰਾਂ-ਵੀਹ ਸਾਲ ਦੇ ਪਿਆਰ ਨੂੰ ਲੱਤ ਮਾਰਤੀ। ਕਿਉਂਕਿ ਉਹਨਾਂ ਦੀਆਂ ਨਜ਼ਰਾਂ ਵਿੱਚ

ਆਪਣੇ ਪ੍ਰੇਮ ਤੋਂ ਸਿਵਾ ਕੁਝ ਸਹੀ ਨਹੀਂ ਸੀ। ਪਰ ਜੋ ਹਾਲਾਤ ਮਹਿੰਦਰ ਸਿੰਘ ਤੇ ਸ਼ਮਸ਼ੇਰ ਸਿੰਘ ਨੇ ਆਪਣੇ ਤੇ ਝੱਲੇ ਉਹਨਾਂ ਦਾ ਕੋਈ ਮੁੱਲ ਨਹੀਂ ਸੀ। ਮਹਿੰਦਰ ਸਿੰਘ ਤੇ ਸ਼ਮਸ਼ੇਰ ਸਿੰਘ ਦੇ ਦੁੱਖ ਨੂੰ ਲਫ਼ਜ਼ਾਂ ਵਿੱਚ ਕੋਈ ਬਿਆਨ ਨਹੀਂ ਕਰ ਸਕਦਾ। ਉਸ ਤੋਂ ਪਿੱਛੋਂ ਪਿੰਡ ਹੋਰ ਵੀ ਕਈ ਪ੍ਰੇਮੀ ਜੋੜਿਆਂ ਨੇ ਪ੍ਰੇਮ ਵਿਆਹ ਕਰਾਏ ਸੀ। ਕੁਝ ਮੰਜ਼ੂਰੀ ਨਾਲ ਤੇ ਕੁਝ ਬਿਨਾਂ ਮੰਜ਼ੂਰੀ ਤੋਂ। ਤੇ ਪਿੰਡ ਦੇ ਹਾਲਾਤ ਸੁਧਰਨ ਤੋਂ ਬਿਜਾਏ ਹੋਰ ਖਰਾਬ ਹੋ ਗਏ।

ਪ੍ਰੇਮ ਵਿਆਹ ਕਦੇ ਗ਼ਲਤ ਨਹੀਂ ਹੁੰਦੇ। ਕਿਉਂਕਿ ਸਾਡੇ ਲਈ ਸਹੀ ਜੀਵਨ ਸਾਥੀ ਕਿਹੜਾ ਹੈ ਇਹ ਸਾਡੇ ਤੋਂ ਬਿਨਾ ਕੋਈ ਨਹੀਂ ਜਾਣਦਾ। ਪਰ ਘਰਦਿਆਂ ਦੀ ਮਰਜ਼ੀ ਤੋਂ ਬਿਨਾਂ ਵਿਆਹ ਕਰਨਾ ਬਿਲਕੁਲ ਵੀ ਸਹੀ ਨਹੀਂ। ਸਾਨੂੰ ਆਪਣੇ ਮਾਂ ਬਾਪ ਨੂੰ ਮਨਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਉਹਨਾਂ ਲਈ ਸਾਡੀ ਖੁਸ਼ੀ ਤੋਂ ਵੱਧ ਕੁਝ ਨਹੀਂ ਹੁੰਦਾ। ਪਰ ਇੱਜ਼ਤ ਨੂੰ ਸ਼ਰੇਆਮ ਨਿਲਾਮ ਕਰਨਾ ਕੋਈ ਸਹੀ ਤਰੀਕਾ ਨਹੀਂ ਹੁੰਦਾ ਆਪਣੇ ਪ੍ਰੇਮ ਨੂੰ ਸਹੀ ਸਾਬਿਤ ਕਰਨ ਦਾ। ਕੋਈ ਜਿਨ੍ਹਾਂ ਮਰਜ਼ੀ ਕਹੇ ਕਿ ਦੁਨੀਆਂ ਮੋਡਰਨ ਹੋ ਗਈ ਹੈ ਪਰ ਮਾਂ ਬਾਪ ਦਾ ਪਿਆਰ ਅੱਜ ਵੀ ਆਪਣੇ ਬੱਚਿਆਂ ਲਈ ਓਹੀ ਹੈ। ਜ਼ੁਬਾਨ ਭਾਵੇ ਬਦਲ ਗਈ ਹੈ ਪਰ ਭਾਵਨਾਵਾਂ ਨਹੀਂ

ਬਦਲੀਆਂ। ਆਪਣਿਆਂ ਦੀ ਖੁਸ਼ੀ ਤੋਂ ਵੱਧ ਕੇ ਕੁਝ ਨਹੀਂ ਹੁੰਦਾ। ਅਗਰ ਆਪਣਿਆਂ ਤੋਂ ਦੂਰ ਵੀ ਹੁੰਦੇ ਹਾਂ ਤਾਂ ਉਹਨਾਂ ਦੀ ਖਿੱਚ ਹਮੇਸ਼ਾ ਰਹਿੰਦੀ ਹੈ ਇਸ ਲਈ ਭਾਵਨਾਵਾਂ ਦੀ ਕਦਰ ਕਰਨੀ ਜ਼ਰੂਰ ਸਿੱਖੋ। ਜੇ ਅੱਜ ਅਸੀਂ ਆਪਣੇ ਮਾਂ ਬਾਪ ਨਾਲ ਐਵੇਂ ਕਰਾਂਗੇ ਤੇ ਇਹ ਨਾ ਭੁੱਲੋ ਕੇ ਅਸੀਂ ਵੀ ਇੱਕ ਦਿਨ ਓਸੇ ਜਗ੍ਹਾ ਤੇ ਖੜੇ ਹੋਵਾਂਗੇ ਜਿੱਥੇ ਅੱਜ ਸਾਡੇ ਮਾਪੇ ਖੜੇ ਨੇ। ਤੇ ਨਤੀਜੇ ਇਸ ਤੋਂ ਗੰਭੀਰ ਹੀ ਹੋਣਗੇ ਸੁਧਰਨਗੇ ਨਹੀਂ।

ਮਾਂਹਲੀ ਕੁੜੀ

ਪੀੜ੍ਹ ਸਿੰਘ ਕੈਟੀ

ਸਾਂਵਲੀ ਕੁੜੀ

ਪੈਰਾਂ ਨੂੰ ਝਾੜਦਾ ਹੋਇਆ ਉਹ ਅੱਗੇ ਵਧਿਆ। ਸੱਜੇ ਹੱਥ ਵਿੱਚ ਸਿਗਰਟ ਫੜੀ ਜੋ ਹੌਲੀ-ਹੌਲੀ ਧੁੱਖਦੀ ਜਾ ਰਹੀ ਸੀ ਬਿਨਾਂ ਉਸਦੇ ਬੁੱਲਾਂ ਨੂੰ ਛੂਹੇ। ਜਿਵੇਂ ਉਹ ਪੀਂਦਾ ਘੱਟ ਤੇ ਫੂਕਦਾ ਜ਼ਿਆਦਾ ਹੋਵੇ। ਗਲ ਚਿੱਟੇ ਰੰਗ ਦਾ ਪਜ਼ਾਮਾ ਕੁੜਤਾ ਤੇ ਪੈਰੀ ਚਮੜੇ ਦੀ ਚੱਪਲ। ਦੋਂ ਉਂਗਲਾਂ ਵਿੱਚ ਬਲਦੀ ਸਿਗਰਟ ਫੜੀ ਓਸੇ ਹੱਥ ਦੀ ਇੱਕ ਉਂਗਲ ਨਾਲ ਝਾੜਦਾ ਤੇ ਫਿਰ ਬੁੱਲਾਂ ਨੂੰ ਲਾ ਸਾਹ ਅੰਦਰ ਨੂੰ ਖਿੱਚਦਾ। ਜਿਉਂ ਹੀ ਸਾਹ ਅੰਦਰ ਨੂੰ ਖਿੱਚਦਾ ਤਾਂ ਸਿਗਰਟ ਦਾ ਦੂਸਰਾ ਸਿਰਾ ਪੂਰਾ ਮਘਦਾ। ਫਿਰ ਸਿਰਗਟ ਲਬਾਂ ਨਾਲੋਂ ਹਟਾ ਕੁੱਝ ਦੇਰ ਬਾਅਦ ਧੂਆਂ ਛੱਡਦਾ ਤੇ ਚੱਲਦਾ ਜਾਂਦਾ। ਸਮਾਂ ਕਰੀਬ ਸ਼ਾਮ ਦੇ ਅੱਠ ਵਜੇ ਦਾ ਹੋਵੇਗਾ। ਸਿਗਰਟ ਖ਼ਤਮ ਹੋ ਗਈ ਤੇ ਉਸਦੇ ਬੱਚਦੇ ਹਿੱਸੇ ਨੂੰ ਹੇਠਾਂ ਸੁੱਟ ਪੈਰ ਨਾਲ ਮਸਲਦਾ ਹੋਇਆ ਅੱਗੇ ਵਧਿਆ। ਰਸਤੇ ਵਿੱਚ ਜਾਂਦਿਆ ਇੱਕ ਸ਼ਾਹ ਕੋਲੋ ਲੰਘਿਆਂ। ਉਸਨੇ ਸ਼ਾਹ ਨੂੰ ਅਵਾਜ਼ ਮਾਰੀ..

ਅਜੀਤ – ਕੀ ਹਾਲ ਸ਼ਾਹ ਜੀ?

ਸ਼ਾਹ – ਵਧੀਆ ਅਜੀਤ ਤੂੰ ਸੁਣਾ ਘਰ ਸਭ ਠੀਕ ਠਾਕ?

ਅਜੀਤ – ਹਾਂਜੀ ਵਧੀਆ ਜੀ

ਸ਼ਾਹ – ਚਲੋ ਵਧੀਆ ਚਾਹੀਦਾ, ਚੰਗਾ ਫਿਰ ਮਿਲਦੇ

ਅਜੀਤ – ਚੰਗਾ ਜੀ

ਐਨਾ ਕਹਿਣ ਬਾਅਦ ਸ਼ਾਹ ਆਪਣੇ ਰਸਤੇ ਪੈ ਗਿਆ ਤੇ ਅਜੀਤ ਅੱਗੇ ਵਧ ਗਿਆ। ਖੁੱਲ੍ਹੇ ਬਜ਼ਾਰ ਵਿੱਚੋਂ ਲੰਘਦਾ ਉਹ ਇੱਕ ਭੀੜੀ ਜਿਹੀ ਗਲੀ ਅੰਦਰ ਵੜ ਗਿਆ। ਤੇ ਇੱਕ ਘਰ ਸਾਹਮਣੇ ਖਲ੍ਹੋ ਕੇ ਬੂਹਾ ਖੜਕਾਉਣ ਲੱਗਾ। ਇੱਕ-ਅੱਧੇ ਮਿੰਟ ਵਿੱਚ ਬੂਹਾ ਖੁੱਲ ਗਿਆ। ਇਹ ਉਸਦਾ ਆਪਣਾ ਹੀ ਘਰ ਸੀ। ਬੂਹਾ ਉਸਦੇ ਨਿੱਕੇ ਮੁੰਡੇ ਰਵੀ ਨੇ ਖੋਲ੍ਹਿਆ। ਬੂਹਾ ਖੋਲ ਉਹ ਜਲਦੀ ਨਾਲ ਆਪਣੇ ਵੱਢੇ ਭਰਾ ਵੱਲ ਭੱਜ ਗਿਆ ਤੇ ਖੇਡਣ ਲੱਗਾ। ਘਰ ਬਹੁਤਾ ਵੱਢਾ ਨਹੀਂ ਸੀ ਤੇ ਆਮ ਘਰਾ ਵਰਗਾ ਮਾਲੂਮ ਹੁੰਦਾ ਸੀ। ਉਨੇ ਚੱਪਲ ਲਾਹੀ ਤੇ ਜਾ ਕੇ ਹਾਲ ਵਿੱਚ ਪਏ ਇੱਕ ਸੋਫੇ ਤੇ ਜਾ ਕੇ ਬੈਠ ਗਿਆ। ਐਨੇ ਨੂੰ ਉਸਦੀ ਘਰਵਾਲੀ ਆਈ ਤੇ ਓਸਦੇ ਕੋਲ ਬੈਠ ਗਈ। ਓਹ ਭਾਰੇ ਸਰੀਰ ਦੀ ਇੱਕ ਖ਼ੂਬਸੂਰਤ ਔਰਤ ਸੀ। ਜਿਸਦਾ ਨਾਮ ਰੱਜੋ ਸੀ। ਬੈਠਦੇ ਹੀ ਉਸਨੇ ਆਪਣੀ ਧੀ ਨੂੰ ਅਵਾਜ਼ ਲਗਾਈ।

ਰੱਜੋ – ਅਨੂ.. ਪਾਣੀ ਲਿਆ ਪੁੱਤ।

ਅਨੂ – ਲਿਆਈ ਮੰਮੀ

ਅਨੂ ਇੱਕ ਟ੍ਰੇ ਵਿੱਚ ਪਾਣੀ ਦਾ ਗ਼ਿਲਾਸ ਰੱਖ ਕੇ ਲੈ ਆਈ। ਅਜੀਤ ਨੇ ਪਾਣੀ ਪੀਤਾ ਤੇ ਖਾਲੀ ਗ਼ਿਲਾਸ ਮੁੜ ਟ੍ਰੇ ਵਿੱਚ ਰੱਖ ਦਿੱਤਾ। ਅਨੂ ਟ੍ਰੇ ਚੁੱਕ ਕੇ ਰਸੋਈ ਵਿੱਚ ਲੈ ਗਈ। ਅਜੀਤ ਨੇ ਸਾਹਮਣੇ ਬੈਂਚ ਤੇ ਪਈ ਅਖ਼ਬਾਰ ਚੁੱਕੀ ਤੇ ਪੜਨੀ ਸੁਰੂ ਕਰ ਦਿੱਤੀ। ਐਨੇ ਨੂੰ ਰੱਜੋ ਬੋਲੀ..

ਰੱਜੋ – ਹਾਂ ਬਣੀ ਕਿਤੇ ਗੱਲ?

ਅਜੀਤ – ਕਿਹਾ ਮੈਂ ਆਪਣੇ ਇੱਕ ਯਾਰ ਨੂੰ। ਸ਼ਾਇਦ ਉਹ ਕੁਝ ਮਦਦ ਕਰ ਦੇਵੇ।

ਰੱਜੋ – ਇਸਦਾ ਮਤਲਬ ਅੱਜ ਫਿਰ ਤੁਸੀਂ ਖਾਲੀ ਹੱਥ ਆ ਗਏ।

www.PunjabiLibrary.com

ਅਜੀਤ – ਕੋਸ਼ਿਸ ਤਾਂ ਕਰ ਰਿਹਾ ਹਾਂ। ਹੁਣ ਫਾਹ ਲੈ ਲਵਾਂ?

ਰੱਜੋ – ਕੀ ਫਾਇਦਾ ਤੁਹਾਡੇ ਫਾਹ ਲੈਣ ਦਾ ਕਿਹੜਾ ਕੋਈ ਬੀਮਾਂ ਕਰਵਾਇਆ ਹੋਣਾ ਏ। ਅਗਰ ਕਰਾਇਆ ਹੁੰਦਾ ਤਾਂ ਤੁਹਾਡੇ ਮਰਨ ਪਿੱਛੋਂ ਪੈਸੇ ਤਾਂ ਮਿਲਦੇ।

ਤੁਸੀਂ ਕਰੋਗੇ ਕੁਝ ਜਾਂ ਫਿਰ ਮੈਂ ਆਪਣੇ ਭਰਾ ਨਾਲ ਗੱਲ ਕਰਾਂ। ਮੈਨੂੰ ਤਾਂ ਉਨ੍ਹਾਂ ਨਾਲ ਪੈਸਿਆਂ ਬਾਰੇ ਗੱਲ ਕਰਦਿਆਂ ਵੀ ਸ਼ਰਮ ਆਉਂਦੀ ਆ ਕਿ ਕੀ ਕਹਿਣਗੇ ਉਹ। ਕਿ ਪਹਿਲਾਂ ਤਾਂ ਮੈਂ ਆਪਣੀ ਮਰਜ਼ੀ ਨਾਲ ਵਿਆਹ ਕਰਾਇਆ ਤੇ ਹੁਣ ਤਰਲੇ ਲੈਂਦੀ ਫਿਰਦੀ ਆ। ਧੀ ਦੇ ਵਿਆਹ ਵਿੱਚ ਮਸਾਂ ਹੀ ਸੋਲਾਂ-ਸਤਾਰਾਂ ਦਿਨ ਰਹਿ ਗਏ ਨੇ। ਪਤਾ ਨੀ ਪੈਸਿਆਂ ਦਾ ਇੰਤਜ਼ਾਮ ਕਿੱਦਾਂ ਹੋਊਗਾ।

ਅਜੇ ਤਾਂ ਚੰਗੀ ਗੱਲ ਇਹ ਹੋਈ ਕਿ ਮੁੰਡੇ ਵਾਲਿਆਂ ਨੇ ਕਿਸੇ ਵੀ ਤਰਾਂ ਦੀ ਦਾਜ਼ ਦੀ ਮੰਗ ਨਹੀਂ ਰੱਖੀ। ਜੇ ਉਹ ਮੂੰਹ ਅੱਡ ਕੇ ਦਾਜ਼ ਮੰਗ ਲੈਂਦੇ ਤਾਂ ਅਸੀਂ ਤਾਂ ਸਾਰੀ ਉਮਰ ਕੁੜੀ ਦਾ ਵਿਆਹ ਨਹੀਂ ਸੀ ਕਰ ਸਕਦੇ। ਚੰਗੇ ਨੇ ਵਚਾਰੇ।

ਉਹ ਬਿਨਾਂ ਚੁੱਪ ਕੀਤਿਆਂ ਕੁਝ ਨਾ ਕੁਝ ਬੋਲੀ ਜਾ ਰਹੀ ਸੀ ਤੇ ਅਜੀਤ ਬਿਨਾਂ ਉਸ ਨੂੰ ਜੁਆਬ ਦਿੱਤਿਆਂ ਚੁੱਪ ਬੈਠਾ ਸੀ। ਉਹ ਜਾਣਦਾ ਸੀ ਕਿ ਅਗਰ ਉਹ ਰੱਜੋ ਦੀਆਂ ਗੱਲਾਂ ਦਾ ਜੁਆਬ ਦੇਵੇਗਾ ਤਾਂ ਇੱਕ ਦੀਆਂ ਦੋ ਸੁਣਾਵੇਗੀ। ਇਸ ਲਈ ਚੁੱਪ ਰਹਿਣ ਵਿੱਚ ਹੀ ਬਹਿਤਰੀ ਹੋਵੇਗੀ। ਕੁਝ ਕੁ ਦੇਰ ਪਿੱਛੋਂ ਅਨੂ ਨੇ ਅਵਾਜ਼ ਦਿੱਤੀ..

ਅਨੂ – ਮੰਮੀ ਰੋਟੀ ਤਿਆਰ ਆ ਲੈ ਕੇ ਆਵਾਂ?

ਰੱਜੋ – ਹਾਂ ਲਿਆ ਪੁੱਤ ਪਹਿਲਾਂ ਆਪਣੇ ਡੈਡੀ ਲਈ ਪਾ ਕੇ ਲਿਆ।

ਅਜੀਤ ਸੋਫੇ ਤੋਂ ਉੱਠਿਆ ਤੇ ਗੁਸਲਖ਼ਾਨੇ ਦੇ ਬਾਹਰ ਲੱਗੇ ਹੱਥ ਧੋਣ ਵਾਲੇ ਵਾਸ਼-ਵੇਸ਼ਣ ਤੋਂ ਹੱਥ ਧੋ ਕੇ ਫਿਰ ਆਪਣੀ ਜਗ੍ਹਾ ਆ ਕੇ ਬੈਠ ਗਿਆ। ਅਨੂ ਇੱਕ ਹੱਥ ਵਿੱਚ ਥਾਲੀ ਫੜੀ ਜਿਸ ਵਿੱਚ ਇੱਕ ਕਉਲੀ ਵਿੱਚ ਗੋਭੀ ਦੀ ਸਬਜ਼ੀ ਸਮੇਤ ਦੋ ਰੋਟੀਆਂ ਰੱਖੀਆਂ ਹੋਈਆਂ ਸਨ। ਤੇ ਦੂਸਰੇ ਹੱਥ ਵਿੱਚ ਇੱਕ ਟ੍ਰੇ ਵਿੱਚ ਪਾਣੀ ਦਾ ਭਰਿਆ ਜੱਗ ਤੇ ਗ਼ਿਲਾਸ ਰੱਖਿਆ ਹੋਇਆ ਸੀ। ਲਿਆ ਕੇ ਅਜੀਤ ਦੇ ਸਾਹਮਣੇ ਰੱਖ ਦਿੱਤੇ। ਤੇ ਆਪ ਮੁੜ ਰਸੋਈ ਵਿੱਚ ਚਲੀ ਗਈ। ਅਜੀਤ ਨੇ ਰੋਟੀ ਖਾਣੀ ਸੁਰੂ ਕੀਤੀ ਹੀ ਕਿ ਰੱਜੋ ਫਿਰ ਤੋਂ ਬੋਲਣ ਲੱਗ ਪਈ। ਅਨੂ ਦੋ ਰੋਟੀਆਂ ਹੋਰ ਲੈ ਕੇ ਆਈ ਤੇ ਬਿਨਾਂ ਅਜੀਤ ਨੂੰ ਪੁੱਛੇ ਥਾਲੀ ਵਿੱਚ ਰੱਖ ਕੇ ਮੁੜ ਰਸੋਈ ਵਿੱਚ ਚਲੀ ਗਈ। ਅਜੀਤ ਨੇ ਰੋਟੀ ਖਾਧੀ ਤੇ ਬਿਨਾਂ ਹੱਥ ਧੋਤੇ ਆਪਣੇ ਕਮਰੇ ਵਿੱਚ ਜਾ ਲੰਮੇ ਪੈ ਗਿਆ। ਕੁਝ ਹੀ ਪਲਾਂ ਵਿੱਚ ਉਸ ਨੂੰ ਨੀਂਦ ਆ ਗਈ। ਉਸ ਪਿੱਛੋਂ ਬਾਕੀ ਸਾਰੇ ਘਰਦਿਆਂ ਨੇ ਵੀ ਰੋਟੀ ਖਾਧੀ ਤੇ ਸੋਣ ਚਲੇ ਗਏ।

ਸ਼ਵੇਰ ਹੋਈ ਅਜੀਤ ਉੱਠਿਆ ਤੇ ਨਹਾ ਧੋ ਕੇ ਬਾਣੀ ਪੜੀ ਤੇ ਫਿਰ ਚਾਹ ਪੀ ਘਰੋਂ ਨਿਕਲ ਗਿਆ। ਘਰੋਂ ਨਿਕਲਦੇ ਸਾਰ ਹੀ ਉਸਨੇ ਸਿਗਰਟ ਬਾਲ ਲਈ। ਉਹ ਕਦੇ ਘਰ ਦੇ ਅੰਦਰ ਸਿਗਰਟ ਨਹੀਂ ਸੀ ਪੀਂਦਾ। ਇੱਕ ਤਾਂ ਉਸ ਨੂੰ ਏਦਾਂ ਕਰਨ ਤੋਂ ਰੱਜੋ ਵਰਜਦੀ ਤੇ ਦੂਸਰਾ ਉਹ ਆਪ ਹੀ ਬੱਚਿਆਂ ਸਾਹਮਣੇ ਸਿਗਰਟ ਪੀਣ ਨੂੰ ਗ਼ਲਤ ਮੰਨਦਾ ਸੀ। ਸਿਗਰਟ ਪੀਂਦਾ ਉਹ ਆਪਣੀ ਦੁਕਾਨ ਤੱਕ ਅੱਪੜ ਆਇਆ। ਸਿਗਰਟ ਸੁੱਟ ਜੇਬ ਚੋਂ ਚਾਬੀ ਕੱਢੀ ਤੇ ਦੁਕਾਨ ਖੋਲ੍ਹ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਫੋਟੋ ਨੂੰ ਮੱਥਾ ਟੇਕਿਆ ਤੇ ਸ਼ਾਫ-ਸ਼ਫਾਈ ਕੀਤੀ। ਐਨੇ ਨੂੰ ਦੋ ਬੀਬੀਆਂ ਆ ਗਈਆਂ। ਅਜੀਤ ਧੂਫ-ਬੱਤੀ ਕਰ ਰਿਹਾ ਸੀ। ਇੱਕ ਬੀਬੀ ਬੋਲੀ..

ਪਹਿਲੀ ਬੀਬੀ – ਭਾਜੀ ਕੋਈ ਜੁੱਤੀ ਦਿਖਾਲਿਓ ਵਧੀਆ ਜਿਹੀ।

ਅਜੀਤ ਨੇ ਫੋਟੋ ਨੂੰ ਫਿਰ ਤੋਂ ਮੱਥਾ ਟੇਕਿਆ ਤੇ ਮੂੰਹ ਬੀਬੀਆਂ ਵੱਲ ਘੁਮਾਉਂਦਾ ਬੋਲਿਆ..

ਅਜੀਤ – ਲਵੋ ਜੀ ਜਿੰਨੀਆਂ ਮਰਜ਼ੀ ਜੁੱਤੀਆਂ ਲਵੋਂ ਤੁਹਾਡੀ ਆਪਣੀ ਦੁਕਾਨ ਆ। ਓਦਾਂ ਕਿਹੋ ਜੀ ਜੁੱਤੀ ਲਵੋਂਗੇ? ਵਿਆਹ-ਸ਼ਾਦੀ ਤੇ ਪਾਉਣ ਲਈ ਜਾਂ ਬਸ ਘਰੇ ਆਮ ਪਾਉਣ ਨੂੰ।

ਦੂਜੀ ਬੀਬੀ – ਵਿਆਹ ਵਾਲੀ ਦਿਖਾਵੋ। ਮੇਰੇ ਮਾਮੇ ਦੇ ਮੁੰਡੇ ਦਾ ਵਿਆਹ ਆ।

ਅਜੀਤ – ਲਵੋ ਜੀ ਵਿਆਹ ਵਾਲੀ ਜੁੱਤੀ ਲਵੋ।

ਅਜੀਤ ਨੇ ਚਾਰ-ਪੰਜ ਜੁੱਤੀਆਂ ਦੇ ਡੱਬੇ ਫੜੇ ਤੇ ਇੱਕ-ਇੱਕ ਕਰ ਬੀਬੀਆਂ ਨੂੰ ਦਿਖਾਉਣ ਲੱਗ ਪਿਆ। ਪਰ ਉਨ੍ਹਾਂ ਨੂੰ ਕੋਈ ਜੁੱਤੀ ਪਸੰਦ ਨਾ ਆਈ ਤੇ ਹੋਰ ਨਵੇਂ ਡਜ਼ਾਇਨ ਵਾਲੀਆਂ ਜੁੱਤੀਆਂ ਦਿਖਾਉਣ ਦੀ ਮੰਗ ਕੀਤੀ। ਅਜੀਤ ਦੋ ਜੋੜੇ ਹੋਰ ਲੈ ਕੇ ਆਇਆ। ਜਿੰਨ੍ਹਾਂ ਵਿੱਚੋਂ ਇੱਕ ਜੋੜਾ ਉਨ੍ਹਾਂ ਨੂੰ ਪਸੰਦ ਆ ਗਿਆ। ਢਾਈ ਸੌ ਰੁਪਏ ਦਾ ਮੁੱਲ ਦੇ ਬੀਬੀਆਂ ਜੁੱਤੀ ਲੈ ਕੇ ਚਲੀਆਂ ਗਈਆਂ। ਉਨ੍ਹਾਂ ਦੇ ਜਾਂਦਿਆਂ ਹੀ ਅਜੀਤ ਦੇ ਫ਼ੋਨ ਦੀ ਬੈੱਲ ਵੱਜੀ। ਅਜੀਤ ਨੇ ਫ਼ੋਨ ਚੁੱਕਿਆ..

ਅਜੀਤ – ਹੈਲੋ..।

ਰੱਜੋ – ਹੈਲੋ.. ਰੋਟੀ ਭੇਜਤੀ ਆ ਮੈਂ ਖਾ ਲਿਓ।

ਅਜੀਤ – ਹਾਂ ਠੀਕ ਆ।

ਰੱਜੋ – ਆਇਆ ਸੁਨਾਹ ਤੁਹਾਡੇ ਦੋਸਤ ਦਾ ਕੋਈ।

ਅਜੀਤ – ਲੈ ਦੱਸ.. ਅਜੇ ਕੱਲ ਤਾਂ ਕਿਹਾ ਉਸਨੂੰ। ਐਨੀ ਛੇਤੀ ਕੀ ਕਰੇ ਉਹ। ਜਦੋਂ ਗੱਲ ਹੋਈ ਮੈਂ ਦੱਸ ਦਊਂ।

ਐਨਾ ਕਹਿ ਅਜੀਤ ਨੇ ਗੁੱਸੇ ਵਿੱਚ ਫੋਨ ਕੱਟ ਦਿੱਤਾ। ਉਸਦੇ ਫ਼ੋਨ ਕੱਟਦੇ ਹੀ ਅਨੂ ਰੋਟੀ ਲੈ ਕੇ ਆ ਗਈ। ਅਜੀਤ ਨੇ ਡੱਬਾ ਖੋਲਿਆ ਤੇ ਰੋਟੀ ਖਾਣੀ ਸੁਰੂ ਕਰ ਦਿੱਤੀ। ਅਨੂ ਨੇ ਕੋਲ ਹੀ ਪਏ ਰੈਬਰ ਤੋਂ ਪਾਣੀ ਦਾ ਗ਼ਿਲਾਸ ਭਰ ਕੇ ਕੋਲ ਰੱਖ ਦਿੱਤਾ। ਰੋਟੀ ਖਾਂਦੇ ਅਜੀਤ ਬੋਲਿਆ..

ਅਜੀਤ – ਰਾਹੁਲ ਤੇ ਰਵੀ ਗਏ ਸਕੂਲ?

ਅਨੂ – ਹਾਂਜੀ।

ਉਸ ਨੇ ਰੋਟੀ ਖ਼ਤਮ ਕੀਤੀ ਤੇ ਅਨੂ ਡੱਬਾ ਬੰਦ ਕਰ ਓਥੋਂ ਚਲੀ ਗਈ। ਸਮਾਂ ਕਰੀਬ ਦੁਪਿਹਰ ਬਾਰਾਂ ਵਜੇ ਦਾ ਹੋ ਗਿਆ। ਉਸਦੀ ਦੁਕਾਨ ਤੇ ਦੋ ਚਾਰ ਹੋਰ ਗਾਹਕ ਆਏ ਤੇ ਦੇਖਦਿਆਂ ਹੀ ਦੇਖਦਿਆਂ ਤਿੰਨ ਵੱਜ ਗਏ। ਇੱਕ ਵਾਰ ਫਿਰ ਤੋਂ ਉਸ ਦੇ ਫ਼ੋਨ ਦੀ ਬੈੱਲ ਵੱਜੀ। ਅਜੀਤ ਨੇ ਫ਼ੋਨ ਚੁੱਕਿਆ ਤੇ ਬੋਲਿਆ.. ।

ਅਜੀਤ – ਹੈਲੋ.. ।

ਰੱਜੋ – ਵਿਚੋਲੇ ਦਾ ਫ਼ੋਨ ਆਇਆ ਸੀ।

ਅਜੀਤ – ਕੀ ਕਹਿੰਦਾ ਵਿਚੋਲਾ?

ਰੱਜੋ – ਉਸਨੇ ਕਿਹਾ ਕਿ ਮੁੰਡੇ ਦੀ ਨਵੀਂ-ਨਵੀਂ ਸਰਕਾਰੀ ਨੌਕਰੀ ਲੱਗੀ ਏ। ਬੈਂਕ ਵਿੱਚ। ਜੋ ਘਰ ਤੋਂ ਕਿੰਨੀ ਦੂਰ ਆ ਤੇ ਉਸ ਨੂੰ ਰੋਜ਼ ਬੱਸ ਵਿੱਚ ਜਾਂ ਆਟੋ ਰਿਕਸ਼ੇ ਤੇ ਜਾਣਾ ਪੈਂਦਾ ਏ। ਇਸ ਲਈ ਮੁੰਡੇ ਵਾਲੇ ਚਾਹੁੰਦੇ ਨੇ ਕਿ ਬਹੁਤੀ ਮੰਗ ਨਹੀਂ ਕਰਦੇ ਬਸ ਇੱਕ ਮੋਟਰਸਾਇਕਲ ਭੇਜ਼ ਦਿਉ।

ਅਜੀਤ – ਇਹ ਕੀ ਗੱਲ ਹੋਈ ਭਲਾ। ਪਹਿਲਾਂ ਤੇ ਉਹ ਕਹਿੰਦੇ ਸੀ ਸਾਨੂੰ ਕੁਝ ਨੀ ਚਾਹੀਦਾ। ਹੁਣ ਐਨੀ ਛੇਤੀ ਮੋਟਰਸਾਇਕਲ ਕਿੱਥੋਂ ਆਜੇ?

ਰੱਜੋ – ਹੁਣ ਕੀ ਕਹੀਏ ਉਨ੍ਹਾਂ ਨੂੰ। ਧੀ ਤੋਰਨੀ ਤਾਂ ਪੈਣੀ ਆ। ਜਵਾਬ ਵੀ ਨਹੀਂ ਦੇ ਹੋਣਾ। ਨਾਲੇ ਆਪਣੀ ਧੀ ਨੂੰ ਵੀ ਸੁੱਖ ਹੋਜੂ ਆਉਣ ਜਾਣ ਦਾ।

ਅਜੀਤ – ਪਰ ਐਨੀ ਛੇਤੀ ਕਿੱਥੋਂ ਆਊ ਮੋਟਰਸਾਇਕਲ?

ਰੱਜੋ – ਤੁਸੀਂ ਕਰੋ ਕੋਈ ਹੱਲ। ਸਾਰੀ ਉਮਰ ਧੀ ਨੂੰ ਘਰ ਤਾਂ ਨਹੀਂ ਬਿਠਾ ਰੱਖਣਾ।

ਐਨਾ ਕਹਿ ਕੇ ਰੱਜੋ ਨੇ ਫ਼ੋਨ ਕੱਟ ਦਿੱਤਾ। ਅਜੀਤ ਸੋਚੀ ਪੈ ਗਿਆ ਕਿ ਹੁਣ ਕੀ ਕੀਤਾ ਜਾਵੇ। ਕੁਝ ਸੋਚਣ ਪਿੱਛੋਂ ਉਸ ਨੇ ਦਰਾਜ਼ ਵਿੱਚੋਂ ਦੁਕਾਨ ਦੇ ਕਾਗਜ਼ ਕੱਢੇ ਤੇ ਇੱਕ ਲਿਫ਼ਾਫੇ ਵਿੱਚ ਪਾ ਦੁਕਾਨ ਬੰਦ ਕਰ ਤੁਰ ਪਿਆ। ਜਲਦੀ ਹੀ ਉਹ ਇੱਕ ਸੁਨਿਆਰੇ ਦੀ ਦੁਕਾਨ ਤੇ ਜਾ ਪਹੁੰਚਿਆਂ। ਹੱਥ ਜੋੜ ਕੇ ਦੁਕਾਨ ਦੇ ਮਾਲਿਕ ਨੂੰ ਨਮਸ਼ਕਾਰ ਕੀਤੀ ਤੇ ਸਾਹਮਣੇ ਜਾ ਬੈਠ ਗਿਆ। ਦੁਕਾਨ ਵਿੱਚ ਹੋਰ ਵੀ ਗਾਹਕ ਆਏ ਸਨ। ਇਹ ਇਲਾਕੇ ਦੀ ਸਭ ਮਸ਼ਹੂਰ ਦੁਕਾਨ ਸੀ। ਮਾਲਕਾ ਨੇ ਦੁਕਾਨ ਤੇ ਕੁਝ ਕਰਮਚਾਰੀ ਵੀ ਰੱਖੇ ਹੋਏ ਸੀ। ਜੋ ਹਰ ਗਾਹਕ ਦੀ ਚੰਗੀ ਸੇਵਾ ਲਈ ਹਾਜ਼ਰ ਸਨ। ਉਨ੍ਹਾਂ ਵੱਲ ਦੇਖਦਿਆਂ ਹੋਇਆਂ..

ਅਜੀਤ ਨੇ ਕਾਗਜ਼ ਬਾਹਰ ਕੱਢੇ, ਸੁਨਿਆਰੇ ਨੂੰ ਦਿਖਾਏ ਤੇ ਕਿਹਾ..।

ਅਜੀਤ – ਸ਼ਾਹ ਜੀ ਪੈਸਿਆਂ ਦੀ ਲੋੜ ਸੀ ਥੋੜੀ ਜਿਹੀ।

ਸੁਨਿਆਰਾ – ਅਜੀਤ ਤੈਨੂੰ ਪਤਾ ਅਸੀਂ ਕਿਸੇ ਦੀ ਜ਼ਮੀਨ ਵਗੈਰਾ ਤੇ ਪੈਸੇ ਵਿਆਜ਼ ਤੇ ਨਹੀਂ ਦੇਂਦੇ। ਅਗਰ ਗਹਿਣੇ ਹੋਣ ਤਾਂ ਗੱਲ ਬਣ ਸਕਦੀ ਆ।

ਅਜੀਤ – ਮੈਂ ਜਾਣਦਾ ਹਾਂ ਸ਼ਾਹ ਜੀ। ਪਰ ਮੇਰੀ ਧੀ ਦਾ ਵਿਆਹ ਆ ਕੁਝ ਦਿਨਾਂ ਪਿੱਛੋਂ ਤੇ ਉੱਤੋਂ ਮੁੰਡੇ ਵਾਲਿਆਂ ਨੇ ਮੋਟਰਸਾਇਕਲ ਦੀ ਮੰਗ ਰੱਖ ਦਿੱਤੀ ਆ। ਦੁਕਾਨ ਗਹਿਣੇ ਰੱਖਣ ਤੋਂ ਇਲਾਵਾ ਮੈਨੂੰ ਹੋਰ ਕੋਈ ਰਾਹ ਨਹੀਂ ਦਿਸਿਆ।

ਸੁਨਿਆਰਾ – ਸਮਝਦਾ ਹਾਂ ਮੈਂ ਪਰ ਤੂੰ ਵੀ ਜਾਣਦਾ ਏ।

ਸੁਨਿਆਰਾ ਕੁਝ ਦੇਰ ਰੁਕਿਆ ਤੇ ਫਿਰ ਬੋਲਿਆ..।

ਸੁਨਿਆਰਾ – ਚੱਲ ਏਦਾਂ ਕਰ ਤੂੰ ਕੱਲ ਨੂੰ ਆਵੀਂ। ਅੱਜ ਵੱਢਾ ਭਾਅ ਬਾਹਰ ਗਿਆ ਏ। ਮੈਂ ਉਨ੍ਹਾਂ ਨਾਲ ਗੱਲ ਕਰਾਂਗਾ।

ਅਜੀਤ – ਬੜੀ ਮਿਹਰਬਾਨੀ ਹੋਵੇਗੀ ਸ਼ਾਹ ਜੀ।(ਹੱਥ ਜੋੜ ਕੇ)

ਅਜੀਤ ਨੇ ਸੁਨਿਆਰੇ ਤੋਂ ਕਾਗਜ਼ ਲਏ ਲਿਫ਼ਾਫੇ ਵਿੱਚ ਪਾਏ ਤੇ ਦੁਕਾਨ ਚੋਂ ਬਾਹਰ ਹੋ ਗਿਆ। ਬਾਹਰ ਨਿਕਲਦੇ ਹੀ ਉਸਨੇ ਸਿਗਰਟ ਬਾਲ ਲਈ। ਤੇ ਘਰ ਨੂੰ ਜਾਣ ਦੀ ਬਿਜਾਏ ਸੜਕ ਪਾਰ ਕਰ ਕਿਸੇ ਹੋਰ ਰਾਹ ਨੂੰ ਤੁਰ ਪਿਆ। ਉਸਦੇ ਸੜਕ ਪਾਰ ਕਰਦੇ ਹੀ ਇੱਕ ਦਮ ਮੀਂਹ ਪੈਣਾ ਸ਼ੁਰੂ ਹੋ ਗਿਆ। ਉਹ ਭੱਜ ਕੇ ਸੜਕ ਦੇ ਇੱਕ ਪਾਸੇ ਬਣੇ ਬੱਸ ਅੱਡੇ ਹੇਠਾਂ ਜਾ ਖੜਾ ਹੋਇਆ। ਤੱਦ ਤੱਕ ਸਿਗਰਟ ਵੀ ਖ਼ਤਮ ਹੋ ਗਈ। ਮੀਂਹ ਹੋਰ ਤੇਜ਼ ਹੋ ਗਿਆ ਤੇ ਸਮਾਂ ਕਰੀਬ ਸ਼ਾਮ ਦੇ ਸੱਤ ਵੱਜ ਗਏ। ਐਨੇ ਨੂੰ ਇੱਕ ਕੁੜੀ ਭੱਜਦੀ ਹੋਈ ਸੜਕ ਦੇ ਦੂਜੇ ਪਾਸੇ ਤੋਂ ਆਈ ਤੇ ਅਜੀਤ ਤੋਂ ਥੋੜੀ ਦੂਰ ਹੋ ਇੱਕ ਪਾਸੇ ਖਲੋ ਗਈ। ਮੀਂਹ ਹੋਰ ਤੇਜ਼ ਹੁੰਦਾ ਗਿਆ। ਅਜੀਤ ਨੇ ਫਿਰ ਤੋਂ ਸਿਗਰਟ ਬਾਲ ਲਈ। ਕੁਝ ਪਲਾਂ ਪਿੱਛੋਂ ਅਜੀਤ ਨੇ ਕੁੜੀ ਨੂੰ ਧਿਆਨ ਨਾਲ ਦੇਖਿਆ ਤੇ ਸੋਚਿਆ ਕਿ ਇਸ ਕੁੜੀ ਨੂੰ ਉਸਨੇ ਪਹਿਲਾਂ ਸੁਨਿਆਰੇ ਦੀ ਦੁਕਾਨ ਤੇ ਦੇਖਿਆ ਸੀ। ਉਸ ਨੇ ਸਲਵਾਰ ਕਮੀਜ਼ ਪਾਇਆ ਹੋਇਆ ਸੀ। ਜੋ ਕਿ ਹੁਣ ਬੁਰੀ ਤਰ੍ਹਾਂ ਭਿੱਜ ਚੁੱਕਾ ਸੀ। ਉਸਦੇ ਹੱਥ ਇਕ ਕਾਲੇ ਰੰਗ ਦਾ ਬਟੂਆ ਤੇ ਇੱਕ ਬੈਗ ਸੀ। ਉਸ ਨੂੰ ਦੇਖ ਉਹ ਆਪਣੀ ਸਿਗਰਟ ਪੀਣ ਵਿੱਸ ਮਸਤ ਰਿਹਾ। ਮੀਂਹ ਹੋਰ ਤੇਜ਼ ਹੋ ਗਿਆ। ਕੁੜੀ ਅਜੀਤ ਵੱਲ ਆਈ। ਕੁੜੀ ਨੂੰ ਆਪਣੇ ਵੱਲ ਆਉਂਦਾ ਦੇਖ ਅਜੀਤ ਨੇ ਸਿਗਰਟ ਹੇਠਾਂ ਸੁੱਟੀ ਤੇ ਪੈਰ ਨਾਲ ਬੁਝਾ ਦਿੱਤੀ। ਕੁੜੀ ਕੋਲ ਆ ਕੇ ਬੋਲੀ..।

ਕੁੜੀ – ਅੰਕਲ ਤੁਹਾਡੇ ਕੋਲ ਫ਼ੋਨ ਹੈਗਾ?

ਅਜੀਤ ਨੇ ਆਪਣੀ ਜੇਬ ਵਿੱਚੋਂ ਫ਼ੋਨ ਕੱਢਿਆ ਤੇ ਬਿਨਾਂ ਕੁੱਝ ਬੋਲਿਆਂ ਫ਼ੋਨ ਕੁੜੀ ਨੂੰ ਫੜਾ ਦਿੱਤਾ। ਕੁੜੀ ਨੇ ਮਿਹਰਬਾਨੀ ਕੀਤੀ ਤੇ ਫ਼ੋਨ ਲੈ ਕੇ ਇੱਕ ਨੰਬਰ ਭਰਿਅ ਤੇ ਫਿਰ ਕੰਨ ਨੂੰ ਲਗਾ ਲਿਆ। ਕਰੀਬ ਦਸ-ਪੰਦਰਾਂ ਮਿੰਟ ਗੱਲ ਕਰਨ ਪਿੱਛੋਂ ਕੁੜੀ ਨੇ ਫ਼ੋਨ ਕੱਟਿਆ ਤੇ ਮੁੜ ਅਜੀਤ ਕੋਲ ਆ ਕੇ ਫ਼ੋਨ ਵਾਪਿਸ ਕਰ ਦਿੱਤਾ। ਤੇ ਇੱਕ ਵਾਰ ਫਿਰ ਤੋਂ ਧੰਨਵਾਦ ਕਿਹਾ। ਕੁੜੀ ਬਿਨਾਂ ਅਜੀਤ ਦੇ ਕੋਈ ਸਵਾਲ ਕੀਤਿਆਂ ਆਪ ਹੀ ਆਪਣੀ ਸਫ਼ਾਈ ਦੇਣ ਲੱਗ ਪਈ।

ਕੁੜੀ – ਮੇਰੇ ਫ਼ੋਨ ਦੀ ਬੈਟਰੀ ਖ਼ਤਮ ਹੋ ਗਈ ਤੇ ਮੈਂ ਘਰੇ ਫ਼ੋਨ ਕਰ ਰਹੀ ਸੀ।

ਅਜੀਤ ਨੇ ਥੋੜਾ ਜਿਹਾ ਮੁਸਕਰਾਉਂਦੇ ਹੋਏ ਬਿਨਾਂ ਕੁਝ ਬੋਲਿਆਂ ਸਿਰ ਮਾਰਿਆ। ਸਮਾਂ ਕਰੀਬ ਸਾਢੇ ਅੱਠ ਦਾ ਹੋ ਗਿਆ। ਕੁੜੀ ਮੀਂਹ ਦੇ ਕਾਰਨ ਹੋਈ ਠੰਢ ਕਾਰਨ ਕੰਬਣ ਲੱਗ ਪਈ ਤੇ ਆਪਣੇ ਦੋਹਾਂ ਹੱਥਾਂ ਨੂੰ ਮੋਢਿਆਂ ਨੂੰ ਘੁਟਦੀ ਹੋਈ ਕਲਾਵੇਂ ਵਿੱਚ ਲੈਣ ਲੱਗੀ। ਤੇ ਫਿਰ ਤੋਂ ਬੋਲੀ..।

ਕੁੜੀ – ਪਤਾ ਨਹੀਂ ਇਹ ਮੀਂਹ ਕਦੋਂ ਹੱਟਣਾ ਏ।

ਅਜੀਤ – ਪਿੱਛਲੇ ਦੋ-ਤਿੰਨ ਘੰਟਿਆਂ ਤੋਂ ਤਾਂ ਮੈ ਵੀ ਇਹੀ ਸੋਚ ਰਿਹਾ ਹਾਂ।

ਕੁੜੀ – ਤੁਸੀਂ ਕਿੱਥੇ ਜਾਣਾ ਏ?

ਅਜੀਤ – ਮੈਂ ਤਾਂ ਦੂਰ ਨਹੀਂ ਜਾਣਾ ਬਸ ਆ ਦੋ ਕੁ ਕਿਲੋਮੀਟਰ ਤੇ ਮੇਰਾ ਘਰ ਆ। ਤੂੰ ਕਿੱਥੇ ਜਾਣਾ।

ਕੁੜੀ – ਮੈਂ ਤਾਂ ਅੰਕਲ ਬਹੁਤ ਦੂਰ ਤੋਂ ਇੱਥੇ ਕਿਸੇ ਨੂੰ ਮਿਲਣ ਆਈ ਸੀ। ਪਰ ਉਹ ਮਿਲਿਆ ਨਹੀਂ ਤੇ ਉੱਤੋਂ ਮੇਰਾ ਫ਼ੋਨ ਵੀ ਬੰਦ ਹੋ ਗਿਆ ਵਾ। ਤੇ ਇੱਥੇ ਕਿਸੇ ਨੂੰ ਜਾਣਦੀ ਵੀ ਨਹੀਂ। ਹੁਣ ਮੈਨੂੰ ਡਰ ਲੱਗ ਰਿਹਾ ਹੈ। ਪਹਿਲਾਂ ਕਦੇ ਮੈਂ ਘਰੋਂ ਇਕੱਲੀ ਨਹੀਂ ਆਈ।

ਅਜੀਤ – ਕੋਈ ਨਾ ਪੁੱਤ ਤੂੰ ਮੇਰੀ ਧੀ ਵਰਗੀ ਏ। ਇੱਥੇ ਦੇ ਹੋਟਲਾਂ ਵਾਲੇ ਮੇਰੇ ਵਾਕਬ ਨੇ। ਚਿੰਤਾਂ ਕਰਨ ਦੀ ਲੋੜ ਨੀ।

ਕੁੜੀ ਨੇ ਅਜੀਤ ਦਾ ਧੰਨਵਾਦ ਕੀਤਾ। ਅਜੀਤ ਨੇ ਫ਼ੋਨ ਜੇਬ ਵਿੱਚੋਂ ਕੱਢਿਆ ਤੇ ਫਿਰ ਕੰਨ ਨੂੰ ਲਗਾ ਲਿਆ। ਤੇ ਦੋ ਕੁ ਮਿੰਟ ਬਾਅਦ ਕੱਟ ਦਿੱਤਾ। ਕੁਝ ਪੰਜ ਕੁ ਮਿੰਟਾ ਬਾਅਦ ਇੱਕ ਕਾਰ ਆਈ ਤੇ ਅਜੀਤ ਅੱਗੇ ਹੋ ਕਾਰ ਵੱਲ ਵਧਿਆ ਤੇ ਕੁੜੀ ਨੂੰ ਨਾਲ ਲੈ ਇੱਕ ਹੋਟਲ ਜਾ ਪਹੁੰਚੇ। ਜਲਦੀ ਨਾਲ ਉਹ ਗੱਡੀ ਵਿੱਚੋਂ ਉੱਤਰੇ ਤੇ ਇੱਕ ਕਮਰੇ ਦੀ ਚਾਬੀ ਲੈ ਉੱਪਰ ਕਮਰੇ ਵਿੱਚ ਚਲੇ ਗਏ। ਅਜੀਤ ਕਮਰੇ ਚੋਂ ਜਾਣ ਲੱਗਾ ਕੁੜੀ ਬੋਲੀ..।

ਕੁੜੀ – ਰੁਕ ਜਾਉ ਅੰਕਲ ਮੀਂਹ ਘੱਟ ਲੈਣ ਦੋ। ਕੁਝ ਦੇਰ ਬਾਅਦ ਚਲੇ ਜਾਇਓ।

ਅਜੀਤ – ਮੀਂਹ ਦਾ ਕੀ ਪਤਾ ਪੁੱਤ ਕਦੋਂ ਹੱਟਣਾ। ਘਰਦੇ ਵੀ ਫਿਕਰ ਕਰਨਗੇ ਚੱਲਦਾ ਹਾਂ ਮੈਂ।

ਐਨੇ ਨੂੰ ਅਜੀਤ ਦਾ ਦੇ ਫ਼ੋਨ ਦੀ ਬੈੱਲ ਵੱਜੀ ਤੇ ਅਜੀਤ ਨੇ ਫ਼ੋਨ ਚੁੱਕਿਆ। ਤੇ ਬੋਲਿਆ..।

ਅਜੀਤ – ਹੈਲੋ..

ਰੱਜੋ – ਹਾਂਜੀ.. ਕਿੱਥੇ ਹੋ ਆਏ ਨੀ ਅਜੇ ਤੱਕ?

ਅਜੀਤ – ਆਉਂਦਾ ਬਸ ਮੀਂਹ ਕਾਰਨ ਰੁਕਿਆਂ ਹਾਂ।

ਰੱਜੋ – ਰੋਟੀ ਆ ਕੇ ਖਾਵੋਗੇ ਨਾ?

ਅਜੀਤ – ਹਾਂ ਬਣਾ ਕੇ ਰੱਖ ਦੇ ਮੈਂ ਜਦੋਂ ਆਇਆ ਆਪੇ ਪਾ ਕੇ ਖਾ ਲਵਾਂਗਾ।

ਰੱਜੋ – ਆਜਿਓ ਫਿਰ ਛੇਤੀ।

ਐਨਾ ਕਹਿ ਕੇ ਰੱਜੋ ਨੇ ਫ਼ੋਨ ਕੱਟ ਦਿੱਤਾ। ਅਜੀਤ ਨੇ ਫ਼ੋਨ ਕੱਟ ਕੇ ਜੇਬ ਵਿੱਚ ਪਾ ਲਿਆ। ਓਸੇ ਵੇਲੇ ਹੀ ਕੁੜੀ ਬੋਲੀ..

ਕੁੜੀ – ਘਰੋਂ ਫ਼ੋਨ ਸੀ?

ਅਜੀਤ – ਹਾਂ ਪੁੱਛ ਰਹੇ ਸੀ ਕਦੋਂ ਆਵੇਗਾ।

ਕੁੜੀ – ਅੱਛਾ..।

ਫਿਰ ਕੁਝ ਚਿਰ ਰੁਕ ਕੇ ਅਜੀਤ ਬੋਲਿਆ।

ਅਜੀਤ – ਪੁੱਤ ਤੈਨੂੰ ਭੁੱਖ ਲੱਗੀ ਹੋਣੀ ਆ? ਮੈਂ ਰੋਟੀ ਮੰਗਵਾਂ ਦੇਂਦਾ ਹਾਂ। ਤੱਦ ਤੱਕ ਤੂੰ ਕੱਪੜੇ ਬਦਲ ਲੈ।

ਕੁੜੀ – ਠਕਿ ਆ ਅੰਕਲ।

ਅਜੀਤ ਕਮਰੇ ਚੋਂ ਬਾਹਰ ਨਿਕਲ ਹੇਠਾਂ ਗਿਆ ਤੇ ਹੋਟਲ ਦੇ ਇੱਕ ਕਰਮਚਾਰੀ ਨੂੰ ਰੋਟੀ ਲੈ ਕੇ ਆਉਣ ਲਈ ਕਿਹਾ। ਤੇ ਫਿਰ ਵਾਪਿਸ ਕਮਰੇ ਵਿੱਚ ਆ ਗਿਆ। ਉਸ ਤੋਂ ਕੁਝ ਪੰਜ ਕੁ ਮਿੰਟ ਬਾਅਦ ਓਹੀ ਕਰਮਚਾਰੀ ਆਇਆ ਤੇ ਅਜੀਤ ਨੂੰ ਰੋਟੀ ਫੜਾ ਗਿਆ। ਕੁੜੀ ਵੀ ਕੱਪੜੇ ਬਦਲ ਕੇ ਬਾਹਰ ਆ ਗਈ। ਉਸ ਨੇ ਕਾਲੇ ਰੰਗ ਦਾ ਕਮੀਜ਼ ਤੇ ਚਿੱਟੇ ਰੰਗ ਦੀ ਸਲਵਾਰ ਪਾਈ ਹੋਈ ਸੀ। ਤੋਲੀਏ ਨਾਲ ਵਾਲਾਂ ਨੂੰ ਪੂੰਜਦੀ ਹੋਈ ਉਹ ਅਜੀਤ ਦੇ ਕੋਲ ਆ ਕੇ ਬੈਠ ਗਈ ਤੇ ਤੋਲੀਏ ਇੱਕ ਪਾਸੇ ਰੱਖ ਬੰਦ ਰੋਟੀ ਖੋਲ੍ਹਣ ਲੱਗ ਪਈ। ਉਸਦਾ ਰੰਗ ਕੁਝ ਸਾਂਵਲਾ ਸੀ ਪਰ ਉਸਦੇ ਨੈਣ ਨਕਸ਼ ਤਿੱਖੇ-ਤਿੱਖੇ ਸਨ। ਜਿਸ ਕਾਰਨ ਉਹ ਹੱਦ ਤੋਂ ਪਰੇ ਖੂਬਸੂਰਤ ਲੱਗ ਰਹੀ ਸੀ। ਰੋਟੀ ਖੋਲ੍ਹਦੀ ਹੋਈ ਉਹ ਬੋਲੀ..

ਕੁੜੀ – ਅੰਕਲ ਤੁਸੀਂ ਨੀ ਖਾਉਗੇ ਰੋਟੀ?

ਅਜੀਤ – ਨਹੀਂ ਪੁੱਤ ਰੱਜੋ ਨੇ ਰੋਟੀ ਬਣਾ ਦਿੱਤੀ ਹੋਣੀ ਆ ਮੈਂ ਘਰੇ ਜਾ ਕੇ ਖਾਂਵਾਂਗਾ।

ਕੁੜੀ ਰੋਟੀ ਖਾਣੀ ਸੁਰੂ ਕਰ ਦਿੱਤੀ ਤੇ ਬਿਨਾਂ ਕੁਝ ਅਜੀਤ ਦੇ ਪੁੱਛਦਿਆਂ ਬੋਲੀ..

ਕੁੜੀ – ਅੰਕਲ.. ਅਸਲ ਚ' ਮੈਂ ਘਰੋਂ ਭੱਜ ਕੇ ਆਈ ਹਾਂ। ਆਪਣੇ ਪ੍ਰੇਮੀ ਨਾਲ ਵਿਆਹ ਕਰਵਾਉਣ। ਮੇਰੇ ਘਰ ਵਾਲੇ ਵਿਆਹ ਲਈ ਰਾਜੀ ਨਹੀਂ ਸਨ। ਇਸ ਲਈ ਮੈਨੂੰ ਭੱਜਣਾ ਪਿਆ। ਮੈਂ ਆਪਣੇ ਘਰੋਂ ਚੋਰੀ ਕੀਤੀ ਤੇ ਜੋ ਵੀ ਨਕਦੀ ਪੈਸੇ ਤੇ ਗਹਿਣੇ-ਗੱਟੇ ਲੈ ਪ੍ਰੇਮੀ ਨਾਲ ਵਿਆਹ ਕਰਨ ਲਈ ਆ ਗਈ। ਪਰ ਉਹ ਕੰਜਰ ਮੈਨੂੰ ਧੋਖਾ ਦੇ ਗਿਆ। ਤੇ ਆਪ ਆਇਆ ਨਹੀਂ। ਤੇ ਹੁਣ ਮੈਨੂੰ ਪਛਤਾਵਾ ਹੋ ਰਿਹਾ ਹੈ।

ਅਜੀਤ – ਕੋਈ ਨਾ ਪੁੱਤ ਘਰੇ ਵਾਪਿਸ ਚਲੀ ਜਾ ਘਰਦੇ ਮੁਆਫ਼ ਕਰ ਦੇਣਗੇ।

ਕੁੜੀ ਨੇ ਰੋਟੀ ਖ਼ਤਮ ਕੀਤੀ ਟੈਲੀਵਿਜ਼ਨ ਚਾਲੂ ਕਰ ਦਿੱਤਾ। ਬਾਹਰ ਮੀਂਹ ਅਜੇ ਵੀ ਨਹੀਂ ਸੀ ਰੁਕ ਰਿਹਾ। ਏਨੇ ਨੂੰ ਫਿਰ ਤੋਂ ਅਜੀਤ ਦਾ ਫ਼ੋਨ ਵੱਜਾ। ਅਜੀਤ ਨੇ ਫ਼ੋਨ ਚੁੱਕਿਆ ਗੱਲ ਕਰਨੀ ਸੁਰੂ ਕੀਤੀ। ਇਸ ਵਾਰ ਫ਼ੋਨ ਉਸਦੇ ਯਾਰ ਦਾ ਸੀ ਤੇ ਉਸ ਨੇ ਅਜੀਤ ਨੂੰ ਪੈਸੇ ਉਧਾਰ ਦੇਣ ਤੋਂ ਇਨਕਾਰ ਕਰ ਦਿੱਤਾ। ਤੇ ਫ਼ੋਨ ਕੱਟ ਦਿੱਤਾ। ਅਜੀਤ ਹੋਰ ਸੋਚਾਂ ਵਿੱਚ ਪੈ ਗਿਆ। ਕੁੜੀ ਆਪਣੇ ਧਿਆਨ ਟੈਲੀਵਿਜ਼ਨ ਦੇਖ ਰਹੀ ਸੀ। ਟੇਲੀਵਿਜ਼ਨ ਦੇਖਦੇ ਹੀ ਉਸ ਨੂੰ ਨੀਂਦ ਆ ਗਈ। ਉਸ ਨੂੰ ਸੁੱਤੀ ਦੇਖ ਅਜੀਤ ਦੇ ਦਿਮਾਗ਼ ਵਿੱਚ ਖਿਆਲ ਆਇਆ ਕਿ ਇਹ ਕੁੜੀ ਵੀ ਆਪਣੇ ਨਾਲ ਪੈਸੇ ਤੇ ਗਹਿਣੇ ਲੈ ਕੇ ਆਈ ਏ। ਹੁਣ ਤਾਂ ਇਹ ਸੁੱਤੀ ਏ ਇਸਦੇ ਜਾਗਣ ਤੋਂ ਪਹਿਲਾਂ ਹੀ ਮੈਂ ਪੈਸੇ ਲੈ ਕੇ ਨਿਕਲ ਜਾਂਵਾਂਗਾ।

ਅਜੀਤ ਆਪਣੀ ਜਗ੍ਹਾ ਤੋਂ ਬਿਨਾਂ ਕੋਈ ਸ਼ੋਰ ਕੀਤਿਆਂ ਉੱਠਿਆਂ। ਤੇ ਕੁੜੀ ਦੇ ਪਏ ਬੈਗ ਨੂੰ ਖੋਲ੍ਹ ਕੇ ਫੋਲਣ ਲੱਗ ਪਿਆ। ਉਸ ਸਾਰੇ ਕੱਪੜੇ ਕੱਢ ਕੇ ਖਿਲਾਰ ਦਿੱਤੇ। ਪਰ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਨਕਦੀ ਜਾਂ ਗਹਿਣੇ ਨਹੀਂ ਮਿਲੇ। ਫਿਰ ਉਸ ਦਾ ਧਿਆਨ ਕੁੜੀ ਦੇ ਹੱਥ ਫੜਣ ਵਾਲੇ ਕਾਲੇ ਬਟੂਏ ਤੇ ਆਇਆ। ਜਦੋਂ ਉਹ ਬਟੂਏ ਵੱਲ ਵਧਿਆ ਤਾਂ ਇੱਕ ਦੱਮ ਕੁੜੀ ਦੀ ਜਾਗ ਖੁੱਲ ਗਈ। ਉਸ ਨੇ ਆਪਣੇ ਖਿੱਲਰੇ ਕੱਪੜੇ ਦੇਖੇ ਕਾਹਲੀ ਨਾਲ ਆਪਣੀ ਜਗ੍ਹਾ ਤੋਂ ਉੱਠੀ। ਕੁੜੀ ਨੂੰ ਉੱਠੀ ਦੇਖ ਅਜੀਤ ਜਲਦੀ ਨਾਲ ਬਟੂਆ ਵੱਲ ਵਧਿਆ ਤੇ ਕੁੜੀ ਵੀ ਵਧੀ। ਕੁੜੀ ਨੇ ਬਟੂਆ ਫੜ ਲਿਆ ਤੇ ਸੀਨੇ ਨਾਲ ਲਾ ਕੇ ਘੁੱਟ ਲਿਆ। ਅਜੀਤ ਉਸ ਵੱਲ ਵਧਿਆ ਤੇ ਕੁੜੀ ਤੋਂ ਬਟੂਆ ਖੋਹਣ ਲੱਗ ਪਿਆ।

ਬਟੂਏ ਦੇ ਲਈ ਜਬਰਾ-ਜਬਰੀ ਹੋਣ ਲੱਗੀ। ਅਜੀਤ ਨੇ ਬਟੂਆ ਖੋਣ ਲਈ ਪੂਰੀ ਵਾਹ ਲਾ ਲਈ। ਅਖੀਰ ਅਜੀਤ ਨੇ ਬਟੂਏ ਨੂੰ ਹੱਥ ਪਾਇਆਂ ਤੇ ਹੱਥ ਕੁੜੀ ਦੀ ਕਮੀਜ਼ ਨੂੰ ਵੀ ਪੈ ਗਿਆ। ਜਿਉਂ ਹੀ ਅਜੀਤ ਨੇ ਜੋਰ ਨਾਲ ਬਟੂਆ ਖਿੱਚਿਆਂ ਤਾਂ ਕੁੜੀ ਦਾ ਕਮੀਜ਼ ਵੀ ਨਾਲ ਹੀ ਪਾਟ ਗਿਆ। ਜਿਸ ਕਾਰਨ ਉਸਦੀ ਛਾਤੀ ਨੰਗਣ ਅਵਸਥਾ ਵਿੱਚ ਆ ਗਈ। ਬਾਹਰ ਬਿਜ਼ਲੀ ਹੋਰ ਕੜਕਣ ਲੱਗ ਪਈ। ਕੁੜੀ ਨੂੰ ਇਸ ਹਾਲਤ ਵਿੱਚ ਦੇਖ ਅਜੀਤ ਦੀ ਕਾਮ ਵਾਸਣਾ ਜਾਗ ਪਈ ਤੇ ਉਸਨੇ ਬਟੂਏ ਨੂੰ ਇੱਕ ਪਾਸੇ ਰੱਖ ਕੁੜੀ ਉੱਤੇ ਝਪਟ ਪਿਆ। ਕੁੜੀ ਬਟੂਏ ਨੂੰ ਬਚਾਉਣ ਦੀ ਬਜ਼ਾਇ ਹੁਣ ਆਪਣੀ ਇੱਜ਼ਤ ਬਚਾਉਣ ਵਿੱਚ ਲੱਗ ਗਈ। ਕੁੜੀ ਨੂੰ ਆਪਣੀ ਧੀ ਕਹਿਣ ਵਾਲਾ ਹੁਣ ਉਸਦੀ ਇੱਜ਼ਤ ਲੁੱਟਣ ਦੀ ਪੂਰੀ ਵਾਹ ਲਾ ਰਿਹਾ ਸੀ। ਕੁੜੀ ਨੇ ਚੀਕਾਂ ਮਾਰਨੀਆਂ ਸੁਰੂ ਕਰ ਦਿੱਤੀਆਂ। ਪਰ ਉਸਦੀ ਅਵਾਜ਼ ਕਿਸੇ ਨੇ ਨਾ ਸੁਣੀ। ਅਜੀਤ ਨੇ ਇੱਕ-ਇੱਕ ਕਰ ਉਸਦੇ ਕੱਪੜੇ ਪਾੜ ਕੇ ਲਾਹ ਦਿੱਤੇ ਤੇ ਕੁੱਝ ਪਲਾਂ ਵਿੱਚ ਹੀ ਕੁੜੀ ਦੀ ਇੱਜ਼ਤ ਲੱਖਾਂ ਤੋਂ ਕੱਖਾਂ ਦੀ ਕਰ ਦਿੱਤੀ। ਦੂਰ ਕ੍ਰਮ ਕਰਨ ਪਿੱਛੋਂ ਇੱਕ ਪਾਸੇ ਹੋ ਬੈਠ ਗਿਆ।

ਕੁੜੀ ਓਸੇ ਤਰ੍ਹਾਂ ਹੀ ਨੰਗਣ ਅਵਸਥਾ ਵਿੱਚ ਬੈਠੀ ਰਹੀ ਤੇ ਚੀਕਾਂ ਮਾਰਦੀ ਰੋਂਦੀ ਰਹੀ। ਤੇ ਅਪਣੇ ਪ੍ਰੇਮੀ ਨੂੰ ਯਾਦ ਕਰ ਹੋਰ ਉੱਚੀ ਰੋਣ ਲੱਗ ਪਈ ਤੇ ਆਪਣੇ ਮਨ ਅੰਦਰ ਸੋਚਦੀ..

ਪ੍ਰੀਤ ਜ਼ਾਲਮਾਂ ਕਾਫ਼ਿਰ ਹੋ ਗਿਆਂ,

ਨਾ ਦੁੱਖ ਵੰਡਣੇ ਨੂੰ ਆਇਆ,

ਪੇ ਪੋਟਾ-ਪੋਟਾ ਪਿੰਜ ਗਈ ਜਿੰਦ ਹੈਂ,

ਮੇਰਾ ਹੁਸਨ ਗਿਆ ਕਮਲਾਇਆ,

ਜਿਹੜੇ ਨੈਣ ਸ਼ਰਬਤੀ ਹੁਣ ਪਾਣੀ ਹੋ ਗਏ,

ਬੁੱਲੀਆਂ ਦਾ ਹੁਨਰ ਮਿਟਾਇਆ,

ਚੜ ਚੜ ਕੋਠੇ ਤੱਕਦੀ ਰਾਹਾਂ,

ਤੇ ਤੂੰ ਨਜ਼ਰੀ ਕਦੇ ਨੀ ਆਇਆਂ,

ਵੇ ਹਾਲ ਹੋ ਗਿਆਂ ਮਰੀ ਬਰਾਬਰ,

ਮੇਰੀ ਰੂਹ ਨੇ ਹੁਸਨ ਗਵਾਇਆ,

ਆਸ ਲਾਈ ਬੈਠੀ ਸੀ ਸੱਜਣਾ,

ਤੇ ਤੂੰ ਫੇਰਾ ਕਦੇ ਨਾ ਪਾਇਆ,

ਜੇ ਮੈਂ ਮਰਜਾਂ ਮੋਢਾ ਨਾ ਲਾਵੀਂ,

ਤੂੰ ਪਹਿਲਾਂ ਬਹੁਤ ਝੁਲਾਇਆਂ,

ਅਗਲੇ ਜਨਮ ਮਿਲੀ ਨਾ ਸੱਜਣਾ,

ਮੈਥੋਂ ਇਸ਼ਕ ਨੀ ਜਾਣਾ ਦੁਹਰਾਇਆ,

ਮੈਥੋਂ ਇਸ਼ਕ ਨੀ ਜਾਣਾ ਦੁਹਰਾਇਆ।

ਅਜੀਤ ਆਪਣੀ ਜਗ੍ਹਾ ਤੇ ਬੈਠਾ ਸੀ। ਕੁੜੀ ਆਪਣੀ ਥਾਂ ਤੋਂ ਉੱਠੀ ਤੇ ਬਾਰੀ ਥਾਣੀ ਹੋ ਛਾਲ ਮਾਰ ਦਿੱਤੀ। ਉਹ ਸਿੱਧੀ ਥੱਲੇ ਖਲੋਤੀ ਗੱਡੀ ਤੇ ਜਾ ਡਿੱਗੀ। ਉਸਦੇ ਹੇਠਾਂ ਡਿੱਗਦੇ ਹੀ ਅਜੀਤ ਆਪਣੀ ਥਾਂ ਤੋਂ ਉੱਠਿਆ ਤੇ ਬਾਰੀ ਰਾਹੀਂ ਥੱਲੇ ਝਾਕਣ ਲੱਗਾ। ਕੁੜੀ ਨੂੰ ਥੱਲੈ ਡਿੱਗੀ ਦੇਖ ਉਹ ਛੇਤੀ ਨਾਲ ਕੁੜੀ ਦਾ ਬਟੂਆ ਫੜਿਆ ਤੇ ਵਰਦੇ ਮੀਂਹ ਵਿੱਚ ਘਰ ਵੱਲ ਭੱਜ ਗਿਆ।

ਕੁੜੀ ਓਸੇ ਤਰ੍ਹਾਂ ਹੀ ਓਥੇ ਪਈ ਰਹੀ। ਹੋਟਲ ਵਿੱਚੋਂ ਕਰਮਚਾਰੀ ਬਾਹਰ ਆਏ ਤੇ ਇੱਕ ਨੇ ਫ਼ੋਨ ਕਰ ਮਾਲਕ ਨੂੰ ਬੁਲਾਇਆ। ਮਾਲਕ ਨੇ ਪੁਲਸ ਦੇ ਮਾਮਲੇ ਤੋਂ ਬਚਣ ਲਈ ਆਪਣੇ ਦੋ ਕਰਮਚਾਰੀਆਂ ਨੂੰ ਲਾਸ਼ ਟਿਕਾਣੇ ਲਾਉਣ ਲਈ ਕਿਹਾ। ਕਰਮਚਾਰੀ ਲਾਸ਼ ਨੂੰ ਲੈ ਕੋਲ ਵਗਦੀ ਇੱਕ ਨਦੀ ਵਿੱਚ ਸੁੱਟ ਆਏ। ਸਮਾਂ ਕਰੀਬ ਇੱਕ ਵਜੇ ਦਾ ਸੀ। ਮਾਲਕ ਨੇ ਕਰਮਚਾਰੀਆਂ ਨੂੰ ਕੁਝ ਪੈਸੇ ਦਿੱਤੇ ਤੇ ਮੂੰਹ ਬੰਦ ਰੱਖਣ ਲਈ ਕਿਹਾ।

ਅਜੀਤ ਵੀ ਆਪਣੇ ਘਰ ਆ ਪੁੱਜਾ। ਉਸਨੇ ਬੂਹਾ ਖੜਕਾਇਆ। ਉਸਦੀ ਘਰਵਾਲੀ ਆਈ ਤੇ ਅਜੀਤ ਕਾਹਲੀ ਨਾਲ ਅੰਦਰ ਵੜ ਗਿਆ। ਉਹ ਪੂਰੀ ਤਰ੍ਹਾਂ ਭਿੱਜਾ ਤੇ ਡਰਿਆ ਹੋਇਆ ਸੀ। ਉਸਦੀ ਘਰ ਵਾਲੀ ਨੇ ਉਸ ਦੇ ਹੱਥ ਫੜੇ ਔਰਤਾਂ ਵਾਲੇ ਬਟੂਏ ਬਾਰੇ ਪੁੱਛਿਆਂ ਪਰ ਅਜੀਤ ਨੇ ਕੁੱਝ ਨਾ ਦੱਸਿਆ ਤੇ ਪੈਸੇ ਤੇ ਨਕਦੀ ਕੱਢ ਕੇ ਪਰਸ ਨੂੰ ਨਿੱਕੇ-ਨਿੱਕੇ ਟੋਟਿਆਂ ਵਿੱਚ ਕਰ ਕੂੜੇਦਾਨ ਵਿੱਚ ਸੁੱਟ ਦਿੱਤਾ। ਉਸ ਤੋਂ ਕੁਝ ਦਿਨ ਬਾਅਦ ਉਹ ਕੁੜੀ ਦੇ ਵਿਆਹ ਦੀਆਂ ਤਿਆਰੀਆਂ ਵਿੱਚ ਲੱਗ ਗਏ। ਪਰ ਅਜੀਤ ਦਾ ਜ਼ਮੀਰ ਪਹਿਲਾਂ ਨਾਲੋਂ ਬਦਲ ਗਿਆਂ। ਉਹ ਸਾਰਿਆਂ ਤੋਂ ਡਰਨ ਲੱਗਾ। ਆਪਣੀ ਧੀ ਨੂੰ ਜਦੋਂ ਦੇਖਦਾ ਤਾਂ ਉਸ ਨੂੰ ਓਹੀ ਕੁੜੀ ਨਜ਼ਰ ਆਉਂਦੀ। ਉਹ ਸਦਾਈਆਂ ਦੀ ਤਰਾਂ ਕਰਨ ਲੱਗ ਪਿਆ। ਕੁੜੀ ਦਾ ਵਿਆਹ ਵਾਲਾ ਦਿਨ ਆਇਆ। ਵਿਆਹ ਚੰਗਾ ਹੋਇਆ। ਮੁੰਡੇ ਨੂੰ ਮੋਟਰਸਾਇਕਲ ਦਿੱਤਾ ਗਿਆ। ਸਭ ਨੇ ਵਿਆਹ ਦੀ ਸੋਭਾ ਕੀਤੀ। ਪਰ ਅਜੀਤ ਅੰਦਰੋਂ ਅੰਦਰ ਮੁੱਕ ਚੁੱਕਾ ਸੀ। ਉਸਦੀ ਪੀੜ ਦਾ ਕੋਈ ਹੱਲ ਨਹੀਂ ਸੀ। ਅਖ਼ੀਰ ਵਿਆਹ ਤੋਂ ਦੋ ਦਿਨ ਬਾਅਦ ਅਜੀਤ ਆਪਣੇ ਕਮਰੇ ਵਿੱਚ ਗਿਆ, ਕੁੰਡੀ ਲਾਈ ਤੇ ਪੱਖੇ ਨਾਲ ਰੱਸੀ ਬੰਨ ਕੇ ਫ਼ਾਹਾ ਲਗਾ ਲਿਆ।

ਅਕਸਰ ਕੁਝ ਘਟਨਾਵਾਂ ਬੰਦੇ ਦੀ ਜਿੰਦਗੀ ਨੂੰ ਬਦਲ ਦੇਂਦੀਆਂ ਨੇ। ਕੁੱਝ ਐਸੀਆਂ ਜੋ ਉਹ ਅਣਜਾਣ ਪੁਣੇ ਵਿੱਚ ਕਰਦਾ, ਕੁੱਝ ਜੋ ਸੋਚ ਸਮਝ ਕੇ, ਕੁੱਝ ਕੁ ਦੁਰਘਟਨਾ ਪੂਰਵਕ, ਤੇ ਕੁਝ ਰੱਬ ਦੀ ਬਖ਼ਸ਼ਿਸ ਹੇਠ। ਵੈਸੇ ਤਾਂ ਸਭ ਕੁਝ ਰੱਬ ਦੀ ਮਰਜ਼ੀ ਮੁਤਾਬਿਕ ਹੀ ਹੁੰਦਾ ਹੈ। ਪਰ ਕਹਿੰਦੇ ਨੇ ਜਿੱਥੇ ਕਾਮਦੇਵ ਦਾ ਵਾਸ ਹੋਵੇ ਓਥੇ ਸ਼ਿਵਜੀ ਦਾ ਆਗਮਨ ਨਹੀਂ ਹੁੰਦਾ। ਇਸ ਲਈ ਜਿੱਥੇ ਸ਼ੈਤਾਨ ਹੋਵੇ ਓਥੇ ਪ੍ਰਮਾਤਮਾ ਨਹੀਂ ਹੋ ਸਕਦਾ। ਅਜੀਤ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਕਿਸੇ ਤਰ੍ਹਾਂ ਦਾ ਛੱਲ-ਕਪਟ ਨਹੀਂ ਸੀ ਕੀਤੀ ਪਰ ਉਸ ਉੱਪਰ ਵਧਦੇ ਧੀ ਦੇ ਵਿਆਹ ਦੇ ਬੋਝ ਤੇ ਲਾਲਚ ਨੇ ਆਪਣੀ ਧੀ ਸਮਾਨ ਕੁੜੀ ਤੇ ਖੁੱਦ ਦੀ ਜ਼ਿੰਦਗੀ ਤਬਾਹ ਕਰ ਦਿੱਤੀ। ਜੀਵਨ ਵਿੱਚ ਵਾਧੇ-ਘਾਟੇ ਜਾਂ ਖੁਸ਼ੀ-ਗਮੀ ਚੱਲਦੀ ਰਹਿੰਦੀ ਏ। ਪਰ ਦਬਾਅ, ਲਾਲਚ, ਮਜ਼ਬੂਰੀ ਤੇ ਕਾਹਲੀ ਵਿੱਚ ਚੁੱਕੇ ਗਏ ਕਦਮ ਜ਼ਿਆਦਾਤਰ ਗ਼ਲਤ ਹੀ ਸ਼ਾਬਿਤ ਹੁੰਦੇ ਨੇ। ਇਨਸਾਨ ਨੂੰ ਹਰ ਕੰਮ ਸੋਚ-ਵਿਚਾਰ ਤੇ ਉਸਦਾ ਨਤੀਜ਼ਾ ਸੋਚ ਕੇ ਕਰਨੇ ਚਾਹੀਦੇ ਨੇ।

ਪੀਤ ਸਿੰਘ ਭੁੱਟੀ

ਰੱਖੜੀ

ਸੱਸ - ਜਦੋਂ ਵੇਖੋ ਓਥੇ ਵੜੀ ਰਹਿੰਦੀ ਆ, ਦਿਨ-ਤਿਉਹਾਰ ਤੇ ਤਾਂ ਬੰਦਾ ਘਰੇ ਰਹੇ..।

ਸਹੁਰਾ - ਕੀ ਐਵੇਂ ਬੁੜ-ਬੁੜ ਕਰੀ ਜਾਂਦੀ ਆ। ਜਾ ਲੈਣਦੇ ਕੋਈ ਨਾ ਛੇਤੀ ਆ ਜਾਵੇਗੀ। ਜਦੋਂ ਉਸਨੇ ਆਪਣੇ ਪੇਕੇ ਜਾਣਾ ਹੋਵੇ ਤੇਰਾ ਇਹੋ ਖਿਲਾਰਾ ਹੁੰਦਾ ਆ।

ਸੱਸ – ਅੱਛਾ, ਮੇਰਾ ਖਿਲਾਰਾ ਹੁੰਦਾ ਵਾ, ਇਸ ਨੂੰ ਨਹੀਂ ਦਿੱਖਦਾ ਕਿ ਅੱਜ ਰੱਖੜੀ ਆ, ਇਸਦੀਆਂ ਨਨਾਣਾ ਨੇ ਵੀ ਘਰੇ ਆਉਣਾ ਆ। ਤੜਕੇ ਨਿਕਲ ਚੱਲੀ ਆ। ਓ ਮੇਰਾ ਮੁੰਡਾ ਵੀ ਝੁੱਡੂ ਹੀ ਆ ਅੱਜ ਤਾਂ ਰੋਕੇ ਇਸ ਨੂੰ। ਹੁਣ ਦੀ ਗਈ ਪਤਾ ਨਹੀਂ ਕਦੋਂ ਮੁੜਨਾ ਵਾ। ਨਾਲੇ ਇਸ ਨੇ ਜਾਣਾ ਕੀ ਕਰਨ ਆ ਪੇਕੇ। ਰੱਖੜੀ ਬੰਨਣੀ ਕਿਸਦੇ ਆ ਇਸ ਨੇ?

ਸਹੁਰਾ - ਤੂੰ ਐਵੇਂ ਬੋਲੀ ਨਾ ਜਾ, ਤੇਰੇ ਕੋਲੋਂ ਚੁੱਪ ਨਹੀਂ ਹੋਇਆ ਜਾਂਦਾ। ਐਵੇਂ ਬਕਵਾਸ ਕਰੀ ਜਾਂਦੀ ਆ।

ਨੂੰਹ ਆਪਣੇ ਪੇਕੇ ਜਾਣ ਦੀ ਤਿਆਰੀ ਵਿੱਚ ਲੱਗੀ ਰਹੀ ਤੇ ਸੱਸ ਦੀ ਬੁੜ-ਬੁੜ ਬੰਦ ਨਾ ਹੋਈ। ਨੂੰਹ ਨੂੰ ਆਪਣੀ ਸੱਸ ਦੇ ਸੁਭਾ ਦਾ ਪਤਾ ਸੀ ਉਸ ਨੇ ਸੱਸ ਨੂੰ ਕੋਈ ਜੁਆਬ ਮੁੜ ਨਾ ਦਿੱਤਾ ਤੇ

ਚੁੱਪ-ਚਾਪ ਆਪਣਾ ਕੰਮ ਕਰੀ ਗਈ। ਉਹ ਆਪਣੇ ਬਟੂਏ ਵਿੱਚ ਰੱਖੜੀਆਂ ਤੇ ਕੁਝ ਹੋਰ ਸਮਾਨ ਵੀ ਰੱਖ ਰਹੀ ਸੀ। ਐਨੇ ਨੂੰ ਉਸਦੇ ਘਰਵਾਲੇ ਸੁਖਜਿੰਦਰ ਸਿੰਘ ਨੇ ਉਸ ਨੂੰ ਕਿਹਾ..

ਸੁਖਜਿੰਦਰ - ਮੈਂ ਚੱਲਾ ਨਾਲ?

ਰਾਜਬੀਰ(ਨੂੰਹ) - ਨਹੀਂ ਕੋਈ ਨਾ ਮੈਂ ਚਲੀ ਜਾਵਾਂਗੀ। ਤੁਸੀਂ ਘਰੇ ਰਹੋ ਪਤਾ ਨਹੀਂ ਦੀਦੀ ਹੁਣੀ ਕਦੋਂ ਆ ਜਾਣ। ਮੈਂ ਜਲਦੀ ਆਉਣ ਦੀ ਕੋਸ਼ਿਸ਼ ਕਰਾਂਗੀ।

ਸੁਖਜਿੰਦਰ - ਪੈਸੇ ਹੈਗੇ ਕੋਲ ਜਾਂ ਦੇਵਾਂ?

ਰਾਜਬੀਰ - ਨਹੀਂ, ਹੈਗੇ ਨੇ ਮੇਰੇ ਕੋਲ। ਅਗਰ ਲੋੜ ਹੁੰਦੀ ਤਾਂ ਮੈਂ ਮੰਗ ਲੈਂਦੀ। ਤੁਸੀਂ ਰਾਹੁਲ ਨੂੰ ਨਾਸ਼ਤਾ ਕਰਵਾ ਦਿਓ। ਓਦਾਂ ਮੈਂ ਜਲਦੀ ਆ ਜਾਵਾਂਗੀ। ਚਲੋ ਠੀਕ ਆ ਮੈਂ ਚਲਦੀ ਆ।

ਐਨਾ ਕਹਿਣ ਤੋਂ ਬਾਅਦ ਹੀ ਰਾਜਬੀਰ ਜਲਦੀ ਨਾਲ ਘਰੋਂ ਨਿਕਲ ਗਈ ਤੇ ਉਸਦੀ ਸੱਸ ਉਸ ਦੇ ਘਰੋਂ ਨਿਕਲਣ ਤੋਂ ਬਾਅਦ ਵੀ ਬੋਲਦੀ ਹੀ ਰਹੀ। ਘਰੋਂ ਨਿਕਲ ਕੇ ਉਹ ਪਹਿਲਾ ਬਾਜ਼ਾਰ ਗਈ ਤੇ ਇੱਕ ਮਿਠਾਆਈ ਦੀ ਦੁਕਾਨ ਤੋਂ ਮੋਤੀ ਚੂਰ ਦੇ ਲੱਡੂਆਂ

ਦਾ ਇੱਕ ਡੱਬਾ ਖਰੀਦ ਲਿਆ। ਖਰੀਦਣ ਤੋਂ ਬਾਅਦ ਉਸ ਨੇ ਇੱਕ ਆਟੋ ਰਿਕਸ਼ੇ ਵਾਲੇ ਨੂੰ ਹੱਥ ਦਿੱਤਾ ਤੇ ਕੋਈ ਪਤਾ ਦੱਸ ਕੇ ਓਥੇ ਚੱਲਣ ਨੂੰ ਕਿਹਾ ਤੇ ਜਲਦੀ ਨਾਲ ਆਟੋ ਵਿੱਚ ਬੈਠ ਗਈ। ਆਟੋ ਵਾਲੇ ਨੇ ਆਪਣਾ ਮੀਟਰ ਚਾਲੂ ਕੀਤਾ ਤੇ ਉਹ ਚੱਲ ਪਿਆ। ਆਟੋ ਵਾਲੇ ਨੇ ਖਾਕੀ ਰੰਗ ਦੀ ਵਰਦੀ ਪਾਈ ਹੋਈ ਸੀ।

ਰਾਜਬੀਰ ਦਾ ਪੇਕੇ ਘਰ ਕਾਫੀ ਦੂਰ ਅਨੁਭਵ ਹੁੰਦਾ ਸੀ। ਉਸ ਨੇ ਚੇਹਰੇ ਤੇ ਮੁਸਕਾਨ ਵੀ ਸੀ ਤੇ ਦਿੱਲ ਵਿੱਚ ਦਰਦ ਵੀ। ਉਹ ਚੁੱਪ-ਚਾਪ ਆਟੋ ਵਿੱਚ ਬੈਠੀ ਹੋਈ ਸੀ ਤੇ ਦਿਮਾਗ ਵਿੱਚ ਵੰਨ-ਸਵੰਨੇ ਖਿਆਲ ਲਿਆ ਰਹੀ ਸੀ। ਅਚਾਨਕ ਹੀ ਉਸ ਦੇ ਦਿੱਲ ਦਾ ਦਰਦ ਅੱਖਾਂ ਰਾਹੀਂ ਬਾਹਰ ਵਹਿਣਾ ਸ਼ੁਰੂ ਹੋ ਗਿਆ। ਰੋਣ ਦੀ ਆਵਾਜ਼ ਨਹੀਂ ਸੀ ਆ ਰਹੀ ਪਰ ਅੱਥਰੂ ਦਰਦ ਨੂੰ ਬਿਆਨ ਕਰ ਰਹੇ ਸਨ। ਆਟੋ ਵਾਲੇ ਨੇ ਰਾਜਬੀਰ ਨੂੰ ਰੋਂਦੇ ਹੋਏ ਦੇਖ ਲਿਆ। ਪਰ ਉਸ ਨੇ ਰਾਜਬੀਰ ਨੂੰ ਕੁਝ ਨਾ ਕਿਹਾ। ਰਾਜਬੀਰ ਚੋਰੀ-ਚੋਰੀ ਆਪਣੇ ਰੁਮਾਲ ਨਾਲ ਅੱਥਰੂ ਸਾਫ ਵੀ ਕਰ ਰਹੀ ਸੀ ਪਰ ਅੱਥਰੂ ਰੁਕਣ ਦਾ ਨਾਮ ਨਹੀਂ ਸਨ ਲੈ ਰਹੇ। ਆਟੋ ਵਾਲਾ ਇੱਕ ਸੂਝਵਾਨ ਇਨਸਾਨ ਮਾਲੂਮ ਹੁੰਦਾ ਸੀ। ਉਸ ਦੀ ਉਮਰ ਕਰੀਬ ਤੀਹ ਕੁ ਸਾਲ ਹੋਵੇਗੀ। ਜਦੋਂ ਰਾਜਬੀਰ ਦੇ

ਅੱਥਰੂ ਬਿਲਕੁਲ ਨਹੀਂ ਸਨ ਰੁੱਕ ਰਹੇ ਤਾਂ ਆਟੋ ਵਾਲੇ ਨੇ ਪੁੱਛ ਹੀ ਲਿਆ..

ਆਟੋ ਵਾਲਾ - ਕੀ ਗੱਲ ਹੈ ਭੈਣ ਜੀ, ਕੋਈ ਮੁਸ਼ਕਿਲ ਹੈ?

ਰਾਜਬੀਰ ਚੁੱਪ ਰਹੀ ਤੇ ਸਿਸਕੀ ਲੈਂਦੀ ਹੋਈ ਆਪਣੇ ਅੱਥਰੂ ਸਾਫ ਕਰਦੀ ਰਹੀ। ਫਿਰ ਆਟੋ ਵਾਲੇ ਨੇ ਪੁੱਛਿਆ..

ਆਟੋ ਵਾਲਾ - ਭੈਣ ਜੀ ਅੱਜ ਤਾਂ ਰੱਖੜੀ ਹੈ ਤੇ ਹਰ ਕੋਈ ਖੁਸ਼ ਹੈ ਤੁਸੀਂ ਕਿਉਂ ਰੋ ਰਹੇ ਜੇ? ਅਗਰ ਕੋਈ ਮੁਸ਼ਕਿਲ ਹੈ ਤਾਂ ਦੱਸੋ ਹੋ ਸਕਦਾ ਕੋਈ ਹੱਲ ਮਿੱਲ ਜਾਵੇ।

ਰਾਜਬੀਰ - ਨਹੀਂ ਵੀਰ ਜੀ ਕੋਈ ਮੁਸ਼ਕਿਲ ਨਹੀਂ ਹੈ।

ਆਟੋ ਵਾਲਾ - ਪਰ ਅੱਥਰੂ ਤਾਂ ਬੇ-ਵਜ੍ਹਾ ਨਹੀਂ ਆ ਰਹੇ?

ਰਾਜਬੀਰ - ਕੁਛ ਨਹੀਂ ਵੀਰ ਜੀ ਬੱਸ ਅੱਜ ਰੱਖੜੀ ਹੈ ਤਾਂ ਆਪਣੇ ਵੀਰ ਦੀ ਬਹੁਤ ਯਾਦ ਆ ਰਹੀ ਹੈ।

ਆਟੋ ਵਾਲਾ - ਦੇਖੋ ਜੀ ਯਾਦ ਤਾਂ ਹਮੇਸ਼ਾ ਹੀ ਬਣੀ ਰਹਿੰਦੀ ਹੈ ਪਰ ਇਹੋ ਜਿਹੇ ਮੌਕਿਆਂ ਤੇ ਓਹੀ ਯਾਦਾਂ ਜ਼ਖ਼ਮ ਦੇਂਦੀਆਂ ਨੇ। ਇਹ ਜ਼ਖਮ ਮਾੜੇ ਨਹੀਂ ਆ, ਪਰ ਦਰਦ ਹੱਦ ਤੋਂ ਪਰੇ ਦੇਂਦੇ ਨੇ।

ਰਾਜਬੀਰ ਨੂੰ ਆਟੋ ਵਾਲੇ ਦਾ ਜੁਆਬ ਸੁਣ ਕੇ ਹੌਂਸਲਾ ਜਿਹਾ ਮਿਲਿਆ ਤੇ ਉਸ ਨੂੰ ਅੱਜ ਆਪਣੇ ਦੁੱਖ ਨੂੰ ਵੰਡਾਉਣ ਦਾ ਰਾਹ ਨਜ਼ਰ ਆਇਆ। ਤੇ ਉਸ ਨੇ ਆਟੋ ਵਾਲੇ ਨਾਲ ਗੱਲ ਬਾਤ ਜਾਰੀ ਰੱਖੀ..

ਰਾਜਬੀਰ - ਸਹੀ ਕਿਹਾ ਵੀਰ ਜੀ।

ਆਟੋ ਵਾਲਾ - ਮੇਰੀ ਕੋਈ ਵੀ ਭੈਣ ਨਹੀਂ ਹੈ, ਤੇ ਹਰ ਵਾਰ ਰੱਖੜੀ ਵਾਲੇ ਦਿਨ ਇਸ ਦੀ ਘਾਟ ਮਹਿਸੂਸ ਹੁੰਦੀ ਹੈ ਤੇ ਮੇਰਾ ਗੁੱਟ ਹਰ ਰੱਖੜੀ ਤੇ ਸੁੰਨਾ ਹੀ ਰਹਿ ਜਾਂਦਾ ਹੈ। ਕੀ ਤੁਹਾਡਾ ਵੀ ਕੋਈ ਵੀਰ ਨਹੀਂ ਹੈ?

ਰਾਜਬੀਰ - ਵੀਰ ਹੈਗਾ ਸੀ ਪਰ ਹੁਣ ਨਹੀਂ ਆ।

ਆਟੋ ਵਾਲਾ - ਕਿਉਂ ਕੀ ਗੱਲ ਹੋਈ ਭੈਣ ਜੀ?

ਆਟੋ ਵਾਲੇ ਦੇ ਇਸ ਸਵਾਲ ਤੋਂ ਬਾਅਦ ਰਾਜਬੀਰ ਚੁੱਪ ਹੋ ਗਈ ਤੇ ਕਾਫੀ ਦੇਰ ਤੱਕ ਕੁਝ ਨਾ ਬੋਲੀ ਤੇ ਨਾ ਹੀ ਫਿਰ ਆਟੋ ਵਾਲੇ ਨੇ ਮੁੜ ਸਵਾਲ ਕੀਤਾ। ਪਰ ਕੁਝ ਦੇਰ ਪਿੱਛੋਂ ਫਿਰ ਰਾਜਬੀਰ ਨੇ ਦੱਸਣਾ ਸ਼ੁਰੂ ਕੀਤਾ।

ਰਾਜਬੀਰ - ਕੀ ਦੱਸਾਂ ਵੀਰੇ? ਸਿਆਣੇ ਆਖਦੇ ਨੇ ਝੱਗਾ ਚੁੱਕਿਆ ਢਿੱਡ ਆਪਣਾ ਹੀ ਨੰਗਾ ਹੁੰਦਾ ਹੈ। ਪਰ ਹੁਣ ਇਸ ਨਾਲ ਕੋਈ ਫਰਕ ਵੀ ਨਹੀਂ ਪੈਂਦਾ। ਜਦੋਂ ਇੱਜ਼ਤਾਂ ਵਾਲੇ ਹੀ ਨਹੀਂ ਰਹੇ ਤਾਂ ਫਿਰ ਕਾਹਦੀ ਇੱਜ਼ਤ।

ਆਟੋ ਵਾਲਾ - ਭੈਣ ਜੀ ਬੀਤੀਆਂ ਗੱਲਾਂ ਦਾ ਦੁੱਖ ਤਾਂ ਆਉਂਦਾ ਹੈ ਪਰ ਅਸੀਂ ਉਹਨਾਂ ਤੋਂ ਭੱਜ ਵੀ ਨਹੀਂ ਸਕਦੇ। ਹਰ ਮੋੜ ਤੇ ਸਾਡੇ ਸਾਹਮਣੇ ਆ ਖੜੇ ਹੋਣਗੀਆਂ। ਵੈਸੇ ਗੱਲ ਕੀ ਹੋਈ ਸੀ ਵੀਰ ਜੀ ਨੂੰ?

ਰਾਜਬੀਰ - ਚੰਗਾ ਭਲਾ ਕੰਮ ਕਰਦਾ ਸੀ, ਪੜਿਆ ਲਿਖਿਆ ਵੀ ਸੀ, ਪਤਾ ਨਹੀਂ ਕਿਸਦੀ ਬਹਿਣੀ ਬੈਠ ਗਿਆ ਨਸ਼ੇ ਤੇ ਲੱਗ ਗਿਆ ਤੇ ਦਿਨਾਂ ਵਿੱਚ ਹੀ ਜ਼ਿੰਦਗੀ ਨੂੰ ਗਾਲ ਲਿਆ।

ਆਟੋ ਵਾਲਾ - ਕੀ ਨਸ਼ਾ ਕਰਦਾ ਸੀ?

ਰਾਜਬੀਰ - ਨਸ਼ਾ ਤਾਂ ਵੀਰੇ ਨੇ ਕੋਈ ਛੱਡਿਆ ਹੀ ਨਹੀਂ ਹੋਣਾ। ਹਰ ਨਸ਼ਾ ਕਰੀ ਜਾਂਦਾ ਸੀ। ਪਰ ਚਿੱਟੇ ਦਾ ਨਸ਼ਾ ਜਿਆਦਾ ਕਰਦਾ ਸੀ। ਜੋ ਪੈਸੇ ਹੋਏ ਬੱਸ ਚਿੱਟਾ ਹੀ ਖਰੀਦੀ ਜਾਣਾ। ਜਿੰਨੀ ਵੀ ਜਮ੍ਹਾ ਪੂੰਜੀ ਸੀ ਸਾਰੀ ਚਿੱਟੇ ਵਿੱਚ ਉਡਾ ਦਿੱਤੀ। ਲੋੜ ਤੋਂ ਵੱਧ ਨਸ਼ਾ

ਕਰਨ ਲੱਗ ਪਿਆ। ਫਿਰ ਇੱਕ ਦਿਨ ਘਰੇ ਕੋਈ ਆਇਆ ਤੇ ਦੱਸਿਆ ਕਿ ਤੁਹਾਡਾ ਰਣਬੀਰ ਕਿਸੇ ਦੀ ਮੋਟਰ ਤੇ ਡਿੱਗਾ ਪਿਆ ਹੈ। ਜਦੋਂ ਜਾ ਕੇ ਦੇਖਿਆ ਤਾਂ ਟੀਕਾ ਲੱਗਾ ਹੋਇਆ ਸੀ। ਤੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ। ਉਸ ਤੋਂ ਬਾਅਦ ਤਾਂ ਜਿਵੇਂ ਦੁਨੀਆਂ ਹੀ ਉੱਜੜ ਗਈ ਹੋਵੇ।

ਆਟੋ ਵਾਲਾ - ਨਸ਼ੇ ਵਾਲੇ ਦਾ ਇਹੀ ਹਾਲ ਹੁੰਦਾ ਹੈ ਭੈਣ ਜੀ। ਖਾਸ ਕਰ ਕੇ ਚਿੱਟੇ ਵਾਲੇ ਦਾ। ਆਪ ਤਾਂ ਤੁਰ ਜਾਂਦੇ ਨੇ ਮਗਰੋਂ ਭੁਗਤਣਾ ਤਾਂ ਪਰਿਵਾਰ ਨੂੰ ਪੈਂਦਾ ਹੈ। ਵਿਆਹਿਆ ਸੀ ਜਾ ਕੁਵਾਰਾ ਸੀ?

ਰਾਜਬੀਰ - ਵਿਆਹਿਆ ਸੀ ਵੀਰੇ। ਤੇ ਦੋ ਬੇਟੀਆਂ ਵੀ ਨੇ ਉਸ ਦੀਆਂ। ਤੇ ਸਭ ਤੋਂ ਵੱਡਾ ਦੁੱਖ ਤਾਂ ਹੈ ਹੀ ਇਸੇ ਗੱਲ ਦਾ ਕਿ ਉਹਨਾਂ ਬੱਚੀਆਂ ਦੀ ਜ਼ਿੰਦਗੀ ਵੀ ਉਜਾੜ ਹੋ ਗਈ।

ਆਟੋ ਵਾਲਾ - ਪਿਉ ਬਿਨਾ ਵੀ ਕੌਣ ਹਾਲ ਪੁੱਛਦਾ ਹੈ। ਜਿਥੇ ਪਿਉ ਦਾ ਦਰਜ਼ਾ ਹੁੰਦਾ ਹੈ ਓਥੇ ਕੋਈ ਵੀ ਜਗ੍ਹਾ ਨਹੀਂ ਲੈ ਸਕਦਾ। ਕਿੰਨੀ ਕੁ ਉਮਰ ਦੀਆਂ ਨੇ ਬੇਟੀਆਂ?

ਰਾਜਬੀਰ - ਵੱਡੀ ਅੱਠ ਕੁ ਸਾਲ ਦੀ ਆ ਤੇ ਛੋਟੀ ਸਾਢੇ ਕੁ ਪੰਜ ਸਾਲ ਦੀ।

ਆਟੋ ਵਾਲਾ - ਫਿਰ ਤਾਂ ਬਾਲਾ ਧੱਕਾ ਹੋਇਆ ਵਿਚਾਰੀਆਂ ਨਾਲ।

ਰਾਜਬੀਰ - ਹਾਂ ਜੀ ਵੀਰੇ। ਰੱਬ ਵੀ ਪਤਾ ਨਹੀਂ ਕੀ-ਕੀ ਸੋਚ ਕੇ ਜ਼ੁਲਮ ਕਰੀ ਜਾਂਦਾ।

ਆਟੋ ਵਾਲਾ - ਰੱਬ ਤਾਂ ਆਪਣਾ ਕੰਮ ਕਰੀ ਜਾ ਰਿਹਾ ਵਾ। ਇਸ ਵਿੱਚ ਰੱਬ ਦਾ ਕੀ ਦੋਸ਼ ਹੈ, ਗ਼ਲਤੀਆਂ ਸਾਡੀਆਂ ਆਪਣੀਆਂ ਹੁੰਦੀਆਂ ਨੇ ਤੇ ਦੋਸ਼ੀ ਅਸੀਂ ਰੱਬ ਨੂੰ ਕਹੀ ਜਾਂਦੇ ਆ।

ਰਾਜਬੀਰ - ਉਹ ਤਾਂ ਹੈ ਵੀਰੇ ਪਰ ਉਹਨਾਂ ਮਾਸੂਮ ਬੱਚੀਆਂ ਦਾ ਕੀ ਦੋਸ਼, ਮੇਰੀ ਭਰਜਾਈ ਦਾ ਕੀ ਦੋਸ਼, ਮੇਰੇ ਮਾਂ ਪਿਉ ਦਾ ਕੀ ਦੋਸ਼, ਮੇਰਾ ਕੀ ਦੋਸ਼ ਆ?

ਆਟੋ ਵਾਲਾ - ਦੇਖੋ ਭੈਣ ਜੀ ਇਹ ਤਾਂ ਕਰਮਾ ਦਾ ਹਿਸਾਬ ਹੁੰਦਾ ਹੈ, ਇੱਕ ਦੀ ਗਲਤੀ ਭੁਗਤਣੀ ਹੋਰਾਂ ਨੂੰ ਪੈਂਦੀ ਹੈ। ਬਾਕੀ ਜੋ ਰੱਬ ਨੂੰ ਮਨਜ਼ੂਰ ਹੈ ਓਹੀ ਹੁੰਦਾ ਹੈ।

ਰਾਜਬੀਰ - ਹਾਂ ਜੀ ਵੀਰੇ ਸਹੀ ਕਿਹਾ ਤੁਸੀਂ।

ਐਨੇ ਨੂੰ ਰਾਜਬੀਰ ਦਾ ਪੇਕਾ ਘਰ ਆ ਗਿਆ। ਰਾਜਬੀਰ ਨੇ ਆਟੋ ਵਾਲੇ ਨੂੰ ਇੱਕ ਜਗ੍ਹਾ ਰੋਕਣ ਲਈ ਕਿਹਾ। ਉਸ ਨੇ ਆਟੋ ਰੋਕ ਦਿੱਤਾ। ਰਾਜਬੀਰ ਆਟੋ ਵਿੱਚੋਂ ਉੱਤਰੀ ਤੇ ਉਸ ਨੇ ਆਪਣਾ ਬਟੂਆ ਖੋਲ ਕੇ ਵਿੱਚੋਂ ਪੈਸੇ ਦੇਣ ਲੱਗੀ ਉਸ ਨੂੰ ਪੁੱਛਿਆ..

ਰਾਜਬੀਰ - ਕਿੰਨਾ ਕਿਰਾਇਆ ਹੋਇਆ ਵੀਰੇ?

ਆਟੋ ਵਾਲੇ ਦੇ ਦਿਮਾਗ ਵਿੱਚ ਪਤਾ ਨਹੀਂ ਕੀ ਆਇਆ ਉਸ ਨੇ ਕਿਹਾ..

ਆਟੋ ਵਾਲਾ - ਨਹੀਂ ਭੈਣ ਜੀ ਕਿਰਾਏ ਦੀ ਲੋੜ ਨਹੀਂ। ਅੱਜ ਰੱਖੜੀ ਹੈ ਮੈਂ ਇਸ ਲਈ ਤੁਹਾਡੇ ਤੋਂ ਕਿਰਾਇਆ ਨਹੀਂ ਲਵਾਂਗਾ।

ਰਾਜਬੀਰ - ਨਹੀਂ ਵੀਰੇ ਤੁਸੀਂ ਆਪਣੀ ਮਿਹਨਤ ਤਾਂ ਲਵੋ।

ਆਟੋ ਵਾਲਾ - ਨਹੀਂ ਭੈਣ ਜੀ ਤੁਸੀਂ ਮੈਨੂੰ ਅੱਜ ਦੇ ਦਿਨ ਲਈ ਆਪਣਾ ਵੀਰ ਹੀ ਸਮਝੋ, ਮੈਨੂੰ ਕਿਰਾਏ ਦੀ ਲੋੜ ਨਹੀਂ। ਕੋਈ ਗੱਲ ਨੀ ਫਿਰ ਕਿਤੇ ਲੈ ਲਵਾਂਗੇ।

ਰਾਜਬੀਰ - ਪਰ ਵੀਰੇ।

ਆਟੋ ਵਾਲਾ - ਕੋਈ ਪਰ-ਪੁਰ ਨਹੀਂ। ਤੁਸੀਂ ਜਿੰਨਾ ਮਰਜ਼ੀ ਕਹਿ ਲਵੋ ਮੈਂ ਨਹੀਂ ਲੈਣਾ ਕਿਰਾਇਆ। ਚੰਗਾ ਜੀ ਹੁਣ ਮੈਂ ਚਲਦਾ ਹਾਂ ਰੱਬ ਨੇ ਚਾਹਿਆ ਤਾਂ ਫਿਰ ਮਿਲਾਂਗੇ।

ਐਨਾ ਕਹਿ ਕੇ ਆਟੋ ਵਾਲਾ ਓਥੋਂ ਚੱਲਣ ਲੱਗਾ ਤੇ ਅਚਾਨਕ ਹੀ ਰਾਜਬੀਰ ਨੇ ਆਟੋ ਵਾਲੇ ਨੂੰ ਆਵਾਜ਼ ਲਗਾਈ।

ਰਾਜਬੀਰ - ਵੀਰੇ ...।

ਰਾਜਬੀਰ ਭੱਜ ਕੇ ਆਟੋ ਦੇ ਕੋਲ ਗਈ। ਤੇ ਆਟੋ ਵਾਲੇ ਨੂੰ ਕਿਹਾ।

ਰਾਜਬੀਰ - ਵੀਰੇ ਕੀ ਮੈਂ ਤੁਹਾਨੂੰ ਰੱਖੜੀ ਬੰਨ ਦਵਾ?

ਰਾਜਬੀਰ ਦੀ ਇਹ ਗੱਲ ਸੁਣ ਕੇ ਆਟੋ ਵਾਲੇ ਦੀਆਂ ਅੱਖਾਂ ਭਰ ਆਈਆਂ। ਕਿਉਂਕਿ ਅਜੇ ਤੱਕ ਉਸਦਾ ਗੁੱਟ ਰੱਖੜੀ ਲਈ ਤਰਲੇ ਖਾ ਰਿਹਾ ਸੀ ਪਰ ਅੱਜ ਉਹ ਸੁੰਨਾ ਨਹੀਂ ਸੀ ਰਹਿਣਾ। ਆਟੋ ਵਾਲੇ ਨੇ ਓਥੇ ਬੈਠੇ ਹੀ ਕਿਹਾ..

ਆਟੋ ਵਾਲਾ - ਹਾਂ ਜੀ ਭੈਣ ਜੀ।

ਇਸ ਤੋਂ ਬਿਨਾਂ ਉਸ ਦੇ ਮੂੰਹ ਵਿੱਚੋਂ ਕੋਈ ਲਫ਼ਜ਼ ਨਾ ਨਿਕਲਿਆ। ਰਾਜਬੀਰ ਨੇ ਜਲਦੀ ਨਾਲ ਬਟੂਏ ਵਿੱਚੋਂ ਰੱਖੜੀ ਕੱਢੀ ਤੇ ਆਟੋ ਵਾਲੇ ਨੇ ਵੀ ਆਪਣਾ ਸੱਜਾ ਹੱਥ ਅੱਗੇ ਵਧਾਇਆ। ਰਾਜਬੀਰ ਨੇ ਰੱਖੜੀ ਬੰਨੀ ਤੇ ਲੱਡੂਆਂ ਦੇ ਡੱਬੇ ਵਿੱਚੋਂ ਇੱਕ ਲੱਡੂ ਕੱਢ ਕੇ ਆਟੋ ਵਾਲੇ ਦੇ ਮੂੰਹ ਵਿੱਚ ਪਾਇਆ। ਆਟੋ ਵਾਲਾ ਤੇ ਰਾਜਬੀਰ ਦੋਵੇਂ ਹੀ ਇੱਕ ਦੂਜੇ ਦੇ ਅਭਾਰੀ ਸਨ। ਉਸ ਤੋਂ ਪਿੱਛੋਂ ਆਟੋ ਵਾਲਾ ਆਪਣੀਆਂ ਅੱਖਾਂ ਵਿੱਚ ਖੁਸ਼ੀ ਦੇ ਅੱਥਰੂ ਲੈ ਕੇ ਓਥੋਂ ਚਲਾ ਗਿਆ। ਤੇ ਰਾਜਬੀਰ ਆਪਣੇ ਪੇਕੇ ਘਰ ਚਲੀ ਗਈ।

ਪੇਕੇ ਘਰ ਜਾ ਕੇ ਉਹ ਆਪਣੇ ਮਾਂ-ਪਿਉ ਨੂੰ, ਭਰਜਾਈ ਨੂੰ ਤੇ ਭਤੀਜੀਆਂ ਨੂੰ ਮਿਲੀ। ਉਹ ਸਾਰੇ ਰਾਜਬੀਰ ਨੂੰ ਦੇਖ ਕੇ ਖੁਸ਼ ਵੀ ਹੋਏ ਤੇ ਰਣਬੀਰ ਨੂੰ ਯਾਦ ਕਰ ਅੱਥਰੂ ਵੀ ਵਹਾਏ। ਉਸ ਤੋਂ ਕੁਝ ਦੇਰ ਪਿੱਛੋਂ ਹੀ ਰਾਜਬੀਰ ਆਪਣੇ ਸਹੁਰੇ ਘਰ ਚਲੀ ਗਈ।

ਅੱਜ ਰਾਜਬੀਰ ਖੁਸ਼ ਵੀ ਸੀ ਤੇ ਦੁਖੀ ਵੀ। ਦੁੱਖ ਸੀ ਉਸ ਨੂੰ ਆਪਣੇ ਸਕੇ ਭਰਾ ਦੇ ਲਈ ਤੇ ਖੁਸ਼ੀ ਸੀ ਕਿ ਉਸਦੀ ਰੱਖੜੀ ਵਿਅਰਥ ਨਹੀਂ ਗਈ। ਇਸ ਕਹਾਣੀ ਦਾ ਮਕਸਦ ਰੱਖੜੀ ਦੇ ਸ਼ੁਭ

ਦਿਨ ਤੇ ਕਿਸੇ ਦੀਆਂ ਭਾਵਨਾਵਾਂ ਨੂੰ ਦਰਦ ਦੇਣਾ ਨਹੀਂ ਹੈ ਬਲਕਿ ਭਰਾਵਾਂ ਨੂੰ ਸਮਝਾਉਣਾ ਹੈ ਕਿ ਤੁਹਾਡੇ ਤੋਂ ਬਿਨਾਂ ਤੁਹਾਡੀਆਂ ਭੈਣਾਂ ਦਾ ਕੋਈ ਵੀ ਨਹੀਂ ਹੈ। ਹਰ ਕਿਸੇ ਦੀ ਕਿਸਮਤ ਰਾਜਬੀਰ ਜਿਹੀ ਨਹੀਂ ਹੁੰਦੀ ਤੇ ਨਾ ਹੀ ਹਰ ਰਾਹ ਜਾਣ ਵਾਲਾ ਤੁਹਾਡੀ ਭੈਣ ਨੂੰ ਭੈਣ ਕਹੇਗਾ। ਓਦਾਂ ਤਾਂ ਪ੍ਰਮਾਤਮਾ ਦੀ ਰਜ਼ਾ ਹੈ ਕਿ ਉਸ ਨੇ ਕਿੰਨੀ ਕੁ ਉਮਰ ਬਖਸ਼ਈ ਹੈ ਪਰ ਸਾਡਾ ਵੀ ਫਰਜ਼ ਹੈ ਕਿ ਅਸੀਂ ਉਸ ਜ਼ਿੰਦਗੀ ਨੂੰ ਕਿਸ ਲੇਖੇ ਲਾਉਣਾ ਹੈ। ਨਸ਼ਿਆਂ ਦੇ ਲੇਖੇ ਜਾਂ ਫਿਰ ਆਪਣੇ ਪਰਿਵਾਰ ਤੇ ਪ੍ਰਮਾਤਮਾ ਦੇ ਲੇਖੇ। ਅੱਜ ਨਸ਼ਾ ਹੀ ਮੌਤ ਦਾ ਸਭ ਤੋਂ ਵੱਡਾ ਕਾਰਣ ਬਣਿਆ ਹੋਇਆ ਹੈ। ਨੌਜਵਾਨ ਆਪਣੀਆਂ ਜਿੰਮੇਵਾਰੀਆਂ ਨੂੰ ਭੁੱਲ ਕੇ ਨਸ਼ਿਆਂ ਦੇ ਗੇੜ ਵਿੱਚ ਫਸੇ ਹੋਏ ਨੇ। ਜ਼ਿੰਦਗੀ ਬੜੀ ਖ਼ੂਬਸੂਰਤ ਚੀਜ ਹੈ, ਢੰਗ ਨਾਲ ਜੀਓਗੇ ਤਾਂ ਆਨੰਦ ਮਿਲੇਗਾ। ਵੀਰ ਆਪਣੀਆਂ ਭੈਣਾਂ ਨੂੰ ਸਹੀ ਰਾਹ ਤੇ ਆਉਣ ਦਾ ਤੋਹਫ਼ਾ ਦੇਣ ਤਾਂ ਜੋ ਉਹਨਾਂ ਦਾ ਗਰੂਰ ਬਣਿਆ ਰਹੇ।

ਦੁਖੀਆ ਨਦੀ ਕਾਲੀ ਮਰੀਚਾਂ

ਪ੍ਰੋ ਹਿਮ ਭੱਟੀ

ਉਸਦੇ ਹੱਥ ਉੱਪਰ ਇੱਕ ਦਾਗ ਸੀ। ਦਾਗ ਹੌਲੀ-ਹੌਲੀ ਉਭਰਨ ਲੱਗਾ। ਜਿਵੇਂ ਕੋਈ ਚੀਜ਼ ਇਸ 'ਚੋਂ ਬਾਹਰ ਨਿਕਲਣ ਦੀ ਜੱਦੋ-ਜ਼ਹਿਤ ਕਰ ਰਹੀ ਹੋਵੇ। ਦਾਗ ਇੱਕ ਜਖਮ ਜਾਪਣ ਲੱਗ ਪਿਆ। ਦੇਖਦੇ ਹੀ ਦੇਖਦੇ, ਜੋ ਦਾਗ ਜਖਮ ਜਾਪ ਰਿਹਾ ਸੀ, ਉਸ 'ਚੋਂ ਇੱਕ ਗੂੜ੍ਹੇ ਕਾਲੇ ਰੰਗ ਦਾ ਨਹੁੰ ਸਰ-ਸਰ ਕਰਦਾ ਬਾਹਰ ਆ ਗਿਆ। ਨਹੁੰ ਦੇ ਬਣੇ ਇਸ ਜਖਮ ਕਾਰਨ ਜੋ ਦਰਦ ਉਸ ਨੂੰ ਅਨੁਭਵ ਹੋਇਆ, ਉਸਨੇ ਉਸਨੂੰ ਬਰਦਾਸ਼ਤ ਕਰਨ ਲਈ ਚੀਖਣ ਦੀ ਕੋਸ਼ਿਸ਼ ਕੀਤੀ। ਪਰ ਉਸਦੀ ਆਵਾਜ਼, ਆਵਾਜ਼ ਵਿੱਚ ਹੀ ਫਸ ਗਈ। ਉਹ ਨਹੁੰ, ਲੰਮੀਆਂ-ਲੰਮੀਆਂ ਉਂਗਲੀਆਂ, ਸਭ ਖ਼ੂਨ ਨਾਲ ਭਿੱਜੇ ਪਏ ਸਨ। ਦੇਖਦੇ ਹੀ ਦੇਖਦੇ ਦੁਸ਼ਟ ਨਜ਼ਰਾਂ ਵਿੱਚ ਆ ਗਿਆ। ਉਹ ਉਸਦੇ ਕੋਮਲ ਹੱਥਾਂ ਨੂੰ ਆਪਣੇ ਸਖਤ ਤੇ ਡਰਾਵਨੇ ਹੱਥਾਂ ਨਾਲ ਕੁਚਲਣ ਲੱਗਾ। ਉਸਦੇ ਚੀਖਣ ਦੀ ਕੋਸ਼ਿਸ਼ ਵਿੱਚ ਇੱਕ ਦਮ ਉਸਦੀ ਜਾਗ ਖੁੱਲ ਗਈ। ਮਨ ਨੂੰ ਤਸੱਲੀ ਦਿੰਦੀ ਆਖਦੀ ਹੈ, ਸ਼ੁਕਰ ਹੈ ਇਹ ਸੁਪਨਾ ਸੀ।

ਆਪਣੇ ਮਨ ਨੂੰ ਤਰੋ-ਤਾਜ਼ਾ ਕਰਨ ਲਈ, ਉਹ ਮੰਜੇ ਤੋਂ ਉੱਠ ਆਪਣਾ ਮੂੰਹ ਧੋਣ ਲਈ ਗਈ, ਤੇ ਸ਼ੀਸੇ ਵਿੱਚ ਆਪਣੇ ਪ੍ਰਤੀਬਿੰਬ ਨੂੰ ਵੇਖਣ ਲੱਗੀ। ਰਾਤ ਸੀ, ਘੱਟ ਬੱਤੀ ਵਾਲਾ ਬਲਬ ਜਗ ਰਿਹਾ

ਸੀ। ਪੂਰੀ ਤਰ੍ਹਾਂ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ। ਹਨੇਰੇ ਵਿੱਚ ਜਦੋਂ ਉਸ ਨੇ ਸ਼ੀਸ਼ੇ ਤੇ ਆਪਣਾ ਧਿਆਨ ਕੇਂਦ੍ਰਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਤਾਂ ਦੇਖਿਆ ਕਿ ਪ੍ਰਤੀਬਿੰਬ ਸਥਿਰ ਨਹੀਂ ਸੀ। ਇਹ ਚੱਲ ਰਿਹਾ ਸੀ ਤੇ ਅਚਾਨਕ ਹੀ ਪਿੱਛੋਂ ਦੀ ਇੱਕ ਪਰਛਾਵਾਂ ਲੰਘਿਆ। ਉਸਨੇ ਘਬਰਾਹਟ ਵਿੱਚ ਪਿੱਛੇ ਨੂੰ ਮੁੜ ਦੇਖਿਆ ਤਾਂ ਪਿੱਛੇ ਕੁਝ ਨਹੀਂ ਸੀ। ਫਿਰ ਉਸਨੂੰ ਅਹਿਸਾਸ ਹੋਇਆ ਕਿ ਇਹ ਉਸਦੇ ਸੁਪਨੇ ਕਾਰਨ ਮਨ ਦਾ ਵਹਿਮ ਹੈ ਤੇ ਇਹ ਬਸ ਸ਼ੀਸ਼ੇ ਵਿੱਚ ਚੱਲ ਰਿਹਾ ਹੈ ਜਾਂ ਉਸਦੀ ਅੱਖ ਅਜੇ ਤੱਕ ਪੂਰੀ ਤਰ੍ਹਾਂ ਨਹੀਂ ਖੁੱਲ੍ਹੀ।

ਪਰ ਸ਼ੀਸ਼ੇ ਵਿੱਚ ਅਜ਼ੀਬੋ ਗਰੀਬ ਢੰਗ ਨਾਲ ਚੀਜ਼ਾਂ ਘੱਟ ਰਹੀਆਂ ਸਨ। ਅਚਾਨਕ ਉਸ ਨੇ ਆਪਣੇ ਪਿੱਛੇ ਕੁਝ ਮਰਦ ਖੜੇ ਨਜ਼ਰ ਆਉਣ ਲੱਗੇ ਜੋ ਉਸ ਵੱਲ ਕਦਮ ਵਧਾ ਰਹੇ ਸਨ। ਫਿਰ ਤੋਂ ਉਸਨੇ ਪਿੱਛੇ ਮੁੜ ਦੇਖਿਆ ਤਾਂ ਕੁਝ ਨਹੀਂ ਸੀ। ਸ਼ੀਸ਼ੇ ਵਿੱਚਲੀਆਂ ਚੀਜ਼ਾਂ ਅਕਸਰ ਬਾਹਰੀ ਦੁਨੀਆਂ ਨਾਲ ਮਿਲਦੀਆਂ ਜੁਲਦੀਆਂ ਹੁੰਦੀਆਂ ਹਨ। ਪਰ ਉਸ ਨੂੰ ਪਤਾ ਨਹੀਂ ਸੀ ਕਿ ਕੀ ਚੱਲ ਰਿਹਾ ਇਹ ਅਸਲ ਹੈ ਹਾਂ ਫਿਰ ਝੂਠ। ਉਸਨੇ ਮੂੰਹ ਉੱਤੇ ਪਾਣੀ ਮਾਰਿਆ ਤੇ ਫਿਰ ਤੋਂ ਸ਼ੀਸ਼ਾ ਦੇਖਣ ਲੱਗੀ। ਅਚਾਨਕ ਕਾਲੀਆਂ ਪੁਤਲੀਆਂ ਚਿੱਟੀਆਂ ਹੋਣ ਲੱਗ ਪਈਆਂ। ਸਿਰਫ ਚਿੱਟੇ

ਰੰਗ ਦੇ ਡੇਲੇ ਦਿਖਣ ਲੱਗੇ। ਫਿਰ ਕੋਮਲ ਹੱਥ ਵੀ ਕੁਚਲੇ ਹੋਏ ਹੱਥਾਂ ਵਿੱਚ ਪਰਿਵਰਤਿਤ ਹੋਣ ਲੱਗੇ। ਬੁੱਲਾਂ 'ਤੇ ਇੱਕ ਕੱਟਣ ਦਾ ਜਖਮ ਸੀ। ਜਿਸ 'ਚੋਂ ਵਗਦਾ ਖ਼ੂਨ ਗਰਦਨ ਵੱਲ ਵਧ ਰਿਹਾ ਸੀ। ਉਸ ਦੇ ਪਹਨੇ ਹੋਏ ਲੀੜੇ ਉਸ ਦੇ ਤਨ ਤੇ ਨਹੀਂ ਸੀ। ਉਹ ਇੱਕ ਦਮ ਖੁੱਦ ਨੂੰ ਨਗਨ ਅਵਸਥਾ ਵਿੱਚ ਦੇਖਣ ਲੱਗੀ। ਕੁਝ ਬੇ-ਰਹਿਮ ਦੰਦੀਆਂ ਨਾਲ, ਛਾਤੀ ਤੋਂ ਟੁੱਕਿਆ ਹੋਇਆ ਮਾਸ ਦਾ ਟੁੱਕੜਾ ਲਟਕ ਰਿਹਾ ਸੀ। ਸਰੀਰ ਲਹੂ-ਲੁਹਾਨ ਜਾਪਣ ਲੱਗਾ। ਆਪਣੀ ਇਹ ਅਵਸਥਾ ਦੇਖ ਅਚਾਨਕ ਉਸ ਨੂੰ ਉੱਲਟੀ ਆ ਗਈ। ਜਿਉਂ ਹੀ ਉਹ ਉੱਲਟੀ ਕਰਨ ਲਈ ਝੁਕੀ ਤਾਂ, ਉਸਦਾ ਧਿਆਨ ਸ਼ੀਸ਼ੀ ਵਿੱਚ ਬਣੇ ਪ੍ਰਤੀਬੰਬ ਤੋਂ ਉੱਖੜ ਗਿਆ। ਉੱਲਟੀ ਕਰ ਮੁੜ ਓਸੇ ਸਥਿਤੀ ਵਿੱਚ ਆਈ ਤਾਂ ਖ਼ੂਨੀ ਹੱਥ ਉਸਦੀ ਗਰਦਨ ਵੱਲ ਵਧਨ ਲੱਗੇ। ਜੋ ਉਸਨੂੰ ਖਿੱਚ ਕੇ ਸ਼ੀਸ਼ੇ ਵਿੱਚ ਲੈ ਗਏ। ਉਹ ਬੇਹੋਸ਼ ਹੋ ਗਈ।

ਬੜੀ ਹੀ ਅਚਨਚੇਤ ਤੇ ਡਰੀ ਹੋਈ ਮੰਜੇ ਤੋਂ ਉੱਠੀ। ਬੜੀ ਹੀ ਘਬਰਾਹਟ ਤੇ ਜ਼ੋਰ-ਜ਼ੋਰ ਨਾਲ ਸਾਹ ਲੈਣ ਲੱਗੀ। ਉਸਨੇ ਦੋਨਾਂ ਹੱਥਾਂ ਨਾਲ ਮੰਜੇ ਦੀਆਂ ਬਾਹੀਆਂ ਨੂੰ ਫੜਿਆ ਹੋਇਆ ਸੀ। ਵਾਲ ਖਿੱਲਰੇ ਪਏ ਸਨ। ਉਸਨੇ ਕੋਲ ਪਏ ਡੋਲੂ ਨੂੰ ਮੂੰਹ ਨਾਲ ਲਾਇਆ ਤੇ ਪਾਣੀ ਪੀਤਾ। ਉਸ ਨੇ ਮੁੜ ਤੋਂ ਆਸ-ਪਾਸ ਦੇਖਿਆ

ਕਿਤੇ ਇਹ ਸੁਪਨਾ ਤਾਂ ਨਹੀਂ। ਪਰ ਕੋਲ ਪਏ ਆਪਣੇ ਬੱਚੇ ਨੂੰ ਦੇਖ ਉਸਨੂੰ ਪਤਾ ਲੱਗਾ ਕਿ ਹੁਣ ਉਹ ਜਾਗ ਚੁੱਕੀ ਹੈ। ਉਹ ਉੱਠੀ ਤੇ ਖੁਰੇ ਅੰਦਰ ਵੜ ਗਈ। ਜਿਸ ਵਿੱਚ ਟੁੱਟਿਆ ਹੋਇਆ ਸ਼ੀਸ਼ਾ ਲੱਗਾ ਸੀ। ਜੋ ਕਿ ਚੌਲਾਂ ਨੂੰ ਰਗੜ ਕੇ ਬਣਾਈ ਪਿੱਛ ਨਾਲ ਜੋੜਿਆ ਗਿਆ ਸੀ ਸ਼ਾਇਦ। ਉਸਨੇ ਮੂੰਹ ਧੋਂਦੇ ਸ਼ੀਸ਼ੇ ਵੱਲ ਵੇਖਿਆ। ਪਾਣੀ ਨਾਲ ਮੂੰਹ ਦੇ ਨਾਲ-ਨਾਲ ਗਰਦਨ ਤੇ ਕੁਝ ਅਗਲੇ ਪਾਸੇ ਤੋਂ ਕਮੀਜ਼ ਵੀ ਭਿੱਜ ਚੁੱਕਾ ਸੀ। ਉਸਦਾ ਧਿਆਨ ਗਰਦਨ ਵੱਲ ਪਿਆ। ਗਰਦਨ ਤੇ ਖੁਰਚਣ ਦੇ ਨਿਸ਼ਾਨ ਬਣੇ ਹੋਏ ਸਨ। ਇਹ ਸੁਪਨਾ ਤਾਂ ਨਹੀਂ ਸੀ ਲੱਗਦਾ। ਉਸਨੇ ਅਣਦੇਖਿਆ ਕਰ ਮੂੰਹ-ਹੱਥ ਧੋਤਾ ਤੇ ਖੁਰੇ 'ਚੋਂ ਬਾਹਰ ਆ ਆਟਾ ਗੁੰਨਣ ਲੱਗੀ। ਜਿੰਨਾ ਵੀ ਆਟਾ ਸੀ ਡਰੰਮੀ ਝਾੜ ਕੱਢ ਲਿਆ। ਆਟਾ ਕੋਈ ਬਹੁਤਾ ਨਹੀਂ ਸੀ। ਇੰਝ ਲੱਗਦਾ ਸੀ ਜਿਵੇਂ ਦੋ ਤਿੰਨ ਬੰਦੇ ਹੀ ਇੱਕ ਵੇਲੇ ਢਿੱਡ ਭਰ ਸਕਣਗੇ।

ਉਸਨੇ ਆਟੇ ਵਿੱਚ ਪਾਣੀ ਪਾਇਆ ਤੇ ਗੁੰਨਣਾ ਸ਼ੁਰੂ ਕਰ ਦਿੱਤਾ। ਗਰਮੀ ਦਾ ਮੌਸਮ ਸੀ। ਆਟਾ ਗੁੰਨਦੇ ਹੀ ਮੁੜਕਾ 'ਚੋ ਰਿਹਾ ਸੀ। ਅਜੇ ਆਟਾ ਗੁੰਨਿਆ ਨਹੀਂ ਸੀ ਕਿ ਉਸਦਾ ਬੱਚਾ ਉੱਠ ਪਿਆ ਤੇ ਉੱਠਦਾ ਹੀ ਬੋਲਿਆ...

ਮੰਮੀ.... ਮੰਮੀ....

ਔਰਤ ਦਾ ਧਿਆਨ ਆਪਣੇ ਬੱਚੇ ਵੱਲ ਗਿਆ ਤੇ ਉਸਨੇ ਤ੍ਰਿਸ਼ਨਾਵਾਂ ਭਰੇ ਚਹਿਰੇ ਤੇ ਮੁਸਕਾਨ ਲਿਆ ਬੱਚੇ ਨੂੰ ਆਖਿਆ..

ਆਜੋ ਮੇਰਾ ਪੁੱਤ.. ਆਜੋ ਆਜੋ..

ਬੱਚਾ ਮੰਜੇ ਤੋਂ ਉੱਠਿਆ ਤੇ ਆਪਣੀ ਮਾਂ ਵੱਲ ਵਧਿਆ। ਮਾਂ ਨੇ ਆਟੇ ਨਾਲ ਲਿਬੜੇ ਹੱਥਾਂ ਨੂੰ ਪਰਾਤ ਵਿੱਚ ਝਾੜਿਆ ਤੇ ਪਾਣੀ ਦਾ ਗਿਲਾਸ ਭਰ ਬੱਚੇ ਨੂੰ ਦਿੱਤਾ। ਬੱਚੇ ਨੇ ਗਿਲਾਸ ਫੜਿਆ ਤੇ ਅੱਧ-ਪਚੱਦਾ ਪਾਣੀ ਪੀ ਫਿਰ ਤੋਂ ਮਾਂ ਨੂੰ ਫੜਾ ਦਿੱਤਾ। ਮਾਂ ਨੇ ਗਿਲਾਸ ਫੜਿਆ ਤੇ ਇੱਕ ਪਾਸੇ ਰੱਖ ਫਿਰ ਤੋਂ ਆਟਾ ਗੁੰਨਣ ਲੱਗ ਪਈ। ਬੱਚਾ ਖੇਡਣ ਲੱਗਾ।

ਉਸਨੇ ਰੋਟੀਆਂ ਪਕਾਈਆਂ। ਬਸ ਬਾਰਾਂ-ਤੇਰਾਂ ਰੋਟੀਆਂ ਪੱਕੀਆਂ ਹੋਣਗੀਆਂ। ਉਸਨੇ ਰਾਤ ਦੀ ਪਈ ਸਬਜੀ ਨਾਲ ਤਿੰਨ ਕੁ ਰੋਟੀਆਂ ਖਾਧੀਆਂ ਤੇ ਆਪਣੇ ਬੱਚੇ ਨੂੰ ਇੱਕ-ਡੇਢ ਰੋਟੀ ਖਵਾਈ। ਬੱਚਾ ਫਿਰ ਤੋਂ ਖੇਡਣ ਵਿੱਚ ਰੁੱਝ ਗਿਆ। ਬਾਕੀ ਬਚੀਆਂ ਰੋਟੀਆਂ ਉਸਨੇ ਇੱਕ ਪੋਣੇ ਵਿੱਚ ਲਵੇਟ ਡੱਬੇ ਵਿੱਚ ਬੰਦ ਕਰ ਲਈਆਂ। ਫਿਰ ਕੁਝ ਲੋੜੀਦਾਂ ਸਮਾਨ ਤੇ ਲੀੜੇ-ਲੱਤੇ ਇਕੱਠੇ ਕਰ ਇੱਕ ਝੋਲੇ ਵਿੱਚ ਪਾ ਲਏ। ਰੋਟੀਆਂ ਵਾਲੇ ਡੱਬੇ ਸਮੇਤ ਅਚਾਰ ਵੀ ਰੱਖ ਲਿਆ। ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਲੰਮੇ ਸਫ਼ਰ ਦੀ

ਤਿਆਰੀ ਹੋ ਰਹੀ ਹੋਵੇ। ਬੱਚੇ ਨੂੰ ਫੜਿਆ ਤੇ ਜਬਰਦਸਤੀ ਨਵਾ ਕੇ ਸਾਫ ਸੁੱਥਰੇ ਲੀੜੇ ਪਾ ਦਿੱਤੇ। ਬੱਚਾ ਫਿਰ ਤੋਂ ਖੇਡਣ ਲੱਗ ਪਿਆ। ਫਿਰ ਆਪ ਨਹਾ ਧੋ ਲੀੜੇ ਬਦਲੇ ਤੇ ਵਾਲ ਸਵਾਰਨ ਲੱਗੀ। ਅਚਾਨਕ ਫੋਨ ਦੀ ਘੰਟੀ ਵੱਜੀ।

ਔਰਤ ਨੇ ਫੋਨ ਚੁੱਕਿਆ ਤੇ ਅੱਗਿਓ ਦੂਸਰੀ ਔਰਤ ਬੋਲੀ..

ਹਾਂ ਮਨਦੀਪ ਹੋ ਗਈ ਤਿਆਰੀ?

ਜੋ ਔਰਤ ਕਿਸੇ ਸਫ਼ਰ ਦੀ ਤਿਆਰੀ ਕਰ ਰਹੀ ਸੀ। ਉਸਦਾ ਨਾਮ ਮਨਦੀਪ ਸੀ। ਦੂਸਰੀ ਔਰਤ ਨੇ ਤਾਂ ਉਸ ਨੂੰ ਇਹੀ ਆਖ ਸੰਬੋਧਨ ਕੀਤਾ ਸੀ। ਮਨਦੀਪ ਬੋਲੀ..

ਹਾਂ ਬਸ ਵਾਲ ਵਾਹ ਰਹੀ ਹਾਂ।

ਫੋਨ ਵਾਲੀ ਔਰਤ ਬੋਲੀ..

ਰੋਟੀ ਪਾਣੀ ਨਾਲ ਬੰਨ੍ਹ ਲੈਣਾ ਸੀ, ਜਿਨਾ ਵੀ ਹੋ ਸਕੇ।

ਮਨਦੀਪ ਬੋਲੀ..

ਹਾਂ ਬੰਨ੍ਹ ਲਿਆ ਵਾ। ਦੋ ਕੁ ਵੇਲੇ ਦਾ ਹੈ। ਬਾਕੀ ਰਸਤੇ 'ਚੋਂ ਦੇਖਾਂਗੀ। ਅਗਰ ਕੁਝ ਖਾਣ ਨੂੰ ਮਿਲਿਆ ਤਾਂ ਲੈ ਲਵਾਂਗੀ।

ਫੋਨ ਵਾਲੀ ਔਰਤ ਬੋਲੀ..

ਹਾਂ, ਦੇਖ ਲੀ। ਉਂਝ ਤਾਂ ਲਗਭਗ ਸਭ ਕੁਝ ਬੰਦ ਆ। ਫਿਰ ਵੀ ਅਗਰ ਕਿਤੋਂ ਕੁਝ ਖਾਣ-ਪੀਣ ਨੂੰ ਮਿਲਿਆ ਤਾਂ ਨਾਂਹ ਨਾ ਕਰੀ।

ਮਨਦੀਪ ਬੋਲੀ..

ਹਾਂ, ਠੀਕ ਆ।

ਫੋਨ ਵਾਲੀ ਔਰਤ ਬੋਲੀ..

ਪੈਸੇ ਕਿੰਨੁ ਕੁ ਨੇ ਕੋਲ ਤੇਰੇ?

ਮਨਦੀਪ ਬੋਲੀ..

ਹੈਗੇ ਦੋ ਢਾਈ ਹਜਾਰ।

ਫੋਨ ਵਾਲੀ ਔਰਤ ਬੋਲੀ..

ਠੀਕ ਆ ਚੱਲ। ਕੋਈ ਨੀ। ਜੇ ਕਿਤੇ ਏਧਰ ਨੂੰ ਆਉਂਦਾ ਕੁਝ ਮਿਲੇ ਤਾਂ ਜਿੰਨਾਂ ਵੀ ਪੈਂਡਾ ਨਿਕਲੇ ਕੱਢ ਲਵੀਂ। ਐਵੇਂ ਡਰਦੀ ਨਾ ਰਹੀਂ।

ਮਨਦੀਪ ਬੋਲੀ..

ਹਾਂ ਠੀਕ ਆ ਬਾਬਾ।

ਫੋਨ ਵਾਲੀ ਔਰਤ..

ਚੱਲ ਆਜਾ ਫਿਰ ਛੇਤੀ, ਮੈਂ ਉਡੀਕ ਕਰ ਰਹੀ ਹਾਂ। ਵਾਹਿਗੁਰੂ ਤੈਨੂੰ ਸਹੀ ਸਲਾਮਤ ਤੇ ਜਲਦੀ ਤੋਂ ਜਲਦੀ ਮੇਰੇ ਕੋਲ ਪਹੁੰਚਾ ਦੇਵੇ।

ਮਨਦੀਪ ਬੋਲੀ..

ਚੱਲ ਮੈਂ ਰੱਖਦੀ ਆ। ਫਿਰ ਫੋਨ ਕਰਾਂਗੀ।

ਏਨਾ ਆਖ ਮਨਦੀਪ ਨੇ ਫੋਨ ਬੰਦ ਕਰ ਦਿੱਤਾ ਤੇ ਮੁੜ ਤੋਂ ਵਾਲ ਸੁਆਰਨ ਲੱਗੀ। ਸਿਰ ਵਾਹ ਆਪਣੇ ਬੱਚੇ ਨੂੰ ਪੈਰੀਂ ਜੁੱਤੀ ਪੁਆਈ ਤੇ ਆਪ ਵੀ ਪੂਰੀ ਤਰ੍ਹਾਂ ਸਫ਼ਰ ਲਈ ਤਿਆਰ ਹੋ ਗਈ ਹੋਰ ਲੋੜਵੰਦ ਸਮਾਨ ਝੋਲੇ ਵਿੱਚ ਪਾ ਲਿਆ। ਫਿਰ ਝੋਲੇ ਤੇ ਬੱਚੇ ਨੂੰ ਚੁੱਕ ਕਮਰੇ 'ਚੋਂ ਬਾਹਰ ਆ ਕਮਰੇ ਦੀਆਂ ਚਾਬੀਆਂ ਮਕਾਨ ਮਾਲਕ ਨੂੰ ਫੜਾ ਦਿੱਤੀਆਂ। ਹੱਥ ਜੋੜ ਸਤਿ ਸ੍ਰੀ ਅਕਾਲ ਬੁਲਾਈ ਤੇ ਆਪ ਲੰਮੇ ਸਫ਼ਰ ਲਈ ਚੱਲ ਪਈ। ਸਵੇਰ ਦਾ ਵੇਲਾ ਸੀ। ਸਮਾਂ ਅੱਠ-ਸਾਢੇ ਅੱਠ ਦਾ ਹੋਵੇਗਾ।

ਬਾਹਰ ਆਈ ਤਾਂ ਦੇਖਿਆ ਕਿਤੇ ਚਿੜੀ ਫੁੜਕਦੀ ਨਜ਼ਰ ਨਹੀਂ ਸੀ ਆ ਰਹੀ। ਇਹ ਕੀ ਭਾਣਾ ਵਰਤ ਰਿਹਾ ਸੀ। ਜਿਸ ਸ਼ਹਿਰ ਦੀਆਂ ਸੜਕਾਂ ਵਿੱਚ ਕਦੇ ਰਾਤ ਦਿਨ ਦੀ ਵਿੱਥ ਨਹੀਂ ਸੀ ਕੀਤੀ ਜਾ ਸਕਦੀ, ਅੱਜ ਉਹ ਸਭ ਸੜਕਾਂ ਸੁੰਨ-ਸਾਨ ਪਈਆਂ ਹੋਈਆਂ ਸਨ। ਕੀ ਸੀ ਅਸਲ ਵਿੱਚ ਇਹ ਭਾਣਾ। ਦਰਅਸਲ ਪੂਰੀ ਦੁਨੀਆਂ ਵਿੱਚ ਇੱਕ ਨਵੀਂ ਕਰੋਨਾ ਨਾਂ ਦੀ ਮਹਾਂਮਾਰੀ ਫੈਲੀ ਹੋਈ ਹੈ। ਜਿਸ ਦਾ ਹੁਣ ਤੱਕ ਪੂਰਨ ਤੌਰ ਤੇ ਇਲਾਜ਼ ਨਹੀਂ ਮਿਲਿਆ। ਮਹਾਂਮਾਰੀ ਦਾ ਪ੍ਰਭਾਵ ਪੂਰੀ ਦੁਨੀਆਂ ਉੱਪਰ ਹੈ। ਤੇ ਪੂਰੀ ਦੁਨੀਆਂ ਇਸ ਕਾਰਨ ਬੰਦ ਪਈ ਹੈ। ਕਿਤੇ ਕੋਈ ਕੰਮ ਕਾਰ ਨਹੀਂ ਸੀ ਚੱਲ ਰਿਹਾ। ਇੰਝ ਮਹਿਸੂਸ ਕੀਤਾ ਜਾ ਸਕਦਾ ਹੈ ਜਿਵੇਂ ਜਿੰਦਗੀ ਰੁਕ ਗਈ ਹੋਵੇ। ਸਰਕਾਰਾਂ ਵੱਲੋਂ ਸਖ਼ਤੀ ਵਰਤ ਦੇਸ਼ ਦੇ ਨਾਗਰਿਕਾਂ ਨੂੰ ਘਰਾਂ ਵਿੱਚ ਰਹਿਣ ਲਈ ਕਿਹਾ ਜਾ ਰਿਹਾ ਹੈ। ਪਰ ਗਰੀਬ ਜਿੰਨਾਂ ਕੋਲ ਸਿਰਫ ਇੱਕ ਦਿਨ ਲਈ ਹੀ ਭੁੱਖ ਮਿਟਾਉਣ ਲਈ ਰੋਟੀ ਨਹੀਂ ਹੁੰਦੀ, ਉਹ ਇਸ ਦਾ ਸਾਹਮਣਾ ਨਹੀਂ ਸੀ ਕਰ ਸਕਦੇ। ਖਾਸ ਕਰਕੇ ਪਰਵਾਸੀ ਲੋਕ। ਜੋ ਆਪਣੇ ਪਿੰਡ, ਸ਼ਹਿਰ, ਸੂਬੇ ਨੂੰ ਛੱਡ ਦਿੱਲੀ ਵਰਗੇ ਸ਼ਹਿਰਾਂ ਵਿੱਚ ਕਮਾਈ ਕਰਨ ਲਈ ਆਏ ਹੋਏ ਨੇ। ਦੁਨੀਆਂ ਬੰਦ ਨੂੰ ਲਗਭਗ ਡੇਢ ਮਹੀਨਾ ਹੋ ਗਿਆ ਸੀ ਤੇ ਸਰਕਾਰ ਗਰੀਬ ਜਨਤਾ ਦੀ ਮਦਦ ਕਰਨ ਦੀਆਂ ਗੱਲਾਂ ਕਰ ਤੇ

ਭਾਸ਼ਣ ਦੇ ਰਹੀ ਸੀ। ਗਰੀਬ ਮਜ਼ਦੂਰ ਜਾਂ ਪਰਵਾਸੀ ਜਿੰਨਾਂ ਦਾ ਸ਼ਹਿਰਾਂ ਵਿੱਚ ਕਮਾਈ ਦਾ ਕੋਈ ਸਾਧਨ ਨਹੀਂ ਸੀ ਰਿਹਾ। ਜੋ ਇੱਕ ਸਮੇਂ ਦੀ ਰੋਟੀ ਲਈ ਵੀ ਤਰਸ ਰਹੇ ਸਨ। ਉਹ ਪੈਦਲ ਹੀ ਆਪੋ-ਆਪਣੇ ਪ੍ਰਦੇਸਾਂ ਨੂੰ ਵਾਪਸ ਪਰਤਣ ਲੱਗੇ। ਕਿਉਂਕਿ ਸਰਕਾਰਾਂ ਵੱਲੋਂ ਪੂਰਨ ਤੌਰ ਤੇ ਆਵਾਜਾਈ ਤੇ ਸਾਧਨਾਂ ਤੇ ਰੋਕ ਲਾ ਦਿੱਤੀ ਗਈ ਸੀ। ਪਰਵਾਸੀਆਂ ਨੇ ਭੁੱਖੇ ਮਰਨ ਦੀ ਥਾਂ ਪੈਦਲ ਆਪਣੇ ਘਰਾਂ ਨੂੰ ਵਾਪਿਸ ਜਾਣ ਦਾ ਰਾਹ ਚੁਣਿਆ। ਜਿੰਨਾਂ ਵਿੱਚੋਂ ਇੱਕ ਮਨਦੀਪ ਸੀ। ਮਨਦੀਪ ਨੇ ਦਿੱਲੀ ਤੋਂ ਕਪੂਰਥਲੇ ਜਾਣਾ ਸੀ। ਏਨਾ ਲੰਮਾਂ ਸਫ਼ਰ, ਉਹ ਵੀ ਪੈਦਲ ਸੁਣ ਕੇ ਹੈਰਾਨੀ ਵਾਲੀ ਗੱਲ ਹੈ। ਉਂਝ ਕਈ ਇਸਤੋਂ ਵੀ ਦੂਰ-ਦੂਰ ਵਾਲੇ ਸਨ। ਪਰ ਬਿਨਾਂ ਸਫ਼ਰ ਤੇ ਪੈਂਡੇ ਦੀ ਪਰਵਾਹ ਕੀਤੇ ਸਭ ਆਪਣੀ ਮੰਜ਼ਿਲ ਵੱਲ ਰੁਖ ਕਰ ਰਹੇ ਸਨ।

ਮਨਦੀਪ ਚੱਲ ਪਈ। ਝੋਲੀ ਜਿਹੀ ਬਣਾ ਬੱਚੇ ਨੂੰ ਲੱਕ ਨਾਲ ਬੰਨ ਲਿਆ। ਗਲ ਇੱਕ ਸੂਟ ਸੀ ਤੇ ਚੁੰਨੀ ਨਾਲ ਬੱਚੇ ਉੱਪਰੋਂ ਖੁੱਦ ਨੂੰ ਲਵੇਟਿਆ ਹੋਇਆ ਸੀ। ਇੱਕ ਹੱਥ ਪਾਣੀ ਦੀ ਬੋਤਲ ਸੀ। ਦੂਜਾ ਹੱਥ ਸਮਾਨ ਨੂੰ ਪਾਇਆ ਹੋਇਆ ਸੀ। ਰਸਤੇ ਵਿੱਚ ਥਾਂ-ਥਾਂ ਪੁਲਿਸ ਨੇ ਨਾਕਾ ਬੰਦੀ ਕੀਤੀ ਹੋਈ ਸੀ। ਮਨਦੀਪ ਬਚਦੀ-ਬਚਾਉਂਦੀ ਵਿੱਚੋਂ ਦੀ ਨਿਕਲਦੀ ਹੋਈ ਅੱਗੇ ਵਧੀ। ਕਰੀਬ ਡੇਢ ਦੋ

ਘੰਟੇ ਤੁਰਨ ਪਿੱਛੋਂ ਇੱਕ ਗੱਡੀ ਆਉਂਦੀ ਨਜ਼ਰ ਆਈ। ਮਨਦੀਪ ਨੇ ਉਂਝ ਕਿਸੇ ਨੂੰ ਏਦਾਂ ਰੋਕਣ ਵਿੱਚ ਡਰਦੀ ਸੀ। ਪਰ ਸਫ਼ਰ ਨੂੰ ਛੇਤੀ ਤੇ ਸੁਖਾਲਾ ਕਰਨ ਲਈ ਉਸਨੇ ਗੱਡੀ ਨੂੰ ਹੱਥ ਦਿੱਤਾ। ਗੱਡੀ ਕੋਲੋਂ ਛੂ ਕਰਦੀ ਨਿਕਲ ਗਈ। ਉਸਨੇ ਗੱਡੀ ਰੋਕੀ ਨਾ। ਉਹ ਫਿਰ ਤੋਂ ਤੁਰਨ ਲੱਗੀ। ਦੋ ਘੰਟੇ ਲਗਾਤਾਰ ਤੁਰਨ ਪਿੱਛੋਂ ਉਹ ਥੱਕ ਗਈ ਸੀ ਤੇ ਉੱਪਰੋਂ ਗਰਮੀ ਵੀ ਲਗਾਤਾਰ ਵਧ ਰਹੀ ਸੀ। ਇੰਝ ਲੱਗਦਾ ਸੀ ਜਿਵੇਂ ਅੱਜ ਸੂਰਜ ਬਸ ਮਨਦੀਪ ਨੂੰ ਸੇਕ ਦੇਣ ਲਈ ਨਿਕਲਿਆ ਹੋਵੇ। ਉਹ ਫਿਰ ਵੀ ਤੁਰਦੀ ਗਈ। ਫਿਰ ਤੋਂ ਇੱਕ ਗੱਡੀ ਨਜ਼ਰ ਆਈ। ਉਸਨੇ ਇਸ ਵਾਰ ਹੱਥ ਨਾ ਦਿੱਤਾ। ਗੱਡੀ ਕੋਲੋਂ ਦੀ ਲੰਘ ਗਈ। ਕਰੀਬ ਦਸ ਪੰਦਰਾਂ ਮਿੰਟ ਬਾਅਦ ਇੱਕ ਹੋਰ ਗੱਡੀ ਆਉਂਦੀ ਨਜ਼ਰ ਆਈ। ਮਨਦੀਪ ਨੇ ਦ੍ਰਿੜ ਇਰਾਦੇ ਨਾ ਗੱਡੀ ਨੂੰ ਹੱਥ ਦਿੱਤਾ ਤੇ ਗੱਡੀ ਉਸਦੇ ਕੋਲ ਆ ਰੁੱਕ ਗਈ। ਗੱਡੀ ਰੁੱਕਦੇ ਹੀ ਜਿਵੇਂ ਉਸਨੂੰ ਸੁੱਖ ਦਾ ਸਾਹ ਆਇਆ ਹੋਵੇ। ਇੱਹ ਇੱਕ ਛੋਟਾ ਹਾਥੀ ਸੀ। ਜਿਸ ਦੇ ਪਿੱਛੇ ਕੁਝ ਸਮਾਨ ਲੱਦਿਆ ਹੋਇਆ ਸੀ। ਡਰਾਇਵਰ ਨੇ ਮਨਦੀਪ ਨੂੰ ਪੁੱਛਿਆ..

“ਕਹਾਂ ਜਾਣਾ ਹੈ ਬੀਬੀ ਜੀ?”

ਮਨਦੀਪ ਬੋਲੀ..

“ਪੰਜਾਬ।”

ਡਰਾਇਵਰ ਬੋਲਿਆ..

“ਲੇਕਿਨ ਹਮ ਤੋ ਪਾਨੀਪਤ ਜਾ ਰਹੇ ਹੈਂ। ਵਹਾ ਤੱਕ ਜਾਣਾ ਹੈ ਤੋ ਬੈਠ ਜਾਉ।”

ਮਨਦੀਪ ਨੇ ਬਿਨਾਂ ਕੁਝ ਸੋਚੇ ਹਾਂ ਕਰ ਦਿੱਤੀ। ਤੁਰ-ਤੁਰ ਉਸਦੀ ਬਵਾਈ ਹੋ ਚੁੱਕੀ ਸੀ। ਉਹ ਚਾਹੁੰਦੀ ਸੀ ਸਫ਼ਰ ਛੇਤੀ ਤੋਂ ਛੇਤੀ ਮੁੱਕੇ। ਗੱਡੀ ਵਿੱਚ ਬੈਠਾ ਦੂਸਰਾ ਆਦਮੀ ਉੱਤਰਿਆ ਤੇ ਮਨਦੀਪ ਦਾ ਝੋਲਾ ਗੱਡੀ ਦੇ ਪਿੱਛਲੇ ਪਾਸੇ ਰੱਖ ਫਿਰ ਤੋਂ ਬੈਠ ਗਿਆ। ਮਨਦੀਪ ਨੇ ਆਪਣੇ ਬੱਚੇ ਨੂੰ ਪਿੱਛੋਂ ਖੋਲਿਆ ਤੇ ਗੋਦ ਵਿੱਚ ਲੈ ਬੈਠ ਗਈ। ਗੱਡੀ ਚੱਲ ਪਈ। ਗੱਡੀ ਵਾਲਿਆਂ ਨੇ ਮਨਦੀਪ ਨੂੰ ਖਾਣ ਪੀਣ ਬਾਰੇ ਪੁੱਛਿਆ। ਜੋ ਉਹਨਾਂ ਕੋਲ ਸੀ ਉਹਨਾਂ ਮਨਦੀਪ ਨੂੰ ਖਾਣ ਨੂੰ ਦਿੱਤਾ। ਗੱਲਾਂ-ਬਾਤਾਂ ਕਰਦੇ ਕਰੀਬ ਇੱਕ ਵਜੇ ਤੱਕ ਪਾਨੀਪਤ ਜਾ ਅੱਪੜੇ। ਉਹਨਾਂ ਮਨਦੀਪ ਨੂੰ ਮੋੜ ਉੱਤੇ ਲਾਹਿਆ ਤੇ ਆਪ ਸ਼ਹਿਰ ਦੇ ਅੰਦਰ ਵੜ ਗਏ। ਮਨਦੀਪ ਉੱਥੇ ਬੈਠੀ ਤੇ ਆਪਣੇ ਬੱਚੇ ਨੂੰ ਦੁੱਧ ਚੁੰਘਾ ਫਿਰ ਤੋਂ ਲੱਕ ਨਾਲ ਬੰਨ ਲਿਆ। ਤੁਰਨਾ ਫਿਰ ਤੋਂ ਜਾਰੀ ਹੋ ਗਿਆ। ਇੱਕ ਸਿਰ ਤੇ ਸਮਾਨ ਦਾ ਭਾਰ

ਤੇ ਦੂਸਰਾ ਲੱਕ ਨਾਲ ਡੇਢ-ਦੋ ਸਾਲ ਦਾ ਬੱਚਾ। ਸਫਰ ਵਿੱਚ ਇੱਕਲਿਆਂ ਹੀ ਤੁਰਨਾ ਔਖਾ ਹੋ ਜਾਂਦਾ ਹੈ ਤੇ ਇੱਕ ਬੱਚੇ ਤੇ ਸਮਾਨ ਨੂੰ ਚੁੱਕ ਤੁਰਨਾ ਕਿੰਨਾ ਕਠਿਨ ਹੈ ਸਭ ਸਮਝਦੇ ਨੇ। ਗਰਮੀ ਕਹਿਰ ਢਾ ਰਹੀ ਸੀ। ਪਰ ਉਹ ਤੁਰਦੀ ਗਈ। ਰਸਤੇ ਸਾਹ ਲੈਣ ਲਈ ਵੀ ਰੁੱਕਦੀ। ਨਾਲ ਬੰਨੀਆਂ ਚਾਰ ਕੁ ਰੋਟੀਆਂ ਅਚਾਰ ਨਾਲ ਖਾਧੀਆਂ ਤੇ ਆਪਣੀ ਮੰਜ਼ਿਲ ਵੱਲ ਵੱਧਦੀ ਗਈ। ਉਹ ਮੁੜ-ਮੁੜ ਪਿੱਛੇ ਦੇਖਦੀ ਪਰ ਪਿੱਛੋਂ ਕੋਈ ਸਾਧਨ ਆਉਂਦਾ ਨਜ਼ਰ ਨਾ ਆਇਆ ਜੋ ਮਨਦੀਪ ਨੂੰ ਕੁਝ ਦੇਰ ਲਈ ਸਾਹ ਦਵਾ ਸਕੇ। ਬਸ ਉਹ ਤੁਰਦੀ ਗਈ। ਤੁਰ-ਤੁਰ ਹਾਲਤ ਖਰਾਬ ਹੋ ਗਈ। ਪੈਰ ਦੁਖਣ ਲੱਗ ਪਏ। ਸਰੀਰ ਟੁੱਟ ਗਿਆ ਪਰ ਉਸਦਾ ਹੌਂਸਲਾ ਨਾ ਟੁੱਟਾ। ਤੇ ਉਹ ਤੁਰਦੀ ਗਈ।

ਉਹ ਕਰਨਾਲ ਦੇ ਨੇੜੇ-ਤੇੜੇ ਜਾ ਪਹੁੰਚੀ। ਰਾਤ ਕਰੀਬ ਨੌ-ਸਾਢੇ ਨੌ ਦਾ ਸਮਾਂ ਹੋ ਗਿਆ। ਉਸਨੂੰ ਸੜਕ ਤੋਂ ਦੂਰੋਂ ਹੀ ਬੱਤੀਆਂ ਜਗਦੀਆਂ ਨਜ਼ਰ ਆਈਆਂ। ਰਾਹ ਸੁੰਨ ਸਾਨ ਸੀ। ਬੱਤੀਆਂ ਜਗਦੀਆਂ ਦੇਖ ਉਹ ਹੋਰ ਤੇਜ਼ ਹੋ ਗਈ ਤਾਂ ਜੋ ਉੱਥੇ ਪਹੁੰਚ ਆਰਾਮ ਕਰ ਸਕੇ। ਉਹ ਪਹੁੰਚ ਗਈ। ਇਹ ਇੱਕ ਢਾਬਾ ਸੀ। ਆਸ-ਪਾਸ ਦੋ-ਚਾਰ ਟਰੱਕ ਖੜੇ ਸਨ। ਢਾਬੇ ਦੇ ਕੋਲ ਪਹੁੰਚੀ ਤਾਂ ਇੱਕ ਸਰਦਾਰ ਜੀ ਨੂੰ ਦੇਖ ਖੁਸ਼ ਹੋ ਗਈ। ਸਰਦਾਰਾਂ ਦਾ ਢਾਬਾ

ਸੀ। ਉਸ ਨੂੰ ਇੰਝ ਲੱਗਾ ਜਿਵੇਂ ਘਰ ਪਹੁੰਚ ਗਈ ਹੋਵੇ। ਮਨਦੀਪ ਨੂੰ ਦੂਰੋਂ ਹੀ ਢਾਬੇ ਵੱਲ ਆਉਂਦੀ ਦੇਖ ਇੱਕ ਸਰਦਾਰ ਜੀ ਭੱਜ ਕੇ ਮਨਦੀਪ ਵੱਲ ਗਿਆ ਤੇ ਉਸਦੇ ਸਿਰ ਤੋਂ ਸਮਾਨ ਵਾਲਾ ਝੋਲਾ ਲਾਉਂਦਾ ਹੋਇਆ ਬੋਲਿਆ..

"ਲਿਆ ਭੈਣ ਮੈਨੂੰ ਫੜਾ ਦੇ।"

ਮਨਦੀਪ ਪੂਰੀ ਤਰ੍ਹਾਂ ਟੁੱਟੀ ਪਈ ਸੀ। ਸਰਦਾਰ ਜੀ ਨੇ ਜ਼ੋਰ ਨਾਲ ਆਵਾਜ਼ ਮਾਰੀ..

"ਓਏ ਬੱਲੀ ਓਏ.. ਪਾਣੀ ਲਿਆ ਓਏ।"

ਇੱਕ ਮੋਨਾ ਬੰਦਾ ਪਾਣੀ ਦਾ ਭਰਿਆ ਗਿਲਾਸ ਲਿਆਇਆ ਤੇ ਸਰਦਾਰ ਜੀ ਨੂੰ ਫੜਾਇਆ। ਸਰਦਾਰ ਜੀ ਫਿਰ ਤੋਂ ਬੋਲੇ..

"ਆਜਾ ਭੇਣੇ.. ਇੱਥੇ ਬੈਠ ਜਾ।"

ਮਨਦੀਪ ਨੇ ਬੱਚੇ ਨੂੰ ਲੱਕ ਨਾਲੋਂ ਖੋਲਿਆ ਤੇ ਮੰਜੇ ਤੇ ਬੈਠ ਗਈ। ਸਰਦਾਰ ਜੀ ਨੇ ਪਾਣੀ ਮਨਦੀਪ ਨੂੰ ਦਿੰਦੇ ਹੋਏ ਬੋਲਿਆ..

"ਲੈ ਭੈਣ ਪਾਣੀ ਪੀ ਲਾ।"

ਮਨਦੀਪ ਨੇ ਪਾਣੀ ਫੜਿਆ ਤੇ ਅੱਧਿਓ ਜਿਆਦਾ ਪੀ ਬਾਕੀ ਆਪਣੇ ਬੱਚੇ ਨੂੰ ਪਿਆਇਆ। ਫਿਰ ਸਰਦਾਰ ਜੀ ਨੇ ਮਨਦੀਪ ਨੂੰ ਕੁਝ ਦੇਰ ਆਰਾਮ ਕਰਨ ਲਈ ਕਿਹਾ। ਮਨਦੀਪ ਕੁਝ ਦੇਰ ਉੱਥੇ ਹੀ ਬੈਠੀ ਰਹੀ ਤੇ ਆਪਣੇ ਬੱਚੇ ਨੂੰ ਦੁੱਧ ਚੁੰਘਾਉਣ ਲੱਗੀ। ਫਿਰ ਕੁਝ ਦੇਰ ਬਾਅਦ ਸਰਦਾਰ ਜੀ ਆਏ ਤੇ ਮਨਦੀਪ ਨੂੰ ਹੱਥ ਮੂੰਹ ਧੋ ਰੋਟੀ ਖਾਣ ਲਈ ਕਿਹਾ। ਬੱਚਾ ਦੁੱਧ ਪੀਦਾਂ ਹੀ ਸੌਂ ਗਿਆ ਸੀ। ਉਸਨੇ ਬੱਚੇ ਨੂੰ ਉੱਥੇ ਹੀ ਲੰਮੇ ਪਾ ਹੱਥ ਮੂੰਹ ਧੋਤਾ ਤੇ ਫਿਰ ਰੋਟੀ-ਪਾਣੀ ਛਕਿਆ। ਉਸਨੇ ਸਰਦਾਰ ਜੀ ਨੂੰ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਪਰ ਸਰਦਾਰ ਜੀ ਨੇ ਪੈਸੇ ਲੈਣ ਤੋਂ ਮਨ੍ਹਾ ਕਰ ਦਿੱਤਾ। ਉਸਨੇ ਸਰਦਾਰ ਜੀ ਨੂੰ ਦੱਸਿਆ ਕਿ ਉਹ ਦਿੱਲੀ ਤੋਂ ਆ ਰਹੀ ਹੈ ਤੇ ਕਪੂਰਥਲੇ ਨੂੰ ਜਾਣਾ ਹੈ। ਸਰਦਾਰ ਜੀ ਦਾ ਮਨਦੀਪ ਪ੍ਰਤੀ ਸਤਿਕਾਰ ਹੋਰ ਵਧ ਗਿਆ ਗਿਆ ਜੱਦ ਉਸਨੇ ਦੱਸਿਆ ਕਿ ਉਸਦਾ ਨਾਂ ਮਨਦੀਪ ਕੌਰ ਹੈ। ਫਿਰ ਸਰਦਾਰ ਜੀ ਨੇ ਬਹੁਤੀਆਂ ਗੱਲਾਂ ਨਾ ਕੀਤੀਆਂ ਤੇ ਉਸਨੂੰ ਆਰਾਮ ਕਰਨ ਲਈ ਇੱਕ ਮੰਜੇ ਤੇ ਬਿਸਤਰ ਲਗਾ ਦਿੱਤਾ।

ਮਨਦੀਪ ਆਪਣੇ ਬੱਚੇ ਨੂੰ ਨਾਲ ਲੈ ਲੰਮੇ ਪੈ ਗਈ। ਪਲਾਂ ਵਿੱਚ ਹੀ ਉਸਨੂੰ ਨੀਂਦ ਆ ਗਈ। ਉਹ ਬੇ-ਫਿਕਰ ਹੋ ਕੇ ਸੁੱਤੀ ਜਿਵੇਂ ਕਿਸੇ ਚੀਜ਼ ਦਾ ਡਰ ਨਾ ਹੋਵੇ। ਸ਼ਾਇਦ ਇਹ ਸਰਦਾਰ ਜੀ

ਤੋਂ ਮਿਲੇ ਸਤਿਕਾਰ ਕਾਰਨ ਸੀ। ਢਾਬੇ ਤੇ ਹੋਰ ਵੀ ਕੁਝ ਟਰੱਕ ਡਰਾਇਵਰ ਸਨ। ਉਹ ਰਾਤ ਗੁਜ਼ਾਰਨ ਲਈ ਰੁਕੇ ਸਨ। ਉਸ ਰਾਤ ਮਨਦੀਪ ਨੂੰ ਕੋਈ ਡਰਾਵਨਾ ਸੁਪਨਾ ਨਾ ਆਇਆ। ਸਰੀਰ ਏਨਾ ਟੁੱਟ ਚੁੱਕਾ ਸੀ ਕਿ ਸੁਪਨੇ ਦੀ ਤਰਫ ਧਿਆਨ ਹੀ ਨਹੀਂ ਸੀ। ਏਨੇ ਟੁੱਟੇ ਸਰੀਰ ਨੂੰ ਭਾਵੇਂ ਭੱਖੜਿਆਂ ਤੇ ਸਵਾਂ ਦਿੱਤਾ ਜਾਵੇ, ਤੱਦ ਵੀ ਆਰਾਮ ਪੂਰਵਕ ਨੀਂਦ ਆਵੇਗੀ। ਫਿਰ ਮਨਦੀਪ ਤਾਂ ਇੱਕ ਬਿਸਤਰ ਤੇ ਪਈ ਸੀ। ਖੈਰ ਅਰਾਮਦਾਇਕ ਨੀਂਦ ਆਉਣਾ ਤਾਂ ਸੁਭਾਵਿਕ ਸੀ। ਰਾਤ ਵਧੀਆ ਲੰਘ ਗਈ।

ਸਵੇਰ ਹੋਈ। ਕਰੀਬ ਪੰਜ-ਸਵਾ ਪੰਜ ਦਾ ਸਮਾਂ ਸੀ। ਸਰਦਾਰ ਜੀ ਨੇ ਮਨਦੀਪ ਨੂੰ ਉਠਾਇਆ ਤੇ ਮੂੰਹ-ਹੱਥ ਧੋ ਚਾਹ ਪਾਣੀ ਪੀਣ ਨੂੰ ਕਿਹਾ। ਮਨਦੀਪ ਉੱਠੀ। ਆਪਣਾ ਤੇ ਆਪਣੇ ਬੱਚੇ ਦਾ ਮੂੰਹ ਧੋ, ਰੋਟੀ-ਪਾਣੀ ਖਾਧਾ। ਸਰਦਾਰ ਜੀ ਨੇ ਦੱਸਿਆ ਕਿ ਇੱਕ ਟਰੱਕ ਅੰਬਾਲੇ ਤੱਕ ਜਾ ਰਿਹਾ ਹੈ। ਅੱਗੇ ਉਸਨੇ ਨੰਗਲ ਡੈਮ ਜਾਣਾ ਹੈ। ਪਰ ਅੰਬਾਲੇ ਤੱਕ ਉਸਨੂੰ ਪਹੁੰਚਾ ਦੇਵੇਗਾ। ਮਨਦੀਪ ਖੁਸ਼ ਹੋ ਗਈ ਕਿ ਚੱਲ ਹੋਰ ਪੈਂਡਾ ਸੌਖਾ ਨਿਕਲ ਜਾਊ। ਉਹ ਟਰੱਕ ਵਾਲੇ ਨਾਲ ਬੈਠ ਗਈ। ਇੱਕ ਟਰੱਕ ਡਰਾਇਵਰ ਨਾਲ ਉਸਦਾ ਕਲੰਡਰ ਤੇ ਮਨਦੀਪ ਤੇ ਉਸਦਾ ਦਾ ਪੁੱਤ। ਦਿੱਲੀ ਦੀ ਕਹਾਣੀਆਂ ਦੱਸਦੀ ਹੋਈ ਤੇ ਡਰਾਇਵਰ ਦੇ ਕਿੱਸੇ ਸੁਣਦੀ ਉਹ ਕਰੀਬ ਅੱਠ

ਵਜੇ ਤੱਕ ਅੰਬਾਲੇ ਜਾ ਪਹੁੰਚੇ। ਉਹਨਾਂ ਮਨਦੀਪ ਨੂੰ ਉੱਥੇ ਲਾਹਿਆ। ਮਨਦੀਪ ਨੇ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਮੁੜ ਤੋਂ ਆਪਣੇ ਪੁੱਤ ਨੂੰ ਲੱਕ ਨਾਲ ਬੰਨ, ਸਿਰ ਤੇ ਸਮਾਨ ਰੱਖ ਤੁਰ ਪਈ। ਤੁਰਦੀ, ਡਿੱਗਦੀ- ਢਹਿੰਦੀ, ਥੋੜਾ ਬਹੁਤਾ ਖਾਂਦੀ-ਪੀਂਦੀ ਉਹ ਰਾਜਪੁਰੇ ਜਾ ਪਹੁੰਚੀ। ਉੱਥੇ ਉਸ ਨੂੰ ਇੱਕ ਮੋਟਰਸਾਇਕਲ ਸਵਾਰ ਮਿਲ ਗਿਆ। ਜੋ ਉਸਨੂੰ ਨਬੀਪੁਰ ਦੇ ਆਸ-ਪਾਸ ਲੈ ਪਹੁੰਚਿਆ। ਸਮਾਂ ਕਰੀਬ ਪੰਜ ਸਵਾ ਪੰਜ ਦਾ ਹੋ ਗਿਆ। ਅਚਾਨਕ ਜ਼ੋਰ ਦਾ ਹਨੇਰ-ਝੱਖੜ ਸ਼ੁਰੂ ਹੋ ਗਿਆ। ਪਰ ਉਹ ਤੁਰਦੀ ਗਈ। ਹਨੇਰ ਹੋਰ ਤੇਜ਼ ਹੁੰਦਾ ਗਿਆ। ਬੱਦਲ ਛਾ ਗਏ। ਜੋ ਦਿਨ ਅੱਠ ਵਜੇ ਤੱਕ ਨਹੀਂ ਸੀ ਖ਼ਤਮ ਹੁੰਦਾ ਉਹ ਛੇ ਵਜੇ ਹੀ ਮੁੱਕਦਾ ਜਾਪ ਰਿਹਾ ਸੀ। ਅਚਾਨਕ ਹੀ ਮੀਂਹ ਆਉਣ ਲੱਗਾ। ਉਹ ਆਪਣੇ-ਆਪ ਤੇ ਬੱਚੇ ਨੂੰ ਬਚਾਉਣ ਲਈ ਆਸਰਾ ਲੱਭਣ ਲੱਗੀ। ਉਸਨੂੰ ਇੱਕ ਜਗ੍ਹਾ ਨਜ਼ਰ ਆਈ। ਜਿੱਥੇ ਬੱਤੀ ਜਗਦੀ ਦਿਖਾਈ ਦਿੱਤੀ। ਮਨਦੀਪ ਕਾਹਲੀ ਨਾਲ ਵਧੀ। ਇਹ ਇੱਕ ਵੱਡੀ ਦੁਕਾਨ ਸੀ ਸ਼ਾਇਦ। ਦੂਰੋਂ ਉਸਨੂੰ ਇਹੀ ਲੱਗਿਆ।

ਕੋਲ ਪਹੁੰਚੀ ਤਾਂ ਇੱਕ ਆਦਮੀ ਕੁਰਸੀ ਡਾਹ ਕੇ ਬੈਠਾ ਹੋਇਆ ਦਿਖਿਆ। ਆਦਮੀ, ਜੋ ਕਿ ਸਿਗਰਟ ਪੀ ਰਿਹਾ ਸੀ।

ਮਨਦੀਪ ਵੱਲ ਧਿਆਨ ਜਾਂਦੇ ਹੀ ਉਸਨੇ ਸਿਗਰਟ ਨੂੰ ਥੱਲੇ ਸੁੱਟਿਆ ਤੇ ਪੈਰ ਨਾ ਕੁਚਲਿਆ। ਮਨਦੀਪ ਉਸ ਕੋਲ ਆ ਪਹੁੰਚੀ। ਆਦਮੀ ਉੱਠ ਖੜਾ ਹੋਇਆ। ਮਨਦੀਪ ਨੇ ਬਿਨਾਂ ਕੁਝ ਬੋਲੇ ਆਪਣੇ ਸਿਰ ਵਾਲਾ ਝੋਲਾ ਹੇਠਾਂ ਲਾਹਿਆ ਤੇ ਬੱਚੇ ਨੂੰ ਲੱਕ ਨਾਲੋਂ ਖੋਲਿਆ। ਉਸਦੇ ਸਾਰੇ ਲੀੜੇ ਭਿੱਜ ਚੁੱਕੇ ਸਨ ਤੇ ਬੱਚਾ ਰੋ ਰਿਹਾ ਸੀ। ਮੀਂਹ ਬਹੁਤ ਤੇਜ਼ ਸੀ। ਜਿਸਨੇ ਪਲਾਂ ਵਿੱਚ ਹੀ ਬੱਸ-ਬੱਸ ਕਰਾ ਦਿੱਤੀ। ਇੱਕਦਮ ਗਰਮੀ ਠੰਡ ਵਿੱਚ ਬਦਲ ਗਈ। ਉਸ ਆਦਮੀ ਨੇ ਕੋਲ ਪਿਆ ਪਰਨਾ ਫੜਾਉਂਦੇ ਹੋਏ ਕਿਹਾ..

"ਆਹ ਲਉ, ਇਸ ਨਾਲ ਪੂੰਛ ਲਉ।"

ਮਨਦੀਪ ਨੇ ਅਜੇ ਵੀ ਮੂੰਹੋਂ ਕੋਈ ਬੋਲ ਨਹੀਂ ਸੀ ਬੋਲਿਆ। ਉਸਨੇ ਪਰਨਾ ਲੈ ਪਹਿਲਾਂ ਆਪਣੇ ਪੁੱਤ ਨੂੰ ਪੂੰਛਿਆ। ਆਦਮੀ ਨੇ ਬੱਚਾ ਫੜਦੇ ਹੋਏ ਆਖਿਆ..

"ਲਿਆਉ, ਬੱਚੇ ਨੂੰ ਮੈਨੂੰ ਫੜਾ ਦਿਉ। ਤੁਸੀਂ ਆਪਣਾ-ਆਪ ਪੂੰਛੋ।"

ਮਨਦੀਪ ਪੂੰਛਣ ਲੱਗੀ। ਉਸਨੇ ਇੱਕ ਪਾਸੇ ਹੋ ਆਪਣੀ ਗਿੱਲੀ ਚੁੰਨੀ ਲਾਹੀ, ਨਿਚੋੜੀ ਤੇ ਫਿਰ ਪਰਨੇ ਨਾਲ ਖੁਦ ਨੂੰ ਪੂੰਛਣ ਲੱਗੀ। ਉਹ ਆਦਮੀ ਮਨਦੀਪ ਨੂੰ ਗੌਰ ਨਾਲ ਦੇਖ ਰਿਹਾ ਸੀ।

ਉਸਦਾ ਧਿਆਨ ਮਨਦੀਪ ਦੀ ਚਿੱਟੀ ਗਰਦਨ ਤੇ ਭਿੱਜੇ ਸਰੀਰ ਵੱਲ ਸੀ। ਉਹ ਲਗਾਤਾਰ ਉਸਦੀਆਂ ਛਾਤੀਆਂ ਵੱਲ ਘੂਰ ਰਿਹਾ ਸੀ। ਮਨਦੀਪ ਜਾਣਦੀ ਸੀ ਕਿ ਉਹ ਇਸ ਤਰ੍ਹਾ ਕਰ ਰਿਹਾ ਹੈ। ਉਸ ਨੇ ਅਣਦੇਖਿਆ ਕਰ ਪਰਨਾ ਉਸ ਆਦਮੀ ਨੂੰ ਫੜਾਇਆ ਤੇ ਆਪਣੇ ਬੱਚੇ ਨੂੰ ਉਸ ਤੋਂ ਫੜ ਲਿਆ। ਆਦਮੀ ਬੱਚਾ ਫੜਾਉਂਦੇ ਹੋਏ ਬੋਲਿਆ..

"ਅਗਰ ਹੋਰ ਕੱਪੜੇ ਹੈ ਤਾਂ ਬਦਲ ਲਵੋ, ਹਾਅ ਗਿੱਲੇ ਹੋ ਗਏ ਨੇ। ਬਿਮਾਰ ਨਾ ਹੋ ਜਾਇਓ।"

ਮਨਦੀਪ ਸਮਝਦੀ ਸੀ। ਉਹ ਲੀੜੇ ਬਦਲਣਾ ਵੀ ਚਾਹੁੰਦੀ ਸੀ। ਪਰ ਕਿਸ ਤਰ੍ਹਾ ਬਦਲੇ ਉਹ ਨਹੀਂ ਸੀ ਸਮਝ ਰਹੀ। ਕਿਸੇ ਗੈਰ ਮਰਦ ਦੇ ਹੋਣ ਕਾਰਨ ਉਹ ਇਹ ਨਹੀਂ ਸੀ ਕਰ ਸਕਦੀ। ਤੇ ਉਹ ਵੀ ਐਸਾ ਮਰਦ ਜੋ ਸਿਰਫ ਉਸਦੇ ਗਿੱਲੇ ਜਿਸਮ ਵੱਲ ਦੇਖ ਰਿਹਾ ਸੀ। ਮਨਦੀਪ ਬੋਲੀ..

"ਨਹੀਂ ਕੋਈ ਗੱਲ ਨੀ। ਸੁੱਕ ਜਾਣਗੇ ਆਪੇ।"

ਆਦਮੀ ਬੋਲਿਆ..

"ਮੁਆਫ ਕਰਨਾ ਮੈਂ ਸਮਝਦਾ ਹਾਂ। ਆਪ ਡਰ ਰਹੇ ਹੋ। ਮੇਰਾ ਕੋਈ ਗ਼ਲਤ ਇਰਾਦਾ ਨਹੀਂ ਹੈ। ਆਪ ਉੱਪਰ ਚਲੇ ਜਾਉ ਤੇ ਉੱਪਰ

ਜਾ ਕੱਪੜੇ ਬਦਲ ਲਉ, ਉੱਪਰ ਘਰ ਹੈ ਮੇਰਾ। ਕੁੰਡਾ ਮਾਰ ਲਿਉ ਉੱਪਰੋਂ।"

ਮਨਦੀਪ ਨੇ ਗੱਲ ਸੁਣੀ ਪਰ ਬੋਲੀ ਨਾ। ਆਦਮੀ ਫਿਰ ਤੋਂ ਬੋਲਿਆ..

"ਬਦਲ ਲਉ, ਬੱਚਾ ਵੀ ਨਹੀਂ ਤਾਂ ਬਿਮਾਰ ਹੋ ਜਾਵੇਗਾ।"

ਮਨਦੀਪ ਨੇ ਬੱਚੇ ਦੇ ਕਾਰਨ ਗੈਰ ਆਦਮੀ ਦੀ ਗੱਲ ਮੰਨ ਲਈ ਤੇ ਆਪਣਾ ਝੋਲਾ ਚੁੱਕ ਤੁਰ ਪਈ। ਆਦਮੀ ਨੇ ਉਸਨੂੰ ਉੱਪਰ ਦਾ ਰਾਹ ਦਿਖਾਇਆ ਤੇ ਆਪ ਹੇਠਾਂ ਹੀ ਖੜਾ ਰਿਹਾ। ਮਨਦੀਪ ਉੱਪਰ ਪਹੁੰਚੀ ਤੇ ਪਹੁੰਚਦੇ ਹੀ ਪੌੜੀਆਂ ਵਾਲੇ ਬੂਹੇ ਨੂੰ ਬੰਦ ਕਰ ਕੁੰਡਾ ਲਾ ਦਿੱਤਾ। ਉੱਪਰ ਦੋ ਕੁ ਕਮਰੇ, ਰਸੋਈ ਤੇ ਖੁੱਲ੍ਹਾ ਹਾਲ ਬਣਿਆ ਹੋਇਆ ਸੀ। ਉਹ ਹਾਲ ਵਿੱਚ ਹੀ ਪਹਿਲਾਂ ਆਪਣੇ ਬੱਚੇ ਦੇ ਲੀੜੇ ਬਦਲੇ ਤੇ ਫਿਰ ਆਪਣੇ। ਜਿਆਦਾਤਰ ਲੀੜੇ ਗਿੱਲੇ ਸਨ। ਜੋ ਉਸ ਨੂੰ ਮਾੜੇ ਮੋਟੇ ਸੁੱਕੇ ਜਾਪੇ ਉਹ ਪਾ ਲਏ। ਗਿੱਲੇ ਲੀੜੇ ਨਿਚੋੜ ਇੱਕ ਪਾਸੇ ਕਰ ਟੰਗ ਦਿੱਤੇ। ਫਿਰ ਫੋਨ ਦੇਖਿਆ ਤਾਂ ਫੋਨ ਵਿੱਚ ਵੀ ਪਾਣੀ ਪੈ ਚੁੱਕਾ ਸੀ। ਫੋਨ ਬੰਦ ਸੀ। ਮਨਦੀਪ ਨੇ ਫੋਨ ਨੂੰ ਚਾਲੂ ਨਾ ਕੀਤਾ ਤੇ ਖੋਲ੍ਹ ਇੱਕ ਪਾਸੇ ਰੱਖ ਦਿੱਤਾ। ਫਿਰ ਜਗ੍ਹਾ ਦੇਖ

ਬੈਠ ਗਈ। ਬੱਚੇ ਵੱਲ ਨਜ਼ਰ ਪਈ ਤਾਂ ਬੱਚਾ ਸੌਂ ਗਿਆ ਸੀ। ਉਸ ਆਦਮੀ ਨੇ ਆਪਣੀ ਦੁਕਾਨ ਦਾ ਸ਼ਟਰ ਬੰਦ ਕੀਤਾ ਤੇ ਪੌੜੀਆਂ ਵਾਲਾ ਬੂਹਾ ਖੜਾਇਆ। ਮਨਦੀਪ ਉੱਠੀ ਤੇ ਜਾ ਕੇ ਬੂਹਾ ਖੋਲ੍ਹਿਆ। ਬੂਹਾ ਖੋਲਦੇ ਹੀ ਉਹ ਫਿਰ ਤੋਂ ਬਿਨਾਂ ਕੁਝ ਬੋਲੇ ਵਾਪਿਸ ਉੱਥੇ ਜਾ ਬੈਠੀ ਜਿੱਥੇ ਪਹਿਲਾਂ ਬੈਠੀ ਸੀ। ਆਦਮੀ ਬੋਲਿਆ..

"ਪਹਿਲਾਂ ਰੋਟੀ ਖਾਵੋਗੇ ਜਾਂ ਫਿਰ ਚਾਹ ਪੀਓਗੇ?"

ਮਨਦੀਪ ਬੋਲੀ..

"ਨਹੀਂ ਕਿਸੇ ਚੀਜ਼ ਦੀ ਲੋੜ ਨਹੀਂ। ਧੰਨਵਾਦ।"

ਆਦਮੀ ਮੁਸਕਰਾਇਆ ਤੇ ਫਿਰ ਤੋਂ ਬੋਲਿਆ..

"ਮੈਂ ਰੋਟੀ ਬਣਾ ਦੇਂਦਾ ਹਾਂ। ਮੈਨੂੰ ਭੁੱਖ ਲੱਗੀ ਹੈ। ਆਪ ਨੂੰ ਲੱਗੀ ਹੋਵੇ ਤਾਂ ਖਾ ਲਿਉ।"

ਮਨਦੀਪ ਕੁਝ ਨਾ ਬੋਲੀ। ਆਦਮੀ ਰਸੋਈ ਵਿੱਚ ਗਿਆ ਤੇ ਰੋਟੀ ਬਣਾਉਣ ਲੱਗਾ। ਫਿਰ ਕੁਝ ਚਿਰ ਪਿੱਛੋਂ ਮਨਦੀਪ ਬੋਲੀ..

"ਆਪ ਦੱਸ ਸਕਦੇ ਹੋ ਮੀਂਹ ਕਿੰਨੀ ਕੁ ਦੇਰ ਤੱਕ ਪੈ ਸਕਦਾ।"

ਆਦਮੀ ਬੋਲਿਆ..

“ਕੁਝ ਕਹਿ ਨਹੀਂ ਸਕਦੇ। ਉਂਝ ਪਿਆ ਕਾਫੀ ਦਿਨਾਂ ਪਿਛੋਂ ਆ। ਹਨੇਰ-ਝੱਖੜ ਵੀ ਬਹੁਤ ਆ। ਮੈਨੂੰ ਨੀ ਲੱਗਦਾ ਇਹ ਛੇਤੀ ਹਟੂ।”

ਮਨਦੀਪ ਬੋਲੀ..

“ਮੈਂ ਤਾਂ ਅਜੇ ਬਹੁਤ ਦੂਰ ਜਾਣਾ ਹੈ। ਏਦਾਂ ਤਾਂ ਔਖਾ ਹੋਜੂ।”

ਆਦਮੀ ਬੋਲਿਆ..

“ਕਿੱਥੇ ਜਾਣਾ ਤੁਸੀਂ?”

ਮਨਦੀਪ ਬੋਲੀ..

“ਕਪੂਰਥਲੇ।”

ਆਦਮੀ ਬੋਲਿਆ..

“ਪੈਦਲ ਹੀ?”

ਮਨਦੀਪ ਬੋਲੀ..

“ਹਾਂ ਜਾਣਾ ਤਾਂ ਹੈ। ਪੈਦਲ ਹੀ ਸਹੀ।”

ਆਦਮੀ ਬੋਲਿਆ..

“ਉਂਝ ਆ ਕਿੱਥੋਂ ਰਹੇ ਹੋ?”

ਮਨਦੀਪ ਬੋਲੀ..

“ਦਿੱਲੀ ਤੋਂ।”

ਮਨਦੀਪ ਦਾ ਜੁਆਬ ਸੁਣ ਆਦਮੀ ਚੁੱਪ ਹੋ ਗਿਆ। ਉਸ ਕੋਲ ਸ਼ਾਇਦ ਹੁਣ ਕੋਈ ਸਵਾਲ ਨਹੀਂ ਸੀ ਕਰਨ ਲਈ। ਉਹ ਚੁੱਪ ਰਿਹਾ। ਫਿਰ ਰੋਟੀ ਪਕਾਈ ਤੇ ਇੱਕ ਥਾਲੀ ਵਿੱਚ ਤਿੰਨ ਚਾਰ ਰੋਟੀਆਂ ਤੇ ਸਬਜੀ ਰੱਖ ਮਨਦੀਪ ਨੂੰ ਲਿਆ ਫੜਾਈ। ਮਨਦੀਪ ਨੇ ਬਿਨਾਂ ਨਾਂਹ ਕੀਤੇ ਥਾਲੀ ਫੜ ਲਈ। ਉਸਨੂੰ ਵੀ ਭੁੱਖ ਲੱਗੀ ਸੀ। ਆਦਮੀ ਨੇ ਪਾਣੀ ਦਾ ਭਰਿਆ ਜੱਗ ਤੇ ਦੋ ਗਿਲਾਸ ਲਿਆ ਉਸ ਕੋਲ ਰੱਖ ਦਿੱਤੇ। ਫਿਰ ਆਪਣੇ ਲਈ ਰੋਟੀ ਪਾ ਲਿਆਇਆ ਤੇ ਖਾਣ ਲੱਗਾ। ਮਨਦੀਪ ਵੀ ਖਾਣ ਲੱਗ ਪਈ। ਫਿਰ ਮਨਦੀਪ ਬੋਲੀ..

“ਤੁਸੀਂ ਇੱਥੇ ਇਕੱਲੇ ਰਹਿੰਦੇ ਹੋ?”

ਆਦਮੀ ਬੋਲਿਆ..

“ਹਾਂ, ਕੁਝ ਦਿਨਾਂ ਤੋਂ। ਉਂਝ ਮੇਰੇ ਨਾਲ ਹੈਗਾ ਸੀ ਇੱਕ ਮੁੰਡਾ ਪਰ ਉਹ ਇਸ ਕੰਮ-ਕਾਜ ਬੰਦ ਹੋਣ ਕਾਰਨ ਆਪਣੇ ਪਿੰਡ ਚਲਾ ਗਿਆ।”

ਮਨਦੀਪ ਬੋਲੀ..

“ਤੇ ਤੁਹਾਡਾ ਪਰਿਵਾਰ?”

ਆਦਮੀ ਬੋਲਿਆ..

“ਮੈਂ ਕੱਲਾ ਹੀ ਆ। ਕੋਈ ਅੱਗੇ ਪਿੱਛੇ ਨਹੀਂ”।

ਮਨਦੀਪ ਚੁੱਪ ਕਰ ਗਈ। ਫਿਰ ਆਦਮੀ ਬੋਲਿਆ..

“ਕੀ ਨਾਂ ਆਪ ਦਾ?”

“ਮਨਦੀਪ ਕੌਰ।”

ਆਦਮੀ ਬੋਲਿਆ..

“ਤੇ ਆਪਦੇ ਬੇਟੇ ਦਾ?”

ਮਨਦੀਪ ਬੋਲੀ..

“ਕਬੀਰ।”

ਆਦਮੀ ਬੋਲਿਆ..

“ਮੁਆਫ ਕਰਨਾ ਮੈਨੂੰ ਪੁੱਛਣਾ ਤਾਂ ਨਹੀਂ ਚਾਹੀਦਾ ਪਰ ਫਿਰ ਵੀ ਆਪ ਨੂੰ ਇਸ ਹਾਲਤ ਵਿੱਚ ਦੇਖ ਪੁੱਛ ਰਿਹਾ ਹਾਂ। ਆਪਦਾ ਘਰਵਾਲਾ?”

ਮਨਦੀਪ ਬੋਲੀ..

ਉਹ ਨਹੀਂ ਰਹੇ।”

ਆਦਮੀ ਚੁੱਪ ਹੋ ਗਿਆ। ਫਿਰ ਦੋਨਾਂ ਰੋਟੀ ਖਾਧੀ ਤੇ ਉਸ ਆਦਮੀ ਨੇ ਜੂਠੇ ਭਾਂਡੇ ਚੁੱਕੇ ਤੇ ਰਸੋਈ ਵਿੱਚ ਲੈ ਗਿਆ। ਮਨਦੀਪ ਵਾਰ-ਵਾਰ ਮੌਸਮ ਨੂੰ ਦੇਖ ਰਹੀ ਸੀ। ਬਿਜਲੀ ਚਮਕ ਰਹੀ ਸੀ। ਬੱਦਲ ਗਰਜ ਰਹੇ ਸਨ। ਮੀਂਹ ਪਹਿਲਾਂ ਨਾਲੋਂ ਵੀ ਤੇਜ਼ ਜਾਪਦਾ ਸੀ। ਦੇਖਦਿਆਂ ਹੀ ਦੇਖਦਿਆਂ ਅੱਠ ਵੱਜ ਗਏ। ਉਹ ਆਪਸ ਵਿੱਚ ਮਹਾਂਮਾਰੀ ਦੇ ਵੱਧਦੇ ਫੈਲਾਅ ਤੇ ਸਰਕਾਰ ਦੀਆਂ ਨੀਤੀਆਂ ਬਾਰੇ ਗੱਲਾਂ ਕਰ ਰਹੇ ਸਨ ਕਿ ਅਚਾਨਕ ਬੱਚਾ ਉੱਠ ਕੇ ਰੋਣ ਲੱਗਾ। ਮਨਦੀਪ ਨੇ ਕਾਹਲੀ ਨਾਲ ਬੱਚੇ ਨੂੰ ਚੁੱਕਿਆ ਤੇ ਬਿਨਾਂ ਕੋਈ ਖਿਆਲ ਕੀਤੇ ਆਪਣੀ ਛਾਤੀ ਨਾਲ ਲਾ ਬੱਚੇ ਨੂੰ ਦੁੱਧ ਚੁੰਘਾਉਣ ਲੱਗੀ। ਬੱਚਾ ਦੁੱਧ ਚੁੰਘਣ ਲੱਗ ਪਿਆ। ਉਸ ਆਦਮੀ ਦਾ ਧਿਆਨ ਮਨਦੀਪ ਦੀ ਨਗ਼ਾਨ ਛਾਤੀ ਤੇ ਜਾ ਪਿਆ। ਮਨਦੀਪ ਦਾ ਧਿਆਨ

ਬੱਚੇ ਵਿੱਚ ਸੀ। ਉਹ ਆਦਮੀ ਬਿਨਾਂ ਅੱਖ ਝਮਕੇ ਮਨਦੀਪ ਵੱਲ ਦੇਖ ਰਿਹਾ ਸੀ। ਮਨਦੀਪ ਦਾ ਧਿਆਨ ਉਸ ਆਦਮੀ ਤੇ ਪਿਆ। ਉਸਨੇ ਸ਼ਰਮ ਨਾਲ ਸਿਰ ਝੁਕਾ ਲਿਆ। ਮਨਦੀਪ ਵੀ ਆਪਣੇ-ਆਪ ਨੂੰ ਢੱਕਣ ਲਈ ਏਧਰ-ਓਧਰ ਦੇਖਣ ਲੱਗੀ ਪਰ ਕੁਝ ਉਸਦੀ ਨਜ਼ਰ ਵਿੱਚ ਨਾ ਆਇਆ। ਕਰੀਬ ਦਸ ਪੰਦਰਾਂ ਮਿੰਟ ਦੁੱਧ ਚੁੰਘਾਉਣ ਪਿੱਛੋਂ ਬੱਚਾ ਫਿਰ ਤੋਂ ਸੌਂ ਗਿਆ। ਮਨਦੀਪ ਨੇ ਬੱਚੇ ਨੂੰ ਇੱਕ ਪਾਸੇ ਕਰ ਦਿੱਤਾ ਤੇ ਆਪਣਾ ਕਮੀਜ਼ ਠੀਕ ਕੀਤਾ। ਦੋਨੋਂ ਕੁਝ ਦੇਰ ਲਈ ਖਾਮੋਸ਼ ਹੋ ਗਏ।

ਫਿਰ ਅਚਾਨਕ ਆਦਮੀ ਆਪਣੀ ਜਗ੍ਹਾ ਤੋਂ ਉੱਠਿਆ ਤੇ ਬਿਨਾਂ ਕੁਝ ਦੱਸੇ-ਪੁੱਛੇ ਮਨਦੀਪ ਦੇ ਲਬਾਂ ਨੂੰ ਲਬਾਂ ਨਾਲ ਮਿਲਾ ਦਿੱਤਾ। ਮਨਦੀਪ ਨੇ ਕੋਈ ਹੁੰਗਾਰਾ ਨਾ ਭਰਿਆ। ਨਾ ਹੀ ਉਸਨੇ ਰੋਕਿਆ ਤੇ ਨਾ ਹੀ ਉਸਦਾ ਸਾਥ ਦਿੱਤਾ। ਬਸ ਉਹ ਓਸੇ ਤਰ੍ਹਾਂ ਬੈਠੀ ਰਹੀ। ਆਦਮੀ ਨੇ ਪੰਜ-ਸੱਤ ਮਿੰਟ ਲਬਾਂ ਨੂੰ ਚੁੰਮਿਆ ਤੇ ਮਨਦੀਪ ਦੀ ਕਮੀਜ਼ ਲਾਹ ਦਿੱਤੀ। ਮਨਦੀਪ ਅਜੇ ਵੀ ਖਾਮੋਸ਼ ਸੀ। ਉਸ ਨੂੰ ਸਮਝ ਨਹੀਂ ਸੀ ਕਿ ਇਹ ਕੀ ਹੋ ਰਿਹਾ ਹੈ। ਉਹ ਚਾਹੁੰਦੀ ਤਾਂ ਉਸ ਆਦਮੀ ਨੂੰ ਇਸ ਤਰ੍ਹਾਂ ਕਰਨ ਤੋਂ ਜ਼ਬਰਦਸਤੀ ਰੋਕ ਸਕਦੀ ਪਰ ਪਤਾ ਨਹੀਂ ਉਹ ਕਿਉਂ ਚੁੱਪ ਸੀ। ਸ਼ਇਦ ਉਸ ਨੂੰ ਇਹ ਸੀ ਕਿ ਏਨੀ ਹਨੇਰੀ ਝੱਖੜ ਰਾਤ ਵਿੱਚ ਉਹ ਆਪਣੇ

ਬੱਚੇ ਨੂੰ ਲੈ ਕਿੱਧਰ ਜਾਵੇਗੀ। ਉਸਦੀ ਮਜ਼ਬੂਰੀ ਕਾਰਨ ਉਹ ਉਸ ਆਦਮੀ ਨੂੰ ਰੋਕਣ ਵਿੱਚ ਅਸਮਰੱਥ ਮਹਿਸੂਸ ਕਰ ਰਹੀ ਸੀ। ਉਸਨੇ ਉਸ ਆਦਮੀ ਨੂੰ ਬਿਲਕੁਲ ਵੀ ਨਾ ਰੋਕਿਆ। ਹਵਸ਼ ਦਾ ਸ਼ਿਕਾਰ ਆਦਮੀ ਮਨਦੀਪ ਦੇ ਦੂਧੀਆ ਚਿੱਟੇ ਸਰੀਰ ਨੂੰ ਦੇਖ ਵੱਸ ਤੋਂ ਬਾਹਰ ਹੋ ਗਿਆ। ਉਹ ਵਾਰ-ਵਾਰ ਮਨਦੀਪ ਦੇ ਸਰੀਰ ਨੂੰ ਚੁੰਮ ਰਿਹਾ ਸੀ। ਕਦੇ ਉਸਦੇ ਪਿੱਠ ਤੇ ਹੱਥ ਮਾਰਦਾ ਕਦੇ ਛਾਤੀਆਂ ਤੇ। ਸਰੀਰ ਨਾਲ ਖੇਡਦੇ ਉਸਦਾ ਧਿਆਨ ਮਨਦੀਪ ਦੇ ਦੂਧੀਆ ਸਰੀਰ ਤੇ ਪਈਆਂ ਕਾਲੀਆਂ ਝਰੀਟਾਂ ਵੱਲ ਪਿਆ। ਏਨੇ ਸੋਹਣੇ ਤੇ ਖ਼ੂਬਸੂਰਤ ਬਦਨ ਤੇ ਇਹ ਝਰੀਟਾਂ ਕੁਝ ਜਿਆਦਾ ਹੀ ਉਭਰ-ਉਭਰ ਨਜ਼ਰ ਆ ਰਹੀਆਂ ਸਨ। ਉਹ ਰੁਕਿਆ ਤੇ ਪੁੱਛਣ ਲੱਗਾ..

"ਇਹ ਕਿਵੇਂ ਦੀਆਂ ਝਰੀਟਾਂ ਨੇ?"

ਮਨਦੀਪ ਬੜੀ ਅਣ ਉਪੇਕਸ਼ਕਾਰੀ ਆਵਾਜ਼ ਵਿੱਚ ਬੋਲੀ..

"ਇਹ ਵੀ ਤੇਰੇ ਵਰਗਿਆਂ ਜਾਨਵਰਾਂ ਦੀਆਂ ਲਹੁੰਦਰਾਂ ਦੇ ਨਿਸ਼ਾਨ ਨੇ।"

ਮਨਦੀਪ ਦੀ ਇਹ ਗੱਲ ਸੁਣਦੇ ਹੀ ਆਦਮੀ ਇੱਕ ਦਮ ਪਿਛਾਂਹ ਹੱਟ ਗਿਆ। ਮਨਦੀਪ ਦੀਆਂ ਅੱਖਾਂ 'ਚੋਂ ਅੱਥਰੂ ਵਹਿਣ ਲੱਗੇ। ਆਦਮੀ ਨੇ ਉਸਨੂੰ ਕਮੀਜ਼ ਫੜਾਇਆ ਤੇ ਬੋਲਿਆ..

“ਮੁਆਫ ਕਰਨਾ.. ਮੁਆਫ ਕਰਨਾ.. ਮੈਂ ਏਦਾਂ ਦਾ ਕੁਝ ਨਹੀਂ ਸੀ ਕਰਨਾ ਚਾਹੁੰਦਾ। ਪਤਾ ਹੀ ਨੀ ਲੱਗਾ ਕਦ ਵੱਸ ਤੋਂ ਬਾਹਰ ਹੋ ਗਿਆ।”

ਮਨਦੀਪ ਅੱਥਰੂ ਪੂੰਛਦੀ ਹੋਈ ਬੋਲੀ..

“ਮੈਂ ਪਹਿਲਾਂ ਵੀ ਇਹੋ ਜਿਹੇ ਸਮੇਂ 'ਚੋਂ ਲੰਘ ਚੁੱਕੀ ਹਾਂ। ਆਹ ਬੱਚਾ ਵੀ ਕੁਝ ਐਸੇ ਕਰਮਾਂ ਦਾ ਨਤੀਜ਼ਾ ਹੈ।”

ਆਦਮੀ ਘਬਰਾਇਆ ਤੇ ਡਰੀ ਹੋਈ ਆਵਾਜ਼ 'ਚ ਬੋਲਿਆ..

“ਮੁਆਫ਼ ਕਰਨਾ। ਮੈਂ ਸੱਚੀ ਨਹੀਂ ਸੀ ਇਹ ਕਰਨਾ ਚਾਹੁੰਦਾ। ਮੈਂ ਕਦੇ ਇਹੋ ਜਿਹਾ ਦੁਸ਼ਟ ਕੰਮ ਨਹੀਂ ਕੀਤਾ। ਪਤਾ ਨੀ ਮੇਰੇ ਤੋਂ ਇਹ ਗ਼ਲਤੀ ਕਿਵੇਂ ਹੋ ਗਈ। ਆਪ ਕਮੀਜ਼ ਪਾ ਲਉ।”

ਮਨਦੀਪ ਨੇ ਆਦਮੀ ਵੱਲ ਤੱਕਿਆ ਤੇ ਆਪਣਾ ਕਮੀਜ਼ ਪਾ ਲਿਆ ਤੇ ਬੋਲੀ..

“ਮੈਂ ਕਾਲਜ ਪੜਦੀ ਸੀ। ਇੱਕ ਦਿਨ ਆਪਣੇ ਕਮਰੇ ਵਿੱਚ ਕੱਲੀ ਸੀ। ਤਿੰਨ ਮੁੰਡੇ ਆਏ, ਜੋ ਮੇਰੇ ਹੀ ਜਮਾਤੀ ਸਨ। ਉਹਨਾਂ ਦੀ ਹਵਸ਼ ਸਿਰ ਚੜ ਬੋਲ ਰਹੀ ਸੀ। ਮੈਂ ਉਹਨਾਂ ਨੂੰ ਕਦੇ ਬੁਲਾਇਆ ਤੱਕ ਨਹੀਂ ਸੀ। ਨਾ ਕਦੇ ਕੋਈ ਮਾੜੀ ਚੰਗੀ ਕਹੀ ਸੀ।

ਪਰ ਪਤਾ ਨਹੀਂ ਉਸ ਦਿਨ ਉਹਨਾਂ ਮੇਰੇ ਤੋਂ ਕਿਸ ਗੱਲ ਦਾ ਬਦਲਾ ਲਿਆ। ਜਿਵੇਂ ਉਹਨਾਂ ਦੀ ਹਵਸ਼ ਦਾ ਕਾਰਨ ਮੈਂ ਹੀ ਹੋਵਾਂ। ਤਿੰਨਾਂ ਨੇ ਇੱਕ-ਇੱਕ ਕਰ ਮੇਰਾ ਐਸਾ ਬਲਾਤਕਾਰ ਕੀਤਾ ਕਿ ਮੈਂ, ਮੈਂ ਨਾ ਰਹੀ।"

"ਸਰਕਾਰ ਨੇ ਉਹਨਾਂ ਨੂੰ ਇਸ ਗੁਨਾਹ ਲਈ ਆਪਣੇ ਹਿਸਾਬ ਨਾਲ ਸਜਾ ਤਾਂ ਜਰੂਰ ਦਿੱਤੀ ਪਰ ਮੈਨੂੰ ਉਸ ਨਾਲ ਕੋਈ ਨਿਆ ਨਾ ਮਿਲਿਆ। ਮੈਂ ਗਰਭਵਤੀ ਹੋ ਗਈ। ਜੱਦ ਮੇਰੇ ਘਰਦਿਆਂ ਨੂੰ ਪਤਾ ਲੱਗਾ ਤਾਂ ਉਹਨਾਂ ਮੈਨੂੰ ਬੱਚਾ ਗਿਰਾਉਣ ਲਈ ਕਿਹਾ। ਮੈਂ ਇਸ ਬੱਚੇ ਨੂੰ ਪਾਪ ਸਮਝ ਗਿਰਾਉਣਾ ਚਾਹੁੰਦੀ ਸੀ ਪਰ ਮੈਂ ਗਿਰਾ ਨਾ ਸਕੀ ਤੇ ਇਸ ਨੂੰ ਜਨਮ ਦੇ ਦਿੱਤਾ। ਮੇਰਿਆਂ ਘਰਦਿਆਂ ਨੇ ਇਸ ਵਿੱਚ ਮੇਰਾ ਦੋਸ਼ ਮੰਨ ਮੇਰੇ ਨਾਲ ਪਹਿਲਾਂ ਵਾਲਾ ਵਿਵਹਾਰ ਕਰਨਾ ਬੰਦ ਕਰ ਦਿੱਤਾ। ਮੈਨੂੰ ਮੇਰੇ ਹੀ ਘਰਦੇ ਵੈਰੀ ਲੱਗਣ ਲੱਗ ਪਏ ਤੇ ਮੈਂ ਘਰ ਛੱਡ ਆਪਣੇ ਬੱਚੇ ਨੂੰ ਨਾਲ ਲੈ ਦਿੱਲੀ ਚਲੀ ਗਈ। ਉਸ ਤੋਂ ਬਾਅਦ ਕੁਝ ਮਾੜਾ-ਮੋਟਾ ਕੰਮ ਕੀਤਾ ਤੇ ਹੁਣ ਫਿਰ ਤੋਂ ਉੱਥੇ ਆ ਰੁਕੀ ਹਾਂ, ਜਿੱਥੋਂ ਇਹ ਸ਼ੁਰੂ ਹੋਇਆ ਸੀ।"

ਆਦਮੀ ਬੋਲਿਆ..

“ਮੇਰੇ ਤੋਂ ਬਹੁਤ ਵੱਡੀ ਗ਼ਲਤੀ ਹੋ ਗਈ। ਮੈਂ ਨਹੀਂ ਸੀ ਜਾਣਦਾ ਕਿ ਆਪ ਨਾਲ ਇਹ ਸਭ ਹੋਇਆ ਹੈ ਤੇ ਨਾ ਹੀ ਮੈਂ ਚਾਹੁੰਦਾ ਸੀ ਕਿ ਆਪ ਨਾ ਏਦਾਂ ਦਾ ਵਿਵਹਾਰ ਕਰਾਂ। ਮੈਨੂੰ ਆਪਣੇ ਇਸ ਕੀਤੇ ਪਾਪ ਤੇ ਬਹੁਤ ਪਛਤਾਵਾ ਹੋ ਰਿਹਾ ਹੈ।”

ਮਨਦੀਪ ਬੋਲੀ..

“ਕੋਈ ਗੱਲ ਨੀ, ਇੱਕ ਜਵਾਨ ਤੇ ਕੱਲੀ ਔਰਤ ਨੂੰ ਵੇਖ ਤਾਂ ਮਹਾਤਮਾ ਤੱਕ ਕਾਮ ਦੇ ਅਧੀਨ ਹੋ ਜਾਂਦੇ ਨੇ ਤੁਸੀਂ ਤਾਂ ਫਿਰ ਵੀ ਇੱਕ ਇਨਸਾਨ ਹੋ। ਖੈਰ ਮੈਨੂੰ ਲੱਗਦਾ ਮੈਨੂੰ ਹੁਣ ਸੌਣਾ ਚਾਹੀਦਾ ਹੈ। ਦੱਸ ਦਿਉ ਮੈਂ ਕਿੱਥੇ ਸੌਵਾਂ?”

ਆਦਮੀ ਡਰੀ ਜਿਹੀ ਆਵਾਜ਼ ਵਿੱਚ ਬੋਲਿਆ..

“ਆਪ ਜਿੱਥੇ ਮਰਜੀ ਪੈ ਜਾਉ। ਮੈਂ ਇੱਥੇ ਹੀ ਪੈ ਜਾਵਾਂਗਾ।”

ਮਨਦੀਪ ਉੱਠੀ ਤੇ ਆਪਣੇ ਬੱਚੇ ਨੂੰ ਚੁੱਕ ਇੱਕ ਕਮਰੇ ਵਿੱਚ ਚਲੀ ਗਈ ਤੇ ਨਾਲ ਲੈ ਲੰਮੇ ਪੈ ਗਈ। ਉਹ ਆਦਮੀ ਬਾਹਰ ਹੀ ਸੌਂ ਗਿਆ। ਪਰ ਮਨਦੀਪ ਨੂੰ ਸਾਰੀ ਰਾਤ ਨੀਂਦ ਨਾ ਆਈ। ਉਸ ਨੂੰ ਸਾਰੀ ਰਾਤ ਡਰ ਰਿਹਾ ਕਿ ਕਿਤੇ ਉਹ ਆਦਮੀ ਮੁੜ ਤੋਂ ਉਸ

ਉੱਪਰ ਨਾ ਝਪਟ ਪਵੇ। ਸੋਚਾਂ ਸੋਚਦੇ, ਅੱਥਰੂ ਵਹਾਉਂਦੀ, ਗੁਜ਼ਰੇ ਵੇਲਿਆਂ ਨੂੰ ਯਾਦ ਕਰਦੀ ਨੇ ਰਾਤ ਲੰਘਾ ਲਈ। ਮੀਂਹ ਰਾਤ ਹੀ ਹੱਟ ਗਿਆ ਸੀ। ਸਵੇਰ ਦੇ ਕਰੀਬ ਸਾਢੇ ਚਾਰ-ਪੰਜ ਵਜੇ ਹੀ ਉਹ ਉੱਠੀ ਤੇ ਆਪਣੇ ਲੀੜੇ-ਲੱਤੇ ਝੋਲੇ ਵਿੱਚ ਪਾਏ। ਆਪਣਾ ਫੋਨ ਦੇਖਿਆ ਜੋ ਅਜੇ ਵੀ ਬੰਦ ਸੀ, ਉਸਨੇ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਪਰ ਚਾਲੂ ਨਾ ਹੋਇਆ। ਉਸਨੇ ਫੋਨ ਨੂੰ ਲੀੜਿਆਂ ਵਿੱਚ ਹੀ ਲਵੇਟ ਝੋਲੇ ਵਿੱਚ ਪਾ ਦਿੱਤਾ। ਮੂੰਹ-ਹੱਥ ਧੋ ਬੱਚੇ ਨੂੰ ਉਠਾਇਆ। ਆਦਮੀ ਅਜੇ ਸੌਂ ਰਿਹਾ ਸੀ। ਮਨਦੀਪ ਨੇ ਬਿਨਾਂ ਕੁਝ ਬੋਲੇ ਆਦਮੀ ਨੂੰ ਹਿਲਾਇਆ। ਆਦਮੀ ਅਚਨਚੇਤ ਹੋ ਉੱਠਿਆ। ਮਨਦੀਪ ਬੋਲੀ..

"ਮੈਂ ਚੱਲਦੀ ਹਾਂ, ਧੰਨਵਾਦ ਤੁਹਾਡਾ ਜੋ ਡਰਾਵਨੀ ਰਾਤ ਲੰਘਾ ਦਿੱਤੀ।"

ਆਦਮੀ ਬੋਲਿਆ..

"ਆਪ ਨੇ ਤਾਂ ਕੁਝ ਖਾਧਾ-ਪੀਤਾ ਵੀ ਨਹੀਂ ਹੋਣਾ। ਮੈਂ ਛੱਡ ਆਉਂਦਾ ਹਾਂ ਕੁਝ ਨੇੜੇ-ਤੇੜੇ।"

ਮਨਦੀਪ ਬੋਲੀ..

"ਨਹੀਂ ਜੀ, ਸ਼ੁਕਰੀਆ। ਮੈਂ ਚਲੀ ਜਾਂਵਾਂਗੀ।"

ਏਨਾ ਆਖ ਮਨਦੀਪ ਨੇ ਬੱਚੇ ਤੇ ਸਮਾਨ ਵਾਲੇ ਝੋਲੇ ਨੂੰ ਚੁੱਕਿਆ ਤੇ ਘਰ ਤੋਂ ਬਾਹਰ ਆ ਗਈ। ਬੱਚੇ ਨੂੰ ਮੁੜ ਲੱਕ ਨਾਲ ਬੰਨ੍ਹ ਤੇ ਸਮਾਨ ਸਿਰ ਤੇ ਰੱਖ ਆਪਣੀ ਮੰਜ਼ਿਲ ਵੱਲ ਰੁੱਖ ਕੀਤਾ। ਫਿਰ ਰੁਕੀ ਨਾ ਬੱਸ ਚੱਲਦੀ ਗਈ। ਜਦੋਂ ਤਰਖਾਣ ਮਾਝਰੇ ਦੇ ਨੇੜੇ ਪਹੁੰਚੀ ਤਾਂ ਇੱਕ ਭੂੰਡ ਆਉਂਦਾ ਨਜ਼ਰ ਆਇਆ। ਮਨਦੀਪ ਨੇ ਹੱਥ ਦਿੱਤਾ ਤਾਂ ਉਹ ਰੁਕ ਗਿਆ। ਉਸ ਵਿੱਚ ਹੌਲੀਆਂ-ਹੌਲੀਆਂ ਉਮਰਾਂ ਦੇ ਤਿੰਨ ਚਾਰ ਮੁੰਡੇ ਸਨ। ਉਸ ਨੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਨਕੋਦਰ ਜਾ ਰਹੇ ਨੇ। ਉਸ ਦਿਨ ਵੀਰਵਾਰ ਸੀ। ਉਹ ਬਾਬਾ ਮੁਰਾਦ ਸ਼ਾਹ ਦੀ ਦਰਗਾਹ ਤੇ ਮੱਥਾ ਟੇਕਣ ਜਾ ਰਹੇ ਸਨ। ਮਨਦੀਪ ਉਹਨਾਂ ਨਾਲ ਬੈਠ ਗਈ। ਮੁੰਡਿਆਂ ਦੇ ਹਾਸੇ-ਡਿੱਠੇ ਨੂੰ ਸੁਣਦੇ ਉਹ ਦੱਸ ਵਜੇ ਤੱਕ ਨਕੋਦਰ ਪਹੁੰਚ ਗਈ। ਉਸਨੇ ਵੀ ਦਰਗਾਹ ਤੇ ਨਮਸ਼ਕਾਰ ਕੀਤੀ ਤੇ ਲੰਗਰ ਛਕਿਆ। ਕੁਝ ਦੇਰ ਆਰਾਮ ਕਰਨ ਪਿੱਛੋਂ ਉਹ ਫਿਰ ਆਪਣੇ ਰਾਹ ਨੂੰ ਤੁਰ ਪਈ। ਥੱਕਦੀ-ਟੁੱਟਦੀ, ਡਿੱਗਦੀ ਢਹਿੰਦੀ, ਸਾਹ ਲੈਂਦੀ, ਉਹ ਰਾਤ ਅੱਠ ਵਜੇ ਦੇ ਕਰੀਬ ਕਪੂਰਥਲੇ ਪਹੁੰਚ ਗਈ। ਉਸਨੂੰ ਘਰ ਦੀ ਪਹਿਚਾਣ ਸੀ। ਉਹ ਘਰ ਪਹੁੰਚ ਗਈ। ਇਹ ਉਸਦਾ ਆਪਣਾ ਘਰ ਸੀ। ਬੂਹੇ ਤੇ ਪਹੁੰਚ ਉਸਨੇ ਘੰਟੀ ਵਜਾਈ। ਇੱਕ ਜਵਾਨ

ਕੁੜੀ ਤੇ ਮੁੰਡਾ ਭੱਜੇ ਆਏ। ਸ਼ਾਇਦ ਉਹਨਾਂ ਨੂੰ ਮਨਦੀਪ ਦੇ ਘਰ ਪਹੁੰਚਣ ਦਾ ਅਹਿਸਾਸ ਹੋ ਗਿਆ ਸੀ। ਕੁੜੀ ਨੇ ਬੂਹਾ ਖੋਲਦੇ ਸਾਰ ਹੀ ਮਨਦੀਪ ਨੂੰ ਘੁੱਟ ਕੇ ਗਲ ਲਾ ਲਿਆ। ਮਨਦੀਪ ਦੇ ਸਮਾਨ ਵਾਲਾ ਝੋਲਾ ਹੇਠਾਂ ਡਿੱਗ ਪਿਆ। ਦੋਨੋਂ ਜਾਣੀਆਂ ਰੋਣ ਲੱਗ ਪਈਆਂ। ਕੋਲ ਹੀ ਖੜਾ ਮੁੰਡਾ ਵੀ ਉਹਨਾਂ ਦੋਨਾਂ ਨੂੰ ਰੋਂਦਾ ਦੇਖ ਰੋਣ ਲੱਗਾ। ਉਹ ਇੱਕ ਦੂਜੇ ਤੋਂ ਵੱਖ ਹੋਈਆਂ ਹੀ ਸੀ ਕਿ ਮੁੰਡਾ ਮਨਦੀਪ ਦੇ ਗਲ ਲੱਗ ਰੋਣ ਲੱਗਾ। ਮਨਦੀਪ ਮੁੰਡੇ ਵੱਲ ਵੇਖਦੀ ਉਸਦੇ ਅੱਥਰੂ ਆਪਣੇ ਹੱਥਾਂ ਨਾਲ ਸਾਫ਼ ਕਰਦੀ ਹੋਈ ਪਿਆਰ ਨਾਲ ਪੁਚਕਾਰ ਰਹੀ ਸੀ। ਇਹ ਮਨਦੀਪ ਦੇ ਛੋਟੇ ਭੈਣ ਭਰਾ ਸਨ। ਏਨੇ ਨੂੰ ਮਨਦੀਪ ਦਾ ਪਿਉ ਤੇ ਮਾਂ ਵੀ ਬਾਹਰ ਆ ਗਏ। ਮਨਦੀਪ ਨੂੰ ਦੇਖ ਉਸਦੀ ਮਾਂ ਦੂਰੋਂ ਹੀ ਰੋਂਦੀ ਹੋਈ ਆਈ ਤੇ ਉਸਦੇ ਗਲ ਲੱਗ ਹੋਰ ਉੱਚੀ-ਉੱਚੀ ਰੋਣ ਲੱਗੀ। ਪਿਉ ਵੀ ਰੋ ਰਿਹਾ ਸੀ ਪਰ ਉਹ ਉਸ ਵੱਲ ਨਾ ਵਧਿਆ। ਮਨਦੀਪ ਆਪਣੇ ਪਿਉ ਵੱਲ ਗਈ ਤੇ ਘੁੱਟ ਕੇ ਗਲ ਨਾਲ ਲਾ ਲਿਆ। ਸਾਰਾ ਟੱਬਰ ਰੋ ਰਿਹਾ ਸੀ। ਮਨਦੀਪ ਦੇ ਅੱਥਰੂ ਬਿਆਨ ਕਰ ਰਹੇ ਸਨ ਕਿ ਉਹ ਆਪਣੇ ਘਰ ਆ ਕਿੰਨੀ ਖੁਸ਼ ਸੀ। ਡਿੱਗਦੇ-ਢਹਿੰਦੇ, ਸੱਟਾਂ ਖਾਂਦੇ, ਹਨੇਰੀਆਂ-ਝੱਖੜ ਝੱਲਦੇ, ਮਨਦੀਪ ਆਪਣੇ ਘਰ ਆ ਪਹੁੰਚੀ ਸੀ।

ਅਕਸਰ ਮਜਬੂਰੀਆਂ ਤੇ ਕੁਝ ਫੈਸਲੇ ਇਨਸਾਨ ਨੂੰ ਆਪਣਿਆਂ ਤੋਂ ਵੱਖ ਕਰ ਦਿੰਦੇ ਨੇ। ਪਰ ਵਕਤ ਤੇ ਹਾਲਾਤ ਇਨਸਾਨ ਨੂੰ ਮੁੜ-ਮੁੜ ਉਹਨਾਂ ਫੈਸਲਿਆਂ ਨੂੰ ਬਦਲਣ, ਠੀਕ ਕਰਨ ਤੇ ਮਜਬੂਰੀਆਂ ਨੂੰ ਸੁਖੀ ਜੀਵਨ ਵੱਲ ਵਧਾਉਣ ਦਾ ਮੌਕਾ ਦਿੰਦੇ ਹਨ। ਮਨਦੀਪ ਦੀ ਜਿੰਦਗੀ ਵਿੱਚ ਵੀ ਕੁਝ ਐਸੀਆਂ ਘਟਨਾਵਾਂ ਵਾਪਰੀਆਂ ਜਿੰਨਾਂ ਨੇ ਉਸਦੀ ਜੀਵਨ ਸ਼ੈਲੀ ਬਦਲ ਦਿੱਤੀ। ਪਰ ਮਨਦੀਪ ਹਾਰੀ ਨਹੀਂ ਤੇ ਡਟ ਕੇ ਮੁਸੀਬਤਾਂ ਦਾ ਸਾਹਮਣਾ ਕੀਤਾ। ਭਾਵੇਂ ਹਾਲਾਤ ਕਿੰਨੇ ਵੀ ਮਾੜੇ ਜਾਂ ਉਸਦੇ ਵੱਸ ਤੋਂ ਬਾਹਰ ਸਨ ਪਰ ਉਹ ਡੋਲੀ ਨਹੀਂ। ਐਨੇ ਲੰਮੇ ਪੈਂਡੇ ਨੂੰ ਇਕੱਲੀ ਔਰਤ ਲਈ ਉਹ ਵੀ ਪੈਦਲ ਤਹਿ ਕਰਨਾ ਸੌਖੀ ਗੱਲ ਨਹੀਂ। ਇਸ ਬਾਰੇ ਗੱਲ ਕਰਨਾ ਜਾਂ ਲਿਖਣਾ ਆਸਾਨ ਹੈ ਪਰ ਇਸ ਨੂੰ ਤਨ ਤੇ ਹੰਢਾਉਣਾ ਉਨਾਂ ਹੀ ਕਠਿਨ ਹੈ ਜਿੰਨਾਂ ਮਘਦੇ ਕੋਲਿਆਂ 'ਤੇ ਤੁਰਨਾ। ਇਹ ਕਹਾਣੀ ਕਾਫੀ ਹੱਦ ਤੱਕ ਮੇਰੀ ਲਿਖਤ ਜਰੂਰ ਹੈ। ਪਰ ਇਸ ਵਿਚਲੇ ਸ਼ੁਰੂਆਤੀ ਸੁਪਨੇ ਮੇਰੀ ਇੱਕ ਦੋਸਤ ਨੀਲ ਦੇ ਸੁਪਨੇ ਨੇ। ਉਸਨੇ ਆਪਣੇ ਇਸ ਸੁਪਨੇ ਬਾਰੇ ਮੈਨੂੰ ਦੱਸਿਆ ਤੇ ਮੈਂ ਉਸ ਤੋਂ ਇਜ਼ਾਜਤ ਲੈ ਇਹਨਾਂ ਨੂੰ ਇੱਕ ਕਹਾਣੀ ਦਾ ਰੂਪ ਦੇਣ ਬਾਰੇ ਸੋਚਿਆ।

ਇਹ ਕਹਾਣੀ ਸਿਰਫ ਮਨਦੀਪ ਦੀ ਨਹੀਂ ਹੈ। ਇਹ ਕਹਾਣੀ ਅੱਜ ਹਰ ਇੱਕ ਪਰਵਾਸੀ ਦੀ ਹੈ, ਜੋ ਭੁੱਖੇ-ਧਿਆਏ ਪੈਦਲ ਹੀ ਆਪਣੇ ਘਰਾਂ ਨੂੰ ਪਰਤਣ ਦੀ ਜੱਦੋ-ਜਹਿਤ ਕਰ ਰਹੇ ਹਨ। ਕੋਈ ਸੋਚ ਨਹੀਂ ਸਕਦਾ ਕਿ ਉਹ ਇਸ ਸਫ਼ਰ ਦੌਰਾਨ ਕੀ-ਕੀ ਤਸੀਹੇ ਝੱਲ ਰਹੇ ਹੋਣਗੇ। ਆਪਾ ਬੰਦ ਕਮਰਿਆਂ ਵਿੱਚ ਬੈਠ ਇਸ ਵਕਤ ਇਹਨਾਂ ਬਾਰੇ ਪੜ੍ਹ ਰਹੇ ਹਾਂ, ਲਿੱਖ ਰਹੇ ਜਾਂ ਫਿਰ ਖ਼ਬਰਾਂ ਸੁਣ ਰਹੇ ਹਾਂ। ਪਰ ਕੋਈ ਇਸ ਵਕਤ ਰੋਟੀ ਦੀ ਭਾਲ ਕਰ ਰਿਹਾ ਹੋਵੇਗਾ,ਕੋਈ ਆਪਣੇ ਘਰ ਨੂੰ ਪਰਤਣ ਵਾਲੇ ਰਾਹ ਤੇ ਹੋਵੇਗਾ,ਕੋਈ ਬੁਰੇ ਵਕਤ ਨੂੰ ਕੱਟਣ ਲਈ ਹੱਥ ਫੈਲਾ ਰਿਹਾ ਹੋਵੇਗਾ ਜਾਂ ਨਵੇਂ, ਸਖ਼ਤ ਤੇ ਲੰਮੇ ਸਫ਼ਰ ਦੀ ਤਿਆਰੀ 'ਚ ਮਸ਼ਰੂਫ ਹੋਵੇਗਾ। ਹਾਲਾਤ ਬਣਨੇ ਸਾਡੇ ਵੱਸ ਵਿੱਚ ਨਹੀਂ। ਇਹ ਵਕਤ ਦਾ ਤਕਾਜਾ ਹੁੰਦੇ ਹਨ। ਵਕਤ ਹੋਣ ਤੇ ਬਦਲਦੇ ਹਨ। ਪਰ ਅਗਰ ਇਹੋ ਜਿਹੇ ਪਰਵਾਸੀ ਜਾਂ ਰਾਹਗੀਰ ਸਾਨੂੰ ਮਿਲਣ ਤਾਂ ਉਹਨਾਂ ਨੂੰ ਹੌਂਸਲਾ ਤੇ ਸਹਾਰਾ ਦੇਣ ਦੀ ਲੋੜ ਹੈ ਤਾਂ ਜੋ ਉਹ ਥੱਕੇ ਟੁੱਟ ਵੀ ਆਪਣੀ ਮੰਜ਼ਿਲ ਵੱਲ ਖੁਸ਼ੀ-ਖੁਸ਼ੀ ਵਧਦੇ ਜਾਣ। ਉਹਨਾਂ ਦੀਆਂ ਮਜਬੂਰੀਆਂ ਦਾ ਫਾਇਦਾ ਨਹੀਂ ਚੁੱਕਣਾ ਚਾਹੀਦਾ ਜਿਵੇਂ ਕਿ ਉਸ ਆਦਮੀ ਨੇ ਮਨਦੀਪ ਨਾਲ ਕਰਨ ਦੀ ਕੋਸ਼ਿਸ਼ ਕੀਤੀ। ਅਸੀਂ ਹੋਰ ਤਾਂ ਕੁਝ ਨਹੀਂ ਕਰ ਸਕਦੇ ਪਰ ਲੋਕਾਂ ਦੀਆਂ ਮਜਬੂਰੀਆਂ ਤੇ

ਹਾਲਾਤਾਂ ਨੂੰ ਸਮਝ ਆਪਣੀ ਸੋਚ ਵਿੱਚ ਬਦਲਾਵ ਜਰੂਰ ਲਿਆ ਸਕਦੇ ਹਾਂ। ਨਹੀਂ ਤਾਂ ਕਹਾਣੀਆਂ ਸਿਰਫ ਭੂਤਕਾਲ ਤੱਕ ਸੀਮਤ ਰਹਿਣਗੀਆਂ। ਅਗਰ ਉਹ ਸਾਡੀ ਸੋਚ ਤੱਕ ਨਾ ਪਹੁੰਚੀਆਂ। ਧੰਨਵਾਦ।

ਜਨਮਦਿਨ

ਪ੍ਰੋ ਕਿਰਪਾਲ ਕਜ਼ਾਕ

ਜਨਮਦਿਨ

ਕੀਰਤ - ਤਾਂ ਕੱਲ ਨੂੰ ਮੇਰੀ ਜਾਨ ਦਾ ਹੈਪੀ ਵਾਲਾ ਬੱਡੇ ਆ.....

ਅੰਗਦ - ਮੈਂ ਨੀ ਬੋਲਣਾ ਤੇਰੇ ਨਾਲ ਕਦੋਂ ਦਾ ਫੋਨ ਕਰੀ ਜਾਂਦਾ ਤੂੰ ਗੱਲ ਹੀ ਨਹੀਂ ਕਰਦੀ?

ਕੀਰਤ - ਤੇ ਗੁੱਸਾ ਕਿਉਂ ਹੁੰਦੇ ਹੋ?

ਅੰਗਦ - ਗੁੱਸਾ ਨਹੀਂ ਆ ਯਾਰ ਮੈਂ ਪਰ ਮੈਨੂੰ ਤੇਰੀ ਫਿਕਰ ਹੋ ਰਹੀ ਆ, ਕਿ ਪਤਾ ਨਹੀਂ ਮੇਰੇ ਨਾਲ ਗੱਲ ਕਿਉਂ ਨਹੀਂ ਕਰਦੀ। ਮੈਂ ਤਾਂ ਇਹੀ ਸੋਚੀ ਜਾਂਦਾ ਕਿ ਲੱਗਦਾ ਮੈਂ ਆਪਣੇ ਜਨਮਦਿਨ ਦਾ ਕੁਝ ਖਾਸ ਹੀ ਵੱਡਾ ਤੋਹਫ਼ਾ ਮੰਗ ਲਿਆ ਵਾ।

ਕੀਰਤ - ਤੋਹਫ਼ਾ ਤਾਂ ਕੁਝ ਖਾਸ ਹੀ ਵੱਡਾ ਵਾ। ਪਰ ਕੀ ਕਰਾ ਮੇਰੀ ਜਾਨ ਨੇ ਮੰਨਣਾ ਹੀ ਨਹੀਂ ਆ ਓਦਾਂ।

ਅੰਗਦ - ਨਹੀਂ ਯਾਰ ਕੀਰਤ ਅਗਰ ਤੈਨੂੰ ਅੱਜ ਵੀ ਲੱਗਦਾ ਵਾ ਕਿ ਮੈਂ ਸਹੀ ਬੰਦਾ ਨਹੀਂ ਆ ਤਾਂ ਛੱਡ ਦੇ ਮੈਨੂੰ। ਐਵੇਂ ਆਪਣੀ ਜ਼ਿੰਦਗੀ ਨਾ ਖਰਾਬ ਕਰ।

ਕੀਰਤ - ਅੱਛਾ ਜੀ ਤੇ ਆਪ ਮੇਰੀ ਜ਼ਿੰਦਗੀ ਖਰਾਬ ਕਰ ਰਹੇ ਹੋ?

ਅੰਗਦ - ਨਹੀਂ ਕੀਰਤ ਯਾਰ, ਤੂੰ ਹੀ ਦੱਸ ਤੈਨੂੰ ਮੇਰੇ ਤੇ ਜ਼ਕੀਨ ਨਹੀਂ ਆ। ਮੈਂ ਕਿਹੜਾ ਕਿਤੇ ਭੱਜ ਚੱਲਾ ਹਾਂ। ਨਾਲੇ ਤੈਨੂੰ ਪਤਾ ਵੀ ਹੈ ਕਿ ਮੈਂ ਬੱਸ ਤੇਰਾ ਹੀ ਆ। ਫਿਰ ਵੀ ਤੂੰ ਮੇਰੇ ਨਾਲ ਐਦਾਂ ਕਰੇ ਤਾਂ ਚੰਗੀ ਗੱਲ ਨਹੀਂ ਆ।

ਕੀਰਤ - ਚਲੋ ਠੀਕ ਆ ਜਾਨ ਜੀ ਹੁਣ ਮੁਆਫ ਵੀ ਕਰ ਦੇਵੋ।

ਅੰਗਦ - ਇਕ ਸ਼ਰਤ ਤੇ।

ਕੀਰਤ - ਤੇ ਹੁਣ ਮੇਰੇ ਨਾਲ ਸ਼ਰਤਾਂ ਵੀ ਰੱਖੋਗੇ।

ਅੰਗਦ - ਤੂੰ ਐਦਾਂ ਹੀ ਮੰਨ ਲਾ।

ਕੀਰਤ - ਦੱਸੋ ਕੀ ਸ਼ਰਤ ਵਾ? ਓਹੀ ਰਾਤ ਵਾਲੀ?

ਅੰਗਦ - ਪਤਾ ਤਾਂ ਹੈ ਤੈਨੂੰ, ਫਿਰ ਕਿਉਂ ਪੁੱਛਦੀ ਆ।

ਕੀਰਤ - ਅੰਗਦ, ਮੰਨ ਵੀ ਲਿਆ ਕਰੋ ਯਾਰ। ਮੈਨੂੰ ਵਿਆਹ ਤੋਂ ਪਹਿਲਾਂ ਇਹ ਸਭ ਕੁਝ ਕਰਨਾ ਸਹੀ ਨਹੀਂ ਲੱਗਦਾ।

ਅੰਗਦ - ਤੇ ਵਿਆਹ ਤਾਂ ਤੂੰ ਮੇਰੇ ਨਾਲ ਹੀ ਕਰਵਾਉਣਾ ਵਾ, ਜਾਂ ਫਿਰ ਕੋਈ ਹੋਰ ਲੱਭ ਲਿਆ ਵਾ ਵਿਆਹ ਲਈ।

ਕੀਰਤ - ਕਿਵੇਂ ਦੀਆਂ ਗੱਲਾਂ ਕਰਦੇ ਹੋ ਤੁਸੀਂ। ਜਾਓ ਮੈਂ ਨੀ ਗੱਲ ਕਰਨੀ।

ਅੰਗਦ - ਆਹੋ ਹੁਣ ਤੂੰ ਕਿੱਥੇ ਗੱਲ ਕਰਨੀ ਆ। ਤੋਹਫ਼ਾ ਜੋ ਮੰਗ ਲਿਆ ਤੇਰੇ ਤੋਂ।

ਕੀਰਤ - ਅੰਗਦ ... ਨਹੀਂ ਯਾਰ ਮੈਨੂੰ ਮਜ਼ਬੂਰ ਨਾ ਕਰੋ।

ਅੰਗਦ - ਚੱਲ ਠੀਕ ਆ ਤੂੰ ਫਿਰ ਮੈਨੂੰ ਜਨਮਦਿਨ ਦੀ ਮੁਬਾਰਕ ਵੀ ਨਾ ਦਵੀਂ... ਠੀਕ ਆ?

ਕੀਰਤ - ਆਹ ਕੀ ਗੱਲ ਹੋਈ ਯਾਰ।

ਅੰਗਦ - ਯਾਰ ਇੱਕ ਹੀ ਖੁਆਇਸ਼ ਮੰਗੀ ਆ। ਉਹ ਵੀ ਤਾਂ ਕਿ ਮੇਰਾ ਜਨਮਦਿਨ ਆ। ਤੇ ਤੋਹਫ਼ਾ ਬੱਸ ਤੇਰੇ ਤੋਂ ਹੀ ਚਾਹੀਦਾ ਵਾ। ਜੇ ਤੇਰੀ ਨਾਂਹ ਏ ਤਾਂ ਮੈਂ ਕਿਸੇ ਹੋਰ ਤੋਂ ਮੰਗ ਲਵਾਂ। ਸੋਚ ਲੈ ਬਹੁਤ ਨੇ ਤੋਹਫੇ ਦੇਣ ਦੇ ਲਈ।

ਕੀਰਤ - ਚੱਲੋ ਠੀਕ ਆ। ਦੱਸੋ ਕੀ ਚਾਹੀਦਾ ਤੁਹਾਨੂੰ?

ਅੰਗਦ - ਦੱਸਿਆ ਤਾਂ ਸੀ ਤੈਨੂੰ ਫੋਨ ਤੇ।

ਕੀਰਤ - ਕਦੋਂ ਚਾਹੀਦਾ ਤੋਹਫ਼ਾ?

ਅੰਗਦ - ਜਨਮਦਿਨ ਤਾਂ ਅੱਜ ਰਾਤ ਨੂੰ ਹੈ, ਤੇ ਤੋਹਫ਼ਾ ਵੀ ਤਾਂ ਅੱਜ ਰਾਤ ਨੂੰ ਹੀ ਬਣਦਾ ਹੈ।

ਕੀਰਤ - ਤੇ ਪਾਗਲ ਮੈਂ ਰਾਤ ਘਰੋਂ ਕਿਵੇਂ ਆਵਾਂਗੀ?

ਅੰਗਦ - ਇਹ ਤੂੰ ਦੇਖ ਬੱਸ ਤੂੰ ਮੈਨੂੰ ਅੱਜ ਰਾਤ ਮੇਰੇ ਕੋਲ ਚਾਹੀਦੀ ਆ।

ਕੀਰਤ - ਚੱਲ ਦੇਖਦੀ ਆ ਮੈਂ। ਹੁਣ ਆਪ ਕਲਾਸ ਚੱਲੀਏ?

ਅੰਗਦ - ਹਾਂ ਚੱਲ ਕਲਾਸ ਸ਼ੁਰੂ ਹੋਣ ਵਾਲੀ ਆ।

ਅੰਗਦ ਕੀਰਤ ਦਾ ਪ੍ਰੇਮੀ ਸੀ। ਦੋਨੋਂ ਇੱਕ ਦੂਜੇ ਨੂੰ ਪਿਆਰ ਕਰਦੇ ਸਨ। ਪਰ ਕੀਰਤ ਦੇ ਲਈ ਇਹ ਪਿਆਰ ਸਭ ਤੋਂ ਜਿਆਦਾ ਸੀ। ਉਹ ਅੰਗਦ ਲਈ ਕੁਝ ਵੀ ਕਰ ਸਕਦੀ ਸੀ। ਤੇ ਇਹੀ ਦਲੀਲਾਂ ਅੰਗਦ ਵੀ ਕੀਰਤ ਨੂੰ ਕਰਦਾ ਸੀ ਕਿ ਉਸ ਲਈ ਵੀ ਕੀਰਤ ਤੋਂ ਵੱਧ ਕੁਝ ਨਹੀਂ। ਕੱਲ ਨੂੰ ਅੰਗਦ ਆ ਜਨਮਦਿਨ ਆਉਣ ਵਾਲਾ ਸੀ ਤੇ ਉਹ ਕੀਰਤ ਨੂੰ ਆਪਣੇ ਜਨਮਦਿਨ ਦਾ ਤੋਹਫ਼ਾ ਦੇਣ ਲਈ ਮਨਾ ਰਿਹਾ ਸੀ। ਇਹ ਤੋਹਫ਼ਾ ਕੋਈ ਚੀਜ ਨਹੀਂ

ਸੀ। ਬਲਕਿ ਕੀਰਤ ਨਾਲ ਜਿਸਮਾਨੀ ਤਾਲੁਕਾਤ ਬਣਾਉਣ ਬਾਰੇ ਸੀ। ਕੀਰਤ ਇਹ ਸਭ ਲਈ ਬਿਲਕੁਲ ਤਿਆਰ ਨਹੀਂ ਸੀ। ਪਰ ਉਸ ਨੂੰ ਆਪਣੇ ਪ੍ਰੇਮੀ ਦੀ ਖੁਸ਼ੀ ਤੋਂ ਵੱਧ ਕੁਝ ਨਹੀਂ ਸੀ ਚਾਹੀਦਾ। ਭਾਵੇਂ ਉਸਦੀ ਇਜ਼ਤ ਦਾ ਮੁੱਲ ਪੈ ਰਿਹਾ ਹੋਵੇ। ਕੀਰਤ ਪਹਿਲਾਂ ਤਾਂ ਰਾਜੀ ਨਹੀਂ ਸੀ ਪਰ ਅੰਗਦ ਦੀਆਂ ਦਲੀਲਾਂ ਦੇ ਕਾਰਨ ਕੀਰਤ ਨੂੰ ਉਸਦੀ ਹਾਂ ਵਿੱਚ ਹਾਂ ਮਿਲਾਉਣੀ ਹੀ ਪਈ। ਖੈਰ ਉਹ ਗੱਲਾਂ ਕਰਦੇ-ਕਰਦੇ ਕਲਾਸ ਦੇ ਅੰਦਰ ਚਲੇ ਗਏ। ਦੋਵੇਂ ਹੀ ਬੀ.ਏ ਦੇ ਆਖਰੀ ਸਾਲ ਵਿੱਚ ਪੜ੍ਹਦੇ ਸਨ। ਤੇ ਕੀਰਤ ਆਪਣੀ ਬੀ.ਏ ਤੋਂ ਬਾਅਦ ਅੰਗਦ ਨਾਲ ਵਿਆਹ ਕਰਨ ਲਈ ਰਾਜੀ ਸੀ ਤੇ ਅੰਗਦ ਵੀ ਕੀਰਤ ਨੂੰ ਵਿਆਹ ਦੇ ਸੁਪਨੇ ਦਿਖਾ ਰਿਹਾ ਸੀ। ਕਲਾਸ ਖ਼ਤਮ ਹੋਣ ਤੋਂ ਬਾਅਦ ਸਾਰੇ ਕਲਾਸ ਵਿੱਚੋਂ ਬਾਹਰ ਆ ਗਏ ਤੇ ਅੰਗਦ ਨੇ ਕੀਰਤ ਨੂੰ ਆਪਣੇ ਮੋਟਰਸਾਈਕਲ ਤੇ ਬਿਠਾ ਕੇ ਉਸ ਦੇ ਘਰ ਤੋਂ ਕੁਝ ਕੁ ਦੂਰ ਉਤਾਰ ਕੇ ਰਾਤ ਨੂੰ ਮਿਲਣ ਦਾ ਵਾਅਦਾ ਲੈ ਕੇ ਚਲਾ ਗਿਆ।

ਕੀਰਤ ਨੇ ਆਪਣੇ ਘਰ ਦੀ ਘੰਟੀ ਵਜਾਈ। ਉਸਦੀ ਮਾਂ ਨੇ ਬੂਹਾ ਖੋਲਿਆ।

ਮਾਂ - ਕਿਵੇਂ ਰਿਹਾ ਅੱਜ ਕਾਲਜ?

ਕੀਰਤ - ਠੀਕ ਸੀ ਮੰਮੀ। ਪਾਣੀ ਪਿਲਾ ਦਿਓ।

ਕੀਰਤ ਆਪਣੇ ਘਰ ਦੇ ਅੰਦਰ ਆ ਚੁਕੀ ਸੀ ਤੇ ਉਸਦੀ ਮਾਂ ਉਸਦੇ ਲਈ ਪਾਣੀ ਲੈ ਕੇ ਆਈ। ਤੇ ਪਾਣੀ ਦੇਂਦੇ ਹੋਏ ਕਿਹਾ।

ਮਾਂ - ਰੋਟੀ ਖਾਵੇਗੀ?

ਕੀਰਤ - ਨਹੀਂ ਰੋਟੀ ਖਾਣ ਨੂੰ ਦਿਲ ਨਹੀਂ ਕਰ ਰਿਹਾ, ਮੈਗੀ ਬਣਾ ਦਿਓ।

ਮਾਂ - ਠੀਕ ਆ ਤੂੰ ਨਹਾ-ਧੋ ਲੈ। ਬਣਾ ਦੇਂਦੀ ਹਾਂ ਹੁਣੇ।

ਕੀਰਤ ਨਹਾ-ਧੋ ਕੇ ਆਪਣੇ ਕਮਰੇ ਵਿੱਚ ਚਲੀ ਗਈ ਤੇ ਉਸਦੀ ਮਾਂ ਓਥੇ ਹੀ ਉਸਦੇ ਲਈ ਮੈਗੀ ਪਾ ਕੇ ਲੈ ਆਈ। ਕੀਰਤ ਨੇ ਮੈਗੀ ਖਾਦੀ ਤੇ ਫਿਰ ਲੰਮੇ ਪੈ ਗਈ ਤੇ ਸੋਚਣ ਲੱਗੀ ਕਿ ਅੰਗਦ ਨੂੰ ਹਾਂ ਤਾਂ ਕਰ ਦਿੱਤੀ ਰਾਤ ਨੂੰ ਨਾਲ ਜਾਣ ਦੇ ਲਈ ਪਰ ਘਰ ਕੀ ਕਹੇ ਹੁਣ! ਉਹ ਸੋਚਦੀ ਗਈ ਤੇ ਫਿਰ ਆਪਣੀ ਮਾਂ ਨੂੰ ਆਵਾਜ਼ ਮਾਰੀ।

ਕੀਰਤ - ਮੰਮੀ..

ਮਾਂ - ਹਾਂ ਪੁੱਤ।

ਕੀਰਤ - ਮੰਮੀ ਅੱਜ ਨਾ ਰਜਨੀ ਘਰੇ ਜਗਰਾਤਾ ਵਾ। ਉਹ ਬੜਾ ਹੀ ਜ਼ੋਰ ਲਾ ਰਹੀ ਵਾ ਕਿ ਮੈਂ ਉਸ ਦੇ ਘਰ ਆਵਾਂ। ਮੈਂ ਜਾਵਾਂ?

ਮਾਂ - ਦੇਖ ਲਾ ਪੁੱਤ ਆਪਣੇ ਡੈਡੀ ਨੂੰ ਪੁੱਛ ਲਾ। ਮੈਂ ਨਹੀਂ ਇਸ ਬਾਰੇ ਕੁਝ ਕਹਿਣਾ। ਮੈਂ ਹਾਂ ਕਰਤੀ ਤਾਂ ਤੇਰੇ ਡੈਡੀ ਤੋਂ ਮੈਨੂੰ ਝਿੜਕਾਂ ਪੈਂਦੀਆਂ ਨੇ।

ਕੀਰਤ - ਡੈਡੀ ਕਿਹੜਾ ਐਥੇ ਆ। ਉਹਨਾਂ ਨੂੰ ਕਿਹੜਾ ਪਤਾ ਲੱਗਣਾ ਵਾ। ਅਗਰ ਫੋਨ ਆਇਆ ਤਾਂ ਕਹਿ ਦੇਵੀਂ ਕਿ ਸੁੱਤੀ ਆ ਬਸ।

ਮਾਂ - ਅੱਛਾ ਸਿਆਣੀ ਤਾਂ ਬੜੀ ਆ ਤੂੰ। ਮੈਂ ਨਹੀਂ ਝੂਠ ਬੋਲਣਾ।

ਕੀਰਤ - ਦੇਖਲਾ ਹਾਂ ਮੰਮੀ। ਮੇਰੀ ਪਿਆਰੀ ਜਿਹੀ ਮੰਮੀ ਨੀ ਆ ਤੂੰ। ਦੇਖ ਲਾ ਉਹ ਫੋਨ ਕਰੀ ਜਾਂਦੀ ਆ ਬਾਰ ਬਾਰ। ਜਾ ਲੈਣਦੇ ਹਾਂ। ਦੱਸ ਮੈਂ ਪਹਿਲਾਂ ਕਦੇ ਕਿਤੇ ਜਾਣ ਦੀ ਜ਼ਿੱਦ ਕੀਤੀ ਆ ਭਲਾ? ਦੇਖਲਾ ਅੱਜ ਜਾ ਲੈਣਦੇ ਹਾਂ।

ਮਾਂ - ਚੱਲ ਠੀਕ ਆ ਜਾ, ਪਰ ਸਵੇਰੇ ਤੜਕੇ ਹੀ ਆ ਜਾਵੀਂ।

ਕੀਰਤ - ਹਾਂ ਠੀਕ ਆ। ਛੇਤੀ ਆ ਜਾਵਾਂਗੀ। ਨਾਲੇ ਸਵੇਰੇ ਕਾਲਜ ਵੀ ਤਾਂ ਜਾਣਾ ਹੀ ਆ। ਮੈਂ ਹੁਣ ਸੋ ਲਵਾਂ ਕੁਝ ਦੇਰ ਫਿਰ ਰਾਤ ਨੂੰ ਜਗਰਾਤੇ ਤੇ ਵੀ ਜਾਗਣਾ ਹੀ ਆ।

ਮਾਂ - ਚੱਲ ਠੀਕ ਆ ਸੋ ਲੈ।

ਮਾਂ ਉੱਠ ਕੇ ਬਾਹਰ ਚਲੀ ਗਈ ਤੇ ਕੀਰਤ ਓਥੇ ਹੀ ਢੇਰੀ ਹੋ ਗਈ। ਝੱਟ ਹੀ ਉਸ ਨੂੰ ਨੀਂਦ ਆ ਗਈ। ਕਰੀਬ ਸ਼ਾਮੀ ਸਾਢੇ ਕੁ ਪੰਜ ਵਜੇ ਅੰਗਦ ਦਾ ਫੋਨ ਆਇਆ। ਕੀਰਤ ਦੀ ਜਾਗ ਖੁੱਲ ਗਈ ਤੇ ਉਸ ਨੇ ਫੋਨ ਚੁੱਕਦੇ ਹੀ ਕਿਹਾ।

ਕੀਰਤ - ਹਾਂਜੀ ਜਾਨ।

ਅੰਗਦ - ਕਿੱਦਾਂ ਤਿਆਰੀ ਆ।

ਕੀਰਤ - ਨਹੀਂ ਯਾਰ ਮੰਮੀ ਨਹੀਂ ਮੰਨ ਰਹੇ। ਕਹਿੰਦੇ ਡੈਡੀ ਗੁੱਸੇ ਹੋਣਗੇ ਰਾਤ ਨਹੀਂ ਕਿਤੇ ਵੀ ਜਾਣ ਦੇਣਾ।

ਅੰਗਦ - ਚੱਲ ਠੀਕ ਆ ਫਿਰ।

ਐਨਾ ਕਹਿ ਕੇ ਅੰਗਦ ਨੇ ਗੁੱਸੇ ਵਿੱਚ ਫੋਨ ਕੱਟ ਦਿੱਤਾ। ਕੀਰਤ ਨੇ ਆਪਣੇ ਫੋਨ ਤੋਂ ਫਿਰ ਉਸ ਨੂੰ ਫੋਨ ਲਗਾਇਆ। ਅੰਗਦ ਨੇ ਫੋਨ ਚੁੱਕਿਆ ਤੇ ਕਿਹਾ..

ਅੰਗਦ - ਹਾਂ ਬੋਲ।

ਕੀਰਤ - ਗੁੱਸੇ ਆ ਮੇਰੀ ਜਾਨ।

ਅੰਗਦ - ਮੈਂ ਨੀ ਗੱਲ ਕਰਨੀ। ਇੱਕ ਵਾਰ ਬੱਸ ਆਉਣ ਲਈ ਕਿਹਾ ਉਹ ਵੀ ਨਹੀਂ ਆ ਸਕਦੀ ਤਾਂ ਠੀਕ ਆ ਦੇਖ ਲਿਆ ਤੇਰਾ ਪਿਆਰ। ਮੈਨੂੰ ਫੋਨ ਨਾ ਕਰੀ.. ਠੀਕ ਆ?

ਕੀਰਤ - ਹਾਹਾਹਾਹਾਹ ... ਯਾਰ ਮੈਂ ਮਜਾਕ ਕਰ ਰਹੀ ਸੀ ਟਾਈਮ ਨਾਲ ਲੈਣ ਆ ਜਾਇਓ।

ਅੰਗਦ - ਸੱਚੀ?

ਕੀਰਤ - ਤੇ ਹੋਰ ਕੀ ਜਲਦੀ ਆ ਜਾਈਓ। ਨਹੀਂ ਤਾਂ ਮੰਮੀ ਨੇ ਜਾਣ ਨਹੀਂ ਦੇਣਾ।

ਅੰਗਦ - ਤੂੰ ਤਿਆਰ ਹੋ ਜਾ ਮੈਂ ਅੱਧੇ ਘੰਟੇ ਤੱਕ ਤੇਰੇ ਕੋਲ ਆ ਗਿਆ।

ਕੀਰਤ - ਠੀਕ ਆ ਆਜੋ ਫਿਰ। ਮੈਂ ਬਾਹਰ ਮਿਲਦੀ ਹੈ ਤੁਹਾਨੂੰ।

ਐਨਾ ਕਹਿ ਕੇ ਕੀਰਤ ਨੇ ਫੋਨ ਕੱਟ ਦਿੱਤਾ ਤੇ ਅੰਗਦ ਨਾਲ ਜਾਣ ਲਈ ਤਿਆਰੀ ਕਰਨ ਲੱਗ ਪਈ। ਉਹ ਪੂਰੀ ਤਰ੍ਹਾਂ ਤਿਆਰ ਹੋ ਗਈ। ਅੱਜ ਉਸ ਦਾ ਵੱਖਰਾ ਹੀ ਰੂਪ ਨਜ਼ਰ ਆ ਰਿਹਾ ਸੀ। ਉਹ ਖੁਸ਼ ਵੀ ਸੀ ਤੇ ਨਾ ਖੁਸ਼ ਵੀ। ਖੁਸ਼ ਇਸ ਲਈ ਕਿ ਅੰਗਦ ਦੀ ਖੁਸ਼ੀ ਵਿੱਚ ਉਸਦੀ ਖੁਸ਼ੀ ਸੀ ਤੇ ਨਾ ਖੁਸ਼ ਇਸ ਲਈ ਕਿ ਉਹ ਆਪਣੇ ਘਰਦਿਆਂ ਦੀ ਆਜ਼ਾਦੀ ਦਾ ਨਾਜਾਇਜ ਫਾਇਦਾ ਚੁੱਕ ਰਹੀ ਸੀ। ਪਰ ਉਹ ਮਜ਼ਬੂਰ ਸੀ। ਅਗਰ ਅੰਗਦ ਨੂੰ ਹਾਂ ਨਾ ਕਰਦੀ ਤਾਂ ਉਸ ਨੂੰ ਗਵਾ ਲੈਣ ਦਾ ਡਰ ਸੀ। ਪਿਆਰ ਹੀ ਬਹੁਤ ਕਰਦੀ ਸੀ ਉਸ ਨੂੰ। ਕਰੀਬ ਚਾਲੀ ਕੁ ਮਿੰਟ ਬਾਅਦ ਅੰਗਦ ਦਾ ਫੋਨ ਆਇਆ। ਤੇ ਉਸ ਨੇ ਕੀਰਤ ਨੂੰ ਬਾਹਰ ਆਉਣ ਲਈ ਕਿਹਾ। ਕੀਰਤ ਆਪਣੀ ਮੰਮੀ ਨੂੰ ਦੱਸ ਕੇ ਘਰੋਂ ਨਿਕਲ ਗਈ। ਘਰ ਤੋਂ ਕੁਝ ਕੁ ਦੂਰ ਹੀ ਅੰਗਦ ਖੜਾ ਸੀ। ਉਹ ਕੀਰਤ ਦੇ ਜੋਬਨ ਨੂੰ ਦੇਖ ਕੇ ਅਚਨਚੇਤ ਹੋ ਗਿਆ। ਕੀਰਤ ਉਸਦੇ ਕੋਲ ਗਈ ਪਰ ਉਹ ਕੀਰਤ ਨੂੰ ਦੇਖੀ ਹੀ ਜਾ ਰਿਹਾ ਸੀ। ਫਿਰ ਕੀਰਤ ਉਸਦੇ ਪਿੱਛੇ ਬੈਠ ਗਈ ਤੇ ਕਿਹਾ।

ਕੀਰਤ - ਕਿੱਥੇ ਲੈ ਕੇ ਜਾਵੋਗੇ?

ਅੰਗਦ - ਜਿੱਥੇ ਤੁਸੀਂ ਕਹੋ?

ਕੀਰਤ - ਮੈਨੂੰ ਕੀ ਪਤਾ ਯਾਰ। ਬੁਲਾਇਆ ਤੁਸੀਂ ਆ ਇਹ ਤੁਹਨੂੰ ਪਤਾ ਹੋਊ।

ਅੰਗਦ - ਚੱਲ ਪਹਿਲਾਂ ਘੁੰਮਦੇ ਫਿਰਦੇ ਹਾਂ। ਅਜੇ ਕਾਫੀ ਸਮਾਂ ਪਿਆ ਵਾ। ਨਾਲੇ ਕੁਝ ਖਾ ਪੀ ਲਵਾਂਗੇ।

ਕੀਰਤ - ਠੀਕ ਆ। ਮੈਂ ਪੀਜ਼ਾ ਖਾਣਾ ਵਾ ਕਿੰਨੇ ਦਿਨਾਂ ਤੋਂ ਨਹੀਂ ਖਾਧਾ।

ਅੰਗਦ - ਠੀਕ ਆ ਜਾਨ ਜੀ ਅੱਜ ਤਾਂ ਜੋ ਕਹੋਗੇ ਖਵਾ ਦੇਵਾਂਗੇ। ਬੱਸ ਹੁਕਮ ਕਰਦੇ ਜਾਵੋ।

ਕੀਰਤ ਖੁਸ਼ ਹੋ ਗਈ। ਫਿਰ ਉਹ ਦੋਨੋ ਇੱਕ ਅੰਗਰੇਜ਼ੀ ਕੰਪਨੀ ਦੇ ਹੱਟ ਡੋਮੀਨੋਜ਼ ਅੰਦਰ ਗਏ। ਅੰਗਦ ਨੇ ਇੱਕ ਪੀਜ਼ਾ ਤੇ ਦੋ ਸ਼ੇਕ ਲਿਆਉਂਣ ਲਈ ਕਿਹਾ। ਤੇ ਕੀਰਤ ਨੂੰ ਕੁਝ ਹੋਰ ਖਾਣ ਬਾਰੇ ਪੁੱਛਿਆ ਪਰ ਕੀਰਤ ਨੇ ਮਨ੍ਹਾ ਕਰ ਦਿੱਤਾ। ਉਹਨਾਂ ਨੇ ਪੀਜ਼ਾ ਖਾਧਾ ਤੇ ਫਿਰ ਇੱਕ ਪਾਰਕ ਵਿੱਚ ਜਾ ਕੇ ਬੈਠ ਗਏ। ਓਥੇ

ਕੁਝ ਗੱਲਾਂ ਬਾਤਾਂ ਕੀਤੀਆਂ। ਓਨੀ ਦੇਰ ਨੂੰ ਕਰੀਬ ਨੌ ਵੱਜ ਗਏ। ਫਿਰ ਅੰਗਦ ਕੀਰਤ ਨੂੰ ਨਾਲ ਲੈ ਕੇ ਇੱਕ ਹੋਟਲ ਵਿੱਚ ਚਲਾ ਗਿਆ। ਓਥੇ ਉਸ ਨੇ ਇੱਕ ਕਰਮਚਾਰੀ ਨੂੰ ਆਪਣਾ ਪਛਾਣ ਪੱਤਰ ਦਿਖਾਇਆ ਤੇ ਕੁਝ ਪੈਸੇ ਦਿੱਤੇ। ਕਰਮਚਾਰੀ ਨੇ ਅੰਗਦ ਨੂੰ ਇੱਕ ਕਮਰੇ ਦੀ ਚਾਬੀ ਦਿੱਤੀ ਤੇ ਉਪਰ ਜਾਣ ਨੂੰ ਕਿਹਾ। ਅੰਗਦ ਕੀਰਤ ਨੂੰ ਨਾਲ ਲੈ ਕੇ ਹੋਟਲ ਵਿੱਚ ਹੀ ਉਪਰ ਬਣੇ ਵਾਲੇ ਇੱਕ ਕਮਰੇ ਵਿੱਚ ਲੈ ਗਿਆ ਤੇ ਦਰਵਾਜ਼ਾ ਬੰਦ ਕਰ ਦਿੱਤਾ। ਕੀਰਤ ਨੇ ਮੂੰਹ ਬੰਨਿਆ ਹੋਇਆ ਸੀ ਤੇ ਉਸ ਨੇ ਕਮਰੇ ਅੰਦਰ ਜਾਂਦੇ ਹੀ ਆਪਣਾ ਮੂੰਹ ਖੋਲਿਆ। ਤੇ ਆਪਣਾ ਪਰਸ ਇੱਕ ਪਾਸੇ ਰੱਖ ਦਿੱਤਾ। ਤੇ ਆਪ ਬੈਠ ਗਈ।ਅੰਗਦ ਕੀਰਤ ਵੱਲ ਵਧਿਆ ਤੇ ਉਸ ਨੂੰ ਉਠਾ ਕੇ ਬਾਹਾਂ ਵਿੱਚ ਭਰ ਲਿਆ। ਕੀਰਤ ਨੇ ਸ਼ਰਮ ਮਹਿਸੂਸ ਕਰਦੇ ਹੋਏ ਉਸ ਤੋਂ ਪਿੱਛੇ ਹਟੀ ਤਾਂ ਅੰਗਦ ਨੇ ਉਸ ਨੂੰ ਫਿਰ ਤੋਂ ਫੜ ਲਿਆ ਤੇ ਆਪਣੇ ਪਿਆਰ ਕਰਨ ਦੇ ਦਾਅਵੇ ਕਰਨ ਲੱਗਾ। ਕੀਰਤ ਨਾ ਚਾਹੁੰਦੇ ਹੋਏ ਵੀ ਅੰਗਦ ਦੀ ਹਵਸ਼ ਦਾ ਸ਼ਿਕਾਰ ਬਣ ਰਹੀ ਸੀ। ਅੰਗਦ ਨੇ ਵਾਰੀ- ਵਾਰੀ ਆਪਣੇ ਤੇ ਕੀਰਤ ਦੇ ਜਿਸਮ ਤੋਂ ਕੱਪੜੇ ਲਾਹੇ ਤੇ ਜਿਸਮਾਨੀ ਮੇਲ ਵਿੱਚ ਗਵਾਚ ਗਿਆ। ਅੰਗਦ ਨੇ ਆਪਣੀ ਹਵਸ਼ ਪੂਰੀ ਕਰ ਲਈ ਤੇ ਕੀਰਤ ਨੂੰ ਕੁਝ ਪਲਾਂ ਵਿੱਚ ਹੀ ਉਸਦੀਆਂ ਆਪਣੀਆਂ ਨਜ਼ਰ ਵਿੱਚੋਂ ਡਿੱਗਣ ਲਈ ਮਜ਼ਬੂਰ

ਕਰ ਦਿੱਤਾ ਸੀ। ਹਵਸ਼ ਪੂਰੀ ਹੋਣ ਦੇ ਬਾਅਦ ਵੀ ਉਸ ਦੀ ਹਵਸ਼ ਵਿੱਚ ਅਜੇ ਵੀ ਕਮੀ ਨਜ਼ਰ ਆ ਰਹੀ ਸੀ। ਉਸ ਨੇ ਕੁਝ ਦੇਰ ਆਰਾਮ ਕਰਨ ਤੋਂ ਬਾਅਦ ਫਿਰ ਤੋਂ ਕੀਰਤ ਵੱਲ ਵਧਿਆ ਪਰ ਇਸ ਵਾਰ ਕੀਰਤ ਨੇ ਸਾਫ ਮਨ੍ਹਾ ਕਰ ਦਿੱਤਾ। ਅੰਗਦ ਇੱਕ ਵਾਰ ਫਿਰ ਤੋਂ ਗੁੱਸੇ ਤੇ ਨਾਰਾਜ਼ ਹੋਣ ਦਾ ਨਾਟਕ ਕਰਨ ਲੱਗ ਪਿਆ। ਕੀਰਤ ਫਿਰ ਤੋਂ ਓਸੇ ਹਾਲਤ ਵਿੱਚ ਉਸ ਨੂੰ ਮਨਾਉਣ ਲੱਗੀ ਤੇ ਫਿਰ ਤੋਂ ਰਾਜੀ ਹੋ ਗਈ। ਐਨੇ ਨੂੰ ਅੰਗਦ ਦੇ ਫੋਨ ਦੀ ਘੰਟੀ ਵੱਜੀ ਅੰਗਦ ਨੇ ਫੋਨ ਚੁੱਕਿਆ। ਫੋਨ ਉਸ ਦੇ ਦੋਸਤ ਦਾ ਸੀ ਉਸ ਨੂੰ ਕੁਝ ਪੈਸਿਆਂ ਦੀ ਲੋੜ ਸੀ। ਅੰਗਦ ਨੇ ਉਸ ਨੂੰ ਹੋਟਲ ਦਾ ਨਾਮ ਦੱਸਿਆ ਤੇ ਪੈਸੇ ਲੈ ਕੇ ਜਾਣ ਨੂੰ ਕਿਹਾ ਤੇ ਫੋਨ ਕੱਟ ਦਿੱਤਾ।

ਅੰਗਦ ਨੇ ਆਪਣੇ ਕੱਪੜੇ ਪਾਏ ਤੇ ਕੀਰਤ ਨੂੰ ਓਥੇ ਹੀ ਰੁਕਣ ਲਈ ਕਿਹਾ। ਤੇ ਜਲਦੀ ਨਾ ਹੋਟਲ ਚੋ ਬਾਹਰ ਆ ਕੇ ਆਪਣੇ ਦੋਸਤ ਨੂੰ ਫੋਨ ਕੀਤਾ। ਕੀਰਤ ਓਸੇ ਹਾਲਤ ਵਿੱਚ ਹੀ ਓਥੇ ਪਈ ਰਹੀ। ਤੇ ਅੰਗਦ ਦੇ ਆਉਣ ਦਾ ਇੰਤਜਾਰ ਕਰਨ ਲੱਗੀ। ਕੁਝ ਦੇਰ ਪਿੱਛੋਂ ਅੰਗਦ ਦਾ ਦੋਸਤ ਆਇਆ ਤੇ ਅੰਗਦ ਨੇ ਉਸ ਨੂੰ ਕੁਝ ਪੈਸੇ ਦਿੱਤੇ। ਉਹ ਹੋਟਲ ਤੋਂ ਕੁਝ ਵਿੱਥ ਤੇ ਸਨ। ਐਨੇ ਨੂੰ ਇੱਕ ਪੁਲਿਸ ਵਾਲੀ ਗੱਡੀ ਹੂਟਰ ਮਾਰਦੀ ਹੋਈ ਹੋਟਲ ਦੇ ਬਾਹਰ ਆ ਖਲੋਤੀ। ਅੰਗਦ ਦੇਖ ਕੇ ਹੱਕ-ਬੱਕਾ ਰਹਿ ਗਿਆ ਤੇ ਓਥੇ ਹੀ ਖੜਾ

ਰਿਹਾ। ਪੁਲਿਸ ਹੋਟਲ ਦੇ ਅੰਦਰ ਗਈ ਤੇ ਕੀਰਤ ਸਮੇਤ ਹੋਰ ਵੀ ਬਹੁਤ ਕੁੜੀਆਂ ਤੇ ਮੁੰਡਿਆਂ ਨੂੰ ਬਾਹਰ ਲੈ ਕੇ ਆ ਗਏ। ਕੀਰਤ ਦੀ ਹਾਲਾਤ ਗਰਕ ਹੋ ਚੁਕੀ ਸੀ। ਜਦ ਉਹ ਬਾਹਰ ਆਈ ਤਾਂ ਉਸ ਦੀ ਨਜ਼ਰ ਅਚਾਨਕ ਅੰਗਦ ਉਪਰ ਪਈ। ਪਰ ਉਹ ਕੁਝ ਬੋਲ ਨਾ ਸਕੀ ਤੇ ਆਪਣੇ ਆਪ ਨੂੰ ਕੋਸਣ ਲੱਗ ਪਈ। ਉਸ ਨੇ ਸੋਚਿਆ ਹੀ ਨਹੀਂ ਸੀ ਕਿ ਅੰਗਦ ਉਸ ਨਾਲ ਇੰਝ ਕਰੇਗਾ। ਅੰਗਦ ਦੂਰ ਤੋਂ ਖੜਾ ਦੇਖਦਾ ਰਿਹਾ ਪਰ ਕੋਈ ਹੀਲਾ ਨਾ ਕੀਤਾ। ਕੁਝ ਚਿਰ ਬਾਅਦ ਗੱਡੀ ਰਵਾਨਾ ਹੋ ਗਈ।

ਮੈਨੂੰ ਮੇਰੇ ਵਿੱਚੋਂ ਕੱਢ ਕੇ ਤੂੰ,

ਤੇ ਖੁੱਦ ਵਰਗਾ ਹੀ ਕਰ ਲਿਆ ਏ,

ਤੈਨੂੰ ਰੰਗ ਦੇ ਕੇ ਮੈਂ ਜ਼ਿੰਦਗੀ ਦੇ,

ਰੰਗ ਹੀਣ ਖੁੱਦ ਨੂੰ ਕਰ ਲਿਆ ਏ,

ਇਹ ਰੰਗ ਬੇ-ਰੰਗ ਜਿਹੇ ਲੱਗਦੇ ਨੇ,

ਜਿਵੇਂ ਲੈ ਗਿਆ ਚੋਰ ਚੁਰਾ ਕੇ ਵੇ,

ਤੂੰ ਜ਼ਿੰਦਗੀ ਮੰਗ ਲਈ ਤੋਹਫ਼ੇ ਚਾ

ਮੈਨੂੰ ਮਾਰ ਮੁਕਾ ਕੇ ਵੇ।

ਮੈਂ ਕਿਸ ਨੂੰ ਗੱਲ ਸੁਣਾਵਾਂ ਵੇ,

ਮੇਰਾ ਢਿੱਡ ਫੂਕ ਗਿਆ ਸਾਰਾ,

ਮੇਰੇ ਸਾਹ ਵਿੱਚ ਸਾਹ ਹੁਣ ਰਲਦੇ ਨਹੀਂ,

ਮੇਰਾ ਖੂਨ ਵੀ ਹੋ ਗਿਆ ਖਾਰਾ,

ਮੇਰਾ ਦਿਲ ਧੜਕਣਾ ਬੰਦ ਕਰਦੇ,

ਇਹ ਸੋਚਾਂ ਸਭ ਭੁਲਾ ਕੇ ਵੇ,

ਤੂੰ ਜ਼ਿੰਦਗੀ ਮੰਗ ਲਈ ਤੋਹਫ਼ੇ ਚਾ

ਮੈਨੂੰ ਮਾਰ ਮੁਕਾ ਕੇ ਵੇ।

ਮੈਨੂੰ ਹੱਥ ਮੇਰੇ ਚੋ ਬੂ ਆਵੇ,

ਜਿਸ ਨੂੰ ਤੂੰ ਚੁੰਮ ਕੇ ਗਲ ਲਾਇਆ,

ਮੇਰਾ ਜਿਸਮ ਨੋਚ ਕੇ ਛੱਡ ਦਿੱਤਾ,

ਚੇਤੇ ਹਰ ਇੱਕ ਪਲ ਆਇਆ,

ਮੈਨੂੰ ਧੁੱਪ ਵਿੱਚ ਕੰਬਣੀ ਆਵੇ,

ਕੀ ਰੱਖ ਤਾਂ ਤੂੰ ਕਰਾ ਕੇ ਵੇ,

ਤੂੰ ਜ਼ਿੰਦਗੀ ਮੰਗ ਲਈ ਤੋਹਫ਼ੇ ਚਾ

ਮੈਨੂੰ ਮਾਰ ਮੁਕਾ ਕੇ ਵੇ।

ਮੇਰੀ ਅੱਖ ਚੋ ਦਿਸਦਾ ਪਾਪ ਮੈਨੂੰ,

ਤੂੰ ਲੁੱਟ-ਪੁੱਟ ਗਿਆ ਏ ਮਾਣ ਸਾਰਾ,

ਤੇਰੀ ਰਾਤ ਸਵੱਲੀ ਕਰਨ ਲਈ,

ਮੇਰਾ ਗਰਕ ਹੋਇਆ ਜਹਾਨ ਸਾਰਾ,

ਹੁਣ ਲੱਗਾ ਜ਼ਮੀਰ ਏ ਡਰਨ ਮੇਰਾ,

ਕਿਵੇਂ ਰੱਖਾਂ ਖੁੱਦ ਲੁਕਾ ਕੇ ਵੇ,

ਤੂੰ ਜ਼ਿੰਦਗੀ ਮੰਗ ਲਈ ਤੋਹਫ਼ੇ ਚਾ

ਮੈਨੂੰ ਮਾਰ ਮੁਕਾ ਕੇ ਵੇ।

(ਦੀਪ ਗਗਨ)

ਕੀਰਤ ਇੱਕ ਸਾਊ ਕੁੜੀ ਸੀ। ਪਰ ਪਿਆਰ ਦੇ ਬਹਿਕਾਵੇ ਵਿੱਚ ਆ ਕੇ ਉਸ ਨੇ ਗ਼ਲਤ ਕਦਮ ਚੁੱਕ ਲਏ। ਜਿਸ ਦਾ ਅੰਜਾਮ ਉਸ ਨੂੰ ਸਾਰੀ ਉਮਰ ਭੁਗਤਣਾ ਪਵੇਗਾ। ਅੰਗਦ ਸਹੀ ਬੰਦਾ ਸੀ ਜਾ ਗ਼ਲਤ ਇਹ ਤਾਂ ਕੀਰਤ ਦੇ ਮੁਸ਼ਕਿਲ ਹਾਲਾਤ ਵਿੱਚ ਹੀ ਸਮਝ ਆ ਗਿਆ ਸੀ। ਪਰ ਕੀਰਤ ਲਈ ਦੁੱਖ ਦੀ ਗੱਲ ਇਹ ਸੀ ਕਿ ਉਸ ਨੇ ਕਿਸੇ ਨੂੰ ਜਨਮਦਿਨ ਦੇ ਤੋਹਫੇ ਦੇ ਤੋਰ ਤੇ ਆਪਣੀ ਸਾਰੀ ਜ਼ਿੰਗਦੀ ਲੁਟਾ ਦਿੱਤੀ ਸੀ। ਜਿਸ ਦਾ ਹਰਜ਼ਾਨਾ ਉਸ ਨੂੰ ਸਾਰੀ ਉਮਰ ਨਹੀਂ ਸੀ ਮਿੱਲ ਸਕਦਾ ਪਰ। ਜਦੋਂ ਕਿਸੇ ਦੇ ਪਿਆਰ ਦੀਆਂ ਦਲੀਲਾਂ ਸੱਚ ਦੇ ਦਾਅਵੇ ਕਰਨ ਤਾਂ ਹਰ ਕੋਈ ਯਕੀਨ ਕਰਨ ਲਈ ਮਜ਼ਬੂਰ ਹੋ ਜਾਵੇਗਾ। ਬਸ ਗੱਲ ਸਮੇਂ ਦੀ ਜਾਂ ਆਪਣੀ ਚਾਹਤ ਦੀ ਹੈ। ਜਾਂ ਫਿਰ ਮਜ਼ਬੂਰੀ ਦੀ ਵੀ ਹੋ ਸਕਦੀ ਹੈ। ਪਰ ਬਰਬਾਦ ਜ਼ਿੰਦਗੀ ਹਰ ਕਿਸੇ ਨੂੰ ਆਬਾਦ ਹੋਣ ਦੇ ਮੌਕੇ ਨਹੀਂ ਦੇਂਦੀ।

ਮਹਿਮਾ ਦੇਵ

ਮਾਨ ਸਿੰਘ

ਪੀ ਐਚ ਡੀ

ਮੁਖਤਿਆਰ ਕੌਰ

(ਅਸਲ ਜੀਵਨੀ)

2 ਜਨਵਰੀ 2019, ਬੁੱਧਵਾਰ ਨੂੰ ਮੈਂ ਆਪਣੇ ਘਰ ਤੋਂ ਕਰਨਾਟਕਾ ਦੇ ਹੁਬਲੀ ਸ਼ਹਿਰ ਲਈ ਨਿਕਲਿਆਂ। ਇੰਜ਼ੀਨੀਰਿੰਗ ਪੂਰੀ ਕਰਨ ਪਿੱਛੋਂ ਮੈਂ ਕਾਫੀ ਲੰਮੇ ਸਮੇਂ ਤੱਕ ਵਿਹਲਾ ਰਹਿਣ ਉਪਰਾਂਤ ਪਹਿਲੀ ਵਾਰ ਕਿਤੇ ਨੌਕਰੀ ਕਰਨ ਜਾ ਰਿਹਾ ਸੀ। 2 ਜਨਵਰੀ ਨੂੰ ਮੈਂ ਘਰੋਂ ਨਿਕਲਿਆ ਤੇ 4 ਜਨਵਰੀ ਨੂੰ ਸਵੇਰ ਦੇ ਵੇਲੇ ਹੁਬਲੀ ਪਹੁੰਚ ਗਿਆ। ਅਜੇ ਮੈਂ ਸਟੇਸ਼ਨ ਤੋਂ ਨਿਕਲਿਆ ਅਤੇ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਬੱਸ ਫੜੀ ਹੀ ਸੀ ਕਿ ਮੇਰੇ ਫੋਨ ਦੀ ਬੈੱਲ ਵੱਜੀ। ਮੈਂ ਫੋਨ ਚੁੱਕਿਆ ਤੇ ਇਹ ਮੇਰੀ ਭੂਆ ਦੇ ਮੁੰਡੇ ਦਾ ਫੋਨ ਸੀ। ਉਸਨੂੰ ਸ਼ਾਇਦ ਨਹੀਂ ਸੀ ਪਤਾ ਕਿ ਮੈਂ ਘਰ ਨਹੀਂ ਹਾਂ, ਬਲਕਿ ਨੌਕਰੀ ਲਈ ਜਾਂ ਰਿਹਾ ਹਾਂ। ਉਸਨੇ ਮੇਰਾ ਹਾਲ ਚਾਲ ਪੁੱਛਿਆ ਤੇ ਇਹ ਪੁੱਛਿਆ ਕਿ ਮੈਂ ਕਿੱਥੇ ਹਾਂ। ਮੈਂ ਆਪਣੇ ਬਾਰੇ ਦੱਸਿਆ। ਫਿਰ ਉਸਨੇ ਕੋਈ ਹੋਰ ਗੱਲਬਾਤ ਨਾ ਕੀਤੀ ਤੇ ਫੋਨ ਬੰਦ ਕਰ ਦਿੱਤਾ। ਮੈਂ ਸਮਝ ਗਿਆ ਕਿ ਕਿਸ ਕਾਰਨ ਉਸਨੇ ਫੋਨ ਕੀਤਾ ਹੋਵੇਗਾ। ਮੇਰੀ ਮੰਜ਼ਿਲ ਹੁਬਲੀ ਸ਼ਹਿਰ ਤੋਂ ਲਗਭਗ ਡੇਢ ਘੰਟੇ ਦੀ ਵਿੱਥ ਤੇ ਸੀ। ਕੁਝ ਵੀਹ ਕੁ ਮਿੰਟ ਬਾਅਦ ਮੇਰੀ ਮਾਂ ਦਾ ਫੋਨ ਆਇਆ। ਮੈਂ ਦੱਸਿਆ ਕਿ ਮੈਂ ਪਹੁੰਚ ਗਿਆ ਹਾਂ। ਬਸ ਕੁਝ

ਸਮੇਂ ਤਕ ਮੰਜ਼ਿਲ ਤੇ ਹੋਵਾਂਗਾਂ। ਕੁਝ ਦੇਰ ਗੱਲਬਾਤ ਕਰਨ ਬਾਅਦ ਉਹਨਾਂ ਦੱਸਿਆ ਕਿ ਤੇਰੇ ਭੂਆ ਜੀ ਚੱਲ ਵਸੇ ਨੇ। ਮੈਂ ਕਿਹਾ ਕਿ ਮੈਨੂੰ ਪਤਾ ਲੱਗ ਗਿਆ ਹੈ। ਮੈਂ ਦੱਸਿਆ ਕਿ ਮੈਨੂੰ ਭੂਆ ਦੇ ਮੁੰਡੇ ਫੋਨ ਦਾ ਆਇਆ ਸੀ। ਉਸਨੇ ਮੈਨੂੰ ਦੱਸਿਆ ਨਹੀਂ ਪਰ ਮੈਂ ਅੰਦਾਜ਼ਾ ਲਗਾ ਲਿਆ। ਫਿਰ ਮਾਂ ਨੇ ਮੈਨੂੰ ਆਪਣਾ ਧਿਆਨ ਰੱਖਣ ਲਈ ਆਖ ਫੋਨ ਬੰਦ ਕਰ ਦਿੱਤਾ।

ਦਰਅਸਲ ਭੂਆ ਜੀ ਕਾਫੀ ਲੰਮੇ ਸਮੇਂ ਤੋਂ ਬਿਮਾਰ ਸਨ। ਮੇਰੇ ਪਿੰਡ ਦੇ ਨਾਲ ਹੀ ਬਸ ਦੋ ਕੁ ਕਿਲੋਮੀਟਰ ਦੇ ਫਾਸਲੇ ਤੇ ਉਹਨਾਂ ਦਾ ਪਿੰਡ ਹੈ। ਮੇਰਾ ਉਹਨਾਂ ਨਾਲ ਬਹੁਤ ਪਿਆਰ ਸੀ। ਮੇਰੇ ਬਾਪੂ ਜੀ ਹੁਣੀ ਨੌ ਭੈਣ ਭਰਾ ਸਨ। ਜਿੰਨ੍ਹਾਂ ਚੋ' ਮੇਰੇ ਬਾਪੂ ਜੀ ਸਭ ਤੋਂ ਛੋਟੇ ਨੇ। ਮੈਂ ਹਫਤੇ ਵਿੱਚ ਦੋ ਦਿਨ ਜਰੂਰ ਭੂਆ ਜੀ ਨੂੰ ਮਿਲਣ ਜਾਂਦਾ ਸੀ। ਬਿਮਾਰ ਹੋਣ ਕਾਰਨ ਮੇਰਾ ਆਉਣ ਜਾਣ ਵਧੇਰੇ ਸੀ। ਅਗਰ ਮੈਂ ਆਪਣੀਆਂ ਸਾਰੀਆਂ ਭੂਆ ਵਿੱਚੋਂ ਕਿਸੇ ਨੂੰ ਸਭ ਤੋਂ ਵੱਧ ਪਿਆਰ ਕਰਦਾ ਸੀ ਤਾਂ ਉਹ ਇਹੀ ਨੇ। ਮੇਰੀ ਬਾਵੀ ਭੂਆ। ਨੌਕਰੀ ਤੇ ਆਉਣ ਤੋਂ ਪਹਿਲਾਂ ਹੀ ਮੈਂ ਇੱਕ ਜਨਵਰੀ ਦੀ ਰਾਤ ਨੂੰ ਕਾਫੀ ਦੇਰ ਤੱਕ ਉਹਨਾਂ ਕੋਲੋਂ ਬੈਠਾ ਆਇਆਂ ਸੀ। ਉਹਨਾਂ ਦੀ ਹਾਲਤ ਤੋਂ ਪਤਾ ਲੱਗਦਾ ਸੀ ਕਿ ਉਹ ਜਿਆਦਾ ਦਿਨ ਨਹੀਂ ਜੀਅ ਸਕਣਗੇ। ਮੈਂ ਆਪਣੀ ਮੰਜ਼ਿਲ ਤੇ ਪਹੁੰਚ ਗਿਆ ਅਤੇ

ਕੰਪਨੀ ਦੇ ਦੋ ਆਦਮੀ ਮੈਨੂੰ ਲੈਣ ਆਏ। ਆਪਣੇ ਆਉਣ ਦੀ ਸੂਚਨਾ ਮੈਂ ਮੈਨੇਜਰ ਨੂੰ ਦੇ ਕਮਰੇ ਵਿੱਚ ਚਲਾ ਗਿਆ। ਨਹਾਤਾ ਧੋਤਾ, ਰੋਟੀ ਪਾਣੀ ਖਾਧਾ ਤੇ ਆਰਾਮ ਕਰਨ ਲੱਗਾ।

ਮੈਂ ਭੂਆ ਜੀ ਬਾਰੇ ਸੋਚਣ ਲੱਗਾ। ਉਹਨਾਂ ਦੀਆਂ ਗੱਲਾਂ ਯਾਦ ਆਉਣ ਲੱਗੀਆਂ। ਜਿਵੇਂ ਉਹਨਾਂ ਦਾ ਚੇਹਰਾ, ਉਹ ਪਿਆਰ ਜੋ ਉਹ ਆਪਣੇ ਸਭ ਭਤੀਜੇ ਭਤੀਜੀਆਂ ਵਿੱਚੋਂ ਮੈਨੂੰ ਕਿਤੇ ਵੱਧਕੇ ਮਹਿਸੂਸ ਹੁੰਦਾ ਸੀ। ਮੇਰਾ ਮਨ ਬਦਲਣ ਲੱਗਾ। ਅੱਖਾਂ ਵਿੱਚ ਅੱਥਰੂ ਆਉਣ ਲੱਗੇ। ਪਹਿਲਾਂ ਤਾਂ ਅਜਿਹਾ ਕੁਝ ਨਹੀਂ ਸੀ ਪਰ ਕੁਝ ਸਮੇਂ ਪਿੱਛੋਂ ਮੇਰਾ ਮਨ ਘਬਰਾਉਣ ਲੱਗਾ। ਉਸ ਵਕਤ ਦੇ ਹਾਲਾਤ ਸ਼ਬਦਾਂ ਵਿੱਚ ਬਿਆਨ ਕਰਨਾ ਕਠਿਨ ਹੈ। ਏਨੇ ਨੂੰ ਮੇਰੇ ਬਾਪੂ ਜੀ ਦਾ ਫੋਨ ਆਇਆ। ਮੈਂ ਦੱਸਿਆ ਕਿ ਮੈਂ ਪਹੁੰਚ ਗਿਆ ਹਾਂ। ਪਰ ਨਾਲ ਇਹ ਵੀ ਕਹਿ ਦਿੱਤਾ ਕਿ ਮੇਰਾ ਦਿਲ ਨਹੀਂ ਲੱਗ ਰਿਹਾ, ਮੈਂ ਵਾਪਿਸ ਜਾਣਾ ਹੈ। ਬਾਪੂ ਜੀ ਮੇਰੀ ਗੱਲ ਸਮਝ ਗਏ ਤੇ ਉਹਨਾਂ ਕੰਪਨੀ ਦੇ ਮੈਨੇਜਰ ਨੂੰ ਫੋਨ ਕਰ ਮੈਨੂੰ ਛੁੱਟੀ ਦਵਾ ਦਿੱਤੀ। ਕੰਪਨੀ ਦਾ ਮੈਨੇਜਰ ਬਾਪੂ ਜੀ ਦਾ ਚੰਗਾ ਦੋਸਤ ਸੀ। ਉਸ ਰਾਤ ਉੱਥੇ ਰੁਕਨ ਪਿੱਛੋਂ ਮੈਂ ਅਗਲੀ ਸਵੇਰ ਸਟੇਸ਼ਨ ਵੱਲ ਨਿਕਲਿਆ। ਰੇਲ ਗੱਡੀ ਸ਼ਾਮ ਦੇ ਪੰਜ ਵਜੇ ਸੀ। ਜੋ ਸਿਰਫ ਦਿੱਲੀ ਤੱਕ ਜਾਣੀ ਸੀ। ਮੈਂ ਗਿਆਰਾਂ ਵਜੇ ਦੇ ਕਰੀਬ ਸਟੇਸ਼ਨ ਤੇ ਜਾ ਪਹੁੰਚਿਆ।

ਇਸ ਦੌਰਾਨ ਰੱਖਿਅਤ ਸੀਟ ਮਿਲਣਾ ਅਸਾਨ ਨਹੀਂ ਸੀ। ਫਿਰ ਵੀ ਮੈਨੂੰ ਭੋਪਾਲ ਤੋਂ ਦਿੱਲੀ ਤੇ ਦਿੱਲੀ ਤੋਂ ਬਿਆਸ ਤੱਕ ਦੀ ਰੱਖਿਅਤ ਸੀਟ ਦੀ ਟਿਕਟ ਮਿਲ ਗਈ। ਹੁਬਲੀ ਤੋਂ ਭੋਪਾਲ ਤੱਕ ਮੈਂ ਆਮ ਟਿਕਟ ਲਈ ਤੇ ਰੱਖਿਅਤ ਡੱਬਿਆਂ ਵਿੱਚ ਚੜ ਗਿਆ। ਇਸ ਦੌਰਾਮ ਟੀ.ਟੀ ਨੇ ਮੇਰੀ ਟਿੱਕਟ ਦੇਖੀ ਤੇ 200 ਰੁਪਏ ਜੁਰਮਾਨਾ ਲਾਇਆ। ਭੋਪਾਲ ਪਹੁੰਚਣ ਤੇ ਮੈਂ ਆਪਣੀ ਰੱਖਿਅਤ ਸੀਟ ਤੇ ਬੈਠ ਗਿਆ। ਫਿਰ ਦਿੱਲੀ ਉੱਤਰਿਆ ਤੇ ਆਪਣੀ ਅਗਲੀ ਗੱਡੀ ਦੀ ਉਡੀਕ ਕਰਨ ਲੱਗਾ। ਇਹ ਗੱਡੀ ਮੁੰਬਈ ਤੋਂ ਅੰਮ੍ਰਿਤਸਰ ਤੱਕ ਜਾਣੀ ਸੀ। ਕਰੀਬ ਦੋ- ਢਾਈ ਘੰਟੇ ਉਡੀਕ ਕਰਨ ਪਿੱਛੋਂ ਗੱਡੀ ਆਈ। ਮੈਂ ਬੈਠ ਗਿਆ। ਇਸ ਗੱਡੀ ਦਾ ਗੇੜਾ ਬਹੁਤ ਘੁੰਮਾਊ ਸੀ। ਉਂਝ ਕੋਈ ਵੀ ਗੱਡੀ ਸੱਤ ਤੋਂ ਅੱਠ ਘੰਟੇ ਵਿੱਚ ਦਿੱਲੀ ਤੋਂ ਬਿਆਸ ਪਹੁੰਚਾ ਦਿੰਦੀ ਹੈ। ਪਰ ਇਸ ਨੇ ਕਰੀਬ ਬਾਰਾਂ ਘੰਟੇ ਲਗਾਏ। ਉਸ ਦਿਨ ਸੱਤ ਜਨਵਰੀ ਸੀ। ਮੇਰੀ ਸੀਟ ਤੋਂ ਦੱਸ-ਬਾਰਾਂ ਸੀਟਾਂ ਛੱਡ ਕੋਈ ਬਜ਼ੁਰਗ ਮਾਤਾ ਬੈਠੀ ਸੀ। ਉਮਰ ਕਰੀਬ ਸੱਤਰ ਸਾਲ ਹੋਵੇਗੀ। ਅੰਦਾਜ਼ੇ ਵਜੋਂ। ਉਸਨੇ ਕੋਟਕਪੂਰੇ ਉੱਤਰਨਾ ਸੀ। ਪਰ ਨਾਲ ਕੋਈ ਨਹੀਂ ਸੀ। ਉਸਦੀ ਸੀਟ ਲਾਗਲੀਆਂ ਸੀਟਾਂ ਨੇ ਕੁਝ ਨੌਜਵਾਨ ਮੁੰਡੇ ਸਨ ਜੋ ਕਿ ਬਜ਼ੁਰਗ ਮਾਤਾ ਦੇ ਨਾਲ ਹੀ ਮੁੰਬਈ ਤੋਂ ਆਏ ਸਨ। ਜੋ ਹੁਣ ਤੱਕ ਮਾਤਾ ਦਾ ਖਿਆਲ ਰੱਖ ਰਹੇ

ਸਨ। ਪਰ ਉਹਨਾਂ ਰਾਹ ਵਿੱਚ ਉੱਤਰਨਾ ਸੀ। ਇਸ ਲਈ ਉਹਨਾਂ ਮੈਨੂੰ ਪੁੱਛਿਆ ਕਿ ਤੁਸੀਂ ਕਿੱਥੇ ਜਾਣਾ ਹੈ। ਮੈਂ ਦੱਸਿਆ ਕਿ ਬਿਆਸ। ਫਿਰ ਉਹਨਾਂ ਕਿਹਾ ਇਸ ਮਾਤਾ ਜੀ ਨੇ ਕੋਟਕਪੂਰੇ ਉੱਤਰਨਾ ਹੈ। ਕੀ ਤੁਸੀਂ ਤੱਦ ਤੱਕ ਇਹਨਾਂ ਦੇ ਸਮਾਨ ਤੇ ਮਾਤਾ ਦਾ ਖਿਆਲ ਰੱਖੋਗੇ।

ਮੈਂ ਕਿਹਾ ਠੀਕ ਹੈ। ਦਿਨ ਦਾ ਵੇਲਾ ਸੀ। ਮੈਂ ਮਾਤਾ ਦਾ ਸਮਾਨ ਆਪਣੇ ਸਮਾਨ ਦੇ ਕੋਲ ਲਿਆ ਕੇ ਰੱਖ ਦਿੱਤਾ। ਤੇ ਮਾਤਾ ਜੀ ਨੂੰ ਮੇਰੀ ਸੀਟ ਤੇ ਬੈਠਣ ਲਈ ਕਿਹਾ। ਉਹ ਮੇਰੇ ਕੋਲ ਹੀ ਬੈਠ ਗਏ। ਠੰਡ ਦੇ ਦਿਨ ਸਨ। ਮੈਂ ਕੰਬਲ ਲੈ ਕੇ ਬੈਠਾਂ ਸੀ। ਮੈਂ ਮਾਤਾ ਜੀ ਨੂੰ ਵੀ ਕੰਬਲ ਲੈਣ ਲਈ ਕਿਹਾ। ਪਰ ਉਹਨਾਂ ਮਨ੍ਹਾਂ ਕਰ ਦਿੱਤਾ। ਫਿਰ ਮੇਰੇ ਦੋ ਤਿੰਨ ਵਾਰ ਕਹਿਣ ਤੇ ਉਹਨਾਂ ਕੰਬਲ ਲੈ ਲਿਆ। ਮੈਂ ਕਿਤਾਬ ਪੜ ਰਿਹਾ ਸੀ। ਪਰਮਾਰਥੀ ਸਾਖੀਆਂ। ਕਿਤਾਬ ਬੰਦ ਕਰ ਮੈਂ ਇੱਕ ਪਾਸੇ ਰੱਖ ਦਿੱਤੀ ਤੇ ਮਾਤਾ ਨਾਲ ਗੱਲਾਂ ਕਰਨ ਲੱਗਾ। ਮੈਂ ਮਾਤਾ ਜੀ ਨੂੰ ਪੁੱਛਣ ਲੱਗਾ..

ਮੈਂ - ਕਿੱਥੋਂ ਆ ਰਹੇ ਮਾਤਾ ਜੀ ਤੁਸੀਂ?

ਮਾਤਾ ਜੀ - ਮੈਂ ਪੁੱਤ ਬੰਬੇ ਤੋਂ ਆ ਰਹੀ ਆ।

ਮੈਂ - ਅੱਛਾ। ਉੱਥੇ ਰਹਿੰਦੇ ਹੋ ਜਾਂ ਓਦਾਂ ਕਿਸੇ ਕੰਮ ਗਏ ਸੀ।

ਮਾਤਾ ਜੀ - ਮੇਰੀ ਧੀਅ ਆ ਉੱਥੇ। ਕਿੰਨੇ ਚਿਰ ਦੀ ਗਈ ਸੀ। ਦੋ ਕੁ ਮਹੀਨੇ ਹੋ ਗਏ ਹੋਣੇ ਆ।

ਮੈਂ - ਚਲੋ ਵਧੀਆ ਹੈ, ਘੁੰਮਦੇ-ਫਿਰਦੇ ਰਹਿਣਾ ਚਾਹੀਦਾ। ਜਿੰਦਗੀ ਦਾ ਵੀ ਕੀ ਪਤਾ ਹੈ।

ਮਾਤਾ ਜੀ - ਹਾਂਜੀ ਪੁੱਤ। ਤੂੰ ਕਿੱਥੋਂ ਆਇਆ ਪੁੱਤ?

ਮੈਂ - ਮੈਂ ਮਾਤਾ ਜੀ ਕਰਨਾਟਕਾ ਤੋਂ ਆ ਰਿਹਾ। ਨੌਕਰੀ ਤੇ ਗਿਆ ਸੀ।

ਮਾਤਾ ਜੀ - ਅੱਛਾ, ਹੁਣ ਘਰ ਚੱਲਿਆ ਵਾਪਿਸ।

ਮੈਂ - ਹਾਂਜੀ।

ਮਾਤਾ ਜੀ - ਕਿਹੜੇ ਪਿੰਡ?

ਮੈਂ - ਬਿਆਸ ਮਾਤਾ ਜੀ।

ਮਾਤਾ ਜੀ - ਅੱਛਾ ਬਿਆਸ।

ਮੈਂ - ਤੁਸੀਂ ਆਏ ਹੋ ਕਦੇ ਬਿਆਸ?

ਮਾਤਾ ਜੀ - ਹਾਂ ਆਉਂਦੇ ਰਹੀ ਦਾ। ਜਦੋਂ ਜੀ ਕਰੇ।

ਮੈਂ - ਕਿੱਥੇ ਆਉਂਦੇ ਹੋ? ਕਿਤੇ ਡੇਰੇ ਦੀ ਗੱਲ ਤਾਂ ਨਹੀਂ ਕਰ ਰਹੇ।

ਮਾਤਾ ਜੀ - ਹਾਂ, ਡੇਰੇ ਹੀ।

ਮੈਂ - ਠੀਕ ਠੀਕ।

ਮਾਤਾ ਜੀ - ਤੁਸੀਂ ਵੀ ਜਾਂਦੇ ਹੋ?

ਮੈਂ - ਹਾਂਜੀ, ਚਲੇ ਜਾਈਦਾ।

ਮਾਤਾ ਜੀ - ਲੈ ਦੱਸ ਹਾਂ, ਮੈਨੂੰ ਐਂਵੇ ਫਿਕਰ ਪਈ ਸੀ। ਵੇਖ ਬਾਬਾ ਜੀ ਨੇ ਤੈਨੂੰ ਭੇਜ ਤਾ ਮੇਰੀ ਮਦਦ ਲਈ।

ਮੈਂ - ਹਾਂਜੀ। ਉਹ ਕਿਸੇ ਨਾ ਕਿਸੇ ਤਰਾਂ ਮਦਦ ਕਰ ਹੀ ਦੇਂਦੇ ਨੇ।

ਮਾਤਾ ਜੀ - ਹਾਂ ਪੁੱਤ।

ਮੈਂ - ਵੈਸੇ ਮਾਤਾ ਜੀ ਤੁਸੀਂ ਇਕੱਲੇ ਆ ਰਹੇ ਹੋ, ਨਾਲ ਨੀ ਕੋਈ ਆਇਆ?

ਮਾਤਾ ਜੀ - ਜਵਾਈ ਮੇਰਾ ਬਥੇਰਾ ਜ਼ੋਰ ਲਾਉਂਦਾ ਸੀ ਕਿ ਮੈਂ ਛੱਡ ਆਉਂਦਾ। ਪਰ ਮੇਰੀ ਦੋਹਤੀ ਦਾ ਵਿਆਹ ਵਾ ਥੋੜੇ ਦਿਨਾਂ ਨੂੰ। ਜੇ ਮੇਰੇ ਨਾਲ ਆ ਜਾਂਦਾ ਤਾਂ ਹਫਤਾ ਖਰਾਬ ਹੋ ਜਾਣਾ ਸੀ ਓਦਾ।

ਤਦੇ ਮੈਂ ਕਿਹਾ ਬਸ ਮੈਨੂੰ ਗੱਡੀ ਚ' ਬਿਠਾ ਦਿਉ, ਅੱਗਿਉ ਆਪੇ ਲੈਣ ਆ ਜਾਣਗੇ।

ਮੈਂ - ਇਹ ਤਾਂ ਹੈ। ਤੁਸੀਂ ਨੀ ਵੇਖਣਾ ਦੋਹਤੀ ਦਾ ਵਿਆਹ?

ਮਾਤਾ ਜੀ - ਹਾਂ ਵੇਖਣ ਨੂੰ ਤਾਂ ਜੀਅ ਕਰਦਾ ਪਰ। ਫਿਰ ਪਿਛਲੇ ਗੁੱਸਾ ਕਰਨਗੇ ਭਾਈ। ਕਿ ਕਦੋਂ ਦੀ ਗਈ, ਮੁੜੀ ਨੀ। ਹੁਣ ਵਿਆਹ ਵੇਖਣ ਲਈ ਰੁਕ ਗਈ। ਪਤਾਂ ਤਾਂ ਹੈ ਪੁੱਤ ਤੈਨੂੰ ਅੱਜ ਕੱਲ ਦੇ ਧੀਆਂ-ਪੁੱਤਾਂ ਦਾ।

ਮੈਂ - ਲੈ ਇਹ ਕੀ ਗੱਲ ਹੋਈ ਭਲਾ। ਤੁਹਾਡੀ ਦੋਹਤੀ ਦਾ ਵਿਆਹ ਆ। ਕੋਣ ਕਰਦਾ ਗੁੱਸਾ ਤੁਹਾਡੇ ਵਿਆਹ ਵੇਖਣ ਤੋਂ, ਨਾਲੇ ਆਪਣੀ ਧੀ ਘਰ ਹੀ ਤਾਂ ਰਹਿਣਾ ਸੀ ਤੁਸੀਂ। ਕਿਹੜੇ ਬਿਗਾਨੇ ਘਰ ਰਹਿਣਾ ਸੀ।

ਮਾਤਾ ਜੀ - ਨਹੀਂ ਪੁੱਤ, ਬੜੇ ਸਿਆਪੇ ਹੁੰਦੇ ਨੇ। ਨਿੱਕੀ-ਨਿੱਕੀ ਗੱਲ ਤੇ ਵੀ।

ਮੈਂ - ਮਾਤਾ ਜੀ ਲੱਗਦਾ, ਨੂੰਹਾ ਪੁੱਤ ਸਾਂਭ ਨੀ ਕਰਦੇ?

ਮਾਤਾ ਜੀ - ਕੀ ਦੱਸਾ ਪੁੱਤ ਹੁਣ, ਝੱਗਾ ਚੁੱਕਿਆ ਆਪਣਾ ਹੀ ਢਿੱਡ ਨੰਗਾ ਹੁੰਦਾ।

ਮੈਂ - ਹਾਂਜੀ ਮਾਤਾ ਜੀ। ਇਹ ਗੱਲਾਂ ਤਾਂ ਠੀਕ ਹੈ। ਪਰ ਤੁਸੀਂ ਦੱਸ ਸਕਦੇ ਹੋ, ਕੋਈ ਗੱਲ ਨੀ। ਮੈਂ ਤੁਹਾਡਾ ਦੁੱਖ ਸਮਝਦਾ ਹਾਂ। ਮੈਂ ਬਹੁਤ ਇਹੋ ਜਿਹੇ ਧੀਆਂ ਪੁੱਤ ਵੇਖੇ ਨੇ ਜੋ ਆਪਣੇ ਮਾਂ-ਪਿਉ ਦੀ ਸਾਂਭ ਕਰਨ ਤੋਂ ਇਨਕਾਰ ਕਰਦੇ ਨੇ। ਗਿਣੇ-ਚੁਣਵੇਂ ਹੀ ਆ ਜੋ ਜਿੰਮੇਵਾਰੀਆਂ ਚੁੱਕਦੇ ਨੇ।

ਮਾਤਾ ਜੀ - ਬਹੁਤ ਘੱਟ ਨੇ ਪੁੱਤ। ਅੱਜ ਕੱਲ ਸਾਰੇ ਮਤਲਬ ਕੱਢ ਪਿਛਵਾੜੇ ਤੇ ਲੱਤ ਮਾਰਦੇ ਨੇ।

ਮੈਂ - ਹੈਗੇ ਨੇ ਮਾਤਾ ਜੀ ਜੋ ਸਾਂਭ ਕਰਦੇ ਨੇ। ਮੇਰੇ ਬਾਪੂ ਜੀ ਹੁਣੀ ਚਾਰ ਭਰਾ ਸੀ। ਦੋ ਹੁਣ ਪੂਰੇ ਹੋ ਗਏ ਆ। ਜਦੋਂ ਮੇਰੇ ਦਾਦਾ-ਦਾਦੀ ਜਿਉਂਦੇ ਸਨ ਤਾਂ ਓਦੋਂ ਮੇਰੇ ਦੋ ਵੱਡੇ ਤਾਏ ਅੱਡ ਸਨ ਤੇ ਮੇਰੇ ਬਾਪੂ ਤੇ ਤਾਇਆ ਇਕੱਠੇ ਸਨ। ਮੇਰੀ ਮਾਂ ਤੇ ਪਿਉ ਨੇ ਮੇਰੇ ਦਾਦਾ-ਦਾਦੀ ਦੀ ਬਹੁਤ ਸੇਵਾ ਕੀਤੀ। ਹਰ ਕੋਈ ਸਿਫਤਾਂ ਕਰਦਾ ਹੁਣ ਤੱਕ। ਮੇਰੇ ਤਾਏ ਨੇ ਬਾਹਰਲੇ ਮੁਲਕੋਂ ਕਮਾਈ ਭੇਜੀ ਤੇ ਮੇਰੇ ਬਾਪੂ ਨੇ ਘਰ ਰਹਿ ਉਹਨਾਂ ਦੀ ਸੇਵਾ ਕੀਤੀ। ਹੈਗੇ ਨੇ ਐਸੇ ਵੀ ਜੋ ਆਪਣੇ ਮਾਂ-ਪਿਉ ਨੂੰ ਸਾਂਭਣ ਵਿੱਚ ਝਿਜਕਦੇ ਨਹੀਂ।

ਮਾਤਾ ਜੀ - ਬੜੇ ਕਰਮੀ ਭਾਗੀ ਨੇ ਪੁੱਤ ਉਹ। ਜਿੰਨਾਂ ਦੇ ਬੱਚੇ ਸਾਂਭ ਕਰਦੇ ਉਹਨਾਂ ਦੀ। ਮੇਰੇ ਮੁੰਡੇ ਤਾਂ ਬੱਸ ਖਾਣ ਨੂੰ ਜੁੜੇ ਆ।

ਮੈਂ - ਮਾਤਾ ਜੀ। ਤੇ ਬਾਪੂ ਜੀ?

ਮਾਤਾ ਜੀ - ਉਹਨਾਂ ਨੂੰ ਤਾਂ ਪੁੱਤ ਗੁਜਰੇ ਕਿੰਨੇ ਸਾਲ ਹੋ ਗਏ। ਉਹਨਾਂ ਦੇ ਜਾਣ ਪਿੱਛੋਂ ਤਾਂ ਮੇਰੀ ਕਦਰ ਘਟੀ ਆ। ਜੱਦ ਤੱਕ ਉਹ ਜਿਉਂਦੇ ਸੀ, ਮੈਨੂੰ ਕਿਸੇ ਗੱਲ ਦਾ ਫਿਕਰ ਨਹੀਂ ਸੀ। ਜਿਉਂ ਪੁੱਤ ਜਵਾਨ ਹੋਏ। ਵਿਆਹ ਕਰਾਏ। ਜਮੀਨਾਂ ਵੰਡ ਲਈਆਂ ਤੇ ਮੈਨੂੰ ਇੱਕ ਪਾਸੇ ਕਰ ਦਿੱਤਾ।

ਮੈਂ - ਮਾਤਾ ਜੀ ਮੈਂ ਲਿੱਖਦਾ ਹਾਂ। ਥੋੜਾ ਬਹੁਤ। ਜੇ ਤੁਸੀਂ ਮੈਨੂੰ ਆਪਣੇ ਬਾਰੇ ਵਿਸਤਾਰ ਨਾਲ ਦੱਸੋਂ ਤਾਂ ਮੈਂ ਤੁਹਾਡੇ ਦੁੱਖ ਨੂੰ ਜੱਗ ਜਾਹਿਰ ਕਰਾਂਗਾਂ। ਤਾਂ ਜੋ ਲੋਕਾਂ ਨੂੰ ਆਪਣੇ ਮਾਂ-ਪਿਉ ਤਰਫ ਫਰਜ਼ਾਂ ਦਾ ਪਤਾ ਲੱਗੇ।

ਮਾਤਾ - ਕੀ ਕਹਾਣੀ ਲਿਖਣੀ ਪੁੱਤ ਮੇਰੀ। ਪਹਿਲਾਂ ਪੁੱਤਾਂ ਤੋਂ ਜਲੀਲ ਹੋਈ, ਫਿਰ ਨੂੰਹਾਂ ਤੋਂ। ਫਿਰ ਦੁਨੀਆਂ ਤੋਂ ਹੋਵਾਂਗੀ।

ਮੈਂ - ਨਹੀਂ ਮਾਤਾ ਜੀ। ਸਾਰੀ ਦੁਨੀਆਂ ਇੱਕੋ ਜਿਹੀ ਨਹੀਂ ਹੁੰਦੀ। ਬੜੇ ਚੰਗੇ ਲੋਕ ਵੀ ਨੇ ਜੱਗ ਤੇ। ਜੋ ਕਿਸੇ ਦੇ ਦੁੱਖ ਨੂੰ ਦੁੱਖ ਸਮਝਦੇ ਹਨ।

ਮਾਤਾ ਜੀ - ਨਾ ਪੁੱਤ ਰਹਿਣ ਦੇ। ਮੇਰੇ ਟੱਬਰ ਚੋ' ਕਿਸੇ ਨੇ ਪੜ ਲਈ ਤਾਂ ਹੋਰ ਸਿਆਪਾ ਪੈ ਜਾਊ।

ਮੈਂ - ਵਧੀਆ ਸਗੋਂ, ਉਹ ਪੜਨਗੇਂ ਤਾਂ। ਸ਼ਰਮ ਆਊ ਉਹਨਾਂ ਨੂੰ।

ਮਾਤਾ ਜੀ - ਉਹਨਾਂ ਸ਼ਰਮਿੰਦਿਆਂ ਨੂੰ ਕੀ ਸ਼ਰਮ ਆਉਣੀ। ਜਿਹੜੇ ਤੀਵੀਆਂ ਪਿੱਛੇ ਲੱਗੀ ਫਿਰਦੇ ਨੇ। ਸ਼ਰਮ ਉਦੋਂ ਨਾ ਆਵੇ, ਜਦੋਂ ਬੁੱਢੇ ਵਾਰੀ ਉਹਨਾਂ ਦੀ ਮਾਂ ਭਾਂਡੇ ਮਾਂਜ਼ਦੀ ਫਿਰਦੀ ਏ। ਉਹਨਾਂ ਦੇ ਨਿਆਣਿਆਂ ਲਈ ਲੰਗਰ ਪਕਾਉਂਦੀ ਆ।

ਮੈਂ - ਹਾਂਜੀ। ਇਹ ਗੱਲ ਤਾਂ ਠੀਕ ਹੈ। ਚਲੋਂ ਕੋਈ ਨਾ ਮੈਂ ਨਹੀਂ ਲਿਖਦਾ, ਤੁਸੀਂ ਕਹਿੰਦੇ ਹੋ ਤਾਂ।

ਮਾਤਾ - ਚੱਲ ਲਿਖਲਾ ਪੁੱਤ ਜੋ ਲਿਖਣਾ। ਦੱਸਦੀ ਹਾਂ ਮੈਂ। ਇਹਨਾਂ ਦੀ ਕਰਤੂਤਾਂ ਦਾ ਵੀ ਤਾਂ ਦੁਨੀਆਂ ਨੂੰ ਪਤਾ ਲੱਗੇ।

ਮੈਂ - ਠੀਕ ਆ ਮਾਤਾ ਜੀ। ਨਾਂ ਕੀ ਤੁਹਾਡਾ?

ਮਾਤਾ ਜੀ - ਮੁਖਤਿਆਰ ਕੌਰ।

ਮਾਤਾ ਜੀ ਨੇ ਮੈਨੂੰ ਆਪਣੇ ਪਿੰਡ ਦਾ ਨਾਂ ਵੀ ਦੱਸਿਆ ਜੋ ਕਿ ਇਸ ਵਕਤ ਮੈਨੂੰ ਯਾਦ ਨਹੀਂ। ਕਾਫੀ ਸਮਾਂ ਯਾਦ ਕਰਨ ਦੇ ਬਾਅਦ ਵੀ ਮੈਨੂੰ ਯਾਦ ਨਹੀਂ ਆਇਆ। ਹਾਂ, ਪਿੰਡ ਕੋਟਕਪੂਰੇ ਦੇ ਆਸ ਪਾਸ ਹੀ ਹੈ।

ਮੈਂ - ਤੇ ਮਾਤਾ ਜੀ ਕਿੰਨੇ ਧੀਆਂ ਪੁੱਤ ਨੇ?

ਮਾਤਾ ਜੀ - ਦੋ ਧੀਆਂ ਤੇ ਦੋ ਪੁੱਤ ਆ। ਸਾਰੇ ਵਿਆਹੇ ਆ। ਹੁਣ ਤਾਂ ਸੁੱਖ ਨਾਲ ਉਹਨਾਂ ਦੇ ਧੀਆਂ-ਪੁੱਤ ਵਿਆਹ ਦੇ ਯੋਗ ਹੋ ਗਏ ਨੇ।

ਮੈਂ - ਦੱਸੋ ਫਿਰ ਮਾਤਾ ਜੀ ਆਪਣੇ ਬਾਰੇ। ਧੀਆਂ ਪੁੱਤਾਂ ਬਾਰੇ।

ਮਾਤਾ ਜੀ - ਕਾਫੀ ਸਮੇਂ ਪਹਿਲਾਂ ਦੀ ਗੱਲ ਆ। ਮੇਰਾ ਘਰਵਾਲਾ ਗੁਜਰ ਗਿਆ। ਘਰ ਦੀ ਸਾਰੀ ਜਿੰਮੇਵਾਰੀ ਮੇਰੇ ਤੇ ਆ ਗਈ। ਮੈਂ ਆਪਣੇ ਧੀਆਂ-ਪੁੱਤਾਂ ਨੂੰ ਪਾਲਿਆ ਤੇ ਇੱਕ-ਇੱਕ ਕਰ ਦੋਵੇਂ ਧੀਆਂ ਵਿਆਹ ਦਿੱਤੀਆਂ। ਧੀਆਂ ਮੇਰੀਆਂ ਚੰਗੀਆਂ ਨੇ ਤੇ ਜਵਾਈ ਤਾਂ ਧੀਆਂ ਨਾਲੋਂ ਵੱਧਕੇ ਕਰਦੇ ਨੇ।

ਪਹਿਲਾਂ ਵੱਡੇ ਪੁੱਤ ਦਾ ਵਿਆਹ ਕੀਤਾ। ਕੁਝ ਚਿਰ ਤਾਂ ਨੂੰਹ ਨਾਲ ਸੋਹਣੀ ਨਿਭੀ। ਨਵੀਂ-ਨਵੀਂ ਜੋ ਸੀ। ਪਰ ਹੋਲੀ ਹੋਲੀ ਉਸਨੇ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਸਵੇਰੇ ਦੇਰੀ ਨਾਲ ਉੱਠਣਾ। ਸਾਫ਼-ਸਫ਼ਾਈ ਵੱਲ ਧਿਆਨ ਨਾ ਦੇਣਾ। ਬਸ ਰਿਸ਼ਤੇ ਦਾਰੀਆਂ ਵਿੱਚ ਫਿਰਨ ਤੇ ਟੱਕ ਚਾੜ੍ਹ ਛੱਡਣਾ। ਮੈਂ ਹੀ ਰੋਟੀ-ਪਾਣੀ ਕਰਨਾ ਤੇ ਫਿਰ ਬਾਕੀ ਘਰ ਦੇ ਕੰਮ। ਮੁੰਡਾ ਮੇਰਾ ਵੀ ਓਸੇ ਪਿੱਛੇ ਲੱਗਿਆ। ਜਿੱਦਾਂ ਕਹਿੰਦੀ ਓਦਾਂ ਹੀ ਕਰਦਾ। ਮੈਂ ਉਸ ਨੂੰ ਕਹਿੰਦੀ ਕਿ ਨੂੰਹ ਨੂੰ ਬਹੁਤਾ ਸਿਰ ਨਾ ਚੜ੍ਹਾ, ਪਰ ਉਹ ਮੇਰੀਆਂ ਗੱਲਾਂ ਕਿੱਥੇ ਮੰਨਦਾ। ਮੈਂ ਉਹਨਾਂ ਨੂੰ ਘੁੰਮਣ-ਫਿਰਨ ਤੋਂ ਨਹੀਂ ਸੀ ਰੋਕਿਆ। ਪਰ ਘਰ ਦਾ ਕੰਮ ਛੱਡ ਅਵਾਰਾਗਰਦੀਆਂ ਕਰਨਾ ਵੀ ਤਾਂ ਚੱਜ ਦਾ ਕੰਮ ਨੀ। ਫਿਰ ਸੋਚਿਆ ਚੱਲ ਇਹ ਏਦਾਂ ਕਰਦੀ ਤਾਂ ਕੋਈ ਗੱਲ ਨੀ ਮੈਂ ਦੂਜੇ ਮੁੰਡੇ ਦਾ ਵਿਆਹ ਕਰਾ ਦਿੰਦੀ ਆ। ਉਹ ਤਾਂ ਘਰ ਦਾ ਕੰਮ ਕਰੂਗੀ। ਮੈਨੂੰ ਚਾਹੀਦਾ ਵੀ ਕੀ ਸੀ। ਬਸ ਦੋ ਵੇਲੇ ਦੀ ਰੋਟੀ। ਆਪਣੇ ਲੀੜੇ ਨਾਉਣ ਵੇਲੇ ਆਪ ਹੀ ਧੋ ਲੈਂਦੀ ਸੀ। ਪਰ ਦੋ ਵੇਲੇ ਦੀ ਰੋਟੀ ਵੀ ਦੇਣੀ ਉਸਨੂੰ ਭਾਰੀ ਸੀ।

ਥੋੜ੍ਹੇ ਸਮੇਂ ਬਾਅਦ ਮੈਂ ਦੂਜੇ ਮੁੰਡੇ ਦਾ ਵਿਆਹ ਕਰ ਦਿੱਤਾ। ਕਹਿਣ ਨੂੰ ਤਾਂ ਪੜ੍ਹੀਆਂ ਲਿਖੀਆਂ ਪਰ ਇੱਜ਼ਤ ਕਰਨ ਦਾ ਇੱਕ ਧੇਲੇ ਦਾ ਨਹੀਂ ਪਤਾ। ਖੈਰ ਨਿੱਕੇ ਮੁੰਡੇ ਦੀ ਘਰਵਾਲੀ ਨੇ ਪਹਿਲਾਂ

ਚਾਰ ਕੁ ਦਿਨ ਸੇਵਾ ਕੀਤੀ। ਮੈਂ ਕਿਹਾ ਚੱਲ ਸ਼ੁਕਰ ਆ ਬਾਬਾ ਜੀ ਦਾ। ਇੱਕ ਨਹੀਂ ਤਾਂ ਦੂਜੀ ਚੰਗੀ ਹੈ। ਪਰ ਉਸਨੇ ਮਹੀਨਾਂ ਵੀ ਨਾ ਪੂਰਾ ਹੋਣ ਦਿੱਤਾ। ਮੇਰਾ ਫਿਰ ਓਹੀ ਹਾਲ। ਮੈਂ ਮੁੰਡਿਆਂ ਨੂੰ ਕਹਿਣਾ ਤਾਂ ਉਹਨਾਂ ਕਹਿਣਾ ਕਿ ਬੇਬੇ ਤੂੰ ਵਿਹਲੀ ਏ ਘਰ, ਕਰ ਲਿਆ ਕਰ ਮਾੜਾ ਮੋਟਾ ਕੰਮ। ਥੋੜੇ ਬਹੁਤੇ ਕੰਮ ਨਾਲ ਬੰਦੇ ਦੇ ਹੱਢ ਪੈਰ ਚੱਲਦੇ ਰਹਿੰਦੇ ਨੇ। ਕੋਈ ਗੱਲ ਨੀ।

ਮੇਰੀ ਜਿੰਦਗੀ ਮੈਨੂੰ ਬੇਕਾਰ ਜਾਪਣ ਲੱਗੀ। ਫਿਰ ਉਹਨਾਂ ਦੇ ਨਿਆਣੇ ਹੋਣ ਲੱਗੇ। ਪੋਤੇ-ਪੋਤੀਆਂ ਦੀ ਖੁਸ਼ੀ ਤਾਂ ਸੀ। ਪਰ ਉਹਨਾਂ ਦੇ ਪੋਤੜੇ ਵੀ ਮੈਂ ਧੋਣੇ ਤੇ ਲੰਗਰ ਪਾਣੀ ਵੀ ਮੈਂ ਹੀ ਕਰਨਾ। ਜਦੋਂ ਨੂੰਹਾਂ ਨੂੰ ਕਿਤੇ ਕੰਮ ਕਹਿ ਦੇਣਾ ਤਾਂ ਉਹਨਾਂ ਸਿੱਧੇ ਮੂੰਹ ਗੱਲ ਤੱਕ ਨਾ ਕਰਨੀ। ਤੇ ਉੱਤੋਂ ਮੁੰਡਿਆਂ ਕੋਲ ਸ਼ਿਕਾਇਤ ਕਰ ਮੈਨੂੰ ਝਿੜਕਾਂ ਪਵਾ ਦੇਣੀਆਂ। ਫਿਰ ਦੋਨਾਂ ਭਰਾਵਾਂ ਦੀ ਆਪਸ ਵਿੱਚ ਵੀ ਨਾ ਬਣਦੀ। ਉਹਨਾਂ ਨੇ ਪੁੱਤਾਂ ਨੂੰ ਅੱਡ ਕਰਾ ਦਿੱਤਾ। ਮੈਂ ਵੱਡੇ ਮੁੰਡੇ ਦੇ ਨਾਲ ਰਹਿਣ ਲੱਗੀ। ਉਨ੍ਹਾਂ ਆਪਸ ਵਿੱਚ ਜਮੀਨ ਵੰਡ ਲਈ। ਮੇਰੀਆਂ ਧੀਆਂ ਨੇ ਮੈਨੂੰ ਬਹੁਤ ਕਿਹਾ ਕਿ ਜਮੀਨ ਨੂੰ ਤਿੰਨਾਂ ਹਿੱਸਿਆਂ ਵਿੱਚ ਵੰਡ, ਤਾਂ ਜੋ ਮੁੰਡੇ ਤੇਰੀ ਕਦਰ ਕਰਨ। ਪਰ ਮੈਂ ਇਸ ਗੱਲ ਵੱਲ ਧਿਆਨ ਨਾ ਦਿੱਤਾ ਤੇ ਦੋਵਾਂ ਮੁੰਡਿਆਂ ਨੂੰ ਉਹਨਾਂ ਦੇ ਹਿੱਸੇ ਆਉਂਦੀ ਜਮੀਨ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਵੱਡੀ

ਨੂੰਹ ਘਰ ਦਾ ਕੰਮ ਕਾਰ ਭਾਵੇਂ ਘੱਟ ਕਰਦੀ ਸੀ ਪਰ ਮੈਨੂੰ ਬੁਰਾ ਭਲਾ ਬਹੁਤਾ ਨਹੀ ਸੀ ਕਹਿੰਦੀ। ਇਸ ਲਈ ਮੈਂ ਵੱਡੇ ਨਾਲ ਹੀ ਰਹਿੰਦੀ। ਮੈਂ ਸਵੇਰੇ ਤੜਕੇ ਉੱਠਣਾ, ਨਹਾਂ-ਧੋ ਭਜਨ ਸਿਮਰਨ ਕਰਨਾ ਤੇ ਫਿਰ ਚਾਹ ਬਣਾ ਪੀਣੀ ਤੇ ਸਾਰਿਆ ਲਈ ਰੋਟੀ ਪਕਾ ਦੇਣੀ। ਨੂੰਹ ਰੋਜ਼ ਕਵੇਲੇ ਨਾਲ ਉੱਠਦੀ ਸੀ। ਇੱਕ ਗੱਲ ਜਰੂਰ ਸੀ, ਮੈਂ ਤੜਕੇ ਉੱਠ ਰੋਟੀ ਪਾਣੀ ਕਰਨਾ ਤੇ ਮੇਰੀ ਨੂੰਹ ਨੇ ਜਦੋਂ ਕਦੇ ਵੇਲੇ ਨਾਲ ਉੱਠਣਾ ਤਾਂ ਆਪਣੇ ਨਿਆਣਿਆ ਲਈ ਤੇ ਮੇਰੇ ਮੁੰਡੇ ਲਈ ਰੋਟੀ ਪਕਾ ਲੈਣੀ ਪਰ ਮੇਰੇ ਲਈ ਨਾ ਪਕਾਉਣੀ। ਪਤਾ ਨਹੀਂ ਕੀ ਵੈਰ ਕੱਢਦੀ ਏ। ਲੀੜੇ ਵੀ ਮੈਂ ਹੀ ਧੋਣੇ। ਉਹ ਮਜ਼ਾਜ ਨਾਲ ਉੱਠਦੀ ਤੇ ਮਾੜਾ ਮੋਟਾ ਕੰਮ ਕਰ ਸਾਰਾ ਦਿਨ ਫੋਨ ਨੂੰ ਚਿੰਬੜੀ ਰਹਿੰਦੀ। ਮੈਂ ਉਸਨੂੰ ਬਹੁਤਾ ਨਾ ਕਹਿਣਾ। ਮੈਂ ਮੰਨ ਲਿਆ ਸੀ ਕਿ ਮੇਰੇ ਕਰਮਾਂ ਵਿੱਚ ਇਹੀ ਲਿਖਿਆ ਹੈ।

ਇਸ ਸਭ ਤੋਂ ਖਹਿੜਾ ਛੁਡਾ ਕਦੇ-ਕਦੇ ਮੈਂ ਡੇਰੇ ਚਲੀ ਜਾਂਦੀ, ਸੇਵਾ ਤੇ। ਸੇਵਾ ਤਾਂ ਬਸ ਇੱਕ ਬਹਾਨਾ ਸੀ, ਘਰ ਦੀ ਖਿਝਾ-ਖਿਝਾਈ ਤੋਂ ਦੂਰ ਰਹਿਣ ਦਾ। ਪਰ ਮੇਰੀਆਂ ਨੂੰਹਾਂ ਨੂੰ ਮੇਰਾ ਡੇਰੇ ਜਾਣਾ ਜਾਂ ਹੋਰ ਧੀ ਕੋਲ ਜਾਣਾ ਵੀ ਚੰਗਾ ਨਹੀਂ ਸੀ ਲੱਗਦਾ। ਘਰ ਦਾ ਕੰਮ ਜੋ ਕਰਨਾ ਪੈਂਦਾ ਸੀ। ਇੱਕ ਦੋ ਵਾਰ ਮੇਰੇ ਮੁੰਡੇ ਨੇ ਮੈਨੂੰ ਮਾਰਿਆ ਵੀ। ਗੱਲ ਕੋਈ ਵੱਡੀ ਨਹੀਂ ਸੀ ਬਸ ਧੀਆਂ ਨੇ ਆ ਜਰੂਰ

ਉਹਨਾਂ ਨੂੰ ਬੁਰਾ ਭਲਾ ਕਿਹਾ। ਪਰ ਹਾਲ ਓਹੀ ਰਿਹਾ। ਮੈਂ ਕਦੇ-ਕਦੇ ਆਪਣੀਆਂ ਧੀਆਂ ਕੋਲ ਰਹਿਣ ਚਲੀ ਜਾਂਦੀ। ਜਦੋਂ ਬਹੁਤੇ ਦਿਨ ਰਹਿੰਦੀ ਤਾਂ ਫਿਰ ਖਿਚ-ਖਿਚ। ਜੇ ਪੁੱਤ ਮੈਂ ਕੱਲੀ-ਕੱਲੀ ਗੱਲ ਦੱਸਾਂ ਤਾਂ ਪੂਰੀਆਂ ਨੀ ਪੈਣੀਆਂ।

ਆਹ ਥੋੜਾ ਚਿਰ ਪਹਿਲਾਂ ਮੇਰੀ ਬੰਬੇ ਵਾਲੀ ਕੁੜੀ ਤੇ ਜਵਾਈ ਪਿੰਡ ਆਏ ਸਨ। ਉਹ ਮੈਨੂੰ ਬਦੋ-ਬਦੀ ਬੰਬੇ ਲੈ ਆਏ। ਮੇਰੇ ਦੋਹਤੇ-ਦੋਹਤੀਆਂ ਮੈਨੂੰ ਵੇਖ ਬੜਾ ਖੁਸ਼ ਹੋਏ। ਉਹ ਮੈਨੂੰ ਰੋਜ ਘੁੰਮਣ ਲੈ ਕੇ ਜਾਂਦੇ। ਕਦੇ ਕੁਝ, ਕਦੇ ਕੁਝ, ਵੰਨ-ਸਵੰਨਾ ਖਾਣ ਨੂੰ ਦੇਂਦੇ। ਏਨਾਂ ਚਾਅ ਤਾਂ ਮੇਰੇ ਕਿਸੇ ਪੁੱਤ ਜਾਂ ਪੋਤਰੇ ਨੇ ਅੱਜ ਤੱਕ ਨਹੀਂ ਕੀਤਾ। ਮੈਨੂੰ ਕਦੇ ਰਸੋਈ ਵਿੱਚ ਵੀ ਨਹੀਂ ਜਾਣ ਦਿੱਤਾ। ਇੱਕ ਭਾਂਡਾ ਏਥੋਂ ਚੁੱਕ ਓਥੇ ਨਾ ਰੱਖਣ ਦੇਣਾ। ਜਵਾਈ ਨੇ ਰੋਜ ਸੇਵਾ ਕਰਨੀ। ਮੈਂ ਕਹਿਣਾ ਰੱਬਾ ਕਿਤੇ ਇਹ ਮੇਰਾ ਪੁੱਤ ਹੁੰਦਾ। ਇਸ ਗੱਲ ਦਾ ਸ਼ੁਕਰ ਮਨਾਉਣਾ ਕਿ ਮੇਰੀ ਧੀ ਦਾ ਘਰਵਾਲਾ ਚੰਗਾ ਏ। ਮੇਰੇ ਪੁੱਤਾ ਵਰਗਾ ਨਹੀਂ। ਉਸ ਨੇ ਮੈਨੂੰ ਪੱਕਾ ਹੀ ਉੱਥੇ ਰੁਕਣ ਲਈ ਕਿਹਾ। ਪਰ ਮੇਰਾ ਉਹਨਾਂ ਤੇ ਬੋਝ ਬਣਨ ਨੂੰ ਜੀਅ ਨਾ ਕੀਤਾ। ਜਿਹੜੀ ਜਿੰਮੇਵਾਰੀ ਮੇਰੇ ਨੂੰਹਾਂ ਤੇ ਪੁੱਤਾਂ ਨੂੰ ਚੁੱਕਣ ਦੀ ਲੋੜ ਹੈ, ਉਹ ਮੇਰਾ ਜਵਾਈ ਜਾਂ ਧੀ ਕਿਉਂ ਚੁੱਕੇ। ਉਹ ਜਿੰਨਾ ਮਰਜੀ ਪਿਆਰ ਕਰਦੇ ਹੋਣ ਪਰ ਮੈਂ ਉਹਨਾਂ ਦੇ ਪਿਆਰ ਦਾ ਨਜ਼ਾਇਜ

ਫੈਦਾ ਨਹੀਂ ਚੁੱਕਣਾ ਚਾਹੁੰਦੀ। ਮੰਨਿਆ ਮੇਰੇ ਨੂੰਹ-ਪੁੱਤ ਮੇਰੀ ਦੇਖ ਭਾਲ ਨਹੀਂ ਕਰਦੇ। ਪਰ ਅੱਜ ਨਹੀਂ ਤਾਂ ਕੱਲ ਕਰਨਗੇ ਹੀ। ਖੈਰ ਮੇਰਾ ਉੱਥੇ ਰਹਿਣਾ ਮੈਨੂੰ ਠੀਕ ਨਾ ਲੱਗਾ।

ਮੇਰੇ ਉੱਥੇ ਰਹਿੰਦਿਆਂ ਹੀ ਮੇਰੀ ਦੋਹਤੀ ਦਾ ਵਿਆਹ ਪੱਕਾ ਹੋ ਗਿਆ। ਉਹਨਾਂ ਮੈਨੂੰ ਵਿਆਹ ਤੱਕ ਉੱਥੇ ਰੁਕਣ ਲਈ ਕਿਹਾ ਪਰ ਮੈਂ ਸੋਚਿਆ ਕਿ ਅਗਰ ਮੈਂ ਉੱਥੇ ਰੁਕ ਗਈ ਤਾਂ ਘਰੇ ਸਿਆਪਾ ਪੈ ਜੂ। ਨੂੰਹਾਂ ਪੁੱਤਾਂ ਨੇ ਕਹਿਣਾ ਕਿ ਇਹ ਪਹਿਲਾਂ ਜਾ ਕੇ ਬੈਠ ਗਈ। ਵਿਆਹ ਚ' ਅਜੇ ਮਹੀਨਾ ਬਾਕੀ ਆ। ਫਿਰ ਉਹਨਾਂ ਵੀ ਵਿਆਹ ਵੇਖਣ ਆਉਣਾ। ਜੇ ਮੈਂ ਬੰਬੇ ਰਹਿੰਦੀ ਤਾਂ ਉਹਨਾਂ ਕੋਲੋਂ ਨਹੀਂ ਜਾਇਆ ਜਾਣਾ। ਕਿਸੇ ਨੂੰ ਤਾਂ ਘਰ ਰਹਿਣਾ ਪਊ। ਵਿਆਹ ਤੋਂ ਬਾਅਦ ਜੇ ਮੈਂ ਘਰ ਗਈ ਤਾਂ ਮੇਰਾ ਜਿਉਣਾ ਔਖਾ ਕਰ ਦੇਣਾ ਮੇਰੀ ਨੂੰਹ ਨੇ। ਏਦੇ ਨਾਲੋਂ ਚੰਗਾ ਮੈਂ ਵਿਆਹ ਹੀ ਨਾ ਵੇਖਾ। ਮੈਂ ਵਿਆਹ ਵੇਖ ਕੇ ਕਰਨਾ ਵੀ ਕੀ ਆ। ਸਾਰੀ ਉਮਰ ਵਿਆਹ ਹੀ ਤਾਂ ਵੇਖੇ ਨੇ। ਕੋਈ ਨਾ ਫਿਰ ਸਹੀ। ਮੈਂ ਉੱਥੋਂ ਘਰ ਆਉਣ ਦਾ ਫੈਸਲਾ ਲੈ ਲਿਆ। ਉਹਨਾਂ ਮੈਨੂੰ ਗੱਡੀ ਬਿਠਾ ਦਿੱਤਾ। ਤੇ ਆਹ ਫੋਨ ਦਿੱਤਾ। ਆਹ ਨੰਬਰ ਵੀ ਲਿੱਖ ਕੇ ਦਿੱਤੇ, ਮੇਰੇ ਨੂੰਹ-ਪੁੱਤ ਤੇ ਜਵਾਈ ਦਾ। ਕਿਹਾ ਕਿ ਕਿਸੇ ਕੋਲੋਂ ਗੱਡੀ ਚ' ਲਵਾਂ ਲਈ ਜਦੋਂ

ਕੋਟਕਪੂਰੇ ਪਹੁੰਚੀ ਤਾਂ ਫੋਨ ਕਰ ਦੇਵੀਂ। ਓਦਾਂ ਉਹਨਾਂ ਕੋਲ ਵੀ ਨੰਬਰ ਹੈਗਾ ਇਹ। ਉਹ ਆਪ ਹੀ ਫੋਨ ਕਰ ਦੇਣਗੇ।

ਮੈਂ - ਓਦਾਂ ਮਾਤਾ ਜੀ ਤੁਹਾਨੂੰ ਆਪਣੀ ਧੀ ਕੋਲ ਰਹਿ ਜਾਣਾ ਚਾਹੀਦਾ ਸੀ। ਜੇ ਧੀ ਸਾਂਭਦੀ ਹੈ, ਜਵਾਈ ਵੀ ਚੰਗਾ ਤਾਂ, ਉੱਥੇ ਰਹਿਣ ਵਿੱਚ ਕੀ ਹਰਜ ਹੈ।

ਮਾਤਾ ਜੀ - ਨਹੀਂ ਪੁੱਤ, ਤੂੰ ਅਜੇ ਨਿਆਣਾ ਏ। ਬੜੀਆਂ ਗੱਲਾਂ ਹੋ ਜਾਂਦੀਆਂ ਨੇ ਘਰਾਂ ਦੀਆਂ, ਸੌ ਸਿਆਪੇ ਨੇ।

ਮੈਂ - ਮਾਤਾ ਜੀ ਮੇਰੇ ਕਹਿਣ ਦਾ ਮਤਲਬ ਆ ਕਿ ਜਿਹੜੇ ਪੁੱਤ ਕਦਰ ਨਹੀਂ ਕਰਦੇ, ਉਹ ਜੋ ਮਰਜੀ ਸੋਚੀਂ ਜਾਣ। ਜੋ ਮਰਜੀ ਕਹਿਣ, ਕੀ ਫਰਕ ਪੈਂਦਾ। ਜੇ ਤੁਸੀਂ ਆਪਣੀ ਧੀ ਕੋਲ ਰਹਿਣਾ ਤਾਂ ਰਹਿ ਲਉ। ਤੁਹਾਡੇ ਬੁਢਾਪੇ ਦੇ ਦਿਨ ਸੁੱਖ ਦੇ ਲੰਘ ਜਾਣਗੇ।

ਮਾਤਾ ਜੀ - ਜੀਅ ਤਾਂ ਪੁੱਤ ਬੜਾ ਕੁਝ ਕਰਦਾ। ਪਰ ਸਾਰੇ ਚਾਅ ਤਾਂ ਪੂਰੇ ਨੀ ਹੁੰਦੇ। ਬਾਕੀ ਜਿੱਥੇ ਸਾਰੀ ਉਮਰ ਲੰਘ ਗਈ, ਚਾਰ ਦਿਨ ਹੋਰ ਸਹੀ। ਕੀ ਫਰਕ ਪੈਂਦਾ।

ਮੇਰੇ ਕੋਲ ਮਾਤਾ ਦੇ ਸੁਆਲਾਂ ਦੇ ਜੁਆਬ ਨਹੀਂ ਸਨ। ਇਹ ਜਰੂਰ ਕਹਿ ਸਕਦਾ ਕਿ ਹੋ ਸਕਦਾ ਮੇਰੀ ਉਮਰ ਘੱਟ ਹੋਣ ਕਾਰਨ ਜਾਂ ਇਹੋ ਜਿਹੀਆਂ ਜਿੰਮੇਵਾਰੀਆਂ ਨਾ ਹੋਣ ਕਾਰਨ, ਮੈਂ ਮਾਤਾ ਦੇ

ਦੁੱਖ ਨੂੰ ਨਹੀਂ ਸੀ ਸਮਝ ਸਕਦਾ। ਗੱਲਾਂ ਕਰਦੇ-ਕਰਦੇ ਅਸੀਂ ਕੋਟਕਪੂਰੇ ਨੇੜੇ ਆ ਗਏ। ਇਸ ਸਾਰੇ ਰਸਤੇ ਦੌਰਾਨ ਅਸੀਂ ਚਾਹ-ਪਾਣੀ ਪੀਤਾ ਤੇ ਡੇਰੇ ਬਾਰੇ ਵੀ ਬਹੁਤ ਗੱਲਾਂ ਕੀਤੀਆਂ। ਕੋਟਕਪੂਰੇ ਦੇ ਨੇੜੇ ਪਹੁੰਚਣ ਤੇ ਮਾਤਾ ਨੇ ਮੈਨੂੰ ਆਪਣਾ ਫੋਨ ਦਿੱਤਾ ਤੇ ਨੰਬਰ ਫੜਾ ਮਿਲਾਉਣ ਲਈ ਕਿਹਾ। ਜੋ ਕਿ ਉਸਦੇ ਮੁੰਡੇ ਦਾ ਸੀ। ਮੈਂ ਫੋਨ ਲਾ ਮਾਤਾ ਨੂੰ ਫੜਾ ਦਿੱਤਾ। ਮਾਤਾ ਨੇ ਆਪਣੇ ਪਹੁੰਚਣ ਦੀ ਖਬਰ ਦਿੱਤੀ ਤੇ ਫੋਨ ਬੰਦ ਕਰ ਦਿੱਤਾ।

ਫਿਰ ਕੁਝ ਗੱਲਾਂ ਬਾਤਾਂ ਕਰਨ ਬਾਅਦ ਮਾਤਾ ਜੀ ਖਾਮੋਸ਼ ਬੈਠ ਗਏ ਤੇ ਬਾਰੀ ਰਾਹੀ ਬਾਹਰ ਦੇਖਣ ਲੱਗੇ। ਮੈਂ ਫੋਨ ਨਾਲ ਮਾਤਾ ਦੀਆਂ ਫੋਟਵਾਂ ਖਿੱਚੀਆਂ। ਇਸ ਕਹਾਣੀ ਵਾਲੀ ਤਸਵੀਰ ਮਾਤਾ ਦੀ ਆਪਣੀ ਤਸਵੀਰ ਹੈ। ਉਸਦੇ ਝੁਰੜੀਆ ਤੇ ਨਾਮੋਸ਼ੀ ਭਰੇ ਚਿਹਰੇ ਤੋਂ ਸਾਫ਼ ਝਲਕ ਰਿਹਾ ਸੀ ਕਿ ਉਹ ਕਿੰਨੇ ਦੁੱਖ ਅੰਦਰ ਲੁਕਾਈ ਬੈਠੀ ਹੋਵੇਗੀ। ਪਿੰਡ ਵਾਪਸ ਪਰਤਣ ਲਈ ਉਹ ਖੁਸ਼ ਨਹੀਂ ਸੀ ਜਾਪਦੀ। ਮੈਂ ਦੇਖ ਰਿਹਾ ਸੀ ਕਿ ਕਿਵੇਂ ਇੱਕ ਮਾਂ ਆਪਣੇ ਅੱਥਰੂਆਂ ਨੂੰ ਰੋਕਣ ਦਾ ਯਤਨ ਕਰ ਰਹੀ ਹੈ। ਮੈਂ ਹੈਰਾਨ ਸੀ ਕਿ ਮਾਤਾ ਨੇ ਇੱਕ ਵੀ ਹੰਝੂ ਨਹੀਂ ਸੀ ਅੱਖ ਵਿੱਚ ਆਉਣ ਦਿੱਤਾ। ਏਨਾ ਦੁੱਖ ਹੋਣ ਦੇ ਬਾਵਜੂਦ ਮਾਤਾ ਦਾ ਹਿਰਦਾ ਕਠੋਰ ਸੀ। ਮਾਤਾ ਦੀ

ਸਹਿਨ ਸ਼ਕਤੀ ਨੂੰ ਦੇਖ ਮੇਰਾ ਦਿਲ ਪਸੀਜ ਗਿਆ। ਪਰ ਖਾਮੋਸ਼ੀ ਤੇ ਨਾਮੋਸ਼ੀ ਸਭ ਬਿਆਨ ਕਰ ਦੇਂਦੇ ਨੇ।

ਕੁਝ ਸਮੇਂ ਪਿੱਛੋਂ ਮਾਤਾ ਨੇ ਮੇਰੇ ਬਾਰੇ ਪੁੱਛਿਆ ਕਿ ਵਿਆਹਿਆ ਏ ਜਾਂ ਕੁਆਰਾ। ਮੈਂ ਆਪਣੇ ਬਾਰੇ ਦੱਸਿਆ ਕਿ ਮੈਂ ਕੁਆਰਾ ਹੀ ਹਾਂ। ਫਿਰ ਕੁਝ ਹਾਸੇ ਡਿੱਠੇ ਵਾਲੀਆਂ ਗੱਲਾਂ ਕੀਤੀਆਂ। ਫਿਰ ਬਾਬਾ ਜੀ ਬਾਰੇ ਗੱਲਾਂ ਹੋਈਆਂ। ਕਿਤਾਬ ਵਿੱਚੋਂ ਪੜ੍ਹ ਮੈਂ ਮਾਤਾ ਜੀ ਨੂੰ ਦੋ ਸਾਖੀਆਂ ਸੁਣਾਈਆ। ਕੁਝ ਸਮੇਂ ਲਈ ਮਾਤਾ ਦੀ ਨਿਰਾਸ਼ਾ ਦੂਰ ਜਾਪੀ। ਜਾਂ ਸਿਰਫ ਦਿਖਾਵੇ ਲਈ ਹੀ ਸੀ।

ਏਨੇ ਨੂੰ ਕੋਟਕਪੂਰੇ ਦਾ ਸਟੇਸ਼ਨ ਆ ਗਿਆ। ਮੈਂ ਕਾਹਲੀ ਨਾਲ ਮਾਤਾ ਦਾ ਸਮਾਨ ਬਾਰੀ ਦੇ ਕੋਲ ਰੱਖਿਆ ਤੇ ਗੱਡੀ ਰੁਕਣ ਤੇ ਬਾਹਰ ਕੱਢਿਆ। ਫਿਰ ਮਾਤਾ ਨੂੰ ਉਤਾਰਿਆ। ਏਨੇ ਨੂੰ ਇੱਕ ਔਰਤ ਤੇ ਆਦਮੀ ਮਾਤਾ ਵੱਲ ਨੂੰ ਭੱਜੇ ਆਏ। ਮਾਤਾ ਨੂੰ ਮਿਲੇ ਤੇ ਸਮਾਨ ਫੜਨ ਲੱਗ ਪਏ। ਮੈਂ ਦੋਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਗੱਡੀ ਬਹੁਤੀ ਦੇਰ ਨਾ ਰੁਕੀ ਤੇ ਹਾਰਨ ਵੱਜ ਗਿਆ। ਮੈਂ ਮਾਤਾ ਨੂੰ ਮਿਲਿਆ ਤਾਂ ਮਾਤਾ ਨੇ ਮੈਨੂੰ ਘੁੱਟ ਕੇ ਗਲ ਨਾਲ ਲਾ ਲਿਆ। ਗੱਡੀ ਤੁਰ ਪਈ। ਮੈਂ ਹੱਥ ਜੋੜ ਰਾਧਾ ਸੁਆਮੀ ਬੁਲਾਈ ਤੇ ਭੱਜ ਕੇ ਗੱਡੀ

ਚੜਿਆ। ਗੱਡੀ ਚੜ ਬਾਰੀ ਚ' ਖਲੋ ਮਾਤਾ ਨੂੰ ਜਾਂਦੇ ਦੇਖਣ ਲੱਗਾ। ਮਾਤਾ ਉਸ ਆਦਮੀ ਤੇ ਔਰਤ ਨਾਲ ਘਰ ਨੂੰ ਤੁਰ ਪਈ। ਮੈਂ ਓਨੀ ਦੇਰ ਤੱਕ ਉਹਨਾਂ ਨੂੰ ਦੇਖਦਾ ਰਿਹਾ ਜੱਦ ਤੱਕ ਉਹ ਮੇਰੀਆਂ ਅੱਖਾਂ ਤੋ ਓਹਲੇ ਨਹੀਂ ਹੋ ਗਏ। ਰਾਤ ਨੌ ਵਜੇ ਦੇ ਕਰੀਬ ਮੈਂ ਬਿਆਸ ਪਹੁੰਚਿਆ ਤੇ ਫਿਰ ਅਗਲੇ ਦਿਨ ਭੂਆ ਘਰ ਗਿਆ। ਮੇਰੇ ਪਹੁੰਚਣ ਤੋਂ ਪਹਿਲਾਂ ਹੀ ਭੂਆ ਜੀ ਦਾ ਸ਼ੰਸਕਾਰ ਹੋ ਚੁੱਕਾ ਸੀ। ਸਭ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ। ਫਿਰ ਭੋਗ ਪੈਣ ਤੱਕ ਮੇਰਾ ਉੱਥੇ ਆਉਣ ਜਾਣ ਬਣਿਆ ਰਿਹਾ। ਪਰ ਉਸ ਤੋਂ ਬਾਅਦ ਮੇਰਾ ਉੱਥੇ ਜਾਣਾ ਘੱਟ ਗਿਆ। ਭੂਆ ਤੋਂ ਬਿਨਾਂ ਘਰ ਸੁੰਨਾ ਲੱਗਣਾ। ਇੱਝ ਲੱਗਣਾ ਜਿਵੇਂ ਕੋਈ ਪੁੱਛ-ਗਿੱਛ ਕਰਨ ਵਾਲਾ ਜਾਂ ਪਿਆਰ ਕਰਨ ਵਾਲਾ ਉੱਥੇ ਕੋਈ ਨਹੀਂ। ਵਕਤ ਲੰਘਦਾ ਗਿਆ ਤੇ ਦੁੱਖੀ ਹਿਰਦਾ ਬਦਲਣ ਲੱਗਾ।

ਮਾਤਾ ਮੁਖਤਿਆਰ ਕੌਰ ਨਾਲ ਮੁਲਾਕਾਤ ਮੇਰੀ ਜਿੰਦਗੀ ਨੂੰ ਵੱਖਰੇ ਮੋੜ ਤੇ ਲੈ ਆਈ। ਕੁਝ ਘੰਟਿਆ ਵਿੱਚ ਉਹਨਾਂ ਨਾਲ ਇੱਕ ਅੰਦਰੂਨੀ ਸਾਂਝ ਜਿਹੀ ਬਣ ਗਈ। ਇੱਕ ਅਜਿਹਾ ਰਿਸ਼ਤਾ ਜਿਸਨੂੰ ਦੱਸਿਆ ਜਾਂ ਸਮਝਾਇਆ ਨਹੀਂ ਜਾ ਸਕਦਾ। ਉਹਨਾਂ ਨਾਲ ਬਿਤਾਇਆ ਉਹ ਦਿਨ ਮੈਨੂੰ ਸਾਰੀ ਉਮਰ ਯਾਦ ਰਹੇਗਾ। ਮਾਤਾ

ਮੁਖਤਿਆਰ ਕੌਰ ਮੈਨੂੰ ਮੇਰੇ ਦਾਦੀ ਵਰਗੇ ਜਾਪੇ। ਉਮਰ ਦੇ ਤਕਾਜੇ ਤੋਂ। ਉਹਨਾਂ ਦੀ ਇਸ ਜੀਵਨੀ ਨੇ ਮੈਨੂੰ ਮੇਰੇ ਮਾਤਾ-ਪਿਤਾ ਪ੍ਰਤੀ ਵਫਾਦਾਰ ਤੇ ਜਿੰਮੇਵਾਰ ਰਹਿਣ ਲਈ ਪ੍ਰੇਰਿਆ। ਇਸ ਲਈ ਮੈਨੂੰ ਲੱਗਿਆ ਕਿ ਉਹਨਾਂ ਬਾਰੇ ਲਿੱਖ ਮੈਂ ਹੋਰਾਂ ਭਟਕੇ ਹੋਏ ਬੱਚਿਆਂ ਨੂੰ ਆਪਣੇ ਮਾਂ-ਪਿਉ ਸੰਬੰਧੀ ਜਿੰਮੇਵਾਰੀਆਂ ਦਾ ਅਹਿਸਾਸ ਕਰਵਾਵਾਂ। ਤਾਂ ਜੋ ਉਹਨਾਂ ਦੇ ਮਾਤਾ-ਪਿਤਾ ਦਾ ਹਾਲ ਮਾਤਾ ਮੁਖਤਿਆਰ ਕੌਰ ਵਾਂਗ ਨਾ ਹੋਵੇ।

ਮਾਤਾ-ਪਿਤਾ ਬੱਚਿਆਂ ਲਈ ਉਹ ਕਰ ਸਕਦੇ ਨੇ ਜੋ ਦੁਨੀਆਂ ਦਾ ਕੋਈ ਵੀ ਰਿਸ਼ਤਾ ਨਹੀਂ ਕਰ ਸਕਦਾ। ਉਹ ਭਾਵੇਂ ਲੱਖਾਂ ਦੁੱਖ ਝੱਲਣ ਪਰ ਆਪਣੇ ਬੱਚਿਆਂ ਨੂੰ ਕਿਸੇ ਘਾਟ ਦਾ ਅਹਿਸਾਸ ਨਹੀਂ ਹੋਣ ਦਿੰਦੇ। ਮਾਤਾ-ਪਿਤਾ ਬਿਨਾਂ ਮੈਂ ਬਹੁਤ ਰੁਲਦੇ ਦੇਖੇ ਨੇ। ਜਿੰਨਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੁੰਦਾ। ਪਰ ਬੱਚਿਆਂ ਦੇ ਹੁੰਦਿਆਂ ਅਗਰ ਮਾਤਾ-ਪਿਤਾ ਭਟਕਣ ਜਾਂ ਬੱਚਿਆਂ ਦੇ ਕਾਰਨ ਦੁੱਖ ਭੁਗਤਣ, ਇਸ ਤੋਂ ਵੱਡੀ ਨਾਮੋਸ਼ੀ ਦੀ ਗੱਲ ਕੋਈ ਨਹੀਂ ਹੋ ਸਕਦੀ। ਧੰਨਵਾਦ।

ਲੰਗੂਰ ਹੱਥ ਅੰਗੂਰ

ਪ੍ਰੀਤ ਸਿੰਘ ਭੈਣੀ

ਲੰਗੂਰ ਹੱਥ ਅੰਗੂਰ

2007 ਦੀ ਗੱਲ ਹੈ ਸ਼ਾਇਦ। ਮੈਨੂੰ ਪੱਕਾ ਤਾਂ ਯਾਦ ਨਹੀਂ। ਹਾਂ ਮਾਰਚ ਦਾ ਮਹੀਨਾ ਸੀ ਤੇ ਹੋਲੀਆਂ ਦੇ ਦਿਨ ਸਨ। ਅਨੰਦਪੁਰ ਸਾਹਿਬ ਦੇ ਮੇਲੇ ਜਾਣ ਲਈ ਸਾਡੇ ਪਿੰਡ ਤੋਂ ਮੇਰੇ ਯਾਰ ਗੁਰਿੰਦਰ ਕਲੇਰ ਕਾ ਟਰੱਕ ਚੱਲਿਆ ਸੀ। ਪਿੰਡ ਦੇ ਬਹੁਤੇ ਲੋਕ ਮੇਲੇ ਚੱਲੇ ਸਨ। ਜਿੰਨਾ 'ਚੋਂ ਮੈਂ ਵੀ ਸੀ। ਮੈਂ ਪਹਿਲੀ ਵਾਰ ਅਨੰਦਪੁਰ ਸਾਹਿਬ ਚੱਲਿਆ ਸੀ। ਬਹੁਤ ਖੁਸ਼ ਸੀ ਮੈਂ, ਮੇਰੇ ਨਾਲ ਮੇਰੀ ਹੀ ਹਮ ਉਮਰ ਦੇ ਕਈ ਸਾਥੀ ਸਨ। ਸ਼ਾਮੀ ਚਾਰ ਕੁ ਵਜੇ ਦੇ ਕਰੀਬ ਟਰੱਕ ਚੱਲਿਆ ਤੇ ਰਾਤ ਸਾਢੇ ਕੁ ਅੱਠ ਵਜੇ ਤੱਕ ਅਨੰਦਪੁਰ ਸਾਹਿਬ ਪਹੁੰਚ ਗਏ। ਦੋ-ਤਿੰਨ ਦਿਨ ਬਹੁਤ ਨਜ਼ਾਰੇ ਲਏ। ਦਰਸ਼ਨ ਕੀਤੇ, ਵੰਨ-ਸੁਵੰਨੇ ਲੰਗਰ ਛਕੇ ਤੇ ਖੂਬ ਘੁੰਮੇ ਫਿਰੇ। ਉਮਰ ਕੁਝ ਖਾਸ ਨਹੀਂ ਸੀ। ਅੱਠਵੀਂ ਜਮਾਤ ਵਿੱਚ ਪੜਦਾ ਸੀ ਮੈਂ। ਇੱਕ ਦਿਨ ਆਪਣੇ ਯਾਰਾਂ ਨਾਲ ਮੇਲਾ ਘੁੰਮਦੇ ਇੱਕ ਜੋਤਸ਼ੀ ਕੋਲ ਜਾ ਅੱਪੜੇ। ਜੋ ਦਸ ਰੁਪਈਏ ਲੈ ਹੱਥ ਦੀਆਂ ਰੇਖਾਵਾਂ ਪੜਦਾ ਸੀ। ਉਦੋਂ ਕੋਈ ਬਾਹਲੀ ਸਮਝ ਨਹੀਂ ਸੀ ਇਸ ਬਾਰੇ ਇਸ ਲਈ ਭਵਿੱਖ ਜਾਣਨ ਦੀ ਚਾਹਤ ਜਰੂਰ ਹੋਈ। ਮੈਂ ਕੁਝ ਬਹੁਤਾ ਤਾਂ ਨਹੀਂ ਸੀ ਪੁੱਛਣਾ ਚਾਹੁੰਦਾ। ਬਸ ਇੱਕ ਹੀ ਮਨ ਦੀ ਲਾਲਸਾ ਸੀ। ਕਿ ਜਿਸ ਕੁੜੀ ਨੂੰ ਮੈਂ ਪਿਆਰ ਕਰਦਾ ਹਾਂ ਕੀ ਉਹ ਵੀ ਮੈਨੂੰ ਕਰੂਗੀ। ਕੀ ਭਵਿੱਖ

www.PunjabiLibrary.com

ਵਿੱਚ ਮੇਰੀ ਕਦੇ ਹੋਵੇਗੀ। ਮੈਂ ਜਲਦੀ ਨਾਲ ਦਸ ਰੁਪਈਏ ਕੱਢੇ ਤੇ ਜੋਤਸ਼ੀ ਨੂੰ ਫੜਾਏ। ਜੋਤਸ਼ੀ ਨੇ ਮੇਰਾ ਹੱਥ ਫੜਿਆ ਤੇ ਕੁੜੀ ਦਾ ਨਾਂ ਪੁੱਛਿਆ। ਮੈਂ ਨਾਮ ਦੱਸਿਆ "ਰਾਵੀ"।

ਉਸ ਨੇ ਬਿਨਾਂ ਸੋਚੇ ਸਮਝੇ ਹੀ ਫੱਟ ਜੁਆਬ ਦਿੱਤਾ..

ਕਹਿੰਦਾ ਕਾਕਾ "ਰ" ਨਾਂ ਦੀ ਕੋਈ ਕੁੜੀ ਤੈਨੂੰ ਪਿਆਰ ਨਹੀਂ ਕਰੂਗੀ। ਤੂੰ ਕੋਈ ਹੋਰ ਭਾਲ। ਇਹ ਨੀ ਤੇਰੇ ਕਰਮਾਂ 'ਚ।

ਹੁਣ ਤਾਂ ਇਸ ਗੱਲ ਤੇ ਹਾਸਾ ਆਉਂਦਾ ਹੈ ਪਰ ਉਸ ਵਕਤ ਬਿਲਕੁਲ ਨਹੀਂ ਸੀ ਆਇਆ। ਉਸਨੇ ਪਲ ਵਿੱਚ ਹੀ ਮੇਰਾ ਦਿਲ ਤੋੜ ਦਿੱਤਾ। ਜਿਸ ਤਰ੍ਹਾਂ ਦਾ ਉਸ ਨੇ ਮੂੰਹ ਬਣਾ ਕੇ ਏਦਾਂ ਕਿਹਾ, ਬੰਦੇ ਦੇ ਸਾਹ ਪ੍ਰਾਣ ਕੁਝ ਸੁਣੇ ਬਿਨਾਂ ਹੀ ਸੁੱਕ ਜਾਣ। ਮੇਰਾ ਹੋਰ ਕੁਝ ਪੁੱਛਣ ਦਾ ਹੌਂਸਲਾ ਨਹੀਂ ਸੀ ਪੈ ਰਿਹਾ ਪਰ ਮੈਂ ਫਿਰ ਵੀ ਪੁੱਛਿਆ..

ਫਿਰ ਕਿਸ ਅੱਖਰ ਨਾਂ ਦੀ ਕੁੜੀ ਮੈਨੂੰ ਪਿਆਰ ਕਰੂ?

ਉਸਨੇ ਫਿਰ ਤੋਂ ਮੇਰਾ ਹੱਥ ਫੜਿਆ ਤੇ ਕਿਹਾ ਕਿ "ਮ" ਅੱਖਰ ਵਾਲੀ ਕੁੜੀ ਆ ਤੇਰੇ ਕਰਮਾਂ 'ਚ। ਇਹ ਸੁਣ ਮੈਂ ਖੁਸ਼ ਤਾਂ ਨਹੀਂ ਹੋਇਆ ਪਰ ਆਸ ਜਰੂਰ ਬਣ ਗਈ ਕਿ ਚੱਲ ਕੋਈ ਤਾਂ ਪਿਆਰ ਕਰੂ। ਕੁਆਰੇ ਤਾਂ ਨੀ ਮਰਦੇ। ਫਿਰ ਵਾਰੀ-ਵਾਰੀ ਮੇਰੇ

ਯਾਰਾਂ ਨੇ ਹੱਥ ਦਿਖਾਏ। ਵੱਖੋ-ਵੱਖਰੇ ਸੁਆਲ ਕੀਤੇ। ਤੇ ਜੋਤਸ਼ੀ ਨੇ ਸਭ ਕੋਲੋਂ ਦਸ-ਦਸ ਰੁਪਏ ਲੈ ਜੁਆਬ ਦਿੱਤੇ। ਫਿਰ ਅਸੀਂ ਮੇਲਾ ਘੁੰਮਿਆ। ਖਰੀਦਦਾਰੀ ਕੀਤੀ ਤੇ ਹੋਲੇ-ਮੁਹੱਲੇ ਵਾਲੇ ਦਿਨ ਹੋਰ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਘਰ ਪਰਤ ਆਏ।

ਉਸ ਜੋਤਸ਼ੀ ਦੀ ਗੱਲ ਨੇ ਮੇਰੇ ਤੇ ਡੂੰਘਾ ਅਸਰ ਪਾਇਆ। ਮੈਂ ਪਿਆਰ ਭਾਵੇਂ ਰਾਵੀ ਨੂੰ ਕਰਦਾ ਸੀ। ਪਰ ਮਨ ਵਿੱਚ ਇਹ ਵਹਿਮ ਬੈਠ ਗਿਆ ਸੀ ਕਿ ਇਹ ਮੇਰੀ ਨਹੀਂ ਹੋਵੇਗੀ। ਪਰ ਮੈਂ ਜੋਤਸ਼ੀ ਨੂੰ ਗ਼ਲਤ ਸਾਬਿਤ ਕਰਨ ਲਈ ਰਾਵੀ ਤੋਂ ਖੁਦ ਨੂੰ ਦੂਰ ਨਾ ਕੀਤਾ। ਮੈਂ ਸਾਰਾ-ਸਾਰਾ ਦਿਨ ਉਸਨੂੰ ਦੇਖਦੇ ਰਹਿਣਾ। ਜਿਸ ਰੰਗ ਦਾ ਉਸਨੇ ਸੂਟ ਪਾਉਣਾ, ਓਸੇ ਰੰਗ ਵਿੱਚ ਖੁਦ ਨੂੰ ਢਾਲਣ ਦੀ ਕੋਸ਼ਿਸ਼ ਕਰਨੀ। ਭਾਵੇਂ ਉਹ ਰੰਗ ਮੇਰੇ ਕਾਲੇ ਰੰਗ ਤੇ ਜਮਾਂ ਵੀ ਨੀ ਸੀ ਜੱਚਦਾ ਪਰ ਫਿਰ ਵੀ ਮੈਂ ਓਹੀ ਰੰਗ ਪਾਉਣਾ। ਖੂਬਸੂਰਤ ਬਹੁਤ ਸੀ ਉਹ। ਗਿੱਟੇ ਭਾਵੇਂ ਉਹ ਘੱਟ ਕੂਚਦੀ ਸੀ ਪਰ ਮੂੰਹ ਨੂੰ ਸਵਾਰ-ਬਣਾ ਕੇ ਰੱਖਦੀ ਸੀ। ਬਹੁਤਾ ਨਹੀਂ ਬਸ ਸਾਦਾ ਜਿਹਾ। ਮੇਰਾ ਖਿਆਲ ਹੈ ਕਿ 2005 ਜਾਂ 2006 ਤੋਂ ਮੈਂ ਉਸ ਨੂੰ ਆਪਣਾ ਮੰਨ ਲਿਆ ਸੀ। ਇੱਕ ਵਾਰ ਮੈਂ ਪ੍ਰੇਮ ਪੱਤਰ ਲਿਖਿਆ। ਮੈਨੂੰ ਕੀ ਪਤਾ ਸੀ ਕੀ ਲਿਖਣਾ ਚਾਹੀਦਾ ਪ੍ਰੇਮ ਪੱਤਰ 'ਚ। ਮੇਰੇ ਜੋ ਮਨ

ਆਇਆ ਮੈਂ ਲਿਖ ਤਾ। ਪਰ ਉਸ ਨੂੰ ਦੇਣ ਦੀ ਹਿੰਮਤ ਨਾ ਹੋਈ। ਡਰ ਲੱਗਦਾ ਹੁੰਦਾ ਸੀ। ਸਕੂਲ ਵਕਤ ਲਿਖਿਆ ਸੀ ਪ੍ਰੇਮ ਪੱਤਰ। ਤੇ ਜੇਬ ਵਿੱਚ ਪਾ ਲਿਆ। ਫਿਰ ਜਦੋਂ ਛੁੱਟੀ ਹੋਈ ਤੇ ਯਾਦ ਹੀ ਨਾ ਰਿਹਾ ਕਿ ਮੇਰੀ ਜੇਬ ਵਿੱਚ ਕੀ ਸੀ। ਘਰ ਆ ਵਰਦੀ ਲਾਹ ਧੋਣ ਨੂੰ ਰੱਖ ਦਿੱਤੀ। ਜਦੋਂ ਮੇਰੇ ਮਾਤਾ ਜੀ ਲੀੜੇ ਧੋਣ ਲੱਗੇ ਤਾਂ ਉਹਨਾਂ ਮੇਰੀ ਜੇਬ 'ਚੋਂ ਪ੍ਰੇਮ ਪੱਤਰ ਕੱਢ ਲਿਆ। ਉਹਨਾਂ ਪੜਿਆ ਤੇ ਫਿਰ ਮੇਰੇ ਪਿਤਾ ਜੀ ਸਮੇਤ ਸਾਰੇ ਟੱਬਰ ਨੂੰ ਵੀ ਪੜਾਇਆ। ਮੈਨੂੰ ਬੇਇੱਜ਼ਤੀ ਤਾਂ ਮਹਿਸੂਸ ਹੋਈ ਹੀ ਪਰ। ਛਿੱਤਰ ਪਰੇਡ ਵੀ ਬਹੁਤ ਹੋਈ। ਮੈਂ ਅੱਜ ਵੀ ਉਸ ਪਲ ਨੂੰ ਯਾਦ ਕਰ ਖੁਸ਼ ਹੁੰਦਾ ਹਾਂ। ਛਿੱਤਰ ਪੈਣ ਪਿੱਛੋਂ ਮੈਂ ਟਲਣ ਵਾਲਾ ਕਿੱਥੇ ਸੀ। ਦੋ ਦਿਨਾਂ ਪਿੱਛੋਂ ਫਿਰ ਪ੍ਰੇਮ ਪੱਤਰ ਲਿਖਿਆ ਤੇ ਰਾਵੀ ਕੇ ਘਰ ਸੁੱਟ ਦਿੱਤਾ। ਉਹ ਰਾਵੀ ਦੀ ਭੈਣ ਦੇ ਹੱਥ ਲੱਗਾ ਤੇ ਉਸਦੀ ਭੈਣ ਨੇ ਮੇਰੇ ਤਾਏ ਦੀ ਕੁੜੀ ਨੂੰ ਮੇਰੀ ਸ਼ਿਕਾਇਤ ਕੀਤੀ। ਮੇਰੀ ਫਿਰ ਤੋਂ ਘਰੇ ਛਿੱਤਰ ਪਰੇਡ ਹੋਈ। ਪਰ ਮੈਂ ਵੀ ਉਸਦਾ ਪੱਕਾ ਆਸ਼ਿਕ ਸੀ। ਛਿੱਤਰ ਵੱਜਣ ਤੇ ਵੀ ਪਿਛਾਂਹ ਨਾ ਹਟਿਆ। ਰਾਵੀ ਜਾਣਦੀ ਸੀ ਕਿ ਮੈਂ ਉਸਨੂੰ ਕਿੰਨਾ ਪਸੰਦ ਕਰਦਾ ਹਾਂ ਪਰ ਉਸਨੇ ਕਦੇ ਮੇਰੇ ਵੱਲ ਧਿਆਨ ਨਹੀਂ ਸੀ ਦਿੱਤਾ। 12 ਫਰਵਰੀ 2011 ਨੂੰ ਮੈਂ ਹਿੰਮਤ ਕੀਤੀ ਤੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਪਰ ਉਸ ਨੇ ਬਿਨਾਂ ਦੇਰੀ ਕੀਤੇ

ਮੈਨੂੰ ਠੋਕਵਾਂ ਜੁਆਬ ਦੇ ਦਿੱਤਾ। ਪਲਾਂ ਵਿੱਚ ਹੀ ਦਿਲ ਚੂਰ-ਚੂਰ ਹੋ ਗਿਆ। ਬਹੁਤ ਦੁੱਖ ਹੋਇਆ। ਲੁਕਣ ਨੂੰ ਕਿਤੇ ਥਾਂ ਟਿਕਾਣਾ ਨਾ ਲੱਭੇ। ਕਿਸੇ ਨੂੰ ਦੱਸ ਵੀ ਨਹੀਂ ਸੀ ਸਕਦਾ। ਉਹ ਕਿਸੇ ਹੋਰ ਮੁੰਡੇ ਨੂੰ ਪਸੰਦ ਕਰਦੀ ਸੀ। ਏਨੀ ਪੀੜ ਨੂੰ ਕੱਢਣ ਲਈ ਕੁਝ ਤਾਂ ਚਾਹੀਦਾ ਸੀ ਸੋ ਮੈਂ ਲਿਖਣ ਲੱਗਾ। ਬਿਨਾਂ ਕੁਝ ਸੋਚੇ ਹੀ ਇੱਕ ਸ਼ੇਅਰ ਲਿਖ ਦਿੱਤਾ। ਇਹ ਮੇਰੀ ਜਿੰਦਗੀ ਦਾ ਪਹਿਲਾ ਸ਼ੇਅਰ ਹੈ ਜੋ ਉਸਦੇ ਇਨਕਾਰ ਪਿੱਛੋਂ ਲਿਖਿਆ ਸੀ..

ਤੇਰੇ ਕੋਲ ਜਿੰਦਗੀ ਦੀ ਨਵੀਂ ਖੁਸ਼ੀ ਹੈ,

ਮੇਰੇ ਕੋਲ ਯਾਦਾਂ ਦੀ ਗਹਿਰਾਈ ਏ,

ਮੈਂ ਬੇੜੇ ਵਾਂਗ ਡੁੱਬਿਆ ਜਾਂਦਾ ਹਾਂ,

ਤੇ ਤੂੰ ਕਿਸ਼ਤੀ ਦੀ ਚਾਲ ਬਣਾਈ ਏ,

ਤੂੰ ਸੱਜਣ ਹੋਰ ਬਣਾ ਲਏ ਨੇ,

ਅਸੀਂ ਪਿਛਲੀ ਗੱਲ ਦੁਹਰਾਈ ਏ,

ਮੈਂ ਗਮ ਨੂੰ ਜਿੰਦਗੀ ਬਣਾ ਲਿਆ,

ਤੇ ਤੂੰ ਖੁਸ਼ੀਆਂ ਦੀ ਮਹਿਫਿਲ ਲਾਈ ਏ,

ਅਸੀਂ ਵਾਂਗ ਦਰਿਆਵਾਂ ਰੁੜ ਗਏ ਹਾਂ,

ਤੇ ਤੂੰ ਜਿੰਦਗੀ ਨਵੀਂ ਵਸਾਈ ਏ।

ਉਸ ਦੇ ਨਾਂਹ ਕਰਨ ਦੇ ਬਾਵਜੂਦ ਵੀ ਮੈਂ ਉਸ ਨੂੰ ਫੋਨ ਕਰਨਾ, ਰਸਤੇ ਵਿੱਚ ਰੋਕਣਾ, ਤਰਲੇ ਕਰਨੇ, ਪ੍ਰੇਮ ਪੱਤਰ ਲਿਖਣੇ, ਸੁਨੇਹੇ ਭੇਜਣੇ। ਪਰ ਹਰ ਵਾਰ ਉਸ ਨੇ ਨਾਂਹ ਕਰ ਦੇਣੀ ਤੇ ਘਰੇ ਦੱਸਣ ਦੀ ਧਮਕੀ ਦੇਣੀ। ਮੈਂ ਫਿਰ ਵੀ ਨਾ ਟਲਣਾ। ਮੇਰੀ ਕਲਮ ਵੀ ਚੱਲਦੀ ਰਹੀ। ਮੈਂ ਉਸਨੂੰ ਯਾਦ ਕਰਕੇ ਕਦੇ ਪਿਆਰ ਦੇ, ਕਦੇ ਨਫ਼ਰਤ ਭਰੇ, ਕਦੇ ਸ਼ਿਕਵਿਆਂ ਵਾਲੇ ਸ਼ੇਅਰ ਲਿਖਣੇ। ਕਵਿਤਾਵਾਂ ਨਹੀਂ ਸੀ ਮੈਂ ਤਦ ਕਦੇ ਲਿਖੀਆਂ। ਬਸ ਨਿੱਕੇ-ਨਿੱਕੇ ਅੱਖਰ ਜੋੜ ਸ਼ੇਅਰ ਲਿਖਦਾ ਸੀ। ਲੇਖਕ ਥੋੜਾ ਸੀ ਮੈਂ। ਜਾਂ ਬਹੁ ਵੱਡਾ ਗਿਆਨੀ। ਟੁੱਟਿਆ ਆਸ਼ਿਕ ਸੀ। ਖੈਰ ਉਸਦੀ ਹਰ ਨਾਂਹ ਪਿੱਛੋਂ ਮੈਂ ਹੋਰ ਉਸ ਨਾਲ ਜੁੜਦਾ ਰਿਹਾ। ਸਮਾਂ ਬੀਤਦਾ ਗਿਆ। ਉਸਦੇ ਸੈਕੜਿਆਂ ਵਾਰ ਨਾਂਹ ਕਰਨ ਬਾਅਦ ਵੀ ਮੈਂ ਉਸਨੂੰ ਸੁਨੇਹੇ ਭੇਜਣੇ ਬੰਦ ਨਾ ਕੀਤੇ।

ਮੇਰਾ ਰੰਗ ਸਾਂਵਲਾਂ ਸੀ। ਸੱਜ-ਫੱਬ ਵੀ ਬਹੁਤੀ ਨਹੀਂ ਸੀ। ਜਿਸ ਕਾਰਨ ਮੈਨੂੰ ਲੱਗਦਾ ਸੀ ਕਿ ਉਸਨੇ ਮੇਰੇ ਪਿਆਰ ਨੂੰ

ਠੁਕਰਾਇਆ। ਜਿਸ ਮੁੰਡੇ ਨੂੰ ਉਹ ਪਸੰਦ ਕਰਦੀ ਸੀ। ਉਹ ਜਵਾਨ ਤੇ ਸੋਹਣਾ ਸੀ। ਮੈਂ ਆਪਣੇ-ਆਪ 'ਚ ਕਮੀਆਂ ਕੱਢੀਆਂ ਤੇ ਰੱਬ ਨੂੰ ਕੋਸਿਆ। ਜਿਸ ਮੁੰਡੇ ਨੂੰ ਉਹ ਪਸੰਦ ਕਰਦੀ ਸੀ। 8 ਮਾਰਚ 2013 ਨੂੰ ਰਾਵੀ ਨੇ ਉਸ ਨਾਲ ਵਿਆਹ ਕਰਵਾ ਲਿਆ। ਮੇਰੇ ਦਿਲ ਦਾ ਹਾਲ ਬਹੁਤ ਖਰਾਬ ਸੀ ਉਸ ਦਿਨ। ਇਸ ਲਈ ਮੈਂ ਉਹ ਦਿਨ ਪਿੰਡ ਨਾ ਰਿਹਾ ਤੇ ਬਾਬਾ ਬਕਾਲਾ ਸਾਹਿਬ ਗੁਰਦੁਆਰੇ ਜਾ ਸੇਵਾ ਕੀਤੀ। ਸਾਰਾ ਦਿਨ ਉੱਥੇ ਰਿਹਾ। ਸ਼ਾਮ ਨੂੰ ਘਰ ਆਇਆ। ਉਹ ਦਿਨ ਸੱਚੀ ਬੜਾ ਔਖਾ ਕੱਢਿਆ ਮੈਂ। ਪਰ ਹੁਣ ਉਹ ਵੇਲਿਆਂ ਨੂੰ ਯਾਦ ਕਰ ਖੁਦ ਤੇ ਹਾਸਾ ਆਉਂਦਾ ਹੈ ਕਿ ਕਿੰਨਾ ਸ਼ੁਦਾਈ ਹੁੰਦਾ ਸੀ ਉਸ ਵਕਤ ਮੈਂ। ਉਸ ਦਿਨ ਮੈਂ ਗੁਰੂ ਘਰ ਬੈਠਾ ਵੀ ਰਾਵੀ ਬਾਰੇ ਹੀ ਸੋਚਦੇ ਸ਼ੇਅਰ ਲਿਖਿਆ..

ਅੱਜ ਮੇਰੀ ਜਿੰਦਗੀ ਨਿਲਾਮ ਹੋ ਗਈ,

ਜੋ ਵੱਸਦੀ ਸੀ ਸਾਡੇ ਸਾਹਾਂ ਵਿੱਚ,

ਕਿਸੇ ਹੋਰ ਦੇ ਸਾਹਾਂ ਦੀ ਗੁਲਾਮ ਹੋ ਗਈ,

ਜਿਸ ਲਈ ਜਿੰਦ-ਜਾਨ ਇੱਕ ਕਰ ਦਿੱਤੀ ਸੀ,

ਉਹ ਸਾਡੇ ਲਈ ਬੇ-ਨਾਮ ਹੋ ਗਈ,

ਚਾਹਿਆ ਸੀ ਜਿਸ ਨੂੰ ਸੁਪਨਿਆਂ ਦੇ ਵਾਗੂੰ,

ਉਹੀ ਸੁਪਨਿਆਂ ਵਾਲੀ ਪ੍ਰੀਤ ਲਈ ਆਮ ਹੋ ਗਈ।

ਕੁਝ ਦੇਰ ਦੁੱਖ ਹੋਇਆ। ਉਸਦੀ ਯਾਦ 'ਚ ਅੱਥਰੂ ਵਹਾਏ ਤੇ ਖੂਬ ਲਿਖਿਆ। ਮੇਰਾ ਸੁਭਾਅ ਹੈ ਜੋ ਪਤਾ ਹੋਵੇ ਹੁਣ ਵੱਸ ਤੋਂ ਬਾਹਰ ਹੈ ਜਾਂ ਜੋ ਮੈਂ ਹਾਂਸਿਲ ਨਹੀਂ ਕਰ ਸਕਦਾ। ਮੈਂ ਉਸਦਾ ਖਹਿੜਾ ਛੱਡ ਅੱਗੇ ਵਧ ਜਾਂਦਾ ਹਾਂ। ਨਤੀਜਾ ਕੁਛ ਵੀ ਹੋਵੇ। ਬਹੁਤੀ ਦੇਰ ਸੋਗ ਮਨਾਉਣਾ ਜਾਂ ਤਰਲੇ ਕਰਨੇ ਮੇਰਾ ਸੁਭਾਅ ਨਹੀਂ। ਮੈਂ ਕਾਲਜ ਦੀ ਪੜਾਈ ਵਿੱਚ ਵਿਅਸਤ ਹੋ ਗਿਆ। ਸਮਾਂ ਲੰਘਿਆ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਦਿਨ ਆ ਗਏ। ਮੈਨੂੰ ਬਹੁਤ ਸ਼ੌਕ ਸੀ ਤੜਕੇ ਉੱਠ ਪ੍ਰਭਾਤ ਫੇਰੀ ਜਾਣਾ। ਸ਼ਬਦ ਬੋਲਣੇ ਤੇ ਚਿਮਟਾ ਵਜਾਉਣਾ। ਢੋਲਕੀ ਵਜਾਉਣ ਵਿੱਚ ਜਤਿੰਦਰ ਤੇ ਸ਼ਬਦ ਬੋਲਣ ਵਿੱਚ ਨਿੰਦਰੋ ਤਾਈ ਇੱਕ ਨੰਬਰ ਤੇ ਸਨ। ਅੱਧੇ ਤੋਂ ਜਿਆਦਾ ਪਿੰਡ ਪ੍ਰਭਾਤ ਫੇਰੀ ਵਿੱਚ ਸ਼ਾਮਿਲ ਹੁੰਦਾ ਸੀ। ਉਹ ਗੱਲ ਵੱਖਰੀ ਸੀ ਕਿ ਜੱਸ ਗਾਉਣ ਵਾਲੇ ਘੱਟ ਤੇ ਖਾਣ ਪੀਣ ਦੇ ਸ਼ੌਕੀਨ ਬਹੁਤੇ ਆਉਂਦੇ ਸਨ।

ਉਸ ਦਿਨ ਦੂਸਰੀ ਪ੍ਰਭਾਤ ਫੇਰੀ ਸੀ। ਅਸੀਂ ਤੜਕੇ ਤਿੰਨ ਵਜੇ ਗੁਰਦੁਆਰੇ ਜਾ ਪਹੁੰਚੇ। ਪ੍ਰਭਾਤ ਫੇਰੀ ਦੀ ਤਿਆਰੀ ਕੀਤੀ ਤੇ ਚੱਲਣ ਲਈ ਤਿਆਰ ਹੋ ਗਏ। ਫਿਰ ਅਚਾਨਕ ਮੇਰੀ ਨਜ਼ਰ ਇੱਕ ਕੁੜੀ ਤੇ ਪਈ। ਬੇ-ਹੱਦ ਖੂਬਰਸੂਰਤ। ਸਾਡੇ ਪਿੰਡ ਤੋਂ ਨਹੀਂ ਸੀ ਉਹ। ਉਸਦੇ ਨਾਲ ਵਾਲੀ ਕੁੜੀ ਨੂੰ ਦੇਖ ਮੈਂ ਸਮਝ ਗਿਆ ਕਿ ਇਹ ਜਰੂਰ ਪ੍ਰਾਹੁਣੀ ਆਈ ਹੋਵੇਗੀ। ਉਹ ਬਹੁਤ ਹੀ ਜਿਆਦਾ ਸੋਹਣੀ ਸੀ। ਮੋਟੀਆਂ-ਮੋਟੀਆਂ ਅੱਖਾਂ ਸਨ ਉਸਦੀਆਂ। ਸਾਰੀ ਸੰਗਤ ਵਿੱਚ ਉਹ ਅਲੱਗ ਦਿਸਦੀ ਸੀ। ਇਹ ਮੇਰੇ ਵੱਸ ਤੋਂ ਬਾਹਰ ਦੀ ਗੱਲ ਲੱਗਦੀ ਸੀ। ਇਸ ਲਈ ਮੈਂ ਧਿਆਨ ਨਾ ਦਿੱਤਾ ਤੇ ਬਸ ਚਿਮਟਾ ਵਜਾਉਣ ਵਿੱਚ ਅਨੰਦ ਲੈਣ ਲੱਗਾ। ਅਕਸਰ ਬਹੁਤਿਆਂ ਨਾਲ ਚਿਮਟਿਆਂ ਨੂੰ ਮੱਲਣ ਦੀ ਖਿੱਚਾ-ਤਾਣੀ ਚੱਲਦੀ ਰਹਿੰਦੀ ਸੀ। ਮੈਂ ਕੁਝ ਖਾਸ ਤਾਂ ਨਹੀਂ ਸੀ ਵਜਾਉਂਦਾ ਪਰ ਅਨੰਦ ਜਰੂਰ ਮਾਣਦਾ ਸੀ। ਜਤਿੰਦਰ ਤਬਲੇ ਵਿੱਚ ਉਸਤਾਦ ਸੀ। ਬਹੁਤ ਸੋਹਣਾ ਵਜਾਉਂਦਾ ਸੀ। ਇਸ ਲਈ ਢੋਲਕੀ ਹਮੇਸ਼ਾ ਹੀ ਉਹ ਵਜਾਉਂਦਾ। ਕਈ ਈਰਖਾ ਕਰ ਉਸ ਨਾਲੋਂ ਵਧੀਆ ਢੋਲਕੀ ਵਜਾਉਣ ਦੀ ਕੋਸ਼ਿਸ਼ ਕਰਦੇ ਪਰ ਉਸਦੀ ਕੋਈ ਰੀਸ ਨਹੀਂ ਸੀ ਕਰ ਸਕਦਾ। ਬਚਪਨ ਤੋਂ ਹੀ ਉਹ ਤਬਲਾ ਸਿੱਖਣ ਜਾਂਦਾ ਸੀ। ਜਦੋਂ ਉਹ

ਢੋਲਕੀ ਵਜਾਉਂਦਾ ਤਾਂ ਸਾਰੇ ਹੀ ਉਸਦੇ ਤਾਲ ਵਿੱਚ ਤਾਲ ਮਿਲਾ ਸਾਜਾਂ ਨੂੰ ਵਜਾਉਣ ਲੱਗਦੇ। ਅਨੰਦ ਭਰਪੂਰ ਵਕਤ ਸੀ ਉਹ।

ਲਗਭਗ ਜਿੰਨੇ ਵੀ ਮੁੰਡੇ ਉਸ ਵਕਤ ਪ੍ਰਭਾਤ ਫੇਰੀ ਵਿੱਚ ਸ਼ਾਮਿਲ ਹੁੰਦੇ ਸਨ ਸਭ ਦਾ ਧਿਆਨ ਉਸ ਕੁੜੀ ਵੱਲ ਹੁੰਦਾ ਸੀ। ਕੀ ਕਰਦੇ ਉਹ ਸੋਹਣੀ ਹੀ ਬਹੁਤ ਜਿਆਦਾ ਸੀ। ਪਿੰਡ ਵਿੱਚ ਉਸ ਵਰਗੀ ਕੋਈ ਵੀ ਨਹੀਂ ਸੀ। ਐਸਾ ਨਹੀਂ ਸੀ ਕਿ ਮੈਂ ਨਹੀਂ ਸੀ ਦੇਖਦਾ ਉਸ ਵੱਲ। ਮੇਰੇ ਨਾਲ ਉਸਦੀਆਂ ਕਈ ਵਾਰ ਨਜ਼ਰਾਂ ਮਿਲੀਆਂ ਪਰ ਕਦੇ ਕੁਝ ਕਿਹਾ ਨਹੀਂ। ਉਹਨਾਂ ਦਿਨਾਂ ਦੌਰਾਨ ਜਿੱਥੇ ਵੀ ਮੁੰਡਿਆਂ ਦਾ ਇਕੱਠ ਹੁੰਦਾ, ਬਸ ਉਸ ਨੂੰ ਹਾਸਿਲ ਕਰਨ ਦੀਆਂ ਗੱਲਾਂ ਹੁੰਦੀਆਂ। ਮੇਰੇ ਤੋਂ ਕਈ ਵਢੇਰੀ ਉਮਰ ਦੇ ਆਪਣੇ-ਆਪ ਨੂੰ ਚੋਟੀ ਦੇ ਆਸ਼ਿਕ ਕਹਾਉਣ ਵਾਲੇ ਸਭ ਉਸਦੇ ਪਿੱਛੇ ਸਨ। ਹਰ ਸੋਹਣੇ ਨੌਜਵਾਨ ਮੁੰਡੇ ਨੇ ਉਸਨੂੰ ਯਾਰੀ ਲਾਉਣ ਲਈ ਸੁਨੇਹਾ ਭੇਜਿਆ ਸੀ। ਪਰ ਉਸ ਨੇ ਸਭ ਨੂੰ ਮੂੰਹ ਤੋੜ ਜੁਆਬ ਦਿੱਤੇ।

ਦਰਅਸਲ ਉਹ ਆਪਣੇ ਨਾਨਕੇ ਰਹਿਣ ਆਈ ਸੀ। ਸਾਡੇ ਪਿੰਡ ਉਸਦੇ ਨਾਨਕੇ ਸਨ। ਉਹਨਾਂ ਦਿਨਾਂ ਵਿੱਚ ਅਸੀਂ ਨਿੱਤ ਤੜਕੇ ਮਿਲਦੇ। ਪਰ ਕਦੇ ਇੱਕ-ਦੂਜੇ ਨੂੰ ਬੁਲਾਇਆ ਨਾ। ਇੱਕ ਤਾਂ ਗੁਰੂ ਘਰ ਦੀ ਮਰਿਆਦਾ ਨੂੰ ਦੇਖਦੇ ਮੈਨੂੰ ਇਹ ਠੀਕ ਨਹੀਂ

ਸੀ ਲੱਗਦਾ ਤੇ ਦੂਸਰਾ ਛਿੱਤਰਾਂ ਦਾ ਵੀ ਡਰ ਸੀ। ਉਸਦੇ ਮਾਮੇ ਥੋੜੇ ਅੜਬ ਸੁਭਾ ਦੇ ਸਨ। ਉਹ ਬੰਦੇ ਵਧੀਆ ਸਨ। ਮੇਰੀ ਯੋਗਤਾਂ ਦੀਆਂ ਪ੍ਰਸ਼ੰਸ਼ਾ ਕਰਦੇ ਸਨ। ਇਸ ਲਈ ਮੈਂ ਗ਼ਲਤ ਕਦਮ ਨਹੀਂ ਸੀ ਪੁੱਟਣਾ ਚਾਹੁੰਦਾ। ਤੇ ਮੈਂ ਏਨਾ ਸੋਹਣਾ ਜਾਂ ਸੱਜ-ਫੱਬ ਵਾਲਾ ਵੀ ਬਿਲਕੁਲ ਨਹੀਂ ਸੀ ਕਿ ਕੋਈ ਕੁੜੀ ਮੈਨੂੰ ਪਸੰਦ ਕਰੇ। ਉਹ ਵੀ ਏਨੀ ਸੋਹਣੀ ਜਿਸਨੇ ਸੋਹਣੇ ਤੋਂ ਸੋਹਣੇ ਮੁੰਡੇ ਨੂੰ ਨਾਂਹ ਕਰ ਦਿੱਤੀ ਸੀ। ਪਰ ਇੱਕ ਗੱਲ ਜਰੂਰ ਸੀ। ਉਹ ਜਦੋਂ ਵੀ ਮੇਰੇ ਵੱਲ ਦੇਖਦੀ ਤਾਂ ਅੱਖ ਨਾ ਝਮਕਦੀ। ਮੈਂ ਤਾਂ ਬਸ ਉਸਦੀਆਂ ਮੋਟੀਆਂ ਅੱਖਾਂ ਤੇ ਫਿਦਾ ਸੀ। ਗੁਰੂ ਘਰ ਤੋਂ ਸਿਵਾ ਉਹ ਮੈਨੂੰ ਪਿੰਡ ਵਿੱਚ ਕਦੇ ਦਿਖਾਈ ਨਹੀਂ ਸੀ ਦਿੱਤੀ। ਦਿਨ ਗੁਜ਼ਰ ਗਏ। ਗੁਰਪੁਰਬ ਦਾ ਭੋਗ ਪੈ ਗਿਆ। ਹੁਣ ਉਸ ਨਾਲ ਨਜ਼ਰਾਂ ਮਿਲਾਉਣ ਲਈ ਕੋਈ ਥਾਂ ਟਿਕਾਣਾ ਨਾ ਰਿਹਾ। ਉਸ ਵਕਤ ਏਨੀ ਸਿਆਣਪ ਨਹੀਂ ਸੀ ਕਿ ਕਿਸੇ ਤਰ੍ਹਾਂ ਦੀ ਕੋਈ ਸਕੀਮ ਘੜੀ ਜਾਵੇ। ਮੈਂ ਕੰਮਾਂ-ਕਾਰਾਂ ਵਿੱਚ ਰੁਝ ਗਿਆ। ਉਸਨੂੰ ਦੇਖਣਾ ਤੇ ਮਿਲਣਾ ਨਾ ਮਾਤਰ ਹੋ ਗਿਆ।

ਮੈਨੂੰ ਉਸਦਾ ਨਾਮ ਨਹੀਂ ਸੀ ਪਤਾ। ਪਰ ਉਸ ਜੋਤਸ਼ੀ ਦੀ ਗੱਲ ਜਹਿਨ ਵਿੱਚ ਜਰੂਰ। ਕਿਉਂਕਿ ਮੈਨੂੰ ਲੱਗਦਾ ਸੀ ਜੋਤਸ਼ੀ ਦੀ ਇੱਕ ਗੱਲ ਤਾਂ ਸੱਚ ਹੋਈ ਜੋ ਰਾਵੀ ਨਹੀਂ ਮਿਲੀ ਪਰ ਦੇਖਣਾ ਸੀ ਕਿ ਇਸਦਾ ਨਾਮ ਕਿਸ ਅੱਖਰ ਤੋਂ ਹੈ? ਅਗਰ "ਰ" ਤੋਂ ਹੋਇਆ

ਤਾਂ ਫਿਰ ਤਾਂ ਦਿਲ ਟੁੱਟਿਆ ਲਉ। ਅਗਰ ਕਿਸੇ ਹੋਰ ਅੱਖਰ ਤੋਂ ਹੈ ਤਾਂ ਫਿਰ ਦੇਖਦੇ ਕੀ ਹੁੰਦਾ। ਇਹ ਗੱਲਾਂ ਹੁਣ ਤਾਂ ਬੇਕਾਰ ਲੱਗਦੀਆਂ ਨੇ ਪਰ ਉਸ ਵਕਤ ਮੇਰੇ ਮਨ ਦੀ ਅਵਸਥਾ ਅਨੁਸਾਰ ਇਹ ਜਾਨਣ ਦੀ ਚਾਹਤ ਸੀ ਕਿ ਉਸ ਦੀ ਭਵਿੱਖ ਵਾਣੀ 'ਚ ਕਿੰਨਾ ਕੁ ਅਸਰ ਹੈ। ਮੈਂ ਤਾਂਘ ਰੱਖਣ ਲੱਗਾ।

ਫਿਰ ਅਚਾਨਕ ਮੇਰੇ ਇੱਕ ਯਾਰ ਦਾ ਵਿਆਹ ਆ ਗਿਆ। ਉਹ ਉਮਰ ਵਿੱਚ ਮੇਰੇ ਤੋਂ ਕੁਝ ਵਢੇਰੀ ਉਮਰ ਦਾ ਸੀ। ਪਰ ਯਾਰ ਪੱਕਾ ਸੀ। ਪਰਿਵਾਰਿਕ ਸਾਂਝ ਵੀ ਸੀ। ਮੇਰੀ ਹਰ ਉਮਰ ਦੇ ਇਨਸਾਨ ਨਾਲ ਯਾਰੀ ਪੈ ਜਾਂਦੀ ਹੈ ਤੇ ਨਿਭਦੀ ਵੀ ਬਾ-ਖੂਬੀ ਹੈ। ਉਸਦਾ ਕੁਝ ਦਿਨ ਪਹਿਲਾਂ ਰਿਸ਼ਤਾ ਹੋਇਆ ਸੀ ਤੇ ਕੁੜੀ ਵਾਲਿਆਂ ਨੇ ਜਲਦੀ ਵਿਆਹ ਮੰਗ ਲਿਆ। ਵਿਆਹ ਦੇ ਬਹੁਤੇ ਕੰਮਾਂ ਦੀ ਜਿੰਮੇਵਾਰੀ ਮੇਰੇ ਹੱਥ ਸੀ। ਵਿਆਹ ਕਰਕੇ ਘਰ ਨੂੰ ਸੋਹਣਾ ਬਣਾਉਣ ਲਈ ਰੰਗ ਕਰਨ ਲੱਗੇ। ਮੈਂ ਆਪਣੇ ਨਾਲ ਕੁਝ ਯਾਰ ਲਏ ਤੇ ਪਹਿਲਾਂ ਕਮਰਿਆਂ ਦੇ ਅੰਦਰ ਤੇ ਬਾਹਰ ਕਰਨ ਲੱਗੇ। ਸ਼ਾਮ ਹੋ ਗਈ। ਅਸੀਂ ਕਾਹਲੀ ਵਿੱਚ ਰੰਗ ਕਰਦੇ ਸਾਰੇ ਹੀ ਰੰਗ ਨਾਲ ਲਿਬੜੇ ਪਏ ਸੀ। ਮੇਰਾ ਤਾਂ ਪਹਿਲਾਂ ਹੀ ਰੰਗ-ਰੂਪ ਓਦਾਂ ਦਾ ਸੀ ਤੇ ਮੂੰਹ ਤੇ ਰੰਗ ਲੱਗਣ ਕਰਕੇ ਹੋਰ ਭੈੜਾ ਲੱਗਣ ਲੱਗਾ। ਸਾਰੇ ਇੱਕ ਦੂਜੇ ਦੇ ਮੂੰਹ ਦੇਖ ਹੱਸਦੇ ਤੇ ਟਿੱਚਰਾਂ ਕਰਦੇ।

ਰੰਗ ਕਰਦਾ ਮੈਂ ਕੋਠੇ ਦੇ ਉਪਰ ਚੜ੍ਹ ਗਿਆ। ਉਪਰਲੇ ਹਿੱਸੇ ਨੂੰ ਰੰਗ ਕਰਨ ਲਈ। ਮੈਂ ਆਪਣੇ ਧਿਆਨ ਰੰਗ ਕਰ ਰਿਹਾ ਸੀ ਕਿ ਮੈਨੂੰ ਕਿਸੇ ਕੁੜੀ ਨੇ ਆਵਾਜ ਮਾਰੀ..

ਲਵਪ੍ਰੀਤ ਭਾਜੀ..

ਮੈਂ ਆਸ-ਪਾਸ ਦੇਖਿਆ ਤਾਂ ਮੇਰੀ ਨਜ਼ਰ ਮੇਰੇ ਯਾਰ ਦੇ ਘਰਾਂ ਪਿਛਲੇ ਘਰ ਤੇ ਪਈ। ਜਿੱਥੇ ਦੋ ਕੁੜੀਆਂ ਮੰਜੇ ਤੇ ਬੈਠੀਆਂ ਸਨ। ਇਹ ਤਾਂ ਰੂਬਲ ਸੀ ਤੇ ਨਾਲ ਉਹ ਕੁੜੀ ਜੋ ਉਹਨਾਂ ਘਰ ਪ੍ਰਾਹੁਣੀ ਆਈ ਹੋਈ ਸੀ। ਮੈਂ ਜਾਣਦਾ ਸੀ ਕਿ ਰੂਬਲ ਕਾ ਘਰ ਮੇਰੇ ਯਾਰ ਕੇ ਘਰਾਂ ਪਿੱਛੇ ਹੈ ਪਰ ਇਹ ਨਹੀਂ ਸੀ ਸਮਝ ਆ ਰਿਹਾ ਕਿ ਰੂਬਲ ਨੇ ਮੈਨੂੰ ਆਵਾਜ ਕਿਉਂ ਮਾਰੀ। ਪਰ ਮੈਂ ਗੌਰ ਕੀਤਾ ਉਹਨਾਂ ਦੋਨਾਂ ਸਿਵਾ ਘਰ ਵਿੱਚ ਹੋਰ ਕੋਈ ਨਹੀਂ ਸੀ। ਮੈਂ ਰੰਗ ਵਾਲਾ ਡੱਬਾ ਇੱਕ ਪਾਸੇ ਰੱਖਿਆ ਤੇ ਹੌਂਸਲਾ ਕਰ ਬੋਲਿਆ..

ਮੈਂ - ਹਾਂਜੀ।

ਫਿਰ ਉਹ ਮੰਜੇ ਤੋਂ ਉੱਠ ਮੇਰੇ ਨੇੜੇ ਆਈ ਤੇ ਹੇਠਾਂ ਤੋਂ ਹੌਲੀ ਜਿਹੇ ਬੋਲੀ..

ਰੂਬਲ - ਮੇਰੀ ਭੂਆ ਦੀ ਕੁੜੀ ਨੇ ਤੁਹਾਡੇ ਨਾਲ ਗੱਲ ਕਰਨੀ ਏ। ਆਪਣਾ ਫੋਨ ਨੰਬਰ ਦੇ ਦਿਉ।

ਜਿਉਂ ਹੀ ਉਸਨੇ ਏਦਾਂ ਕਿਹਾ ਮੈਨੂੰ ਤਾਂ ਜਿਵੇਂ ਖੰਭ ਲੱਗ ਗਏ ਹੋਣ। ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਮੈਂ ਉਸਨੂੰ ਕਿਹਾ..

ਮੈਂ - ਹੁਣੇ ਲਿਆਇਆ ਲਿਖ ਕੇ।

ਮੈਂ ਬੜੀ ਹੀ ਫੁਰਤੀ ਨਾਲ ਕੋਠੇ ਤੋਂ ਉੱਤਰਿਆ। ਏਨੀ ਫੁਰਤੀ ਨਾਲ ਕਿ ਪੌੜੀ ਤੋਂ ਡਿੱਗਣ ਪਿਆ। ਮੇਰੇ ਨਾਲ ਵਾਲੇ ਯਾਰਾਂ ਮੈਨੂੰ ਹਾਸੇ ਮਜ਼ਾਕ ਵਿੱਚ ਕਿਹਾ..

ਓ ਭਰਾਵਾ ਕੀ ਹੋਇਆ ਈ ਤੈਨੂੰ..

ਮੈਂ ਬਿਨਾਂ ਉਹਨਾਂ ਦੀ ਗੱਲ ਦਾ ਜੁਆਬ ਦਿੱਤੇ। ਲਿਬੜਿਆ ਹੀ ਭੱਜ ਕੇ ਆਪਣੇ ਘਰ ਗਿਆ ਤੇ ਇੱਕ ਕਾਗ਼ਜ ਤੇ ਨੰਬਰ ਲਿਖ ਵਾਪਿਸ ਆ ਗਿਆ। ਫਿਰ ਕਾਹਲੀ ਵਿੱਚ ਕੋਠੇ ਚੜਿਆ ਤੇ ਰੂਬਲ ਨੂੰ ਆਵਾਜ ਮਾਰੀ। ਰੂਬਲ ਥੋੜਾ ਨੇੜੇ ਆਈ ਤਾਂ ਮੈਂ ਨੰਬਰ ਵਾਲਾ ਕਾਗ਼ਜ ਉਸ ਵੱਲ ਸੁੱਟ ਦਿੱਤਾ। ਕਾਗ਼ਜ ਚੁੱਕਦੇ ਹੀ ਉਹ ਪਿਛਾਂਹ ਹਟ ਗਈ ਤੇ ਮੈਂ ਰੰਗ ਕਰ ਹੇਠਾਂ ਉੱਤਰ ਆਇਆ। ਉਸ ਦਿਨ ਰੰਗ ਕਰਦਿਆਂ ਸਾਨੂੰ ਕਾਫੀ ਰਾਤ ਹੋ ਗਈ। ਕੰਮ ਖਤਮ ਕਰ ਅਸੀਂ ਸਭ ਆਪੋ-ਆਪਣੇ ਘਰ ਚਲੇ ਗਏ। ਮੈਂ ਘਰੇ ਪਹੁੰਚ ਨਹਾਤਾ-ਧੋਤਾ ਤੇ ਫੋਨ ਦੀ ਉਡੀਕ ਕਰਨ ਲੱਗਾ। ਉਹ ਹੱਦ ਤੋਂ ਪਰ੍ਹੇ ਸੋਹਣੀ ਸੀ। ਮੈਂ ਸੋਚ ਵੀ ਨਹੀਂ ਸੀ ਸਕਦਾ ਕਿ ਏਨੀ ਸੋਹਣੀ

ਕੁੜੀ ਮੇਰੇ ਨਾਲ ਗੱਲ ਕਰਨ ਨੂੰ ਰਾਜੀ ਹੈ। ਉਹ ਵੀ ਜਿਸ ਦੇ ਮਗਰ ਸਾਰੇ ਪਿੰਡ ਦੇ ਆਸ਼ਿਕ ਹੱਥ ਧੋ ਕੇ ਪਏ ਹੋਏ ਸਨ। ਮੈਨੂੰ ਇਸ ਗੱਲ ਦਾ ਬਿਲਕੁਲ ਵੀ ਯਕੀਨ ਨਹੀਂ ਸੀ ਹੋ ਰਿਹਾ। ਇਹ ਤਾਂ ਲੰਗੂਰ ਹੱਥ ਅੰਗੂਰ ਆਉਣ ਵਾਲੀ ਗੱਲ ਜਾਪਦੀ ਸੀ। ਐਸਾ ਨਹੀਂ ਸੀ ਕਿ ਮੈਂ ਉਸਨੂੰ ਪਿਆਰ ਕਰਦਾ ਸੀ। ਮੇਰੇ ਮਨ ਤੇ ਅਜੇ ਵੀ ਰਾਵੀ ਛਾਈ ਹੋਈ ਸੀ। ਪਰ ਉਸਦੇ ਵਿਆਹ ਬਾਅਦ ਉਸਦੀ ਯਾਦ ਵਿੱਚ ਤੜਫਨਾ ਮੈਨੂੰ ਜਮਾਂ ਵੀ ਜਾਇਜ਼ ਨਹੀਂ ਸੀ ਲੱਗਦਾ। ਕਿਉਂਕਿ ਇਸਦਾ ਕੋਈ ਫਾਇਦਾ ਵੀ ਨਹੀਂ ਸੀ। ਇਹ ਫਿਲਮ ਤਾਂ ਚੱਲ ਨਹੀਂ ਸੀ ਰਹੀ ਕੋਈ। ਅਸਲ ਜਿੰਦਗੀ ਸੀ। ਇਸ ਲਈ ਏਨੀ ਸੋਹਣੀ ਕੁੜੀ ਦਾ ਖੁਦ ਮੈਨੂੰ ਗੱਲ ਕਰਨ ਲਈ ਕਹਿਣਾ ਤਾਂ ਖੁਦਾ ਦਾ ਕ੍ਰਿਸ਼ਮਾ ਲੱਗਦਾ ਸੀ। ਬੜਾ ਹੀ ਤਸੱਲੀ ਬਖਸ਼, ਮਾਣ ਵਾਲਾ ਤੇ ਖੂਬਸੂਰਤ ਅਹਿਸਾਸ ਸੀ ਇਹ।

ਉਸ ਵਕਤ ਮੇਰੇ ਕੋਲ ਨੋਕੀਆ ਕੰਪਨੀ ਦਾ ਫੋਨ ਸੀ। ਸ਼ਾਇਦ 1208 ਸੀ। ਮੈਂ ਫੋਨ ਦੀ ਉਡੀਕ ਕਰ ਰਿਹਾ ਸੀ। ਰਾਤ ਦਸ ਵਜੇ ਦੇ ਕਰੀਬ ਫੋਨ ਆਇਆ। ਮੈਂ ਦੇਖਿਆ ਤਾਂ ਕਿਸੇ ਅਨਜਾਣ ਨੰਬਰ ਤੋਂ ਸੀ। ਮੈਂ ਸਮਝ ਗਿਆ ਕਿ ਫੋਨ ਉਸਦਾ ਹੋਵੇਗਾ। ਮੈਂ ਫੋਨ ਚੁੱਕਿਆ ਤੇ ਅੱਗਿਓਂ ਕੁੜੀ ਬੋਲੀ..

ਰੂਬਲ - ਲਵਪ੍ਰੀਤ ਭਾਜੀ?

ਮੈਂ - ਹਾਂਜੀ। ਰੂਬਲ ਆ?

ਰੂਬਲ - ਹਾਂਜੀ।

ਮੈਂ - ਹੋਰ ਕੀ ਹਾਲ ਆ?

ਰੂਬਲ - ਠੀਕ ਆ। ਤੁਸੀਂ ਕਿਵੇਂ?

ਮੈਂ - ਮੈਂ ਵੀ ਵਧੀਆ।

ਰੂਬਲ - ਦਰਅਸਲ ਮੇਰੀ ਭੂਆ ਦੀ ਕੁੜੀ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੀ ਸੀ।

ਮੈਂ - ਹਾਂਜੀ, ਕਰਵਾਉ ਫਿਰ।

ਰੂਬਲ - ਕਰਵਾਉਂਦੀ ਆ। ਏਨੀ ਵੀ ਕਾਹਲੀ ਕਾਹਦੀ?

ਮੈਂ - ਲੈ ਦੱਸ, ਕਾਹਲੀ ਤਾਂ ਹੈ ਹੀ। ਕਿੰਨੇ ਚਿਰ ਦਾ ਫੋਨ ਉਡੀਕ ਰਹਾਂ ਮੈਂ।

ਰੂਬਲ - ਅੱਛਾ। ਤੁਹਾਨੂੰ ਪਤਾ ਕਿੰਨੇ ਮੁੰਡਿਆਂ ਨੇ ਮੈਨੂੰ ਕਿਹਾ ਕਿ ਆਪਣੀ ਭੂਆ ਦੀ ਕੁੜੀ ਨਾਲ ਗੱਲ ਕਰਾ।

ਮੈਂ - ਆਹੋ ਪਤਾ ਵਾ ਮੈਨੂੰ। ਸਾਰਾ ਪਿੰਡ ਸ਼ਦਾਈ ਹੋਇਆ ਫਿਰਦਾ ਉਸ ਪਿੱਛੇ।

ਰੂਬਲ - ਪਰ ਮੈਂ ਕਿਸੇ ਨਾਲ ਵੀ ਗੱਲ ਨਹੀਂ ਕਰਨ ਦਿੱਤੀ। ਮੈਂ ਉਸਨੂੰ ਕਿਹਾ ਕਿ ਗੱਲ ਤਾਂ ਸਿਰਫ ਤੁਹਾਡੇ ਨਾਲ ਕਰਨੀ ਆ। ਹੋਰ ਕਿਸੇ ਨਾਲ ਨਹੀਂ।

ਮੈਂ - ਕਿਉਂ ਏਦਾਂ ਕਿਉਂ?

ਰੂਬਲ - ਸਾਰੇ ਪਿੰਡ 'ਚੋਂ ਤੁਸੀਂ ਤਾਂ ਚੱਜ ਦੇ ਮੁੰਡੇ ਹੋ ਜਿਸਦੀ ਕਦੇ ਕੋਈ ਗ਼ਲਤ ਗੱਲ ਨੀ ਸੁਣੀ ਪਿੰਡ ਵਿੱਚ।

ਮੈਂ - ਅੱਛਾ। ਲੱਗਦਾ ਤੂੰ ਰਾਵੀ ਬਾਰੇ ਨੀ ਸੁਣਿਆ ਕਦੇ?

ਰੂਬਲ - ਹਾਂ ਜਾਣਦੀ ਹਾਂ ਮੈਂ। ਪਰ ਫਿਰ ਵੀ ਤੁਸੀਂ ਵਧੀਆ ਹੋ।

ਮੈਂ - ਏਨਾ ਵੀ ਚੰਗਾ ਨਹੀਂ ਹਾਂ ਮੈਂ ਜਿੰਨਾਂ ਤੂੰ ਸਮਝੀ ਜਾਂਦੀ।

ਰੂਬਲ - ਤੁਹਾਨੂੰ ਨਹੀਂ ਪਤਾ। ਪਰ ਸਾਰੇ ਪਿੰਡ 'ਚ ਤੁਹਾਡੀਆਂ ਹੀ ਤਰੀਫਾਂ ਹੁੰਦੀਆਂ ਨੇ। ਤੁਹਾਡੀ ਪੜਾਈ ਵੱਲੋਂ, ਸਾਦਗੀ ਵੱਲੋਂ ਚੰਗੇ ਬੋਲ ਚਾਲਣ ਦੇ ਢੰਗ ਵੱਲੋਂ, ਹਰ ਸਤਿਕਾਰ ਯੋਗ ਖੂਬੀ ਹੈ ਤੁਹਾਡੇ 'ਚ।

ਮੈਂ - ਅੱਛਾ ਮੈਨੂੰ ਤਾਂ ਪਹਿਲੀ ਵਾਰ ਪਤਾ ਲੱਗਾ ਕਿ ਮੇਰੇ ਏਨੇ ਝੰਡੇ ਝੂਲਦੇ ਨੇ।

ਰੂਬਲ - ਹਾਂਜੀ। ਹਰ ਕੋਈ ਤਾਰੀਫ਼ ਕਰਦਾ ਤੁਹਾਡੀ। ਸਾਡੇ ਤਾਂ ਘਰਦੇ ਵੀ ਅਗਰ ਗੱਲ ਕਰਨ ਤਾਂ ਮੇਰਿਆਂ ਭਰਾਵਾਂ ਨੂੰ ਤੁਹਾਡੀਆਂ ਉਦਾਹਰਣਾਂ ਦਿੰਦੇ ਨੇ।

ਮੈਂ - ਅੱਛਾ। ਫਿਰ ਤਾਂ ਮੈਨੂੰ ਇਸਦਾ ਇਨਾਮ ਮਿਲਣਾ ਚਾਹੀਦਾ। ਹਨਾ?

ਰੂਬਲ - ਲੈ ਦੱਸ। ਏਨੀ ਸੋਹਣੀ ਕੁੜੀ ਤੁਹਾਡੇ ਨਾਲ ਗੱਲ ਕਰਨ ਨੂੰ ਤਰਲੇ ਲੈ ਰਹੀ ਏ। ਹੋਰ ਕੀ ਇਨਾਮ ਚਾਹੀਦਾ?

ਅਸੀਂ ਦੋਨੋਂ ਹੱਸਣ ਲੱਗ ਪਏ। ਮੈਂ ਬੋਲਿਆਂ..

ਮੈਂ - ਕਰਾ ਫਿਰ ਗੱਲ ਜਾਂ ਤੂੰ ਹੀ ਕਰੀ ਜਾਵੇਂਗੀ ਸਾਰੀਆਂ ਗੱਲਾਂ?

ਰੂਬਲ - ਕਰ ਲੋ ਦੋ-ਚਾਰ ਮਿੰਟ ਮੇਰੇ ਨਾਲ ਗੱਲ। ਫਿਰ ਓਦੇ ਨਾਲ ਲੱਗ ਗਏ। ਮੈਨੂੰ ਪਤਾ ਮੇਰੀ ਵਾਰੀ ਨਹੀਂ ਆਉਣੀ।

ਮੈਂ - ਮੈਨੂੰ ਤਾਂ ਇੰਝ ਲੱਗੀ ਜਾਂਦਾ ਜਿੱਦਾਂ ਤੂੰ ਹੀ ਗੱਲ ਕਰਨੀ ਚਾਹੁੰਦੀ ਹੋਵੇ ਮੇਰੇ ਨਾਲ।

ਅਸੀਂ ਮੁੜ ਹੱਸਣ ਲੱਗੇ। ਉਹ ਬੋਲੀ..

ਰੂਬਲ - ਨਹੀਂ। ਮੇਰਾ ਏਦਾਂ ਦਾ ਕੋਈ ਮਨ ਨਹੀਂ। ਏਨੇ ਵੀ ਚੰਗੇ ਨਹੀਂ ਤੁਸੀਂ।

ਅਸੀਂ ਫਿਰ ਹੱਸਣ ਲੱਗੇ।

ਮੈਂ ਫੋਨ ਤੇ ਗੱਲ ਕਰਦਾ-ਕਰਦਾ ਪਿੰਡ ਦੇ ਬਾਹਰ ਦੀ ਫਿਰਨੀ ਵਾਲੀ ਸੜਕ ਤੇ ਸੈਰ ਕਰ ਰਿਹਾ ਸੀ। ਅਕਸਰ ਮੈਂ ਆਪਣੇ ਯਾਰਾਂ ਨਾਲ ਰੋਜ਼ ਸੈਰ ਕਰਨ ਬਾਹਰ ਜਾਂਦਾ ਸੀ। ਪਰ ਅੱਜ ਮੈਂ ਇਕੱਲਾ ਸੀ। ਜਦੋਂ ਅਸੀਂ ਕਿਸੇ ਖਾਸ ਨਾਲ ਗੱਲ ਕਰਨੀ ਹੋਵੇ ਤਾਂ ਇਕਾਂਤ ਭਾਲਦੇ ਹਾਂ। ਇਸ ਲਈ ਮੈਂ ਵੀ ਠੰਡ ਦੀ ਪਰਵਾਹ ਕੀਤੇ ਬਿਨਾਂ ਫੋਨ ਤੇ ਗੱਲ ਕਰਨ ਦੀ ਆੜ ਵਿੱਚ ਬਾਹਰ ਫਿਰ ਰਿਹਾ ਸੀ। ਤਾਂ ਜੋ ਕੋਈ ਗੱਲ ਕਰਦੇ ਨੂੰ ਤੰਗ ਨਾ ਕਰੇ ਤੇ ਕਿਸੇ ਕਿਸਮ ਦਾ ਵਿਘਨ ਨਾ ਪਵੇ। ਰੂਬਲ ਨੇ ਦੋ-ਚਾਰ ਗੱਲਾਂ ਹੋਰ ਕੀਤੀਆਂ ਤੇ ਫਿਰ ਫੋਨ ਆਪਣੀ ਭੂਆ ਦੀ ਕੁੜੀ ਨੂੰ ਫੜਾ ਦਿੱਤਾ। ਉਹ ਬੜੀ ਹੀ ਹੌਲੀ ਜਿਹੀ ਬੋਲੀ..

ਹਾਂਜੀ।

ਮੈਂ - ਕੀ ਹਾਲ ਆ?

ਉਹ ਬੋਲੀ..

ਵਧੀਆ। ਤੁਹਾਡਾ ਕੀ ਹਾਲ?

ਮੈਂ - ਮੈਂ ਵੀ ਵਧੀਆ।

ਉਹ ਬੋਲੀ..

ਹੋਰ ਕੀ ਕਰਦੇ?

ਮੈਂ - ਕੁਝ ਨਹੀਂ ਬਸ ਘਰੋਂ ਬਾਹਰ ਆ। ਤੁਰਦਾ-ਫਿਰਦਾ ਆਪ ਨਾਲ ਗੱਲ ਕਰ ਰਿਹਾ।

ਉਹ ਬੋਲੀ..

ਠੀਕ ਆ।

ਮੈਂ - ਸੱਚ ਨਾਂ ਤਾਂ ਪੁੱਛਿਆ ਹੀ ਨੀ ਮੈਂ। ਕੀ ਨਾਂ ਆਪਦਾ?

ਉਹ ਬੋਲੀ..

ਅਕਾਸ਼।

ਮੈਂ - ਸੋਹਣਾ ਨਾਂ ਏ। ਮੇਰਾ ਨਾਂ ਤਾਂ ਪਤਾ ਹੋਣਾ ਆਪਨੂੰ।

ਅਕਾਸ਼ - ਹਾਂਜੀ ਦੱਸਿਆ ਹੈ ਰੂਬਲ ਨੇ।

ਮੈਂ - ਲੱਗਦਾ ਰੂਬਲ ਨਾਲ ਬਹੁਤ ਗੱਲਾਂ ਹੁੰਦੀਆਂ ਮੇਰੇ ਬਾਰੇ।

ਅਕਾਸ਼ - ਨਹੀਂ ਬਹੁਤੀਆਂ ਨੀ। ਬਸ ਕਦੇ ਕਦੇ।

ਮੈਂ - ਅੱਛਾ।

ਉਸਦਾ ਨਾਮ ਸੁਣਦੇ ਹੀ ਮੇਰਾ ਜੋਤਸ਼ੀ ਤਰਫ਼ ਧਿਆਨ ਗਿਆ ਕਿ ਹਰ ਗੱਲ ਤਾਂ ਉਸਦੀ ਸੱਚ ਨਹੀਂ ਹੋ ਸਕਦੀ। ਤੇ ਮੈਂ ਰੱਬ ਦਾ ਸ਼ੁਕਰ ਮਨਾਇਆ। ਫਿਰ ਅਸੀਂ ਕਰੀਬ ਇੱਕ ਘੰਟਾ ਗੱਲ ਕੀਤੀ ਹੋਵੇਗੀ। ਉਸਨੇ ਦੱਸਿਆ ਕਿ ਉਸਨੇ ਏਸੇ ਸਾਲ ਹੀ ਬਾਰਵੀਂ ਜਮਾਤ ਪਾਸ ਕੀਤੀ ਹੈ। ਹੋਰ ਆਪਣੇ ਪਿੰਡ ਬਾਰੇ ਦੱਸਿਆ। ਪਰਿਵਾਰ ਬਾਰੇ ਦੱਸਿਆ। ਇਹ ਵੀ ਦੱਸਿਆ ਕਿ ਹੁਣ ਉਹ ਕਿੰਨੇ ਹੋਰ ਦਿਨ ਸਾਡੇ ਪਿੰਡ ਰਹੇਗੀ। ਬਹੁਤ ਗੱਲਾਂ ਕੀਤੀਆਂ ਪਰ ਦੋਨਾਂ 'ਚੋਂ ਇੱਕ ਵਾਰ ਵੀ ਕਿਸੇ ਨੇ ਪਿਆਰ ਦਾ ਇਜ਼ਹਾਰ ਨਾ ਕੀਤਾ। ਫੋਨ ਉਸਦਾ ਆਪਣਾ ਨਹੀਂ ਸੀ। ਉਹ ਰੂਬਲ ਦਾ ਸੀ। ਉਸਨੇ ਦੱਸਿਆ ਕਿ ਉਹ ਤੇ ਰੂਬਲ ਰੋਜ਼ ਸ਼ਾਮ ਨੂੰ ਪੰਜ ਵਜੇ ਗੁਰਦੁਆਰਾ ਸਾਹਿਬ ਆਉਂਦੇ ਨੇ। ਮੈਂ ਕਾਲਜ ਤੋਂ ਦੇਰੀ ਨਾਲ ਘਰ ਪਰਤਦਾ ਸੀ ਇਸ ਲਈ ਰੋਜ਼ ਏਸੇ ਸਮੇਂ ਜਾਣਾ ਮੇਰੇ ਲਈ ਕਠਿਨ ਸੀ। ਪਰ ਸ਼ਨੀਵਾਰ ਤੇ ਐਤਵਾਰ ਮੈਂ ਜਰੂਰ ਜਾਂਦਾ ਸੀ। ਦੋ ਦਿਨ ਮੈਨੂੰ ਕਾਲਜ ਤੋਂ ਛੁੱਟੀ ਹੁੰਦੀ ਸੀ। ਮੈਂ ਨਹੀਂ ਜਾਣਦਾ ਕਿ ਮੈਨੂੰ ਉਸ ਨਾਲ ਪਿਆਰ ਸੀ ਜਾਂ ਨਹੀਂ ਪਰ ਉਸ ਤਰਫ਼ ਖਿੱਚ ਜਰੂਰ ਸੀ। ਅਸੀਂ ਕਈ ਦਿਨ ਤੱਕ ਫੋਨ ਤੇ ਗੱਲਬਾਤ ਕਰਦੇ ਰਹੇ। ਮੈਂ ਰੋਜ਼ ਉਸਦੇ

ਫੋਨ ਦੀ ਉਡੀਕ ਕਰਦਾ। ਉਹ ਕਿਸੇ ਵੀ ਵਕਤ ਫੋਨ ਕਰ ਦੇਂਦੀ ਸੀ। ਗੱਲ ਕਰਦਿਆਂ ਕਰੀਬ ਪੰਦਰਾਂ ਦਿਨ ਹੋ ਗਏ। ਮੈਂ ਆਪਣੇ ਪਿੰਡ ਦੀ ਇੱਕ ਮਨਿਆਰੀ ਦੀ ਦੁਕਾਨ ਤੋਂ ਉਸ ਲਈ ਝੁਮਕੇ ਲਏ ਤੇ ਉਸਨੂੰ ਫੋਨ ਕਰ ਰਸਤੇ ਵਿੱਚ ਲੰਘਦਿਆਂ ਫੜਾ ਦਿੱਤੇ। ਉਸਨੂੰ ਬਹੁਤ ਪਸੰਦ ਆਏ। ਜਿਸ ਦੁਕਾਨ ਤੋਂ ਮੈਂ ਝੁਮਕੇ ਲਏ ਸਨ ਉਸ ਦੁਕਾਨ ਵਾਲੀ ਔਰਤ ਨੇ ਮੇਰੀ ਮਾਂ ਨੂੰ ਇਸ ਬਾਰੇ ਦੱਸ ਦਿੱਤਾ ਤੇ ਮੇਰੀ ਮਾਂ ਨੇ ਫਿਰ ਤੋਂ ਮੇਰੇ ਕੰਨ ਖਿੱਚੇ। ਸਾਡੇ ਦੋਨਾਂ ਦੀ ਯਾਰੀ ਦੀਆਂ ਗੱਲਾਂ ਸਾਰੇ ਪਿੰਡ ਵਿੱਚ ਅੱਗ ਵਾਗੂੰ ਫੈਲ ਗਈਆਂ। ਪਤਾ ਨਹੀਂ ਇਹ ਕਿਵੇਂ ਹੋਇਆ। ਫਿਰ ਇੱਕ ਦਿਨ ਉਹ ਵਾਪਿਸ ਆਪਣੇ ਪਿੰਡ ਚਲੀ ਗਈ। ਮੈਨੂੰ ਇਸ ਗੱਲ ਦਾ ਦੁੱਖ ਹੋਇਆ। ਕਿਉਂਕਿ ਉਸਨੂੰ ਦੇਖਣਾ ਨਸੀਬ ਨਹੀਂ ਸੀ ਹੋਣਾ।

ਆਪਣੇ ਪਿੰਡ ਵਾਪਿਸ ਜਾਣ ਤੇ ਉਹ ਨਿੱਤ ਫੋਨ ਨਹੀਂ ਸੀ ਕਰਦੀ ਪਰ ਹਫ਼ਤੇ ਵਿੱਚ ਦੋ-ਤਿੰਨ ਵਾਰ ਜਰੂਰ ਗੱਲ ਹੋ ਜਾਂਦੀ ਸੀ। ਕਿਉਂਕਿ ਉਸ ਕੋਲ ਉਸਦਾ ਆਪਣਾ ਫੋਨ ਨਹੀਂ ਸੀ। ਮੈਂ ਨਾ ਕਦੇ ਇਸ ਗੱਲ ਦਾ ਰੋਸ ਕੀਤਾ ਤੇ ਨਾ ਹੀ ਜਿੱਦ। ਉਹ ਖੁਦ ਹੀ ਫੋਨ ਕਰਦੀ ਸੀ। ਮੈਨੂੰ ਨਹੀਂ ਯਾਦ ਕਿ ਮੈਂ ਵੀ ਕਦੇ ਉਸ ਨੂੰ ਫੋਨ ਕੀਤਾ ਹੋਵੇਗਾ। ਏਦਾਂ ਨਹੀਂ ਸੀ ਕਿ ਮੈਂ ਉਸ ਨਾਲ ਗੱਲ ਨਹੀਂ ਕਰਨਾ ਚਾਹੁੰਦਾ। ਅਸਲ ਵਿੱਚ ਉਸਨੇ ਖੁਦ ਹੀ ਕਿਹਾ ਸੀ ਕਿ

ਜਿਸ ਫੋਨ ਤੋਂ ਉਹ ਫੋਨ ਕਰੇ ਮੁੜ ਵਾਪਿਸ ਮੈਂ ਫੋਨ ਨਾ ਕਰਾ ਜਦ ਤੱਕ ਉਹ ਖੁਦ ਕਰਨ ਲਈ ਨਾ ਕਹੇ। ਉਹ ਡਰਦੀ ਸੀ ਆਪਣੇ ਘਰ ਪਤਾ ਲੱਗ ਜਾਣ ਤੋਂ। ਜੋ ਉਸਦੀ ਸੋਚ ਅਨੁਸਾਰ ਬਿਲਕੁਲ ਠੀਕ ਵੀ ਸੀ। ਗੱਲਬਾਤ ਹੁੰਦੀ ਰਹਿੰਦੀ ਸੀ। ਫਿਰ ਇੱਕ ਦਿਨ ਉਸਨੇ ਫੋਨ ਕਰਕੇ ਦੱਸਿਆ ਕਿ ਉਹ ਨਾਨਕੇ ਰਹਿਣ ਆ ਰਹੀ ਹੈ। ਮੈਂ ਬਹੁਤ ਖੁਸ਼ ਹੋਇਆ। ਨਾਨਕੇ ਘਰ ਪਹੁੰਚਦੇ ਹੀ ਸ਼ਾਮ ਨੂੰ ਰੂਬਲ ਦੇ ਫੋਨ ਤੋਂ ਫੋਨ ਆ ਗਿਆ। ਰੂਬਲ ਦਾ ਨੰਬਰ ਮੇਰੇ ਫੋਨ ਵਿੱਚ ਰੱਖਿਅਤ ਸੀ। ਮੈਂ ਜਲਦੀ ਨਾਲ ਫੋਨ ਚੁੱਕਿਆ ਤੇ ਗੱਲਬਾਤ ਕਰਨ ਲੱਗੇ। ਦੋ-ਚਾਰ ਦਿਨ ਰੋਜ਼ ਤੇ ਹਰ ਵਕਤ ਗੱਲ ਹੁੰਦੀ ਰਹੀ। ਮੈਂ ਉਸ ਨੂੰ ਰਾਵੀ ਬਾਰੇ ਦੱਸਿਆ। ਪਰ ਮੇਰੇ ਤੋਂ ਪਹਿਲਾਂ ਹੀ ਉਸ ਨੂੰ ਰੂਬਲ ਨੇ ਰਾਵੀ ਬਾਰੇ ਦੱਸ ਦਿੱਤਾ ਸੀ। ਮੈਂ ਉਸਨੂੰ ਆਪਣੇ ਲਿਖਣ ਦੇ ਸ਼ੌਂਕ ਬਾਰੇ ਵੀ ਦੱਸਿਆ। ਫਿਰ ਉਸਦੇ ਕਹਿਣ ਤੇ ਮੈਂ ਕਾਫੀ ਸਾਰੇ ਸ਼ੇਅਰ ਉਸ ਲਈ ਵੀ ਲਿਖੇ।

ਇੱਕ ਰਾਤ ਉਸਦਾ ਫੋਨ ਆਇਆ ਤੇ ਉਸਨੇ ਦੱਸਿਆ ਕਿ ਪਰਸੋਂ ਉਹ ਆਪਣੇ ਪਿੰਡ ਵਾਪਿਸ ਜਾ ਰਹੀ ਏ ਤੇ ਮੈਨੂੰ ਮਿਲਣਾ ਚਾਹੁੰਦੀ ਏ। ਮਿਲਣ ਬਾਰੇ ਸੁਣਦੇ ਹੀ ਮੈਨੂੰ ਹੋਰ ਚਾਅ ਚੜ ਗਏ। ਇੱਕ ਕੁੜੀ ਆਪ ਮਿਲਣ ਬਾਰੇ ਮੈਨੂੰ ਬੁਲਾ ਰਹੀ ਸੀ। ਦਰਅਸਲ ਇਸ ਸਭ ਪਿੱਛੇ ਰੂਬਲ ਦਾ ਜਿਆਦਾ ਹੱਥ ਸੀ। ਰੂਬਲ ਦੇ ਕਾਰਨ

ਹੀ ਸਾਡੀ ਗੱਲਬਾਤ ਹੋਈ ਸੀ ਅਸੀਂ ਇੱਕ-ਦੂਜੇ ਦੇ ਨੇੜੇ ਆਏ ਸੀ। ਮੇਰਾ ਸੁਭਾਅ ਥੋੜਾ ਮਜ਼ਾਕੀਆ ਸੀ। ਮੈਂ ਗੱਲ-ਗੱਲ ਤੇ ਹੱਸਣਾ। ਉਸਨੂੰ ਮਜ਼ਾਕ ਕਰਨੇ। ਉਸਨੇ ਖੁਸ਼ ਹੋਣਾ ਜਿਸ ਕਰਕੇ ਕਦੇ ਵੀ ਨਹੀਂ ਸੀ ਲੱਗਿਆ ਕਿ ਅਸੀਂ ਇੱਕ-ਦੂਜੇ ਨਾਲ ਕਿਸੇ ਮਜਬੂਰੀ ਜਾਂ ਜਬਰਦਸ਼ਤੀ ਗੱਲ ਕਰਦੇ ਹੋਈਏ। ਅਸੀਂ ਅਗਲੀ ਰਾਤ ਨੂੰ ਮਿਲਣ ਦੀ ਵਿਉਂਤ ਬਣਾਈ। ਅਗਲਾ ਦਿਨ ਚੜਿਆ ਤਾਂ ਸਾਰੇ ਪਿੰਡ ਵਿੱਚ ਖਬਰ ਫੈਲ ਗਈ ਕਿ ਬਾਪੂ ਸੂਰਤਾ ਸਿੰਘ ਚੜਾਈ ਕਰ ਗਏ ਨੇ। ਉਮਰ ਬਹੁਤ ਸੀ ਉਹਨਾਂ ਦੀ। ਨੱਬੇ ਸਾਲ ਦੇ ਕਰੀਬ ਹੋਣਗੇ। ਪਰ ਉਹਨਾਂ ਦਾ ਵਿਆਹ ਨਹੀਂ ਸੀ ਹੋਇਆ। ਵਢੇਰੀ ਉਮਰ ਦੇ ਹੋਣ ਕਾਰਨ ਕਿਸੇ ਨੂੰ ਬਹੁਤਾ ਦੁੱਖ ਵੀ ਨਹੀਂ ਸੀ। ਪਰ ਮੈਨੂੰ ਲੱਗਾ ਇਹ ਮੇਰੇ ਅਕਾਸ਼ ਨੂੰ ਮਿਲਣ ਦੀ ਵਿਉਂਤ ਵਿੱਚ ਇੱਕ ਅਟਕਣ ਜਰੂਰ ਸੀ। ਕਿਉਂਕਿ ਜਿੱਧਰ ਅਸੀਂ ਮਿਲਣ ਦੀ ਵਿਉਂਤ ਬਣਾਈ ਸੀ ਓਧਰ ਸ਼ਮਸ਼ਾਨ ਘਾਟ ਸੀ। ਓਦਾਂ ਭਾਵੇਂ ਕੋਈ ਕਿੰਨਾ ਵੀ ਕਹੇ ਮੈਨੂੰ ਭੂਤਾਂ ਤੋਂ ਡਰ ਨਹੀਂ ਲੱਗਦਾ ਪਰ ਸਮਸ਼ਾਨ ਘਾਟ ਦੇ ਨੇੜੇ ਜਾਣ ਤੋਂ ਬਹੁਤੇ ਡਰਦੇ ਨੇ। ਖਾਸ ਕਰ ਉਸ ਵਕਤ ਦੀ ਮੇਰੀ ਉਮਰ ਦੇ। ਜਿੰਨਾਂ ਨੂੰ ਵਹਿਮਾਂ ਭਰਮਾਂ ਨੇ ਖਾਸਾ ਹੀ ਘੇਰਿਆ ਹੁੰਦਾ ਹੈ। ਉਸ ਵਕਤ ਇਹਨਾਂ ਚੀਜਾਂ ਬਾਰੇ ਕੋਈ ਬਹੁਤੀ ਸੋਝੀ ਵੀ ਨਹੀਂ ਸੀ। ਮੈਂ ਆਪਣੇ ਤਾਏ ਦੇ ਮੁੰਡੇ ਯਾਦਵਿੰਦਰ ਨੂੰ ਮਿਲਣ ਦੀ ਵਿਉਂਤ ਬਾਰੇ

ਦੱਸਿਆ। ਉਹ ਮੇਰਾ ਹਮ ਉਮਰ ਹੈ। ਮੇਰੇ ਤੋਂ ਪੰਜ-ਛੇ ਮਹੀਨੇ ਛੋਟਾ ਹੋਵੇਗਾ। ਮੈਂ ਪਹਿਲਾਂ ਕਦੇ ਕਿਸੇ ਕੁੜੀ ਨੂੰ ਏਦਾਂ ਮਿਲਣ ਨਹੀਂ ਸੀ ਗਿਆ। ਇਸ ਕਰਕੇ ਮੈਂ ਯਾਦਵਿੰਦਰ ਨੂੰ ਨਾਲ ਲੈ ਗਿਆ। ਅਸੀਂ ਦੋ ਕੁਰਕਰਿਆਂ ਦੇ ਪੈਕਟ ਲਏ। ਸੋਚਿਆਂ ਕਿ ਗੱਲਾਂ ਬਾਤਾਂ ਕਰਾਂਗੇ ਤੇ ਕੁਰਕਰੇ ਖਾਵਾਂਗੇ। ਪਰ ਇਹ ਨਾਦਾਨੀਆਂ ਦੀ ਹੁਣ ਸਮਝ ਆਈ। ਪਰ ਉਸ ਵਕਤ ਇਹੀ ਨਾਦਾਨੀਆਂ ਰੋਮਾਂਚਕ ਲੱਗਦੀਆਂ ਸਨ।

ਰਾਤ ਦੇ ਸਾਢੇ ਕੁ ਅੱਠ ਵਜੇ ਦੇ ਕਰੀਬ ਰੂਬਲ ਦਾ ਫੋਨ ਆਇਆ ਤੇ ਜਲਦੀ ਆਉਣ ਲਈ ਕਿਹਾ। ਮੈਂ ਤੇ ਯਾਦਵਿੰਦਰ ਫੋਨ ਦੀ ਉਡੀਕ ਕਰ ਰਹੇ ਸੀ। ਜਿਉਂ ਹੀ ਫੋਨ ਆਇਆ ਅਸੀਂ ਮਿਲਣ ਵਾਲੀ ਤੈਅ ਕੀਤੀ ਜਗ੍ਹਾ ਵੱਲ ਨੂੰ ਭੱਜੇ। ਅਸੀਂ ਦੋ ਮਿੰਟ ਵੀ ਨਾ ਲਾਏ ਪਹੁੰਚਣ 'ਚ। ਪਰ ਸਾਹੋ-ਸਾਹੀ ਹੋਏ ਪਏ ਸੀ। ਰਾਤ ਚਾਨਣੀ ਸੀ। ਦੂਰੋਂ ਤੁਰਿਆ ਆਉਂਦਾ ਬੰਦਾ ਵੀ ਨਜ਼ਰ ਆ ਜਾਂਦਾ ਸੀ। ਅਸੀਂ ਉਡੀਕ ਕਰ ਰਹੇ ਸੀ। ਮੇਰੀ ਨਜ਼ਰ ਅਕਾਸ਼ ਤੇ ਪਈ ਤੇ ਨਾਲ ਹੀ ਰੂਬਲ ਤੇ। ਅਜੇ ਉਹ ਦੂਰ ਹੀ ਸਨ ਕਿ ਉਹਨਾਂ ਦਾ ਕੁੱਤਾ ਵੀ ਨਜ਼ਰ ਆ ਗਿਆ। ਸਾਨੂੰ ਦੇਖਦਿਆਂ ਹੀ ਕੁੱਤਾ ਜ਼ੋਰ-ਜ਼ੋਰ ਨਾ ਭੌਂਕਣ ਲੱਗਾ। ਅਸੀਂ ਦੋਨੋਂ ਡਰ ਗਏ। ਕੁੱਤੇ ਨੂੰ ਦੇਖਦੇ ਸਾਰ ਹੀ ਯਾਦਵਿੰਦਰ ਭੱਜ ਕੇ ਨਹਿਰ ਵਾਲੀ ਪੁਲੀ ਤੇ ਚੜ ਗਿਆ। ਮੈਂ ਵੀ

ਡਰ ਕੇ ਪਿਛਾਂਹ ਨੂੰ ਭੱਜਾ। ਕੁੱਤੇ ਤੋਂ ਕਿਸਨੂੰ ਡਰ ਨਹੀਂ ਲੱਗਦਾ। ਉਹ ਵੀ ਤਦ ਜਦ ਤੁਸੀਂ ਪਹਿਲਾਂ ਹੀ ਡਰੇ ਹੋਵੋ ਤੇ ਕਿਸੇ ਕੁੜੀ ਨੂੰ ਮਿਲਣ ਗਏ ਹੋਵੋ। ਮੈਨੂੰ ਪਿਛਾਂਹ ਨੂੰ ਜਾਂਦਿਆਂ ਦੇਖ ਰੂਬਲ ਨੇ ਆਵਾਜ ਮਾਰੀ। ਤੇ ਮੈਂ ਰੁਕ ਗਿਆ। ਬਹੁਤ ਹੀ ਹਾਸੇ ਵਾਲੇ ਪਲ ਸਨ ਉਹ। ਮੈਨੂੰ ਭੱਜਦਾ ਦੇਖ ਉਹ ਦੋਨੋਂ ਹੱਸ ਰਹੀਆਂ ਸੀ। ਉਹਨਾਂ ਕੁੱਤੇ ਦਾ ਭੌਂਕਣਾ ਬੰਦ ਕਰਾਇਆ ਤੇ ਕੁੱਤੇ ਨੂੰ ਲੈ ਪਿਛੇ ਹੀ ਰੁੱਕ ਗਈ। ਕੁੱਤੇ ਦੇ ਗਲ ਰੱਸੀ ਬੱਝੀ ਹੋਈ ਸੀ। ਜਿਸਨੂੰ ਰੂਬਲ ਨੇ ਫੜਿਆ ਹੋਇਆ ਸੀ। ਅਕਾਸ਼ ਮੇਰੇ ਕੋਲ ਆਈ ਤੇ ਬੋਲੀ..

ਅਕਾਸ਼ - ਕੀ ਗੱਲ ਏਨਾ ਡਰ ਲੱਗਦਾ ਕੁੱਤੇ ਤੋਂ?

ਮੈਂ - ਓ ਭਰਾਵਾ, ਮੇਰਾ ਲੱਤਾਂ ਪੜਵਾਉਣ ਨੂੰ ਨੀ ਜੀਅ ਕਰਦਾ।

ਅਕਾਸ਼ - ਉਸਨੇ ਕਿਹੜਾ ਸਿੱਧਾ ਤੁਹਾਡੀਆਂ ਲੱਤਾਂ ਫੜ ਲਈਆਂ!

ਮੈਂ - ਪਤਾ ਥੋੜਾ ਹੁੰਦਾ। ਬੰਦੇ ਦੀ ਕਦ ਮੌਤ ਆਈ ਹੋਵੇ।

ਉਹ ਦੋਨੋਂ ਜ਼ੋਰ-ਜ਼ੋਰ ਨਾਲ ਹੱਸਣ ਲੱਗੀਆਂ। ਫਿਰ ਰੂਬਲ ਪਿੱਛੇ ਖੜੀ ਬੋਲੀ..

ਰੂਬਲ - ਉਦਾਂ ਤੇ ਬੜੇ ਬਹਾਦਰ ਬਣਦੇ ਓ। ਕੁੱਤੇ ਦੇ ਭੌਂਕਣ ਤੇ ਹੀ ਭੱਜ ਗਏ।

ਮੈਂ - ਏਦਾਂ ਦੀ ਗੱਲ ਨੀ ਆ ਕੋਈ। ਬਹਾਦਰ ਤਾਂ ਬਹੁਤ ਆ। ਪਰ ਤੁਹਾਨੂੰ ਮਿਲਣ ਆਇਆ ਵਾਂ। ਜੇ ਕਿਸੇ ਨੇ ਕੁੱਤੇ ਦਾ ਭੌਂਕਣਾ ਸੁਣ ਲਿਆ ਤਾਂ। ਤੁਸੀਂ ਤਾਂ ਮੁੱਕਰ ਜਾਣਾ। ਸਾਡੀ ਬਹੁਤ ਘਸੀਟੋ-ਘਸੀਟ ਹੋਣੀ।

ਉਹ ਫਿਰ ਤੋਂ ਹੱਸਣ ਲੱਗੀਆਂ। ਫਿਰ ਰੂਬਲ ਬੋਲੀ..

ਰੂਬਲ - ਫਿਕਰ ਨਾ ਕਰੋ। ਕੁਝ ਨੀ ਕਹਿੰਦਾ ਇਹ।

ਮੈਂ - ਪਹਿਲਾਂ ਤੁਸੀਂ ਦੱਸੋ। ਇਹਨੂੰ ਨਾਲ ਲਿਆਉਣਾ ਜਰੂਰੀ ਸੀ। ਏਨੇ ਤੁਹਾਨੂੰ ਬੰਦੇ ਪੈਣ ਲੱਗੇ ਸੀ।

ਅਕਾਸ਼ - ਬੰਦਿਆਂ ਦੀ ਗੱਲ ਨੀ ਆ। ਅਸੀਂ ਰੋਟੀ ਖਾ ਘਰੋਂ ਸੈਰ ਦਾ ਬਹਾਨਾ ਲਾ ਨਿਕਲਣ ਲੱਗੇ ਤਾਂ ਮਾਮਾ ਜੀ ਕਹਿੰਦੇ ਕੁੱਤੇ ਨੂੰ ਵੀ ਸੈਰ ਕਰਵਾ ਲਿਆਉ। ਫਿਰ ਅਸੀਂ ਨਾਂਹ ਕਿੱਦਾਂ ਕਰਦੇ?

ਮੈਂ - ਉੱਤੋਂ ਪਹਿਲਾਂ ਹੀ ਮੜੀਆਂ ਨੇ ਨੇੜੇ। ਅੱਜ ਹੀ ਇੱਕ ਬੰਦਾ ਮਰਿਆ। ਡਰ ਨਾਲ ਸਾਹ ਸੁੱਕੇ ਪਏ ਸੀ। ਉੱਤੋਂ ਤੁਸੀਂ ਹੋਰ ਡਰਾ ਤਾ।

ਰੂਬਲ - ਚੱਲ ਮੁਆਫ ਕਰ ਦੋ। ਮੈਂ ਕੁੱਤੇ ਨੂੰ ਸੈਰ ਕਰਾਉਂਦੀ ਆ।

ਮੈਂ - ਚੱਲ ਜਾ ਫਿਰ ਤੂੰ ਤੁਰਾ-ਫਿਰਾ ਆਪਣੇ ਕੁੱਤੇ ਨੂੰ। ਹੁਣ ਹੋਰ ਰੰਗ 'ਚ ਭੰਗ ਨਾ ਪਾ।

ਅਕਾਸ਼ ਬਹੁਤਾ ਨਹੀਂ ਸੀ ਬੋਲਦੀ। ਰੂਬਲ ਬਹੁਤ ਤੇਜ਼ ਕੁੜੀ ਸੀ। ਖੁੱਲੇ ਸੁਭਾਅ ਦੀ। ਉਹ ਬੋਲੀ..

ਰੂਬਲ - ਨਾਲ ਆਇਆ ਕੋਈ ਕਿ ਇਕੱਲੇ ਹੋ?

ਮੈਂ - ਹਾਂ ਯਾਦਵਿੰਦਰ। ਓ ਦੇਖ ਵਿਚਾਰਾ ਤੁਹਾਡੇ ਕੁੱਤੇ ਤੋਂ ਡਰਦਾ ਕਿੱਥੇ ਖਲੋਤਾ ਜਾ ਕੇ।

ਦੋਨੋਂ ਉਸਨੂੰ ਦੇਖਣ ਲੱਗੀਆਂ ਤੇ ਫਿਰ ਹੱਸੀਆਂ। ਫਿਰ ਰੂਬਲ ਬੋਲੀ..

ਰੂਬਲ - ਚੱਲ ਫਿਰ ਮੈਂ ਘੁੰਮ ਫਿਰ ਲਵਾਂ। ਤੁਸੀਂ ਕਰੋ ਜੋ ਕਰਨਾ।

ਅਕਾਸ਼ ਮੁਸਕਰਾਈ ਤੇ ਕੁਝ ਨਾ ਬੋਲੀ। ਮੈਂ ਫਿਰ ਬੋਲਿਆ..

ਮੈਂ - ਹੁਣ ਜਾਵੇਂਗੀ ਵੀ ਕਿ ਭਾਸ਼ਣ ਦਈ ਜਾਣਾ ਤੂੰ। ਜਾ ਯਾਦਵਿੰਦਰ ਕੱਲਾ ਵਾ। ਚਲੀ ਜਾ ਉਸ ਕੋਲ।

ਰੂਬਲ - ਨਹੀਂ। ਮੈਂ ਨੀ ਜਾਂਦੀ।

ਮੈਂ - ਜਾ ਫਿਰ ਸਾਡੇ ਕੋਲੋਂ ਤਾਂ ਚਲੀ ਜਾ।

ਰੂਬਲ - ਚੱਲੀ ਆ ਭਰਾਵਾ।

ਉਹ ਸੈਰ ਕਰਨ ਲੱਗ ਪਈ। ਮੈਂ ਤੇ ਅਕਾਸ਼ ਆਪਸ ਵਿੱਚ ਗੱਲਾਂ ਕਰਨ ਲੱਗੇ। ਅਸੀਂ ਕੁਝ ਕੁ ਗੱਲਾਂ ਕੀਤੀਆਂ ਕਿ ਰੂਬਲ ਫਿਰ ਆ ਗਈ। ਤੇ ਬੋਲੀ..

ਰੂਬਲ - ਤੁਹਾਡੀਆਂ ਗੱਲਾਂ ਨੀ ਮੁੱਕਣੀਆਂ। ਘਰੋਂ ਫੋਨ ਆਉਣ ਡਿਆ ਵਾ।

ਮੈਂ - ਤੂੰ ਨਾ ਟਲੀ ਮਾਂ ਦੀ ਧੀਏ। ਗੱਲ ਅਜੇ ਕੋਈ ਸ਼ੁਰੂ ਵੀ ਨੀ ਕੀਤੀ ਤੂੰ ਪਹਿਲਾਂ ਘਰੇ ਜਾਣ ਦਾ ਸੁਨੇਹਾ ਦਈ ਚੱਲ।

ਰੂਬਲ - ਕੋਈ ਨੀ ਗੱਲਾਂ ਤਾਂ ਫੋਨ ਤੇ ਵੀ ਹੋ ਜਾਂਦੀਆਂ ਨੇ। ਕੋਈ ਕਾਰਵਾਹੀ ਪਾ ਲਉ ਜੇ ਪਾਉਣੀ ਤਾਂ।

ਮੈਂ - ਮੈਨੂੰ ਨੀ ਲੱਗਦਾ ਤੂੰ ਅੱਜ ਕੁਝ ਹੋਣ ਦੇਵੇਂਗੀ।

ਰੂਬਲ - ਭਰਾਵਾ ਜੋ ਕਰਨਾ ਛੇਤੀ ਕਰੋ। ਤੁਹਾਡੇ ਚੱਕਰਾਂ 'ਚ ਮੈਨੂੰ ਵੀ ਛਿੱਤਰ ਪੈ ਜਾਣੇ ਆ।

ਇਹ ਆਖ ਉਹ ਮਜ਼ਾਕ ਕਰਦੀ ਫਿਰ ਤੋਂ ਦੂਰ ਚਲੀ ਗਈ। ਮੈਂ ਅਕਾਸ਼ ਦਾ ਹੱਥ ਫੜਿਆ। ਤੇ ਲਬ ਮਿਲਾਉਣ ਲੱਗਾ। ਕਿ ਕਿਸੇ ਮੋਟਰਸਾਇਕਲ ਦੀ ਬੱਤੀ ਦੂਰੋਂ ਸਾਡੇ ਤੇ ਵੱਜੀ। ਅਸੀਂ ਉਸ ਵੱਲ ਦੇਖਣ ਲੱਗੇ। ਉਹ ਸਾਡੇ ਵੱਲ ਹੀ ਆ ਰਿਹਾ ਸੀ। ਇਸ ਤੋਂ ਪਹਿਲਾਂ ਕਿ ਉਹ ਸਾਡੇ ਕੋਲ ਆਉਂਦਾ। ਮੈਂ ਅਕਾਸ਼ ਨੂੰ ਰੂਬਲ ਵੱਲ ਜਾਣ ਨੂੰ ਕਿਹਾ। ਉਹ ਰੂਬਲ ਵੱਲ ਚਲੀ ਗਈ ਤੇ ਮੈਂ ਭੱਜ ਕੇ ਯਾਦਵਿੰਦਰ ਕੋਲ ਪਹੁੰਚ ਗਿਆ। ਉਹ ਦੋਨੋਂ ਆਪਣੇ ਘਰ ਵੱਲ ਨੂੰ ਤੁਰ ਪਈਆਂ। ਮੋਟਰਸਾਇਕਲ ਸਾਡੇ ਕੋਲੋਂ ਦੀ ਛੂ ਕਰਕੇ ਅੱਗੇ ਲੰਘ ਗਿਆ। ਉਹ ਦੋਨੋਂ ਕਾਫੀ ਦੂਰ ਜਾ ਚੁਕੀਆਂ ਸਨ ਇਸ ਲਈ ਮੈਂ ਪਿੱਛੋਂ ਆਵਾਜ ਨਾ ਮਾਰੀ ਤੇ ਨਾ ਹੀ ਉਹਨਾਂ ਮੁੜ ਕੇ ਦੇਖਿਆ। ਜਦ ਤੱਕ ਉਹ ਨਜ਼ਰ ਆਉਣੀਆਂ ਬੰਦ ਨਾ ਹੋਈਆ। ਅਸੀਂ ਉੱਥੇ ਖੜੇ ਰਹੇ। ਫਿਰ ਕੁਝ ਦੇਰ ਪਿੱਛੋਂ ਰੂਬਲ ਦਾ ਫੋਨ ਆਇਆ ਤੇ ਉਸਨੇ ਦੱਸਿਆ ਕਿ ਉਹ ਘਰ ਪਹੁੰਚ ਗਈਆਂ ਨੇ। ਫਿਰ ਮੈਂ ਤੇ ਯਾਦਵਿੰਦਰ ਵੀ ਕੁਰਕਰੇ ਖਾਂਦੇ ਇੱਕ-ਦੂਜੇ ਦਾ ਮਜ਼ਾਕ ਉਡਾਉਂਦੇ ਘਰ ਨੂੰ ਵਾਪਿਸ ਆ ਗਏ। ਕੁਝ ਦੇਰ ਪਿੱਛੋਂ ਅਕਾਸ਼ ਦਾ ਫੋਨ ਆਇਆ। ਅਸੀਂ ਹਾਸਾ ਮਜ਼ਾਕ ਕੀਤਾ, ਕੁਝ ਗੱਲਾਂ ਕੀਤੀਆਂ ਤੇ ਫਿਰ ਫੋਨ ਬੰਦ ਕਰ ਦਿੱਤਾ। ਉਸ ਤੋਂ ਅਗਲੇ ਦਿਨ ਅਕਾਸ਼ ਆਪਣੇ ਪਿੰਡ ਵਾਪਿਸ ਚਲੀ ਗਈ।

ਆਪਣੇ ਪਿੰਡ ਪਹੁੰਚਣ ਤੋਂ ਕਰੀਬ ਤਿੰਨ ਦਿਨ ਪਿੱਛੋਂ ਉਸਨੇ ਫੋਨ ਕੀਤਾ। ਉਸਦਾ ਸਾਡੇ ਪਿੰਡ ਆਉਣਾ ਘੱਟ ਗਿਆ। ਕਦੇ-ਕਦੇ ਗੱਲ ਹੋ ਜਾਂਦੀ ਸੀ ਕਦੇ ਨਹੀਂ। ਉਸ ਤੋਂ ਪਿੱਛੋਂ ਉਹ ਇੱਕ-ਦੋ ਵਾਰ ਸਾਡੇ ਪਿੰਡ ਆਈ। ਪਰ ਮਿਲ ਨਾ ਹੋਇਆ। ਮੈਂ ਕਾਲਜ ਵਿੱਚ ਵਿਅਸਤ ਸੀ। ਤੇ ਉਸ ਕੋਲ ਵੀ ਘੱਟ ਸਮਾਂ ਹੁੰਦਾ ਸੀ। ਥੋੜ੍ਹੇ ਸਮੇਂ ਵਿੱਚ ਮਿਲਣ ਦੀਆਂ ਵਿਉਂਤਾਂ ਘੜਣੀਆਂ ਠੀਕ ਨਹੀਂ ਸੀ। ਇਸ ਲਈ ਦੁਬਾਰਾ ਕਦੇ ਮੇਲ ਨਾ ਹੋਇਆ। ਦਿਨ ਬੀਤਣ ਲੱਗੇ ਤੇ ਉਸ ਨਾਲ ਗੱਲਬਾਤ ਬਿਲਕੁਲ ਹੀ ਬੰਦ ਹੋ ਗਈ। ਫਿਰ ਕੁਝ ਦੇਰ ਪਿੱਛੋਂ ਉਸਦਾ ਫੋਨ ਆਇਆ ਤੇ ਉਸਨੇ ਦੱਸਿਆ ਕਿ ਉਸਦਾ ਰਿਸ਼ਤਾ ਹੋ ਗਿਆ ਹੈ। ਮੁੰਡਾ ਫੌਜੀ ਸੀ। ਕੁਝ ਦਿਨਾਂ ਬਾਅਦ ਵਿਆਹ ਹੈ। ਮੈਨੂੰ ਖਾਸ ਫਰਕ ਨਾ ਪਿਆ। ਉਸਦਾ ਮੈਨੂੰ ਪਤਾ ਨਹੀਂ, ਕਿਉਂਕਿ ਸਾਡੇ ਇਸ ਡੇਢ ਸਾਲ ਦੇ ਰਿਸ਼ਤੇ ਵਿੱਚ ਨਾ ਕਦੇ ਮੈਂ ਪਿਆਰ ਦੇ ਲੱਲੇ-ਪੱਪੇ ਕੀਤੇ ਸਨ ਤੇ ਨਾ ਹੀ ਉਸਨੇ। ਹਾਂ ਇੱਕ ਦੂਜੇ ਦੇ ਤਰਫ਼ ਖਿੱਚ ਜਰੂਰ ਸੀ। ਅਸੀਂ ਕਰੀਬ ਅੱਧਾ ਘੰਟਾ ਗੱਲ ਕੀਤੀ। ਉਸਨੇ ਕਿਹਾ ਕਿ ਉਹ ਆਖਰੀ ਵਾਰ ਫੋਨ ਕਰ ਰਹੀ ਹੈ। ਇਸ ਤੋਂ ਬਾਅਦ ਕਦੇ ਨਹੀਂ ਕਰੇਗੀ। ਉਸਨੇ ਮੈਨੂੰ ਕਦੇ ਵਿਆਹ ਕਰਾਉਣ ਬਾਰੇ ਨਾ ਕਿਹਾ ਸੀ ਨਾ ਪੁੱਛਿਆ ਤੇ ਨਾ ਹੀ ਮੈਂ। ਅਸੀਂ ਇੱਕ ਰਿਸ਼ਤੇ ਵਿੱਚ ਹੁੰਦੇ ਵੀ ਚੰਗੇ ਦੋਸਤ ਜਰੂਰ ਸੀ। ਕਿਉਂਕਿ

ਅਸੀਂ ਜਾਣਦੇ ਸੀ ਕਿ ਸਾਡਾ ਵਿਆਹ ਹੋਣਾ ਅਸੰਭਵ ਹੈ। ਕਿਉਂਕਿ ਵਿਆਹ ਕਰਾਉਣ ਲਈ ਉਸਨੂੰ ਆਪਣੇ ਘਰ ਦੱਸਣਾ ਪੈਣਾ ਸੀ ਜੋ ਉਹ ਕਦੇ ਨਹੀਂ ਸੀ ਕਰ ਸਕਦੀ ਤੇ ਮੈਂ ਰਿਸ਼ਤਾ ਨਹੀਂ ਸੀ ਭੇਜ ਸਕਦਾ ਕਿਉਂਕਿ ਸਮਾਜ ਦੀਆਂ ਬਣਾਈਆਂ ਜਾਤਾਂ ਦਾ ਰੱਟਾ ਸੀ। ਉਹ ਆਪ ਘਰ ਗੱਲ ਕਰਦੀ ਤਾਂ ਗੱਲ ਅੱਗੇ ਵਧਦੀ। ਪਰ ਗੱਲ ਠੱਪ ਹੋ ਗਈ। ਨਾ ਮੈਨੂੰ ਇਸ ਗੱਲ ਲਈ ਅਫਸੋਸ ਸੀ ਤੇ ਨਾ ਹੀ ਉਸਨੂੰ। ਖੈਰ ਅਸੀਂ ਸੋਹਣੇ ਬੀਤੇ ਪਲਾਂ ਨੂੰ ਯਾਦ ਦੀ ਤਰ੍ਹਾਂ ਸੰਭਾਲ ਲਿਆ ਤੇ ਆਪੋ-ਆਪਣੀ ਜਿੰਦਗੀ ਵਿੱਚ ਅੱਗੇ ਵਧ ਗਏ। ਉਸ ਤੋਂ ਪਿੱਛੋਂ ਕਦੇ ਵੀ ਉਸ ਨਾਲ ਗੱਲਬਾਤ ਨਹੀਂ ਹੋਈ।

ਮੈਂ ਮੇਰਾ ਧਿਆਨ ਆਪਣੀ ਕਾਲਜੀ ਪੜਾਈ ਦੇ ਨਾਲ ਹੋਰ ਸਾਹਿਤ ਪੜਨ ਵਿੱਚ ਲਾ ਲਿਆ। ਮੈਂ ਹਰ ਤਰ੍ਹਾਂ ਦੀ ਕਿਤਾਬ ਪੜਨ ਲੱਗਾ। ਜਿਸ ਕਾਰਨ ਮੇਰੇ ਵਿਚਾਰ ਬਦਲ ਗਏ ਤੇ ਆਸ਼ਕੀ ਤੇ ਦਿਲ ਟੁੱਟ ਵਾਲੀ ਸ਼ਾਇਰੀ ਨੇ ਇਨਸਾਨੀਅਤ ਨੂੰ ਸੇਧ ਦੇਣ ਵਾਲੀਆਂ ਲਿਖਤਾਂ ਵੱਲ ਰੁੱਖ ਕਰ ਲਿਆ। ਰਾਵੀ ਮੇਰਾ ਪਹਿਲਾ ਪਿਆਰ ਜਰੂਰ ਸੀ। ਪਰ ਅਕਾਸ਼ ਦੇ ਜਿੰਦਗੀ ਵਿੱਚ ਆਉਣ ਦੇ ਇਸ ਛੋਟੇ ਜਿਹੇ ਸਮੇਂ ਕਾਰਨ ਮੇਰੀ ਜਿੰਦਗੀ ਵਿੱਚ ਬਦਲਾਵ ਜਰੂਰ ਆਇਆ। ਉਸ ਨਾਲ ਪਿਆਰ ਸੀ ਜਾਂ ਨਹੀਂ ਮੈਂ ਨਹੀਂ ਜਾਣਦਾ ਪਰ ਰਾਵੀ ਦੇ ਵਿਆਹ ਪਿੱਛੋਂ ਉਹ ਮੇਰੇ ਟੁੱਟੇ ਦਿਲ ਦਾ

ਦਿਲਾਸਾ ਜਰੂਰ ਸਾਬਤ ਹੋਈ। ਮੈਂ ਉਮਰ ਭਰ ਉਸਦਾ ਇਸ ਲਈ ਦੇਣਹਾਰ ਰਹਾਂਗਾ।

ਅਕਸਰ ਜਿੰਦਗੀ ਵਿੱਚ ਕੁਝ ਇਨਸਾਨਾਂ ਦੇ ਆਉਣ-ਜਾਣ ਨਾਲ ਬੜਾ ਡੂੰਘਾ ਅਸਰ ਪੈਂਦਾ ਹੈ। ਕਿਉਂਕਿ ਅਸੀਂ ਕਿਸੇ ਨਾ ਕਿਸੇ ਪੱਖੋਂ ਮਨ ਤੋਂ ਉਹਨਾਂ ਨਾਲ ਰਿਸ਼ਤਾ ਬਣਾ ਲਿਆ ਹੁੰਦਾ ਹੈ। ਰਾਵੀ ਦੇ ਜਿੰਦਗੀ ਵਿੱਚੋਂ ਸਦਾ ਲਈ ਚਲੇ ਜਾਣਾ, ਦਿਲ ਨੂੰ ਸਭ ਤੋਂ ਵੱਢੀ ਠੇਸ ਲੱਗਣਾ ਤੇ ਮੇਰੀ ਸ਼ਾਇਰੀ ਤੇ ਲਿਖਣ ਦਾ ਹੁਨਰ ਦਾ ਉਤਪੰਨ ਹੋਣਾ ਸੀ। ਅਕਾਸ਼ ਦੇ ਜਿੰਦਗੀ ਵਿੱਚ ਆਉਣ ਨਾਲ ਟੁੱਟੇ ਦਿਲ ਨੂੰ ਸੰਭਾਲਣ ਦਾ ਮੌਕਾ ਮਿਲ ਗਿਆ। ਆਪਾਂ ਇਹ ਜਰੂਰ ਕਹਿੰਦੇ ਹਾਂ ਕਿ ਸਾਨੂੰ ਕਿਸੇ ਦਾ ਸਾਡੀ ਜਿੰਦਗੀ ਵਿੱਚ ਆਉਣ-ਜਾਣ ਦਾ ਕੋਈ ਫਰਕ ਨਹੀਂ ਪੈਂਦਾ। ਪਰ ਅਸੀਂ ਜਾਣਦੇ ਹਾਂ ਕਿ ਇਹ ਕਿੰਨੇ ਕੁ ਪ੍ਰਤੀਸ਼ਤ ਗੱਲ ਸੱਚ ਹੈ। ਭਾਵੇਂ ਕੋਈ ਕੁਝ ਪਲਾਂ ਲਈ ਜਿੰਦਗੀ ਵਿੱਚ ਆਵੇ ਜਾਂ ਉਮਰ ਭਰ ਲਈ। ਉਸਦਾ ਸਾਡੇ ਨਾਲ ਹੋਣਾ ਸਾਡੀ ਜਿੰਦਗੀ ਨੂੰ ਪ੍ਰਭਾਵਿਤ ਜਰੂਰ ਕਰਦਾ ਹੈ।

ਇਹ ਕਹਾਣੀ ਮੇਰੀਆਂ ਪਹਿਲੀਆਂ ਕਹਾਣੀਆਂ ਦੀ ਤਰ੍ਹਾਂ ਕਾਲਪਨਿਕ ਨਹੀਂ ਹੈ। ਇਹ ਮੇਰੀ ਖੁਦ ਦੀ ਹੱਢ ਬੀਤੀ ਹੈ। ਇਸ ਵਿੱਚਲੇ ਪਾਤਰ ਤਾਂ ਬਿਲਕੁਲ ਅਸਲੀ ਹਨ ਪਰ ਉਹਨਾਂ ਦੇ ਨਾਮ ਬਦਲ ਦਿੱਤੇ ਗਏ ਨੇ। ਤਾਂ ਜੋ ਮੇਰੀ ਇਸ ਲਿਖਤ ਕਾਰਨ ਉਹਨਾਂ

ਦੀ ਜਿੰਦਗੀ ਤੇ ਪ੍ਰਭਾਵ ਨਾ ਪਵੇ। ਬਾਕੀ ਰਹੀ ਗੱਲ ਮੇਰੇ ਵਾਲੇ ਜੋਤਸ਼ੀ ਦੀ ਉਹ ਮੈਂ ਨਹੀਂ ਜਾਣਦਾ ਸੱਚ ਹੈ ਜਾਂ ਨਹੀਂ ਪਰ ਉਸ ਵਕਤ ਦੀ ਗੱਲ ਨੇ ਅੱਜ ਤੱਕ ਦਿਲ ਵਿੱਚ ਕਿਤੇ ਨਾ ਕਿਤੇ ਘਰ ਕੀਤਾ ਹੋਇਆ ਹੈ। ਉਸਦੇ ਅੱਖਰਾਂ ਵਿੱਚ ਅੱਜ ਵੀ ਸਹੀ ਸਾਥ ਦੀ ਤਾਂਘ ਹੈ। ਖੈਰ ਮੈਂ ਨਹੀਂ ਜਾਣਦਾ ਕਿਸੇ ਕੋਲ ਭਵਿੱਖ ਵੇਖਣ ਦੀ ਤਾਕਤ ਹੈ ਜਾਂ ਨਹੀਂ ਕਿਉਂਕਿ ਕੁਝ ਵੀ ਤੈਅ ਨਹੀਂ ਹੈ। ਪਰ ਰੱਬ ਦੀ ਨਜ਼ਰ ਤੋਂ ਦੇਖੋ ਤਾਂ ਸਭ ਪਹਿਲਾਂ ਹੀ ਤੈਅ ਹੈ। ਕੁਝ ਥੋੜੇ ਜਿਹੇ ਖੁਸ਼ਨਸੀਬ ਪਲਾਂ ਨੇ ਮੇਰੀ ਜਿੰਦਗੀ ਦਾ ਰੁੱਖ ਬਦਲਿਆ ਹੈ। ਦੇਖਦੇ ਹਾਂ ਕਦ ਸੱਜਣਾਂ ਜਾਂ ਸਹੀ ਸਾਥ ਦੀ ਤਾਂਘ ਖਤਮ ਹੁੰਦੀ ਹੈ। ਜਾਂ ਫਿਰ ਉਸ ਤੋਂ ਪਹਿਲਾਂ ਸਾਹ ਖਤਮ ਹੁੰਦੇ ਨੇ। ਧੰਨਵਾਦ।

ਲਿਖ ਤੁਮ
ਗੁਰਿੰਦਰ ਸਿੰਘ
ਪ੍ਰੀਤ ਸਿੰਘ ਭੈਣੀ

ਲਿਖ ਤੁਮ ਗੁਰਿੰਦਰ ਸਿੰਘ

ਸਾਇਕਲ ਦੀ ਘੰਟੀ ਦੀ ਆਵਾਜ਼ ਸੁਣ ਇੱਕ ਔਰਤ ਬਾਹਰ ਆਈ ਤੇ ਰਾਮ ਸਿੰਘ ਨੇ ਮਿਣ ਕੇ ਦੁੱਧ ਪਾ ਦਿੱਤਾ। ਔਰਤ ਨੇ ਦੁੱਧ ਪਵਾਇਆ ਤੇ ਬਿਨਾਂ ਕੁਝ ਦੱਸੇ-ਪੁੱਛੇ ਅੰਦਰ ਚਲੀ ਗਈ। ਉਸਨੇ ਆਪਣੀ ਦੁੱਧ ਵਾਲੀ ਡਿੱਗੀ ਦਾ ਮੂੰਹ ਬੰਦ ਕੀਤਾ ਤੇ ਸਾਇਕਲ ਤੇ ਸਵਾਰ ਹੋ ਅੱਗੇ ਵਧ ਗਿਆ। ਸ਼ਾਇਦ ਇਹ ਆਖਰੀ ਘਰ ਸੀ ਜਿੱਥੇ ਉਸਨੇ ਦੁੱਧ ਪਾਉਣਾ ਸੀ। ਉਸਨੇ ਬੜੀ ਕਾਹਲੀ ਨਾਲ ਪੈਂਡਲ ਮਾਰੇ ਤੇ ਕੁਝ ਵਕਤ ਵਿੱਚ ਹੀ ਘਰ ਅੱਪੜ ਗਿਆ। ਘਰ ਵੜਦਿਆਂ ਹੀ ਉਹ ਸਾਇਕਲ ਨੂੰ ਓਸੇ ਤਰਾਂ ਹੀ ਇੱਕ ਪਾਸੇ ਖੜਾ ਕਰ ਥੱਕਿਆ-ਟੁੱਟਿਆ ਧਰੇਕ ਦੀ ਛਾਵੇਂ ਪਏ ਮੰਜੇ ਤੇ ਜਾ ਬੈਠਾ। ਡੰਗਰਾਂ ਦੇ ਵਾੜੇ ਵਿੱਚ ਗੋਹਾ-ਕੂੜਾ ਕਰ ਰਹੀ ਬਸੰਤ ਕੌਰ ਆਪਣੇ ਘਰ ਵਾਲੇ ਨੂੰ ਦੇਖ ਆਪਣੀ ਕੁੜੀ ਨੂੰ ਆਵਾਜ਼ ਮਾਰੀ..

ਬਸੰਤ ਕੌਰ - ਰਾਜੀ.. ਪਾਣੀ ਲਿਆ ਪੁੱਤ ਆਪਣੇ ਬਾਪੂ ਲਈ..

ਰਾਜੀ ਨੇ ਸਬਾਤ ਵਿੱਚ ਪਏ ਬੋਰੀ ਨਾਲ ਲਵੇਟੇ ਘੜੇ 'ਚੋਂ ਪਾਣੀ ਦਾ ਗੜਵਾ ਭਰਿਆ ਤੇ ਇੱਕ ਗਿਲਾਸ ਲੈ ਆਪਣੇ ਬਾਪੂ ਕੋਲ ਆ ਪਾਣੀ ਦਾ ਗਿਲਾਸ ਭਰ ਰਾਮ ਸਿੰਘ ਨੂੰ ਫੜਾਇਆ। ਰਾਮ

ਸਿੰਘ ਦਾ ਮੁੜਕੇ ਨਾਲ ਭਿੱਜਿਆ ਕੁੜਤਾ ਦੇਖ ਰਾਜੀ ਤਰਸ ਦੀ ਭਾਵਨਾ ਸਹਿਤ ਬੋਲੀ..

ਰਾਜੀ - ਬਾਪੂ ਜੀ ਅੱਜ ਲੱਗਦਾ ਜਿਆਦਾ ਹੀ ਗਰਮੀ ਆ?

ਰਾਮ ਸਿੰਘ ਨੇ ਪਾਣੀ ਪੀਤਾ ਤੇ ਬੋਲਿਆ..

ਰਾਮ ਸਿੰਘ - ਗਰਮੀ ਤਾਂ ਪੁੱਤ ਰੋਜ਼ ਏਨੀ ਹੀ ਹੁੰਦੀ ਆ।

ਰਾਜੀ - ਹਾਂ ਪਰ ਬਾਪੂ ਜੀ, ਅੱਜ ਦੇਖੋ ਵੇਲਾ ਕੁਝ ਵੀ ਨੀ ਹੋਇਆ ਤੇ ਧੁੱਪ ਕਿੰਨੀ ਚੁਭਨ ਵੀ ਲੱਗ ਪਈ, ਪਾਣੀ ਪਾਵਾਂ ਬਾਪੂ ਜੀ ਹੋਰ?

ਰਾਮ ਸਿੰਘ - ਹਾਂ ਥੋੜਾ ਜਿਹਾ ਪਾ ਦੇ।

ਪਾਣੀ ਪੀ ਰਾਮ ਸਿੰਘ ਨੇ ਆਪਣੀ ਧੀ ਦੀ ਹੋਰ ਕਿਸੇ ਗੱਲ ਦਾ ਜੁਆਬ ਨਾ ਦਿੱਤਾ ਤੇ ਉੱਥੇ ਹੀ ਮੰਜੇ ਤੇ ਲੰਮਾ ਪੈ ਗਿਆ। ਰਾਜੀ ਨੇ ਸਾਇਕਲ ਨਾਲੋਂ ਦੁੱਧ ਵਾਲੇ ਬੰਨ੍ਹੇ ਭਾਂਡੇ ਖੋਲ੍ਹੇ ਤੇ ਸਬਾਤ ਵਿੱਚ ਲੈ ਗਈ। ਬਸੰਤ ਕੌਰ ਨੇ ਕੰਮ ਖਤਮ ਕੀਤਾ ਤੇ ਨਹਾ-ਧੋ ਰਾਮ ਸਿੰਘ ਦੇ ਕੋਲ ਆ ਬੈਠ ਗਈ। ਥੱਕੇ ਹੋਣ ਕਾਰਨ ਉਸਦੀ ਅੱਖ ਲੱਗ ਗਈ ਸੀ ਪਰ ਜਿਉਂ ਹੀ ਬਸੰਤ ਕੌਰ ਕੋਲ ਆ ਬੈਠੀ ਜਾਗ ਖੁੱਲ੍ਹ ਗਈ। ਰਾਮ ਸਿੰਘ ਬੋਲਿਆ..

ਰਾਮ ਸਿੰਘ - ਗੁਰਿੰਦਰ ਕਿੱਥੇ ਆ?

ਬਸੰਤ ਕੌਰ - ਪਾਣੀ ਦੀ ਵਾਰੀ ਆ ਅੱਜ ਆਪਣੀ। ਖੇਤਾਂ ਨੂੰ ਗਿਆ ਏ।

ਉਹਨਾਂ ਹੋਰ ਦੋ ਚਾਰ ਗੱਲਾਂ ਕੀਤੀਆਂ ਏਨੇ ਨੂੰ ਗੁਰਿੰਦਰ ਆ ਗਿਆ। ਮੋਢੇ ਤੇ ਕਹੀ, ਹੱਥ ਵਿੱਚ ਪਰਨਾ ਤੇ ਲੀੜੇ ਸਾਰੇ ਗਿੱਲੇ। ਪਤਾ ਨਹੀਂ ਸੀ ਕਿ ਮੁੜਕੇ ਨਾਲ ਭਿੱਜੇ ਨੇ ਜਾਂ ਪਾਣੀ ਨਾਲ। ਜਿੰਨੀ ਗਰਮੀ ਸੀ ਮੁੜਕੇ ਨਾਲ ਹੀ ਭਿੱਜੇ ਜਾਪਦੇ ਸਨ। ਕਹੀ ਰੱਖ ਸਿੱਧਾ ਹੀ ਆਪਣੇ ਮਾਂ-ਬਾਪੂ ਵੱਲ ਆਇਆ ਤੇ ਮੰਜੇ ਤੇ ਬੈਠਣ ਦੀ ਬਿਜਾਏ ਹੇਠਾਂ ਹੀ ਬੈਠ ਗਿਆ ਤੇ ਬੋਲਿਆ..

ਗੁਰਿੰਦਰ - ਬਾਪੂ ਜੀ ਅੱਜ ਫਿਰ ਕਰਮੇ ਹੁਣੀ ਪਾਣੀ ਤੋਂ ਬੜਾ ਤਾਂਹ-ਠਾਂਹ ਹੋਏ। ਦੋਵੇਂ ਪਿਉ ਪੁੱਤ ਮੇਰੇ ਗਲ ਪੈਣ ਤੱਕ ਗਏ।

ਰਾਮ ਸਿੰਘ - ਪਾਣੀ ਲਾਇਆ ਝੋਨੇ ਨੂੰ ਕਿ ਨਹੀਂ?

ਗੁਰਿੰਦਰ - ਹਾਂ ਪਾਣੀ ਤਾਂ ਲਾਇਆ ਪਰ ਸਮਾਂ ਬੜਾ ਖਰਾਬ ਕੀਤਾ ਉਹਨਾਂ ਨੇ। ਮੇਰਾ ਤੇ ਜੀਅ ਕਰਦਾ ਸੀ ਪਾਣੀ ਅੱਜ ਰਹਿਣਦਾ, ਇਹਨਾਂ ਪਿਉ ਪੁੱਤਾਂ ਨੂੰ ਬੰਦੇ ਬਣਾ ਲਵਾਂ ਅੱਜ।

ਬਸੰਤ ਕੌਰ - ਨਹੀਂ-ਨਹੀਂ ਪੁੱਤ ਆਪਾ ਐਵੇਂ ਲੜਾਈ ਨੂੰ ਨੀ ਵਧਾਉਣਾ। ਕੋਈ ਨੀ ਅਗਲੀ ਵਾਰੀ ਤੇਰਾ ਬਾਪੂ ਚਲਾ ਜਾਊ ਪਾਣੀ ਲਾਉਣ। ਤੇਰੇ ਬਾਪੂ ਤੋਂ ਝਿਜਕਦੇ ਨੇ।

ਗੁਰਿੰਦਰ - ਲੈ ਮਾਤਾ, ਮੈਨੂੰ ਕਿਹੜਾ ਡਰ ਮਾਰਿਆ ਉਹਨਾਂ ਦਾ।

ਰਾਮ ਸਿੰਘ - ਨਹੀਂ ਪੁੱਤ, ਮਾਂ ਤੇਰੀ ਠੀਕ ਕਹਿੰਦੀ ਏ। ਮੈਂ ਜਾਂਦਾ ਅਗਲੀ ਵਾਰੀ। ਮੇਰੇ ਸਾਹਮਣੇ ਨਹੀਂ ਕੁਸਕਦੇ ਉਹ।

ਬਸੰਤ ਕੌਰ - ਹਾਂਜੀ ਤੁਸੀਂ ਜਾਇਓ। ਤੂੰ ਪੁੱਤ ਮੰਜੇ ਤੇ ਬੈਠ। ਮੈਂ ਲੱਸੀ ਲੈ ਕੇ ਆਉਂਦੀ ਤੇਰੇ ਲਈ।

ਬਸੰਤ ਕੌਰ ਮੰਜੇ ਤੋਂ ਉੱਠੀ ਤੇ ਘਰ ਦੇ ਵਿਹੜੇ 'ਚੋਂ ਸਬਾਤ ਵੱਲ ਗਈ। ਗੁਰਿੰਦਰ ਹੇਠੋਂ ਉੱਠਿਆ ਤੇ ਮੰਜੇ ਦੀ ਪੈਂਦ ਵਾਲੇ ਪਾਸੇ ਬੈਠ ਗਿਆ। ਰਾਮ ਸਿੰਘ ਬੋਲਿਆ..

ਰਾਮ ਸਿੰਘ - ਹੁਣ ਕਿੱਦਣ ਵਾ ਆਪਣੀ ਵਾਰੀ?

ਗੁਰਿੰਦਰ - ਪਰਸੋਂ ਬਾਪੂ ਜੀ।

ਰਾਮ ਸਿੰਘ - ਅੱਛਾ। ਚੱਲ ਫਿਰ ਏਦਾਂ ਕਰੀ ਦੁੱਧ ਤੂੰ ਪਾ ਆਵੀਂ, ਮੈਂ ਪਾਣੀ ਦੇਖ ਲੂੰ। ਪਤਾ ਤਾਂ ਹੈਗਾ ਹੀ ਆ ਤੈਨੂੰ, ਕਿੱਥੋਂ ਦੁੱਧ ਲੈਣਾ ਤੇ ਕਿੰਨਾ ਦੇ ਪਾਉਣਾ।

ਗੁਰਿੰਦਰ - ਹਾਂਜੀ ਬਾਪੂ ਜੀ ਉਹ ਤਾਂ ਪਤਾ।

ਰਾਮ ਸਿੰਘ - ਹਾਂ ਇੱਕ-ਦੋ ਘਰ ਨਵੇਂ ਨੇ। ਇੱਕ ਆਪਣੇ ਪਿੰਡ ਹਰਨੇਕ ਫੌਜੀ ਕੇ ਘਰ ਦੁੱਧ ਪਾਉਣਾ ਤੇ ਲਾਗਲੇ ਪਿੰਡ ਵਾਲੇ ਅਜੀਤ ਸਰਪੰਚ ਹੁਣਾ ਦਿਉਂ ਲਿਆਓਣਾ। ਬਾਕੀ ਸਾਰੇ ਤੈਨੂੰ ਪਤਾ ਹੀ ਆ।

ਗੁਰਿੰਦਰ - ਠੀਕ ਆ। ਪਰ ਬਾਪੂ ਅਜੀਤ ਸਰਪੰਚ ਹੁਣਾ ਨੇ ਪਹਿਲਾਂ ਤਾਂ ਦੁੱਧ ਕਦੇ ਪਾਇਆ ਨੀ। ਕਿੰਨੀ ਵਾਰ ਪੁੱਛਿਆ ਸੀ ਤੁਸੀਂ ਉਹਨਾਂ ਨੂੰ। ਹੁਣ ਕਿੱਦਾਂ ਮੰਨ ਗਏ?

ਰਾਮ ਸਿੰਘ - ਪਤਾ ਨੀ ਪੁੱਤ ਇੱਕ ਦਿਨ ਮੈਂ ਲੰਘ ਰਿਹਾ ਸੀ। ਖਲ੍ਹਾਰ ਕੇ ਹਾਲ-ਚਾਲ ਪੁੱਛਣ ਲੱਗਾ। ਮੈਂ ਦੁੱਧ ਪਾਉਣ ਬਾਰੇ ਪੁੱਛਿਆ ਤਾਂ ਉਸ ਦਿਨ ਝੱਟ ਹਾਂ ਕਰ ਦਿੱਤੀ।

ਗੁਰਿੰਦਰ - ਚਲੋ ਚੰਗਾ ਹੋਇਆ।

ਬਸੰਤ ਕੌਰ ਲੱਸੀ ਲੈ ਆ ਗਈ। ਗਿਲਾਸ ਭਰ ਗੁਰਿੰਦਰ ਨੂੰ ਫੜਾਇਆ ਤੇ ਰਾਮ ਸਿੰਘ ਨੂੰ ਪੁੱਛਿਆ। ਪਰ ਰਾਮ ਸਿੰਘ ਨੇ ਲੱਸੀ ਪੀਣ ਤੋਂ ਮਨ੍ਹਾ ਕਰ ਦਿੱਤਾ ਤੇ ਕਿਹਾ ਕਿ ਰੋਟੀ ਨਾਲ ਪੀਵੇਗਾ। ਗੁਰਿੰਦਰ ਨੇ ਲੱਸੀ ਪੀਤੀ ਤੇ ਉਹਨਾਂ ਆਪਸ ਵਿੱਚ ਹੋਰ ਗੱਲਾਂ ਬਾਤਾਂ ਕੀਤੀਆਂ। ਰਾਜੀ ਵੀ ਉਹਨਾਂ ਕੋਲ ਆ ਗਈ ਤੇ ਕਦੇ ਨਾ ਮੁੱਕਣ ਵਾਲੀਆਂ ਗੱਲਾਂ ਸ਼ੁਰੂ ਹੋ ਗਈਆਂ। ਇਸ ਤਰਾਂ ਹੀ ਨਿੱਕੇ-ਮੋਟੇ ਕੰਮ ਕਰਦਿਆਂ ਦਿਨ ਲੰਘ ਗਿਆ ਤੇ ਰਾਤ ਵੀ ਗੁਜ਼ਰ ਗਈ। ਅਗਲੀ ਸਵੇਰ ਰਾਮ ਸਿੰਘ ਉੱਠਿਆ, ਬਸੰਤ ਕੌਰ ਨੇ ਚਾਹ ਬਣਾ ਦਿੱਤੀ ਤੇ ਉਹ ਦੁੱਧ ਪਾਉਣ ਚਲਾ ਗਿਆ। ਇਹ ਦਿਨ ਵੀ ਪਹਿਲਿਆਂ ਦਿਨਾਂ ਵਾਂਗ ਹੀ ਬੀਤਿਆ ਤੇ ਰਾਤ ਵੀ। ਅਗਲੇ ਦਿਨ ਪਾਣੀ ਦੀ ਵਾਰੀ ਸੀ। ਰਾਮ ਸਿੰਘ ਨੇ ਗੁਰਿੰਦਰ ਨੂੰ ਤੜਕੇ ਉਠਾਇਆ ਤੇ ਆਪ ਕਹੀ ਚੁੱਕ ਖੇਤਾਂ ਨੂੰ ਤੁਰ ਪਿਆ। ਗੁਰਿੰਦਰ ਨੇ ਮੂੰਹ ਹੱਥ ਧੋਤਾ ਤੇ ਚਾਹ-ਪਾਣੀ ਪੀ ਦੁੱਧ ਵਾਲੇ ਭਾਡਿਆਂ ਨੂੰ ਸਾਇਕਲ ਨਾਲ ਬੰਨ੍ਹ ਦੁੱਧ ਪਾਉਣ ਨੂੰ ਨਿਕਲ ਤੁਰਿਆ। ਉਹ ਜਾਣਦਾ ਸੀ। ਕਿੱਥੋਂ ਤੇ ਕਿਹੜੇ ਘਰੋਂ ਦੁੱਧ ਲੈਣਾ ਹੈ ਤੇ ਕਿਹੜੇ ਘਰ ਦੁੱਧ ਪਾਉਣਾ ਹੈ। ਇੱਕ-ਇੱਕ ਕਰ ਉਸਨੇ ਕਾਫੀ ਘਰ ਨਿਪਟਾ ਲਏ। ਅਜੇ ਕੁਝ ਹੋਰ ਘਰ ਦੁੱਧ ਪਾਉਣਾ ਸੀ। ਉਸ ਤੋਂ ਪਹਿਲਾਂ ਉਹ ਸਰਪੰਚ ਅਜੀਤ ਸਿੰਘ ਕੇ ਘਰ ਪਹੁੰਚ ਗਿਆ। ਸਰਪੰਚ

ਅਜੀਤ ਸਿੰਘ ਪਿੰਡ ਦਾ ਸਭ ਤੋਂ ਸਰਮਾਏਦਾਰ ਬੰਦਾ ਸੀ। ਪੈਲੀ ਬਹੁਤ ਸੀ ਤੇ ਡੰਗਰ ਵੀ ਖਾਸੇ ਸਨ। ਗੁਰਿੰਦਰ ਉਹਨਾਂ ਦਾ ਘਰ ਜਾਣਦਾ ਸੀ ਪਰ ਪਹਿਲਾਂ ਕਦੇ ਘਰ ਨਹੀਂ ਸੀ ਗਿਆ। ਘਰ ਦਾ ਮੁੱਖ ਦਰਵਾਜ਼ਾ ਵੱਡਾ ਸੀ ਤੇ ਇਕੱਲੇ ਬੰਦੇ ਦੇ ਲੰਘਣ ਲਈ ਬੂਹੇ ਨੂੰ ਢਾਈ-ਤਿੰਨ ਫੁੱਟੀ ਚੌੜੀ ਬਾਰੀ ਲਾਈ ਹੋਈ ਸੀ। ਗੁਰਿੰਦਰ ਨੇ ਬਾਹਰੋਂ ਹੀ ਆਵਾਜ਼ ਮਾਰੀ ਤੇ ਅੰਦਰੋਂ ਇੱਕ ਖੂਬਸੂਰਤ ਆਵਾਜ਼ ਆਈ..

"ਅੰਦਰ ਲੰਘ ਆਓ..."

ਗੁਰਿੰਦਰ ਸਾਇਕਲ ਨੂੰ ਬਾਹਰੇ ਖੜਾ ਕੀਤਾ ਤੇ ਇੱਕ ਵੱਡਾ ਭਾਂਡਾ ਸਾਇਕਲ ਨਾਲੋਂ ਲਾਹ ਘਰ ਅੰਦਰ ਆ ਗਿਆ। ਉਹ ਡਰਦਾ-ਡਰਦਾ ਏਧਰ-ਓਧਰ ਦੇਖਣ ਲੱਗਾ ਪਰ ਕੋਈ ਨਜ਼ਰ ਨਾ ਆਇਆ। ਫਿਰ ਉਸਦੀ ਨਜ਼ਰ ਇੱਕ ਕੁੜੀ ਤੇ ਪਈ। ਜੋ ਹੱਥ ਵਿੱਚ ਦੁੱਧ ਦੀ ਭਰੀ ਬਾਲਟੀ ਫੜ ਉਸ ਵੱਲ ਆ ਰਹੀ ਸੀ। ਉਸਨੇ ਗਲ ਨਿੱਕੀਆਂ ਬੂਟੀਆਂ ਵਾਲਾ ਸੂਟ ਤੇ ਚੁੰਨੀ ਨੂੰ ਲੱਕ ਨਾਲ ਬੰਨ੍ਹਿਆ ਹੋਇਆ ਸੀ। ਬੱਤਖ ਵਾਂਗ ਤੁਰਦੀ ਹੋਈ ਉਹ ਗੁਰਿੰਦਰ ਦੇ ਕੋਲ ਆ ਪਹੁੰਚੀ। ਗੁਰਿੰਦਰ ਨੇ ਡਿੱਗੀ ਦਾ ਢੱਕਣ ਖੋਲ੍ਹਿਆ ਤੇ ਹੇਠਾਂ ਰੱਖ ਦਿੱਤੀ। ਕੁੜੀ ਬਾਲਟੀ ਚੁੱਕ ਦੁੱਧ ਪਾਉਣ ਲੱਗੀ। ਗੁਰਿੰਦਰ ਦਾ ਧਿਆਨ ਦੁੱਧ ਵਿੱਚ ਨਾ ਹੁੰਦੇ ਉਸ ਦੇ ਮੱਥੇ ਤੋਂ ਲਟਕ ਰਹੀਆਂ

ਵਾਲਾਂ ਦੀਆਂ ਲਟਾਂ ਵੱਲ ਤੇ ਧੌਣ ਤੋਂ ਮੁੜਕੇ ਦੀ ਬੂੰਦ ਵੱਲ ਸੀ। ਜੋ ਹੌਲੀ-ਹੌਲੀ ਹੇਠਾਂ ਨੂੰ ਵੱਧ ਰਹੀ ਸੀ। ਉਸਦੇ ਹੱਥ ਆਟੇ ਨਾਲ ਲਿੱਬੜੇ ਹੋਏ ਸਨ ਜਿਸ ਤੋਂ ਪਤਾ ਲੱਗਦਾ ਸੀ ਕਿ ਉਹ ਆਟਾ ਗੁੰਨਦੀ ਹੀ ਕਾਹਲੀ ਵਿੱਚ ਦੁੱਧ ਪਾਉਣ ਆ ਗਈ ਹੋਵੇ। ਗੋਰਾ-ਚਿੱਟਾ ਦੁੱਧ ਵਰਗਾ ਰੰਗ ਗੁਰਿੰਦਰ ਨੂੰ ਉਸ ਵੱਲ ਦੇਖਣ ਲਈ ਮਜਬੂਰ ਕਰ ਰਿਹਾ ਸੀ। ਸੋਹਣਾ ਗੁਰਿੰਦਰ ਵੀ ਬਹੁਤ ਸੀ। ਪਰ ਕੁੜੀ ਦਾ ਧਿਆਨ ਸ਼ਾਇਦ ਗੁਰਿੰਦਰ ਵੱਲ ਨਹੀਂ ਦੁੱਧ ਵੱਲ ਤੇ ਘਰ ਦਿਆਂ ਕੰਮਾਂ ਵੱਲ ਵਧੇਰੇ ਸੀ। ਉਸਨੇ ਦੁੱਧ ਪਾਇਆ ਤੇ ਬਿਨਾਂ ਕੁਝ ਬੋਲੇ ਖਾਲੀ ਬਾਲਟੀ ਲੈ ਅੰਦਰ ਨੂੰ ਚਲੀ ਗਈ। ਗੁਰਿੰਦਰ ਅਜੇ ਵੀ ਉਸ ਵੱਲ ਦੇਖ ਰਿਹਾ ਸੀ। ਸ਼ਾਇਦ ਉਸਦਾ ਰੂਪ ਗੁਰਿੰਦਰ ਨੂੰ ਭਾਅ ਗਿਆ ਹੋਣਾ। ਦੁੱਧ ਵਾਲੀ ਡਿੱਗੀ ਚੁੱਕ ਗੁਰਿੰਦਰ ਬਾਹਰ ਵੱਲ ਨੂੰ ਹੋ ਤੁਰਿਆ। ਉਹ ਵਾਰ-ਵਾਰ ਪਿੱਛੇ ਨੂੰ ਮੁੜ ਕੁੜੀ ਵੱਲ ਦੇਖਣ ਦੀ ਕੋਸ਼ਿਸ਼ ਕਰਦਾ ਪਰ ਕੁੜੀ ਨਜ਼ਰ ਨਾ ਆਈ। ਜਦੋਂ ਗੁਰਿੰਦਰ ਦੁੱਧ ਲੈ ਉੱਥੋਂ ਨਿਕਲ ਗਿਆ ਤਾਂ ਕੁੜੀ ਬੜੀ ਕਾਹਲੀ ਨਾਲ ਅੰਦਰੋਂ ਬਾਹਰ ਨਿਕਲੀ। ਸ਼ਾਇਦ ਉਸ ਨੂੰ ਦੇਰ ਨਾਲ ਅਹਿਸਾਸ ਹੋਇਆ ਕਿ ਉਸ ਨਾਲੋਂ ਕਿਤੇ ਸੋਹਣਾ ਮੁੰਡਾ ਅੱਜ ਉਸਦੇ ਰੂਬਰੂ ਸੀ ਪਰ ਪਤਾ ਨਹੀਂ ਕਿਉਂ ਪਹਿਲਾਂ ਉਸਦੇ ਧਿਆਨ ਵਿੱਚ ਇਹ ਗੱਲ ਨਾ

ਆਈ। ਕੁੜੀ ਨੇ ਬੂਹੇ ਤੋਂ ਬਾਹਰ ਜਾ ਝਾਤੀ ਵੀ ਮਾਰੀ ਪਰ ਗੁਰਿੰਦਰ ਜਾ ਚੁੱਕਾ ਸੀ।

ਸਾਇਕਲ ਦੇ ਪੈਂਡਲ ਮਾਰਦਾ ਗੁਰਿੰਦਰ ਅੱਗੇ ਵੱਧਿਆ। ਪਰ ਉਸਦੇ ਦਿਮਾਗ ਉੱਤੇ ਕੁੜੀ ਦੀ ਛਾਪ ਛੱਪ ਚੁੱਕੀ ਸੀ। ਉਸਨੇ ਹੋਰਾਂ ਘਰਾਂ ਵਿੱਚੋਂ ਦੁੱਧ ਕੱਠਾ ਕੀਤੇ ਤੇ ਪਾਇਆ ਪਰ ਧਿਆਨ ਕੁੜੀ ਵਿੱਚ ਹੀ ਰੱਖਿਆ। ਦੁੱਧ ਪਾ ਘਰ ਪਹੁੰਚਿਆ। ਡੰਗਰਾਂ ਨੂੰ ਪੱਠੇ ਪਾਏ, ਹੋਰ ਕੰਮ ਕੀਤੇ, ਪਰ ਕੁੜੀ ਵੱਲੋਂ ਧਿਆਨ ਨਾ ਭਟਕਿਆ। ਦੁਪਿਹਰ ਪਈ ਤਾਂ ਰਾਮ ਸਿੰਘ ਖੇਤਾਂ ਤੋਂ ਘਰ ਆ ਗਿਆ। ਗਰਮੀ ਜਿਆਦਾ ਹੋਣ ਕਾਰਨ ਉਸਦਾ ਸਰੀਰ ਥੋੜਾ ਢਿੱਲਾ ਪੈ ਗਿਆ ਜਿਸ ਕਰਕੇ ਉਸਨੇ ਅਗਲੇ ਦਿਨ ਵੀ ਗੁਰਿੰਦਰ ਨੂੰ ਹੀ ਦੁੱਧ ਪਾਉਣ ਲਈ ਕਿਹਾ। ਗੁਰਿੰਦਰ ਫਿਰ ਤੋਂ ਅਗਲੇ ਦਿਨ ਕੁੜੀ ਨੂੰ ਦੇਖਣ ਦੀ ਚਾਹ ਨਾਲ ਦੁੱਧ ਪਾਉਣ ਨਿਕਲ ਤੁਰਿਆ। ਕੁਝ ਘਰਾਂ ਵਿੱਚੋਂ ਦੁੱਧ ਲਿਆ, ਪਾਇਆ ਤੇ ਸਰਪੰਚ ਅਜੀਤ ਸਿੰਘ ਘਰ ਜਾ ਪਹੁੰਚਿਆ। ਅੱਜ ਬਾਹਰ ਖਲ੍ਹੋ ਆਵਾਜ਼ ਨਾ ਮਾਰੀ ਸਿੱਧਾ ਹੀ ਘਰੇ ਵੜ ਗਿਆ ਤੇ ਫਿਰ ਆਵਾਜ਼ ਮਾਰੀ। ਘਰ ਦਾ ਵੇਹੜਾ ਬਹੁਤ ਖੁੱਲਾ ਸੀ। ਕੱਲ ਵਾਲੀ ਕੁੜੀ ਕਾਹਲੀ ਨਾਲ ਬਾਹਰ ਆਈ ਤੇ ਗੁਰਿੰਦਰ ਵੱਲ ਇੱਕੋ ਟੱਕ ਦੇਖਣ ਲੱਗੀ। ਗੁਰਿੰਦਰ ਵੀ ਉਸ ਵੱਲ

ਦੇਖ ਰਿਹਾ ਸੀ। ਦੋ ਕੁ ਮਿੰਟ ਦੇਖਣ ਪਿੱਛੋਂ ਕੁੜੀ ਨੂੰ ਕਿਸੇ ਹੋਰ ਕੁੜੀ ਨੇ ਅੰਦਰੋਂ ਆਵਾਜ਼ ਮਾਰੀ..

"ਭੈਣ.. ਭੈਣ.."

ਕੁੜੀ ਦਾ ਧਿਆਨ ਗੁਰਿੰਦਰ ਵੱਲੋਂ ਟੁੱਟਾ ਤੇ ਉਹ ਅੰਦਰ ਗਈ। ਗੁਰਿੰਦਰ ਅਜੇ ਵੀ ਉਸ ਵੱਲ ਦੇਖ ਰਿਹਾ ਸੀ। ਕੁਝ ਚਿਰ ਬਾਅਦ ਕੁੜੀ ਦੁੱਧ ਫੜੀ ਲਿਆ ਬਾਹਰ ਆਈ। ਗੁਰਿੰਦਰ ਦੁੱਧ ਪਵਾਉਂਦਾ ਅਜੇ ਵੀ ਉਸ ਵੱਲ ਦੇਖ ਰਿਹਾ ਸੀ ਤੇ ਕੁੜੀ ਵੀ ਉਸ ਵੱਲ। ਦੁੱਧ ਪੈ ਗਿਆ ਤਾਂ ਗੁਰਿੰਦਰ ਨੇ ਕੁੜੀ ਨੂੰ ਬੁਲਾਉਣ ਦੇ ਬਹਾਨੇ ਨਾਲ ਪੁੱਛਿਆ..

ਗੁਰਿੰਦਰ - ਸਰਪੰਚ ਸਾਬ ਨਹੀਂ ਦਿਖਾਈ ਦੇ ਰਹੇ..

ਕੁੜੀ - ਬਾਪੂ ਜੀ ਹਜੂਰ ਸਾਹਿਬ ਗਏ ਹੋਏ ਆ। ਕੁਝ ਕੁ ਦਿਨਾਂ ਤੱਕ ਆਉਣਗੇ।

ਗੁਰਿੰਦਰ - ਅੱਛਾ ਜੀ।

ਕੁੜੀ - ਵੈਸੇ ਤੁਸੀਂ ਕੌਣ ਹੋ? ਕੱਲ ਵੀ ਦੁੱਧ ਲੈਣ ਤੁਸੀਂ ਆਏ ਸੀ। ਜੋ ਬਾਪੂ ਜੀ ਆਉਂਦੇ ਸੀ ਉਹ ਕਿਉਂ ਨੀ ਆ ਰਹੇ?

ਗੁਰਿੰਦਰ - ਮੈਂ ਮੁੰਡਾ ਉਹਨਾਂ ਦਾ। ਬਾਪੂ ਜੀ ਠੀਕ ਨੀ ਸੀ ਇਸ ਲਈ ਮੈਂ ਆ ਗਿਆ।

ਕੁੜੀ - ਚੰਗਾ ਕੀਤਾ।

ਗੁਰਿੰਦਰ - ਮਤਲਬ..

ਕੁੜੀ ਨੇ ਗੁਰਿੰਦਰ ਵੱਲ ਤੱਕਿਆ ਤੇ ਥੋੜਾ ਜਿਹਾ ਮੁਸਕਰਾਈ। ਗੁਰਿੰਦਰ ਵੀ ਉਸ ਵੱਲ ਦੇਖ ਕੇ ਮੁਸਕਰਾਇਆ। ਫਿਰ ਗੁਰਿੰਦਰ ਬੋਲਿਆ..

ਗੁਰਿੰਦਰ - ਫਿਰ ਘਰੇ ਕੋਣ ਏ ਹੁਣ ਸਰਪੰਚ ਸਾਬ ਤੇ ਹੈ ਨੀ ਘਰ?

ਕੁੜੀ - ਬਸ ਮੈਂ, ਮੇਰੀਆਂ ਭੈਣਾਂ ਤੇ ਦਾਦੀ।

ਗੁਰਿੰਦਰ - ਡਰ ਨਹੀਂ ਲੱਗਦਾ ਕੱਲਿਆਂ ਨੂੰ? ਜੇ ਕੋਈ ਰਾਤ-ਬਰਾਤੇ ਘਰ ਆ ਜਾਵੇ ਤੇ?

ਕੁੜੀ - ਕਿਸੇ ਦੀ ਹਿੰਮਤ ਨੀ ਹੈਗੀ ਕੋਈ ਘਰ ਦਾ ਬੂਹਾ ਲੰਘ ਜਾਵੇ।

ਗੁਰਿੰਦਰ - ਹਾਂਜੀ ਇਹ ਤਾਂ ਹੈ।

ਕੁੜੀ - ਕੱਲ ਵੀ ਤੁਸੀਂ ਆਓਗੇ?

ਗੁਰਿੰਦਰ - ਪਤਾ ਨੀ। ਜੇ ਬਾਪੂ ਜੀ ਦੀ ਸਿਹਤ ਠੀਕ ਰਹੀ ਤਾਂ ਉਹ ਆ ਸਕਦੇ ਆ ਨਹੀਂ ਤਾਂ ਮੈਂ ਹੀ।

ਕੁੜੀ - ਆਰਾਮ ਕਰਨ ਦਿਉ ਬਾਪੂ ਜੀ ਨੂੰ। ਤੁਸੀਂ ਹੀ ਆਇਆ ਕਰੋ ਜਦ ਤੱਕ ਉਹ ਚੰਗੀ ਤਰ੍ਹਾਂ ਠੀਕ ਨਹੀਂ ਹੋ ਜਾਂਦੇ।

ਗੁਰਿੰਦਰ - ਅੱਛਾ ਜੀ।

ਗੁਰਿੰਦਰ ਉਸਦੇ ਵੱਲ ਦੇਖਦਾ ਹੋਇਆ ਮੁਸਕਰਾ ਰਿਹਾ ਸੀ ਤੇ ਕੁੜੀ ਵੀ। ਗੁਰਿੰਦਰ ਸਮਝਦਾ ਸੀ ਕਿ ਕੁੜੀ ਨੇ ਕਿਸ ਲਹਿਜ਼ੇ ਨਾਲ ਉਸ ਨੂੰ ਮੁੜ ਤੋਂ ਆਉਣ ਵਾਸਤੇ ਕਿਹਾ ਹੈ।

"ਚੰਗਾ ਜੀ ਮੈਂ ਚੱਲਦਾ ਫਿਰ। ਧੁੱਪ ਹੁੰਦੀ ਜਾਂਦੀ। ਮੈਂ ਹੋਰਾਂ ਘਰ ਵੀ ਜਾਣਾ ਅਜੇ। "

ਕੁੜੀ ਕੁਝ ਨਾ ਬੋਲੀ ਤੇ ਗੁਰਿੰਦਰ ਸਤਿ ਸ੍ਰੀ ਅਕਾਲ ਬੁਲਾ ਘਰ ਤੋਂ ਬਾਹਰ ਹੋਰਾਂ ਘਰਾਂ ਦੇ ਰਾਹ ਨੂੰ ਪੈ ਗਿਆ। ਕੁੜੀ ਬਸ ਉਸ ਵੱਲ ਦੇਖਦੀ ਰਹੀ। ਦੁੱਧ ਪਾ ਗੁਰਿੰਦਰ ਘਰ ਆਇਆ। ਰੋਟੀ ਪਾਣੀ ਖਾਧਾ ਤੇ ਘਰ ਦੇ ਹੋਰ ਕੰਮ ਕੀਤੇ। ਰਾਮ ਸਿੰਘ ਠੀਕ ਸੀ ਤੇ ਅਗਲੇ ਦਿਨ ਦੁੱਧ ਆਪ ਪਾਉਣ ਦੀ ਗੱਲ ਕੀਤੀ। ਪਰ ਗੁਰਿੰਦਰ ਨੇ ਆਪਣੇ ਬਾਪੂ ਨੂੰ ਕੁਝ ਦਿਨ ਆਰਾਮ ਕਰਨ ਲਈ ਕਿਹਾ। ਗਰਮੀ ਵੱਧ ਹੋਣ ਕਾਰਨ ਬਸੰਤ ਕੌਰ ਨੇ ਵੀ ਰਾਮ ਸਿੰਘ

ਨੂੰ ਘਰੇ ਰੁਕਣ ਲਈ ਕਿਹਾ। ਗੁਰਿੰਦਰ ਲਈ ਦੁੱਧ ਪਾਉਣਾ ਤਾਂ ਇੱਕ ਬਹਾਨਾ ਸੀ। ਅਸਲ ਕਾਰਨ ਤਾਂ ਸਰਪੰਚ ਅਜੀਤ ਸਿੰਘ ਦੀ ਕੁੜੀ ਨੂੰ ਨਿੱਤ ਮਿਲਣਾ ਸੀ। ਦੋ ਚਾਰ ਦਿਨ ਇੰਝ ਹੀ ਚੱਲਿਆ। ਗੁਰਿੰਦਰ ਦੁੱਧ ਪਾਉਣ ਦੇ ਬਹਾਨੇ ਜਾਂਦਾ ਤੇ ਕੁੜੀ ਨੂੰ ਮਿਲਦਾ ਤੇ ਆਨੇ-ਬਹਾਨੇ ਗੱਲਾਂ ਕਰਦਾ। ਉਹ ਕੁੜੀ ਨੂੰ ਪਸੰਦ ਕਰਨ ਲੱਗ ਪਿਆ ਸੀ ਤੇ ਕੁੜੀ ਵੀ ਉਸ ਨੂੰ ਓਨਾਂ ਹੀ ਪਸੰਦ ਕਰਦੀ ਸੀ। ਪਰ ਗੁਰਿੰਦਰ ਨੇ ਅਜੇ ਤੱਕ ਕੁੜੀ ਨੂੰ ਨਾਂ ਤੱਕ ਪੁੱਛਣ ਦੀ ਹਿੰਮਤ ਨਹੀਂ ਸੀ ਕੀਤੀ। ਤੇ ਨਾ ਹੀ ਕੁੜੀ ਨੇ ਗੁਰਿੰਦਰ ਨੂੰ ਪੁੱਛਿਆ ਸੀ। ਗੱਲਾਂ ਬਾਤਾਂ ਨਿੱਤ ਹੁੰਦੀਆਂ ਸਨ।

ਕਰੀਬ ਚਾਰ-ਪੰਜ ਦਿਨਾਂ ਪਿੱਛੋਂ ਉਸਨੇ ਹੌਂਸਲਾ ਕਰ ਇੱਕ ਪ੍ਰੇਮ ਪੱਤਰ ਲਿਖਿਆ ਤੇ ਦੁੱਧ ਲੈਣ ਚਲਾ ਗਿਆ। ਦੁੱਧ ਪਵਾਉਂਦੇ ਵੇਲੇ ਕੁੜੀ ਨਾਲ ਗੱਲਾਂ ਕਰ ਰਿਹਾ ਸੀ। ਕੁੜੀ ਨੇ ਪੁੱਛਿਆ..

ਕੁੜੀ - ਤੁਸੀਂ ਪੜ੍ਹਦੇ ਲਿਖਦੇ ਵੀ ਹੋ ਜਾਂ ਬਸ ਦੁੱਧ ਹੀ ਪਾਉਂਦੇ ਹੋ? ਜਾਂ ਕੋਈ ਹੋਰ ਵੀ ਕੰਮ ਕਰਦੇ ਹੋ?

ਗੁਰਿੰਦਰ - ਪੜ੍ਹਿਆ ਹਾਂ ਬਾਰਵੀਂ ਤੱਕ। ਅੱਗੇ ਨਹੀਂ ਪੜ੍ਹਿਆ। ਹਾਂ ਐਤਕੀ ਕਹਿ ਰਹੇ ਸੀ ਬਾਪੂ ਜੀ ਕਿ ਕਾਲਜ ਪੈ ਜਾ। ਦੁੱਧ ਤਾਂ ਬਾਪੂ ਜੀ ਪਾਉਂਦੇ ਸੀ। ਉਹ ਠੀਕ ਨਹੀਂ ਤਦੇ ਮੈਂ ਆ ਜਾਂਦਾ।

ਕੁੜੀ - ਅੱਛਾ।

ਗੁਰਿੰਦਰ - ਤੁਸੀਂ ਕਿੰਨਾ ਪੜ੍ਹੇ ਹੋ?

ਕੁੜੀ - ਮੈਂ ਜਿਆਦਾ ਨੀ ਬਸ ਦੱਸਵੀਂ ਤੱਕ ਹੀ। ਸਾਡੇ ਪਿੰਡ ਵਾਲੇ ਸਕੂਲ ਹੈਨੀ ਸੀ ਬਾਰਵੀਂ ਇਸ ਲਈ ਬਾਪੂ ਜੀ ਨੇ ਅੱਗੇ ਨੀ ਪੜ੍ਹਾਈ। ਉਂਝ ਦਿਲ ਜਰੂਰ ਕਰਦਾ ਸੀ ਅੱਗੇ ਪੜ੍ਹਨ ਨੂੰ।

ਗੁਰਿੰਦਰ - ਚਲੋ ਦਸ ਕਿਹੜਾ ਘੱਟ ਨੇ ਅੱਜ ਦੇ ਜ਼ਮਾਨੇ 'ਚ। ਲੋਕੀ ਤਾਂ ਕੁੜੀਆਂ ਨੂੰ ਪੰਜ ਜਮਾਤਾਂ ਵੀ ਨਹੀਂ ਪੜ੍ਹਾਉਂਦੇ। ਇਹ ਤਾਂ ਫਿਰ ਚੰਗੇ ਨੇ ਤੁਹਾਡੇ ਬਾਪੂ ਜੀ। ਵੈਸੇ ਤੁਹਾਡਾ ਨਾਂ ਕੀ ਆ?

ਕੁੜੀ - ਸੁੱਖਪ੍ਰੀਤ। ਤੁਹਾਡਾ?

ਗੁਰਿੰਦਰ - ਮੈਂ ਗੁਰਿੰਦਰ।

ਦੋਨੋਂ ਕੁਝ ਪਲਾਂ ਲਈ ਚੁੱਪ ਹੋ ਗਏ। ਫਿਰ ਗੁਰਿੰਦਰ ਆਪਣੀ ਜੇਬ 'ਚੋਂ ਪ੍ਰੇਮ ਪੱਤਰ ਕੱਢਦਾ ਹੋਇਆ ਬੋਲਿਆ..

ਗੁਰਿੰਦਰ - ਆਹ ਹਿਸਾਬ ਲਿਖਿਆ ਦੁੱਧ ਦਾ ਜਦੋਂ ਮੈਂ ਗਿਆਂ ਦੇਖ ਲਿਉ।

ਸੁੱਖਪ੍ਰੀਤ - ਹੁਣੇ ਦੇਖ ਲੈਂਦੀ ਆ।

ਗੁਰਿੰਦਰ - ਨਹੀਂ-ਨਹੀਂ ਹੁਣੇ ਨਾ ਦੇਖਣਾ। ਹਿਸਾਬ ਲੰਮਾ ਏ। ਵੇਹਲੇ ਹੋ ਦੇਖ ਲੈਣਾ। ਜੇ ਕੋਈ ਕਮੀ ਪੇਸ਼ੀ ਲੱਗੇ ਤਾਂ ਕੱਲ ਨੂੰ ਦੱਸਣਾ। ਮੈਂ ਚੱਲਦਾ ਹਾਂ।

ਏਨਾ ਆਖ ਗੁਰਿੰਦਰ ਇਸ ਡਰ ਨਾਲ ਘਰ ਤੋਂ ਕਾਹਲੀ ਨਾਲ ਬਾਹਰ ਨਿਲਕਿਆ ਕਿਤੇ ਸੁੱਖਪ੍ਰੀਤ ਉਸਦੇ ਸਾਹਮਣੇ ਹੀ ਪ੍ਰੇਮ ਪੱਤਰ ਨਾ ਪੜ੍ਹਨ ਲੱਗ ਪਵੇ। ਗੁਰਿੰਦਰ ਅਜੇ ਨਿਕਲਿਆ ਹੀ ਕਿ ਸੁੱਖਪ੍ਰੀਤ ਨੇ ਪ੍ਰੇਮ ਪੱਤਰ ਪੜ੍ਹਨਾ ਸ਼ੁਰੂ ਕਰ ਦਿੱਤਾ..

"ਲਿਖ ਤੁਮ ਗੁਰਿੰਦਰ ਸਿੰਘ..

ਸਤਿ ਸ੍ਰੀ ਅਕਾਲ ਜੀ। ਮੈਂ ਤੁਹਾਡਾ ਨਾਂ ਨਹੀਂ ਜਾਣਦਾ। ਪਰ ਤੁਸੀਂ ਰੱਜ ਕੇ ਸੋਹਣੇ ਹੋ ਇਹ ਗੱਲ ਮੈਂ ਦਾਅਵੇ ਨਾਲ ਆਖ ਸਕਦਾ। ਤੁਹਾਡੇ ਤੋਂ ਸੋਹਣਾ ਮੈਨੂੰ ਨਹੀਂ ਲੱਗਦਾ ਕਿ ਰੱਬ ਨੇ ਅੱਜ ਤੱਕ ਕੋਈ ਬਣਾਇਆ ਹੋਣਾ ਜਾਂ ਅਗਾਂਹ ਬਣਾਵੇਗਾ। ਮੈਂ ਜਿਸ ਦਿਨ ਦਾ ਤੁਹਾਨੂੰ ਦੇਖਿਆ ਹੈ। ਮੈਨੂੰ ਕਿਧਰੇ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ। ਹਰ ਥਾਂ ਤੁਸੀਂ ਹੀ ਦਿੱਖਦੇ ਹੋ। ਮੈਨੂੰ ਲੱਗਦਾ ਮੈਂ ਤੁਹਾਨੂੰ ਪਸੰਦ ਕਰਨ ਲੱਗ ਪਿਆ ਹਾਂ। ਪਿਆਰ ਦਾ ਨਹੀਂ ਮੈਨੂੰ ਪਤਾ ਕਿ ਕੀ ਹੁੰਦਾ। ਨਾ ਕਦੇ ਕਿਸੇ ਕੁੜੀ ਨੇ ਕੀਤਾ ਤੇ ਨਾ ਹੀ ਕਿਸੇ ਕੁੜੀ

ਨਾਲ ਹੋਇਆ ਸੀ। ਹਾਂ ਅਗਰ ਹਰ ਵੇਲੇ ਕਿਸੇ ਨੂੰ ਯਾਦ ਕਰਨਾ। ਭੁੱਖ ਲੱਗਣੀ ਪਰ ਰੋਟੀ ਖਾਣ ਨੂੰ ਜੀਅ ਨਾ ਕਰਨਾ, ਸਾਰੀ ਰਾਤ ਤਾਰਿਆਂ ਵੱਲ ਵੇਖ ਖੁਦ ਨਾਲ ਗੱਲਾਂ ਕਰਨੀਆਂ। ਸਿਰਫ ਇੱਕ ਪਾਸੇ ਧਿਆਨ ਰਹਿਣਾ ਹੋਰ ਕੋਈ ਕੰਮ ਕਰਨ ਨੂੰ ਜੀਅ ਨਾ ਕਰਨਾ। ਅਗਰ ਇਹ ਸਭ ਕਿਸੇ ਨਾਲ ਹੋਣ ਵਾਲੇ ਨੂੰ ਪਿਆਰ ਹੋਇਆ ਆਖਦੇ ਨੇ ਤਾਂ ਸ਼ਾਇਦ ਮੈਨੂੰ ਹੋ ਗਿਆ ਪਿਆਰ ਤੁਹਾਡੇ ਨਾਲ। ਕੋਈ ਵੀ ਪਲ ਐਸਾ ਨਹੀਂ ਲੰਘਦਾ ਹੋਣਾ ਜਦੋਂ ਤੁਹਾਡਾ ਚੇਤਾ ਨਹੀਂ ਆਉਂਦਾ। ਮੈਨੂੰ ਪ੍ਰੇਮ ਪੱਤਰ ਨਹੀਂ ਲਿਖਣਾ ਆਉਂਦਾ। ਇਸ ਲਈ ਕੁਝ ਗ਼ਲਤ ਲਿਖ ਦਿਆਂ ਤੇ ਮੁਆਫ਼ ਕਰਨਾ। ਮੈਂ ਤਾਂ ਇਹ ਵੀ ਨਹੀਂ ਜਾਣਦਾ ਕਿ ਆਪ ਮੈਨੂੰ ਪਿਆਰ ਕਰਦੇ ਹੋ ਜਾਂ ਨਹੀਂ। ਪਰ ਮੈਂ ਕਰਦਾ ਹਾਂ ਇਸ ਲਈ ਦਿਲ ਦੀ ਗੱਲ ਕੀਤੇ ਬਗੈਰ ਨਹੀਂ ਸੀ ਰਹਿ ਸਕਦਾ। ਮੇਰੀ ਮਾਂ ਕਹਿੰਦੀ ਹੁੰਦੀ ਆ ਕਿ ਬੰਦੇ ਨੂੰ ਦਿਲ 'ਚ ਨਹੀਂ ਕੋਈ ਗੱਲ ਰੱਖਣੀ ਚਾਹੀਦੀ। ਜੋ ਵੀ ਹੋਵੇ ਬੋਲ ਦੇਣਾ ਚਾਹੀਦਾ। ਭਾਵੇਂ ਕਿਸੇ ਨੂੰ ਚੰਗਾ ਲੱਗੇ ਜਾਂ ਮਾੜਾ। ਐਵੇਂ ਆਪ ਅੰਦਰੋਂ ਘੁੱਟ-ਘੁੱਟ ਕਿਉਂ ਮਰਨਾ। ਏਸੇ ਲਈ ਮੈਂ ਆਪਣੇ ਦਿਲ ਦੀ ਗੱਲ ਲਿਖ ਕੇ ਦੱਸ ਰਿਹਾ ਹਾਂ। ਮੈਂ ਤੁਹਾਨੂੰ ਬਹੁਤ-ਬਹੁਤ ਪਿਆਰ ਕਰਦਾ ਹਾਂ। ਜੇ ਤੁਸੀਂ ਵੀ ਮੈਨੂੰ ਪਿਆਰ ਕਰਦੇ ਹੋ ਤਾਂ ਜਰੂਰ

ਜੁਆਬ ਦੇਣਾ। ਮੈਨੂੰ ਤੁਹਾਡੇ ਜੁਆਬ ਦੀ ਬੇਸਬਰੀ ਨਾਲ ਉਡੀਕ ਰਹੇਗੀ।”

ਸੁੱਖਪ੍ਰੀਤ ਨੇ ਪ੍ਰੇਮ ਪੱਤਰ ਪੜ੍ਹਿਆ ਤੇ ਮੁੱਖ ਤੇ ਮੁਸਕਾਨ ਲਿਆਂਦੀ। ਪ੍ਰੇਮ ਪੱਤਰ ਨੂੰ ਚੁੰਮਿਆ। ਉਹ ਵੀ ਇਹੀ ਚਾਹੁੰਦੀ ਸੀ। ਪਰ ਉਸ ਤੋਂ ਗੁਰਿੰਦਰ ਨੂੰ ਕਹਿਣ ਦੀ ਹਿੰਮਤ ਨਹੀਂ ਸੀ। ਪਰ ਗੁਰਿੰਦਰ ਦਾ ਉਸ ਵੱਲ ਪਿਆਰ ਦੇਖ ਉਹ ਫੁੱਲੀ ਨਹੀਂ ਸੀ ਸਮਾ ਰਹੀ। ਉਸ ਨੂੰ ਅੱਜ ਸਭ ਖੂਬਸੂਰਤ ਲੱਗ ਰਿਹਾ ਸੀ। ਉਸਦੇ ਪੈਰ ਜ਼ਮੀਨ ਤੇ ਨਹੀਂ ਸਨ ਲੱਗਦੇ। ਜਦ ਉਸਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਤਾਂ ਉਸਨੇ ਚਾਅ-ਚਾਅ ਵਿੱਚ ਆਪਣੀਆਂ ਭੈਣਾਂ ਨੂੰ ਗੁਰਿੰਦਰ ਬਾਰੇ ਦੱਸਿਆ। ਉਸਦੀਆਂ ਭੈਣਾਂ ਨੇ ਵੀ ਪ੍ਰੇਮ ਪੱਤਰ ਪੜ੍ਹਿਆ। ਉਹ ਇਸ ਇਸ਼ਕ ਦੇ ਰਾਹ ਤੋਂ ਦੂਰ ਸਨ ਪਰ ਉਹਨਾਂ ਨੂੰ ਆਪਣੀ ਭੈਣ ਦੀ ਖੁਸ਼ੀ ਵਿੱਚ ਹੀ ਖੁਸ਼ੀ ਜਾਪੀ। ਸੁੱਖਪ੍ਰੀਤ ਨੇ ਬਿਨਾਂ ਦੇਰੀ ਕੀਤੇ ਗੁਰਿੰਦਰ ਦੇ ਪ੍ਰੇਮ ਪੱਤਰ ਦਾ ਜੁਆਬ ਲਿਖਿਆ। ਅਗਲੇ ਦਿਨ ਗੁਰਿੰਦਰ ਦੁੱਧ ਲੈਣ ਆਇਆ ਤਾਂ ਬਣਾਵਟੀ ਗੁੱਸਾ ਦਿਖਾਇਆ। ਗੁਰਿੰਦਰ ਖਾਮੋਸ਼ ਰਿਹਾ। ਉਸ ਨੂੰ ਲੱਗਾ ਸ਼ਾਇਦ ਸੁੱਖਪ੍ਰੀਤ ਦੀ ਨਾਂਹ ਹੈ। ਦੁੱਧ ਪਾਉਣ ਪਿੱਛੋਂ

ਸੁੱਖਪ੍ਰੀਤ ਗੁੱਸੇ ਦਾ ਦਿਖਾਵਾ ਕਰਦੀ ਆਪਣੇ ਜੁਆਬ ਵਾਲਾ ਪ੍ਰੇਮ ਪੱਤਰ ਫੜਾਉਂਦੀ ਬੋਲੀ..

ਸੁੱਖਪ੍ਰੀਤ - ਪੜ੍ਹ ਲਿਆ ਤੁਹਾਡਾ ਹਿਸਾਬ। ਆਹ ਲਵੋ ਮੇਰਾ ਵੀ ਪੜ੍ਹ ਲਿਉ ਤੇ ਕੱਲ ਨੂੰ ਬਣਦੇ ਪੈਸੇ ਦੇ ਜਾਣੇ।

ਗੁਰਿੰਦਰ ਨੇ ਪੱਤਰ ਫੜਿਆ ਤੇ ਬਿਨਾਂ ਕੁਝ ਬੋਲੇ ਜੇਬ ਵਿੱਚ ਪਾ ਘਰੋਂ ਨਿਕਲ ਗਿਆ। ਸੁੱਖਪ੍ਰੀਤ ਦੇ ਵਰਤਾਵ ਤੋਂ ਉਸਨੂੰ ਨਾਂਹ ਹੀ ਲੱਗੀ। ਘਰੋਂ ਨਿਲਕਦੇ ਹੀ ਘਰ ਦੇ ਬਾਹਰ ਖਲੋ ਉਹ ਜੁਆਬ ਪੜ੍ਹਨ ਲੱਗਾ..

"ਨਾਂ ਤਾਂ ਪਤਾ ਲੱਗ ਗਿਆ ਆਪ ਨੂੰ। ਇਸ ਲਈ ਦੁਬਾਰਾ ਦੱਸਣ ਦੀ ਲੋੜ ਨਹੀਂ। ਸਭ ਤੋਂ ਪਹਿਲੀ ਗੱਲ ਮੇਰੀ ਇੱਕ ਸਹੇਲੀ ਕਹਿੰਦੀ ਹੁੰਦੀ ਸੀ ਕਿ ਪ੍ਰੇਮ ਪੱਤਰ ਵਿੱਚ ਕਦੇ ਵੀ ਆਪਣਾ ਨਾਂ ਨਹੀਂ ਲਿਖੀਦਾ। ਤੇ ਏਦਾਂ ਤਾਂ ਕਦੇ ਵੀ ਨਹੀਂ ਲਿਖੀ ਦਾ.. "ਲਿਖ਼ਤ ਤੁਮ ਗੁਰਿੰਦਰ ਸਿੰਘ" । ਕਿਸੇ ਨੂੰ ਚਿੱਠੀ ਥੋੜ੍ਹਾ ਲਿਖ ਰਹੇ ਆ। ਪ੍ਰੇਮ ਪੱਤਰ ਆ। ਬਾਕੀ ਮੈਂ ਜਾਣਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਪਸੰਦ ਕਰਦੇ ਹੋ। ਪਹਿਲੇ ਦਿਨ ਤੋਂ ਕਰਦੇ ਹੋ। ਮੈਂ ਵੀ ਕਰਦੀ ਹਾਂ ਤੇ ਪਹਿਲੇ ਦਿਨ ਤੋਂ ਕਰਦੀ ਹਾਂ। ਬਸ ਫਰਕ ਇਹ ਵਾ ਕਿ ਤੁਸੀਂ

ਇਜ਼ਹਾਰ ਕਰ ਦਿੱਤਾ ਤੇ ਮੈਂ ਕਰ ਨਹੀਂ ਸਕੀ। ਵੈਸੇ ਜਿੰਨੀ ਕੁ ਮੈਂ ਸੋਹਣੀ ਹਾਂ ਉਸ ਤੋਂ ਕਈ ਗੁਣਾ ਤੁਸੀਂ ਸੋਹਣੇ ਹੋ। ਰੰਗ ਰੂਪ ਤੋਂ ਵੀ ਤੇ ਬੋਲਣ ਦੇ ਸਲੀਕੇ ਤੋਂ ਵੀ। ਹਾਂ ਇਹ ਵੀ ਯਕੀਨ ਆ ਕਿ ਅੰਦਰੋਂ ਵੀ ਓਨੇ ਹੀ ਸੋਹਣੇ ਹੋਵੋਗੇ। ਬਹੁਤੀਆਂ ਗੱਲਾਂ ਮੈਨੂੰ ਵੀ ਨਹੀਂ ਆਉਂਦੀਆ। ਪਰ ਕਰਨਾ ਜਰੂਰ ਚਾਹੁੰਦੀ ਆਂ। ਪਹਿਲੀ ਵਾਰ ਏਦਾਂ ਹੋਇਆ ਕਿ ਕਿਸੇ ਨੂੰ ਪਹਿਲੀ ਨਜ਼ਰ 'ਚ ਤੱਕਿਆ ਤੇ ਪਿਆਰ ਹੋ ਗਿਆ। ਇਸ ਬਾਰੇ ਸੁਣਦੀ ਜਰੂਰ ਹੁੰਦੀ ਸੀ। ਪਰ ਯਕੀਨ ਨਹੀਂ ਸੀ। ਪਰ ਖੁਦ ਨੂੰ ਤੁਹਾਡੇ ਨਾਲ ਹੋਇਆ ਤਾਂ ਫਿਰ ਪਤਾ ਲੱਗਾ। ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ। ਮੇਰਾ ਵੀ ਘਰੇ ਜੀਅ ਨਹੀਂ ਲੱਗਦਾ। ਮੈਂ ਜਾਣਦੀ ਹੀ ਨਹੀਂ ਕਿ ਕਿਵੇਂ ਮੈਨੂੰ ਤੁਹਾਡੇ ਨਾਲ ਪਿਆਰ ਹੋ ਗਿਆ। ਉਹ ਵੀ ਏਨੀ ਛੇਤੀ। ਮੈਂ ਤਾਂ ਦੂਰ ਭੱਜਦੀ ਹੁੰਦੀ ਸੀ। ਪਿਆਰ ਦੇ ਨਾਂ ਤੋਂ ਹੀ। ਪਰ ਮੈਂ ਖੁਸ਼ ਹਾਂ ਕਿ ਮੈਨੂੰ ਵੀ ਹੋ ਹੀ ਗਿਆ ਤੇ ਉਹ ਵੀ ਤੁਹਾਡੇ ਨਾਲ। ਮੇਰਾ ਇਹ ਖੱਤ ਪੜ੍ਹ ਜਿੰਨੀ ਤੁਹਾਨੂੰ ਖੁਸ਼ੀ ਪੜ੍ਹਨ ਵੇਲੇ ਹੋ ਰਹੀ ਹੋਵੇਗੀ। ਓਨੀ ਹੀ ਮੈਨੂੰ ਇਸ ਨੂੰ ਲਿਖਣ ਵੇਲੇ ਹੋ ਰਹੀ ਏ। ਮੈਂ ਸੱਚੀ ਤੁਹਾਨੂੰ ਬਹੁਤ ਪਿਆਰ ਕਰਦੀ ਤੇ ਹਮੇਸ਼ਾ ਤੁਹਾਡੀ ਹੀ ਹੋ ਕੇ ਰਹਿਣਾ ਚਾਹੁੰਦੀ ਹਾਂ। ਮੇਰੇ ਤੋਂ ਹੋਰ ਨਹੀਂ ਲਿਖਿਆ ਜਾਣਾ। ਮੈਨੂੰ ਖੁਸ਼ੀ ਹੈ ਜੋ ਤੁਸੀਂ ਮੇਰੀ ਜਿੰਦਗੀ ਵਿੱਚ ਆਏ।"

ਗੁਰਿੰਦਰ ਨੇ ਜੁਆਬ ਪੜ੍ਹਿਆ ਤੇ ਖੁਸ਼ੀ ਨਾਲ ਝੂਮ ਉੱਠਿਆ। ਉੱਥੇ ਹੀ ਖੜਾ ਭੰਗੜਾ ਪਾਉਣ ਲੱਗਾ। ਫਿਰ ਖੁਦ ਨੂੰ ਸੰਭਾਲਿਆ ਤੇ ਬਾਕੀ ਘਰਾਂ ਤੋਂ ਦੁੱਧ ਦਾ ਕੰਮ ਨਿਬੇੜਿਆ। ਘਰ ਪਹੁੰਚਦਿਆ ਸਾਰ ਹੀ ਫਿਰ ਤੋਂ ਪੱਤਰ ਪੜ੍ਹਿਆ ਤੇ ਉਸ ਤੋਂ ਬਾਅਦ ਫਿਰ ਕਿੰਨੀ ਹੀ ਵਾਰ ਪੜ੍ਹਿਆ। ਰਾਤ ਨੂੰ ਸੁੱਖਪ੍ਰੀਤ ਦੇ ਪ੍ਰੇਮ ਪੱਤਰ ਦਾ ਜੁਆਬ ਲਿਖਿਆ ਤੇ ਅਗਲੇ ਦਿਨ ਗਿਆ। ਦੋਨੋਂ ਇੱਕ ਦੂਜੇ ਨੂੰ ਆਹਮੋ-ਸਾਹਮਣੇ ਦੇਖ ਬਹੁਤ ਖੁਸ਼ ਹੋਏ। ਚਿੱਠੀਆਂ ਦਾ ਸਿਲਸਿਲਾ ਚੱਲਣ ਲੱਗ ਪਿਆ ਤੇ ਕਰੀਬ ਚਾਰ-ਪੰਜ ਦਿਨ ਚੱਲਿਆ। ਸੁੱਖਪ੍ਰੀਤ ਆਪ ਤਾਂ ਪ੍ਰੇਮ ਪੱਤਰ ਪੜ੍ਹਦੀ ਹੀ ਸਗੋਂ ਆਪਣੀ ਭੈਣਾਂ ਨੂੰ ਵੀ ਪੜ੍ਹਾਉਂਦੀ। ਉਸਦੀ ਇੱਕ ਭੈਣ ਪੜ੍ਹਦੀ ਤੇ ਉਹ ਆਪਣੀ ਦੂਜੀ ਭੈਣ ਨਾਲ ਬੈਠ ਸੁਣਦੀ। ਫਿਰ ਰਲ ਗੁਰਿੰਦਰ ਦੇ ਪੱਤਰਾਂ ਦਾ ਜੁਆਬ ਲਿਖਦੀਆਂ। ਫਿਰ ਇੱਕ ਦਿਨ ਗੁਰਿੰਦਰ ਨੇ ਪੱਤਰ ਵਿੱਚ ਇਕੱਲਿਆਂ ਮਿਲਣ ਨੂੰ ਕਿਹਾ ਤਾਂ ਸੁੱਖਪ੍ਰੀਤ ਨੇ ਉਸਨੂੰ ਆਪਣੇ ਘਰ ਹੀ ਬੁਲਾਇਆ। ਗੁਰਿੰਦਰ ਨੇ ਪਹਿਲਾਂ ਹੀ ਪੱਤਰ ਵਿੱਚ ਲਿਖ ਦਿੱਤਾ ਕਿ ਉਹ ਅਜਿਹਾ ਕੋਈ ਗ਼ਲਤ ਕਦਮ ਨਹੀਂ ਪੁੱਟੇਗਾ ਜਿਸ ਕਾਰਨ ਉਸਨੂੰ ਉਸਦੇ ਘਰਦਿਆਂ ਜਾਂ ਸਮਾਜ ਤੋਂ ਸ਼ਰਮਿੰਦਾ ਹੋਣਾ ਪਵੇ। ਬਸ ਉਹ ਉਸ ਨਾਲ ਬੈਠ ਗੱਲਾਂ ਕਰਨਾ ਚਾਹੁੰਦਾ ਸੀ। ਸੁੱਖਪ੍ਰੀਤ ਨੇ ਹਾਂ ਕਰ

ਦਿੱਤੀ। ਕਿਉਂਕਿ ਉਸ ਨੂੰ ਯਕੀਨ ਸੀ ਗੁਰਿੰਦਰ ਦੀ ਇਮਾਨਦਾਰੀ ਤੇ। ਉਹਨਾਂ ਰਾਤ ਮਿਲਣਾ ਤੈਅ ਕੀਤਾ।

ਰਾਤ ਪੈ ਗਈ। ਬੱਚਦਾ-ਬਚਾਉਂਦਾ, ਡਰਦਾ ਹੋਇਆ, ਖੁਦ ਨੂੰ ਹੌਂਸਲਾ ਦਿੰਦੇ ਗੁਰਿੰਦਰ ਬਾਰਾਂ ਵਜੇ ਦੇ ਕਰੀਬ ਸੁੱਖਪ੍ਰੀਤ ਘਰ ਆ ਪਹੁੰਚਿਆ। ਸੁੱਖਪ੍ਰੀਤ ਉਸਦੇ ਇੰਤਜ਼ਾਰ ਵਿੱਚ ਸੀ। ਉਸਨੇ ਮੁੱਖ ਦਰਵਾਜ਼ਾ ਪਹਿਲਾਂ ਹੀ ਖੋਲ ਰੱਖਿਆ ਸੀ। ਜਿਉਂ ਹੀ ਗੁਰਿੰਦਰ ਘਰ ਆਇਆ। ਸੁੱਖਪ੍ਰੀਤ ਬੂਹੇ ਤੇ ਖੜੀ ਸੀ ਤੇ ਉਸਦੇ ਘਰ ਵੜਦਿਆਂ ਹੀ ਬੂਹਾ ਮਾਰ ਦਿੱਤਾ। ਘਰ ਕਾਫੀ ਵੱਡਾ ਸੀ। ਸੁੱਖਪ੍ਰੀਤ ਨੇ ਗੁਰਿੰਦਰ ਦੀ ਬਾਂਹ ਫੜੀ ਤੇ ਉਸ ਨੂੰ ਚੁਬਾਰੇ ਤੇ ਲੈ ਗਈ। ਗਰਮੀ ਕਾਰਨ ਸਾਰੇ ਬਾਹਰ ਹੀ ਸੁੱਤੇ ਹੋਏ ਸਨ। ਉਸਦੀਆਂ ਭੈਣਾਂ ਸਭ ਜਾਣਦੀਆਂ ਸਨ। ਪਰ ਉਹਨਾਂ ਅਣਜਾਣ ਹੋਣ ਦਾ ਦਿਖਾਵਾ ਕਰ ਕੋਈ ਸ਼ੋਰ ਨਾ ਕੀਤਾ ਤੇ ਸੁੱਤੀਆਂ ਰਹੀਆਂ। ਚੁਬਾਰੇ ਪਹੁੰਚਣ ਤੇ ਵੀ ਉਸਨੇ ਗੁਰਿੰਦਰ ਦੀ ਬਾਂਹ ਨਹੀਂ ਸੀ ਛੱਡੀ ਅਜੇ। ਉਹ ਇੱਕ ਮੰਜੇ ਤੇ ਬੈਠ ਗਏ ਤੇ ਇੱਕ ਦੂਜੇ ਵੱਲ ਇੱਕੋ ਟੱਕ ਦੇਖਦੇ ਰਹੇ। ਰਾਤ ਚਾਨਣੀ ਸੀ। ਜਿਸ ਕਰਕੇ ਇੱਕ ਦੂਜੇ ਦੇ ਚਿਹਰੇ ਸਾਫ ਦਿੱਸਦੇ ਸਨ। ਕੁਝ ਦੇਰ ਉਹ ਸ਼ਾਂਤ ਰਹੇ। ਫਿਰ ਗੁਰਿੰਦਰ ਬੋਲਿਆ..

ਗੁਰਿੰਦਰ - ਬਾਂਹ ਛੱਡਣੀ ਨੀ ਲੱਗਦਾ ਅੱਜ ਤੁਸੀਂ!

ਸੁੱਖਪ੍ਰੀਤ ਦਾ ਧਿਆਨ ਉਸ ਤਰਫੋਂ ਭੰਗ ਹੋਇਆ ਤੇ ਉਸਨੇ ਇੱਕ ਦਮ ਬਾਂਹ ਛੱਡਦੇ ਹੋਏ ਕਿਹਾ..

ਸੁੱਖਪ੍ਰੀਤ - ਓ.. ਮੁਆਫ ਕਰਨਾ।

ਗੁਰਿੰਦਰ - ਨਹੀਂ.. ਨਹੀਂ.. ਕੋਈ ਗੱਲ ਨੀ। ਭਾਵੇਂ ਸਾਰੀ ਰਾਤ ਹੀ ਫੜੀ ਰੱਖੋ।

ਦੋਨੋਂ ਇੱਕ ਦੂਜੇ ਵੱਲ ਦੇਖ ਮੱਠਾ-ਮੱਠਾ ਮੁਸਕਰਾ ਰਹੇ ਸਨ। ਸੁੱਖਪ੍ਰੀਤ ਬੋਲੀ..

ਸੁੱਖਪ੍ਰੀਤ - ਵੈਸੇ ਕੀ ਗੱਲਾਂ ਕਰਨੀਆਂ ਸੀ ਮਿਲ ਕੇ?

ਗੁਰਿੰਦਰ - ਬਹੁਤ ਗੱਲਾਂ ਨੇ ਕਰਨ ਵਾਲੀਆਂ।

ਸੁੱਖਪ੍ਰੀਤ - ਕਰਦੇ ਕਿਉਂ ਨੀ ਫਿਰ?

ਗੁਰਿੰਦਰ - ਕੀ ਕਰਾਂ ਤੁਸੀਂ ਸੋਹਣੇ ਹੀ ਏਨੇ ਹੋ ਗੱਲਾਂ ਕਰਨ ਨੂੰ ਜੀਅ ਹੀ ਨਹੀਂ ਕਰ ਰਹਾ। ਬਸ ਦਿਲ ਕਰਦਾ ਦੇਖੀਂ ਜਾਂਵਾਂ।

ਸੁੱਖਪ੍ਰੀਤ - ਮੇਰਾ ਤੇ ਜੀਅ ਕਰਦਾ ਮੈਂ ਤੁਹਾਨੂੰ ਦੇਖੀ ਜਾਵਾਂ।

ਗੁਰਿੰਦਰ - ਦੇਖੀ ਜਾਉ ਫਿਰ। ਮੈਂ ਕਿਹੜਾ ਰੋਕਿਆ ਤੁਹਾਨੂੰ।

ਸੁੱਖਪ੍ਰੀਤ - ਵੈਸੇ। ਮੈਨੂੰ ਤੁਹਾਨੂੰ ਏਦਾਂ ਨਹੀਂ ਸੀ ਮਿਲਣਾ ਚਾਹੀਦਾ। ਮੇਰੇ ਘਰਦੇ ਬਹੁਤ ਯਕੀਨ ਕਰਦੇ ਨੇ ਮੇਰੇ ਤੇ। ਖਾਸ ਕਰ ਬਾਪੂ ਜੀ।

ਗੁਰਿੰਦਰ - ਪਰ ਆਪਾ ਕਿਹੜਾ ਕੋਈ ਐਸਾ ਕੰਮ ਕਰ ਰਹੇ ਹਾਂ ਜਿਸ ਨਾਲ ਉਹਨਾਂ ਦਾ ਯਕੀਨ ਟੁੱਟੇ।

ਸੁੱਖਪ੍ਰੀਤ - ਪਤਾ ਜਿਉਂ ਹੀਂ ਮੇਰੀ ਮਾਂ ਪੂਰੀ ਹੋਈ। ਬਾਪੂ ਜੀ ਨੇ ਬੇ-ਫਿਕਰ ਹੋ ਕੇ ਘਰ ਦੀ ਸਾਰੀ ਜ਼ਿੰਮੇਵਾਰੀ ਮੇਰੇ ਤੇ ਪਾ ਦਿੱਤੀ। ਮੈਨੂੰ ਪੁੱਤਾਂ ਵਾਂਗ ਪਾਲਿਆ। ਅਸੀਂ ਤਿੰਨ ਭੈਣਾਂ ਹਾਂ ਕਦੇ ਨਹੀਂ ਉਹਨਾਂ ਕਿਹਾ ਕਿ ਪੁੱਤ ਵੀ ਹੋਣਾ ਚਾਹੀਦਾ ਸੀ।

ਗੁਰਿੰਦਰ - ਹਾਂ ਆਸ-ਪਾਸ ਦੇ ਸਾਰੇ ਬਹੁਤ ਸਿਫ਼ਤਾਂ ਕਰਦੇ ਨੇ ਉਹਨਾਂ ਦੀਆਂ। ਤਦੇ ਤਾਂ ਹਰ ਵਾਰ ਸਰਬਸਮਤੀ ਨਾਲ ਪਿੰਡ ਦਾ ਸਰਪੰਚ ਬਣਾ ਦਿੰਦੇ ਨੇ।

ਸੁੱਖਪ੍ਰੀਤ - ਹਾਂ ਬਹੁਤ ਜਿਆਦਾ। ਸਾਡੀ ਵੀ ਹਰ ਖੁਸ਼ੀ ਪੂਰੀ ਕਰਦੇ ਨੇ। ਮੰਗਣ ਨਾਲੋਂ ਪਹਿਲਾਂ ਚੀਜ਼ ਹਾਜ਼ਿਰ ਕਰ ਦੇਂਦੇ। ਮੈਨੂੰ ਪਤਾ ਜੇ ਮੈਂ ਆਪਣੇ ਵਿਆਹ ਬਾਰੇ ਵੀ ਗੱਲ ਕੀਤੀ ਤਾਂ ਉਹਨਾਂ ਝੱਟ ਮੰਨ ਜਾਣਾ, ਮਨ੍ਹਾ ਨੀ ਕਰਨਾ। ਬੜਾ ਪਿਆਰ ਕਰਦੇ ਆ ਮੈਨੂੰ।

ਗੁਰਿੰਦਰ - ਜੇ ਨਾ ਮੰਨੇ। ਫਿਰ?

ਸੁੱਖਪ੍ਰੀਤ - ਮੰਨ ਜਾਣਗੇ। ਫਿਕਰ ਨਾ ਕਰੋ। ਮੈਨੂੰ ਪਤਾ ਮੈਂ ਮਨਾ ਲੈਣਾ।

ਗੁਰਿੰਦਰ - ਠੀਕ ਆ।

ਫਿਰ ਕੁਝ ਦੇਰ ਚੁੱਪ ਹੋਏ। ਗੁਰਿੰਦਰ ਨੇ ਸੁੱਖਪ੍ਰੀਤ ਦਾ ਹੱਥ ਫੜਿਆ ਤੇ ਆਪਣੀਆਂ ਉਂਗਲੀਆਂ ਉਸਦੀ ਹਥੇਲੀ ਤੇ ਚਲਾਉਣ ਲੱਗਾ। ਫਿਰ ਗੁਰਿੰਦਰ ਬੋਲਿਆ..

ਗੁਰਿੰਦਰ - ਉਮਰ ਬੜੀ ਲੰਮੀ ਤੇਰੀ।

ਸੁੱਖਪ੍ਰੀਤ - ਅੱਛਾ। ਹੱਥ ਵੇਖ ਲੈਂਦੇ ਤੁਸੀਂ।

ਗੁਰਿੰਦਰ - ਹਾਂ। ਥੋੜਾ ਬਹੁਤਾ।

ਸੁੱਖਪ੍ਰੀਤ - ਚਲੋ ਦੱਸੋ ਫਿਰ। ਕੁਝ ਹੋਰ।

ਸੁੱਖਪ੍ਰੀਤ ਖੁਸ਼ ਹੋਈ ਤੇ ਭਵਿੱਖ ਜਾਣਨ ਦੀ ਚਾਹ ਪ੍ਰਗਟ ਕੀਤੀ। ਪਤਾ ਨਹੀਂ ਗੁਰਿੰਦਰ ਨੂੰ ਹੱਥ ਦੇਖਣਾ ਆਉਂਦਾ ਸੀ ਜਾਂ ਨਹੀਂ। ਪਰ ਉਸ ਨੇ ਹੱਥ ਨੂੰ ਗੌਰ ਨਾਲ ਦੇਖਣਾ ਸ਼ੁਰੂ ਕਰ ਦਿੱਤਾ ਤੇ ਬੋਲਿਆ..

ਗੁਰਿੰਦਰ - ਆਹ ਦੇਖ ਤੇਰੀ ਉਮਰ ਵਾਲੀ ਰੇਖਾ ਏ। ਕਿੰਨੀ ਲੰਮੀ ਆ। ਘੱਟੋ-ਘੱਟ ਨੱਬੇ-ਸੌ ਸਾਲ ਜੀਵੇਂਗੀ ਤੂੰ। ਓਹ ਮੁਆਫ਼ ਕਰਨਾ। ਮੈਂ ਤੁਹਾਨੂੰ ਤੂੰ ਆਖ ਸਕਦਾ ਨਾ?

ਸੁੱਖਪ੍ਰੀਤ - ਜੇ ਤੁਸੀਂ ਨਹੀਂ ਕਹਿਣਾ ਤਾਂ ਹੋਰ ਕਿੰਨੇ ਕਹਿਣਾ?

ਗੁਰਿੰਦਰ - ਫਿਰ ਠੀਕ ਆ। ਤੇਰੀ ਕਿਸਮਤ ਵਾਲੀ ਲਕੀਰ ਬਿਲਕੁਲ ਸਿੱਧੀ ਆ। ਬੜੀ ਹੀ ਕਿਸਮਤ ਵਾਲੀ ਲੱਗਦੀ ਤੂੰ।

ਸੁੱਖਪ੍ਰੀਤ - ਹਾਂ ਉਹ ਤੇ ਹੈ ਹੀ। ਮਾਪੇ ਵੀ ਏਨੇ ਵਧੀਆ ਮਿਲੇ ਤੇ ਤੁਸੀਂ ਵੀ। ਹੋਰ ਦੱਸੋ ਤੁਸੀਂ।

ਗੁਰਿੰਦਰ - ਤੇਰਾ ਇੱਕ ਹੀ ਵਿਆਹ ਹੋਣਾ। ਘਰ ਵਾਲੇ ਦਾ ਨਾਂ ਗੁਰਿੰਦਰ ਸਿੰਘ ਆ। ਤੇ ਤੇਰੇ ਅੱਠ ਨਿਆਣੇ ਹੋਣੇ।

ਸੁੱਖਪ੍ਰੀਤ – ਹੋ..ਓ....ਅੱਠ ਨਿਆਣੇ.. ਮਰਨਾ ਮੈਂ।

ਦੋਨੋਂ ਹੱਸਣ ਲੱਗ ਪਏ। ਫਿਰ ਸੁੱਖਪ੍ਰੀਤ ਹੱਥ ਪਿੱਛੇ ਨੂੰ ਖਿੱਚਦੀ ਬੋਲੀ..

ਸੁੱਖਪ੍ਰੀਤ - ਜਾਓ.. ਐਵੇਂ ਗੱਪਾਂ ਮਾਰੀ ਜਾਂਦੇ। ਮੈਂ ਨੀ ਦਿਖਾਉਣਾ ਹੱਥ-ਹੁੱਥ।

ਗੁਰਿੰਦਰ - ਲੈ ਦੱਸ।

ਗੁਰਿੰਦਰ ਉਸ ਵੱਲ ਦੇਖ ਮੁਸਕਰਾਇਆ। ਤੇ ਸੁੱਖਪ੍ਰੀਤ ਨੇ ਰੁੱਸਣ ਦਾ ਨਾਟਕ ਕੀਤਾ। ਕੁਝ ਪਲ ਚੁੱਪ ਛਾਈ। ਫਿਰ ਗੁਰਿੰਦਰ ਬੋਲਿਆ..

ਗੁਰਿੰਦਰ - ਵੈਸੇ ਬਾਪੂ ਜੀ ਤੇਰੇ ਤੇ ਹਜੂਰ ਸਾਹਿਬ ਗਏ। ਮਗਰੋਂ ਕੰਮ ਕਾਰ ਕੌਣ ਸਾਂਭਦਾ?

ਸੁੱਖਪ੍ਰੀਤ - ਬਾਪੂ ਜੀ ਗਏ ਨੇ। ਆਹ ਜੋ ਸੀਰੀ ਰੱਖੇ ਇਹ ਤਾਂ ਏਥੇ ਹੀ ਆ। ਦੇਖੇ ਤਾਂ ਹੈਗੇ ਤੁਸੀਂ ਕਈ ਵਾਰ ਦੁੱਧ ਲੈਣ ਆਉਣ ਵੇਲੇ।

ਗੁਰਿੰਦਰ - ਅੱਛਾ। ਕਦੋਂ ਵਾਪਿਸ ਆਉਣਾ ਉਹਨਾਂ ਨੇ?

ਸੁੱਖਪ੍ਰੀਤ - ਆ ਜਾਣਾ ਬਸ ਇੱਕ-ਦੋ ਦਿਨ ਤੱਕ, ਅਠਾਰਾਂ ਤਰੀਕ ਦੀ ਵਾਪਸੀ ਦੀ ਟਿਕਟ ਸੀ ਉਹਨਾਂ ਦੀ। ਅੱਜ ਸੋਲਾਂ ਵਾ। ਪਰਸੋਂ ਆ ਜਾਣਾ।

ਗੁਰਿੰਦਰ - ਠੀਕ ਆ। ਮੈਨੂੰ ਲੱਗਦਾ ਮੈਨੂੰ ਜਾਣਾ ਚਾਹੀਦਾ। ਦਿਨ ਚੜਨ ਵਾਲਾ ਹੋ ਗਿਆ। ਤਿੰਨ ਵੱਜ ਗਏ ਨੇ।

ਸੁੱਖਪ੍ਰੀਤ - ਹਾਂ ਠੀਕ ਆ।

ਦੋਨੋਂ ਜਾਣੇ ਉੱਠ ਗਏ। ਤੇ ਚੁਬਾਰੇ ਤੋਂ ਹੇਠਾਂ ਉੱਤਰ ਆਏ। ਸੁੱਖਪ੍ਰੀਤ ਨੇ ਦਰਵਾਜ਼ੇ ਦੀ ਨਿੱਕੀ ਬਾਰੀ ਖੋਲ੍ਹੀ। ਗੁਰਿੰਦਰ ਬਾਹਰ ਨਿਕਲਣ ਲੱਗਾ। ਫਿਰ ਰੁੱਕ ਗਿਆ ਤੇ ਬੋਲਿਆ..

ਗੁਰਿੰਦਰ - ਇੱਕ ਜੱਫੀ ਪਾ ਲਵਾਂ?

ਸੁੱਖਪ੍ਰੀਤ ਬਿਨਾਂ ਕੁਝ ਬੋਲੇ ਗੁਰਿੰਦਰ ਦੇ ਗਲ ਲੱਗ ਗਈ। ਗੁਰਿੰਦਰ ਨੇ ਘੁੱਟ ਕੇ ਉਸ ਨੂੰ ਬਾਹਾਂ ਵਿੱਚ ਭਰ ਲਿਆ। ਕੁਝ ਦੇਰ ਪਿਆਰ ਕੀਤਾ ਫਿਰ ਵੱਖ ਹੋ ਗਏ। ਗੁਰਿੰਦਰ ਘਰ ਤੋਂ ਬਾਹਰ ਹੋ ਗਿਆ ਤੇ ਸੁੱਖਪ੍ਰੀਤ ਬੂਹਾ ਮਾਰ ਚੁੱਪ-ਚਾਪ ਆਪਣੇ ਬਿਸਤਰ ਤੇ ਜਾ ਪਈ। ਗੁਰਿੰਦਰ ਆਪਣੇ ਘਰ ਪਹੁੰਚ ਗਿਆ। ਰਾਤ ਬੀਤ ਗਈ।

ਪ੍ਰੇਮ ਪੱਤਰਾਂ 'ਚ ਗੱਲਬਾਤ ਜਾਰੀ ਰਹੀ। ਉਹ ਅਗਲੇ ਦੋ ਦਿਨ ਪਹਿਲਾਂ ਵਾਂਗ ਮਿਲੇ। ਸੁੱਖਪ੍ਰੀਤ ਦਾ ਬਾਪੂ ਵਾਪਿਸ ਆ ਗਿਆ। ਗੁਰਿੰਦਰ ਨਾਲ ਮੁਲਾਕਾਤ ਹੋਣ ਲੱਗੀ। ਸਰਪੰਚ ਨੇ ਰਾਮ ਸਿੰਘ ਬਾਰੇ ਗੁਰਿੰਦਰ ਤੋਂ ਪੁੱਛਿਆ ਤੇ ਉਸਦਾ ਨਾਂ ਵੀ ਪੁੱਛਿਆ। ਗੁਰਿੰਦਰ ਨੇ ਸਭ ਦੱਸਿਆ। ਹੁਣ ਦੁੱਧ ਪਾਉਣ ਵੇਲੇ ਪਹਿਲਾਂ ਨਾਲੋਂ ਸੁੱਖਪ੍ਰੀਤ ਤੇ ਉਸਦੀ ਗੱਲਬਾਤ ਘੱਟ ਹੁੰਦੀ ਸੀ। ਬਸ ਉਹ ਚਿੱਠੀਆਂ ਅਦਲਾ-ਬਦਲੀ ਕਰਨ ਵਿੱਚ ਸਫਲ ਹੋ ਜਾਂਦੇ ਸਨ।

ਦਿਨ ਗੁਜ਼ਰਦੇ ਗਏ ਤੇ ਉਹਨਾਂ ਦਾ ਪਿਆਰ ਵੱਧਦਾ ਗਿਆ। ਗੁਰਿੰਦਰ ਕਿਸੇ ਨਾ ਕਿਸੇ ਬਹਾਨੇ ਘਰ ਆ ਜਾਂਦਾ। ਸਰਪੰਚ ਨੇ ਕਦੇ ਸ਼ੱਕ ਨਾ ਕੀਤਾ। ਉਸਨੂੰ ਆਪਣੀ ਧੀ ਤੇ ਯਕੀਨ ਸੀ। ਉਸਨੂੰ ਮਾਣ ਸੀ ਕਿ ਕੋਈ ਉਸਦੀਆਂ ਧੀਆਂ ਵੱਲ ਅੱਖ ਪੁੱਟ ਕੇ ਨਹੀਂ ਦੇਖ ਸਕਦਾ। ਪਰ ਉਹ ਅਨਜਾਣ ਵੀ ਸੀ ਇਸ ਸਭ ਤੋਂ। ਉਸਨੂੰ ਕਈ ਵਾਰ ਕੁਝ ਲੱਗਣਾ ਤਾਂ ਜਰੂਰ ਪਰ ਉਸਨੇ ਆਪਣਾ ਵਹਿਮ ਸਮਝ ਗੱਲ ਛੱਡ ਦੇਣੀ।

ਇੱਕ ਦਿਨ ਸਰਪੰਚ ਨੂੰ ਆਪਣੀ ਜ਼ਮੀਨ ਦੇ ਕੁਝ ਕਾਗ਼ਜ ਲੱਭਣ ਵਿੱਚ ਕਾਫੀ ਮੁਸ਼ਕਿਲ ਹੋ ਰਹੀ ਸੀ। ਉਸ ਨੇ ਸਾਰਾ ਘਰ ਫੋਲ ਮਾਰਿਆ। ਸਾਰੇ ਘਰ ਦੇ ਜੀਅ ਕਾਗ਼ਜ ਲੱਭ ਰਹੇ ਸਨ ਪਰ ਕਿਸੇ ਨੂੰ ਨਾ ਮਿਲੇ। ਫਿਰ ਅਚਾਨਕ ਉਸਦੇ ਹੱਥ ਗੁਰਿੰਦਰ ਦੇ ਭੇਜੇ ਪ੍ਰੇਮ ਪੱਤਰ ਲੱਗ ਗਏ। ਬਾਕੀ ਪੱਤਰਾਂ ਵਿੱਚ ਤਾਂ ਗੁਰਿੰਦਰ ਦਾ ਨਾਮ ਨਹੀਂ ਸੀ ਪਰ। ਉਸਦੇ ਪਹਿਲੇ ਪੱਤਰ ਵਿੱਚ ਉਸਦਾ ਨਾਂ ਸੀ। ਜਿਸ ਤੋਂ ਸਰਪੰਚ ਅਜੀਤ ਸਿੰਘ ਨੂੰ ਗੁਰਿੰਦਰ ਤੇ ਆਪਣੀ ਧੀ ਦੇ ਚੱਲ ਰਹੇ ਇਸ਼ਕ ਬਾਰੇ ਸਭ ਪਤਾ ਲੱਗ ਗਿਆ। ਸਰਪੰਚ ਨੂੰ ਬਹੁਤ ਦੁੱਖ ਹੋਇਆ ਇਹ ਜਾਣਕੇ ਕਿ ਉਸਦਾ ਵਿਸ਼ਵਾਸ ਤੋੜ ਦਿੱਤਾ ਉਸਦੀ ਧੀ ਨੇ। ਉਸਨੇ ਸਾਰੇ ਪ੍ਰੇਮ ਪੱਤਰ ਲੁਕਾ ਲਏ ਤੇ ਆਪਣੀ ਧੀ ਨਾਲ ਇਸ ਬਾਰੇ ਜ਼ਿਕਰ ਨਾ ਕੀਤਾ। ਕੁਝ ਦੇਰ ਪਿੱਛੋਂ

ਜ਼ਮੀਨ ਦੇ ਕਾਗ਼ਜ ਵੀ ਲੱਭ ਗਏ। ਸਰਪੰਚ ਦੋ-ਚਾਰ ਦਿਨ ਸੋਚਦਾ ਰਿਹਾ ਕਿ ਉਹ ਕੀ ਕਰੇ। ਆਪਣੀ ਧੀ ਨਾਲ ਗੱਲ ਕਰੇ। ਉਸਨੂੰ ਝਿੜਕੇ, ਸਮਝਾਵੇ ਜਾਂ ਫਿਰ ਉਸਦਾ ਵਿਆਹ ਕਰ ਦੇਵੇ। ਕੁਝ ਦਿਨ ਉਹ ਬਹੁਤ ਪ੍ਰੇਸ਼ਾਨ ਰਿਹਾ। ਫਿਰ ਇੱਕ ਦਿਨ ਉਹ ਘਰੋਂ ਨਿਕਲਿਆ ਤੇ ਆਪਣੇ ਇਲਾਕੇ ਦੇ ਠਾਣੇ ਵਿੱਚ ਜਾ ਠਾਣੇਦਾਰ ਨੂੰ ਮਿਲਿਆ। ਉਸਨੂੰ ਕੁਝ ਪੈਸੇ ਦਿੱਤੇ ਤੇ ਅੱਗੇ ਹੋਣ ਵਾਲੇ ਕਿਸੇ ਵੀ ਮਸਲੇ ਤੇ ਜਾਂਚ ਪੜਤਾਲ ਜਾਂ ਪਰਚਾ ਕਰਨ ਤੋਂ ਰੋਕ ਦਿੱਤਾ। ਅਜੀਤ ਸਿੰਘ ਐਸਾ ਸਰਪੰਚ ਸੀ ਜਿਸਦੀ ਕਾਫੀ ਦੂਰ ਤੱਕ ਪਹੁੰਚ ਸੀ। ਬਿਨਾਂ ਰਿਸ਼ਵਤ ਦਿੱਤੇ ਵੀ ਉਸਦੇ ਕਈ ਕੰਮ ਹੁੰਦੇ ਸਨ। ਪਰ ਇਸ ਵਾਰ ਉਹ ਅਜਿਹਾ ਕੰਮ ਕਰਨ ਜਾ ਰਿਹਾ ਸੀ। ਜਿਸ ਦਾ ਉਹ ਕੋਈ ਨਾਮੋਂ ਨਿਸ਼ਾਨ ਨਹੀਂ ਸੀ ਰਹਿਣ ਦੇਣਾ ਚਾਹੁੰਦਾ। ਠਾਣੇਦਾਰ ਨਾਲ ਗੱਲ ਕਰ ਉਹ ਘਰ ਵਾਪਿਸ ਆ ਗਿਆ।

ਦਿਨ ਬੜਾ ਔਖਾ ਲੰਘਾਇਆ। ਰਾਤ ਪੈ ਗਈ। ਬਾਕੀ ਸਾਰੇ ਟੱਬਰ ਨੇ ਰੋਟੀ ਪਾਣੀ ਖਾਧਾ ਪਰ ਉਸਨੇ ਨਾ ਖਾਧਾ। ਕਰੀਬ ਦਸ ਵੱਜੇ ਤਾਂ ਉਸਨੇ ਆਪਣੀਆਂ ਤਿੰਨੇ ਕੁੜੀਆਂ ਨੂੰ ਇੱਕ ਕਮਰੇ ਵਿੱਚ ਆਵਾਜ਼ ਮਾਰੀ। ਦੂਜੀਆਂ ਦੋਵੇਂ ਕੁੜੀਆਂ ਸੁੱਖਪ੍ਰੀਤ ਤੋਂ ਇੱਕ-ਇੱਕ ਸਾਲ ਨਿੱਕੀਆਂ ਸਨ। ਸੁੱਖਪ੍ਰੀਤ ਸਾਰਿਆਂ ਤੋਂ ਵੱਡੀ ਸੀ। ਤਿੰਨੇ ਕੁੜੀਆਂ ਅੰਦਰ ਆ ਗਈਆਂ। ਸਰਪੰਚ ਨੇ ਕੁੰਡੀ ਮਾਰਨ ਨੂੰ ਕਿਹਾ।

ਇੱਕ ਨੇ ਕੁੰਡੀ ਮਾਰ ਦਿੱਤੀ। ਉਹ ਬਿਲਕੁਲ ਵੀ ਡਰਦੀਆਂ ਨਹੀਂ ਸਨ ਕਿਉਂਕਿ ਸਰਪੰਚ ਨੇ ਅਜੇ ਤੱਕ ਕਦੇ ਵੀ ਆਪਣੀਆਂ ਕੁੜੀਆਂ ਨੂੰ ਝਿੜਕਿਆ ਤੱਕ ਨਹੀਂ ਸੀ। ਉਹ ਕੋਲ ਆ ਬੈਠ ਗਈਆਂ। ਸਰਪੰਚ ਬੋਲਿਆ..

ਸਰਪੰਚ - ਦੇਖੋ ਧੀਓ.. ਮੇਰੀ ਗੱਲ ਸੁਣੋ। ਮੈਂ ਜੋ ਕਰਨ ਲੱਗਾ। ਉਹ ਤੁਹਾਨੂੰ ਸਮਝਾਉਣ ਲਈ ਆ। ਮੈਂ ਕਰਨਾ ਨਹੀਂ ਚਾਹੁੰਦਾ ਪਰ ਜੇ ਨਾ ਕੀਤਾ। ਮੈਨੂੰ ਪਤਾ ਕੰਮ ਖਰਾਬ ਹੋ ਜਾਣਾ। ਮੇਰੀ ਗੱਲ ਸੁਣੋ। ਤੁਸੀਂ ਕੋਈ ਵੀ ਨਾ ਚੀਕਾਂ ਮਾਰਿਓ ਨਾ ਰੌਲਾ ਪਾਇਓ। ਜਿੰਨੇ ਵੀ ਚੀਕ ਮਾਰੀ ਉਸ ਨਾਲ ਵੀ ਏਦਾਂ ਕਰੂ ਨਹੀਂ ਤੇ। ਬਸ ਚੁੱਪ ਕਰ ਕੇ ਦੇਖਿਓ।

ਕੁੜੀਆਂ ਚੁੱਪ ਖੜੀਆਂ ਸਨ। ਸਮਝ ਨਹੀਂ ਸੀ ਆ ਰਿਹਾ ਕਿ ਅੱਜ ਬਾਪੂ ਜੀ ਕਿਹੋ ਜਿਹੀਆਂ ਗੱਲਾਂ ਕਰ ਰਹੇ ਅਨ। ਕਿਸੇ ਨੇ ਕੋਈ ਹੁੰਗਾਰਾ ਨਾ ਭਰਿਆ। ਅੱਜ ਉਸਨੇ ਸ਼ਰਾਬ ਪੀਤੀ ਲੱਗਦੀ ਸੀ। ਉਹਨਾਂ ਦੀ ਮਾਂ ਗੁਜ਼ਰਨ ਤੋਂ ਬਾਅਦ ਉਸਨੇ ਕਦੇ ਨਹੀਂ ਸੀ ਪੀਤੀ। ਸਰਪੰਚ ਆਪਣੀ ਜਗ੍ਹਾ ਤੋਂ ਉੱਠਿਆ ਤੇ ਸੁੱਖਪ੍ਰੀਤ ਵੱਲ ਵਧਿਆ। ਉਹ ਬੈਠੀ ਹੋਈ ਸੀ। ਸਰਪੰਚ ਨੇ ਪਹਿਲਾਂ ਬੜੇ ਪਿਆਰ ਨਾ ਸਿਰ ਤੇ ਹੱਥ ਫੇਰਿਆ ਤੇ ਖੁਦ ਤੇ ਥੋੜਾ ਨਿਰਾਸ਼ ਜਿਹਾ ਹੋਇਆ। ਧੀ ਦਾ ਮੱਥਾ ਚੁੰਮਿਆ। ਤੇ ਅਚਾਨਕ ਹੀ ਲੱਕ ਸੇ ਪਿੱਛੇ

ਲਕੋਏ ਦਾਤਰ ਨੂੰ ਕੱਢਿਆ ਤੇ ਬੜੇ ਜ਼ੋਰ ਉਸਦੇ ਸਿਰ ਵਿੱਚ ਮਾਰ ਦਿੱਤਾ। ਦਾਤਰ ਵੱਜਦਿਆਂ ਉਹ ਬੇਦਲ ਹੋ ਡਿੱਗ ਪਈ। ਉਸਦੇ ਦਾਤਰ ਵੱਜਾ ਦੇਖ ਬਾਕੀ ਦੋਨੋਂ ਕੁੜੀਆਂ ਚੀਕਾਂ ਮਾਰਨ ਲੱਗੀਆਂ। ਪਰ ਸਰਪੰਚ ਨੇ ਗੁੱਸੇ ਵਿੱਚ ਉਹਨਾਂ ਵੱਲ ਦੇਖਿਆ ਤਾਂ ਉਹਨਾਂ ਮੂੰਹ ਘੁੱਟ ਲਏ। ਪਰ ਆਪਣੇ ਅੱਥਰੂ ਨਾ ਰੋਕ ਸਕੀਆਂ। ਉਹ ਸਮਝ ਚੁੱਕੀਆਂ ਸਨ ਕਿ ਬਾਪੂ ਨੂੰ ਗੁਰਿੰਦਰ ਤੇ ਸੁੱਖਪ੍ਰੀਤ ਦੇ ਇਸ਼ਕ ਬਾਰੇ ਜਰੂਰ ਪਤਾ ਲੱਗ ਗਿਆ ਹੋਣਾ। ਤਦੇ ਉਹਨਾਂ ਦੇ ਪਿਉ ਨੇ ਇਹ ਕਦਮ ਚੁੱਕਿਆ। ਪਰ ਉਹ ਹੈਰਾਨ ਸਨ ਕਿ ਸਰਪੰਚ ਨਿਰਦਈ ਹੋ ਚੁੱਕਾ ਸੀ। ਉਮਰ ਭਰ ਦਾ ਪਿਆਰ ਨਫ਼ਰਤ ਵਿੱਚ ਬਦਲ ਗਿਆ। ਉਸ ਨੇ ਗੁੱਸੇ ਵਿੱਚ ਆ ਸੁੱਖਪ੍ਰੀਤ ਦੇ ਟੋਟੇ-ਟੋਟੇ ਕਰ ਦਿੱਤੇ। ਦੂਜੀਆਂ ਕੁੜੀਆਂ ਬਸ ਦੇਖ ਰਹੀਆਂ ਸਨ। ਉਹਨਾਂ ਅਜਿਹਾ ਆਪਣੇ ਪਿਓ ਦਾ ਰੂਪ ਪਹਿਲਾਂ ਕਦੇ ਨਹੀਂ ਸੀ ਦੇਖਿਆ। ਉਸਨੇ ਉੱਥੇ ਵਿਛੇ ਬਿਸਤਰੇ ਦੀ ਚਾਦਰ ਵਿੱਚ ਸਾਰੇ ਟੋਟੇ ਇਕੱਠੇ ਕੀਤੇ ਤੇ ਪੰਡ ਬੰਨ ਗੱਡੀ ਵਿੱਚ ਰੱਖ ਪਿੰਡ ਦੇ ਕੋਲ ਵਗਦੇ ਦਰਿਆ ਵਾਲੇ ਮੰਡ ਨੂੰ ਹੋ ਤੁਰਿਆ। ਪਿੱਛੋਂ ਕੁੜੀਆਂ ਰੋ ਰਹੀਆਂ ਸਨ। ਉਹ ਭੱਜ ਆਪਣੀ ਦਾਦੀ ਕੋਲ ਗਈਆਂ। ਉਹ ਕੁਝ ਦੇਰ ਵਿੱਚ ਹੀ ਦਰਿਆ ਤੇ ਪਹੁੰਚ ਗਿਆ। ਗੱਡੀ ਰੋਕੀ ਤੇ ਪੰਡ ਨੂੰ ਗੱਡੀ 'ਚੋਂ ਲਾਹ ਇੱਕ-ਇੱਕ ਟੁੱਕੜਾ ਕਰ ਦਰਿਆ ਵਿੱਚ ਸੁੱਟਦਾ

ਗਿਆ। ਅੱਜ ਉਸਦਾ ਹਿਰਦਾ ਕਠੋਰ ਜਾਪ ਰਿਹਾ ਸੀ। ਇੱਕ ਬਾਪ ਦਾ ਏਨਾ ਕਠੋਰ ਹਿਰਦਾ ਕਿ ਆਪਣੀ ਔਲਾਦ ਨੂੰ ਇਹੋ ਜਿਹੀ ਮੌਤ ਦੇਣੀ। ਸਾਰੇ ਟੋਟਿਆਂ ਨੂੰ ਦਰਿਆ ਵਿੱਚ ਸੁੱਟ ਉਹ ਘਰ ਵਾਪਿਸ ਆ ਗਿਆ ਤੇ ਜਿੱਥੇ ਕੁੜੀ ਨੂੰ ਵੱਢਿਆ ਸੀ। ਕਮਰੇ ਦੀ ਸਫਾਈ ਕਰਨ ਲੱਗਾ। ਉਸ ਨੂੰ ਕਰੀਬ ਚਾਰ ਵੱਜ ਗਏ। ਦੋਵੇਂ ਕੁੜੀਆਂ ਅਜੇ ਵੀ ਰੋ ਰਹੀਆਂ ਸਨ। ਸਰਪੰਚ ਨੇ ਸਾਰੇ ਘਰ ਦੀ ਖੁਦ ਸਫਾਈ ਕੀਤੀ ਫਿਰ ਨਹਾ ਧੋ ਚੁੱਪ ਹੋ ਲੰਮੇ ਪੈ ਗਿਆ।

ਦਿਨ ਚੜ ਆਇਆ। ਕੁੜੀਆਂ ਦਾ ਰੋਣਾ ਬੰਦ ਹੋ ਗਿਆ। ਇੰਝ ਜਾਪਦਾ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਕਾਫੀ ਦਿਨ ਲੰਘ ਗਏ ਪਰ ਨਾ ਗੁਰਿੰਦਰ ਦੁੱਧ ਪਵਾਉਣ ਆਇਆ ਤੇ ਨਾ ਉਸਦਾ ਪਿਉ। ਫਿਰ ਹੋਰ ਕਈ ਦਿਨ ਲੰਘ ਗਏ। ਪਰ ਕੋਈ ਨਾ ਆਇਆ। ਕਰੀਬ ਪੰਦਰਾਂ ਦਿਨ ਬਾਅਦ ਰਾਮ ਸਿੰਘ ਦੁੱਧ ਪਵਾਉਣ ਆਇਆ ਤਾਂ ਸਰਪੰਚ ਨੇ ਪੁੱਛਿਆ ਕਿ ਏਨੇ ਦਿਨ ਕਿਉਂ ਨਹੀਂ ਆਏ। ਰਾਮ ਸਿੰਘ ਨੇ ਦੱਸਿਆ ਕਿ ਕਰੀਬ ਪੰਦਰਾਂ ਦਿਨਾਂ ਤੋਂ ਉਸਦਾ ਪੁੱਤ ਲਾ-ਪਤਾ ਹੈ। ਕਿਤੋਂ ਕੋਈ ਖਬਰ ਨਹੀਂ ਮਿਲ ਰਹੀ। ਸਰਪੰਚ ਨੇ ਦੁੱਖ ਪ੍ਰਗਟ ਕੀਤਾ ਤੇ ਹੌਂਸਲਾ ਦਿੱਤਾ ਕਿ ਉਹ ਮੁੜ ਆਵੇਗੀ। ਰਾਮ ਸਿੰਘ ਨੇ ਦੁੱਧ ਪਵਾਇਆ ਤੇ ਚਲਾ ਗਿਆ। ਫਿਰ ਲੰਮਾ ਵਕਤ ਗੁਜ਼ਰ ਗਿਆ ਪਰ ਗੁਰਿੰਦਰ ਘਰ ਨਾ ਮੁੜਿਆ।

ਸਰਪੰਚ ਦੀ ਕੁੜੀ ਬਾਰੇ ਕਿਸੇ ਨੂੰ ਕੰਨੋ-ਕੰਨੀ ਖਬਰ ਨਾ ਹੋਈ। ਕੁਝ ਮਹੀਨਿਆਂ ਵਿੱਚ ਹੀ ਉਸਨੇ ਆਪਣੀ ਦੋਵੇਂ ਕੁੜੀਆਂ ਵਿਦੇਸ਼ ਭੇਜ ਦਿੱਤੀਆਂ ਤੇ ਲੋਕਾਂ ਨੂੰ ਲੱਗਿਆ ਕਿ ਉਸਦੀਆਂ ਤਿੰਨੇ ਕੁੜੀਆਂ ਵਿਦੇਸ਼ ਚਲੀਆਂ ਗਈਆਂ ਨੇ। ਪਰ ਇਸ ਗੱਲ ਦੀ ਖਬਰ ਲੰਮੇ ਸਮੇਂ ਪਿੱਛੋਂ ਲੱਗੀ।

ਕਿਸੇ ਦੇ ਚੁੱਕੇ ਕਦਮ ਕਿਸੇ ਨੂੰ ਗ਼ਲਤ ਲੱਗਦੇ ਹਨ ਤੇ ਕਿਸੇ ਨੂੰ ਠੀਕ। ਜਿਵੇਂ ਅਸੀਂ ਕਿਸੇ ਨੂੰ ਪਿਆਰ ਕਰਾਂਗੇ ਤਾਂ ਸਾਨੂੰ ਠੀਕ ਲੱਗੇਗਾ। ਪਰ ਉਸਦੇ ਘਰਦਿਆਂ ਨੂੰ ਇਹ ਉਹਨਾਂ ਦੀ ਇੱਜ਼ਤ ਨਾਲ ਖਿਲਵਾੜ ਹੁੰਦਾ ਦਿਖਾਈ ਦੇਵੇਗਾ। ਓਵੇਂ ਹੀ ਸੁੱਖਪ੍ਰੀਤ ਦਾ ਗੁਰਿੰਦਰ ਨੂੰ ਪਿਆਰ ਕਰਨਾ ਜਾਇਜ਼ ਲੱਗਦਾ ਸੀ ਪਰ ਉਸਦੇ ਪਿਉ ਨੂੰ ਇਹ ਠੀਕ ਨਹੀਂ ਲੱਗਾ। ਤੇ ਉਸਨੇ ਆਪਣੀ ਧੀ ਨੂੰ ਦੂਜੀਆਂ ਧੀਆਂ ਸਾਹਮਣੇ ਮਾਰਿਆ ਕਿ ਉਸਦੀਆਂ ਦੂਜੀਆਂ ਧੀਆਂ ਇਸ਼ਕ ਦੇ ਰਾਹ ਵੱਲ ਨਾ ਜਾਣ। ਸਰਪੰਚ ਦੇ ਨਜ਼ਰੀਏ ਤੋਂ ਇਹ ਉਸਨੇ ਸਹੀ ਕੀਤਾ। ਪਰ ਦੁਨੀਆਂ ਤੇ ਇਨਸਾਨੀਅਤ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਬਹੁਤ ਵੱਡਾ ਅਪਰਾਧ ਹੈ। ਨਜ਼ਰੀਏ-ਨਜ਼ਰੀਏ ਦਾ ਫਰਕ ਹੈ। ਗੱਲ ਪਿਆਰ ਦੀ ਕਰੀਏ ਤਾਂ ਸੁੱਖਪ੍ਰੀਤ ਤੇ ਗੁਰਿੰਦਰ ਨੇ ਕੋਈ ਐਸਾ ਅਪਰਾਧ ਵੀ ਨਹੀਂ ਸੀ ਕੀਤਾ ਜੋ ਉਹਨਾਂ ਨੂੰ ਇਹ ਸਜਾ ਮਿਲੀ। ਸਰਪੰਚ ਦੇ ਵੱਡੇ ਅਪਰਾਧ ਤੋਂ ਵੱਡਾ

ਅਪਰਾਧ ਤਾਂ ਨਹੀਂ ਸੀ ਉਹਨਾਂ ਦਾ। ਮੁਮਕਿਨ ਹੈ ਗੁਰਿੰਦਰ ਨੂੰ ਵੀ ਕਿਸੇ ਤਰੀਕੇ ਨਾਲ ਮਾਰਿਆ ਹੋਵੇਗਾ ਜੋ ਉਹ ਫਿਰ ਕਦੇ ਨਹੀਂ ਮਿਲਿਆ। ਪਰ ਇਹ ਕਿਸ ਹੱਦ ਤੱਕ ਠੀਕ ਹੈ ਜਾਂ ਗ਼ਲਤ ਹੈ, ਅਸੀਂ ਬਾਖੂਬੀ ਜਾਣਦੇ ਹਾਂ ਤੇ ਸਮਝਦੇ ਹਾਂ। ਹੁਣ ਨਿਰਭਰ ਸਾਡੇ ਤੇ ਕਰਦਾ ਹੈ ਅਸੀਂ ਕਿਸ ਨਜ਼ਰੀਏ ਨਾਲ ਇਸਨੂੰ ਆਪਣੀ ਜਿੰਦਗੀ ਵਿੱਚ ਦੇਖਦੇ ਹਾਂ।

ਇਹ ਕਹਾਣੀ ਇੱਕ ਸੱਚੀ ਘਟਨਾ ਤੇ ਅਧਾਰਿਤ ਹੈ। ਇਹ ਕਰੀਬ ਤੀਹ-ਬੱਤੀ ਸਾਲ ਪੁਰਾਣੀ ਘਟਨਾ ਹੋਵੇਗੀ। ਇਸ ਬਾਰੇ ਮੈਨੂੰ ਮੇਰੇ ਮਾਤਾ ਜੀ ਨੇ ਕੁਝ ਦਿਨ ਪਹਿਲਾਂ ਹੀ ਦੱਸਿਆ। ਤੇ ਉਹਨਾਂ ਨੂੰ ਮੇਰੀ ਦਾਦੀ ਨੇ ਦੱਸਿਆ ਸੀ। ਜੋ ਹੁਣ ਇਸ ਦੁਨੀਆਂ ਵਿੱਚ ਨਹੀਂ ਹਨ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਸੱਚੀਆਂ ਘਟਨਾਵਾਂ ਨਾਲ ਮਿਲਦੀਆ- ਜੁਲਦੀਆਂ ਕਹਾਣੀਆਂ ਹੀ ਲਿਖਾਂ ਤਾਂ ਜੋ ਦੁਨੀਆਂ ਦੇ ਅਸਲ ਰੂਪ ਨੂੰ ਪੇਸ਼ ਕਰ ਸਕਾ। ਇਸ ਕਹਾਣੀ ਵਿਚਲੇ ਨਾਮ ਕਾਲਪਨਿਕ ਨੇ। ਪਰ ਕਹਾਣੀ ਕਾਲਪਨਿਕ ਨਹੀਂ। ਹਾਂ ਕੁਝ ਗੱਲਾਂ, ਸ਼ਬਦ ਮੈਂ ਆਪਣੀ ਭਾਸ਼ਾ ਅਨੁਸਾਰ ਲਿਖੇ ਹਨ ਤਾਂ ਜੋ ਇਸ ਨੂੰ ਕਹਾਣੀ ਦਾ ਰੂਪ ਦੇ ਸਕਾ। ਪਰ ਇਸ ਵਿੱਚਲੀ ਸੱਚਾਈ ਸੌ ਪ੍ਰਤੀਸ਼ਤ ਸੱਚ ਹੈ। ਮੈਂ ਪਹਿਲਾਂ ਵੀ ਕਈ ਵਾਰ ਲਿਖ ਚੁਕਾਂ ਹਾਂ ਕਿ ਕਹਾਣੀਆਂ ਸਿਰਫ ਕਹਾਣੀਆਂ ਨਹੀਂ ਹੁੰਦੀਆਂ ਉਸ ਕਿਸੇ ਨਾ ਕਿਸੇ

ਰੂਪ ਵਿੱਚ ਸੱਚ ਦਾ ਅਕਸ਼ ਹੁੰਦੀਆਂ ਹਨ। ਮੈਂ ਉਮੀਦ ਕਰਦਾ ਹਾਂ ਕਿ ਜੋ ਵੀ ਇਸਨੂੰ ਪੜ੍ਹਨਗੇ ਉਹਨਾਂ ਨੂੰ ਇਸ ਘਟਨਾ ਦਾ ਕੁਝ ਦੁੱਖ ਜਰੂਰ ਹੋਵੇਗਾ ਜਿਵੇਂ ਮੈਨੂੰ ਹੋਇਆ। ਤੇ ਜ਼ਾਹਿਰ ਹੈ ਇਸ ਤੋਂ ਜਰੂਰ ਕੁਝ ਨਾ ਕੁਝ ਸਿੱਖ ਆਪਣੀ ਜਿੰਦਗੀ ਬਾਰੇ ਸੋਚਣਗੇ ਕਿ ਕੀ ਅਸੀਂ ਤਾਂ ਏਦਾਂ ਨਹੀਂ ਕਰ ਰਹੇ ਕਿ ਆਪਣੀਆਂ ਗ਼ਲਤੀਆਂ ਸਾਨੂੰ ਠੀਕ ਲੱਗ ਰਹੀਆਂ ਨੇ ਤੇ ਦੂਜਿਆਂ ਦੀਆਂ ਅਪਰਾਧ।

ਧੰਨਵਾਦ।

ਪ੍ਰੀਤ ਸਿੰਘ ਭੈਣੀ

+91 9779324826

(ਇਸ ਕਿਤਾਬ ਵਿਚਲੀਆਂ ਕਹਾਣੀਆਂ ਤੇ ਵਿਚਾਰ ਕਰਨ ਲਈ ਜਾਂ ਮੇਰੀਆਂ ਹੋਰ ਆਉਣ ਵਾਲੀਆਂ ਕਹਾਣੀਆਂ, ਕਵਿਤਾਵਾਂ ਜਾਂ ਹੋਰ ਰਚਨਾਵਾਂ ਪੜ੍ਹਨ ਲਈ ਤੁਸੀਂ ਫੋਨ, ਵੱਟਸਐੱਪ ਜਾਂ ਈ-ਮੇਲ ਕਰ ਸਕਦੇ ਹੋ। ਹੇਠਾਂ ਸਾਡੀਆਂ ਕੁਝ ਪ੍ਰਕਾਸ਼ਿਤ ਹੋ ਚੁੱਕੀਆਂ ਤੇ ਹੋਣ ਵਾਲੀਆਂ ਕਿਤਾਬਾਂ ਦੀ ਸੂਚੀ ਹੈ। ਪੜ੍ਹਨ ਦੇ ਚਾਹਵਾਨ ਬੇ-ਝਿਜਕ ਸੰਪਰਕ ਕਰ ਸਕਦੇ ਹਨ।)

ਪ੍ਰਕਾਸ਼ਿਤ ਕਿਤਾਬਾਂ

1. ਅੱਲ੍ਹਾ ਮੈਨੂੰ ਮਿਲਣ ਨਹੀਂ ਆਉਂਦਾ (ਲੇਖਕ- ਪ੍ਰੀਤ ਸਿੰਘ ਭੈਣੀ, ਦੀਪ ਗਗਨ, ਸੁਮਨ ਕਸ਼ਮੀਰ)
2. ਰੱਬ ਤੋਂ ਪਹਿਲਾਂ (ਲੇਖਕ- ਦੀਪ ਗਗਨ (ਛੋਟਾ ਭਰਾ))

ਪ੍ਰਕਾਸ਼ਿਤ ਹੋਣ ਵਾਲੀਆਂ ਕਿਤਾਬਾਂ

1. ਦਰਦ-ਏ-ਜ਼ਿੰਦਗੀ (ਲੇਖਕ-ਪ੍ਰੀਤ ਸਿੰਘ ਭੈਣੀ)
2. ਸਵਾਲ ਜੁਆਬ (ਲੇਖਕ- ਪ੍ਰੀਤ ਸਿੰਘ ਭੈਣੀ, ਮਨਦੀਪ ਕੌਰ)
3. ਕੂੜ ਇਸ਼ਕ (ਲੇਖਿਕਾ-ਸੁਮਨ ਕਸ਼ਮੀਰ (ਛੋਟੀ ਭੈਣ))

Instagram

@preet_di_shayari

E-mail: preetdishayari@gmail.com

Read more books like this at
www.PunjabiLibrary.com